ਗੁਰੂ ਤੇਗ ਬਹਾਦਰ ਜੀ

ਜੀਵਨ, ਮਹਿਮਾ ਅਤੇ ਚਰਨ ਛੋਹ ਅਸਥਾਨ



ਬਾਬਾ ਬਕਾਲਾ

ਡਾ. ਪਰਮਵੀਰ ਸਿੰਘ

ਗੁਰੂ ਤੇਗ ਬਹਾਦਰ ਜੀ

ਜੀਵਨ, ਮਹਿਮਾ ਅਤੇ ਚਰਨ ਛੋਹ ਅਸਥਾਨ

ਇਸੇ ਕਲਮ ਤੋਂ :

1. ਭਾਈ ਰੂਪ ਚੰਦ : ਵਿਰਾਸਤ ਅਤੇ ਵੰਸ਼ ਪਰੰਪਰਾ
2. ਗੁਰੂ ਗ੍ਰੰਥ ਸਾਹਿਬ : ਚਿੰਤਨ ਅਤੇ ਵਿਚਾਰਧਾਰਾ
3. ਸਰਦੂਲ ਸਿੰਘ ਕਵੀਸ਼ਰ
4. ਮਾਤਾ ਸੁੰਦਰੀ ਜੀ : ਸੰਘਰਸ਼ ਅਤੇ ਸ਼ਖ਼ਸੀਅਤ
5. ਸਿੱਖ ਅਧਿਐਨ
6. ਭਾਰਤ ਦੇ ਪ੍ਰਮੁੱਖ ਧਰਮ
7. ਗੁਰੂ ਗੋਬਿੰਦ ਸਿੰਘ ਜੀ ਅਤੇ ਬਿਹਾਰ ਦੀ ਸਿੱਖ ਵਿਰਾਸਤ
8. ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਬੰਗਲਾਦੇਸ਼ ਦੇ ਗੁਰਧਾਮ
9. Prof Harbans Singh : A Legend in Sikh Studies
10. Guru Tegh Bahadur 3: His Life, Travels and Message

ਗੁਰੂ ਤੇਗ ਬਹਾਦਰ ਜੀ

ਜੀਵਨ, ਮਹਿਮਾ ਅਤੇ ਚਰਨ ਛੋਹ ਅਸਥਾਨ

ਡਾ. ਪਰਮਵੀਰ ਸਿੰਘ

ਨਿਰਮਲ ਆਸ਼ਰਮ, ਰਿਸ਼ੀਕੇਸ਼

GURU TEGH BAHADUR JI

JIVAN, MAHIMA ATE CHARAN CHHOH ASTHAN

DR. PARAMVIR SINGH
Punjabi University, Patiala
Phone : 91-98720-74322

ਪਹਿਲੀ ਵਾਰ : 2022

ਸ਼ਰਧਾ ਸਹਿਤ ਅਧਿਐਨ

Published by

Sant Jodh Singh, Nirmal Ashram (Publication Division)
Rishikesh, Distt. Dehradun, Uttarakhand, India.

Printed by

SBM Industries Pvt. Ltd., Rai (Sonepat)

• ਸਮਰਪਣ •


ਸ੍ਰਿਸ਼ਟੀ ਦੀ ਚਾਦਰ, ਧਰਮ ਦੀ ਚਾਦਰ, ਹਿੰਦ ਦੀ ਚਾਦਰ,

ਮਨੁੱਖੀ ਅਧਿਕਾਰਾਂ ਅਤੇ ਤਿਲਕ ਜੰਞੂ ਦੇ ਰਾਖੇ

ਗੁਰੂ ਤੇਗ ਬਹਾਦਰ ਜੀ ਦੇ

400 ਸਾਲਾ ਪ੍ਰਕਾਸ਼ ਪੁਰਬ ਨੂੰ

ਸ਼ਰਧਾ ਸਹਿਤ ਸਮਰਪਿਤ



ਗੁਰੂ ਤੇਗ ਬਹਾਦਰ ਜੀ ਦਾ ਇਤਿਹਾਸਕ ਚਿੱਤਰ
ਇਸ ਚਿੱਤਰ ਦੀ ਰੰਗਦਾਰ ਕਾਪੀ ਗੁਰਦੁਆਰਾ ਨਾਨਕਸ਼ਾਹੀ ਰਮਨਾ, ਢਾਕਾ
ਵਿਖੇ ਸੰਭਾਲ ਕੇ ਰੱਖੀ ਹੋਈ ਹੈ।

ਤਤਕਰਾ

ੴ ਸਤਿਗੁਰ ਪ੍ਰਸਾਦਿ॥

ਦੋ ਸ਼ਬਦ

ਜਿਵੇਂ ਕਿ ਅਸੀਂ ਸਭ ਜਾਣਦੇ ਹਾਂ ਕਿ ਆਦਿ ਕਾਲ ਤੋਂ ਹੀ ਸੰਸਾਰ ਦੇ ਮਨੁੱਖੀ ਸਮਾਜ ਵਿੱਚ ਅਨੇਕਾਂ ਕੌਮਾਂ, ਮਜ਼੍ਹਬ, ਸੰਪ੍ਰਦਾਵਾਂ, ਜਾਤਾਂ ਅਤੇ ਜਥੇਬੰਦੀਆਂ ਮੌਜੂਦ ਹਨ। ਇਨ੍ਹਾਂ ਸਭਨਾਂ ਦੀਆਂ ਭਾਸ਼ਾਵਾਂ, ਰਵਾਇਤਾਂ, ਰਸਮਾਂ, ਮਾਨਤਾਵਾਂ, ਪਹਿਰਾਵੇ ਅਤੇ ਹੋਰ ਕਈ ਕਿਸਮ ਦੇ ਵਖਰੇਵੇਂ, ਬਾਹਰੀ ਚਿੰਨ੍ਹ ਆਦਿ ਵੀ ਪ੍ਰਚਲਿਤ ਹਨ। ਇਸੇ ਤਰ੍ਹਾਂ ਹੀ ਸਿਰ 'ਤੇ ਕੇਸਾਂ ਦੀ ਚੋਟੀ ਰੱਖਣੀ, ਕਪਾਟ 'ਤੇ ਕੱਪੜਾ ਰੱਖਣਾ, ਮੱਥੇ 'ਤੇ ਤਿਲਕ ਲਾਉਣਾ, ਤੇੜ ਧੋਤੀ ਬੰਨ੍ਹਣੀ ਅਤੇ ਸਰੀਰ ਉੱਪਰ ਸੂਤਰ ਦਾ ਜੰਞੂ ਪਹਿਨਣਾ, ਤੀਰਥ, ਵਰਤ ਆਦਿ ਸਨਾਤਨ ਧਰਮ ਦੇ ਪੈਰੋਕਾਰਾਂ ਦੀ ਪਹਿਚਾਣ ਦੇ ਪ੍ਰਤੀਕ ਹਨ।

ਪ੍ਰਥਮ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਪਣੇ ਜੀਵਨ ਵਿੱਚ ਇਨ੍ਹਾਂ ਮਿੱਥਿਆ ਮਾਨਤਾਵਾਂ ਦੇ ਅੰਤ੍ਰੀਵ ਭਾਵਾਂ ਨੂੰ ਉਜਾਗਰ ਕਰਨ ਦੇ ਯਤਨ ਕੀਤੇ। ਗੁਰੂ ਜੀ ਦੀ ਨੌਵੀਂ ਜੋਤਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮੇਂ ਜਦੋਂ ਤਤਕਾਲੀ ਕੱਟੜ ਇਸਲਾਮਿਕ ਹੁਕਮਰਾਨ, ਸਨਾਤਨ ਧਰਮ ਵਿੱਚ ਆਸਥਾ ਰੱਖਣ ਵਾਲੇ ਪ੍ਰਾਣੀਆਂ ਦਾ ਧਰਮ ਜਬਰਦਸਤੀ ਪਰਿਵਰਤਨ ਕਰਨ ਲਈ ਅਤਿ ਮਜਬੂਰ ਕਰਨ ਲੱਗੇ ਤਾਂ ਉਨ੍ਹਾਂ ਬੇਕਸੂਰ ਮਜ਼ਲੂਮ ਪ੍ਰਾਣੀਆਂ ਨੇ ਅਪਣੇ ਸਨਾਤਨ ਧਰਮ ਦੀ ਰੱਖਿਆ ਕਰਨ ਲਈ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਸ੍ਰੀ ਗੁਰੂ ਜੀ ਦੀ ਸ਼ਰਨ ਲਈ ਸੀ। ਉਨ੍ਹਾਂ ਨੇ ਅਪਣੇ ਨਾਲ ਹੁੰਦੇ ਜ਼ੁਲਮੀ ਵਰਤਾਰੇ ਦੀ ਗਾਥਾ, ਗੁਰੂ ਜੀ ਨੂੰ ਰੋਂਦੇ ਕੁਰਲਾਉਂਦੇ ਹੋਈ ਦੱਸੀ। ਉਨ੍ਹਾਂ ਸ਼ਰਨ ਆਏ ਮਜ਼ਲੂਮ ਪ੍ਰਾਣੀਆਂ ਦੀਆਂ ਦਰਦ ਭਰੀਆਂ ਪੁਕਾਰਾਂ ਸੁਣ ਕੇ, ਗੁਰੂ ਜੀ ਦਾ ਪਰਉਪਕਾਰੀ ਕੋਮਲ ਹਿਰਦਾ ਦ੍ਰਵ ਗਿਆ। ਨੌਵੇਂ ਗੁਰੂ ਜੀ ਨੇ ਮਹਿਸੂਸ ਕੀਤਾ ਕਿ ਇਸ ਘੋਰ ਜ਼ੁਲਮ ਨੂੰ ਰੋਕਣ ਲਈ ਕਿਸੇ ਨਾ ਕਿਸੇ ਧਰਮੀ ਅਤੇ ਸਤਿਵਾਦੀ ਮਹਾਂਪੁਰਖ ਨੂੰ ਅਪਣੀ ਸ਼ਹਾਦਤ ਦੇਣੀ ਪਵੇਗੀ। ਇਹ ਸੋਚ ਕੇ ਗੁਰੂ ਜੀ ਡੂੰਘੀ ਸੋਚ ਵਿਚਾਰ ਕਰਦੇ ਹੋਏ ਕੁਝ ਚੁੱਪ, ਗੰਭੀਰ ਅਤੇ ਉਦਾਸ ਪਰਤੀਤ ਹੋਣ ਲੱਗੇ।

ਆਪ ਜੀ ਦੇ ਸੁਪੁੱਤਰ ਬਾਲਾ ਪ੍ਰੀਤਮ ਗੋਬਿੰਦ ਰਾਇ (ਜੋ ਕਿ ਅਜੇ 9 ਕੁ ਸਾਲ ਦੀ ਉਮਰ ਦੇ ਹੀ ਸਨ) ਨੇ ਗੁਰੂ ਪਿਤਾ ਜੀ ਤੋਂ ਇਸ ਅਵਸਥਾ ਵਿੱਚ ਰਹਿਣ ਦਾ ਕਾਰਣ ਪੁੱਛਿਆ ਤਾਂ ਗੁਰੂ ਜੀ ਨੇ ਉਪਰੋਕਤ ਸ਼ਰਨਾਰਥੀਆਂ ਦੀ ਸਮੱਸਿਆ ਦਾ ਜੋ ਹੱਲ ਸੋਚਿਆ ਸੀ ਉਹ ਨਿਰਸੰਕੋਚ ਦੱਸ ਦਿੱਤਾ। ਇਹ ਸੁਣ ਕੇ ਬਾਲਾ ਪ੍ਰੀਤਮ ਗੋਬਿੰਦ ਰਾਇ ਜੀ ਨੇ ਅਰਜ਼ ਕੀਤੀ ਕਿ ਪਿਤਾ ਜੀ! ਆਪ ਜੀ ਤੋਂ ਵੱਡਾ ਮਹਾਂਪੁਰਖ ਹੋਰ ਕੌਣ ਹੋ ਸਕਦਾ ਹੈ? ਤਾਂ ਗੁਰੂ ਜੀ ਨੇ ਉਨ੍ਹਾਂ ਸ਼ਰਨਾਰਥੀ ਸਨਾਤਨ ਧਰਮ ਦੇ ਪ੍ਰਾਣੀਆਂ ਨੂੰ ਹੌਂਸਲਾ, ਦਿਲਾਸਾ ਦਿੰਦੇ ਹੋਏ ਕਿਹਾ ਕਿ ਤੁਸੀਂ ਨਿਸਚਿੰਤ ਹੋ ਕੇ ਜਾਓ ਅਤੇ ਔਰੰਗਜ਼ੇਬ ਬਾਦਸ਼ਾਹ ਨੂੰ ਕਹੋ ਕਿ ਉਹ ਸਾਡੇ ਗੁਰੂ ਜੀ ਦਾ ਧਰਮ ਪ੍ਰੀਵਰਤਨ ਕਰਵਾ ਲਵੇ ਤਾਂ ਅਸੀਂ ਸਾਰੇ ਹੀ ਇਸਲਾਮ ਕਬੂਲ ਕਰ ਲਵਾਂਗੇ। ਤਦਉਪਰਾਂਤ ਉਹ ਸ਼ਰਨਾਗਤ ਕਸ਼ਮੀਰੀ ਬ੍ਰਾਹਮਣ ਗੁਰੂ ਜੀ ਨੂੰ ਦੰਡਵਤ ਪ੍ਰਣਾਮ ਅਤੇ ਬੇਅੰਤ ਧੰਨਵਾਦ ਕਰਦੇ ਹੋਏ ਅਪਣੇ ਘਰਾਂ ਨੂੰ ਚਲੇ ਗਏ। ਹੁਣ ਗੁਰੂ ਜੀ ਨੇ ਅਪਣੇ ਸਰੀਰ ਦਾ ਬਲੀਦਾਨ ਦੇਣ ਦਾ ਸਿਦਕ ਭਰਪੂਰ ਸੰਕਲਪ ਲੈ ਲਿਆ ਸੀ। ਸੋ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਾਨਵਤਾ ਅਤੇ ਹਿੰਦੁਸਤਾਨ ਦੇ ਸਨਾਤਨ ਧਰਮ ਨੂੰ ਬਚਾਉਣ ਲਈ ਉਸ ਸਮੇਂ ਦੇ ਜ਼ਾਲਮ ਬਾਦਸ਼ਾਹ ਔਰੰਗਜ਼ੇਬ ਦੇ ਸਿਰ

ਅਪਣਾ ਸਰੀਰ ਰੂਪੀ ਠੀਕਰਾ ਭੰਨ ਦਿੱਤਾ। ਇਸ ਤਰ੍ਹਾਂ ਆਪ ਜੀ ਨੇ ਕਲਿਯੁਗ ਵਿੱਚ ਅਪਣੀ ਸ਼ਹਾਦਤ ਦੇ ਕੇ ਇੱਕ ਵੱਡਾ ਸਾਕਾ ਵਰਤਾ ਦਿੱਤਾ ਸੀ। ਆਪ ਜੀ ਨੇ ਇਸ ਮਹਾਨ ਪਰਉਪਕਾਰ ਲਈ ਅਪਣਾ ਸੀਸ ਤਾਂ ਵਾਰ ਦਿੱਤਾ ਪ੍ਰੰਤੂ ਸਿਦਕ ਨਹੀਂ ਛੱਡਿਆ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਯਾ ਪਰੁ ਸੀ ਨ ਉਚਰੀ॥
ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰਰੁ ਨ ਦੀਆ॥

(ਸ੍ਰੀ ਗੁ.ਗੋ.ਸਿੰ.-ਸ੍ਰੀ ਦਸਮ ਗ੍ਰੰ.ਸਾ.)

ਗੁਰੂ ਜੀ ਦੀ ਇਸ ਲਾਸਾਨੀ ਸ਼ਹਾਦਤ ਦੀ ਪੂਰੀ ਮਹਿਮਾ ਸ਼ਬਦਾਂ ਵਿੱਚ ਬਿਆਨ ਨਹੀਂ ਕੀਤੀ ਜਾ ਸਕਦੀ। ਇਸੇ ਕਰਕੇ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਪਣੀ ਰਚਨਾ ਸ੍ਰੀ ਦਸਮ ਗ੍ਰੰਥ ਸਾਹਿਬ ਵਿੱਚ 'ਚੰਡੀ ਦੀ ਵਾਰ' ਦੀ ਪਹਿਲੀ ਪਉੜੀ ਵਿੱਚ ਜਿੱਥੇ ਅੱਠ ਗੁਰੂ ਸਾਹਿਬਾਨਾਂ ਦੇ ਨਾਮ, ਉਪਮਾ, ਮਹਿਮਾ ਅਤੇ ਗੁਣ ਵਡਿਆਈਆਂ ਦਾ ਜ਼ਿਕਰ ਕੀਤਾ ਹੈ, ਉੱਥੇ ਹੀ ਅਪਣੇ ਪਿਤਾ-ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਹਿਮਾ ਦਾ ਵਰਣਨ ਵੀ ਇਸ ਪ੍ਰਕਾਰ ਕੀਤਾ ਹੈ:

ਤੇਗ ਬਹਾਦਰ ਸਿਮਰਿਐ ਘਰਿ ਨਉ ਨਿਧਿ ਆਵੈ ਧਾਇ॥
ਸਭ ਥਾਈਂ ਹੋਇ ਸਹਾਇ॥ (ਚੰਡੀ ਦੀ ਵਾਰ ਪਾ.ਦਸਵੀਂ)

ਪਿਛਲੇ ਸਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ ਸੰਸਾਰ ਭਰ ਵਿੱਚ ਬੜੀ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਗਿਆ ਹੈ। ਉਸੇ ਸਮੇਂ ਗੁਰੂ ਕਿਰਪਾ ਸਦਕਾ ਨਿਰਮਲ ਆਸ਼ਰਮ, ਰਿਸ਼ੀਕੇਸ਼ ਦੀਆਂ ਸੰਗਤਾਂ ਅਤੇ ਸੇਵਾਦਾਰਾਂ ਦੁਆਰਾ ਵੀ ਸ੍ਰੀ ਗੁਰੂ ਜੀ ਦਾ ਪਾਵਨ ਪ੍ਰਕਾਸ਼ ਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਸ੍ਰੀ ਅਖੰਡ ਪਾਠ ਸਾਹਿਬ, ਗੁਰਬਾਣੀ ਸ਼ਬਦ ਕੀਰਤਨ, ਕਥਾ-ਵਖਿਆਨ, ਗੁਰੂ ਕੇ ਵਿਸ਼ਾਲ ਲੰਗਰ ਵਰਤਾ ਕੇ ਸ਼ਰਧਾ ਸਹਿਤ ਮਨਾਉਣ ਦਾ ਸੁਭਾਗ ਪ੍ਰਾਪਤ ਕੀਤਾ।

ਇਸੇ ਸਮੇਂ ਦੌਰਾਨ ਸਿੱਖ ਜਗਤ ਦੇ ਅਨੇਕਾਂ ਵਿਦਵਾਨਾਂ ਵੱਲੋਂ ਨੌਵੇਂ ਗੁਰੂ ਜੀ ਦੇ ਵੈਰਾਗਮਈ ਉਪਦੇਸ਼ਾਂ ਦਾ ਗਹਿਰਾ ਅਧਿਐਨ ਕੀਤਾ ਗਿਆ। ਫਲਸ੍ਰੂਪ ਗੁਰੂ ਜੀ ਦੁਆਰਾ ਉਚਾਰੀ ਗਈ ਬਾਣੀ, ਹੁਕਮਨਾਮੇ, ਚਰਨ ਛੋਹ ਪ੍ਰਾਪਤ ਅਸਥਾਨਾਂ ਦੀ ਖੋਜ ਭਰਪੂਰ ਜਾਣਕਾਰੀ ਅਤੇ ਉਨ੍ਹਾਂ ਦੇ ਜੀਵਨ ਸੰਬੰਧੀ ਬਹੁਤ ਸਾਰੇ ਲੇਖ ਅਤੇ ਪੁਸਤਕਾਂ ਸੰਗਤਾਂ ਤੱਕ ਪਹੁੰਚਾਉਣ ਦਾ ਮਹਾਨ ਉਪਰਾਲਾ ਕੀਤਾ ਗਿਆ।

ਇਸ ਹਥਲੀ ਪੁਸਤਕ ਦੇ ਲੇਖਕ ਮਾਨਯੋਗ ਡਾ. ਪਰਮਵੀਰ ਸਿੰਘ ਜੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਕਾਰਜ ਕਰ ਰਹੇ ਹਨ। ਇਸਦੇ ਨਾਲ ਹੀ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਦੇ ਕੋਆਰਡੀਨੇਟਰ ਵੀ ਨਿਯੁਕਤ ਕੀਤਾ ਗਿਆ ਹੈ। ਡਾ. ਸਾਹਿਬ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਵਿੱਤਰ ਉਪਦੇਸ਼ਾਂ, ਹੁਕਮਨਾਮਿਆਂ, ਵੱਖ-ਵੱਖ ਸਰੋਤਾਂ ਵਿੱਚ ਅੰਕਿਤ ਮਹਿਮਾ,

ਸ਼ਰਧਾਵਾਨ ਪ੍ਰੇਮੀਆਂ ਤੋਂ ਜਾਣਕਾਰੀ ਲੈਣ ਦੇ ਉਪਰਾਲੇ ਤੋਂ ਇਲਾਵਾ, ਗੁਰੂ ਜੀ ਦੇ ਚਰਨ-ਛੋਹ ਪ੍ਰਾਪਤ ਅਸਥਾਨਾਂ 'ਤੇ ਨਿੱਜੀ ਤੌਰ 'ਤੇ ਪਹੁੰਚ ਕੇ ਤਸਵੀਰਾਂ ਅਤੇ ਜੋ ਉੱਥੋਂ ਦੇ ਵਸਨੀਕਾਂ ਤੋਂ ਕੀਮਤੀ ਜਾਣਕਾਰੀ ਪ੍ਰਾਪਤ ਕੀਤੀ, ਉਸਨੂੰ ਇਸ ਪੁਸਤਕ ਵਿੱਚ ਦਰਜ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਹੈ।

ਜਦੋਂ ਮੈਨੂੰ ਡਾ. ਪਰਮਵੀਰ ਸਿੰਘ ਜੀ ਨੇ ਇਸ ਪੁਸਤਕ ਦੇ ਟਾਈਪ ਖਰੜੇ ਨੂੰ ਵਾਚਣ ਲਈ ਕਿਹਾ ਤਾਂ ਮੈਂ ਉਸ ਵਿੱਚ ਪੰਛੀ ਝਾਤ ਮਾਰ ਕੇ ਇਹ ਜਾਣ ਲਿਆ ਕਿ ਇਸ ਪੁਸਤਕ ਵਿੱਚ ਦਰਜ ਵਾਕਿਆਤ ਲਿਖਾਰੀ ਦੀ ਕਰੜੀ ਮਿਹਨਤ ਨਾਲ, ਹੱਡੀਂ ਹੰਢਾਏ ਹੋਏ ਅਤੇ ਅਨੁਭਵ ਕੀਤੇ ਹੋਏ ਹਨ। ਇਸ ਦੇ ਨਾਲ ਹੀ ਇਹ ਸੰਕਲਪ ਵੀ ਆਇਆ ਕਿ ਅਜਿਹੀ ਵਿਸ਼ਾਲ ਜਾਣਕਾਰੀ ਭਰਪੂਰ ਪੁਸਤਕ ਨੂੰ ਛੇਤੀ ਹੀ ਛਪਵਾ ਕੇ ਪ੍ਰੇਮੀ ਸੰਗਤਾਂ ਤੱਕ ਪਹੁੰਚਾ ਦੇਣੀ ਚਾਹੀਦੀ ਹੈ। ਇਸ ਅਤੀ ਕਠਿਨ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਮੈਂ, ਡਾ. ਪਰਮਵੀਰ ਸਿੰਘ ਜੀ ਨੂੰ ਬਹੁਤ-ਬਹੁਤ ਵਧਾਈ ਦਿੰਦਾ ਹਾਂ ਅਤੇ ਅਕਾਲ ਪੁਰਖ ਜੀ ਦਾ ਬੇਅੰਤ ਸ਼ੁਕਰਾਨਾ ਕਰਦੇ ਹੋਏ, ਨਿਮਰਤਾ ਸਹਿਤ ਅਰਦਾਸ ਕਰਦਾ ਹਾਂ ਕਿ ਪਰਮਾਤਮਾ ਡਾ. ਪਰਮਵੀਰ ਸਿੰਘ ਜੀ ਨੂੰ ਭਵਿੱਖ ਵਿੱਚ ਅਜਿਹੇ ਹੋਰ ਮਹੱਤਵਪੂਰਣ ਕਾਰਜ ਕਰਨ ਲਈ ਵੀ ਬਲ, ਬੁੱਧੀ ਅਤੇ ਸਮਰੱਥਾ ਬਖ਼ਸ਼ਣ!

ਇਓਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ, ਇਸ ਵਡਮੁੱਲੇ ਖ਼ਜ਼ਾਨੇ ਨੂੰ ਛਪਵਾ ਕੇ ਪਾਠਕਾਂ ਤੱਕ ਪਹੁੰਚਾਉਣ ਦੇ ਨਿਮਾਣੇ ਜਿਹੇ ਯਤਨ ਲਈ ਨਿਰਮਲ ਆਸ਼ਰਮ, ਰਿਸ਼ੀਕੇਸ਼ ਦੇ ਪੂਜਨੀਕ ਮਹੰਤ ਬਾਬਾ ਰਾਮ ਸਿੰਘ ਜੀ, ਸੰਗਤਾਂ, ਸੇਵਾਦਾਰ ਅਤੇ ਸਾਰੀਆਂ ਸੰਸਥਾਵਾਂ ਦਾ ਸਟਾਫ ਆਪਣੇ ਆਪ ਨੂੰ ਸੁਭਾਗਸ਼ਾਲੀ ਮਹਿਸੂਸ ਕਰਦੇ ਹਨ। ਮੈਂ, ਪਾਠਕਾਂ ਅੱਗੇ ਬੇਨਤੀ ਕਰਦਾ ਹਾਂ ਕਿ ਉਹ ਇਸ ਵਡਮੁੱਲੀ ਪੁਸਤਕ ਨੂੰ ਜ਼ਰੂਰ ਪੜ੍ਹਨ ਅਤੇ ਅਪਣੀ ਜਾਣਕਾਰੀ ਵਿੱਚ ਹੋਰ ਨਵੇਂ ਵਾਧੇ ਕਰਨ!

ਆਓ! ਅਸੀਂ ਸਾਰੇ ਸ੍ਰੀ ਗੁਰੂ ਜੀ ਦੇ ਮਹਾਨ ਉਪਦੇਸ਼ਾਂ, ਸਿਧਾਂਤਾਂ ਅਤੇ ਸਮੁੱਚੀ ਮਾਨਵਤਾ ਲਈ ਕੀਤੇ ਅਦੁੱਤੀ ਉਪਕਾਰਾਂ ਤੋਂ ਪ੍ਰੇਰਣਾ ਲੈ ਕੇ, ਆਪਣੇ ਹਿਰਦੇ ਵਿੱਚ ਦ੍ਰਿੜ੍ਹਤਾ ਪੂਰਬਕ ਵਸਾਉਣ ਲਈ ਗੁਰੂ ਜੀ ਦੀਆਂ ਅਸੀਸਾਂ ਪ੍ਰਾਪਤ ਕਰੀਏ ਤਾਂ ਕਿ ਸਾਡਾ ਸਭ ਦਾ ਇਹ ਮਹਾਨ ਪੁਰਬ ਮਨਾਇਆ ਸਫਲ ਹੋ ਸਕੇ!

ਧੰਨਵਾਦ ਸਹਿਤ!

ਦਾਸ
ਸੰਤ ਬਾਬਾ ਜੋਧ ਸਿੰਘ
ਨਿਰਮਲ ਆਸ਼ਰਮ, ਰਿਸ਼ੀਕੇਸ਼
ਜ਼ਿਲਾ ਦੇਹਰਾਦੂਨ (ਉੱਤਰਾਖੰਡ)

ਪੇਸ਼ ਲਫ਼ਜ਼

ਗੁਰੂ ਤੇਗ ਬਹਾਦਰ ਜੀ ਦਾ ਜਨਮ (1 ਅਪ੍ਰੈਲ 1621 ਈ.) ਤੇ ਮੁੱਢਲੀ ਸਿੱਖਿਆ-ਦੀਖਿਆ ਅੰਮ੍ਰਿਤਸਰ ਦੇ ਰੂਹਾਨੀ ਵਾਤਾਵਰਣ ਵਿਚ ਹੋਈ ਸੀ। ਭਰ-ਜਵਾਨੀ ਵਿਚ ਪੈਰ ਉਹਨਾਂ ਨੇ ਸ਼ਿਵਾਲਿਕ ਦੇ ਨੀਮ-ਪਹਾੜੀ ਇਲਾਕੇ ਵਿਚ ਕੀਰਤਪੁਰ ਵਿਖੇ ਪਾਇਆ ਸੀ। ਇਹ ਉਹ ਵਕਤ ਸੀ ਜਦੋਂ ਸਿੱਖ ਪੰਥ ਮੀਰੀ-ਪੀਰੀ ਦੇ ਸਬੱਬ ਮੁਗ਼ਲ ਹਕੂਮਤ ਨਾਲ ਸੈਨਿਕ ਸੰਘਰਸ਼ ਦੇ ਤਜ਼ਰਬੇ ਵਿਚੋਂ ਗੁਜ਼ਰ ਰਿਹਾ ਸੀ। ਗੁਰੂ ਤੇਗ ਬਹਾਦਰ ਜੀ ਇਸ ਵਾਕਿਆਤ ਦੇ ਚਸ਼ਮਦੀਦ ਗਵਾਹ ਸਨ। ਨੌਵੇਂ ਪਾਤਸ਼ਾਹ ਨੇ 1664 ਈ. ਗੁਰਿਆਈ ਉਸ ਵਕਤ ਸੰਭਾਲੀ ਸੀ ਜਦ ਮੀਣੇ, ਧੀਰਮੱਲੀਏ ਤੇ ਰਾਮਰਾਈਏ ਗੁਰੂਆਂ ਦੀਆਂ ਸਰਗਰਮੀਆਂ ਕਾਰਨ ਸਿੱਖ ਪੰਥ ਧਾਰਮਿਕ ਮੌਲਿਕਤਾ ਤੇ ਸਮਾਜਿਕ ਏਕਤਾ ਦਾਅ 'ਤੇ ਲੱਗੀ ਹੋਈ ਸੀ। ਸਿੱਖ ਧਰਮ ਦਾ ਪ੍ਰਚਾਰ ਤੇ ਸੰਗਠਨਾਤਮਿਕ ਢਾਂਚਾ ਮਸੰਦ ਸਿਸਟਮ ਵਿਚ ਫੁੱਟ ਦੇ ਕਾਰਣ ਚਰਮਰਾ ਗਿਆ ਸੀ। ਅੰਦਰੂਨੀ ਸੰਕਟ ਤੋਂ ਇਲਾਵਾ ਸਿੱਖ ਪੰਥ ਉਪਰ ਬਾਹਰੀ ਸੰਕਟ ਦੇ ਵੀ ਗਹਿਰੇ ਬੱਦਲ ਛਾਏ ਹੋਏ ਸਨ। ਮੁਗ਼ਲ ਬਾਦਸ਼ਾਹ ਔਰੰਗਜ਼ੇਬ ਸਿੱਖ ਧਰਮ ਦੇ ਪ੍ਰਚਾਰ ਤੇ ਪਾਸਾਰ ਨੂੰ ਨਫ਼ਰਤ ਦੀਆਂ ਨਿਗਾਹਾਂ ਨਾਲ ਦੇਖਦਾ ਸੀ ਤੇ ਸਿੱਖ ਪੰਥ ਦੀ ਵਾਗਡੋਰ ਮੁਗ਼ਲ ਹਕੂਮਤ ਦੇ ਕਿਸੇ ਵਫ਼ਾਦਾਰ ਸ਼ਖ਼ਸ ਨੂੰ ਦੇਣੀ ਚਹੁੰਦਾ ਸੀ। ਇਸ ਮਾਹੌਲ ਵਿਚ ਸਿੱਖ ਪੰਥ ਦੀ ਗੁਰਿਆਈ ਦਾ ਕਾਰਜਭਾਰ ਨਿਭਾਉਣਾ ਨਿਸ਼ਚਿਤ ਤੌਰ ਉਤੇ ਬਹੁਤ ਵੱਡੀ ਚੁਣੌਤੀ ਸੀ। ਜੇਕਰ ਉਸ ਵਕਤ ਗੁਰੂ ਤੇਗ ਬਹਾਦਰ ਜੀ ਗੁਰਿਆਈ ਉੱਪਰ ਬਿਰਾਜਮਾਨ ਨਾ ਹੋਏ ਹੁੰਦੇ ਤਾਂ ਸਿੱਖ ਪੰਥ ਦਾ ਭਵਿੱਖ ਤੇ ਰੰਗ-ਢੰਗ ਕਿਹੋ-ਜਿਹਾ ਹੋਣਾ ਸੀ? ਇਹ ਸਿਰਫ਼ ਕਲਪਨਾ ਦਾ ਵਿਸ਼ਾ ਹੈ। ਇਤਿਹਾਸ ਗਵਾਹ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਗੁਰਿਆਈ ਦੇ ਸਾਢੇ ਗਿਆਰਾਂ ਸਾਲ ਦੇ ਅਰਸੇ ਦੌਰਾਨ ਸਿੱਖ ਧਰਮ ਦੇ ਪ੍ਰਚਾਰ, ਪਾਸਾਰ ਤੇ ਸੰਗਠਨਾਤਮਿਕ ਢਾਂਚੇ ਨੂੰ ਐਸੀ ਮਜ਼ਬੂਤੀ ਪ੍ਰਦਾਨ ਕਰ ਦਿੱਤੀ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਵਾਸਤੇ ਆਪਣਾ ਉਦੇਸ਼ ਸਰੰਜਾਮ ਦੇਣ ਲਈ ਜ਼ਮੀਨ ਤਿਆਰ ਹੋ ਗਈ ਸੀ।

ਗੁਰੂ ਸਾਹਿਬ ਦੁਆਰਾ 1665 ਈ. ਵਿਚ ਮਾਖੋਵਾਲ ਵਿਖੇ ਚੱਕ ਨਾਨਕੀ ਦੀ ਸਥਾਪਨਾ ਉਹਨਾਂ ਦੀ ਸੂਝ-ਬੂਝ ਤੇ ਦੂਰ-ਅੰਦੇਸ਼ੀ ਦਾ ਸਬੂਤ ਹੈ, ਕਿਉਂਕਿ ਇਸ ਨਾਲ ਗੁਰਿਆਈ ਦਾ ਕਾਰਜ-ਭਾਰ ਬਿਨਾ ਕਿਸੇ ਦਖ਼ਲ-ਅੰਦਾਜ਼ੀ ਦੇ ਨਿਭਾਉਣਾ ਸੰਭਵ ਹੋ ਗਿਆ ਸੀ। ਇਸ ਉਪਰੰਤ ਗੁਰੂ ਜੀ ਧਰਮ-ਪ੍ਰਚਾਰ ਦੌਰੇ ਉਤੇ ਮਾਲਵਾ ਅਤੇ ਫਿਰ ਉੱਤਰ-ਪੂਰਬੀ ਭਾਰਤ ਲਈ ਰਵਾਨਾ ਹੋ ਗਏ ਸਨ। ਇਸ ਦੀ ਬਦੌਲਤ ਸਿੱਖ ਧਰਮ ਦੇ ਪ੍ਰਭਾਵ ਤੇ ਪਾਸਾਰ ਦਾ ਦਾਇਰਾ ਪੰਜਾਬ ਵਿਚ ਪਾਕਪਟਨ ਤੋਂ ਲੈ ਕੇ ਦੂਰ ਉੱਤਰ-ਪੂਰਬੀ ਭਾਰਤ ਵਿਚ ਸਿਲਹਟ ਤੇ ਚਿਟਾਗੌਂਗ ਤੱਕ ਪੈਰ ਜਮਾ ਗਿਆ ਸੀ। ਪਰ 1669 ਵਿਚ ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਕਾਰਨ ਗ਼ੈਰ-ਮੁਸਲਿਮ ਪਰਜਾ ਦਾ ਧਰਮ, ਧਰਮ-ਸਥਾਨ, ਧਾਰਮਿਕ-ਰਵਾਇਤਾਂ, ਜਾਨ-ਮਾਲ, ਰੁਜ਼ਗਾਰ ਆਦਿ ਗੰਭੀਰ ਖਤਰੇ ਵਿਚ ਪੈ ਗਏ ਸਨ। ਸਮੁੱਚੀ ਵਿਵਸਥਾ ਵਿਚ ਵਾਪਰੇ ਨਿਘਾਰ ਨੇ ਪੰਜਾਬ ਵਿਚ ਸਿੱਖ ਪੰਥ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਸੀ। ਇਹੋ ਕਾਰਨ ਸੀ ਕਿ ਗੁਰੂ ਤੇਗ ਬਹਾਦਰ ਜੀ ਨੇ ਉੱਤਰ-ਪੂਰਬੀ ਭਾਰਤ ਦਾ ਦੌਰਾ ਸਮਾਪਿਤ ਕਰਕੇ ਤੁਰੰਤ ਪੰਜਾਬ ਪਹੁੰਚਣਾ ਮੁਨਾਸਿਬ ਸਮਝਿਆ ਸੀ।

ਚੱਕ ਨਾਨਕੀ ਵਿਖੇ ਕੁਝ ਦੇਰ ਕਿਆਮ ਕਰਨ ਉਪਰੰਤ ਨੌਵੇਂ ਪਾਤਸ਼ਾਹ ਮਾਲਵਾ ਦੇ ਪ੍ਰਚਾਰ ਦੌਰੇ ਉਤੇ ਨਿਕਲ ਗਏ ਸਨ। ਗੁਰੂ ਸਾਹਿਬ ਦੇ ਰੂਹਾਨੀ ਸੰਦੇਸ਼ ਨੇ ਲੋਕਾਂ ਨੂੰ ਨਿਰਾਸਤਾ ਤੇ ਲਾਚਾਰਗੀ ਦੇ ਆਲਮ ਵਿਚੋਂ ਕੱਢ ਕੇ ਉਹਨਾਂ

ਦੀਆਂ ਆਸਾਂ ਤੇ ਉਮੀਦਾਂ ਜਗਾ ਦਿੱਤੀਆਂ ਸਨ। ਇਸ ਦੇ ਸਬੱਬ ਗੁਰੂ ਸਾਹਿਬ ਬਹੁਤ ਹੀ ਹਰਮਨ-ਪਿਆਰੇ ਧਾਰਮਿਕ ਆਗੂ ਵਜੋਂ ਲੋਕਾਂ ਦੇ ਦਿਲੋ-ਦਿਮਾਗ਼ ਉੱਤੇ ਛਾ ਗਏ ਸਨ। ਉਹ ਜਿਧਰ ਵੀ ਜਾਂਦੇ ਸਨ ਉਹਨਾਂ ਦਾ ਸਵਾਗਤ ਕਰਨ ਤੇ ਪ੍ਰਵਚਨਾਂ ਨੂੰ ਸੁਣਨ ਲਈ ਲੋਕ ਆਪ-ਮੁਹਾਰੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋ ਜਾਂਦੇ ਸਨ। ਗੁਰੂ ਸਾਹਿਬ ਦੁਆਰਾ ਆਤਮਿਕ-ਬਲ ਧਾਰਨ ਕਰਨ ਦੇ ਸੰਦੇਸ਼ ਅਤੇ ਲੋਕ-ਭਲਾਈ ਕਾਰਜਾਂ ਕਾਰਨ ਪੰਜਾਬ ਦੀ ਕਿਸਾਨੀ ਤੇ ਜ਼ਿੰਮੀਦਾਰਾਂ ਨੇ ਉਹਨਾਂ ਵੱਲ ਵਹੀਰਾਂ ਘੱਤ ਦਿੱਤੀਆਂ ਸਨ। ਸਿੱਖਾਂ ਪਾਸੋਂ ਕਾਰ-ਸੇਵਾ ਤੇ ਦਸਵੰਧ ਦੇ ਫਲਸਰੂਪ ਗੁਰੂ ਦਰਬਾਰ ਦੀ ਸ਼ਾਨੋ-ਸ਼ੌਕਤ ਤੇ ਠਾਠ-ਬਾਠ ਨੂੰ ਵੀ ਚਾਰ ਚੰਨ ਲੱਗ ਗਏ ਸਨ। ਗੁਰੂ ਸਾਹਿਬ ਮੀਰੀ-ਪੀਰੀ ਦੇ ਰਹਿਬਰ ਸਨ ਅਤੇ ਸਿੱਖ ਉਹਨਾਂ ਨੂੰ 'ਸੱਚਾ ਪਾਤਸ਼ਾਹ' ਵਜੋਂ ਸੰਬੋਧਨ ਕਰਦੇ ਸਨ, ਜਿਸ ਨੂੰ ਮੁਗ਼ਲ ਅਧਿਕਾਰੀ ਬਾਦਸ਼ਾਹੀ ਪ੍ਰਭੁਸੱਤਾ ਨੂੰ ਚੁਣੌਤੀ ਖਿਆਲ ਕਰਦੇ ਸਨ। ਮੁਗ਼ਲ ਵਾਕਿਆ-ਨਿਗਾਰਾਂ ਅਤੇ ਖ਼ਬਰ-ਨਵੀਸਾਂ ਨੂੰ ਗੁਰੂ ਸਾਹਿਬ ਪਾਸ ਸਿੱਖਾਂ ਦੇ ਬੇਸ਼ੁਮਾਰ ਇਕੱਠਾਂ ਵਿਚੋਂ ਰਾਜਨੀਤੀ ਦੀ ਗੰਧ ਆਉਂਦੀ ਸੀ। ਇਸ ਸਭ ਕੁਝ ਨੇ ਮੁਗ਼ਲਾਂ ਦੇ ਸ਼ਾਹੀ ਹਲਕਿਆਂ ਵਿਚ ਗੁਰੂ ਤੇਗ ਬਹਾਦਰ ਬਾਰੇ ਸ਼ੱਕ ਤੇ ਗ਼ਲਤ-ਫਹਿਮੀਆਂ ਰਾਹੀਂ ਵਿਰੋਧੀ ਮਾਹੌਲ ਸਿਰਜ ਦਿੱਤਾ ਸੀ। ਹਕੀਕਤ ਵਿਚ ਗੁਰੂ ਤੇਗ ਬਹਾਦਰ ਜੀ ਆਪਣੀ ਰੂਹਾਨੀ ਅਜ਼ਮਤ ਤੇ ਸੰਦੇਸ਼ ਦੀ ਧਾਰ ਦੀ ਬਦੌਲਤ ਇਕ ਬਹੁਤ ਹੀ ਪ੍ਰਤਿਸ਼ਟਤ ਧਾਰਮਿਕ ਰਹਿਬਰ ਵਜੋਂ ਇਤਿਹਾਸ ਦੇ ਚਿਤ੍ਰਪਟ ਉੱਤੇ ਉੱਭਰ ਆਏ ਸਨ। ਰਤਨ ਸਿੰਘ ਭੰਗੂ ਦੇ ਕਹਿਣ ਮੁਜਬ ਗੁਰੂ ਸਾਹਿਬ ਆਪਣੀਆਂ ਬਖ਼ਸ਼ਿਸ਼ਾਂ ਤੇ ਲੋਕ-ਹਿਤਕਾਰੀ ਸੁਭਾਅ ਦੇ ਸਬੱਬ ਗ਼ਰੀਬਾਂ-ਮਸਕੀਨਾਂ ਤੇ ਜ਼ੁਲਮਾਂ ਤੋਂ ਦੁਖੀ ਪਰਜਾ ਲਈ ਵਾਰਸ ਬਣ ਗਏ ਸਨ। ਔਰੰਗਜ਼ੇਬ ਦੁਆਰਾ ਜ਼ਬਰੀ ਇਸਲਾਮ ਕਬੂਲ ਕਰਵਾਉਣ ਦੇ ਸੰਕਟ ਵਿਚ ਫਸੇ ਕਸ਼ਮੀਰੀ ਪੰਡਿਤਾਂ ਨੂੰ ਪੂਰੇ ਹਿੰਦੁਸਤਾਨ ਵਿਚ ਹੋਰ ਕੋਈ ਉਹਨਾਂ ਦੀ ਬਾਂਹ ਫੜਨ ਵਾਲਾ ਨਹੀਂ ਸੀ ਮਿਲਿਆ। ਨਤੀਜੇ ਵਜੋਂ ਉਹ ਗੁਰੂ ਤੇਗ ਬਹਾਦਰ ਜੀ ਪਾਸ ਚੱਕ ਨਾਨਕੀ ਆ ਫ਼ਰਿਆਦੀ ਹੋਏ ਸਨ। ਗੁਰੂ ਸਾਹਿਬ ਦੁਆਰਾ ਉਹਨਾਂ ਨੂੰ ਢਾਲ ਬਣਨ ਦਾ ਦਿੱਤਾ ਭਰੋਸਾ 11 ਨਵੰਬਰ 1675 ਨੂੰ ਚਾਂਦਨੀ ਚੌਕ ਦਿੱਲੀ ਵਿਖੇ ਉਹਨਾਂ ਦੀ ਸ਼ਹੀਦੀ ਦਾ ਫੌਰੀ ਕਾਰਨ ਬਣਿਆ ਸੀ।

ਬਚਪਨ ਦੇ ਨਾਮ ਤਿਆਗ ਮੱਲ ਤੋਂ ਤੇਗ ਬਹਾਦਰ ਤੱਕ ਦਾ ਸਫ਼ਰ ਨੌਵੇਂ ਪਾਤਸ਼ਾਹ ਦੀ ਅਦਭੁਤ ਤੇ ਮਿਕਨਾਤੀਸੀ ਸ਼ਖ਼ਸੀਅਤ ਦੇ ਵਿਭਿੰਨ ਤੇ ਅਨੂਠੇ ਪੱਖਾਂ ਨੂੰ ਆਪਣੇ ਵਿਚ ਸਮੋਈ ਬੈਠਾ ਹੈ। ਗੁਰੂ ਸਾਹਿਬ ਐਸੀ ਹਰਮਨ ਪਿਆਰੀ ਤੇ ਸਤਿਕਾਰਤ ਸ਼ਖ਼ਸੀਅਤ ਸਨ ਕਿ ਦੋ ਵਿਰੋਧੀ ਸੈਨਾਪਤਿ ਉਹਨਾਂ ਦੀ ਸਾਲਸੀ ਦੀ ਬਦੌਲਤ ਸ਼ਾਂਤੀ ਵਾਰਤਾ ਤੇ ਜੁੱਧ-ਬੰਦੀ ਲਈ ਸਹਿਮਤ ਹੋ ਜਾਂਦੇ ਸਨ। ਗੁਰੂ ਸਾਹਿਬ ਦੀ ਬਾਣੀ ਦਾ ਤਤਕਾਲੀ ਸਮਾਜਿਕ ਪ੍ਰਸੰਗ ਵਿਚ ਮਨੁੱਖੀ ਜ਼ਮੀਰ ਨੂੰ ਜਗਾਉਣ ਅਤੇ ਉਚੇਰੇ ਹਿਤਾਂ ਲਈ ਪ੍ਰੇਰਿਤ ਕਰਨ ਵਿਚ ਅਹਿਮ ਯੋਗਦਾਨ ਸੀ। ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਿੱਖਾਂ ਨੂੰ ਆਤਮ-ਵਿਸ਼ਵਾਸ ਦੇ ਗੁਣ ਨਾਲ ਸੁਸੱਜਿਤ ਕਰਨ ਦੀ ਜੋ ਭੂਮਿਕਾ ਨਿਭਾਈ ਸੀ ਉਹ ਕਿਸੇ ਇਲਾਹੀ-ਬਖ਼ਸ਼ਿਸ਼ ਤੋਂ ਘੱਟ ਨਹੀਂ ਸੀ। ਗੁਰੂ ਸਾਹਿਬ ਦਾ ਸੌਂਦਰਯ-ਬੋਧ ਤੇ ਸਾਹਿਤਕ ਪ੍ਰਤਿਭਾ ਵੀ ਬਾਕਮਾਲ ਸੀ। ਵਲਵਲਾ-ਖੇਜ਼ ਦਿਲਾਂ ਨੂੰ ਧੂਹ ਪਾਉਣ ਵਾਲੀ ਕਾਵਿ-ਸ਼ੈਲੀ ਵਿਚ ਉਚਾਰੀ ਇਲਾਹੀ ਬਾਣੀ ਦਾ ਪਾਠ ਜਦ ਫ਼ਿਜ਼ਾ ਵਿਚ ਗੂੰਜਦਾ ਹੈ ਤਾਂ ਪੂਰਾ ਵਾਤਾਵਰਣ ਰੂਹਾਨੀ ਅਨੁਭਵ ਦਾ ਅਲੌਕਿਕ ਨਜ਼ਾਰਾ ਬੰਨ੍ਹ ਦਿੰਦਾ ਹੈ। ਗੁਰੂ ਜੀ ਦੇ ਆਪਣੇ ਹੱਥੀਂ ਸਿੱਖ ਸੰਗਤਾਂ ਨੂੰ ਲਿਖੇ ਹੁਕਮਨਾਮੇ ਪੰਜਾਬੀ ਵਿਚ ਖ਼ੁਸ਼-ਖ਼ਤਾਤੀ ਦੇ ਅਨੁਪਮ ਨਮੂਨੇ ਹਨ ਜੋ ਉਹਨਾਂ ਨੂੰ ਪੰਜਾਬੀ ਭਾਸ਼ਾ ਵਿਚ ਪੱਤਰ ਲੇਖਨ-ਕਲਾ ਦਾ ਮੋਢੀ ਸਾਬਿਤ ਕਰਦੇ ਹਨ। ਵਿਸ਼ਵ-ਦ੍ਰਿਸ਼ਟੀ ਦੇ ਪੱਖੋਂ ਗੁਰੂ ਸਾਹਿਬ ਦਾ ਇਹ ਮਹਾਂਵਾਕ 'ਭੈ ਕਾਹੂ ਕੋ ਦੇਤ ਨਹਿ ਨਹ ਭੈ ਮਾਨਤ ਆਨ' ਬੇਖ਼ੌਫ਼ ਜੀਵਨ-ਸ਼ੈਲੀ ਨੂੰ ਪ੍ਰਤਿਪਾਦਤ ਕਰਦਾ ਹੈ ਜੋ ਵਿਸ਼ਵ ਵਿਚ ਅਮਨ-ਸ਼ਾਂਤੀ ਤੇ ਸਹਿਹੋਂਦ 'ਤੇ ਆਧਾਰਿਤ ਬਹੁ-ਬਿਧਿ ਸਭਿਆਚਾਰਕ ਵਿਵਸਥਾ ਦੀ ਸਥਾਪਤੀ ਲਈ ਸਰਬ ਸਾਂਝੇ ਐਲਾਨਨਾਮੇ ਦੀ ਆਧਾਰ-ਸ਼ਿਲਾ ਬਣ ਸਕਦਾ ਹੈ। ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਗੁਰੂ ਤੇਗ ਬਹਾਦਰ ਜੀ ਦਾ ਜੀਵਨ-ਦਰਸ਼ਨ, ਸ਼ਹੀਦੀ ਤੇ ਵਿਰਾਸਤ ਸਿੱਖ ਪੰਥ ਹੀ ਨਹੀਂ ਬਲਕਿ ਸੰਪੂਰਨ ਮਨੁੱਖਤਾ ਦਾ

ਬੇਸ਼ਕੀਮਤੀ ਸਰਮਾਇਆ ਹੈ, ਜੋ ਬੇਇਨਸਾਫ਼ੀ ਤੇ ਜ਼ੁਲਮ ਵਿਰੁੱਧ ਸਚਾਈ ਦੇ ਪਹਿਰੇਦਾਰਾਂ ਵਾਸਤੇ ਉਤਸ਼ਾਹ ਤੇ ਪ੍ਰੇਰਨਾ ਦਾ ਆਬੇ-ਹਯਾਤ ਭਾਵ ਅਮੁੱਕ ਸਰੋਤ ਹੈ।

ਸਿੱਖ ਪੰਥ ਦੀ ਅਰਦਾਸ ਦਾ ਇਹ ਜੁਜ਼, 'ਤੇਗ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ। ਸਭ ਥਾਈਂ ਹੋਇ ਸਹਾਇ' ਭਾਵ ਗੁਰੂ ਸਾਹਿਬ ਦੁਨੀਆ ਦੀਆਂ ਸਾਰੀਆਂ ਬਰਕਤਾਂ ਦੇ ਭੰਡਾਰ ਅਤੇ ਨਿਆਸਰਿਆਂ ਦਾ ਆਸਰਾ ਹਨ, ਸਮੁੱਚਾ ਸਿੱਖ ਪੰਥ ਰੋਜ਼ਾਨਾ ਬੜੀ ਅਕੀਦਤ ਨਾਲ ਇਸ ਦਾ ਇਜ਼ਹਾਰ ਕਰਦਾ ਹੈ। ਗੁਰੂ ਸਾਹਿਬ ਦਾ ਉਕਤ ਬਿੰਬ ਸਿੱਖ ਪੰਥ ਦੀ ਸਾਂਝੀ/ਸਮੂਹਿਕ ਸਿਮ੍ਰਤੀ ਵਿਚ ਬਹੁਤ ਹੀ ਡੂੰਘਾ ਉਕਰਿਆ ਹੋਇਆ ਹੈ, ਜੋ ਬੇਹੱਦ ਸ਼ਰਧਾ ਤੇ ਪ੍ਰੇਰਣਾ ਦਾ ਸਰੋਤ ਹੈ। ਪਰ ਅਫ਼ਸੋਸ ਕਿ ਫ਼ਾਰਸੀ ਦੇ ਇਕ ਨਿਕਟ ਸਮਕਾਲੀ ਤੁਅਸਬੀ ਇਤਿਹਾਸਕਾਰ ਦੀ ਲਿਖਤ ਤੇ ਇਸ ਦੇ ਅੰਗਰੇਜ਼ੀ ਤਰਜ਼ਮੇ ਨੇ ਗੁਰੂ ਸਾਹਿਬ ਦੀ ਪਾਕ ਸ਼ਖ਼ਸੀਅਤ ਨੂੰ ਕਲੰਕਿਤ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਭਾਰਤ ਦੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀ ਪੱਧਰ ਦੀਆਂ ਇਤਿਹਾਸ ਦੀਆਂ ਕਿਤਾਬਾਂ ਵਿਚ ਗੁਰੂ ਤੇਗ ਬਹਾਦਰ ਜੀ ਬਾਰੇ ਵਿਵਾਦਪੂਰਣ ਬਿਰਤਾਂਤ ਇਨ੍ਹਾਂ ਦੀ ਬਦੌਲਤ ਹੀ ਸਿਰਜਿਆ ਗਿਆ ਹੈ। ਰਵਾਇਤੀ ਸਿੱਖ ਇਤਿਹਾਸਕਾਰਾਂ ਨੇ ਵੀ ਕੋਈ ਬੁੱਧੀਮਤਾ ਦਾ ਸਬੂਤ ਨਹੀਂ ਦਿੱਤਾ। ਇਨ੍ਹਾਂ ਨੇ ਨੌਵੇਂ ਪਾਤਸ਼ਾਹ ਦੀ ਸ਼ਖ਼ਸੀਅਤ ਦਾ ਜੋ ਬਿਰਤਾਂਤ ਸਿਰਜਿਆ ਹੈ ਉਹ ਗੁਰੂ ਸਾਹਿਬ ਦੀ ਸਮੁੱਚੀ ਸ਼ਖ਼ਸੀਅਤ ਦੇ ਦਰਸ਼ਨ ਨਹੀਂ ਕਰਵਾਉਂਦਾ। ਇਨ੍ਹਾਂ ਲੇਖਕਾਂ ਦਾ ਗੁਰੂ ਜੀ ਦੀਆਂ ਉੱਤਰ-ਪੂਰਬੀ ਭਾਰਤ ਤੇ ਮਾਲਵਾ ਵਿਚ ਯਾਤਰਾਵਾਂ, ਮੁਗ਼ਲਾਂ ਦੁਆਰਾ ਗ੍ਰਿਫ਼ਤਾਰੀ ਤੇ ਸ਼ਹੀਦੀ ਦੇ ਸਾਕੇ ਬਾਰੇ ਬਿਰਤਾਂਤ ਇਤਿਹਾਸਕ ਮਾਪ-ਦੰਡਾਂ ਅਨੁਸਾਰ ਦੋਸ਼ਪੂਰਣ ਹੈ, ਜਿਸ ਵਿਚੋਂ ਕੋਈ ਤੱਥ-ਮੂਲਕ ਸੰਮਤੀ ਬਣਾਉਣੀ ਬਹੁਤ ਹੀ ਮੁਸ਼ੱਕਤ ਤੇ ਸਮਝਦਾਰੀ ਦਾ ਕਾਰਜ ਹੈ।

ਗੁਰੂ ਤੇਗ ਬਹਾਦਰ ਜੀ ਬਾਰੇ ਉਕਤ ਕਿਸਮ ਦੀਆਂ ਭਰਾਂਤੀਆਂ ਨੂੰ ਨਵਿਰਤ ਕਰਨ ਦੀ ਬੇਹੱਦ ਜ਼ਰੂਰਤ ਹੈ, ਜਿਸ ਦੀ ਲੋੜ ਨੂੰ ਪ੍ਰੋ. ਪਰਮਵੀਰ ਸਿੰਘ ਦੁਆਰਾ ਸਰੰਜਾਮ ਦਿੱਤਾ ਹੱਥਲਾ-ਅਧਿਐਨ ਸੰਬੋਧਤ ਹੈ। ਇਸ ਵਿਚ ਲੇਖਕ ਨੇ ਮੁੱਢਲੇ ਸਿੱਖ ਸਰੋਤਾਂ ਦੇ ਆਧਾਰ ਉੱਤੇ ਗੁਰੂ ਤੇਗ ਬਹਾਦਰ ਜੀ ਦਾ ਜੀਵਨ-ਉਦੇਸ਼, ਪ੍ਰਚਾਰ ਯਾਤਰਾਵਾਂ, ਚਰਨ ਛੋਹ ਗੁਰਧਾਮ, ਸ਼ਹੀਦੀ ਸਾਕਾ, ਸਿੱਖ-ਸੇਵਕ, ਅਭਿਨੰਦਨ, ਆਦਿ ਨੂੰ ਵਿਚਾਰ-ਚਰਚਾ ਦਾ ਵਿਸ਼ਾ ਬਣਾਇਆ ਹੈ ਤਾਂ ਕਿ ਗੁਰੂ ਜੀ ਦੀ ਸ਼ਖ਼ਸੀਅਤ ਦੇ ਅਣਪਛਾਤੇ ਤੇ ਘੱਟ-ਚਰਚਿਤ ਪੱਖ ਵੀ ਰੌਸ਼ਨ ਹੋ ਜਾਣ। ਏਸੇ ਤਰ੍ਹਾਂ ਗੁਰੂ ਸਾਹਿਬ ਦੀ ਧਾਰਮਿਕ ਰਹਿਬਰ ਵਜੋਂ ਪ੍ਰਤਿਭਾ ਤੇ ਕਾਰਜ-ਕੁਸ਼ਲਤਾ ਅਤੇ ਸਿੱਖ ਪੰਥ ਦੇ ਸੰਗਠਨ ਦੀ ਪੁਨਰ-ਸਥਾਪਨਾ ਵਿਚ ਯੋਗਦਾਨ ਨੂੰ ਵੀ ਬਹਿਸ ਦੇ ਕੇਂਦਰ ਵਿਚ ਲਿਆਉਣ ਦਾ ਜਤਨ ਕੀਤਾ ਹੈ। ਗੁਰੂ ਸਾਹਿਬ ਦੀ ਬਾਣੀ ਦੀ ਸਤਹੀ ਜਾਣਕਾਰੀ ਵਾਲੇ ਵਿਦਵਾਨਾਂ ਲਈ ਗੁਰੂ ਸਾਹਿਬ ਦੀ ਬਾਣੀ ਦਾ ਪ੍ਰਧਾਨ ਵਿਸ਼ਾ ਵੈਰਾਗ ਤੇ ਸੰਸਾਰ ਪ੍ਰਤੀ ਉਪਰਾਮਤਾ ਉੱਪਰ ਕੇਂਦ੍ਰਿਤ ਹੈ। ਇਸ ਦੀ ਅਧੂਰੀ ਸਮਝ ਗੁਰੂ ਸਾਹਿਬ ਨੂੰ ਭਾਗਵਾਦੀ, ਭਾਂਜਵਾਦੀ ਤੇ ਸੰਨਿਆਸ ਦੇ ਹੱਕ ਵਿਚ ਭੁਗਤਾਉਂਦੀ ਹੈ। ਵਿਦਵਾਨ ਲੇਖਕ ਨੇ ਨੌਵੇਂ ਗੁਰੂ ਜੀ ਦੀ ਬਾਣੀ ਵਿਚੋਂ ਹਵਾਲੇ ਉਧਰਿਤ ਕਰਕੇ ਉਕਤ ਦ੍ਰਿਸ਼ਟੀਕੋਣ ਨੂੰ ਦਰੁਸਤ ਕਰਨ ਦਾ ਭਰਪੂਰ ਜਤਨ ਕੀਤਾ ਹੈ। ਲੇਖਕ ਨੇ ਗੁਰੂ ਤੇਗ ਬਹਾਦਰ ਜੀ ਦੇ ਉਦੇਸ਼ ਤੇ ਸੰਚਾਰ-ਜੁਗਤਿ ਨੂੰ ਸਮਝਣ ਲਈ ਉਹਨਾਂ ਦੁਆਰਾ ਸਿੱਖ ਸੰਗਤਾਂ ਨੂੰ ਲਿਖੇ ਹੁਕਮਨਾਮਿਆਂ ਦੀ ਗਵਾਹੀ ਰਾਹੀਂ ਪੁਸ਼ਟ ਕਰਨ ਦਾ ਉਦਮ ਕੀਤਾ ਹੈ ਅਤੇ ਦਰਸਾਇਆ ਹੈ ਕਿ ਇਹ ਹੁਕਮਨਾਮੇ ਕਿਵੇਂ ਗੁਰੂ ਸਾਹਿਬ ਦੀ ਕਾਰਜ-ਸ਼ੈਲੀ ਤੇ ਪਹੁੰਚ-ਵਿਧੀ ਦੀਆਂ ਪਰਤਾਂ ਖੋਲ੍ਹਦੇ ਹਨ; ਅਤੇ ਗੁਰੂ ਸਾਹਿਬ ਦੀ ਸਿੱਖਾਂ ਪ੍ਰਤੀ ਸੰਬੋਧਨ-ਸ਼ੈਲੀ ਕਿਸ ਕਦਰ ਅਪਣੱਤ ਵਾਲੀ ਸੀ ਜਿਸ ਵਿਚੋਂ ਉਹਨਾਂ ਦਾ ਸਿੱਖਾਂ ਲਈ ਸਨੇਹ ਡੁੱਲ੍ਹ-ਡੁੱਲ੍ਹ ਪੈਂਦਾ ਸੀ। ਵਿਚਾਰਾਧੀਨ ਅਧਿਐਨ ਦੀ ਇਹ ਵਿਲੱਖਣਤਾ ਹੈ ਕਿ ਇਸ ਵਿਚ ਲੇਖਕ ਨੇ ਸਮਕਾਲੀ ਤੇ ਪਰਵਰਤੀ ਕਵੀਆਂ ਦੁਆਰਾ ਗੁਰੂ ਤੇਗ ਬਹਾਦਰ ਜੀ ਦੀ ਸ਼ਖ਼ਸੀਅਤ ਦਾ ਜੋ ਮੰਗਲ ਗਾਇਨ ਕੀਤਾ ਹੈ, ਉਸ ਦੇ ਵੀ ਦਰਸ਼ਨ-ਦੀਦਾਰ ਕਰਵਾਏ ਹਨ।

ਗੁਰੂ ਸਾਹਿਬ ਦੇ ਸਿੱਖ-ਸੇਵਕਾਂ ਤੇ ਪ੍ਰਸ਼ੰਸਕਾਂ ਦਾ ਦਾਇਰਾ ਬਹੁਤ ਵਸੀਹ ਸੀ। ਇਸ ਵਿਚ ਸਮਾਜ ਦੇ

ਵਿਭਿੰਨ ਵਰਗਾਂ, ਧਰਮਾਂ, ਜਾਤਾਂ, ਪੇਸ਼ਿਆਂ, ਪ੍ਰਦੇਸਾਂ ਆਦਿ ਦੇ ਲੋਕ ਸ਼ਾਮਿਲ ਸਨ। ਹੱਥਲੇ ਅਧਿਐਨ ਦੀ ਇਹ ਵਿਸ਼ੇਸ਼ਤਾ ਵੀ ਹੈ ਕਿ ਇਹ ਗੁਰੂ ਤੇਗ ਬਹਾਦਰ ਜੀ ਦੇ ਸੰਪਰਕ ਵਿਚ ਆਏ ਸਿੱਖ-ਸੇਵਕਾਂ, ਸ਼ਰਧਾਲੂਆਂ ਤੇ ਪ੍ਰਸ਼ੰਸਕਾਂ ਦੀ ਯਾਦ ਤਾਜ਼ਾ ਕਰਾਉਣ ਤੋਂ ਇਲਾਵਾ ਉਹਨਾਂ ਦੀ ਸ਼ਖ਼ਸੀਅਤ ਤੇ ਸੇਵਾਵਾਂ ਦਾ ਉਲੇਖ ਵੀ ਕਰਦਾ ਹੈ। ਗੁਰੂ ਤੇਗ ਬਹਾਦਰ ਦੀਆਂ ਯਾਤਰਾਵਾਂ ਦੇ ਰਸਤਿਆਂ ਤੇ ਚਰਨ ਛੋਹ ਗਰਧਾਮਾਂ ਨੂੰ ਇਤਿਹਾਸਿਕ ਕ੍ਰਮ ਵਿਚ ਪ੍ਰਸਤੁਤ ਕਰਨਾ ਬਹੁਤ ਹੀ ਕਠਿਨ ਕਾਰਜ ਹੈ ਕਿਉਂਕਿ ਸਿੱਖ ਸਰੋਤਾਂ ਵਿਚ ਇਸ ਬਾਰੇ ਬਹੁਤ ਭੰਬਲ-ਭੂਸਾ ਹੈ। ਮੌਜੂਦਾ ਅਧਿਐਨ ਵਿਚ ਲੇਖਕ ਨੇ ਉੱਤਰ-ਪੂਰਬੀ ਭਾਰਤ ਵਿਚ ਉੱਤਰ ਪ੍ਰਦੇਸ, ਬਿਹਾਰ, ਪੂਰਬੀ-ਬੰਗਾਲ, ਆਸਾਮ ਤੇ ਅਜੋਕੇ ਬੰਗਲਾਦੇਸ਼ ਅਤੇ ਮਾਲਵਾ ਵਿਚ ਗੁਰੂ ਤੇਗ ਬਹਾਦਰ ਜੀ ਦੀ ਦੀ ਚਰਨ ਛੋਹ ਗੁਰਧਾਮਾਂ ਦੀ ਵਿਸਤ੍ਰਿਤ ਤੇ ਨਵੀਨਤਮ ਜਾਣਕਾਰੀ ਜੁਟਾਈ ਹੈ, ਜੋ ਉਸ ਨੇ ਮੌਕੇ ਉੱਤੇ ਜਾ ਕੇ ਗ੍ਰਹਿਣ ਕੀਤੀ ਹੈ। ਇਸ ਵਿਚ ਗੁਰਧਾਮਾਂ ਦੀ ਸਥਾਪਨਾ ਦਾ ਇਤਿਹਾਸ, ਪ੍ਰਬੰਧ, ਜਾਇਦਾਦ, ਸੁਵਿਧਾਵਾਂ, ਆਦਿ ਤੋਂ ਇਲਾਵਾ 1984 ਵਿਚ ਨੁਕਸਾਨੇ ਤੇ ਅਲੋਪ ਹੋ ਜਾਣ ਦੀ ਕਗਾਰ ਤੇ ਖੜ੍ਹੇ ਗੁਰਧਾਮਾਂ ਦੇ ਵੇਰਵੇ ਵੀ ਅੰਕਿਤ ਕੀਤੇ ਹਨ। ਹੱਥਲੇ-ਅਧਿਐਨ ਨੂੰ ਮੁਕੰਮਲ ਕਰਨ ਲਈ ਵਿਦਵਾਨ ਲੇਖਕ ਨੇ ਸਿੱਖ ਧਰਮ ਤੇ ਇਤਿਹਾਸ ਦੇ ਬੁਨਿਆਦੀ ਤੇ ਮੁੱਢਲੇ ਸਰੋਤਾਂ ਤੋਂ ਇਲਾਵਾ ਹੋਰਨਾਂ ਇਤਿਹਾਸਕਾਰਾਂ ਦੀਆਂ ਲਿਖਤਾਂ, ਰਸਾਲਿਆਂ ਤੇ ਗਜ਼ਟੀਅਰਾਂ ਵਿਚਲੇ ਵਿਵਰਣ ਅਤੇ ਮੌਕੇ ਉੱਤੇ ਜਾ ਕੇ ਨਿੱਜੀ ਤੌਰ 'ਤੇ ਗ੍ਰਹਿਣ ਕੀਤੀ ਜਾਣਕਾਰੀ ਨੂੰ ਆਧਾਰ ਬਣਾਇਆ ਹੈ, ਜੋ ਇਸ ਅਧਿਐਨ ਦੀ ਵਿਸ਼ੇਸ਼ ਖਾਸੀਅਤ ਹੋ ਨਿਬੜੀ ਹੈ। ਇਸ ਵਿਚੋਂ ਉਸ ਦੀ ਅਕਾਦਮਿਕ ਪ੍ਰਤਿਭਾ, ਪ੍ਰਤਿਬਧਤਾ, ਸੰਜੀਦਗੀ ਅਤੇ ਵਿਸ਼ੇ ਦੀ ਤਹਿ ਤੱਕ ਜਾਣ ਦੀ ਨੀਝ ਝਲਕਦੀ ਹੈ। ਵਿਦਵਾਨ ਲੇਖਕ ਵਧਾਈ ਅਤੇ ਪ੍ਰਸੰਸਾ ਦਾ ਪਾਤਰ ਹੈ। ਉਸ ਦਾ ਇਹ ਅਧਿਐਨ ਸਵਾਗਤ ਕਰਨ ਤੇ ਰੀਸ ਦੇ ਕਾਬਿਲ ਹੈ। ਉਮੀਦ ਹੈ ਕਿ ਇਹ ਅਧਿਐਨ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਸੰਦੇਸ਼, ਯਾਤਰਾਵਾਂ, ਸ਼ਹਾਦਤ ਤੇ ਸ਼ਖ਼ਸੀਅਤ ਬਾਰੇ ਪਾਠਕਾਂ ਵਿਚ ਹੋਰ ਵਧੇਰੇ ਜਾਣਕਾਰੀ ਗ੍ਰਹਿਣ ਕਰਨ ਦੀ ਜਗਿਆਸਾ ਪੈਦਾ ਕਰੇਗਾ।

ਪ੍ਰੋਫ਼ੈਸਰ (ਡਾ.) ਬਲਵੰਤ ਸਿੰਘ ਢਿੱਲੋਂ
ਡਾਇਰੈਕਟਰ (ਸਾਬਕਾ)
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਭੂਮਿਕਾ

ਸੰਸਾਰ ਦੇ ਧਰਮਾਂ ਵਿਚੋਂ ਸਿੱਖ ਧਰਮ ਸਭ ਤੋਂ ਬਾਅਦ ਵਿਚ ਪ੍ਰਗਟ ਹੋਇਆ ਹੈ ਪਰ ਇਸ ਨੇ ਬਹੁਤ ਛੇਤੀ ਆਪਣੀ ਪਛਾਣ ਕਾਇਮ ਕਰ ਲਈ ਹੈ। ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਆਪਣਾ ਸਥਾਨ ਕਾਇਮ ਕਰਨ ਵਾਲੇ ਸਿੱਖ ਧਰਮ ਦਾ ਅਰੰਭ ਗੁਰੂ ਨਾਨਕ ਦੇਵ ਜੀ ਤੋਂ ਹੋਇਆ ਜਿਹੜੇ ਕਿ 1469 ਈਸਵੀ ਵਿਚ ਤਲਵੰਡੀ ਰਾਇ ਭੋਇ ਵਿਖੇ ਪ੍ਰਗਟ ਹੋਏ ਸਨ। ਮੌਜੂਦਾ ਪਾਕਿਸਤਾਨ ਦਾ ਇਹ ਨਗਰ ਨਨਕਾਣਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਲੋਧੀ ਤੋਂ ਆਪਣੇ ਦੈਵੀ-ਸੰਦੇਸ਼ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਾਤਰਾਵਾਂ ਅਰੰਭ ਕੀਤੀਆਂ ਸਨ ਅਤੇ ਮਨੁੱਖਤਾ ਨੂੰ ਪ੍ਰਭੂ-ਬੰਦਗੀ ਦਾ ਮਾਰਗ ਦਿਖਾਉਣ ਉਪਰੰਤ ਅਖ਼ੀਰ ਕਰਤਾਰਪੁਰ ਸਾਹਿਬ ਵਿਖੇ ਆ ਕੇ ਵੱਸ ਗਏ ਸਨ। ਜੀਵਨ ਦੇ ਆਖ਼ਰੀ ਸਮੇਂ ਤੱਕ ਗੁਰੂ ਜੀ ਇਸੇ ਨਗਰ ਵਿਖੇ ਹੀ ਨਿਵਾਸ ਕਰਦੇ ਰਹੇ ਅਤੇ ਆਪਣੇ ਦੈਵੀ-ਮਿਸ਼ਨ ਨੂੰ ਅੱਗੇ ਤੋਰਨ ਲਈ ਇਹਨਾਂ ਨੇ ਆਪਣੇ ਇਕ ਗੁਰਸਿੱਖ ਭਾਈ ਲਹਿਣਾ ਨੂੰ ਚੁਣਿਆ ਸੀ ਜਿਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਸਿੱਖ ਧਰਮ ਦੀ ਅਗਵਾਈ ਕੀਤੀ ਸੀ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦਾ ਦੈਵੀ ਮਿਸ਼ਨ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਤੱਕ ਨਿਰੰਤਰ ਚੱਲਦਾ ਰਿਹਾ ਹੈ।

ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਨੌਵੇਂ ਗੁਰੂ ਸਨ ਜਿਨ੍ਹਾਂ ਨੇ ਮਨੁੱਖਤਾ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਏ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਪੈਦਾ ਕੀਤੀ ਸੀ। ਇਹਨਾਂ ਦੇ ਜੀਵਨ ਵਿਚੋਂ ਸੇਵਾ, ਸਿਮਰਨ, ਸੰਜਮ, ਸਵੈਮਾਨ ਅਤੇ ਸ਼ਹਾਦਤ ਦੇ ਗੁਣਾਂ ਦਾ ਪ੍ਰਗਟਾਵਾ ਹੁੰਦਾ ਹੈ। ਗੁਰੂ ਜੀ ਦੀ ਬਾਣੀ ਅਤੇ ਜੀਵਨ-ਸੰਦੇਸ਼ ਵਿਚੋਂ ਸਪਸ਼ਟ ਹੁੰਦਾ ਹੈ ਕਿ ਪ੍ਰਭੂ-ਬੰਦਗੀ ਦਾ ਮਾਰਗ ਧਾਰਨ ਕਰਨ ਵਾਲਿਆਂ ਦੇ ਮਨ ਵਿਚ ਇਹਨਾਂ ਗੁਣਾਂ ਦਾ ਸੰਚਾਰ ਸੰਭਵ ਹੈ। ਸਚਿਆਰੀ ਅਤੇ ਸਦਾਚਾਰੀ ਜੀਵਨ-ਜਾਚ ਦ੍ਰਿੜ੍ਹ ਕਰਾਉਣ ਵਾਲੇ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਅੰਮ੍ਰਿਤਸਰ ਵਿਖੇ ਹੋਇਆ ਸੀ। ਬਾਬਾ ਬਕਾਲਾ ਵਿਖੇ ਗੁਰਿਆਈ ਦੀ ਬਖ਼ਸ਼ਿਸ਼ ਹੋਣ ਉਪਰੰਤ ਇਹਨਾਂ ਨੇ ਆਪਣਾ ਦੈਵੀ-ਮਿਸ਼ਨ ਅਰੰਭ ਕਰਦੇ ਹੋਏ ਪੰਜਾਬ ਦੇ ਮਾਝਾ ਅਤੇ ਦੁਆਬਾ ਦੇ ਇਲਾਕਿਆਂ ਦੀ ਪ੍ਰਚਾਰ-ਯਾਤਰਾ ਕੀਤੀ ਅਤੇ ਫਿਰ ਮਾਲਵੇ ਵਿਚ ਕੀਰਤਪੁਰ ਸਾਹਿਬ ਵਿਖੇ ਆ ਗਏ ਸਨ। ਇਸ ਨਗਰ ਵਿਖੇ ਇਹਨਾਂ ਨੇ ਪਹਿਲਾਂ ਵੀ ਆਪਣੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਲਗ-ਪਗ ਨੌਂ ਸਾਲ ਜੀਵਨ ਬਸਰ ਕੀਤਾ ਸੀ ਅਤੇ 1644 ਵਿਚ ਉਹਨਾਂ ਦੇ ਜੋਤੀ-ਜੋਤਿ ਸਮਾ ਜਾਣ ਉਪਰੰਤ ਇਹ ਬਾਬਾ ਬਕਾਲਾ ਵਿਖੇ ਨਿਵਾਸ ਕਰਨ ਲੱਗ ਪਏ ਸਨ।

1664 ਵਿਚ ਗੁਰਿਆਈ ਪ੍ਰਾਪਤ ਹੋਣ 'ਤੇ ਭਾਈ ਮੱਖਣ ਸ਼ਾਹ ਨੇ ਇਹਨਾਂ ਨੂੰ ਸੰਗਤ ਦੇ ਸਨਮੁਖ ਪ੍ਰਗਟ ਕੀਤਾ ਸੀ। ਸਿੱਖ ਇਤਿਹਾਸ ਵਿਚ ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਸਿੱਖ ਨੇ ਗੁਰੂ ਦੀ ਪਰਖ ਕੀਤੀ ਸੀ। ਗੁਰਿਆਈ ਧਾਰਨ ਕਰਨ ਉਪਰੰਤ ਇਹਨਾਂ ਦੇ ਜੀਵਨ ਵਿਚੋਂ ਜਿਹੜੇ ਗੁਣ ਪ੍ਰਗਟ ਹੁੰਦੇ ਹਨ ਉਹ ਸਿੱਧੇ ਰੂਪ ਵਿਚ ਉੱਚ ਅਧਿਆਤਮਿਕ ਕਦਰਾਂ-ਕੀਮਤਾਂ ਦਾ ਵਿਖਿਆਨ ਕਰਦੇ ਹਨ ਜਿਵੇਂ ਧੀਰਮੱਲ ਦੇ ਮਸੰਦ ਸ਼ੀਂਹੇ ਨੇ ਗੁਰੂ ਸਾਹਿਬ 'ਤੇ ਗੋਲੀ ਚਲਾਈ ਅਤੇ ਉਹਨਾਂ ਦਾ ਘਰ ਲੁੱਟ ਕੇ ਲੈ ਗਿਆ ਸੀ ਪਰ ਜਦੋਂ ਸਿੱਖਾਂ ਨੇ ਧੀਰਮੱਲ ਅਤੇ ਉਸ ਦੇ ਮਸੰਦ ਨੂੰ ਫੜ ਕੇ ਗੁਰੂ ਸਾਹਿਬ ਅੱਗੇ ਪੇਸ਼ ਕੀਤਾ ਤਾਂ ਗੁਰੂ ਸਾਹਿਬ ਨੇ ਉਹਨਾਂ ਨੂੰ ਮਾਫ਼ ਕਰ ਦਿੱਤਾ ਸੀ। ਗੁਰੂ ਸਾਹਿਬ ਦਾ ਇਹ ਗੁਣ ਬਦੀ ਕਰਨ ਵਾਲੇ ਦੇ ਮਨ ਵਿਚ ਸੰਜਮ ਅਤੇ ਨਿਮਰਤਾ ਪੈਦਾ ਕਰਦਾ ਹੈ। ਇਸੇ ਤਰ੍ਹਾਂ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਯਾਤਰਾ ਦੌਰਾਨ ਜਦੋਂ ਪੁਜਾਰੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰਕੇ ਚਲੇ ਗਏ ਸਨ ਤਾਂ ਗੁਰੂ ਸਾਹਿਬ ਦੇ

ਸੇਵਕਾਂ ਨੇ ਜਬਰੀ ਇਸਦੇ ਅੰਦਰ ਪ੍ਰਵੇਸ਼ ਕਰਨ ਦੀ ਬੇਨਤੀ ਕੀਤੀ ਸੀ ਜਿਸ ਨੂੰ ਨਕਾਰਦੇ ਹੋਏ ਗੁਰੂ ਜੀ ਨੇ ਵੈਰ-ਵਿਰੋਧ ਦੀ ਭਾਵਨਾ ਵਾਲੇ ਜੀਵਨ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ ਸੀ। ਅੰਮ੍ਰਿਤਸਰ ਦੀ ਪ੍ਰਚਾਰ-ਯਾਤਰਾ ਉਪਰੰਤ ਗੁਰੂ ਤੇਗ ਬਹਾਦਰ ਜੀ ਕੀਰਤਪੁਰ ਸਾਹਿਬ ਵਿਖੇ ਆ ਕੇ ਨਿਵਾਸ ਕਰਨ ਲੱਗੇ ਸਨ। ਇਸੇ ਦੌਰਾਨ ਇਹਨਾਂ ਨੇ ਮਾਖੋਵਾਲ ਵਿਖੇ ਇਕ ਨਵੇਂ ਨਗਰ ਦੀ ਸਥਾਪਨਾ ਕਰਕੇ ਉਸ ਦਾ ਨਾਂ 'ਚੱਕ ਨਾਨਕੀ' ਰੱਖਿਆ ਸੀ ਜਿਹੜਾ ਕਿ ਮੌਜੂਦਾ ਸਮੇਂ ਵਿਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਨਗਰ ਦੀ ਮੋੜ੍ਹੀ ਗੱਡਣ ਉਪਰੰਤ ਇਹ ਪੂਰਬ ਦੀਆਂ ਪ੍ਰਚਾਰ-ਯਾਤਰਾਵਾਂ 'ਤੇ ਚਲੇ ਗਏ ਸਨ।

ਗੁਰੂ ਤੇਗ ਬਹਾਦਰ ਜੀ ਲਗ-ਪਗ ਪੰਜ ਸਾਲ ਪੂਰਬ ਦੀ ਪ੍ਰਚਾਰ-ਯਾਤਰਾ ਕਰਦੇ ਰਹੇ। ਉੱਤਰ-ਪ੍ਰਦੇਸ਼, ਬਿਹਾਰ, ਬੰਗਾਲ, ਅਸਾਮ ਅਤੇ ਮੌਜੂਦਾ ਬੰਗਲਾਦੇਸ਼ ਵਿਖੇ ਵਿਭਿੰਨ ਭਾਸ਼ਾਈ ਖੇਤਰ ਮੌਜੂਦ ਹਨ। ਮੌਜੂਦਾ ਸਮੇਂ ਵਿਚ ਜਦੋਂ ਸਮਾਜ ਇਕ ਦੂਜੇ ਦੇ ਬਹੁਤ ਨੇੜੇ ਆ ਗਿਆ ਹੈ, ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਨੇ ਬਹੁਤ ਸਾਰੀਆਂ ਸਹੂਲਤਾਂ ਪ੍ਰਦਾਨ ਕਰ ਦਿੱਤੀਆਂ ਹਨ ਜਿਨ੍ਹਾਂ ਦੀ ਵਰਤੋਂ ਕਰਦਾ ਹੋਇਆ ਮਨੁੱਖ ਇਲਾਕਾਈ ਘੇਰਿਆਂ ਤੋਂ ਮੁਕਤ ਹੁੰਦਾ ਜਾ ਰਿਹਾ ਹੈ ਪਰ ਫਿਰ ਵੀ ਇਹਨਾਂ ਇਲਾਕਿਆਂ ਦੀ ਯਾਤਰਾ ਕਰਨ ਸਮੇਂ ਕਈ ਵਾਰੀ ਭਾਸ਼ਾਈ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲਗ-ਪਗ ਸਾਢੇ ਤਿੰਨ ਸਦੀਆਂ ਪਹਿਲਾਂ ਜਦੋਂ ਗੁਰੂ ਤੇਗ ਬਹਾਦਰ ਜੀ ਨੇ ਇਹਨਾਂ ਇਲਾਕਿਆਂ ਵਿਖੇ ਪ੍ਰਚਾਰ-ਯਾਤਰਾ ਕੀਤੀ ਸੀ ਤਾਂ ਇਹ ਮੁਸ਼ਕਲਾਂ ਉਹਨਾਂ ਦੇ ਸਾਹਮਣੇ ਵੀ ਮੌਜੂਦ ਸਨ। ਗੁਰੂ ਸਾਹਿਬ ਦੀ ਬਾਣੀ ਅਤੇ ਸੰਬੰਧਿਤ ਇਲਾਕਿਆਂ ਦੇ ਸ਼ਰਧਾਲੂਆਂ ਤੋਂ ਇਹ ਅਨੁਮਾਨ ਸਹਿਜੇ ਹੀ ਲਗਾਇਆ ਸਕਦਾ ਹੈ ਕਿ ਗੁਰੂ ਸਾਹਿਬ ਦੀ ਦੈਵੀ ਸ਼ਖ਼ਸੀਅਤ ਨੇ ਸਮਾਜ ਦੇ ਸਮੂਹ ਲੋਕਾਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਸੀ। ਹਰ ਵਰਗ ਨਾਲ ਸੰਬੰਧਿਤ ਲੋਕ ਗੁਰੂ ਸਾਹਿਬ ਦੇ ਸ਼ਰਧਾਲੂ ਬਣਦੇ ਜਾ ਰਹੇ ਸਨ।

ਪੂਰਬ ਦੀਆਂ ਯਾਤਰਾਵਾਂ ਦਾ ਪ੍ਰਭਾਵ ਗੁਰੂ ਸਾਹਿਬ ਦੀ ਬਾਣੀ ਵਿਚੋਂ ਵੀ ਪ੍ਰਗਟ ਹੁੰਦਾ ਹੈ। ਲੰਮਾ ਸਮਾਂ ਪੂਰਬ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਦਾ ਉਦੇਸ਼ ਉੱਥੋਂ ਦੀ ਸੰਗਤ ਨੂੰ ਪ੍ਰਭੂ-ਮੁਖੀ ਜੀਵਨ-ਜਾਚ ਵੱਲ ਪ੍ਰੇਰਿਤ ਕਰਨਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪ੍ਰਮੁੱਖ ਤੌਰ 'ਤੇ ਗੁਰਮੁਖੀ ਵਿਚ ਲਿਖੀ ਹੋਈ ਹੈ ਜਿਸ ਵਿਚ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਵੀ ਮੌਜੂਦ ਹਨ ਪਰ ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਤੇ ਵਧੇਰੇ ਕਰਕੇ ਬ੍ਰਜ ਭਾਸ਼ਾ ਦਾ ਪ੍ਰਭਾਵ ਸਪਸ਼ਟ ਦਿਖਾਈ ਦਿੰਦਾ ਹੈ ਜਿਵੇਂ 'ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥', 'ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ॥', 'ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ॥' ਆਦਿ।

ਗੁਰੂ ਤੇਗ ਬਹਾਦਰ ਜੀ ਹਾਲੇ ਪੂਰਬ ਵਿਚ ਹੀ ਮੌਜੂਦ ਸਨ ਜਦੋਂ ਇਹਨਾਂ ਨੂੰ ਔਰੰਗਜ਼ੇਬ ਦੁਆਰਾ ਅਰੰਭ ਕੀਤੀ ਗਈ ਜਬਰੀ ਧਰਮ-ਪਰਿਵਰਤਨ ਦੀ ਨੀਤੀ ਦਾ ਪਤਾ ਲੱਗਿਆ ਜਿਸ ਨੇ ਗ਼ੈਰ-ਮੁਸਲਮਾਨਾਂ ਦੇ ਮਨ ਵਿਚ ਡਰ ਅਤੇ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ ਸੀ। ਇਹ ਨੀਤੀ ਕਸ਼ਮੀਰ ਵਿਚ ਅਰੰਭ ਹੋਈ ਸੀ ਅਤੇ ਬਹੁਤ ਛੇਤੀ ਸਮੁੱਚੇ ਉੱਤਰੀ ਭਾਰਤ ਵਿਚ ਇਸ ਦਾ ਪ੍ਰਭਾਵ ਦੇਖਣ ਨੂੰ ਮਿਲ ਰਿਹਾ ਸੀ। ਸਮੁੱਚੇ ਉੱਤਰੀ ਭਾਰਤ ਵਿਚ ਵੱਸਣ ਵਾਲੇ ਹਿੰਦੂ, ਸਿੱਖ ਅਤੇ ਹੋਰਨਾਂ ਧਾਰਮਿਕ ਅਕੀਦਿਆਂ ਨਾਲ ਸੰਬੰਧਿਤ ਲੋਕ ਆਪਣੇ ਧਾਰਮਿਕ ਵਿਸ਼ਵਾਸਾਂ ਅਤੇ ਅਸਥਾਨਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਸਨ। ਭਾਵੇਂ ਕਿ ਬਾਦਸ਼ਾਹ ਨੇ ਸਮੁੱਚੇ ਭਾਰਤ ਵਿਚ ਹਿੰਦੂਆਂ ਦੇ ਮੰਦਰਾਂ ਨੂੰ ਢਾਹ ਕੇ ਮਸਜਿਦਾਂ ਦੀ ਉਸਾਰੀ ਕਰਨੀ ਅਰੰਭ ਕਰ ਦਿੱਤੀ ਸੀ ਅਤੇ ਸਿੱਖਾਂ ਦੀਆਂ ਧਰਮਸਾਲਾਵਾਂ ਨੂੰ ਨੁਕਸਾਨ ਪਹੁੰਚਾਉਣਾ ਅਰੰਭ ਕਰ ਦਿੱਤਾ ਸੀ ਪਰ ਧਰਮ ਪਰਿਵਰਤਨ ਦੀ ਨੀਤੀ ਦਾ ਵਧੇਰੇ ਅਸਰ ਉੱਤਰੀ ਭਾਰਤ ਵਿਚ ਦੇਖਣ ਨੂੰ ਮਿਲ ਰਿਹਾ ਸੀ। ਬਾਦਸ਼ਾਹ ਦੁਆਰਾ ਅਰੰਭ ਕੀਤੀ ਇਸ ਨੀਤੀ ਦੇ ਵਿਰੋਧ ਵਿਚ ਆਮ ਲੋਕਾਂ ਨੂੰ ਪ੍ਰੇਰਨਾ ਅਤੇ ਅਗਵਾਈ ਪ੍ਰਦਾਨ ਕਰਨ ਲਈ ਗੁਰੂ ਤੇਗ ਬਹਾਦਰ ਜੀ ਪੰਜਾਬ ਵਾਪਸ ਆ ਗਏ ਸਨ। ਇੱਥੇ ਨਿਵਾਸ ਦੌਰਾਨ ਇਹਨਾਂ ਨੇ ਮਾਲਵਾ ਅਤੇ ਬਾਂਗਰ ਦੇ ਇਲਾਕਿਆਂ ਦੀਆਂ ਪ੍ਰਚਾਰ-ਯਾਤਰਾਵਾਂ ਕਰਦੇ ਹੋਏ ਆਮ ਲੋਕਾਂ ਨੂੰ ਧਰਮ ਵਿਚ ਦ੍ਰਿੜ੍ਹ ਰਹਿਣ ਦਾ

ਉਪਦੇਸ਼ ਦਿੱਤਾ ਸੀ। ਗੁਰੂ ਜੀ ਅਨੰਦਪੁਰ ਸਾਹਿਬ ਵਿਖੇ ਮੌਜੂਦ ਸਨ ਜਦੋਂ ਕਸ਼ਮੀਰ ਦੇ ਪੰਡਿਤਾਂ ਨੇ ਗੁਰੂ ਜੀ ਨੂੰ ਧਰਮ ਬਚਾਉਣ ਲਈ ਬੇਨਤੀ ਕੀਤੀ ਸੀ। ਗੁਰੂ ਜੀ ਨੇ ਦਿੱਲੀ ਵਿਖੇ ਆਪਣਾ ਸੀਸ ਦੇ ਕੇ ਬਾਦਸ਼ਾਹ ਦੀ ਇਸ ਨੀਤੀ ਨੂੰ ਰੋਕਣ ਦਾ ਸਫ਼ਲ ਯਤਨ ਕੀਤਾ ਸੀ। ਇਹਨਾਂ ਦੀ ਸ਼ਹਾਦਤ ਧਰਮ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਨਾ ਅਤੇ ਦ੍ਰਿੜ੍ਹਤਾ ਪੈਦਾ ਕਰਦੀ ਹੈ।

ਗੁਰੂ ਤੇਗ ਬਹਾਦਰ ਜੀ ਨੇ ਧਰਮ ਦਾ ਜਿਹੜਾ ਮਾਰਗ ਦਿਖਾਇਆ, ਸੁਚਾਰੂ ਅਤੇ ਸਦਾਚਾਰੀ ਜੀਵਨ-ਜਾਚ ਲਈ ਉਹੀ ਸਰਬੋਤਮ ਮੰਨਿਆ ਗਿਆ ਹੈ। ਸਮੁੱਚੀ ਲੋਕਾਈ ਨੂੰ ਅਗਵਾਈ ਪ੍ਰਦਾਨ ਕਰਨ ਵਾਲਾ ਇਹ ਮਾਰਗ ਸਦੀਵੀ ਅਤੇ ਸਰਬਕਾਲੀ ਮੰਨਿਆ ਗਿਆ ਹੈ ਕਿਉਂਕਿ ਇਸ ਵਿਚੋਂ ਸਮਾਜ ਦੇ ਸਮੂਹ ਵਰਗਾਂ, ਨਸਲਾਂ ਅਤੇ ਭੂਗੋਲਿਕ ਖ਼ਿੱਤਿਆਂ ਵਿਚ ਵੱਸਣ ਵਾਲੇ ਲੋਕਾਂ ਨਾਲ ਸਾਂਝ ਪੈਦਾ ਕਰਨ ਵਾਲੇ ਗੁਣ ਪ੍ਰਗਟ ਹੁੰਦੇ ਹਨ। ਅਧਿਆਤਮਿਕ ਸਾਂਝ ਪੈਦਾ ਹੋਣ ਨਾਲ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਵਾਲੀ ਭਾਵਨਾ ਪੈਦਾ ਹੁੰਦੀ ਹੈ ਜਿਸ ਵਿਚੋਂ 'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ' ਦਾ ਮਾਰਗ ਖੁੱਲ੍ਹਦਾ ਹੈ। ਗੁਰੂ ਸਾਹਿਬਾਨ ਦੁਆਰਾ ਦਿਖਾਏ ਗਏ ਇਸ ਪ੍ਰਭੂ-ਮੁਖੀ ਮਾਰਗ 'ਤੇ ਚੱਲ ਕੇ ਹੀ ਮਨ ਵਿਚੋਂ ਹਰ ਤਰ੍ਹਾਂ ਦੇ ਝਗੜੇ ਅਤੇ ਕਲੇਸ਼ ਖ਼ਤਮ ਹੋ ਸਕਦੇ ਹਨ। ਸਮਾਜ ਵਿਚ ਪ੍ਰਭੂ-ਮੁਖੀ ਭਾਈਚਾਰਿਕ ਸਾਂਝ ਪੈਦਾ ਕਰਨ ਦਾ ਜਿਹੜਾ ਮਾਰਗ ਗੁਰੂ ਸਾਹਿਬਾਨ ਨੇ ਦਿਖਾਇਆ ਹੈ, ਉਹ ਇਹਨਾਂ ਦੇ ਜੀਵਨ ਅਤੇ ਬਾਣੀ ਪ੍ਰਤੀ ਜਾਣਕਾਰੀ ਪ੍ਰਾਪਤ ਕਰਨ ਦੀ ਖਿੱਚ ਪੈਦਾ ਕਰਦਾ ਹੈ। ਇਸੇ ਦ੍ਰਿਸ਼ਟੀ ਤੋਂ ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਸ਼ਤਾਬਦੀਆਂ ਮਨਾਈਆਂ ਜਾਂਦੀਆਂ ਹਨ। ਗੁਰੂ ਸਾਹਿਬਾਨ ਦੇ ਗੁਰਪੁਰਬ ਮਨਾਉਣ ਦਾ ਮਹਾਤਮ ਸਮਝਾਉਂਦੇ ਹੋਏ ਭਾਈ ਗੁਰਦਾਸ ਜੀ ਕਹਿੰਦੇ ਹਨ - 'ਕੁਰਬਾਣੀ ਤਿਨਾ ਗੁਰ ਸਿਖਾ ਭਾਇ ਭਗਤਿ ਗੁਰਪੁਰਬ ਕਰੰਦੇ।', 'ਭਾਇ ਭਗਤਿ ਗੁਰਪੁਰਬ ਕਰਿ ਬੀਜਨਿ ਬੀਜੁ ਸਚੀ ਧਰਮਸਾਲਾ', 'ਧਰਮਸਾਲ ਵਿਚਿ ਬੀਜਦੇ ਕਰਿ ਗੁਰਪੁਰਬ ਸੁ ਵਣਜ ਸਉਤੇ।'

ਗੁਰੂ ਸਾਹਿਬਾਨ ਦੇ ਕਾਰਜਾਂ ਨੂੰ ਯਾਦ ਕਰਨ ਅਤੇ ਉਹਨਾਂ ਦੁਆਰਾ ਦਰਸਾਏ ਗਏ ਮਾਰਗ ਨੂੰ ਧਾਰਨ ਕਰਨ ਵਾਲੀ ਪ੍ਰੇਰਨਾ ਅਤੇ ਅਗਵਾਈ ਪ੍ਰਾਪਤ ਕਰਨ ਲਈ ਪਿਛਲੇ ਸਮੇਂ ਵਿਚ ਗੁਰੂ ਨਾਨਕ ਦੇਵ ਜੀ ਦਾ 500 ਸਾਲਾ ਪ੍ਰਕਾਸ਼ ਪੁਰਬ, ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ ਅਤੇ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ ਮਨਾਇਆ ਗਿਆ ਹੈ। ਇਹਨਾਂ ਮੌਕਿਆਂ 'ਤੇ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਨੇ ਰਵਾਇਤੀ ਧਾਰਮਿਕ ਸਮਾਗਮ ਬਹੁਤ ਹੀ ਸ਼ਰਧਾ, ਉਤਸ਼ਾਹ ਅਤੇ ਚੜ੍ਹਦੀਕਲਾ ਨਾਲ ਆਯੋਜਿਤ ਕੀਤੇ ਹਨ। ਅਕਾਦਮਿਕ ਅਦਾਰਿਆਂ ਨੇ ਵੀ ਇਹਨਾਂ ਸ਼ਤਾਬਦੀਆਂ ਮੌਕੇ ਆਪਣਾ ਯੋਗਦਾਨ ਪਾਉਂਦੇ ਹੋਏ ਗੁਰੂ ਸਾਹਿਬਾਨ ਦੇ ਜੀਵਨ ਅਤੇ ਬਾਣੀ ਸੰਬੰਧੀ ਵਿਭਿੰਨ ਵਿਸ਼ਿਆਂ 'ਤੇ ਸੈਮੀਨਾਰ, ਗੋਸ਼ਟੀਆਂ, ਕਾਨਫ਼ਰੰਸਾਂ ਅਤੇ ਖੋਜ-ਕਾਰਜ ਆਦਿ ਕੀਤੇ ਹਨ। ਇਸੇ ਲੜੀ ਵਿਚ ਇਹਨਾਂ ਸਤਰਾਂ ਦੇ ਲਿਖਾਰੀ ਨੇ ਹਥਲਾ ਖੋਜ-ਕਾਰਜ ਅਰੰਭ ਕੀਤਾ ਸੀ।

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਬਾਣੀ ਨਾਲ ਸੰਬੰਧਿਤ ਇਹ ਖੋਜ-ਕਾਰਜ ਕਰਦਿਆਂ ਜਿੱਥੇ ਗੁਰੂ ਸਾਹਿਬ ਦੀ ਬਾਣੀ ਨੂੰ ਹੋਰ ਵਧੇਰੇ ਗਹਿਰਾਈ ਨਾਲ ਜਾਣਨ ਦਾ ਮੌਕਾ ਮਿਲਿਆ ਹੈ ਉੱਥੇ ਗੁਰੂ ਸਾਹਿਬ ਦੇ ਚਰਨ ਛੋਹ ਪ੍ਰਾਪਤ ਅਸਥਾਨਾਂ ਦੇ ਦਰਸ਼ਨ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ ਹੈ। ਸ਼ਹਾਦਤ ਗੁਰੂ ਸਾਹਿਬ ਦੀ ਵਿਚਾਰਧਾਰਾ ਦੀ ਸਿਖ਼ਰ ਹੈ ਜਿਹੜੀ ਕਿ ਸਮੁੱਚੀ ਲੋਕਾਈ ਨੂੰ ਨਾਲ ਲੈ ਕੇ ਚੱਲਣ ਅਤੇ ਉਹਨਾਂ ਦਾ ਦੁੱਖ-ਸੁੱਖ ਦੂਰ ਕਰਨ ਦੀ ਪ੍ਰੇਰਨਾ ਪੈਦਾ ਕਰਦੀ ਹੈ। ਸ਼ਹਾਦਤ ਆਦਰਸ਼ ਮਨੁੱਖ ਦੀ ਵਿਚਾਰਧਾਰਾ ਦਾ ਸਿਖ਼ਰ ਮੰਨੀ ਜਾਂਦੀ ਹੈ ਜਿਸ ਤੋਂ ਸਮੁੱਚੀ ਲੋਕਾਈ ਪ੍ਰੇਰਨਾ ਅਤੇ ਅਗਵਾਈ ਪ੍ਰਾਪਤ ਕਰਦੀ ਹੈ ਪਰ ਇਸ ਅਵਸਥਾ ਤੱਕ ਪਹੁੰਚਣ ਲਈ ਵਿਸ਼ੇਸ਼ ਸਾਧਨਾ ਅਤੇ ਸਦਗੁਣੀ ਜੀਵਨ-ਜਾਚ ਧਾਰਨ ਕਰਨ ਦੀ ਲੋੜ ਪੈਂਦੀ ਹੈ ਜਿਸ ਦੇ ਦਰਸ਼ਨ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚੋਂ ਹੁੰਦੇ ਹਨ। ਪਰਮਾਤਮਾ ਦੁਆਰਾ ਸਿਰਜਿਆ ਗਿਆ ਮਨੁੱਖ ਆਪਣੇ ਲੋਭ-ਲਾਲਚ ਅਤੇ ਸਵਾਰਥ ਕਾਰਨ ਕੁਰਾਹੇ ਪੈ

ਜਾਂਦਾ ਹੈ ਪਰ ਜੇਕਰ ਗੁਰੂ ਦੇ ਮਾਰਗ 'ਤੇ ਚੱਲਦੇ ਹੋਏ ਉਹ ਆਪਣੇ ਮਨ ਦੇ ਵਿਕਾਰਾਂ ਰੂਪੀ ਟੋਏ-ਟਿੱਬੇ ਢਾਹ ਕੇ ਪ੍ਰਭੂ-ਮੁਖੀ ਜੀਵਨ-ਜਾਚ ਪ੍ਰਾਪਤ ਕਰ ਲੈਂਦਾ ਹੈ ਤਾਂ ਵਡੇਰੇ ਜੀਵਨ ਆਦਰਸ਼ਾਂ ਦੀ ਸਥਾਪਤੀ ਵਿਚ ਯੋਗਦਾਨ ਪਾ ਸਕਦਾ ਹੈ। ਇਹ ਕਾਰਜ ਔਖਾ ਹੋ ਸਕਦਾ ਹੈ ਪਰ ਇਸ ਨੂੰ ਅਸੰਭਵ ਨਹੀਂ ਮੰਨਿਆ ਗਿਆ, ਗੁਰੂ ਦੇ ਮਾਰਗ 'ਤੇ ਚੱਲ ਕੇ ਇਸ ਮਾਰਗ ਦੀ ਪ੍ਰਾਪਤੀ ਸੰਭਵ ਦੱਸੀ ਗਈ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸਮਾਜਿਕ ਬੰਧਨਾਂ ਅਤੇ ਰਿਸ਼ਤਿਆਂ ਤੋਂ ਨਿਰਲੇਪ ਰਹਿ ਕੇ ਸੁਚੱਜੀ ਅਤੇ ਸਦਾਚਾਰੀ ਜੀਵਨ-ਜਾਚ ਪ੍ਰਦਾਨ ਕਰਦੀ ਹੈ ਜਿਹੜੀ ਕਿ 'ਅਬ ਮੈ ਕਉਨੁ ਉਪਾਉ ਕਰਉ' ਦੀ ਦੁਬਿਧਾ ਵਿਚੋਂ ਕੱਢ ਕੇ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦੀ ਅਵਸਥਾ ਤੱਕ ਲੈ ਜਾਂਦੀ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖ ਨੂੰ ਅਧਿਆਤਮਿਕ ਤੌਰ 'ਤੇ ਬਲਵਾਨ ਬਣਾਉਂਦੀ ਹੈ। ਗੁਰੂ ਸਾਹਿਬ ਜਾਣਦੇ ਸਨ ਕਿ ਜੇਕਰ ਮਨੁੱਖ ਦਾ ਮਨ ਨਿਰਬਲ ਹੋਵੇ ਤਾਂ ਅਧਿਆਤਮਿਕਤਾ ਦਾ ਵਿਕਾਸ ਸੰਭਵ ਨਹੀਂ ਹੋ ਸਕਦਾ। ਮਨ ਦੁਨਿਆਵੀ ਪਦਾਰਥਾਂ ਅਤੇ ਸਵਾਰਥਾਂ ਨਾਲ ਜੁੜਿਆ ਹੋਇਆ ਹੈ ਜਿਹੜੇ ਕਿ ਮਨੁੱਖ ਦੇ ਮਨ ਵਿਚ ਨਿਰਬਲਤਾ ਪੈਦਾ ਕਰਦੇ ਹਨ। ਇਹ ਨਿਰਬਲਤਾ ਸਮਾਜ ਵਿਚ ਕਦੇ ਵੀ ਇਕਜੁੱਟਤਾ ਪੈਦਾ ਨਹੀਂ ਹੋਣ ਦਿੰਦੀ ਜਿਸ ਕਾਰਨ ਗ਼ੁਲਾਮੀ ਵਿਚ ਜਕੜਿਆ ਹੋਇਆ ਮਨੁੱਖ ਹਰ ਤਰ੍ਹਾਂ ਦੀ ਵਧੀਕੀ ਸਹਿਨ ਕਰਨ ਲਈ ਮਜਬੂਰ ਹੋਇਆ ਰਹਿੰਦਾ ਹੈ। ਉਹ ਕਦੇ ਵੀ ਇੰਨਾ ਬਲਵਾਨ ਨਹੀਂ ਹੋ ਸਕਦਾ ਕਿ ਸਮਾਜ ਵਿਚ ਦਿਖਾਈ ਦਿੰਦੇ ਜਬਰ ਅਤੇ ਜ਼ੁਲਮ ਵਿਰੁੱਧ ਬੋਲਣ ਦੀ ਹਿੰਮਤ ਪੈਦਾ ਕਰ ਸਕੇ ਬਲਕਿ ਉਹ ਇਸੇ ਭਾਵਨਾ ਦਾ ਸ਼ਿਕਾਰ ਬਣਿਆ ਰਹਿੰਦਾ ਹੈ ਕਿ ਕੋਈ ਆ ਕੇ ਉਸ ਨੂੰ ਜ਼ੁਲਮ ਤੋਂ ਨਿਜਾਤ ਦਿਵਾਏਗਾ। ਗੁਰੂ ਤੇਗ ਬਹਾਦਰ ਜੀ ਦਾ ਜੀਵਨ ਅਤੇ ਬਾਣੀ ਨਿਰਬਲ ਮਨੁੱਖਾਂ ਦੇ ਮਨ ਵਿਚ ਬੀਰਤਾ ਪੈਦਾ ਕਰਨ ਵਾਲੀ ਹੈ ਜਿਸ ਵਿਚੋਂ ਜ਼ੁਲਮ ਵਿਰੁੱਧ ਬੋਲਣ ਦੀ ਭਾਵਨਾ ਅਤੇ ਲੋੜ ਪੈਣ 'ਤੇ ਉਸ ਦਾ ਹਰ ਹੀਲੇ ਮੁਕਾਬਲਾ ਕਰਨ ਦੀ ਪ੍ਰੇਰਨਾ ਪੈਦਾ ਹੁੰਦੀ ਹੈ।

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦਾ ਸਭ ਤੋਂ ਵਧੇਰੇ ਮਹੱਤਵਪੂਰਨ ਪਹਿਲੂ ਸੇਵਾ ਅਤੇ ਪਰਉਪਕਾਰ ਹੈ ਜਿਹੜਾ ਕਿ ਦੂਜਿਆਂ ਦੇ ਦੁੱਖ-ਦਰਦ ਨੂੰ ਸਮਝਣ ਅਤੇ ਲੋੜ ਪੈਣ 'ਤੇ ਉਹਨਾਂ ਦੀ ਸਹਾਇਤਾ ਕਰਨ ਦੀ ਭਾਵਨਾ ਪੈਦਾ ਕਰਦਾ ਹੈ। ਗੁਰੂ ਸਾਹਿਬ ਦੀਆਂ ਪ੍ਰਚਾਰ-ਯਾਤਰਾਵਾਂ ਵਿਚੋਂ ਨਵੀਆਂ ਧਰਮਸਾਲਾਵਾਂ ਦੀ ਸਥਾਪਨਾ, ਪ੍ਰਭੂ-ਮੁਖੀ ਜੀਵਨ-ਜਾਚ ਪੈਦਾ ਕਰਨ ਲਈ ਪ੍ਰਚਾਰਕ ਨਿਯੁਕਤ ਕਰਨ, ਬੰਜਰ ਜ਼ਮੀਨਾਂ ਨੂੰ ਅਬਾਦ ਕਰਨ, ਖੂਹ ਲਵਾਉਣ, ਗਊਆਂ ਦਾਨ ਕਰਨ, ਪਿੰਡ ਦੇ ਚੌਧਰੀਆਂ ਨੂੰ ਆਮ ਲੋਕਾਂ ਦੀ ਸੇਵਾ ਕਰਨ, ਬਾਗ਼ ਲਾਉਣ, ਛੱਪੜ ਸਾਫ਼ ਕਰਨ, ਨਸ਼ਿਆਂ ਤੋਂ ਦੂਰ ਰਹਿਣ, ਧਰਮ ਦੀ ਕਿਰਤ ਅਤੇ ਵੰਡ ਛਕਣ ਦੀ ਸਿੱਖਿਆ ਪ੍ਰਾਪਤ ਹੁੰਦੀ ਹੈ ਜਿਹੜੀ ਕਿ ਸਮਾਜ ਦੇ ਸਮੂਹ ਵਰਗਾਂ ਨੂੰ ਪ੍ਰਭਾਵਿਤ ਕਰਨ ਦੇ ਨਾਲ-ਨਾਲ ਇਕ-ਦੂਜੇ ਦੇ ਨੇੜੇ ਲਿਆਉਣ ਦਾ ਕਾਰਜ ਕਰਦੀ ਹੈ।

ਗੁਰੂ ਤੇਗ ਬਹਾਦਰ ਜੀ ਦੀਆਂ ਪ੍ਰਚਾਰ ਯਾਤਰਾਵਾਂ ਵਿਚੋਂ ਵਿਭਿੰਨ ਇਲਾਕਿਆਂ ਦੀ ਸੰਗਤ ਦੇ ਦਰਸ਼ਨ ਹੁੰਦੇ ਹਨ ਜਿਨ੍ਹਾਂ ਵਿਚੋਂ ਗੁਰੂ ਸਾਹਿਬ ਲਈ ਪਿਆਰ, ਸ਼ਰਧਾ, ਸੇਵਾ, ਨਿਮਰਤਾ ਅਤੇ ਭਾਈਚਾਰਕ ਸਾਂਝ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਇਲਕਾਈ ਸੰਗਤਾਂ ਦੇ ਮੁਖੀ ਸੰਗਤ ਨੂੰ ਗੁਰੂ-ਘਰ ਦੀ ਸੇਵਾ ਲਈ ਪ੍ਰੇਰਦੇ ਸਨ ਅਤੇ ਜਦੋਂ ਸੰਭਵ ਹੁੰਦਾ ਸੀ ਤਾਂ ਸੰਗਤ ਨੂੰ ਉਹਨਾਂ ਦੇ ਦਰਸ਼ਨ ਕਰਨ ਲਈ ਲੈ ਕੇ ਜਾਂਦੇ ਸਨ। ਗੁਰੂ ਜੀ ਰਸਤੇ ਵਿਚ ਜਿਸ ਥਾਂ 'ਤੇ ਪੜਾਉ ਕਰਦੇ ਸਨ, ਆਲੇ-ਦੁਆਲੇ ਜਾਂ ਦੂਰ-ਦੁਰਾਡੇ ਦੀ ਸੰਗਤ ਨੂੰ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਲੈ ਕੇ ਆਉਣਾ ਮੁਖੀ ਸਿੱਖ ਆਪਣੀ ਜ਼ਿੰਮੇਵਾਰੀ ਸਮਝਦੇ ਸਨ। ਗੁਰੂ ਸਾਹਿਬ ਦੇ ਦਰਸ਼ਨ ਅਤੇ ਸੁਖ-ਸੁਵਿਧਾ ਦਾ ਖ਼ਿਆਲ ਰੱਖਣਾ ਇਹ ਆਪਣੀ ਜ਼ਿੰਮੇਵਾਰੀ ਸਮਝਦੇ ਸਨ। ਗੁਰੂ ਸਾਹਿਬ ਦਰਸ਼ਨ ਕਰਨ ਲਈ ਆਈ ਸੰਗਤ ਨੂੰ ਸਿੱਖੀ ਪ੍ਰਤੀ ਦ੍ਰਿੜਤਾ ਪ੍ਰਦਾਨ ਕਰਨ ਦੇ ਨਾਲ-ਨਾਲ ਦੁਨਿਆਵੀ ਪੱਧਰ 'ਤੇ ਸਚਿਆਰੀ ਅਤੇ ਸਦਾਚਾਰੀ ਜੀਵਨ-ਜਾਚ ਧਾਰਨ ਕਰਨ ਲਈ ਪ੍ਰੇਰਨਾ ਪੈਦਾ ਕਰਦੇ ਸਨ ਜਿਹੜੀ ਸਿੱਖ ਨੂੰ ਦੁਨਿਆਵੀ ਅਤੇ ਦੈਵੀ ਜੀਵਨ ਬਸਰ ਕਰਨ ਵਿਚ ਸਹਾਈ ਹੁੰਦੀ ਸੀ।

ਗੁਰੂ ਸਾਹਿਬ ਦੀਆਂ ਪ੍ਰਚਾਰ ਯਾਤਰਾਵਾਂ ਵਿਚੋਂ ਅਜਿਹੇ ਗੁਰਸਿੱਖਾਂ ਦੇ ਦਰਸ਼ਨ ਹੁੰਦੇ ਹਨ ਜਿਹੜੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਦੀ ਇੱਛਾ ਰੱਖਦੇ ਸਨ ਪਰ ਬਿਰਧ ਅਵਸਥਾ ਕਾਰਨ ਉਹ ਆਪਣੀ ਇੱਛਾ ਪੂਰੀ ਨਹੀਂ ਕਰ ਸਕਦੇ ਸਨ। ਆਗਰੇ ਦੀ ਮਾਈ ਜੱਸੀ, ਸਾਸਾਰਾਮ ਦੇ ਚਾਚਾ ਫੱਗੂ ਮੱਲ ਅਤੇ ਢਾਕੇ ਵਿਖੇ ਮਸੰਦ ਬੁਲਾਕੀ ਦਾਸ ਦੀ ਮਾਤਾ ਜੀ ਨੂੰ ਇਸ ਸ਼੍ਰੇਣੀ ਵਿਚ ਰੱਖ ਕੇ ਦੇਖਿਆ ਜਾ ਸਕਦਾ ਹੈ। ਗੁਰੂ ਜੀ ਦੇ ਦਰਸ਼ਨ ਕਰਕੇ ਇਹਨਾਂ ਦਾ ਜੀਵਨ ਸਫ਼ਲ ਹੋਇਆ ਸੀ। ਸਮਾਂ ਪਾ ਕੇ ਇਹਨਾਂ ਦੇ ਘਰ ਗੁਰਧਾਮਾਂ ਦਾ ਰੂਪ ਲੈ ਚੁੱਕੇ ਹਨ ਅਤੇ ਮੌਜੂਦਾ ਸਮੇਂ ਵਿਚ ਸਿੱਖ ਸੰਗਤ ਇਹਨਾਂ ਦੇ ਦਰਸ਼ਨ ਕਰਕੇ ਗੁਰੂ ਸਾਹਿਬਾਨ ਪ੍ਰਤੀ ਪੁਰਾਤਨ ਸਿੱਖਾਂ ਦੀ ਸੇਵਾ-ਸ਼ਰਧਾ ਤੋਂ ਪ੍ਰੇਰਨਾ ਗ੍ਰਹਿਣ ਕਰਦੀ ਹੈ। ਗੁਰੂ ਸਾਹਿਬ ਦੀ ਸਿੱਖਿਆ ਅਤੇ ਪ੍ਰੇਰਨਾ ਸ਼ਰਧਾਲੂਆਂ ਦਾ ਕਿਰਦਾਰ ਉੱਚਾ ਚੁੱਕਣ ਦਾ ਕਾਰਜ ਕਰਦੀ ਹੈ ਜਿਸ ਤੋਂ ਪ੍ਰਭਾਵਿਤ ਹੋ ਕੇ ਹਰ ਤਰ੍ਹਾਂ ਦਾ ਵਿਅਕਤੀ ਗੁਰੂ ਘਰ ਦਾ ਸ਼ਰਧਾਲੂ ਬਣਦਾ ਜਾ ਰਿਹਾ ਸੀ।

ਗੁਰੂ ਜੀ ਦੀਆਂ ਪ੍ਰਚਾਰ ਯਾਤਰਾਵਾਂ ਵਿਚੋਂ ਗੁਰੂ ਸਾਹਿਬ ਦੀ ਸਭਨਾਂ ਨੂੰ ਗਲੇ ਲਗਾਉਣ ਅਤੇ ਕਿਸੇ ਦੇ ਔਗੁਣਾਂ ਨੂੰ ਅੱਖੋਂ-ਪਰੋਖੇ ਕਰਕੇ ਗੁਣ ਕਰਨ ਦੀ ਪ੍ਰੇਰਨਾ ਮਿਲਦੀ ਹੈ। ਸਾਸਾਰਾਮ ਵਿਖੇ ਨਿਵਾਸ ਦੌਰਾਨ ਇਕ ਅਜਿਹੀ ਬਿਰਧ ਮਾਈ ਦੇ ਦਰਸ਼ਨ ਹੁੰਦੇ ਹਨ ਜਿਹੜੀ ਕਿ ਭਾਵੇਂ ਬਹੁਤ ਗਰੀਬ ਹੈ ਪਰ ਗੁਰੂ ਸਾਹਿਬ ਪ੍ਰਤੀ ਬਹੁਤ ਸ਼ਰਧਾ ਰੱਖਦੀ ਹੈ। ਜਦੋਂ ਗੁਰੂ ਸਾਹਿਬ ਦੇ ਸਾਸਾਰਾਮ ਵਿਖੇ ਆਉਣ ਦਾ ਪਤਾ ਲੱਗਦਾ ਹੈ ਤਾਂ ਉਹਨਾਂ ਦੇ ਦਰਸ਼ਨ ਕਰਨ ਦੀ ਇੱਛਾ ਰੱਖਦੀ ਹੈ। ਮਾਇਕ ਹਾਲਤ ਅਜਿਹੀ ਨਹੀਂ ਕਿ ਉਹ ਗੁਰੂ ਸਾਹਿਬ ਨੂੰ ਕੁੱਝ ਭੇਟ ਕਰ ਸਕੇ। ਜਦੋਂ ਸੰਗਤ ਉਸਦੇ ਘਰ ਉਗਰਾਹੀ ਕਰਨ ਲਈ ਜਾਂਦੀ ਹੈ ਤਾਂ ਉਹ ਬੇਰੀ ਦੀਆਂ ਗਿਟਕਾਂ ਦੇ ਦਿੰਦੀ ਹੈ। ਜਦੋਂ ਗੁਰੂ ਜੀ ਸਾਸਾਰਾਮ ਵਿਖੇ ਪੁੱਜਦੇ ਹਨ ਤਾਂ ਸੰਗਤ ਉਹਨਾਂ ਲਈ ਬਹੁਤ ਕੀਮਤੀ ਭੇਟਾਵਾਂ ਲੈ ਕੇ ਆਉਂਦੀ ਹੈ। ਗੁਰੂ ਜੀ ਬਿਰਧ ਮਾਈ ਦੁਆਰਾ ਭੇਟ ਕੀਤੀ ਵਸਤੂ ਦੀ ਮੰਗ ਕਰਦੇ ਹਨ ਤਾਂ ਬੇਰੀ ਦੀਆਂ ਗਿਟਕਾਂ ਗੁਰੂ ਜੀ ਅੱਗੇ ਲਿਆ ਕੇ ਰੱਖ ਦਿੱਤੀਆਂ ਜਾਂਦੀਆਂ ਹਨ। ਗੁਰੂ ਜੀ ਉਹਨਾਂ ਵਿਚੋਂ ਇਕ ਗਿਟਕ ਉੱਥੇ ਹੀ ਬੀਜ ਦਿੰਦੇ ਹਨ ਅਤੇ ਉਸ ਮਾਈ ਨੂੰ ਅਸ਼ੀਰਵਾਦ ਪ੍ਰਦਾਨ ਕਰਦੇ ਹਨ। ਗੁਰੂ ਜੀ ਦੁਆਰਾ ਬੀਜੀ ਗਈ ਗਿਟਕ ਦੀ ਬੇਰੀ ਮੌਜੂਦਾ ਸਮੇਂ ਵਿਚ ਵਿਸ਼ਾਲ ਰੂਪ ਧਾਰਨ ਕਰ ਗਈ ਹੈ ਅਤੇ ਸੰਗਤ ਇਸ ਦੇ ਬੇਰ ਪ੍ਰਸ਼ਾਦ ਦੇ ਰੂਪ ਵਿਚ ਗ੍ਰਹਿਣ ਕਰਦੀ ਹੈ। ਭਾਵੇਂ ਕਿ 350 ਸਾਲ ਤੋਂ ਵਧੇਰੇ ਸਮਾਂ ਪੁਰਾਣਾ ਬੇਰੀ ਦਾ ਇਹ ਰੁੱਖ ਬਿਰਧ ਹੋ ਚੁੱਕਾ ਹੈ ਪਰ ਇਸਦੀ ਸੰਭਾਲ ਕੀਤੀ ਜਾ ਰਹੀ ਹੈ। ਇਕ ਹੋਰ ਘਟਨਾ ਵਿਚ ਜਦੋਂ ਗੁਰੂ ਜੀ ਢਾਕਾ ਪੁੱਜਦੇ ਹਨ ਤਾਂ ਸੰਗਤ ਗੁਰੂ ਜੀ ਨੂੰ ਸ਼ਿਕਾਇਤ ਕਰਦੀ ਹੈ ਕਿ ਉੱਥੇ ਮੌਜੂਦ ਭਾਈ ਨੱਥਾ ਉਦਾਸੀ ਸਾਧੂ ਹੈ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਦਾ ਹੈ ਪਰ ਸੰਗਤ ਨਾਲ ਰੁੱਖਾ ਬੋਲਦਾ ਹੈ ਅਤੇ ਗਾਲਾਂ ਵੀ ਕੱਢ ਦਿੰਦਾ ਹੈ। ਗੁਰੂ ਜੀ ਸਮਝਾਉਂਦੇ ਹਨ ਕਿ ਇਸਦੇ ਮਨ ਵਿਚ ਕੋਈ ਖੋਟ ਨਹੀਂ ਹੈ ਇਸਦਾ ਮਨ ਗੁਰੂ ਨਾਲ ਜੁੜਿਆ ਹੋਇਆ ਹੈ ਅਤੇ ਇਸਨੂੰ ਖੁਦ ਵੀ ਪਤਾ ਨਹੀਂ ਲੱਗਦਾ ਕਿ ਇਹ ਕੀ ਬੋਲ ਰਿਹਾ ਹੈ। ਇਸਦੀ ਰੁੱਖੀ ਭਾਸ਼ਾ ਨੂੰ ਨਜ਼ਰ-ਅੰਦਾਜ਼ ਕਰਕੇ ਇਸਦੀ ਗੁਰੂ ਘਰ ਪ੍ਰਤੀ ਸ਼ਰਧਾ ਤੋਂ ਸਿੱਖਿਆ ਗ੍ਰਹਿਣ ਕਰਨੀ ਚਾਹੀਦੀ ਹੈ।

ਗੁਰੂ ਸਾਹਿਬ ਦੇ ਜੀਵਨ ਅਤੇ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਵਿਭਿੰਨ ਸ਼ਖ਼ਸੀਅਤਾਂ ਵੱਲੋਂ ਉਹਨਾਂ ਦੀ ਮਹਿਮਾਂ ਦਾ ਗਾਇਨ ਕੀਤਾ ਗਿਆ ਹੈ। ਸ਼ਹਾਦਤ ਉਪਰੰਤ ਗੁਰੂ ਸਾਹਿਬ ਸੰਬੰਧੀ ਸਭ ਤੋਂ ਪਹਿਲਾ ਮਹੱਤਵਪੂਰਨ ਦਸਤਾਵੇਜ਼ ਇਹਨਾਂ ਦੇ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਸਾਹਮਣੇ ਆਇਆ ਜਿਸ ਵਿਚ ਉਹਨਾਂ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ 'ਧਰਮ ਹੇਤ ਸਾਕਾ' ਦੱਸਿਆ ਹੈ। ਇਹਨਾਂ ਤੋਂ ਬਾਅਦ ਭਾਈ ਨੰਦ ਲਾਲ ਜੀ, ਭਾਈ ਗੁਰਦਾਸ ਦੂਜੇ, ਕਵੀ ਕੰਕਣ ਆਦਿ ਅਨੇਕਾਂ ਕਵੀਆਂ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਸ਼ਖ਼ਸੀਅਤ ਦਾ ਵਿਖਿਆਨ ਕੀਤਾ ਹੈ। ਭੱਟਾਂ ਨੇ ਗੁਰੂ ਸਾਹਿਬ ਨੂੰ ਦ੍ਰਿੜ੍ਹ ਇਰਾਦੇ ਵਾਲੀ ਧਾਰਮਿਕ ਹਸਤੀ ਬਿਆਨ ਕਰਦੇ ਹੋਏ ਕਿਹਾ:

ਬਾਹੇ ਜਿਨਾ ਦੀ ਪਕੜੀਐ ਸਿਰੁ ਦੀਜੈ ਬਾਹੇ ਨਾ ਛੋੜੀਐ॥
ਤੇਗ ਬਹਾਦਰ ਬੋਲਿਆ ਧਰਿ ਪਈਐ ਧਰਮ ਨ ਛੋੜੀਐ॥

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਵਿਚ ਪ੍ਰਭੂ-ਮੁਖੀ ਜੀਵਨ-ਜਾਚ ਧਾਰਨ ਕਰਨ ਵਾਲਾ ਹਰ ਸ਼ਖ਼ਸ ਪ੍ਰਵਾਨ ਹੈ, ਭਾਵੇਂ ਕਿ ਉਹ ਕਿਸੇ ਵੀ ਧਾਰਮਿਕ ਅਕੀਦੇ ਨਾਲ ਸੰਬੰਧਿਤ ਹੋਵੇ। ਗੁਰੂ ਸਾਹਿਬ ਦੇ ਸ਼ਰਧਾਲੂਆਂ ਅਤੇ ਹਮਦਰਦਾਂ ਵਿਚ ਭਾਈ ਘਨ੍ਹਈਆ ਜੀ, ਸੰਤ ਭਿਖਾਰੀ ਦਾਸ, ਪੀਰ ਸੈਫ਼ ਦੀਨ, ਕਰੀਮ ਬਖ਼ਸ਼, ਰਹੀਮ ਬਖ਼ਸ਼, ਗੋਂਦਾ ਚੌਧਰੀ, ਰਾਜਾ ਰਾਮ ਸਿੰਘ, ਨਵਾਬ ਸ਼ਾਇਸਤਾ ਖ਼ਾਨ ਆਦਿ ਸਾਰੇ ਹੀ ਪ੍ਰਵਾਨ ਹਨ। ਅਧਿਆਤਮਿਕ ਉੱਚਤਾ ਪ੍ਰਾਪਤ ਕਰਨ ਵਾਲਾ ਹਰ ਇਕ ਵਿਅਕਤੀ ਗੁਰੂ ਸਾਹਿਬ ਦੀ ਕਿਰਪਾ ਦ੍ਰਿਸ਼ਟੀ ਦਾ ਪਾਤਰ ਬਣਦਾ ਹੈ।

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦਾ ਦੂਜਾ ਮਹੱਤਵਪੂਰਨ ਪਹਿਲੂ ਉਹਨਾਂ ਦੀਆਂ ਪ੍ਰਚਾਰ-ਯਾਤਰਾਵਾਂ ਹਨ ਜਿਹੜੀਆਂ ਕਿ ਖ਼ਿੱਤਿਆਂ, ਬੋਲੀਆਂ, ਨਸਲਾਂ ਅਤੇ ਧਾਰਮਿਕ ਵਿਸ਼ਵਾਸਾਂ ਦੀ ਵਿਭਿੰਨਤਾ ਦੇ ਬਾਵਜੂਦ ਵੀ ਲੋਕਾਈ ਨੂੰ ਇਕ ਸੂਤਰ ਵਿਚ ਪਰੋਣ ਦਾ ਕਾਰਜ ਕਰਦੀਆਂ ਹਨ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਨੇ ਪੂਰਬ ਦੀ ਲੰਮੀ ਪ੍ਰਚਾਰ-ਯਾਤਰਾ ਕਰਦੇ ਹੋਏ ਉਹਨਾਂ ਇਲਾਕਿਆਂ ਵਿਚ ਵੱਸਦੀ ਸਿੱਖ ਸੰਗਤ ਨੂੰ ਗੁਰੂ-ਘਰ ਨਾਲ ਜੋੜਨ ਅਤੇ ਆਮ ਲੋਕਾਂ ਵਿਚ ਪ੍ਰਭੂ-ਮੁਖੀ ਚੇਤਨਾ ਪੈਦਾ ਕਰਨ ਦਾ ਮਹੱਤਵਪੂਰਨ ਕਾਰਜ ਕੀਤਾ ਹੈ। ਪੂਰਬ ਦੀ ਯਾਤਰਾ ਗੁਰੂ ਜੀ ਦੁਆਰਾ ਸਮਾਜ ਵਿਚ ਸ਼ਾਂਤੀ ਅਤੇ ਭਾਈਚਾਰਿਕ ਸਾਂਝ ਪੈਦਾ ਕਰਨ ਲਈ ਯਤਨਸ਼ੀਲ ਰਹਿਣ ਦਾ ਸੰਦੇਸ਼ ਪ੍ਰਦਾਨ ਕਰਦੀ ਹੈ। ਇਸ ਦੀ ਪ੍ਰਸਿੱਧ ਮਿਸਾਲ ਰਾਜਾ ਰਾਮ ਸਿੰਘ ਦੀ ਅਸਾਮ ਦੀ ਮੁਹਿੰਮ ਵਿਚੋਂ ਦੇਖਣ ਨੂੰ ਮਿਲਦੀ ਹੈ ਜਿਹੜਾ ਕਿ ਬਾਦਸ਼ਾਹ ਔਰੰਗਜ਼ੇਬ ਦੇ ਆਦੇਸ਼ ਦੀ ਪਾਲਣਾ ਕਰਦਾ ਹੋਇਆ ਉੱਥੋਂ ਦੇ ਰਾਜਾ ਚਕ੍ਰਧਵਜ ਨਾਲ ਯੁੱਧ ਕਰਨ ਲਈ ਗਿਆ ਸੀ। ਔਰੰਗਜ਼ੇਬ ਅਸਾਮ 'ਤੇ ਆਪਣੀ ਪ੍ਰਭੁਤਾ ਕਾਇਮ ਕਰਨ ਅਤੇ ਪੂਰਬ ਵਿਚੋਂ ਲੰਘ ਕੇ ਹੋਰਨਾਂ ਦੇਸ਼ਾਂ ਤੱਕ ਆਪਣਾ ਵਪਾਰ ਵਧਾਉਣ ਲਈ ਅਸਾਮ ਦੇ ਰਾਜੇ ਨੂੰ ਝੁਕਾਉਣਾ ਚਾਹੁੰਦਾ ਸੀ। ਬਾਦਸ਼ਾਹ ਦੇ ਇਸ ਯਤਨ ਨਾਲ ਸਮੁੱਚੇ ਪੂਰਬੀ ਭਾਰਤ ਵਿਚ ਡਰ ਅਤੇ ਅਸ਼ਾਂਤੀ ਵਾਲਾ ਮਾਹੌਲ ਪੈਦਾ ਹੋ ਗਿਆ ਸੀ। ਗੁਰੂ ਤੇਗ ਬਹਾਦਰ ਜੀ ਦੁਆਰਾ ਦੋਵੇਂ ਫ਼ੌਜਾਂ ਦੇ ਰਾਜਿਆਂ ਵਿਚਕਾਰ ਸੁਲਾਹ ਕਰਵਾ ਕੇ ਸ਼ਾਂਤੀ ਸਥਾਪਿਤ ਕਰਨ ਦੀ ਜਿਹੜੀ ਪਹਿਲ ਕੀਤੀ ਗਈ ਸੀ ਉਹ ਮੌਜੂਦਾ ਸਮੇਂ ਵਿਚ ਵੀ ਪ੍ਰੇਰਨਾ ਪੈਦਾ ਕਰਦੀ ਹੈ।

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸੰਬੰਧਿਤ ਮਹੱਤਵਪੂਰਨ ਪਹਿਲੂਆਂ ਅਤੇ ਉਹਨਾਂ ਦੇ ਚਰਨ ਛੋਹ ਪ੍ਰਾਪਤ ਅਸਥਾਨਾਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਭਾਰਤ ਅਤੇ ਬੰਗਲਾਦੇਸ਼ ਦੇ ਵਿਭਿੰਨ ਇਲਾਕਿਆਂ ਦੀ ਯਾਤਰਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਅੰਮ੍ਰਿਤਸਰ ਤੋਂ ਬੰਗਲਾਦੇਸ਼ ਤੱਕ ਵਿਭਿੰਨ ਇਲਾਕਿਆਂ ਅਤੇ ਪ੍ਰਦੇਸ਼ਾਂ ਵਿਚ ਮੌਜੂਦ 200 ਤੋਂ ਵਧੇਰੇ ਗੁਰਧਾਮਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਭਾਵੇਂ ਕੋਈ ਸੌਖਾ ਕਾਰਜ ਨਹੀਂ ਸੀ ਪਰ ਪਰਮਾਤਮਾ ਦੀ ਕਿਰਪਾ ਸਦਕਾ ਹੀ ਇਹ ਸੰਭਵ ਹੋ ਸਕਿਆ ਹੈ।

ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਐਡੀਸ਼ਨਲ ਹੈੱਡ-ਗ੍ਰੰਥੀ ਸ. ਮਲਕੀਅਤ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਦੇ ਨਿੱਜੀ ਸਹਾਇਕ ਸ. ਜਸਪਾਲ ਸਿੰਘ ਵਿਸ਼ੇਸ਼ ਸਹਿਯੋਗ ਪ੍ਰਦਾਨ ਕਰਦੇ ਰਹੇ ਹਨ, ਇਹਨਾਂ ਦਾ ਤਹਿ ਦਿਲੋਂ ਧੰਨਵਾਦ ਹੈ। ਵਿਭਿੰਨ ਗੁਰਦੁਆਰਾ ਕਮੇਟੀਆਂ ਦੇ ਮੁੱਖ ਸੇਵਾਦਾਰਾਂ, ਗ੍ਰੰਥੀ ਸਾਹਿਬਾਨ ਅਤੇ ਮੈਂਬਰਾਂ ਤੋਂ ਜਾਣਕਾਰੀ ਅਤੇ ਸਹਿਯੋਗ ਪ੍ਰਾਪਤ ਹੁੰਦਾ ਰਿਹਾ ਹੈ, ਇਹਨਾਂ ਸਭਨਾਂ ਦਾ ਧੰਨਵਾਦ ਹੈ। ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨਾਂ ਦਾ ਸਰਵੇਖਣ ਅਤੇ ਯਾਤਰਾ ਕਰਦੇ ਸਮੇਂ ਡਾ. ਜਸਵੰਤ ਸਿੰਘ, ਡਾ. ਭੁਪਿੰਦਰਪਾਲ ਸਿੰਘ, ਡਾ. ਗੁਰਜਿੰਦਰ ਸਿੰਘ, ਸ. ਕਸ਼ਮੀਰ ਸਿੰਘ ਆਦਿ ਨੌਜਵਾਨ ਖੋਜਾਰਥੀਆਂ ਦਾ ਸਾਥ ਅਤੇ ਸਹਿਯੋਗ ਪ੍ਰਾਪਤ ਹੁੰਦਾ ਰਿਹਾ ਹੈ, ਇਹਨਾਂ ਦਾ ਵੀ ਸ਼ੁਕਰ ਗੁਜ਼ਾਰ ਹਾਂ।

ਹਥਲੀ ਪੁਸਤਕ ਵਿਚ ਵਿਭਿੰਨ ਗੁਰਦੁਆਰਾ ਸਾਹਿਬਾਨ ਦੀਆਂ ਤਸਵੀਰਾਂ ਸ਼ਾਮਲ ਕੀਤੀਆਂ ਗਈਆਂ ਹਨ ਜਿਹੜੀਆਂ ਕਿ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਇਤਿਹਾਸਿਕ ਗੁਰਧਾਮਾਂ ਅਤੇ ਅਜਾਇਬ ਘਰਾਂ ਤੋਂ ਪ੍ਰਾਪਤ

ਹੋਈਆਂ ਹਨ। ਇਹ ਗੁਰਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ; ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ; ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ; ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ ਆਦਿ ਕਮੇਟੀਆਂ ਦੇ ਪ੍ਰਬੰਧ ਅਧੀਨ ਹਨ, ਸਮੂਹ ਗੁਰਦੁਆਰਾ ਕਮੇਟੀਆਂ ਅਤੇ ਪ੍ਰਬੰਧਕਾਂ ਦਾ ਤਹਿ ਦਿਲੋਂ ਧੰਨਵਾਦ ਹੈ।

ਨਿਰਮਲ ਆਸ਼ਰਮ, ਰਿਸ਼ੀਕੇਸ਼ ਦੇ ਮਾਨਯੋਗ ਸੰਤ ਬਾਬਾ ਜੋਧ ਸਿੰਘ ਜੀ ਸਿੱਖ ਧਰਮ ਨਾਲ ਸੰਬੰਧਿਤ ਕਾਰਜ ਕਰਨ ਲਈ ਹਮੇਸ਼ਾਂ ਹੀ ਪ੍ਰੇਰਨਾ ਅਤੇ ਅਗਵਾਈ ਪ੍ਰਦਾਨ ਕਰਦੇ ਰਹਿੰਦੇ ਹਨ। ਅਕਾਦਮਿਕ ਰੁਚੀ ਕਾਰਨ ਇਹ ਯੂਨੀਵਰਸਿਟੀਆਂ ਵੱਲੋਂ ਆਯੋਜਿਤ ਕੀਤੀਆਂ ਜਾਣ ਵਾਲੀਆਂ ਗੋਸ਼ਟੀਆਂ ਅਤੇ ਕਾਨਫ਼ਰੰਸਾਂ ਵਿਚ ਹਿੱਸਾ ਲੈਣ ਦੇ ਨਾਲ-ਨਾਲ ਉਹਨਾਂ ਨੂੰ ਸਿਰੇ ਚਾੜ੍ਹਨ ਲਈ ਸਹਿਯੋਗ ਦਿੰਦੇ ਹਨ। ਇਸ ਪੁਸਤਕ ਨੂੰ ਪਾਠਕਾਂ ਦੇ ਸਨਮੁਖ ਲਿਜਾਣ ਲਈ ਵੀ ਇਹਨਾਂ ਦਾ ਵਿਸ਼ੇਸ਼ ਸਹਿਯੋਗ ਪ੍ਰਾਪਤ ਹੋਇਆ ਹੈ, ਇਹਨਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਹੈ।

ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਵਿਖੇ ਕਾਰਜਸ਼ੀਲ ਡਾ. ਕੁਲਵਿੰਦਰ ਸਿੰਘ ਸਿੱਖ ਅਧਿਐਨ ਨਾਲ ਸੰਬੰਧਿਤ ਕਾਰਜ ਕਰਨ ਲਈ ਨਿਰੰਤਰ ਯਤਨਸ਼ੀਲ ਰਹਿੰਦੇ ਹਨ। ਇਸ ਪੁਸਤਕ ਨੂੰ ਸੰਪੂਰਨ ਕਰਨ ਦੇ ਆਖ਼ਰੀ ਸਮੇਂ ਤੱਕ ਇਹ ਸਹਿਯੋਗ ਪ੍ਰਦਾਨ ਕਰਦੇ ਰਹੇ ਹਨ। ਸਮੇਂ-ਸਮੇਂ 'ਤੇ ਇਹਨਾਂ ਵੱਲੋਂ ਪ੍ਰਾਪਤ ਹੋਈ ਜਾਣਕਾਰੀ ਅਤੇ ਸੁਝਾਵਾਂ ਲਈ ਇਹਨਾਂ ਦਾ ਧੰਨਵਾਦ ਹੈ। ਸਿੱਖ ਵਿਸ਼ਵਕੋਸ਼ ਵਿਭਾਗ ਵਿਖੇ ਕਾਰਜਸ਼ੀਲ ਸ. ਗੁਰਮੇਲ ਸਿੰਘ, ਲਾਇਬ੍ਰੇਰੀ ਸਟਾਫ਼ ਦੀ ਸ੍ਰੀਮਤੀ ਗਰਿਮਾ ਰਾਣੀ, ਪ੍ਰੋਜੈਕਟ ਸਹਾਇਕ ਡਾ. ਹਰਪ੍ਰੀਤ ਕੌਰ ਅਤੇ ਸੇਵਾਦਾਰ ਸ. ਗੁਰਤੇਜ ਸਿੰਘ ਵੱਲੋਂ ਪ੍ਰਾਪਤ ਹੋਏ ਸਹਿਯੋਗ ਲਈ ਇਹਨਾਂ ਦਾ ਧੰਨਵਾਦ ਹੈ।

ਅਖ਼ੀਰ ਮੈਂ ਆਪਣੀ ਸੁਪਤਨੀ ਡਾ. ਨਰਿੰਦਰ ਕੌਰ ਅਤੇ ਸਪੁੱਤਰ ਸ. ਸਹਿਜਪ੍ਰੀਤ ਸਿੰਘ ਦਾ ਵੀ ਤਹਿ ਦਿਲੋਂ ਧੰਨਵਾਦੀ ਹਾਂ ਜਿਹੜੇ ਇਸ ਕਾਰਜ ਦੀ ਸੰਪੂਰਨਤਾ ਲਈ ਮੈਨੂੰ ਘਰ ਦੀਆਂ ਜ਼ਿੰਮੇਵਾਰੀਆਂ ਤੋਂ ਹੀ ਮੁਕਤ ਨਹੀਂ ਕਰਦੇ ਰਹੇ ਬਲਕਿ ਸਮੇਂ-ਸਮੇਂ 'ਤੇ ਸਹਿਯੋਗ ਵੀ ਪ੍ਰਦਾਨ ਕਰਦੇ ਰਹੇ ਹਨ।

ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਮਹਿਮਾ ਅਤੇ ਚਰਨ ਛੋਹ ਅਸਥਾਨਾਂ ਸੰਬੰਧੀ ਪ੍ਰਮਾਣਿਕ ਜਾਣਕਾਰੀ ਜੁਟਾਉਣ ਦਾ ਭਰਪੂਰ ਯਤਨ ਕੀਤਾ ਗਿਆ ਹੈ। ਗੁਰੂ ਸਾਹਿਬ ਦੀ ਬਾਣੀ ਅਤੇ ਦੈਵੀ ਸ਼ਖ਼ਸੀਅਤ ਇੰਨੀ ਵਿਸ਼ਾਲ ਹੈ ਕਿ ਉਹਨਾਂ ਦੇ ਕੁੱਝ ਇਕ ਪੱਖਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕਰਨਾ ਮਨੁੱਖੀ ਬੁੱਧੀ ਦੀ ਸੀਮਾ ਤੋਂ ਪਰੇ ਦੀਆਂ ਗੱਲਾਂ ਹਨ। ਗੁਰਧਾਮਾਂ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਵਿਚ ਸੰਬੰਧਿਤ ਅਸਥਾਨਾਂ ਵਿਖੇ ਮੌਜੂਦ ਸ਼ਖ਼ਸੀਅਤਾਂ ਦਾ ਵੱਡਾ ਯੋਗਦਾਨ ਹੈ। ਜਿੱਥੋਂ ਤੱਕ ਸੰਭਵ ਹੋ ਸਕਿਆ ਹੈ, ਪ੍ਰਮਾਣਿਕ ਅਤੇ ਸੰਖੇਪ ਜਾਣਕਾਰੀ ਪ੍ਰਦਾਨ ਕਰਨ ਦਾ ਯਤਨ ਕੀਤਾ ਗਿਆ ਹੈ ਪਰ ਫਿਰ ਵੀ ਇਸ ਵਿਚ ਅਨੇਕਾਂ ਕਮੀਆਂ-ਕਮਜ਼ੋਰੀਆਂ ਰਹਿ ਗਈਆਂ ਹੋਣਗੀਆਂ। ਆਸ ਹੈ ਕਿ ਇਸ ਦਿਸ਼ਾ ਵਿਚ ਕੀਤਾ ਗਿਆ ਇਹ ਯਤਨ ਵਿਦਿਆਰਥੀਆਂ, ਖੋਜਾਰਥੀਆਂ ਅਤੇ ਪਾਠਕਾਂ ਲਈ ਲਾਹੇਵੰਦ ਸਾਬਤ ਹੋਵੇਗਾ ਅਤੇ ਉਹ ਇਸ ਸੰਬੰਧੀ ਸੁਝਾਅ ਦੇ ਕੇ ਇਸ ਨੂੰ ਹੋਰ ਵਧੇਰੇ ਪ੍ਰਮਾਣਿਕ ਬਣਾਉਣ ਦਾ ਯਤਨ ਕਰਨਗੇ।

ਡਾ. ਪਰਮਵੀਰ ਸਿੰਘ
ਪ੍ਰੋਫ਼ੈਸਰ ਅਤੇ ਮੁਖੀ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਜੀਵਨ ਅਤੇ ਵਿਚਾਰਧਾਰਾ

ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਨੌਵੇਂ ਗੁਰੂ ਸਨ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਨੌਵੇਂ ਰੂਪ ਵਿਚ ਮਨੁੱਖਤਾ ਦਾ ਮਾਰਗ-ਦਰਸ਼ਨ ਕੀਤਾ। ਇਹਨਾਂ ਨੇ ਆਪਣੀ ਸ਼ਹਾਦਤ ਦੇ ਕੇ ਮਨੁੱਖੀ ਕਦਰਾਂ-ਕੀਮਤਾਂ ਨੂੰ ਬਚਾਇਆ ਅਤੇ ਨਾਲ ਹੀ ਪਰਮਾਤਮਾ ਦੁਆਰਾ ਸ੍ਰਿਸ਼ਟੀ ਵਿਚ ਪੈਦਾ ਕੀਤੀ ਗਈ ਬਹੁਲਤਾ ਦੇ ਸਿਧਾਂਤ ਨੂੰ ਸਾਕਾਰ ਰੂਪ ਪ੍ਰਦਾਨ ਕੀਤਾ ਜਿਸ ਕਰਕੇ ਇਹਨਾਂ ਨੂੰ ਵਿਭਿੰਨ ਸਤਿਕਾਰਤ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਜਾਂਦਾ ਹੈ ਜਿਵੇਂ ਸ੍ਰਿਸ਼ਟੀ ਦੀ ਚਾਦਰ, ਜਗਤ ਦੀ ਚਾਦਰ, ਧਰਮ ਦੀ ਚਾਦਰ, ਹਿੰਦ ਦੀ ਚਾਦਰ, ਮਨੁੱਖੀ ਅਧਿਕਾਰਾਂ ਦੇ ਰਾਖੇ, ਤਿਲਕ ਜੰਞੂ ਦੇ ਰਾਖੇ ਆਦਿ।

ਇਹਨਾਂ ਦਾ ਪ੍ਰਕਾਸ਼ ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਜੀ ਦੇ ਘਰ ਵੈਸਾਖ ਵਦੀ 5, 1678/1 ਅਪ੍ਰੈਲ 1621 ਨੂੰ ਅੰਮ੍ਰਿਤਸਰ ਵਿਖੇ ਹੋਇਆ। *ਗੁਰਬਿਲਾਸ ਪਾਤਸ਼ਾਹੀ ਛੇਵੀਂ* ਦਾ ਕਰਤਾ ਦੱਸਦਾ ਹੈ ਕਿ ਜਦੋਂ ਸ੍ਰੀ ਤੇਗ ਬਹਾਦਰ ਜੀ ਦਾ ਪ੍ਰਕਾਸ਼ ਹੋਇਆ ਤਾਂ ਉਸ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਵੇਰ ਦੇ ਦੀਵਾਨ ਵਿਚ ਮੌਜੂਦ ਸਨ ਅਤੇ ਉੱਥੇ ਹੀ ਇਹਨਾਂ ਨੂੰ ਇਹ ਖ਼ੁਸ਼ਖ਼ਬਰੀ ਮਿਲੀ ਸੀ। ਦੀਵਾਨ ਦੀ ਸਮਾਪਤੀ ਉਪਰੰਤ ਗੁਰੂ ਜੀ ਘਰ ਗਏ ਤਾਂ ਬੱਚੇ ਨੂੰ ਗੋਦੀ ਵਿਚ ਲੈ ਕੇ ਅਸ਼ੀਰਵਾਦ ਪ੍ਰਦਾਨ ਕਰਦੇ ਹੋਏ ਕਿਹਾ ਕਿ ਦੀਨ-ਦੁਖੀਆਂ ਦੇ ਦੁੱਖ ਦੂਰ ਕਰਨ ਵਾਲਾ ਹੋਵੇਗਾ- ਦੀਨ ਰਛ ਸੰਕਟ ਹਰੈ ਸਦਾ ਯਹੀ ਪਹਿਚਾਨ॥[1]

ਬਾਬਾ ਗੁਰਦਿੱਤਾ, ਬਾਬਾ ਸੂਰਜ ਮੱਲ, ਬਾਬਾ ਅਣੀ ਰਾਇ, ਬਾਬਾ ਅਟੱਲ ਰਾਇ ਇਹਨਾਂ ਦੇ ਭਰਾ ਅਤੇ ਬੀਬੀ ਵੀਰੋ ਇਹਨਾਂ ਦੀ ਭੈਣ ਸੀ। ਬਾਬਾ ਗੁਰਦਿੱਤਾ ਜੀ ਸਭ ਤੋਂ ਵੱਡੇ ਸਨ ਜਿਨ੍ਹਾਂ ਨੇ ਬਾਬਾ ਸ੍ਰੀ ਚੰਦ ਜੀ ਦੁਆਰਾ ਅਰੰਭ ਕੀਤੀ ਉਦਾਸੀ ਪਰੰਪਰਾ ਨੂੰ ਅੱਗੇ ਵਧਾਇਆ ਸੀ। ਇਹ ਗ੍ਰਿਹਸਤੀ ਸਨ ਅਤੇ ਇਹਨਾਂ ਦੇ ਸਪੁੱਤਰ ਗੁਰੂ ਹਰਿਰਾਇ ਜੀ ਨੇ ਸੱਤਵੇਂ ਨਾਨਕ ਦੇ ਰੂਪ ਵਿਚ ਸਿੱਖ ਪੰਥ ਦੀ ਅਗਵਾਈ ਕੀਤੀ ਸੀ। ਬਾਬਾ ਸੂਰਜ ਮੱਲ ਗ੍ਰਿਹਸਤੀ ਸਨ ਅਤੇ ਇਹਨਾਂ ਦੀ ਸੰਤਾਨ ਅਨੰਦਪੁਰ ਸਾਹਿਬ ਵਿਖੇ ਵੱਸਦੀ ਹੈ। ਬਾਬਾ ਅਣੀ ਰਾਇ ਸਾਧੂ ਸੁਭਾਅ ਸਨ ਅਤੇ ਇਹਨਾਂ ਨੇ ਵਿਆਹ ਨਹੀਂ ਕਰਵਾਇਆ ਸੀ।[2] ਬਾਬਾ ਅਟੱਲ ਰਾਇ ਛੋਟੀ ਉਮਰ ਵਿਚ ਹੀ ਅਕਾਲ ਚਲਾਣਾ ਕਰ ਗਏ ਸਨ। ਇਹਨਾਂ ਦੀ ਭੈਣ ਬੀਬੀ ਵੀਰੋ ਜੀ ਦਾ ਵਿਆਹ ਭਾਈ ਸਾਧੂ ਨਾਲ ਹੋਇਆ ਸੀ ਅਤੇ ਇਹਨਾਂ ਦੇ ਪੰਜ ਸੂਰਬੀਰ ਸਪੁੱਤਰ ਸਨ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਭੰਗਾਣੀ ਦੇ ਯੁੱਧ ਵਿਚ ਹਿੱਸਾ ਲਿਆ ਸੀ।

ਸ੍ਰੀ ਤੇਗ ਬਹਾਦਰ ਜੀ ਦਾ ਮੁੱਢਲਾ ਜੀਵਨ ਅੰਮ੍ਰਿਤਸਰ ਵਿਖੇ ਹੀ ਬਸਰ ਹੋਇਆ ਸੀ। ਇਸ ਸਮੇਂ ਤੱਕ ਸ੍ਰੀ ਹਰਿਮੰਦਰ ਸਾਹਿਬ ਜੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨਾਲ ਇਸ ਨਗਰ ਦੀ ਸੋਭਾ ਚਾਰੇ ਪਾਸੇ ਫੈਲ ਚੁੱਕੀ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਜੰਗਜੂ ਬਿਰਤੀ ਪੈਦਾ ਕਰਨ ਵਾਲੀਆਂ ਖੇਡਾਂ ਕਰਵਾਈਆਂ ਜਾ ਰਹੀਆਂ ਸਨ। ਸੰਗਤ ਦੇ ਮਨ ਵਿਚ ਬੀਰ ਰਸ ਪੈਦਾ ਕਰਨ ਲਈ ਢਾਡੀ ਵਾਰਾਂ ਦਾ ਗਾਇਨ ਕਰਨ ਲੱਗੇ ਸਨ। ਭਾਵੇਂ ਕਿ ਸ੍ਰੀ ਤੇਗ ਬਹਾਦਰ ਜੀ ਸ਼ਾਂਤਮਈ, ਉਦਾਰ ਅਤੇ ਵੈਰਾਗਮਈ ਬਿਰਤੀ ਦੇ ਧਾਰਨੀ ਸਨ ਪਰ ਫਿਰ ਵੀ ਇਹਨਾਂ 'ਤੇ

---

1. ਭਗਤ ਸਿੰਘ, *ਗੁਰਬਿਲਾਸ ਪਾਤਸ਼ਾਹੀ 6ਵੀਂ*, ਸੰਪਾਦਕ ਗੁਰਮੁਖ ਸਿੰਘ, ਅਧਿਆਇ 9.1038.

2. ਅਣੀ ਰਾਇ ਰਹਿ ਮਸਤ ਨ ਬੋਲੇ। ਬ੍ਰਹਮ ਗਯਾਨ ਮਹਿਂ ਬ੍ਰਿਤੀ ਅਡੋਲੇ। ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 8, ਅੰਸੂ 57.16.

ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਸਥਾਪਿਤ ਹੋਈ ਜੀਵਨ-ਜਾਚ ਦਾ ਅਸਰ ਪੈਣਾ ਲਾਜ਼ਮੀ ਸੀ ਜਿਸ ਦਾ ਵਰਨਨ ਕਰਦੇ ਹੋਏ ਸਰੂਪ ਦਾਸ ਭੱਲਾ ਦੱਸਦਾ ਹੈ:

ਸ੍ਰੀ ਤੇਗ ਬਹਾਦਰ ਗਿਆਨ ਸਰੂਪ। ਪਰਮ ਵੈਰਾਗੀ ਰਾਜ ਸਰੂਪ।
ਧੀਰਜਵਾਨ ਅਤ ਪਰਮ ਉਦਾਰ। ਸਤਗੁਰ ਸੰਗ ਨਿਤ ਚੜ੍ਹੇ ਸਿਕਾਰ।[1]

ਸ੍ਰੀ ਤੇਗ ਬਹਾਦਰ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਨਿਗਰਾਨੀ ਅਧੀਨ ਸ਼ਸਤਰ ਅਤੇ ਸ਼ਾਸਤਰ ਦੀ ਵਿੱਦਿਆ ਗ੍ਰਹਿਣ ਕੀਤੀ ਸੀ। ਸੰਜਮ ਅਤੇ ਸੂਰਬੀਰਤਾ ਦੇ ਨਾਲ-ਨਾਲ ਇਹਨਾਂ ਦੇ ਮਨ 'ਤੇ ਸੇਵਾ ਅਤੇ ਪਰਉਪਕਾਰ ਦਾ ਗੁਣ ਭਾਰੂ ਸੀ ਜਿਸ ਦੇ ਅਧੀਨ ਇਹ ਆਪਣੇ ਆਪ ਦੀ ਬਜਾਏ ਦੂਜਿਆਂ ਦਾ ਵਧੇਰੇ ਖ਼ਿਆਲ ਰੱਖਦੇ ਸਨ। ਮਾਇਆ ਦੇ ਤਿਆਗ ਦੀਆਂ ਬਹੁਤ ਸਾਰੀਆਂ ਸਾਖੀਆਂ ਇਹਨਾਂ ਦੇ ਜੀਵਨ ਨਾਲ ਜੁੜੀਆਂ ਹੋਈਆਂ ਹਨ ਜਿਵੇਂ ਕਿਸੇ ਲੋੜਵੰਦ ਨੂੰ ਆਪਣੇ ਬਸਤ੍ਰ ਉਤਾਰ ਕੇ ਦੇ ਦੇਣੇ। ਗਹਿਣਿਆਂ ਅਤੇ ਹੋਰਨਾਂ ਕੀਮਤੀ ਵਸਤਾਂ ਪ੍ਰਤੀ ਕੋਈ ਮੋਹ ਪੈਦਾ ਨਾ ਕਰਨਾ ਆਦਿ। ਇਹਨਾਂ ਦੀ ਬਾਣੀ ਵਿਚ ਵੀ ਅਜਿਹੇ ਅਨੇਕਾਂ ਪ੍ਰਮਾਣ ਮੌਜੂਦ ਹਨ ਜਿਹੜੇ ਮਾਇਆ ਦੇ ਮੋਹ ਤੋਂ ਦੂਰ ਰਹਿਣ ਅਤੇ ਪਰਮਾਤਮਾ ਦੇ ਨਾਮ ਸਿਮਰਨ 'ਤੇ ਕੇਂਦਰਿਤ ਹਨ।

1633 ਵਿਚ ਇਹਨਾਂ ਦਾ ਵਿਆਹ ਕਰਤਾਰਪੁਰ ਨਿਵਾਸੀ ਭਾਈ ਲਾਲ ਚੰਦ ਅਤੇ ਮਾਤਾ ਬਿਸ਼ਨ ਕੌਰ ਦੀ ਸਪੁੱਤਰੀ ਬੀਬੀ ਗੁਜਰੀ ਜੀ ਨਾਲ ਹੋਇਆ। ਇਹ ਪਰਿਵਾਰ ਮੌਜੂਦਾ ਅੰਬਾਲਾ ਜ਼ਿਲੇ ਵਿਚ ਪੈਂਦੇ ਲਖਨੌਰ ਨਗਰ ਤੋਂ ਇੱਥੇ ਆ ਕੇ ਵੱਸ ਗਿਆ ਸੀ। ਇਸ ਸਮੇਂ ਦੌਰਾਨ ਗੁਰੂ ਜੀ ਦੁਆਰਾ ਅਰੰਭ ਕੀਤੇ ਗਏ ਸ਼ਸਤਰ ਅਭਿਆਸ ਵਿਚ ਸਿੱਖ ਪੂਰਨ ਜੋਸ਼ ਅਤੇ ਉਤਸ਼ਾਹ ਨਾਲ ਹਿੱਸਾ ਲੈ ਰਹੇ ਸਨ। 1621 ਵਿਚ ਬਾਦਸ਼ਾਹ ਜਹਾਂਗੀਰ ਦੇ ਸਮੇਂ ਜਲੰਧਰ ਦਾ ਮੁਗ਼ਲ ਫ਼ੌਜਦਾਰ ਇਹਨਾਂ ਵਿਰੁੱਧ ਚੜ੍ਹ ਆਇਆ ਸੀ ਪਰ ਉਹ ਹਾਰ ਕੇ ਵਾਪਸ ਚਲਾ ਗਿਆ ਸੀ। ਜਹਾਂਗੀਰ ਤੋਂ ਬਾਅਦ 1628 ਵਿਚ ਸ਼ਾਹ ਜਹਾਨ ਦਿੱਲੀ ਦਾ ਬਾਦਸ਼ਾਹ ਬਣਿਆ ਤਾਂ ਗੁਰੂ ਜੀ ਦਾ ਮੁਗ਼ਲ ਹਾਕਮਾਂ ਨਾਲ ਟਕਰਾਉ ਵੱਧਦਾ ਗਿਆ। 1634 ਵਿਚ ਅੰਮ੍ਰਿਤਸਰ ਦੇ ਯੁੱਧ ਉਪਰੰਤ ਗੁਰੂ ਜੀ ਅੰਮ੍ਰਿਤਸਰ ਤੋਂ ਮਾਲਵੇ ਵਿਚ ਆ ਗਏ ਸਨ ਜਿੱਥੇ ਮਹਿਰਾਜ ਅਤੇ ਕਰਤਾਰਪੁਰ ਵਿਖੇ ਉਹਨਾਂ ਦਾ ਸ਼ਾਹੀ ਫ਼ੌਜਾਂ ਨਾਲ ਯੁੱਧ ਹੋਇਆ ਸੀ। ਕਰਤਾਰਪੁਰ ਦੇ ਯੁੱਧ ਵਿਚ ਸ੍ਰੀ ਤੇਗ ਬਹਾਦਰ ਜੀ ਨੇ ਵੀ ਹਿੱਸਾ ਲਿਆ ਸੀ।[2]

1635 ਵਿਚ ਕਰਤਾਰਪੁਰ ਦੇ ਯੁੱਧ ਉਪਰੰਤ ਗੁਰੂ ਹਰਿਗੋਬਿੰਦ ਜੀ ਪਰਿਵਾਰ ਸਮੇਤ ਕੀਰਤਪੁਰ ਸਾਹਿਬ ਵਿਖੇ ਆ ਗਏ ਸਨ ਅਤੇ 1644 ਵਿਚ ਇੱਥੇ ਹੀ ਜੋਤੀ-ਜੋਤਿ ਸਮਾ ਗਏ ਸਨ। ਇਸ ਤਰ੍ਹਾਂ ਲਗ-ਪਗ 9 ਸਾਲ ਸ੍ਰੀ ਤੇਗ ਬਹਾਦਰ ਜੀ ਆਪਣੇ ਪਿਤਾ-ਗੁਰੂ ਜੀ ਦੀ ਸੰਗਤ ਵਿਚ ਰਹੇ। ਇਸ ਤੋਂ ਬਾਅਦ ਇਹ ਆਪਣੀ ਪਤਨੀ ਗੁਜਰੀ ਜੀ ਅਤੇ ਮਾਤਾ ਨਾਨਕੀ ਜੀ ਨਾਲ ਬਾਬਾ ਬਕਾਲਾ ਵਿਖੇ ਹੀ ਨਿਵਾਸ ਕਰਨ ਲੱਗੇ। 1664 ਵਿਚ ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ-ਜੋਤਿ ਸਮਾ ਜਾਣ ਤੋਂ ਪਹਿਲਾਂ ਗੁਰਿਆਈ ਦਾ ਸੰਕੇਤ 'ਬਾਬਾ ਬਕਾਲਾ' ਵੱਲ ਕਰ ਦਿੱਤਾ ਸੀ ਗੁਰੂ-ਘਰ ਦੇ ਮੁਖੀ ਸਿੱਖਾਂ ਨੂੰ ਇਸ ਵਿਚ ਕੋਈ ਸ਼ੰਕਾ ਨਹੀਂ ਸੀ ਪਰ ਸੰਗਤ ਇਸ ਕਰਕੇ ਦੁਬਿਧਾ ਦਾ ਸ਼ਿਕਾਰ ਹੋ ਗਈ ਸੀ ਕਿਉਂਕਿ ਸ੍ਰੀ ਤੇਗ ਬਹਾਦਰ ਜੀ ਗੁਰੂ ਰੂਪ ਵਿਚ ਸੰਗਤ ਦੇ ਸਾਹਮਣੇ ਪ੍ਰਗਟ ਨਹੀਂ ਹੋਏ ਸਨ। ਇਸ ਦੁਬਿਧਾ ਦਾ ਫਾਇਦਾ ਉਠਾ ਕੇ ਗੁਰੂ-ਪਰਿਵਾਰ ਦੇ ਕੁੱਝ ਨੇੜਲੇ ਵਿਅਕਤੀ ਆਪਣੇ ਆਪ ਗੁਰੂ ਬਣ ਬੈਠੇ ਸਨ, ਧੀਰ ਮੱਲ ਇਹਨਾਂ ਵਿਚੋਂ ਮੁੱਖ ਸੀ ਜਿਸ ਕੋਲ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਬੀੜ ਵੀ ਮੌਜੂਦ ਸੀ।

ਦੀਵਾਲੀ ਮੌਕੇ ਭਾਈ ਮੱਖਣ ਸ਼ਾਹ ਲੁਬਾਣਾ ਬਾਬਾ ਬਕਾਲਾ ਪਹੁੰਚੇ ਤਾਂ ਉਸ ਨੇ ਪੰਜ-ਪੰਜ ਮੋਹਰਾਂ ਰੱਖ ਕੇ ਹਰ ਇਕ ਅਖੌਤੀ ਗੁਰੂ ਅੱਗੇ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ ਸੀ। ਅਖ਼ੀਰ ਇਸ ਨੂੰ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ

1. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਭਾਗ ਦੂਜਾ, ਖੰਡ-2, ਸਾਖੀਆਂ ਪਾਤਸ਼ਾਹੀ ਛੇਵੀਂ, ਸਾਖੀ 5.4, ਪੰਨਾ 417.
2. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 8, ਅੰਸੂ 25.29.

ਕਰਨ ਦਾ ਦੈਵੀ ਸੰਕੇਤ ਪ੍ਰਾਪਤ ਹੋਇਆ ਅਤੇ ਇਸ ਨੇ ਉਹਨਾਂ ਅੱਗੇ ਵੀ ਪੰਜ ਮੋਹਰਾਂ ਰੱਖ ਕੇ ਮੱਥਾ ਟੇਕ ਦਿੱਤਾ। ਗੁਰੂ ਜੀ ਨੇ ਇਸਨੂੰ ਇਸ ਦੀ ਸੁੱਖਣਾ ਯਾਦ ਕਰਵਾਈ ਤਾਂ ਇਸ ਨੇ ਸੰਗਤ ਵਿਚ 'ਸੱਚਾ ਗੁਰੂ ਲਾਧੋ ਰੇ' ਦਾ ਹੋਕਾ ਦੇ ਦਿੱਤਾ। ਧੀਰ ਮੱਲ ਦੇ ਮਸੰਦ ਨੇ ਗੁਰੂ ਜੀ 'ਤੇ ਹਮਲਾ ਵੀ ਕੀਤਾ ਪਰ ਗੁਰੂ ਜੀ ਨੇ ਆਪਣੇ ਸੁਭਾਅ ਅਨੁਸਾਰ ਸਭ ਨੂੰ ਮਾਫ਼ ਕਰ ਦਿੱਤਾ ਸੀ। ਗੁਰੂ ਜੀ ਦੇ ਇਸ ਗੁਣ ਸੰਬੰਧੀ ਟਿੱਪਣੀ ਕਰਦੇ ਹੋਏ ਭਾਈ ਸੰਤੋਖ ਸਿੰਘ ਕਹਿੰਦਾ ਹੈ:

ਕਰਨੀ ਛਿਮਾਂ ਮਹਾਂ ਤਪ ਜਾਨ। ਛਿਮਾ ਕਰਨਿ ਹੀ ਦੈਬੋ ਦਾਨ।
ਛਿਮਾ ਸਕਲ ਤੀਰਥ ਅਸ਼ਨਾਨ। ਛਿਮਾ ਕਰਤ ਨਰ ਕੀ ਕਲਿਆਨ।
ਛਿਮਾ ਸਮਾਨ ਆਨ ਗੁਨ ਨਾਂਹੀ। ਯਾਂਤੇ ਛਿਮਾ ਧਰਹੁ ਮਨ ਮਾਂਹੀ।[1]

ਬਾਬਾ ਬਕਾਲਾ ਤੋਂ ਗੁਰੂ ਜੀ ਅੰਮ੍ਰਿਤਸਰ ਦੇ ਦਰਸ਼ਨ ਕਰਨ ਲਈ ਚਲੇ ਗਏ ਸਨ। ਗੁਰੂ ਜੀ ਦੇ ਪੂਰਵਜਾਂ ਦੁਆਰਾ ਵਸਾਇਆ ਹੋਇਆ ਇਹ ਨਗਰ ਪ੍ਰਭੂ-ਪ੍ਰੇਮ ਅਤੇ ਮਨੁੱਖੀ-ਭਾਈਚਾਰੇ ਦੀ ਸਾਂਝ ਦਾ ਪ੍ਰਤੀਕ ਸੀ। ਜਦੋਂ ਗੁਰੂ ਜੀ ਇੱਥੇ ਪੁੱਜੇ ਤਾਂ ਪੁਜਾਰੀਆਂ ਨੇ ਦਰਵਾਜ਼ੇ ਬੰਦ ਕਰ ਲਏ। ਭਾਈ ਮੱਖਣ ਸ਼ਾਹ ਲੁਬਾਣਾ ਅਤੇ ਹੋਰਨਾਂ ਗੁਰਸਿੱਖਾਂ ਨੇ ਇਸ ਅਸਥਾਨ ਦੇ ਦਰਵਾਜ਼ੇ ਖੋਲ੍ਹਣ ਲਈ ਗੁਰੂ ਜੀ ਨੂੰ ਆਦੇਸ਼ ਕਰਨ ਦੀ ਬੇਨਤੀ ਕੀਤੀ ਤਾਂ ਉਹਨਾਂ ਸਾਫ਼ ਇਨਕਾਰ ਕਰ ਦਿੱਤਾ ਕਿਉਂਕਿ ਉਹਨਾਂ ਦਾ ਮਨ ਵੈਰ-ਵਿਰੋਧ ਦੀ ਭਾਵਨਾ ਤੋਂ ਮੁਕਤ ਹੋ ਕੇ ਨਿਮਰਤਾ ਅਤੇ ਸ਼ਾਂਤੀ ਦੀ ਸਥਾਪਨਾ 'ਤੇ ਕੇਂਦਰਿਤ ਸੀ।

ਅੰਮ੍ਰਿਤਸਰ ਦੇ ਵਿਭਿੰਨ ਨਗਰਾਂ ਵਿਖੇ ਪ੍ਰਚਾਰ ਕਰਨ ਉਪਰੰਤ ਗੁਰੂ ਜੀ ਕੀਰਤਪੁਰ ਸਾਹਿਬ ਵਿਖੇ ਆ ਗਏ ਸਨ। ਇੱਥੇ ਨਿਵਾਸ ਦੌਰਾਨ ਇਹਨਾਂ ਨੇ ਮਾਖੋਵਾਲ ਦੀ ਜ਼ਮੀਨ ਖਰੀਦ ਕੇ ਇਕ ਨਵੇਂ ਨਗਰ ਦੀ ਸਥਾਪਨਾ ਕਰਕੇ ਇਸ ਦਾ ਨਾਂ 'ਚੱਕ ਨਾਨਕੀ' ਰੱਖਿਆ ਜਿਹੜਾ ਕਿ ਮੌਜੂਦਾ ਸਮੇਂ ਵਿਚ ਅਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। 1665 ਵਿਚ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਸਾਹਿਬ ਤੋਂ ਪੂਰਬ ਦੀ ਯਾਤਰਾ 'ਤੇ ਚਲੇ ਗਏ ਸਨ। ਪੂਰਬ ਦੀ ਯਾਤਰਾ ਦੌਰਾਨ ਗੁਰੂ ਜੀ ਲਗ-ਪਗ ਉਸੇ ਮਾਰਗ 'ਤੇ ਹੀ ਗਏ ਸਨ ਜਿੱਥੇ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਪ੍ਰਚਾਰ-ਯਾਤਰਾ ਕੀਤੀ ਸੀ। ਮੌਜੂਦਾ ਸਮੇਂ ਜਿਹੜੇ ਨਗਰਾਂ ਵਿਖੇ ਗੁਰੂ ਜੀ ਦੇ ਚਰਨ ਛੋਹ ਪ੍ਰਾਪਤ ਅਸਥਾਨਾਂ ਦਰਸ਼ਨ ਹੁੰਦੇ ਹਨ ਉਹਨਾਂ ਦਾ ਵੇਰਵਾ ਇਸ ਤਰ੍ਹਾਂ ਦੇਖਣ ਨੂੰ ਮਿਲਦਾ ਹੈ:

ਉਗਾਣੀ, ਅਹਰੋਰਾ, ਅਕੋਈ, ਅਗੌਲ, ਅਜਰਾਣਾ ਕਲਾਂ, ਅਨੰਦਪੁਰ ਸਾਹਿਬ, ਅਮਾਨਤਸਰ (ਬਿਆਸ ਕੰਢੇ), ਅਯੁੱਧਿਆ, ਅਲੀਸ਼ੇਰ, ਆਕੜ, ਆਗਰਾ, ਆਲੋਅਰਖ, ਅੰਬਾਲਾ, ਅੰਮ੍ਰਿਤਸਰ, ਇਟਾਵਾ, ਸਠਿਆਲਾ, ਸਦਾਬਰਤ, ਸਮਾਉਂ, ਸਮਾਣਾ, ਸਾਸਾਰਾਮ, ਸਾਹਿਬ ਗੰਜ, ਸਿਆਣਾ ਸੈਦਾਂ, ਸਿੰਭੜੋ, ਸੀਲ, ਸੇਖਾ, ਸੈਂਪਲੀ, ਸੁਡਲ-ਸੁਡੈਲ, ਸੋਹੀਵਾਲ, ਸੋਨੀਪਤ, ਸੰਘਰੇੜੀ, ਸ਼ਾਹਪੁਰ ਕਲਾਂ, ਸ਼ੇਖੂਪੁਰ, ਹਕੀਮਪੁਰ, ਹਜ਼ਾਰਾ, ਹਰਪਾਲਪੁਰ, ਹੰਢਿਆਇਆ, ਕਣਕਵਾਲ ਭੰਗੂਆਂ, ਕਬੂਲਪੁਰ-ਹਸਨਪੁਰ, ਕਮਾਲਪੁਰ, ਕਰਹਾਲੀ, ਕਰਤਾਰਪੁਰ, ਕਰ੍ਹਾ, ਕਲਕੱਤਾ, ਕਲੌੜ, ਕੜਾ ਮਾਨਕਪੁਰ, ਕਾਨਪੁਰ, ਕਾਲੇਕੇ, ਕਾਂਝਲਾ, ਕੀਰਤਪੁਰ ਸਾਹਿਬ, ਕੈਥਲ, ਕੈਲੋਂ ਸਾਹਿਬ, ਕੁਰਕਸ਼ੇਤਰ (ਥਾਨੇਸਰ), ਕੁਰਾਲੀ, ਕੋਟ ਧਰਮੂ, ਕੋਟਲੀ, ਕੱਟੂ, ਖਟਕੜ, ਖਰਕ ਭੂਰਾ, ਖ਼ਿਆਲਾ ਕਲਾਂ, ਖੀਵਾ ਕਲਾਂ, ਖੇਮਕਰਨ, ਖੰਡੋਲੀ, ਗਯਾ, ਗੜ੍ਹ ਮੁਕਤੇਸ਼ਵਰ, ਗੜ੍ਹੀ ਨਜ਼ੀਰ, ਗਾਗਾ, ਗੁਣੀਕੇ, ਗੁਰਨੇ ਕਲਾਂ, ਗੋਬਿੰਦਪੁਰਾ, ਗੰਡੂਆਂ, ਘਨੌਲੀ, ਘਨੌੜ ਜੱਟਾਂ (ਟਲ), ਘਰਾਚੋਂ, ਘੜੂੰਆਂ, ਘੁਕੇਵਾਲੀ, ਚੀਕਾ, ਚੋਲਾ, ਚੱਕ ਗੁਰੂ, ਛਾਜਲੀ, ਜਹਾਂਗੀਰ, ਜਖਵਾਲੀ, ਜੀਂਦ, ਜੋਗਾ, ਜੌਨਪੁਰ, ਝਗੂੜੀ, ਝਾੜੋਂ (ਹੀਰੋਂ ਕਲਾਂ), ਝੀਵਰਹੇੜੀ, ਝੁਨੀਰ (ਸੀਤਲਸਰ), ਟਹਿਲਪੁਰਾ, ਟਾਹਲਾ ਸਾਹਿਬ, ਡਰੌਲੀ ਭਾਈ ਕੀ, ਡੁੱਢੀ (ਡਿਉਢੀ), ਡਿੱਖ, ਢਾਕਾ, ਢਿਲਵਾਂ, ਢੱਡੇ, ਤਸਿੰਬਲੀ, ਤਰਨਤਾਰਨ, ਤਰਾਵੜੀ, ਤਲਵੰਡੀ

1. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 11, ਅੰਸੂ 17.43-44.

ਸਾਬੋ, ਬੂਹੀ, ਦਾਤਨਸਰ, ਦਿੱਲੀ, ਦਿੜ੍ਹਬਾ, ਦੁਲਮਸਰ, ਦੁਰਗਾਪੁਰ, ਦੁੱਗਰੀ, ਦੋਦੜਾ, ਦੌਲਤਪੁਰ ਮਾਲੀਆਨ, ਧਮਧਾਨ ਸਾਹਿਬ, ਧਲੇਵਾਂ (ਧਲੇਓਂ), ਧੂਬੜੀ, ਧੌਲਾ (ਅਤੀਸਰ), ਧੰਗੇੜਾ, ਨਨਹੇੜੀ, ਨਵਾਂ ਸ਼ਹਿਰ, ਨਰੜੂ, ਨਾਗਰਾ, ਨਾਭਾ ਸਾਹਿਬ, ਨਿਜ਼ਾਮਾਬਾਦ (ਆਜ਼ਮਗੜ੍ਹ), ਨੌਲੱਖਾ, ਨੰਦਪੁਰ, ਪਟਨਾ ਸਾਹਿਬ, ਪਟਿਆਲਾ, ਪਮੌਰ, ਪਲਾਹੀ ਨਗਰ, ਪਿਹੋਵਾ, ਪਿਲਖਣੀ, ਪੰਧੇਰ, ਪ੍ਰਯਾਗਰਾਜ (ਅਲਾਹਾਬਾਦ), ਫੱਗੂਵਾਲਾ, ਫਰਵਾਹੀ, ਫੱਗਣ ਮਾਜਰਾ, ਬਹਾਦਰਗੜ੍ਹ, ਬਹਿਰ ਜੱਛ (ਜੱਖ), ਬਹੇੜ, ਬਰ੍ਹੇ, ਬਨੀ-ਬਦਰਪੁਰ, ਬਾਬਾ ਬਕਾਲਾ, ਬਾਰਨਾ, ਬਾਲੂ, ਬਾੜ (ਬਾਢ ਗਾਂਵ), ਬਿਆਸ, ਬੀਬੀਪੁਰ ਖੁਰਦ, ਬੁਢਲਾਡਾ, ਬੁਧਮੋਰ, ਬੂੜੀਆ, ਬੌੜਾਂ ਕਲਾਂ (ਰਾਮਗੜ੍ਹ ਬੌੜਾਂ), ਬੱਸੀ ਪਠਾਣਾਂ, ਬੱਛੋਆਣਾ, ਬੱਬਨਪੁਰ, ਭਗਤਪੁਰਾ ਮੌੜ, ਭਗੜਾਨਾ, ਭਰਤਗੜ੍ਹ, ਭਵਾਨੀਗੜ੍ਹ, ਭਾਗਲਪੁਰ, ਭੀਖੀ, ਭੈਣੀ ਬਾਘਾ, ਭੈਣੀ ਮਹਿਰਾਜ, ਭੁਇਲੀ, ਭੂਪਾਲ, ਮਹਿਮਦਪੁਰ ਜੱਟਾਂ, ਮਕਾਰੋਂਪੁਰ, ਮਕੋਰੜ (ਮਕਰੋੜ), ਮਗਰ, ਮਥੁਰਾ, ਮਰਦੋਂ, ਮਲਿਕਪੁਰ, ਮਾਈਸਰਖਾਨਾ, ਮਾਲਦਾ, ਮਿਰਜ਼ਾਪੁਰ, ਮੁੰਗੇਰ, ਮੁਨੀਅਰਪੁਰ, ਮੂਣਕ, ਮੂਲੋਵਾਲ, ਮੌੜ ਕਲਾਂ, ਮੱਖਣਵਿੰਡੀ, ਰਹੇੜਾ ਮਾਜਰਾ, ਰਾਇਪੁਰ ਮੰਡਲਾਂ, ਰਾਜਪੁਰਾ, ਰਾਜੋ ਮਾਜਰਾ, ਰੈਲੀ, ਰੈਲੋਂ, ਰੂੜੇ ਕੇ ਕਲਾਂ, ਰੋਹਟਾ, ਰੋਹਤਕ, ਰੋਪੜ, ਰੱਲਾ, ਲਹਿਲ ਕਲਾਂ, ਲਖਨਊ, ਲਖਨੌਰ, ਲਾਖਣ ਮਾਜਰਾ, ਲੰਗ, ਲੰਗਰਛਨੀ, ਲੱਛਮੀਪੁਰ, ਵਾਰਾਣਸੀ (ਬਨਾਰਸ), ਵੱਲਾ।

ਗੁਰੂ ਤੇਗ ਬਹਾਦਰ ਜੀ ਦੀਆਂ ਇਹਨਾਂ ਪ੍ਰਚਾਰ-ਯਾਤਰਾਵਾਂ ਨੇ ਵਿਭਿੰਨ ਇਲਾਕਿਆਂ ਵਿਚ ਮੌਜੂਦ ਬਜ਼ੁਰਗ ਸ਼ਰਧਾਲੂਆਂ ਦੀ ਗੁਰੂ ਜੀ ਨੇ ਦਰਸ਼ਨ ਕਰਨ ਦੀ ਤਾਂਘ ਪੂਰੀ ਕੀਤੀ ਸੀ। ਗੁਰੂ ਨਾਨਕ ਦੇਵ ਜੀ 16ਵੀਂ ਸਦੀ ਦੇ ਅਰੰਭ ਵਿਚ ਪੂਰਬ ਦੀ ਯਾਤਰਾ 'ਤੇ ਗਏ ਸਨ ਅਤੇ ਉਹਨਾਂ ਦੇ ਪ੍ਰਭਾਵ ਅਧੀਨ ਬਹੁਤ ਸਾਰੇ ਲੋਕਾਂ ਨੇ ਸਿੱਖੀ ਧਾਰਨ ਕਰ ਲਈ ਸੀ ਅਤੇ ਕਈ ਜਗ੍ਹਾ 'ਤੇ ਧਰਮਸਾਲਾਵਾਂ ਵੀ ਕਾਇਮ ਹੋ ਗਈਆਂ ਸਨ। ਗੁਰੂ ਨਾਨਕ ਦੇਵ ਜੀ ਤੋਂ ਲਗ-ਪਗ 150 ਸਾਲ ਬਾਅਦ ਗੁਰੂ ਤੇਗ ਬਹਾਦਰ ਜੀ ਨੇ ਪੂਰਬ ਦੀ ਯਾਤਰਾ ਕੀਤੀ ਸੀ ਜਿਸ ਨਾਲ ਪੂਰਬ ਵਿਖੇ ਸਿੱਖੀ ਪ੍ਰਚਾਰ ਨੇ ਜ਼ੋਰ ਫੜ ਲਿਆ ਸੀ ਅਤੇ ਵਿਭਿੰਨ ਇਲਾਕਿਆਂ ਦੇ ਲੋਕ ਗੁਰੂ ਜੀ ਦੇ ਪ੍ਰਭਾਵ ਅਧੀਨ ਸਿੱਖ ਬਣਦੇ ਜਾ ਰਹੇ ਸਨ। ਇਸ ਤੋਂ ਇਲਾਵਾ ਇਹਨਾਂ ਇਲਾਕਿਆਂ ਵਿਚ ਜਿਹੜੇ ਸਿੱਖ ਪਹਿਲਾਂ ਤੋਂ ਮੌਜੂਦ ਸਨ, ਉਹਨਾਂ ਨੂੰ ਗੁਰਮਤਿ ਪ੍ਰਚਾਰ ਕਰਨ ਲਈ ਬਲ ਮਿਲਿਆ ਸੀ। ਗੁਰੂ ਜੀ ਪੂਰਬ ਦੀ ਯਾਤਰਾ 'ਤੇ ਹੀ ਸਨ ਜਦੋਂ ਇਹਨਾਂ ਦੇ ਘਰ ਇਕ ਸਪੁੱਤਰ ਗੋਬਿੰਦ ਰਾਇ ਜੀ ਦਾ ਪ੍ਰਕਾਸ਼ ਹੋਇਆ ਸੀ।

ਗੁਰੂ ਜੀ ਪੂਰਬ ਦੀ ਯਾਤਰਾ 'ਤੇ ਸਨ ਜਦੋਂ ਬਾਦਸ਼ਾਹ ਔਰੰਗਜ਼ੇਬ ਨੇ ਰਾਜਾ ਰਾਮ ਸਿੰਘ ਨੂੰ ਅਸਾਮ ਦੀ ਮੁਹਿਮ 'ਤੇ ਭੇਜਿਆ ਸੀ, ਗੁਰੂ ਜੀ ਨੂੰ ਬੇਨਤੀ ਕਰਕੇ ਇਹ ਉਹਨਾਂ ਨੂੰ ਆਪਣੇ ਨਾਲ ਲੈ ਗਿਆ ਸੀ। ਗੁਰੂ ਜੀ ਨੇ ਰਾਜਾ ਰਾਮ ਸਿੰਘ ਅਤੇ ਅਸਾਮ ਦੇ ਰਾਜਾ ਚਕ੍ਰਧਵਜ ਵਿਚਕਾਰ ਸੁਲਾਹ ਕਰਵਾ ਕੇ ਸ਼ਾਂਤੀ ਸਥਾਪਿਤ ਕਰ ਦਿੱਤੀ ਸੀ। ਅਤੇ ਜਦੋਂ ਉਹਨਾਂ ਨੂੰ ਔਰੰਗਜ਼ੇਬ ਦੀ ਜਬਰੀ ਧਰਮ-ਪਰਿਵਰਤਨ ਦੀ ਨੀਤੀ ਦੀ ਖ਼ਬਰ ਮਿਲੀ ਤਾਂ ਇਹ ਤੁਰੰਤ ਪੰਜਾਬ ਵੱਲ ਵਾਪਸ ਆ ਗਏ ਸਨ। ਪੰਜਾਬ ਵਾਪਸ ਆ ਕੇ ਗੁਰੂ ਜੀ ਨੇ ਮਾਲਵੇ ਦੀ ਪ੍ਰਚਾਰ-ਯਾਤਰਾ ਕਰਕੇ ਆਮ ਲੋਕਾਂ ਨੂੰ ਧਰਮ ਪ੍ਰਤੀ ਦ੍ਰਿੜ੍ਹਤਾ ਪੈਦਾ ਕਰਨ 'ਤੇ ਜ਼ੋਰ ਦਿੱਤਾ ਸੀ ਤਾਂ ਕਿ ਆਮ ਲੋਕਾਂ ਵਿਚ ਧਰਮ-ਪਰਿਵਰਤਨ ਦਾ ਖ਼ੌਫ਼ ਖ਼ਤਮ ਹੋ ਜਾਵੇ। ਗੁਰੂ ਜੀ ਅਨੰਦਪੁਰ ਸਾਹਿਬ ਵਿਖੇ ਮੌਜੂਦ ਸਨ ਜਦੋਂ ਕਸ਼ਮੀਰੀ ਪੰਡਿਤਾਂ ਨੇ ਇਹਨਾਂ ਅੱਗੇ ਆਪਣਾ ਧਰਮ ਬਚਾਉਣ ਦੀ ਬੇਨਤੀ ਕੀਤੀ ਸੀ ਜਿਸ ਨੂੰ ਗੁਰੂ ਜੀ ਨੇ ਪ੍ਰਵਾਨ ਕਰ ਲਿਆ ਸੀ। 11 ਨਵੰਬਰ 1675 ਨੂੰ ਗੁਰੂ ਜੀ ਨੇ ਇਸ ਕਾਰਜ ਲਈ ਸ਼ਹਾਦਤ ਦੇ ਦਿੱਤੀ ਸੀ।

ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦੇ ਕੇ ਜਬਰੀ ਧਰਮ-ਪਰਿਵਰਤਨ ਦੀ ਨੀਤੀ ਨੂੰ ਬਦਲਣ ਦਾ ਮਾਰਗ ਦਿਖਾਇਆ ਸੀ। ਗੁਰੂ ਜੀ ਦਾ ਜਿਹੜਾ ਸੰਦੇਸ਼ ਇਹਨਾਂ ਦੀ ਸ਼ਹਾਦਤ ਵਿਚੋਂ ਪ੍ਰਗਟ ਹੁੰਦਾ ਹੈ, ਉਸ ਦੇ ਬੀਜ ਇਹਨਾਂ ਦੀ ਬਾਣੀ ਵਿਚ ਮੌਜੂਦ ਹਨ। ਪ੍ਰਭੂ-ਮੁਖੀ ਅਤੇ ਸਦਾਚਾਰਿਕ ਕਦਰਾਂ-ਕੀਮਤਾਂ ਲਈ ਸ਼ਹਾਦਤ ਦੇਣਾ ਕੋਈ ਆਮ ਗੱਲ

ਨਹੀਂ ਹੁੰਦੀ। ਇਸ ਉਦੇਸ਼ ਤੱਕ ਪਹੁੰਚਣ ਲਈ ਉਚੇਰੇ ਆਦਰਸ਼ਾਂ ਨੂੰ ਜੀਵਨ ਵਿਚ ਧਾਰਨ ਕਰਨ ਦੀ ਲੋੜ ਪੈਂਦੀ ਹੈ। ਭਾਵੇਂ ਕਿ ਇਹ ਕਾਰਜ ਅਸੰਭਵ ਨਹੀਂ ਪਰ ਮੁਸ਼ਕਲ ਜ਼ਰੂਰ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਉਚੇਰੇ ਆਦਰਸ਼ਾਂ ਪ੍ਰਤੀ ਚੇਤੰਨ ਕਰਾਉਣ ਦੇ ਨਾਲ-ਨਾਲ ਉਹਨਾਂ ਨੂੰ ਜੀਵਨ ਵਿਚ ਧਾਰਨ ਕਰਨ ਦਾ ਮਾਰਗ ਦੱਸਦੀ ਹੈ।

ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 15 ਰਾਗਾਂ ਅਧੀਨ 59 ਸ਼ਬਦਾਂ ਅਤੇ 57 ਸਲੋਕਾਂ ਵਿਚ ਸਮੋਈ ਹੋਈ ਹੈ। ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਦੀ ਰਚਨਾ ਕਰਨ ਲਈ ਇਹਨਾਂ ਰਾਗਾਂ ਦੀ ਵਰਤੋਂ ਕੀਤੀ ਸੀ - ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲੁ, ਰਾਮਕਲੀ, ਮਾਰੂ, ਬਸੰਤੁ, ਸਾਰੰਗ, ਜੈਜਾਵੰਤੀ। ਇਹਨਾਂ ਰਾਗਾਂ ਵਿਚੋਂ ਜੈਜਾਵੰਤੀ ਇਕ ਅਜਿਹਾ ਰਾਗ ਹੈ ਜਿਸ ਦੀ ਵਰਤੋਂ ਕੇਵਲ ਗੁਰੂ ਤੇਗ ਬਹਾਦਰ ਜੀ ਨੇ ਕੀਤੀ ਸੀ। ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਬਾਣੀ ਉਹਨਾਂ ਦੇ ਉੱਤਰਾਧਿਕਾਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਕੀਤੀ ਸੀ।

ਗੁਰੂ ਤੇਗ ਬਹਾਦਰ ਜੀ ਦੁਆਰਾ ਰਚਿਤ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖ਼ੀਰ ਵਿਚ ਦਰਜ ਕੀਤੇ ਗਏ ਹਨ ਜਿਹੜੇ ਕਿ ਪਾਠ ਦੀ ਸੰਪੂਰਨਤਾ ਵੱਲ ਸੰਕੇਤ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਕਰਨ ਵਾਲੇ ਅਕਸਰ ਇਹ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਜਪੁ' ਇਸ ਗ੍ਰੰਥ ਦੀ ਭੂਮਿਕਾ ਹੈ ਅਤੇ ਗੁਰੂ ਤੇਗ ਬਹਾਦਰ ਜੀ ਦੇ ਸਲੋਕ ਇਸ ਦਾ ਸਾਰ ਹਨ। ਇਸ ਦਾ ਭਾਵ ਹੈ ਕਿ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਹੜੀ ਵਿਚਾਰਧਾਰਾ ਸਿਰਜੀ ਹੋਈ ਹੈ, ਉਸੇ ਨੂੰ ਸਾਰ-ਸੰਖੇਪ ਰੂਪ ਵਿਚ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਰਾਹੀਂ ਸਮਝਿਆ ਜਾ ਸਕਦਾ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਨਿਰਭਉ ਅਤੇ ਨਿਰਵੈਰ ਰਹਿਣ ਦੀ ਪ੍ਰੇਰਨਾ ਮਿਲਦੀ ਹੈ ਜਿਹੜੀ ਕਿ ਮਨੁੱਖੀ ਜੀਵਨ-ਆਦਰਸ਼ ਦੀ ਸਿਖ਼ਰ ਹੈ ਪਰ ਇਸ ਦੀ ਪ੍ਰਾਪਤੀ ਲਈ ਕਿਹੜੇ ਯਤਨ ਕਰਨ ਦੀ ਲੋੜ ਹੈ, ਉਸ ਦਾ ਵਿਖਿਆਨ ਸਮੁੱਚੀ ਬਾਣੀ ਵਿਚੋਂ ਮਿਲਦਾ ਹੈ। ਗੁਰੂ ਸਾਹਿਬ ਦੀ ਸ਼ਹਾਦਤ ਵਿਚੋਂ ਵੀ ਉਹਨਾਂ ਦੀ ਵਿਚਾਰਧਾਰਾ ਦਾ ਪ੍ਰਗਟਾਵਾ ਹੁੰਦਾ ਹੈ। ਨਿਰਭਉ ਅਤੇ ਨਿਰਵੈਰ ਰਹਿ ਕੇ ਜੀਵਨ ਬਸਰ ਕਰਨ ਦੇ ਨਾਲ-ਨਾਲ ਮਨੁੱਖੀ ਅਧਿਕਾਰਾਂ ਪ੍ਰਤੀ ਚੇਤਨ ਰਹਿਣਾ ਅਤੇ ਪਰਮਾਤਮਾ ਦੁਆਰਾ ਸਥਾਪਿਤ ਕੀਤੇ ਗਏ ਬਹੁਲਵਾਦ ਦੇ ਨਿਯਮ ਨੂੰ ਪ੍ਰਵਾਨ ਕਰਦੇ ਹੋਏ ਉਸ ਦੀ ਰਾਖੀ ਲਈ ਆਪਣਾ ਜੀਵਨ ਲੇਖੇ ਲਾ ਦੇਣਾ ਉਹਨਾਂ ਦੀ ਵਿਚਾਰਧਾਰਾ ਦਾ ਪ੍ਰਮੁੱਖ ਅੰਗ ਹੈ। ਬਾਣੀ ਦੇ ਆਸਰੇ ਜਿਹੜੀ ਸਰਬ-ਵਿਆਪੀ ਧਾਰਮਿਕ ਭਾਵਨਾ ਪੈਦਾ ਹੁੰਦੀ ਹੈ, ਸਮਾਜਿਕ ਆਦਰਸ਼ਾਂ ਦੀ ਸਥਾਪਤੀ ਅਤੇ ਮਨੁੱਖਤਾ ਦੀ ਰਾਖੀ ਲਈ ਚੇਤਨ ਪੈਦਾ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਗੁਰੂ ਸਾਹਿਬ ਦੀ ਸਮੁੱਚੀ ਵਿਚਾਰਧਾਰਾ ਪਦਾਰਥ ਤੋਂ ਪਰਮਾਰਥ ਵਾਲੇ ਮਾਰਗ ਵੱਲ ਲੈ ਕੇ ਜਾਂਦੀ ਹੈ। ਸ੍ਰਿਸ਼ਟੀ ਦੇ ਤੱਤਾਂ ਨਾਲ ਬਣੇ ਹੋਏ ਮਨੁੱਖ ਨੇ ਦੇਹ ਤੋਂ ਦੈਵੀ ਅਨੁਭਵ ਦਾ ਸਫ਼ਰ ਤੈਅ ਕਰਨਾ ਹੈ ਜਿਸ ਲਈ ਅਧਿਆਤਮਿਕ ਬਲ ਪੈਦਾ ਕਰਨ ਦੀ ਲੋੜ ਹੈ। ਮਨੁੱਖ ਦਾ ਸਰੀਰਕ ਵਿਕਾਸ ਇਸ ਨੂੰ ਸਰੀਰਕ ਲੋੜਾਂ ਦੀ ਪੂਰਤੀ ਵੱਲ ਲੈ ਕੇ ਜਾਂਦਾ ਹੈ ਪਰ ਮਨ ਵਿਚ ਨਿਮਰਤਾ, ਸਹਿਜ ਅਤੇ ਦਇਆ ਭਾਵਨਾ ਪੈਦਾ ਕਰਨ ਲਈ ਵਡੇਰੇ ਆਦਰਸ਼ਾਂ ਨੂੰ ਧਾਰਨ ਕਰਨ ਦੀ ਲੋੜ ਪੈਂਦੀ ਹੈ ਜਿਹੜੇ ਕਿ ਅਧਿਆਤਮਿਕ ਉੱਚਤਾ ਰਾਹੀਂ ਪ੍ਰਗਟ ਹੁੰਦੇ ਹਨ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖ ਨੂੰ ਦੁਨਿਆਵੀ ਮਾਇਆ ਅਤੇ ਵਿਸ਼ੇ-ਵਿਕਾਰਾਂ ਤੋਂ ਉਦਾਸ ਜਾਂ ਨਿਰਲੇਪ ਰਹਿਣ ਦੀ ਸਿੱਖਿਆ ਪ੍ਰਦਾਨ ਕਰਦੀ ਹੈ। ਮਾਇਆ ਦੇ ਪ੍ਰਭਾਵ ਤੋਂ ਮੁਕਤ ਰਹਿ ਕੇ ਹੀ ਮਨੁੱਖ ਪ੍ਰਭੂ-ਪ੍ਰੇਮ ਅਤੇ ਪ੍ਰਭੂ-ਪ੍ਰਾਪਤੀ ਦਾ ਮਾਰਗ ਧਾਰਨ ਕਰ ਸਕਦਾ ਹੈ। ਜਿਹੜੇ ਵਿਦਵਾਨ ਗੁਰੂ ਸਾਹਿਬ ਦੀ ਇਸ ਭਾਵਨਾ ਨੂੰ ਗ੍ਰਹਿਣ ਕਰਨ ਵਿਚ ਟਪਲਾ ਖਾ ਗਏ ਹਨ ਉਹ ਇਹ ਕਹਿ ਦਿੰਦੇ ਹਨ ਕਿ ਗੁਰੂ ਜੀ ਦੀ ਬਾਣੀ ਵੈਰਾਗਮਈ ਭਾਵਨਾਵਾਂ ਦਾ ਪ੍ਰਗਟਾਵਾ ਕਰਦੀ ਹੈ। ਇਸ ਦੇ ਵਿਪਰੀਤ ਜਿਹੜੇ ਖੋਜੀਆਂ ਨੇ ਗੁਰੂ ਸਾਹਿਬ ਦੀ ਬਾਣੀ ਦੇ ਰਸ ਨੂੰ ਸਮਝਣ ਦਾ ਯਤਨ

ਕੀਤਾ ਹੈ ਉਹ ਕਹਿੰਦੇ ਹਨ ਕਿ ਗੁਰੂ ਸਾਹਿਬ ਦੀ ਬਾਣੀ ਜਿਗਿਆਸੂ ਦੇ ਮਨ ਵਿਚ ਵੈਰਾਗਮਈ ਭਾਵਨਾ ਦੀ ਬਜਾਏ ਬੀਰ ਰਸ ਪੈਦਾ ਕਰਦੀ ਹੈ ਜਿਹੜੀ ਕਿ ਦੁਨਿਆਵੀ ਵਿਸ਼ੇ-ਵਿਕਾਰਾਂ ਤੋਂ ਨਿਰਲੇਪ ਰਹਿਣ ਦੇ ਨਾਲ-ਨਾਲ ਸਹਿਜ ਅਤੇ ਸਵੈਮਾਨ ਭਰਪੂਰ ਜੀਵਨ-ਜਾਚ ਵਾਲੇ ਆਦਰਸ਼ ਪੈਦਾ ਕਰਦੀ ਹੈ।

ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਬਾਣੀ ਮਨੁੱਖ ਨੂੰ ਮਾਇਆ ਤੋਂ ਨਿਰਲੇਪ ਰਹਿ ਕੇ ਪ੍ਰਭੂ-ਪ੍ਰੇਮ ਪੈਦਾ ਕਰਨ ਲਈ ਪ੍ਰੇਰਿਤ ਕਰਦੀ ਹੈ। ਗੁਰੂ ਸਾਹਿਬ ਦੀ ਬਾਣੀ ਵਿਚ ਦੋ ਸ਼ਬਦ ਅਜਿਹੇ ਮਿਲਦੇ ਹਨ ਜਿਹੜੇ ਉਹਨਾਂ ਦੀ ਵਿਚਾਰਧਾਰਾ ਨੂੰ ਸਮਝਣ ਵਿਚ ਸਹਾਈ ਹੁੰਦੇ ਹਨ। ਇਹਨਾਂ ਵਿਚੋਂ ਇਕ ਹੈ ਬੈਰਾਗ ਅਤੇ ਦੂਜਾ ਹੈ ਉਦਾਸ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਦੋਵੇਂ ਸ਼ਬਦ ਇਕੋ ਭਾਵ ਵਿਚ ਵਰਤੇ ਦਿਖਾਈ ਦਿੰਦੇ ਹਨ ਜਿਵੇਂ ਬੈਰਾਗ ਸ਼ਬਦ ਦੀ ਵਰਤੋਂ ਕਰਦੇ ਹੋਏ ਉਹ ਕਹਿੰਦੇ ਹਨ:

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ॥[1]

ਇਸ ਸਲੋਕ ਵਿਚ ਗੁਰੂ ਜੀ ਸਮਝਾਉਂਦੇ ਹਨ ਕਿ ਉਹੀ ਮਨੁੱਖ ਅਸਲ ਬੈਰਾਗੀ ਹੈ ਅਤੇ ਉਸੇ ਦੇ ਵੱਡੇ ਭਾਗ ਹਨ ਜਿਸ ਨੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪੀ ਵਿਕਾਰਾਂ ਨੂੰ ਤਿਆਗ ਦਿੱਤਾ ਹੈ। ਇਸੇ ਦ੍ਰਿਸ਼ਟੀ ਤੋਂ ਉਦਾਸ ਸ਼ਬਦ ਦੀ ਵਰਤੋਂ ਦੇਖੀ ਜਾ ਸਕਦੀ ਹੈ। ਸਿੱਖ ਧਰਮ ਵਿਚ ਇਹ ਸ਼ਬਦ ਚਾਰ ਰੂਪਾਂ ਵਿਚ ਆਇਆ ਹੈ - ਭੇਖ, ਚਿੰਤਾ, ਯਾਤਰਾ ਅਤੇ ਨਿਰਲੇਪਤਾ। ਗੁਰੂ ਤੇਗ ਬਹਾਦਰ ਜੀ ਨੇ ਇਸ ਸ਼ਬਦ ਦੀ ਵਰਤੋਂ ਨਿਰਲੇਪਤਾ ਦੇ ਰੂਪ ਵਿਚ ਕੀਤੀ ਹੈ। ਵਿਸ਼ੇ-ਵਿਕਾਰਾਂ ਤੋਂ ਨਿਰਲੇਪ ਰਹਿਣ ਦੀ ਪ੍ਰੇਰਨਾ ਕਰਦੇ ਹੋਏ ਗੁਰੂ ਜੀ ਕਹਿੰਦੇ ਹਨ:

ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ॥
ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ॥[2]
ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ॥[3]

ਉਕਤ ਦੋਵੇਂ ਸਲੋਕਾਂ ਵਿਚੋਂ ਪਹਿਲੇ ਸਲੋਕ ਵਿਚ ਗੁਰੂ ਜੀ ਵਿਸ਼ੇ-ਵਿਕਾਰਾਂ ਤੋਂ ਨਿਰਲੇਪ ਨਾ ਰਹਿਣ ਵਾਲੇ ਮਨੁੱਖ ਨੂੰ ਪ੍ਰੇਰਨਾ ਕਰਦੇ ਹਨ ਕਿ ਪਰਮਾਤਮਾ ਦੇ ਸਿਮਰਨ ਨਾਲ ਹੀ ਜਮਾਂ ਦੀ ਮਾਰ ਤੋਂ ਬਚਿਆ ਜਾ ਸਕਦਾ ਹੈ ਅਤੇ ਦੂਜੇ ਸਲੋਕ ਵਿਚ ਉਸ ਮਨੁੱਖ ਦੀ ਅਵਸਥਾ ਦਾ ਵਰਨਨ ਕਰਦੇ ਹਨ ਜਿਨ੍ਹਾਂ ਨੇ ਮੋਹ-ਮਾਇਆ ਦਾ ਤਿਆਗ ਕਰਕੇ ਪਰਮਾਤਮਾ ਨੂੰ ਹਿਰਦੇ ਵਿਚ ਵਸਾ ਲਿਆ ਹੈ।

ਗੁਰੂ ਜੀ ਦੀ ਸਮੁੱਚੀ ਬਾਣੀ ਮਨੁੱਖ ਨੂੰ ਪਰਮਾਤਮਾ ਦੀ ਸਰਬ-ਵਿਆਪਕ ਅਤੇ ਸਰਬ-ਸ਼ਕਤੀਮਾਨ ਹੋਂਦ ਦਾ ਅਨੁਭਵ ਕਰਾਉਂਦੀ ਹੈ ਜਿਸ ਦਾ ਪ੍ਰੇਮ ਅਤੇ ਸਿਮਰਨ ਮਨੁੱਖ ਨੂੰ ਸਮੂਹ ਸਮੱਸਿਆਵਾਂ ਤੋਂ ਮੁਕਤ ਕਰ ਦਿੰਦਾ ਹੈ। ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਪਰਮਾਤਮਾ ਇਕ ਅਜਿਹੀ ਹਸਤੀ ਹੈ ਜਿਹੜੀ ਸਰਬ-ਵਿਆਪਕ, ਸਰਬ-ਸ਼ਕਤੀਮਾਨ ਅਤੇ ਸਰਬ-ਕਲਿਆਣਕਾਰੀ ਰੂਪ ਵਿਚ ਜਗਤ ਵਿਚ ਮੌਜੂਦ ਹੈ। ਕੋਈ ਵੀ ਵੱਡੀ ਤੋਂ ਵੱਡੀ ਦੁਨਿਆਵੀ ਹਸਤੀ ਉਸ ਬਾਰੇ ਨਹੀਂ ਜਾਣ ਸਕਦੀ ਬਲਕਿ ਜਿਸ ਨੂੰ ਉਹ ਆਪ ਚਾਹੁੰਦਾ ਹੈ, ਬਖ਼ਸ਼ਿਸ਼ ਕਰਕੇ ਆਪਣੇ ਨਾਲ ਮਿਲਾ ਲੈਂਦਾ ਹੈ। ਦੁਨਿਆਵੀ ਜਗਤ ਦੀ ਸਭ ਤੋਂ ਸ਼ਕਤੀਸ਼ਾਲੀ ਹਸਤੀ ਉਸ ਦਾ ਮੁਕਾਬਲਾ ਕਰਨ ਤੋਂ ਅਸਮਰੱਥ ਹੈ ਬਲਕਿ ਉਹ ਆਪ ਜਿਸ ਨੂੰ ਚਾਹੇ ਰਾਜੇ ਤੋਂ ਕੰਗਾਲ ਅਤੇ ਕੰਗਾਲ ਤੋਂ ਰਾਜਾ ਬਣਾ ਸਕਦਾ ਹੈ, ਗ਼ਰੀਬ ਦੇ ਭਾਂਡੇ ਭਰ ਸਕਦਾ ਹੈ ਅਤੇ

1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1427.
2. ਉਹੀ, ਪੰਨਾ 1426.
3. ਉਹੀ, ਪੰਨਾ 1427.

ਅਮੀਰਾਂ ਤੋਂ ਭੀਖ਼ ਮੰਗਵਾ ਸਕਦਾ ਹੈ; ਕਈ ਰੂਪਾਂ ਵਿਚ ਉਹ ਇਸ ਜਗਤ ਵਿਚ ਵਿਦਮਾਨ ਹੈ। ਉਸ ਦੇ ਗੁਣਾਂ ਦਾ ਵਿਖਿਆਨ ਨਹੀਂ ਕੀਤਾ ਜਾ ਸਕਦਾ ਬਲਕਿ ਉਸ ਅੱਗੇ ਸਮਰਪਨ ਕਰਦੇ ਹੋਏ ਹਰ ਤਰ੍ਹਾਂ ਦੇ ਭਰਮਾਂ ਤੋਂ ਮੁਕਤ ਹੋਣ ਦੀ ਅਰਜੋਈ ਕੀਤੀ ਜਾ ਸਕਦੀ ਹੈ:

ਗੁਰੂ ਤੇਗ ਬਹਾਦਰ ਜੀ ਪਰਮਾਤਮਾ ਦੀ ਸਰਬ-ਸ਼ਕਤੀਮਾਨਤਾ ਦਾ ਵਿਸਤ੍ਰਿਤ ਵਰਨਨ ਆਪਣੀ ਬਾਣੀ ਵਿਚ ਕਰਦੇ ਹਨ। ਇਸ ਸ੍ਰਿਸ਼ਟੀ ਵਿਚ ਜਿਹੜੀ ਵੀ ਸ਼ੈਅ ਦੇਖੀ ਜਾਂ ਮਹਿਸੂਸ ਕੀਤੀ ਜਾ ਸਕਦੀ ਹੈ, ਉਹ ਪਰਮਾਤਮਾ ਦੀ ਸਿਰਜਨਾ ਹੈ। ਪਰਮਾਤਮਾ ਨੂੰ ਪਰਮਸਤਿ ਮੰਨਿਆ ਗਿਆ ਹੈ ਜਿਹੜਾ ਆਪ ਵੀ ਸੱਚ ਹੈ ਅਤੇ ਉਸ ਦੁਆਰਾ ਪੈਦਾ ਕੀਤੀ ਗਈ ਇਹ ਸ੍ਰਿਸ਼ਟੀ ਵੀ ਸਤਿ-ਸਰੂਪ ਹੈ। ਇਸ ਦਾ ਭਾਵ ਹੈ ਕਿ ਇਸ ਸ੍ਰਿਸ਼ਟੀ ਵਿਚ ਦਿਖਾਈ ਦੇ ਰਹੀ ਕੋਈ ਵੀ ਸ਼ੈਅ ਭਰਮ ਜਾਂ ਮਿਥਿਆ ਨਹੀਂ ਹੈ। ਪਰਮਾਤਮਾ ਦੁਆਰਾ ਸਿਰਜਿਤ ਇਹ ਸ੍ਰਿਸ਼ਟੀ ਕਿਸੇ ਵਿਸ਼ੇਸ਼ ਮਨੋਰਥ ਅਧੀਨ ਕਾਰਜਸ਼ੀਲ ਹੈ। ਭਾਵੇਂ ਕਿ ਇਹ ਸ੍ਰਿਸ਼ਟੀ ਪਰਮਾਤਮਾ ਦੁਆਰਾ ਪੈਦਾ ਕੀਤੀ ਗਈ ਹੈ ਪਰ ਇਹ ਉਸ ਦੀ ਤਰ੍ਹਾਂ ਸਦੀਵੀ ਨਹੀਂ, ਇਹ ਨਾਸ਼ਵਾਨ ਹੈ, ਇੱਥੇ ਪੈਦਾ ਹੋਣ ਵਾਲੀ ਹਰ ਇਕ ਸ਼ੈਅ ਖੁਰ ਜਾਣ ਵਾਲੀ ਹੈ। ਪਰਿਵਰਤਨ ਸ੍ਰਿਸ਼ਟੀ ਦਾ ਨਿਯਮ ਹੈ ਜਿਸ ਵਿਚ ਸਥਿਰਤਾ ਨੂੰ ਕੋਈ ਥਾਂ ਪ੍ਰਾਪਤ ਨਹੀਂ। ਇੱਥੇ ਪੈਦਾ ਹੋਣ ਵਾਲੀ ਹਰ ਇਕ ਵਸਤੂ ਜਾਂ ਹਸਤੀ ਨਿਰੰਤਰ ਬਦਲ ਰਹੀ ਹੈ।

ਸ੍ਰਿਸ਼ਟੀ ਵਿਚ ਜੜ੍ਹ ਅਤੇ ਚੇਤਨ ਵਸਤਾਂ ਮੌਜੂਦ ਹਨ। ਕਈ ਵਾਰੀ ਇੰਝ ਜਾਪਦਾ ਹੈ ਕਿ ਸ੍ਰਿਸ਼ਟੀ ਵਿਚ ਜੜ੍ਹ ਰੂਪੀ ਵਸਤਾਂ ਦੀ ਹੋਂਦ ਸਦੀਵੀ ਹੈ ਅਤੇ ਚੇਤਨ ਰੂਪੀ ਵਸਤਾਂ ਪਰਿਵਰਤਿਤ ਹੋ ਰਹੀਆਂ ਹਨ। ਅਜਿਹਾ ਇਸ ਕਰਕੇ ਜਾਪਦਾ ਹੈ ਕਿਉਂਕਿ ਚੇਤਨ ਜੀਵਾਂ ਵਿਚ ਬਹੁਤ ਛੇਤੀ ਬਦਲਾਉ ਆਉਂਦਾ ਹੈ ਅਤੇ ਉਹ ਸਭ ਦੇ ਸਾਹਮਣੇ ਖੀਨ ਹੋ ਜਾਂਦੀਆਂ ਹਨ। ਇਸ ਦੇ ਉਲਟ ਵੱਡੇ-ਵੱਡੇ ਪਹਾੜ ਉਸੇ ਰੂਪ ਵਿਚ ਹੀ ਦਿਖਾਈ ਦਿੰਦੇ ਹਨ। ਪੰਜ ਸੌ ਸਾਲ ਪਹਿਲਾਂ ਜਿਹੜੇ ਪਹਾੜਾਂ ਦਾ ਵਰਨਨ ਪੁਸਤਕਾਂ ਵਿਚ ਦੇਖਣ ਨੂੰ ਮਿਲਦਾ ਹੈ, ਉਹ ਅੱਜ ਵੀ ਮੌਜੂਦ ਹਨ। ਪਰ ਇਹ ਧਾਰਨਾ ਸਹੀ ਨਹੀਂ ਹੈ। ਜੜ੍ਹ ਰੂਪੀ ਵਸਤਾਂ ਵਿਚ ਪਰਿਵਰਤਨ ਬਹੁਤ ਹੌਲੀ ਹੁੰਦਾ ਹੈ ਅਤੇ ਇਹਨਾਂ ਦੇ ਖੁਰਨ ਦੀ ਗਤੀ ਚੇਤਨ ਵਸਤਾਂ ਤੋਂ ਸੈਂਕੜੇ ਸਾਲ ਪਿੱਛੇ ਚੱਲਦੀ ਹੈ।

ਗੁਰੂ ਤੇਗ ਬਹਾਦਰ ਜੀ ਇਸ ਵਿਸ਼ਵਾਸ ਦੇ ਦ੍ਰਿੜ੍ਹ ਧਾਰਨੀ ਹਨ ਕਿ ਸ੍ਰਿਸ਼ਟੀ ਦੀ ਹੋਂਦ ਸਦੀਵੀ ਨਹੀਂ ਹੈ। ਸ੍ਰਿਸ਼ਟੀ ਦੀ ਨਾਸ਼ਵਨਤਾ ਦਾ ਪ੍ਰਗਟਾਵਾ ਕਰਦੇ ਹੋਏ ਗੁਰੂ ਜੀ ਇਸ ਨੂੰ 'ਬਾਦਰ ਕੀ ਛਾਹੀ', 'ਬਾਲੂ ਕੀ ਭੀਤਿ', 'ਸੁਪਨੇ ਜਿਉ ਸੰਸਾਰੁ', 'ਥਿਰੁ ਨਹੀ ਕੋਇ', 'ਜੋ ਉਪਜਿਓ ਸੋ ਬਿਨਸਿ ਹੈ' ਆਦਿ ਸ਼ਬਦਾਂ ਰਾਹੀਂ ਸੰਬੋਧਨ ਕਰਦੇ ਹਨ।

ਸ੍ਰਿਸ਼ਟੀ ਵਿਚ ਮਨੁੱਖੀ ਜੀਵਨ ਨੂੰ ਸਰਬੋਤਮ ਮੰਨਿਆ ਗਿਆ ਹੈ। ਭਾਵੇਂ ਕਿ ਜਲ, ਅਕਾਸ਼ ਤੇ ਧਰਤੀ 'ਤੇ ਲੱਖਾਂ ਹੀ ਜੀਵ ਮੌਜੂਦ ਹਨ ਪਰ ਚੇਤਨ ਰੂਪੀ ਜਿਹੜੀ ਸ਼ਕਤੀ ਮਨੁੱਖਾਂ ਕੋਲ ਮੌਜੂਦ ਹੈ, ਉਹ ਦੂਜੇ ਜੀਵਾਂ ਵਿਚ ਦੇਖਣ ਨੂੰ ਨਹੀਂ ਮਿਲਦੀ। ਮਨੁੱਖ ਨੂੰ ਸ੍ਰਿਸ਼ਟੀ ਦੇ ਸਮੂਹ ਜੀਵਾਂ ਵਿਚੋਂ ਸਰਬੋਤਮ ਮੰਨਿਆ ਗਿਆ ਹੈ ਪਰ ਇਸ ਦੇ ਨਾਲ ਹੀ ਇਸ ਦੀਆਂ ਜ਼ਿੰਮੇਵਾਰੀਆਂ ਵੀ ਸਭ ਤੋਂ ਜ਼ਿਆਦਾ ਹਨ। ਇਕ ਪਾਸੇ ਇਸ ਨੇ ਦੂਜੇ ਜੀਵਾਂ ਦੀ ਸੰਭਾਲ ਕਰਨੀ ਹੈ ਅਤੇ ਦੂਜੇ ਪਾਸੇ ਪ੍ਰਭੂ-ਬੰਦਗੀ ਕਰਦੇ ਹੋਏ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋਣਾ ਹੈ। ਸ੍ਰਿਸ਼ਟੀ ਦੇ ਸਮੂਹ ਜੀਵਾਂ ਵਿਚੋਂ ਮਨੁੱਖਾ ਜੀਵਨ ਹੀ ਇਕ ਅਜਿਹੀ ਹਸਤੀ ਹੈ ਜਿਹੜੀ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਸਕਦੀ ਹੈ। ਭਾਵੇਂ ਕਿ ਇਸ ਜੀਵਨ ਤੋਂ ਬਾਅਦ ਅਗਲੇ ਜੀਵਨ ਸੰਬੰਧੀ ਵਿਚਾਰ ਤਾਂ ਲਗ-ਪਗ ਸਮੂਹ ਧਰਮਾਂ ਵਿਚ ਦੇਖਣ ਨੂੰ ਮਿਲਦੇ ਹਨ ਪਰ ਉਹ ਜੀਵਨ ਕਿਸ ਤਰ੍ਹਾਂ ਦਾ ਹੋਵੇਗਾ ਇਸ ਬਾਰੇ ਕੋਈ ਸਪਸ਼ਟ ਵਰਨਨ ਨਹੀਂ ਮਿਲਦਾ, ਬਸ ਕਿਆਸ-ਅਰਾਈਆਂ ਹੀ ਹਨ। ਧਰਮ ਗ੍ਰੰਥਾਂ ਵਿਚ ਆਏ ਵਿਚਾਰਾਂ 'ਤੇ ਹੀ ਵਿਸ਼ਵਾਸ ਕਰਨਾ ਪੈਂਦਾ ਹੈ ਜਿਹੜੇ ਕਿ ਮਨੁੱਖੀ ਜੀਵਨ ਦੀ ਤੁਲਨਾ ਉਸ ਪੱਕੇ ਹੋਏ ਫ਼ਲ ਨਾਲ ਕਰਦੇ ਹਨ ਜਿਹੜਾ ਕਿ ਇਕ ਵਾਰੀ ਰੁੱਖ ਤੋਂ ਵੱਖ ਹੋ ਗਿਆ ਤਾਂ ਦੁਬਾਰਾ ਜੁੜ ਨਹੀਂ ਸਕਦਾ।

ਮਨੁੱਖ ਦਾ ਜੀਵਨ ਸ੍ਰਿਸ਼ਟੀ ਦੇ ਤੱਤਾਂ ਅਤੇ ਪਰਮਾਤਮਾ ਦੀ ਜੋਤ ਦਾ ਸੁਮੇਲ ਹੈ। ਸ੍ਰਿਸ਼ਟੀ ਦੇ ਪੰਜ ਤੱਤ ਹਨ - ਹਵਾ, ਅਗਨੀ, ਪਾਣੀ, ਧਰਤੀ ਅਤੇ ਅਕਾਸ਼। ਇਹ ਤੱਤ ਆਪਸ ਵਿਚ ਮਿਲ ਵੀ ਜਾਣ ਤਾਂ ਵੀ ਜੀਵਨ ਪੈਦਾ ਨਹੀਂ ਕਰ ਸਕਦੇ। ਜਦੋਂ ਪਰਮਾਤਮਾ ਇਹਨਾਂ ਨੂੰ ਇਕੱਠੇ ਕਰਕੇ ਆਪਣੀ ਜੋਤ ਨਾਲ ਮਿਲਾ ਦਿੰਦਾ ਹੈ ਤਾਂ ਇਹ ਤੱਤ ਚੇਤਨ ਰੂਪ ਵਿਚ ਕਿਰਿਆਸ਼ੀਲ ਹੋ ਜਾਂਦੇ ਹਨ। ਕਿਰਿਆਸ਼ੀਲ ਹੋਣ ਉਪਰੰਤ ਇਹਨਾਂ ਦਾ ਉਦੇਸ਼ ਆਪੋ-ਆਪਣੇ ਮੂਲ ਵੱਲ ਮੁੜਨਾ ਹੈ ਪਰ ਇਹ ਆਪਣੇ ਉਦੇਸ਼ ਵਿਚ ਉਸ ਸਮੇਂ ਤੱਕ ਸਫ਼ਲ ਨਹੀਂ ਹੋ ਸਕਦੇ ਜਦੋਂ ਤੱਕ ਇਹ ਆਪਣੀ ਮੂਲ ਸ਼ੁੱਧਤਾ ਗ੍ਰਹਿਣ ਨਹੀਂ ਕਰ ਲੈਂਦੇ। ਜਦੋਂ ਸ੍ਰਿਸ਼ਟੀ ਦੇ ਤੱਤ ਅਤੇ ਜੋਤ ਆਪਸ ਵਿਚ ਮਿਲਦੇ ਹਨ ਤਾਂ ਮਨੁੱਖ ਦੀਆਂ ਇੰਦਰੀਆਂ ਵਿਕਾਸ ਕਰਦੀਆਂ ਹਨ। ਇਹ ਇੰਦਰੀਆਂ ਮਨੁੱਖ ਦੇ ਅੰਤਹਕਰਨ ਅਨੁਸਾਰ ਕਾਰਜ ਕਰਦੀਆਂ ਹਨ। ਮਨ, ਬੁੱਧੀ, ਚਿੱਤ ਅਤੇ ਅਹੰਕਾਰ ਨੂੰ ਮਿਲਾ ਕੇ ਮਨੁੱਖ ਦਾ ਅੰਤਹਕਰਨ ਬਣਦਾ ਹੈ ਜਿਹੜਾ ਕਿ ਇੰਦਰੀਆਂ ਨੂੰ ਆਪਣੇ ਕਾਬੂ ਵਿਚ ਕਰ ਲੈਂਦਾ ਹੈ। ਮਨੁੱਖ ਦੀਆਂ ਗਿਆਨ ਇੰਦਰੀਆਂ (ਅੱਖਾਂ, ਨੱਕ, ਕੰਨ, ਜੀਭ ਅਤੇ ਚਮੜੀ) ਅਤੇ ਕਰਮ ਇੰਦਰੀਆਂ (ਹੱਥ, ਮੂੰਹ, ਪੈਰ, ਮੂਤਰ ਦੁਆਰ ਅਤੇ ਗੁਦਾ) ਉਸ ਦੇ ਅੰਤਹਕਰਨ ਦੇ ਅਧੀਨ ਕਾਰਜ ਕਰਦੀਆਂ ਹਨ। ਜਦੋਂ ਤੱਕ ਇਹ ਅੰਤਹਕਰਨ ਸ਼ੁੱਧ ਨਹੀਂ ਹੁੰਦਾ, ਮੁਕਤੀ ਸੰਭਵ ਨਹੀਂ ਮੰਨੀ ਜਾਂਦੀ। ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ ਕਿ ਇਹ ਸਰੀਰ ਪੰਜ ਤੱਤਾਂ ਦਾ ਬਣਿਆ ਹੋਇਆ ਹੈ ਅਤੇ ਇਸ ਨੇ ਅਖ਼ੀਰ ਆਪਣੇ ਮੂਲ ਨਾਲ ਜਾ ਮਿਲਣਾ ਹੈ।[1]

ਆਪਣੇ ਮੂਲ ਵੱਲ ਮੁੜਨਾ ਮਨੁੱਖਾ ਜੀਵਨ ਦਾ ਉਦੇਸ਼ ਹੈ ਪਰ ਦੁਨਿਆਵੀ ਭਟਕਣ ਵਿਚ ਫਸ ਕੇ ਇਹ ਆਪਣਾ ਮੂਲ ਉਦੇਸ਼ ਭੁੱਲ ਜਾਂਦਾ ਹੈ। ਮਾਇਆ ਮਨੁੱਖ ਨੂੰ ਭਟਕਣ ਵਿਚ ਪਾ ਕੇ ਆਪਣੇ ਨਾਲ ਜੋੜ ਲੈਂਦੀ ਹੈ ਜਿਸ ਕਾਰਨ ਜੀਵਨ ਉਦੇਸ਼ ਚਿੱਤ ਵਿਚੋਂ ਵਿਸਰ ਜਾਂਦਾ ਹੈ। ਦੋ ਤਰ੍ਹਾਂ ਦੀ ਮਾਇਆ ਮਨੁੱਖ 'ਤੇ ਵਧੇਰੇ ਪ੍ਰਭਾਵ ਪਾਉਂਦੀ ਹੈ - ਜੜ੍ਹ ਅਤੇ ਚੇਤਨ। ਸੋਨਾ, ਚਾਂਦੀ, ਰੁਪਈਆ, ਘਰ, ਕਾਰ ਆਦਿ ਜੜ੍ਹ ਮਾਇਆ ਦਾ ਰੂਪ ਹਨ ਅਤੇ ਪਸ਼ੂ, ਪੰਛੀ, ਇਸਤਰੀ, ਭੈਣ-ਭਰਾ ਆਦਿ ਚੇਤਨ ਮਾਇਆ ਦਾ ਰੂਪ ਮੰਨੇ ਗਏ ਹਨ। ਦੋਵੇਂ ਅਵਸਥਾਵਾਂ ਵਿਚ ਮਨੁੱਖ ਦਾ ਡੋਲ ਜਾਣਾ ਸੁਭਾਵਿਕ ਹੈ। ਮਾਇਆ ਦੇ ਇਸ ਪ੍ਰਭਾਵ ਕਾਰਨ ਮਨੁੱਖ ਦੇ ਮਨ ਵਿਚ ਇੱਛਾਵਾਂ ਜਾਂ ਕਾਮਨਾਵਾਂ ਪ੍ਰਗਟ ਹੁੰਦੀਆਂ ਹਨ ਜਿਹੜੀਆਂ ਕਿ ਗੁੱਸੇ-ਗਿਲੇ, ਵੈਰ-ਵਿਰੋਧ, ਨਫ਼ਰਤ, ਹੰਕਾਰ, ਲੋਭ ਆਦਿ ਨੂੰ ਜਨਮ ਦਿੰਦੀਆਂ ਹਨ।

ਧਨ ਦੀ ਪ੍ਰਾਪਤੀ ਜੀਵਨ ਵਿਚ ਜ਼ਰੂਰੀ ਮੰਨੀ ਗਈ ਹੈ। ਸਮਾਜ ਵਿਚ ਬਹੁਤ ਸਾਰੇ ਸੰਬੰਧ ਧਨ ਦੀ ਖ਼ੁਸ਼ਹਾਲੀ ਨਾਲ ਵੀ ਜੁੜੇ ਹੁੰਦੇ ਹਨ ਜਿਨ੍ਹਾਂ ਰਾਹੀਂ ਮਨੁੱਖ ਸੁਖਮਈ ਜੀਵਨ ਉਦੇਸ਼ ਦੀ ਪ੍ਰਾਪਤੀ ਲਈ ਆਸਵੰਦ ਹੁੰਦਾ ਹੈ। ਗੁਰਬਾਣੀ ਵਿਚ ਧਨ ਰਾਹੀਂ ਵਿਕਸਿਤ ਹੋਏ ਸੰਬੰਧਾਂ ਨੂੰ ਸੀਮਿਤ ਅਰਥਾਂ ਵਿਚ ਦੇਖਿਆ ਗਿਆ ਹੈ। ਅਜਿਹਾ ਨਹੀਂ ਕਿ ਧਨ ਦੀ ਜੀਵਨ ਵਿਚ ਲੋੜ ਨਹੀਂ ਹੁੰਦੀ ਬਲਕਿ ਇਸ ਤੋਂ ਬਗ਼ੈਰ ਜੀਵਨ ਵਿਕਾਸ ਸੰਭਵ ਨਹੀਂ ਮੰਨਿਆ ਜਾਂਦਾ। ਗੁਰਬਾਣੀ ਵਿਚ ਸੇਵਾ ਅਤੇ ਪਰਉਪਕਾਰ ਦੇ ਕਾਰਜਾਂ ਅਤੇ ਇਮਾਨਦਾਰੀ ਵਾਲੀ ਜੀਵਨ-ਜਾਚ ਵਿਚ ਇਸ ਦਾ ਵਿਸ਼ੇਸ਼ ਮਹੱਤਵ ਮੰਨਿਆ ਗਿਆ ਹੈ। ਸਿੱਖ ਨੂੰ ਧਰਮ ਦੀ ਕਿਰਤ ਕਰਦੇ ਹੋਏ ਵੰਡ ਛਕਣ ਦੀ ਪ੍ਰੇਰਨਾ ਕੀਤੀ ਗਈ ਹੈ। ਨਿੱਜੀ ਜੀਵਨ ਵਿਚ ਧਨ ਦੀ ਵਰਤੋਂ ਸਹਿਜ ਵਿਚ ਰਹਿ ਕੇ ਕਰਨ ਲਈ ਜ਼ੋਰ ਦਿੰਦੇ ਹੋਏ ਇਸ ਵਿਚੋਂ ਦੂਜਿਆਂ ਦੀਆਂ ਲੋੜਾਂ ਪੂਰੀਆਂ ਕਰਨ ਹਿਤ ਯਤਨਸ਼ੀਲ ਰਹਿਣ ਲਈ ਕਿਹਾ ਗਿਆ ਹੈ। ਅਜਿਹਾ ਕਰਨ ਨਾਲ ਮਾਨਸਿਕ ਸੰਤੁਸ਼ਟੀ ਅਤੇ ਅਧਿਆਤਮਿਕ ਬਲ ਪੈਦਾ ਹੁੰਦਾ ਹੈ ਜਿਹੜਾ ਕਿ ਵਡੇਰੇ ਮਨੁੱਖੀ ਹਿਤਾਂ ਲਈ ਕਾਰਜਸ਼ੀਲ ਰਹਿਣ ਦੀ ਪ੍ਰੇਰਨਾ ਕਰਦਾ ਹੈ। ਗੁਰੂ ਤੇਗ ਬਹਾਦਰ ਜੀ ਅਧਿਆਤਮਿਕ ਬਲ ਨੂੰ ਸਮੂਹ ਸਮੱਸਿਆਵਾਂ ਦਾ ਟਾਕਰਾ ਕਰਨ ਵਾਲੀ ਸ਼ਕਤੀ ਦੇ ਰੂਪ ਵਿਚ ਦੇਖਦੇ ਹਨ। ਦੂਜੇ ਪਾਸੇ ਜਦੋਂ ਮਨੁੱਖ ਦੇ ਮਨ ਵਿਚ ਲੋਭ ਦੀ ਪ੍ਰਵਿਰਤੀ ਭਾਰੂ ਹੋ ਜਾਂਦੀ ਹੈ ਤਾਂ ਉਹ ਵੱਧ ਤੋਂ ਵੱਧ ਧਨ ਇਕੱਤਰ ਕਰਨ ਦੀ ਇੱਛਾ ਰੱਖਣ ਲੱਗ ਪੈਂਦਾ ਹੈ। ਧਨ ਦੀ ਪ੍ਰਾਪਤੀ ਲਈ ਉਹ ਹਰ ਇਕ ਕਾਰਜ ਕਰਨ ਲਈ

1. ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1426.

ਤਿਆਰ ਹੋ ਜਾਂਦਾ ਹੈ ਜਿਸ ਨਾਲ ਉਸ ਦਾ ਮਾਨਸਿਕ ਅਤੇ ਅਧਿਆਤਮਿਕ ਬਲ ਘੱਟ ਜਾਂਦਾ ਹੈ। ਜਿਹੜੇ ਮਨੁੱਖ ਉਸ ਦੇ ਸੰਪਰਕ ਵਿਚ ਹੁੰਦੇ ਹਨ ਉਹ ਵੀ ਉਸ ਤੋਂ ਪ੍ਰਭਾਵਿਤ ਹੋ ਕੇ ਮਾਇਆ ਇਕੱਤਰ ਕਰਨ ਵੱਲ ਰੁਚਿਤ ਹੋ ਜਾਂਦੇ ਹਨ। ਗੁਰਬਾਣੀ ਵਿਚ ਧਨ ਨੂੰ ਮਾਇਆ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ।

ਧਨ ਦੀ ਤਰ੍ਹਾਂ ਇਸਤਰੀ ਵੀ ਮਨੁੱਖ ਨੂੰ ਸਭ ਤੋਂ ਵਧੇਰੇ ਪ੍ਰਭਾਵਿਤ ਕਰਦੀ ਹੈ। ਸੁਚਾਰੂ ਜੀਵਨ ਦੀ ਦਿਸ਼ਾ ਵਿਚ ਇਸ ਨੂੰ ਸਾਥੀ ਮੰਨਿਆ ਗਿਆ ਹੈ। ਗੁਰਬਾਣੀ ਵਿਚ ਪਤੀ-ਪਤਨੀ ਦੇ ਰਿਸ਼ਤੇ ਨੂੰ ਪਵਿੱਤਰ ਮੰਨ ਕੇ 'ਏਕ ਜੋਤਿ ਦੁਇ ਮੂਰਤੀ' ਦੀ ਸੰਗਿਆ ਦਿੱਤੀ ਗਈ ਹੈ। ਇਸਤਰੀ ਰਾਹੀਂ ਪਰਿਵਾਰ ਅਤੇ ਕਈ ਨਵੇਂ ਰਿਸ਼ਤਿਆਂ ਦੀ ਸ਼ੁਰੂਆਤ ਹੁੰਦੀ ਹੈ। ਇਸਤਰੀ ਨੂੰ ਪੁਰਸ਼ ਦਾ ਸਵੈਮਾਨ ਵੀ ਮੰਨਿਆ ਜਾਂਦਾ ਹੈ ਅਤੇ ਜਦੋਂ ਇਸ 'ਤੇ ਕੋਈ ਚੋਟ ਕਰਦਾ ਹੈ ਤਾਂ ਪੁਰਸ਼ ਆਪਣਾ ਸਭ ਕੁੱਝ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ। ਪਤਨੀ ਦੇ ਰੂਪ ਵਿਚ ਇਸਤਰੀ ਪੁਰਸ਼ ਦੇ ਜੀਵਨ ਵਿਚ ਗਤੀ ਪ੍ਰਦਾਨ ਕਰਦੀ ਹੈ ਅਤੇ ਜੇਕਰ ਇਹ ਰਿਸ਼ਤੇ ਸੁਚਾਰੂ ਦਿਸ਼ਾ ਵਿਚ ਕਾਰਜ ਕਰਦੇ ਰਹਿਣ ਤਾਂ ਮਨੁੱਖ ਕਦੇ ਵੀ ਨਿਰਾਸਤਾ ਦੇ ਆਲਮ ਵਿਚ ਪ੍ਰਵੇਸ਼ ਨਹੀਂ ਕਰਦਾ।

ਦੂਜੇ ਪਾਸੇ ਇਸਤਰੀ ਨੂੰ ਮਾਇਆ ਦੇ ਰੂਪ ਵਿਚ ਦੇਖਿਆ ਜਾਂਦਾ ਹੈ ਜਿਹੜੀ ਪੁਰਸ਼ ਦੇ ਮਨ ਵਿਚ ਖਿੱਚ ਪੈਦਾ ਕਰਦੀ ਹੈ। ਪਰਾਈ ਇਸਤਰੀ ਪ੍ਰਤੀ ਮਨੁੱਖ ਨੂੰ ਹਮੇਸ਼ਾਂ ਸੁਚੇਤ ਰਹਿਣ 'ਤੇ ਜ਼ੋਰ ਦਿੱਤਾ ਗਿਆ ਹੈ। ਸਿੱਖ ਰਹਿਤ ਮਰਯਾਦਾ ਵਿਚ ਪੁਰਸ਼ ਦਾ ਪਰਾਈ ਇਸਤਰੀ ਨਾਲ ਅਤੇ ਇਸਤਰੀ ਦਾ ਪਰਾਏ ਪੁਰਸ਼ ਨਾਲ ਸੰਗ ਬੱਜਰ ਕੁਰਹਿਤ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਸਮਾਜ ਵਿਚ ਵਧੇਰੇ ਘਟਨਾਵਾਂ ਅਜਿਹੀਆਂ ਦੇਖੀਆਂ ਜਾਂਦੀਆਂ ਹਨ ਜਿੱਥੇ ਪੁਰਸ਼ ਸਦਾਚਾਰ ਤੋਂ ਡੋਲ ਜਾਂਦਾ ਹੈ। ਇਸ ਲਈ ਵਧੇਰੇ ਸੰਬੋਧਨ ਵੀ ਪੁਰਸ਼ ਨੂੰ ਹੀ ਕੀਤਾ ਗਿਆ ਹੈ ਕਿ ਸਮਾਜ ਵਿਚ ਰਹਿੰਦੇ ਹੋਏ ਪੁਰਸ਼ ਆਪਣੇ ਸਦਾਚਾਰ ਨੂੰ ਕਾਇਮ ਰੱਖਣ ਪ੍ਰਤੀ ਸੁਚੇਤ ਹੋਵੇ। ਗੁਰੂ ਤੇਗ ਬਹਾਦਰ ਜੀ ਪਰਾਈ ਇਸਤਰੀ ਦੇ ਸੰਗ ਨੂੰ 'ਪਗਹੁ ਪਰੀ ਬੇਰੀ' ਦੱਸਦੇ ਹਨ ਜਿਹੜੀ ਕਿ ਅਧਿਆਤਮਿਕ ਵਿਕਾਸ ਵਿਚ ਰੁਕਾਵਟ ਬਣਨ ਦੇ ਨਾਲ-ਨਾਲ ਮਨੁੱਖ ਨੂੰ ਵਿਭਚਾਰ ਵੱਲ ਲੈ ਜਾਂਦੀ ਹੈ।

ਜੜ੍ਹ ਅਤੇ ਚੇਤਨ ਮਾਇਆ ਦੇ ਇਹ ਦੋਵੇਂ ਰੂਪ ਜਿੱਥੇ ਮਨ ਵਿਚ ਭਟਕਣ ਪੈਦਾ ਕਰਦੇ ਹਨ, ਉੱਥੇ ਇਹ ਮਨੁੱਖ ਦੇ ਹੰਕਾਰ ਦਾ ਕਾਰਨ ਵੀ ਬਣਦੇ ਹਨ। ਵਧੇਰੇ ਧਨ ਦਾ ਹੰਕਾਰ ਮਨੁੱਖ ਦੇ ਮਨ ਵਿਚ ਵਿਕਾਰਾਂ ਨੂੰ ਜਨਮ ਦਿੰਦਾ ਹੈ। ਇਸ ਪ੍ਰਭਾਵ ਅਧੀਨ ਜਦੋਂ ਉਹ ਇਹ ਸਮਝਣ ਲੱਗ ਪੈਂਦਾ ਹੈ ਕਿ ਉਹ ਹਰ ਇਕ ਦੁਨਿਆਵੀ ਸ਼ੈਅ ਨੂੰ ਖਰੀਦਣ ਜਾਂ ਪ੍ਰਭਾਵਿਤ ਕਰਨ ਦੇ ਸਮਰੱਥ ਹੈ। ਮਨੁੱਖ ਦੇ ਮਨ ਵਿਚ ਪੈਦਾ ਹੋਇਆ 'ਮੈਂ' ਦਾ ਭਾਵ ਉਸ ਦੇ ਪਤਨ ਦਾ ਕਾਰਨ ਬਣਦਾ ਹੈ। ਆਪਣੇ ਦੋਸਤਾਂ ਜਾਂ ਰਿਸ਼ਤੇਦਾਰਾਂ ਤੋਂ ਵਧੇਰੇ ਧਨ ਹੋਣ ਦਾ ਅਹਿਸਾਸ ਜਾਂ ਦੁਨੀਆਂ ਦੇ ਅਮੀਰ ਵਿਅਕਤੀਆਂ ਜਿੰਨਾ ਧਨ ਹੋਣ ਦਾ ਮਾਣ ਮਨੁੱਖ ਦੇ ਮਨ ਵਿਚ ਹੰਕਾਰ ਪੈਦਾ ਕਰਦਾ ਹੈ। ਹੰਕਾਰ ਦੇ ਪ੍ਰਭਾਵ ਅਧੀਨ ਮਨੁੱਖ ਨੂੰ ਆਪਣੇ ਅਸਲ ਆਪੇ ਦੀ ਪਛਾਣ ਭੁੱਲ ਜਾਂਦੀ ਹੈ ਅਤੇ ਉਹ ਦੁਨਿਆਵੀ ਤੌਰ 'ਤੇ ਪੈਦਾ ਹੋਈ ਪਛਾਣ ਨੂੰ ਹੀ ਸਰਬੋਤਮ ਮੰਨਣ ਲੱਗ ਪੈਂਦਾ ਹੈ। ਮਨੁੱਖ ਦੇ ਮਨ ਵਿਚ ਪੈਦਾ ਹੋਈ ਅਜਿਹੀ ਬਿਰਤੀ ਉਸ ਦੇ ਬੰਧਨ ਦਾ ਕਾਰਨ ਬਣਦੀ ਹੈ।[1]

ਮਾਇਆ ਦਾ ਪ੍ਰਭਾਵ ਮਨੁੱਖ ਨੂੰ ਸਹੀ ਅਤੇ ਗਲਤ ਦੀ ਪਛਾਣ ਨਹੀਂ ਹੋਣ ਦਿੰਦਾ। ਸਦਾਚਾਰ ਦਾ ਪ੍ਰਭਾਵ ਜੀਵਨ ਵਿਚੋਂ ਮਨਫ਼ੀ ਹੋ ਜਾਂਦਾ ਹੈ ਅਤੇ ਸਵਾਰਥ ਹਰ ਕਾਰਜ ਦਾ ਧੁਰਾ ਬਣ ਜਾਂਦਾ ਹੈ। ਸਮਾਜ ਵਿਚ ਮੌਜੂਦ ਸੰਗੀ-ਸਾਥੀ ਆਪੋ-ਆਪਣੇ ਸਵਾਰਥ ਦੀ ਪੂਰਤੀ ਲਈ ਯਤਨਸ਼ੀਲ ਰਹਿੰਦੇ ਹਨ। ਇਸ ਦਾ ਇਕ ਵੱਡਾ ਕਾਰਨ ਇਹ ਹੁੰਦਾ ਹੈ ਕਿ

1. ਮਾਈ ਮੈ ਮਨ ਕੋ ਮਾਨੁ ਨ ਤਿਆਗਿਓ॥
ਮਾਇਆ ਕੇ ਮਦਿ ਜਨਮੁ ਸਿਰਾਇਓ ਰਾਮ ਭਜਨਿ ਨਹੀ ਲਾਗਿਓ॥
ਜਮ ਕੋ ਡੰਡੁ ਪਰਿਓ ਸਿਰ ਊਪਰਿ ਤਬ ਸੋਵਤ ਤੈ ਜਾਗਿਓ॥
ਕਹਾ ਹੋਤ ਅਬ ਕੈ ਪਛੁਤਾਏ ਛੂਟਤ ਨਾਹਿਨ ਭਾਗਿਓ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1008.

ਉਸ ਨੇ ਜਿੰਨਾ ਵੀ ਧਨ-ਪਦਾਰਥ ਇਕੱਤਰ ਕੀਤਾ ਹੁੰਦਾ ਹੈ ਉਸ ਦਾ ਅਧਾਰ ਵੀ ਇਹੀ ਬਿਰਤੀ ਰਹੀ ਹੁੰਦੀ ਹੈ। ਆਪਣੇ ਸੁੱਖ ਦੀ ਪ੍ਰਾਪਤੀ ਅਧੀਨ ਲੋੜ ਅਨੁਸਾਰ ਹਰ ਇਕ ਦੀ ਖ਼ੁਸ਼ਾਮਦ ਕਰਦਾ ਹੈ, ਲੋਭ ਦੀ ਬਿਰਤੀ ਅਧੀਨ ਦਸਾਂ ਦਿਸ਼ਾਵਾਂ ਵਿਚ ਦੌੜਿਆ ਫਿਰਦਾ ਹੈ ਅਤੇ ਦੂਜਿਆਂ 'ਤੇ ਜ਼ੁਲਮ ਕਰਨ ਤੋਂ ਵੀ ਗ਼ੁਰੇਜ਼ ਨਹੀਂ ਕਰਦਾ। ਗੁਰੂ ਸਾਹਿਬ ਅਜਿਹੇ ਮਨੁੱਖ ਦੀ ਤੁਲਨਾ ਉਸ ਕੁੱਤੇ ਨਾਲ ਕਰਦੇ ਹਨ ਜਿਹੜਾ ਆਪਣੇ ਸਵਾਰਥ ਦੀ ਖ਼ਾਤਰ ਹਰ ਦਰ 'ਤੇ ਭਟਕਦਾ ਰਹਿੰਦਾ ਹੈ। ਅਜਿਹੇ ਮਨੁੱਖ ਦੇ ਮਨ ਵਿਚ ਨਾ ਤਾਂ ਕਦੇ ਅਧਿਆਤਮਿਕ ਸੂਝ ਪੈਦਾ ਹੁੰਦੀ ਹੈ ਅਤੇ ਨਾ ਹੀ ਲੋਕ-ਲਾਜ ਦੀ ਸ਼ਰਮ ਮਹਿਸੂਸ ਹੁੰਦੀ ਹੈ। ਆਪਣੀ ਖੋਟੀ ਮੱਤ ਕਰਕੇ ਉਹ ਆਪਣਾ ਜੀਵਨ ਵਿਅਰਥ ਗਵਾ ਲੈਂਦਾ ਹੈ।[1]

ਮਨੁੱਖ ਦਾ ਮਨ ਦੁਨਿਆਵੀ ਪਦਾਰਥਾਂ ਦੀ ਇੱਛਾ ਰੱਖਦਾ ਹੈ ਅਤੇ ਇਹਨਾਂ ਦੀ ਪੂਰਤੀ ਲਈ ਹੀ ਬਹੁਤਾ ਜੀਵਨ ਬਸਰ ਕਰ ਦਿੰਦਾ ਹੈ। ਗੁਰਬਾਣੀ ਵਿਚ ਮਨ ਦੀ ਤੁਲਨਾ ਪਰਮਾਤਮਾ ਦੀ ਜੋਤਿ ਨਾਲ ਵੀ ਕੀਤੀ ਗਈ ਹੈ। ਇਸ ਦਾ ਭਾਵ ਹੈ ਕਿ ਮਨ ਦਾ ਇਕ ਹਿੱਸਾ ਅਧਿਆਤਮ ਨਾਲ ਵੀ ਜੁੜਿਆ ਹੁੰਦਾ ਹੈ। ਮਨੁੱਖੀ ਮਨ ਜਦੋਂ ਪਦਾਰਥਾਂ ਤੋਂ ਉੱਚਾਟ ਹੋ ਜਾਂਦਾ ਹੈ ਤਾਂ ਆਪਣੇ ਮੂਲ ਦਾ ਆਸਰਾ ਭਾਲਦਾ ਹੈ। ਇਸ ਪ੍ਰਭਾਵ ਅਧੀਨ ਉਸ ਨੂੰ ਜੀਵਨ ਦੀ ਸੱਚਾਈ ਸਮਝ ਆਉਣ ਲੱਗਦੀ ਹੈ ਕਿ ਲਾਲਚ ਅਧੀਨ ਜਿਹੜੇ ਕਰਮ ਕੀਤੇ ਸਨ ਉਹ ਬੰਧਨ ਦਾ ਕਾਰਨ ਬਣ ਗਏ ਹਨ। ਮਨੁੱਖ ਨੂੰ ਜਦੋਂ ਆਪਣੇ ਜੀਵਨ ਉਦੇਸ਼ ਦੀ ਸਮਝ ਲੱਗਦੀ ਹੈ ਤਾਂ ਮਨ ਵਿਚ ਪਛਤਾਵਾ ਹੁੰਦਾ ਹੈ ਕਿ ਜਿਹੜੇ ਕਰਮ ਕਰਨੇ ਚਾਹੀਦੇ ਸਨ, ਉਹ ਕੀਤੇ ਨਹੀਂ ਅਤੇ ਜਿਨ੍ਹਾਂ ਤੋਂ ਬਚਣਾ ਸੀ, ਉਹਨਾਂ ਵਿਚ ਗਲਤਾਨ ਹੋ ਕੇ ਜੀਵਨ ਬਰਬਾਦ ਕਰ ਲਿਆ ਹੈ।[2]

ਮਨ ਵਿਚ ਪੈਦਾ ਹੋਇਆ ਪਸਚਾਤਾਪ ਮਨੁੱਖ ਨੂੰ ਪਰਮਾਤਮਾ ਵੱਲ ਮੁੜਨ ਦੀ ਇੱਛਾ ਪੈਦਾ ਕਰਦਾ ਹੈ। ਇਸ ਸਮੇਂ ਦੁਨਿਆਵੀ ਜੀਵਨ ਦੌਰਾਨ ਚਲਾਏ ਸਭ ਹੁਕਮ ਅਤੇ ਪੈਦਾ ਕੀਤਾ ਗਿਆ ਰੋਅਬ-ਦਾਅਬ, ਸਭ ਖੀਨ ਹੋ ਜਾਂਦੇ ਹਨ। ਮਨ ਵਿਚ ਸਮਰਪਣ ਦੀ ਭਾਵਨਾ ਪੈਦਾ ਹੋਣ ਤੋਂ ਬਗ਼ੈਰ ਪਰਮਾਤਮਾ ਦਾ ਮਾਰਗ ਧਾਰਨ ਨਹੀਂ ਕੀਤਾ ਜਾ ਸਕਦਾ। ਜਵਾਨੀ ਵਿਚ ਪਰਮਾਤਮਾ ਸੰਬੰਧੀ ਜਿਹੜੇ ਵੀ ਵਿਚਾਰ ਰਹੇ ਹੋਣ, ਜੀਵਨ ਦੇ ਇਕ ਪੜਾਅ 'ਤੇ ਆ ਕੇ ਉਸ ਦੀ ਸ਼ਕਤੀ ਦਾ ਅਹਿਸਾਸ ਪੈਦਾ ਹੋ ਜਾਂਦਾ ਹੈ। ਦੁਨਿਆਵੀ ਜਗਤ ਵਿਚ ਉਸ ਬਾਦਸ਼ਾਹ ਨੂੰ ਸ੍ਰੇਸ਼ਟ ਮੰਨਿਆ ਗਿਆ ਹੈ, ਜਿਸ ਵਿਚ ਦੈਵੀ ਗੁਣ ਹੋਣ। ਦੈਵੀ ਗੁਣਾਂ ਦਾ ਭਾਵ ਹੈ ਕਿ ਵੱਡੀ ਤੋਂ ਵੱਡੀ ਗਲਤੀ ਕਰਨ ਵਾਲਾ ਜਦੋਂ ਸਮਰਪਣ ਕਰ ਦੇਵੇ ਤਾਂ ਮਾਫ਼ ਕਰਨ ਦਾ ਗੁਣ ਪੈਦਾ ਹੋ ਜਾਣਾ ਚਾਹੀਦਾ ਹੈ। ਇਸੇ ਦ੍ਰਿਸ਼ਟੀ ਤੋਂ ਪਰਮਾਤਮਾ ਦੀ ਹਸਤੀ ਨੂੰ ਦੇਖਿਆ ਜਾਂਦਾ ਹੈ। ਜੀਵਨ ਵਿਚ ਮਨੁੱਖ ਨੇ ਭਾਵੇਂ ਜਿੰਨੀਆਂ ਵੀ ਗਲਤੀਆਂ ਕੀਤੀਆਂ ਹੋਣ, ਜਦੋਂ ਉਹ ਪਰਮਾਤਮਾ ਦੇ ਦਰ ਅੱਗੇ ਸਮਰਪਣ ਕਰ ਦਿੰਦਾ ਹੈ ਤਾਂ ਉਹ ਮਾਫ਼ ਕਰ ਦਿੰਦਾ ਹੈ। ਗੁਰੂ ਸਾਹਿਬਾਨ ਨੂੰ ਰੱਬੀ-ਜੋਤਿ ਮੰਨਿਆ ਜਾਂਦਾ ਹੈ ਕਿਉਂਕਿ

---

1. ਬਿਰਥਾ ਕਹਉ ਕਉਨ ਸਿਉ ਮਨ ਕੀ॥
ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥1॥ਰਹਾਉ॥
ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥1॥
ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 411.
2. ਅਬ ਮੈ ਕਉਨੁ ਉਪਾਉ ਕਰਉ॥
ਜਿਹ ਬਿਧਿ ਮਨ ਕੋ ਸੰਸਾ ਚੂਕੈ ਭਉ ਨਿਧਿ ਪਾਰਿ ਪਰਉ॥1॥ਰਹਾਉ॥
ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ॥
ਮਨ ਬਚ ਕ੍ਰਮ ਹਰਿ ਗੁਨ ਨਹੀ ਗਾਏ ਯਹ ਜੀਅ ਸੋਚ ਧਰਉ॥1॥
ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 685.

ਉਹਨਾਂ ਦੇ ਜੀਵਨ ਵਿਚ ਕਿਸੇ ਵੀ ਗੁਨਾਹਗਾਰ ਨੂੰ ਸਜ਼ਾ ਦੇਣ ਨਾਲੋਂ ਮਾਫ਼ ਕਰਨ ਦਾ ਗੁਣ ਪ੍ਰਮੁੱਖ ਤੌਰ 'ਤੇ ਦੇਖਣ ਨੂੰ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਸੱਜਣ ਠੱਗ, ਕੌਡੇ ਆਦਿ ਦੀਆਂ ਸਾਖੀਆਂ ਸਾਡੇ ਸਾਹਮਣੇ ਹਨ ਜਦੋਂ ਪਸਚਾਤਾਪ ਕਰਨ 'ਤੇ ਗੁਰੂ ਜੀ ਨੇ ਉਹਨਾਂ ਨੂੰ ਮਾਫ਼ ਕਰ ਦਿੱਤਾ ਸੀ। ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੀ ਸ਼ੀਂਹੇ ਮਸੰਦ ਵਾਲੀ ਘਟਨਾ ਨੂੰ ਇੱਥੇ ਪ੍ਰਮੁੱਖਤਾ ਨਾਲ ਦੇਖਿਆ ਜਾ ਸਕਦਾ ਹੈ ਜਿਸ ਨੂੰ ਉਹਨਾਂ ਨੇ ਮਾਫ਼ ਕਰ ਦਿੱਤਾ ਸੀ। ਮਾਫ਼ ਕਰਨ ਦਾ ਗੁਣ ਪਰਮਾਤਮਾ ਦਾ ਇਕ ਪ੍ਰਮੁੱਖ ਗੁਣ ਮੰਨਿਆ ਗਿਆ ਹੈ ਅਤੇ ਜਦੋਂ ਕੋਈ ਮਨੁੱਖ ਪਸਚਾਤਾਪ ਕਰਕੇ ਸੱਚੇ ਮਨ ਤੋਂ ਉਸ ਅੱਗੇ ਸਮਰਪਣ ਕਰ ਦਿੰਦਾ ਹੈ ਤਾਂ ਉਹ ਮਾਫ਼ ਕਰ ਦਿੰਦਾ ਹੈ।

ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ ਕਿ ਜਦੋਂ ਮਨੁੱਖ ਦੇ ਮਨ ਵਿਚ ਆਪੇ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਪਰਮਾਤਮਾ ਦੇ ਮਾਰਗ ਵੱਲ ਮੁੜਨ ਦਾ ਯਤਨ ਕਰਦਾ ਹੈ। ਇਸ ਸਮੇਂ ਉਸ ਨੂੰ ਆਪਣੇ ਜੀਵਨ ਵਿਚ ਲਾਲਚ ਵੱਸ ਕੀਤੇ ਦੁਨਿਆਵੀ ਕਰਮਾਂ ਅਤੇ ਵਿਕਾਰਾਂ ਦਾ ਅਹਿਸਾਸ ਹੋ ਜਾਂਦਾ ਹੈ ਅਤੇ ਉਹ ਪਰਮਾਤਮਾ ਅੱਗੇ ਪੂਰਨ ਤੌਰ 'ਤੇ ਸਮਰਪਣ ਕਰ ਦਿੰਦਾ ਹੈ।[1] ਮਨੁੱਖ ਦੇ ਮਨ ਵਿਚ ਪਰਮਾਤਮਾ ਪ੍ਰਤੀ ਦ੍ਰਿੜ੍ਹਤਾ ਅਤੇ ਨਿਸ਼ਠਾ ਪੈਦਾ ਕਰਨ ਲਈ ਗੁਰੂ ਜੀ ਪੌਰਾਣਿਕ ਹਵਾਲਿਆਂ ਵਿਚੋਂ ਪ੍ਰਮਾਣ ਪੇਸ਼ ਕਰਦੇ ਹਨ; ਜਾਨਵਰਾਂ ਦੀਆਂ ਮਿਸਾਲਾਂ ਦਿੰਦੇ ਹਨ ਅਤੇ ਕਿਤੇ-ਕਿਤੇ ਸਖ਼ਤ ਸ਼ਬਦਾਂ ਦੀ ਵਰਤੋਂ ਕਰਦੇ ਹਨ। ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਹੀ ਸਾਰੇ ਦੁੱਖਾਂ ਦਾ ਨਾਸ਼ ਕਰਨ ਵਾਲਾ ਹੈ ਅਤੇ ਇਸ ਤੋਂ ਬਗ਼ੈਰ ਹੋਰ ਕੋਈ ਹਸਤੀ ਅਜਿਹੀ ਨਹੀਂ ਜਿਹੜੀ ਹਠ ਕਰਨ ਵਾਲਿਆਂ ਅਤੇ ਪਾਪੀਆਂ ਨੂੰ ਭਵਸਾਗਰ ਤੋਂ ਪਾਰ ਲੰਘਾਉਣ ਦੇ ਸਮਰੱਥ ਹੈ। ਗੁਰੂ ਜੀ ਦੀ ਬਾਣੀ ਵਿਚ ਅਜਾਮਲੁ, ਗਨਿਕਾ ਆਦਿ ਪੌਰਾਣਿਕ ਮਿਸਾਲਾਂ ਨਾਲ ਦੱਸਦੇ ਹਨ ਕਿ ਬੁਰਿਆਈ ਵਾਲੀ ਬਿਰਤੀ ਧਾਰਨ ਕਰਨ ਉਪਰੰਤ ਜਦੋਂ ਇਹ ਪਰਮਾਤਮਾ ਵੱਲ ਮੁੜੇ ਤਾਂ ਮੁਕਤ ਹੋ ਗਏ।

ਗੁਰੂ ਜੀ ਦਾ ਉਦੇਸ਼ ਮਨੁੱਖ ਨੂੰ ਪਰਮਾਤਮਾ ਦੇ ਮਾਰਗ ਦਾ ਧਾਰਨੀ ਬਣਾਉਣਾ ਹੈ। ਅਜਿਹਾ ਨਹੀਂ ਕਿ ਗੁਰੂ ਜੀ ਤੋਂ ਪਹਿਲਾਂ ਮਨੁੱਖ ਪਰਮਾਤਮਾ ਦੀ ਬੰਦਗੀ ਨਹੀਂ ਕਰਦੇ ਸਨ ਜਾਂ ਉਹਨਾਂ ਦੇ ਮਨ ਵਿਚ ਪਰਮਾਤਮਾ ਦਾ ਵਿਚਾਰ ਪੈਦਾ ਨਹੀਂ ਹੁੰਦਾ ਸੀ। ਬਲਕਿ ਪਹਿਲਾਂ ਤਾਂ ਪਰਮਾਤਮਾ ਦੀ ਬੰਦਗੀ ਲਈ ਵਿਸ਼ੇਸ਼ ਯਤਨ ਕੀਤੇ ਜਾਂਦੇ ਸਨ ਅਤੇ ਇਸ ਕਾਰਜ ਲਈ ਗ੍ਰਹਿਸਤੀ ਜੀਵਨ ਦਾ ਤਿਆਗ ਕਰ ਕੇ ਜੰਗਲਾਂ ਅਤੇ ਪਹਾੜਾਂ 'ਤੇ ਚਲੇ ਜਾਣਾ ਆਮ ਗੱਲ ਸੀ। ਗੁਰੂ ਜੀ ਚਾਹੁੰਦੇ ਸਨ ਕਿ ਗ੍ਰਹਿਸਤੀ ਜੀਵਨ ਦੌਰਾਨ ਹੀ ਮਨੁੱਖ ਪਰਮਾਤਮਾ ਦੇ ਮਾਰਗ ਦਾ ਧਾਰਨੀ ਬਣੇ ਅਤੇ ਸੰਸਾਰਕ ਕਾਰਜ ਕਰਦੇ ਹੋਏ ਆਪਣਾ ਜੀਵਨ ਵਿਸ਼ੇ-ਵਿਕਾਰਾਂ ਤੋਂ ਮੁਕਤ ਰੱਖੇ। ਇਹ ਮਾਰਗ ਤਾਂ ਹੀ ਸੰਭਵ ਸੀ ਜੇਕਰ ਪਰਮਾਤਮਾ ਦੀ ਸਰਬ-ਵਿਆਪਕਤਾ ਦਾ ਵਿਚਾਰ ਮਨ ਵਿਚ ਪੈਦਾ ਹੋਵੇ। ਜਦੋਂ ਇਹ ਵਿਚਾਰ ਮਨ ਵਿਚ ਪੈਦਾ ਹੋ ਜਾਵੇ ਕਿ ਗ੍ਰਹਿਸਤੀ ਜੀਵਨ ਇਕ ਅਜਿਹੀ ਦਲਦਲ ਦੇ ਸਮਾਨ ਹੈ ਜਿਸ ਤੋਂ ਮੁਕਤ ਹੋਣਾ ਸੰਭਵ ਨਹੀਂ ਅਤੇ ਜੇਕਰ ਮੁਕਤੀ ਪ੍ਰਾਪਤ ਕਰਨੀ ਹੈ ਤਾਂ ਇਸ ਦਾ ਤਿਆਗ ਕਰਨਾ ਜ਼ਰੂਰੀ ਹੈ। ਪਰਮਾਤਮਾ ਦਾ ਕਿਸੇ ਵਿਸ਼ੇਸ਼ ਸਥਾਨ 'ਤੇ ਹੋਣ ਦਾ ਭਰਮ ਤੋੜਦੇ ਹੋਏ ਗੁਰੂ ਜੀ ਬਚਨ ਕਰਦੇ ਹਨ ਕਿ ਜਿਸ ਨੂੰ ਲੱਭਣ ਲਈ ਜੰਗਲਾਂ ਵਿਚ ਭਟਕਦਾ ਫਿਰਦਾ ਹੈ, ਉਹ ਤੇਰੇ ਅੰਦਰ ਹੀ ਮੌਜੂਦ

1. ਹਰਿ ਜੂ ਰਾਖਿ ਲੇਹੁ ਪਤਿ ਮੇਰੀ॥
ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾ ਨਿਧਿ ਤੇਰੀ॥
ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ॥
ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ॥
ਕੀਏ ਉਪਾਵ ਮੁਕਤਿ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ॥
ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ॥
ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ॥
ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 703.

ਹੈ। ਆਪੇ ਦੀ ਸੋਝੀ ਨਾ ਹੋਣ ਕਰਕੇ ਮਨੁੱਖ ਭਰਮ ਵਿਚ ਪਿਆ ਰਹਿੰਦਾ ਹੈ ਤੇ ਹਿਰਦੇ ਵਿਚ ਵੱਸੇ ਹੋਏ ਪਰਮਾਤਮਾ ਦੀ ਪਛਾਣ ਨਹੀਂ ਕਰ ਸਕਦਾ।[1]

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖ ਨੂੰ ਬੰਧਨਾਂ ਤੋਂ ਮੁਕਤ ਹੋਣ ਦੀ ਪ੍ਰੇਰਨਾ ਅਤੇ ਭਾਵਨਾ ਪੈਦਾ ਕਰਦੀ ਹੈ। ਬੰਧਨ ਕਮਜ਼ੋਰੀ ਪੈਦਾ ਕਰਦਾ ਹੈ ਅਤੇ ਸੁਤੰਤਰਤਾ ਸਵੈਮਾਨ ਦੀ ਭਾਵਨਾ ਨੂੰ ਜਨਮ ਦਿੰਦੀ ਹੈ। ਗੁਰੂ ਜੀ ਮਨੁੱਖ ਦੇ ਮਨ, ਬਚਨ ਅਤੇ ਕਰਮ ਨੂੰ ਸੰਬੋਧਨ ਕਰਦੇ ਹਨ। ਸਮਾਜਿਕ ਅਤੇ ਅਧਿਆਤਮਿਕ ਜੀਵਨ ਦੇ ਵਿਕਾਸ ਵਿਚ ਇਹਨਾਂ ਦਾ ਵਿਸ਼ੇਸ਼ ਸਥਾਨ ਅਤੇ ਯੋਗਦਾਨ ਹੈ। ਇਹ ਤਿੰਨੇ ਆਪਸ ਵਿਚ ਜੁੜੇ ਹੋਏ ਹਨ, ਕਿਸੇ ਇਕ ਨੂੰ ਇਕੱਲੇ ਤੌਰ 'ਤੇ ਨਹੀਂ ਦੇਖਿਆ ਜਾ ਸਕਦਾ। ਜਿਹੜਾ ਵਿਚਾਰ ਮਨ ਵਿਚ ਪੈਦਾ ਹੁੰਦਾ ਹੈ, ਉਸੇ ਤੋਂ ਬਚਨ ਅਤੇ ਕਰਮ ਜਨਮ ਲੈਂਦੇ ਹਨ। ਕਈ ਵਾਰੀ ਮਨੁੱਖ ਆਪਣੇ ਮਨ ਦੀਆਂ ਭਾਵਨਾਵਾਂ ਨੂੰ ਪ੍ਰਗਟ ਨਹੀਂ ਹੋਣ ਦਿੰਦਾ ਜਿਸ ਕਰਕੇ ਉਸ ਦੇ ਮਨ ਅਤੇ ਬਚਨ ਦੀਆਂ ਕਿਰਿਆਵਾਂ ਵਿਚ ਭਿੰਨਤਾ ਹੁੰਦੀ ਹੈ ਜਿਹੜੀ ਕਿ ਸੰਸਾ ਜਾਂ ਦੁਬਿਧਾ ਨੂੰ ਜਨਮ ਦਿੰਦੀ ਹੈ। ਮਨੁੱਖ ਦੇ ਜੀਵਨ ਵਿਚ ਇਹ ਅਵਸਥਾ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਮਨ ਵਿਚ ਸਵਾਰਥ ਜਾਂ ਲੋਭ ਛੁਪਿਆ ਹੋਵੇ। ਲੋਭ ਦੀ ਭਾਵਨਾ ਮਨੁੱਖ ਦੇ ਸਦਾਚਾਰ ਨੂੰ ਕਮਜ਼ੋਰ ਕਰਦੀ ਹੈ ਜਿਹੜਾ ਕਿ ਅੱਗੇ ਜਾ ਕੇ ਅਧਿਆਤਮਿਕ ਪਤਨ ਦਾ ਕਾਰਨ ਬਣਦਾ ਹੈ। ਕੀ ਜੀਵਨ ਦੀਆਂ ਇਹਨਾਂ ਤਿੰਨ ਅਵਸਥਾਵਾਂ ਵਿਚ ਇਕਸੁਰਤਾ ਕਾਇਮ ਹੋ ਸਕਦੀ ਹੈ? ਗੁਰਬਾਣੀ ਇਸ ਪ੍ਰਤੀ ਸਕਾਰਾਤਮਿਕ ਵਿਚਾਰ ਪ੍ਰਦਾਨ ਕਰਦੀ ਹੈ। ਜਦੋਂ ਮਨੁੱਖ ਦੇ ਮਨ 'ਤੇ ਮਾਇਆ ਦਾ ਪ੍ਰਭਾਵ ਘੱਟਦਾ ਹੈ ਤਾਂ ਕਾਮ, ਕ੍ਰੋਧ ਅਤੇ ਲੋਭ ਦੀ ਭਾਵਨਾ ਨੂੰ ਖੋਰਾ ਲੱਗਣਾ ਅਰੰਭ ਹੋ ਜਾਂਦਾ ਹੈ। ਦੁਨਿਆਵੀ ਭਾਵਨਾਵਾਂ ਦੀ ਜਕੜ ਦਾ ਘਟਣਾ ਹੀ ਸੁਤੰਤਰਤਾ ਦੀ ਭਾਵਨਾ ਦਾ ਵਿਕਾਸ ਕਰਦਾ ਹੈ। ਗੁਰੂ ਦੇ ਦੱਸੇ ਹੋਏ ਮਾਰਗ 'ਤੇ ਚੱਲ ਕੇ ਮਨੁੱਖ ਆਪਣੇ ਮਨ, ਬਚਨ ਅਤੇ ਕਰਮ ਦੀਆਂ ਭਾਵਨਾਵਾਂ ਵਿਚ ਸੰਤੁਲਨ ਕਾਇਮ ਕਰ ਸਕਦਾ ਹੈ ਅਤੇ ਜਿਹੜਾ ਮਨੁੱਖ ਇਸ ਕਾਰਜ ਵਿਚ ਸਫ਼ਲ ਹੋ ਜਾਂਦਾ ਹੈ, ਉਹੀ ਸਤਿਕਾਰ ਦਾ ਪਾਤਰ ਬਣਦਾ ਹੈ। ਗੁਰੂ ਤੇਗ ਬਹਾਦਰ ਜੀ ਬਚਨ ਕਰਦੇ ਹਨ:

ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ॥
ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ॥[2]

ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਵਿਚਾਰਧਾਰਾ ਮਨੁੱਖ ਨੂੰ ਮਨ, ਬਚਨ ਅਤੇ ਕਰਮ ਰਾਹੀਂ ਪਰਮਾਤਮਾ ਨਾਲ ਜੋੜਨ ਦਾ ਕਾਰਜ ਕਰਦੀ ਹੈ। ਇਸ ਦ੍ਰਿਸ਼ਟੀ ਤੋਂ ਪਰਮਾਤਮਾ ਨਾਲ ਜੁੜਨ ਵਾਲੇ ਦੇ ਮਨ ਵਿਚ ਪੈਦਾ ਹੋਏ ਸ਼ੁੱਧ, ਸਰਲ ਅਤੇ ਸਦਾਚਾਰੀ ਵਿਚਾਰ ਉਸ ਨੂੰ ਨਿਰਭਉ ਅਤੇ ਨਿਰਵੈਰ ਬਣਾਉਣ ਵਾਲੇ ਮਾਰਗ 'ਤੇ ਲੈ ਕੇ ਜਾਂਦੇ ਹਨ ਜਿੱਥੇ ਸੰਕਟ ਦੇ ਸਮੇਂ ਮਨ ਦੁਖੀ ਨਹੀਂ ਹੁੰਦਾ ਬਲਕਿ ਉਚੇਰੇ ਆਦਰਸ਼ਾਂ ਦੀ ਪ੍ਰਾਪਤੀ ਲਈ ਜੀਵਨ ਨਿਰੰਤਰ ਯਤਨਸ਼ੀਲ ਰਹਿੰਦਾ ਹੈ। ਗੁਰੂ ਜੀ ਦੀ ਸਮੁੱਚੀ ਵਿਚਾਰਧਾਰਾ ਦੁਨਿਆਵੀ ਜੀਵਨ ਦੌਰਾਨ ਅਧਿਆਤਮਿਕ ਵਿਕਾਸ ਵੱਲ ਰੁਚਿਤ ਹੋਣ 'ਤੇ ਕੇਂਦਰਿਤ ਹੈ ਅਤੇ ਇਹ ਅਜਿਹਾ ਆਦਰਸ਼ ਨਹੀਂ ਹੈ ਜਿਸ ਦੀ ਪ੍ਰਾਪਤੀ ਨਹੀਂ ਹੋ ਸਕਦੀ, ਬਲਕਿ ਗੁਰੂ ਦਾ ਮਾਰਗ ਇਸ ਪ੍ਰਾਪਤੀ ਨੂੰ ਸੰਭਵ ਬਣਾ ਦਿੰਦਾ ਹੈ।

---

1. ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 684.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 831.

ਮਹਿਮਾ

ਗੁਰੂ ਤੇਗ ਬਹਾਦਰ ਜੀ ਨੇ ਧਾਰਮਿਕ ਕਦਰਾਂ-ਕੀਮਤਾਂ ਦੀ ਰਾਖੀ ਲਈ ਸ਼ਹਾਦਤ ਦੇ ਕੇ ਜਿਹੜਾ ਮਹਾਨ ਕਾਰਜ ਕੀਤਾ ਸੀ, ਮਾਨਵਤਾ ਨੂੰ ਪ੍ਰੇਮ ਕਰਨ ਵਾਲਿਆਂ ਨੇ ਉਸ ਦੀ ਵਿਆਖਿਆ ਆਪੋ-ਆਪਣੇ ਢੰਗ ਨਾਲ ਕੀਤੀ ਹੈ। ਕਵੀਆਂ, ਕਵੀਸ਼ਰਾਂ, ਇਤਿਹਾਸਕਾਰਾਂ ਆਦਿ ਨੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਜ਼ੁਲਮ ਦਾ ਖ਼ਾਤਮਾ ਕਰਨ ਅਤੇ ਸਮਾਜ ਵਿਚ ਉਚੇਰੇ ਆਦਰਸ਼ ਸਥਾਪਿਤ ਕਰਨ ਵਾਲੇ ਚਾਨਣ-ਮੁਨਾਰੇ ਦੇ ਰੂਪ ਵਿਚ ਚਿਤਰਿਆ ਹੈ। ਗੁਰੂ ਸਾਹਿਬ ਦੀ ਮਹਿਮਾ ਇਸ ਦ੍ਰਿਸ਼ਟੀ ਤੋਂ ਕੀਤੀ ਗਈ ਹੈ ਕਿ ਉਹਨਾਂ ਨੇ ਅਜਿਹੇ ਸਮੇਂ ਦੂਜੇ ਧਰਮਾਂ ਪ੍ਰਤੀ ਸਤਿਕਾਰ ਦੀ ਭਾਵਨਾ ਪ੍ਰਗਟ ਕਰਨ ਦਾ ਮਾਰਗ ਦਰਸਾਇਆ ਜਦੋਂ ਦੂਜੇ ਧਰਮ ਦੇ ਵਿਅਕਤੀ ਦਾ ਧਰਮ-ਪਰਿਵਰਤਨ ਕਰ ਕੇ ਆਪਣੇ ਘੇਰੇ ਵਿਚ ਲਿਆਉਣ ਨੂੰ ਸਵਾਬ ਸਮਝਿਆ ਜਾਂਦਾ ਸੀ। ਗੁਰੂ ਜੀ ਨੂੰ ਸ੍ਰੇਸ਼ਟ ਪੁਰਖ ਮੰਨ ਕੇ ਮਾਨਵਤਾ ਦੇ ਰਹਿਬਰ ਵਜੋਂ ਪੇਸ਼ ਕੀਤਾ ਗਿਆ ਹੈ ਜਿਹੜੇ ਪਰਮਾਤਮਾ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਨਾ ਪੈਦਾ ਕਰਦੇ ਹਨ। ਵਿਭਿੰਨਤਾ ਕੁਦਰਤ ਦਾ ਨਿਯਮ ਹੈ ਅਤੇ ਜਦੋਂ ਕੋਈ ਇਸ ਵਿਚ ਵਿਘਨ ਪਾਉਣ ਦਾ ਯਤਨ ਕਰਦਾ ਹੈ ਤਾਂ ਉਹ ਕਾਦਰ ਦੇ ਨਿਯਮ ਦੀ ਉਲੰਘਣਾ ਕਰਦਾ ਹੈ। ਜਦੋਂ ਕੋਈ ਕਾਦਰ ਦੇ ਨਿਯਮਾਂ ਵਿਚ ਵਿਘਨ ਪਾਉਣ ਦਾ ਯਤਨ ਕਰਦਾ ਹੈ ਤਾਂ ਉਸ ਨੂੰ ਰੋਕਣ ਲਈ ਗੁਰੂ ਜੀ ਅੱਗੇ ਆਉਂਦੇ ਹਨ ਅਤੇ ਇਸ ਕਾਰਜ ਲਈ ਆਪਣਾ ਸੀਸ ਦੇ ਦਿੰਦੇ ਹਨ। ਗੁਰੂ ਸਾਹਿਬ ਦੀ ਮਹਿਮਾ ਦਾ ਵਰਨਨ ਕਰਨ ਵਾਲਿਆਂ ਨੇ ਉਹਨਾਂ ਦੇ ਦੈਵੀ ਅਤੇ ਦੁਨਿਆਵੀ ਜੀਵਨ ਦੇ ਸੰਦੇਸ਼ ਨੂੰ ਉਜਾਗਰ ਕੀਤਾ ਹੈ।

ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਰਹਿਬਰ ਸਨ ਜਿਨ੍ਹਾਂ ਨੇ ਸਮਾਜ ਵਿਚ ਸੱਚਾਈ, ਸਦਾਚਾਰ, ਸੂਰਬੀਰਤਾ ਅਤੇ ਸਵੈਮਾਨ ਦੀ ਭਾਵਨਾ ਪੈਦਾ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਗੁਰੂ ਜੀ ਨੂੰ ਸਰਬੰਸਦਾਨੀ, ਕਲਗੀਧਰ, ਸੂਰਬੀਰ ਯੋਧੇ ਅਤੇ ਸਾਹਿਤ ਦੇ ਮਹਾਨ ਵਿਦਵਾਨ ਵਜੋਂ ਯਾਦ ਕੀਤਾ ਜਾਂਦਾ ਹੈ। ਗੁਰੂ ਜੀ ਨੇ ਖ਼ਾਲਸਾ ਪੰਥ ਦੀ ਸਿਰਜਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ, *ਦਸਮ ਗ੍ਰੰਥ* ਦੀ ਰਚਨਾ ਅਤੇ ਗ੍ਰੰਥ ਤੇ ਪੰਥ ਨੂੰ ਸਾਂਝੇ ਰੂਪ ਵਿਚ ਗੁਰਿਆਈ ਦੇ ਕੇ ਅਜਿਹੇ ਮਹਾਨ ਕਾਰਜ ਕੀਤੇ ਹਨ ਜਿਨ੍ਹਾਂ ਵਿਚੋਂ ਸਿੱਖ ਧਰਮ ਅਤੇ ਸਮਾਜ ਦੀ ਸੁਤੰਤਰਤਾ ਅਤੇ ਵਿਲੱਖਣਤਾ ਸਪਸ਼ਟ ਤੌਰ 'ਤੇ ਪ੍ਰਗਟ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੂਹ ਕਾਰਜ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਦ੍ਰਿੜ੍ਹ ਕਰਾਉਣ ਵਾਲੇ ਹਨ।

ਗੁਰੂ ਗੋਬਿੰਦ ਸਿੰਘ ਜੀ ਸਮਾਜ ਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਧਿਆਨ ਨਾਲ ਵਾਚਦੇ ਹਨ ਅਤੇ ਉਹਨਾਂ ਪ੍ਰਤੀ ਆਪਣੀ ਦ੍ਰਿਸ਼ਟੀ ਪ੍ਰਗਟ ਕਰਦੇ ਹਨ। ਉਹਨਾਂ ਦੀ ਦ੍ਰਿਸ਼ਟੀ ਅਧਿਆਤਮਿਕਤਾ ਨਾਲ ਜੁੜੀ ਹੋਈ ਹੈ ਜਿਸ ਵਿਚੋਂ ਵਡੇਰੇ ਸਮਾਜਿਕ ਆਦਰਸ਼ ਪ੍ਰਗਟ ਹੁੰਦੇ ਹਨ। ਗੁਰੂ ਜੀ ਸਮਾਜ ਵਿਚ ਵਾਪਰਨ ਵਾਲੀਆਂ ਘਟਨਾਵਾਂ ਦੇ ਪ੍ਰਤੀਕੂਲ ਪ੍ਰਭਾਵ ਨੂੰ ਮਹਿਸੂਸ ਕਰਦੇ ਹੋਏ ਉਹਨਾਂ ਦੇ ਨਕਾਰਾਤਮਿਕ ਪ੍ਰਭਾਵ ਨੂੰ ਦੂਰ ਕਰਨ ਲਈ ਯੋਜਨਾਬੱਧ ਢੰਗ ਨਾਲ ਕਾਰਜ ਕਰਦੇ ਹਨ। *ਦਸਮ ਗ੍ਰੰਥ* ਗੁਰੂ ਗੋਬਿੰਦ ਸਿੰਘ ਜੀ ਦੀ ਅਜਿਹੀ ਰਚਨਾ ਹੈ ਜਿਸ ਵਿਚੋਂ ਗੁਰੂ ਸਾਹਿਬ ਦੇ ਦੈਵੀ ਅਤੇ ਦੁਨਿਆਵੀ ਜੀਵਨ ਦੇ ਦਰਸ਼ਨ ਹੁੰਦੇ ਹਨ। ਇਸ ਗ੍ਰੰਥ ਵਿਚ *ਬਚਿਤ੍ਰ ਨਾਟਕ* ਅਜਿਹੀ ਰਚਨਾ ਹੈ ਜਿਸ ਵਿਚ ਉਹਨਾਂ ਦੇ ਜੀਵਨ ਦੇ ਮਹੱਤਵਪੂਰਨ ਅੰਸ਼ ਪ੍ਰਾਪਤ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤੱਕ ਇਕ ਗੁਰੂ ਜੋਤਿ ਦਾ ਵਰਨਨ ਕਰਦੇ ਹੋਏ ਆਪਣਾ ਜੀਵਨ ਉਦੇਸ਼ ਪ੍ਰਗਟ ਕਰਦੇ ਹਨ। ਇਸੇ ਬਿਰਤਾਂਤ ਵਿਚ ਗੁਰੂ ਗੋਬਿੰਦ

ਸਿੰਘ ਜੀ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਵਰਨਨ ਕਰਦੇ ਹਨ ਜਿਨ੍ਹਾਂ ਦੇ ਇਸ ਮਹਾਨ ਕਾਰਜ ਨੇ ਸਮੁੱਚੀ ਮਾਨਵਤਾ ਨੂੰ ਪ੍ਰਭਾਵਿਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਇਸ ਸ਼ਹਾਦਤ ਨੂੰ ਜ਼ੁਲਮ ਦੇ ਖ਼ਾਤਮੇ ਦੇ ਇਕ ਪ੍ਰਭਾਵਸ਼ਾਲੀ ਅੰਸ਼ ਵਜੋਂ ਦੇਖਦੇ ਹਨ ਜਿਸ ਨੇ ਹਰ ਆਮ-ਖ਼ਾਸ ਦਾ ਧਿਆਨ ਆਪਣੇ ਵੱਲ ਖਿੱਚਿਆ ਅਤੇ ਉਹਨਾਂ ਵਿਚ ਜ਼ੁਲਮ ਵਿਰੁੱਧ ਲੜਨ ਦੀ ਪ੍ਰੇਰਨਾ ਪੈਦਾ ਹੋਈ। ਗੁਰੂ-ਜੋਤਿ ਦੇ ਸਿਧਾਂਤ ਦੀ ਵਿਆਖਿਆ ਕਰਦੇ ਹੋਏ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਵਰਨਨ ਗੁਰੂ ਸਾਹਿਬਾਨ ਦੇ ਧਾਰਮਿਕ ਮਾਰਗ ਦੀ ਦਿਸ਼ਾ ਦਾ ਪ੍ਰਗਟਾਵਾ ਕਰਦਾ ਹੈ। ਸਿਧਾਂਤ ਤੋਂ ਸ਼ਹਾਦਤ ਤੱਕ ਦਾ ਸਫ਼ਰ ਗਿਆਨ ਨੂੰ ਵਿਹਾਰਿਕ ਰੂਪ ਵਿਚ ਧਾਰਨ ਕਰਨ ਦੀ ਪ੍ਰੇਰਨਾ ਪੈਦਾ ਕਰਦਾ ਹੈ।

ਸ੍ਰੀ ਨਾਨਕ ਅੰਗਦਿ ਕਰਿ ਮਾਨਾ। ਅਮਰਦਾਸ ਅੰਗਦ ਪਹਿਚਾਨਾ।
ਅਮਰਦਾਸ ਰਾਮਦਾਸ ਕਹਾਯੋ। ਸਾਧਨ ਲਖਾ ਮੂੜ ਨਹਿ ਪਾਯੋ॥9॥

ਗੁਰੂ ਨਾਨਕ ਜੀ ਨੂੰ ਗੁਰੂ ਅੰਗਦ ਜੀ ਦੇ ਰੂਪ ਵਿਚ ਅਤੇ ਗੁਰੂ ਅੰਗਦ ਜੀ ਨੂੰ ਗੁਰੂ ਅਮਰਦਾਸ ਜੀ ਦੇ ਰੂਪ ਵਿਚ ਪ੍ਰਵਾਨ ਕੀਤਾ ਗਿਆ। ਗੁਰੂ ਅਮਰਦਾਸ ਜੀ ਹੀ ਰਾਮਦਾਸ ਜੀ ਦੇ ਰੂਪ ਵਿਚ ਪ੍ਰਗਟ ਹੋਏ ਹਨ। ਇਸ ਭੇਦ ਨੂੰ ਸਾਧੂ ਲੋਕਾਂ ਨੇ ਤਾਂ ਸਮਝ ਲਿਆ ਹੈ ਪਰ ਮੂਰਖ ਇਸ ਨੂੰ ਸਮਝ ਨਹੀਂ ਸਕੇ।

ਭਿੰਨ ਭਿੰਨ ਸਭ ਹੂੰ ਕਰਿ ਜਾਨਾ। ਏਕ ਰੂਪ ਕਿਨਹੂੰ ਪਹਿਚਾਨਾ।
ਜਿਨ ਜਾਨਾ ਤਿਨ ਹੀ ਸਿਧਿ ਪਾਈ। ਬਿਨੁ ਸਮਝੇ ਸਿਧਿ ਹਥਿ ਨਾ ਆਈ॥10॥

ਆਮ ਲੋਕਾਂ ਨੇ ਤਾਂ ਇਹਨਾਂ ਨੂੰ ਭਿੰਨ ਭਿੰਨ ਰੂਪਾਂ ਵਿਚ ਜਾਣਿਆ ਹੈ ਪਰ ਕਿਸੇ ਵਿਰਲੇ ਨੇ ਹੀ ਇਹਨਾਂ ਨੂੰ ਇਕ ਰੂਪ ਕਰ ਕੇ ਜਾਣਿਆ ਹੈ। ਜਿਨ੍ਹਾਂ ਨੇ ਇਹਨਾਂ ਨੂੰ ਇਕ ਰੂਪ ਜਾਣਿਆ ਹੈ ਉਹਨਾਂ ਨੂੰ ਸਿੱਧੀ (ਮੁਕਤੀ) ਪ੍ਰਾਪਤ ਹੋ ਗਈ ਹੈ। ਇਸ ਭੇਦ ਨੂੰ ਸਮਝੇ ਬਗ਼ੈਰ ਇਹ ਸਿੱਧੀ ਹੱਥ ਨਹੀਂ ਆ ਸਕਦੀ।

ਰਾਮਦਾਸ ਹਰਿ ਸੋ ਮਿਲਿ ਗਏ। ਗੁਰਤਾ ਦੇਤ ਅਰਜੁਨਹਿ ਭਏ।
ਜਬ ਅਰਜੁਨ ਪ੍ਰਭ ਲੋਕਿ ਸਿਧਾਏ। ਹਰਿਗੋਬਿੰਦ ਤਿਹ ਠਾਂ ਠਹਰਾਏ॥11॥

ਜਦੋਂ ਗੁਰੂ ਰਾਮਦਾਸ ਜੀ ਪਰਮਾਤਮਾ ਵਿਚ ਲੀਨ ਹੋ ਗਏ ਤਾਂ ਗੁਰਿਆਈ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਗਏ। ਜਦੋਂ ਗੁਰੂ ਅਰਜਨ ਪ੍ਰਲੋਕ ਗਮਨ ਕਰ ਗਏ ਤਾਂ ਉਹਨਾਂ ਦੀ ਥਾਂ ਗੁਰੂ ਹਰਿਗੋਬਿੰਦ ਜੀ ਨੂੰ ਬਿਠਾਇਆ ਗਿਆ।

ਹਰਿਗੋਬਿੰਦ ਪ੍ਰਭ ਲੋਕਿ ਸਿਧਾਰੇ। ਹਰੀ ਰਾਇ ਤਿਹ ਠਾਂ ਬੈਠਾਰੇ।
ਹਰਿਕ੍ਰਿਸਨਿ ਤਿਨ ਕੇ ਸੁਤ ਵਏ। ਤਿਨ ਤੇ ਤੇਗ ਬਹਾਦੁਰ ਭਏ॥12॥

ਜਦੋਂ ਗੁਰੂ ਹਰਿਗੋਬਿੰਦ ਜੀ ਪਰਮਾਤਮਾ ਵਿਚ ਸਮਾ ਗਏ ਤਾਂ ਗੁਰੂ ਹਰਿਰਾਇ ਜੀ ਨੂੰ ਉਹਨਾਂ ਦੇ ਸਥਾਨ 'ਤੇ ਬਿਠਾਇਆ ਗਿਆ। ਹਰਿਕ੍ਰਿਸ਼ਨ ਜੀ ਇਹਨਾਂ ਦੇ ਸਪੁੱਤਰ ਹੋਏ ਜਿਨ੍ਹਾਂ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਸਾਹਮਣੇ ਆਏ।

ਤਿਲਕ ਜੰਞੂ ਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੇਤਿ ਇਤੀ ਜਿਨਿ ਕਰੀ। ਸੀਸੁ ਦੀਯਾ ਪਰੁ ਸੀ ਨਾ ਉਚਰੀ॥13॥

ਗੁਰੂ ਤੇਗ ਬਹਾਦਰ ਜੀ ਨੇ ਉਹਨਾਂ (ਬ੍ਰਾਹਮਣਾਂ) ਦੇ ਤਿਲਕ ਅਤੇ ਜਨੇਊ ਦੀ ਰੱਖਿਆ ਕਰ ਕੇ ਕਲਜੁਗ ਵਿਚ ਇਕ ਵੱਡਾ ਸਾਕਾ ਕਰ ਦਿੱਤਾ। ਸਾਧੂ ਬਿਰਤੀ ਵਾਲਿਆਂ ਦੀ ਰੱਖਿਆ ਲਈ ਸੀਸ ਦੇ ਕੇ ਉਹਨਾਂ ਨੇ ਹੱਦ ਕਰ ਦਿੱਤੀ ਪਰ ਮੂੰਹ ਵਿਚੋਂ ਜਰਾ ਜਿੰਨੀ ਵੀ 'ਸੀ' (ਕਸ਼ਟਦਾਇਕ ਆਵਾਜ਼) ਨਹੀਂ ਕੱਢੀ।

ਧਰਮ ਹੇਤ ਸਾਕਾ ਜਿਨਿ ਕੀਆ। ਸੀਸੁ ਦੀਆ ਪਰੁ ਸਿਰਰੁ ਨ ਦੀਆ।
ਨਾਟਕ ਚੇਟਕ ਕੀਏ ਕੁਕਾਜਾ। ਪ੍ਰਭ ਲੋਗਨ ਕਹ ਆਵਤ ਲਾਜਾ॥14॥

ਧਰਮ ਦੀ ਰੱਖਿਆ ਲਈ ਮਹਾਨ ਕਾਰਜ ਕਰਦੇ ਹੋਏ ਜਿਨ੍ਹਾਂ ਨੇ ਸਿਰ ਦੇ ਦਿੱਤਾ ਪਰ ਸੱਚ ਦਾ ਮਾਰਗ ਨਹੀਂ ਛੱਡਿਆ। ਸੱਚ ਦੇ ਮਾਰਗ 'ਤੇ ਚੱਲਣ ਦਾ ਦਿਖਾਵਾ ਕਰਦੇ ਹੋਏ ਜਿਹੜੇ ਨਾਟਕ ਚੇਟਕ (ਕੁਕਰਮ) ਕਰਦੇ ਹਨ ਉਹਨਾਂ ਨੂੰ ਦੇਖ ਕੇ ਧਰਮੀ ਲੋਕਾਂ ਨੂੰ ਸ਼ਰਮ ਮਹਿਸੂਸ ਹੁੰਦੀ ਹੈ।

ਦੋਹਰਾ

ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ।
ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ॥15॥
ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥16॥[1]

ਦਿੱਲੀ ਦੇ ਬਾਦਸ਼ਾਹ (ਔਰੰਗਜ਼ੇਬ) ਦੇ ਸਿਰ 'ਤੇ ਸਰੀਰ ਰੂਪੀ ਠੀਕਰਾ ਭੰਨ ਕੇ ਗੁਰੂ ਜੀ ਪ੍ਰਭੂ-ਲੋਕ ਵੱਲ ਚਲੇ ਗਏ। ਗੁਰੂ ਤੇਗ ਬਹਾਦਰ ਜੀ ਵਰਗਾ ਮਹਾਨ ਕਾਰਜ ਕਿਸੇ ਨੇ ਨਹੀਂ ਕੀਤਾ। ਗੁਰੂ ਤੇਗ ਬਹਾਦਰ ਜੀ ਦੇ ਸੰਸਾਰ ਵਿਚੋਂ ਚਲੇ ਜਾਣ ਕਰਨ ਨਾਲ ਜਗਤ ਵਿਚ ਸ਼ੋਕ ਫੈਲ ਗਿਆ। ਸਾਰੇ ਜਗਤ ਵਿਚ ਹਾਹਾਕਾਰ ਮੱਚ ਗਈ ਪਰ ਸੁਰਗ ਲੋਕ ਵਿਚ ਜੈ-ਜੈ ਕਾਰ ਹੋਣ ਲੱਗੀ।

ਕਵੀ ਕੰਕਣ

ਕੰਕਣ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਕਵੀ ਸੀ। ਇਸ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਦਾ ਸੰਖੇਪ ਵਰਨਨ ਇਸ ਗ੍ਰੰਥ ਵਿਚ ਕੀਤਾ ਹੈ ਜਿਹੜਾ ਕਿ ਇਸ ਦੇ ਸਿਰਲੇਖ *ਸੰਛੇਪ ਦਸ ਗੁਰ ਕਥਾ* ਵਿਚੋਂ ਵੀ ਪ੍ਰਗਟ ਹੋ ਜਾਂਦਾ ਹੈ। ਖ਼ਾਲਸਾ ਪੰਥ ਦੀ ਸਿਰਜਣਾ ਅਤੇ ਖ਼ਾਲਸੇ ਦੀ ਮਰਯਾਦਾ ਦਾ ਇਸ ਨੇ ਬਾਕੀ ਪ੍ਰਸੰਗਾਂ ਨਾਲੋਂ ਵਧੇਰੇ ਵਿਸਤਾਰ ਪੂਰਵਕ ਵਰਨਨ ਕੀਤਾ ਹੈ।

ਡਾ. ਕਿਰਪਾਲ ਸਿੰਘ ਨੇ 1945 ਵਿਚ ਲਾਹੌਰ ਪਬਲਿਕ ਲਾਇਬ੍ਰੇਰੀ ਵਿਖੇ ਇਸ ਗ੍ਰੰਥ ਦਾ ਖਰੜਾ ਉਹਨਾਂ ਪੁਸਤਕਾਂ ਵਿਚ ਦੇਖਿਆ ਜਿਹੜੀਆਂ ਸਰਦਾਰ ਸਰ ਅਤਰ ਸਿੰਘ ਨੇ ਅਕਾਲ ਚਲਾਣੇ ਤੋਂ ਪਹਿਲਾਂ ਇੱਥੇ ਸੌਂਪ ਦਿੱਤੀਆਂ ਸਨ। 1956 ਵਿਚ ਜਦੋਂ ਇਹ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਇਤਿਹਾਸ ਵਿਭਾਗ ਦੇ ਇੰਚਾਰਜ ਸਨ ਤਾਂ ਇਹਨਾਂ ਨੂੰ ਦੁਬਾਰਾ ਲਾਹੌਰ ਜਾਣ ਦਾ ਮੌਕਾ ਮਿਲਿਆ ਅਤੇ ਉੱਥੋਂ ਸਿੱਖ ਅਧਿਐਨ ਨਾਲ ਸੰਬੰਧਿਤ ਕਈ ਖਰੜੇ ਲੈ ਕੇ ਭਾਰਤ ਵਾਪਸ ਆਏ। ਇਨ੍ਹਾਂ ਖਰੜਿਆਂ ਵਿਚ ਕਵੀ ਕੰਕਣ ਜੀ ਵਾਲਾ ਖਰੜਾ ਵੀ ਸ਼ਾਮਲ ਸੀ। *ਖ਼ਾਲਸਾ ਸਮਾਚਾਰ* ਨੇ 1967 ਵਿਚ ਇਹ ਖਰੜਾ ਛਾਪ ਦਿੱਤਾ।[2]

ਇਸ ਗ੍ਰੰਥ ਦਾ ਦੂਜਾ ਖਰੜਾ ਡਾ. ਗੁਰਮੁਖ ਸਿੰਘ ਨੇ ਸੰਪਾਦਿਤ ਕੀਤਾ ਹੈ। ਇਹ ਦੱਸਦੇ ਹਨ ਕਿ ਇਹਨਾਂ ਨੂੰ ਇਸ ਗ੍ਰੰਥ ਦਾ ਖਰੜਾ ਇਕ ਗੁਟਕੇ ਵਿਚੋਂ ਪ੍ਰਾਪਤ ਹੋਇਆ ਜਿਹੜਾ ਕਿ ਪਟਿਆਲਾ ਦੇ ਸ. ਗੁਰਬਿੰਦਰ ਸਿੰਘ ਨੇ ਇਹਨਾਂ ਨੂੰ ਸੌਂਪਿਆ ਸੀ। ਇਹ ਦੱਸਦੇ ਹਨ ਕਿ ਇਹ ਖਰੜਾ ਖਸਤਾ ਹਾਲਤ ਵਿਚ ਸੀ ਅਤੇ ਸੰਪਾਦਨਾ ਕਰਨ ਸਮੇਂ ਇਸ ਦਾ ਹੋਰ ਕੋਈ ਖਰੜਾ ਪ੍ਰਾਪਤ ਨਹੀਂ ਹੋ ਸਕਿਆ, ਜੋ ਕੁੱਝ ਪ੍ਰਾਪਤ ਹੋਇਆ ਉਸੇ ਨੂੰ ਛਾਪ ਦਿੱਤਾ ਗਿਆ।[3] ਇਹਨਾਂ ਦੋਵੇਂ ਸੰਪਾਦਿਤ ਪੁਸਤਕਾਂ ਵਿਚ ਪਾਠ-ਭੇਦ ਹੈ ਅਤੇ ਇੱਥੇ ਡਾ. ਗੁਰਮੁਖ ਸਿੰਘ ਵੱਲੋਂ ਸੰਪਾਦਿਤ ਖਰੜੇ ਵਿਚ ਮੌਜੂਦ ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਨਾਲ ਸੰਬੰਧਿਤ ਮੂਲ-ਪਾਠ ਦਿੱਤਾ ਜਾ ਰਿਹਾ ਹੈ।

---

1. *ਬਚਿਤ੍ਰ ਨਾਟਕ,* ਅਧਿਆਇ 5. 9-16.
2. ਮਹਾਂ ਸਿੰਘ ਗਿਆਨੀ, ਮੁੱਢਲੀ ਬੇਨਤੀ, *ਕਵੀ ਕੰਕਣ ਕ੍ਰਿਤ ਸੰਖੇਪ ਤੇ ਦਸ ਗੁਰ ਕਥਾ,* ਸੰਪਾ. ਕਿਰਪਾਲ ਸਿੰਘ, ਪੰਨੇ 3-5.
3. ਕਵੀ ਕੰਕਣ, *ਸੰਛੇਪ ਦਸ ਗੁਰ ਕਥਾ,* ਸੰਪਾ. ਡਾ. ਗੁਰਮੁਖ ਸਿੰਘ, ਭੂਮਿਕਾ, ਪੰਨਾ 28.

ਦੋਹਰਾ

ਤੇਗ ਬਹਾਦਰ ਗੁਰੂ ਕੀ ਚਰਨੀ ਲਾਗੈ ਆਇ।

ਜਨਮ ਮਰਨ ਤੇ ਮੁਕਤਿ ਹੋਇ ਮੋਖ ਪਦਾਰਥ ਪਾਇ।158।[1]

(ਸੰਗਤ) ਗੁਰੂ ਤੇਗ ਬਹਾਦਰ ਜੀ ਦੇ ਚਰਨੀਂ ਆ ਲੱਗੀ। ਜਨਮ ਮਰਨ ਤੋਂ ਮੁਕਤੀ ਪ੍ਰਾਪਤ ਕਰ ਕੇ ਪਰਮਪਦ ਦੀ ਪ੍ਰਾਪਤੀ ਕਰਨ ਲੱਗੀ।

ਸ੍ਵੈਯਾ

ਵਾਹਿਗੁਰੂ ਤਬ ਬੈਠ ਸਿੰਘਾਸਨ ਸਿੱਖਨ ਕੌ ਨਿਜ ਚਰਨ ਛੁਹਾਏ।

ਦੈ ਉਪਦੇਸ ਸਭੈ ਨਰ ਨਾਰਿਨ ਰਾਮ ਕੇ ਨਾਮ ਕੇ ਮਾਰਗ ਪਾਏ।

ਵਾਹਿਗੁਰੂ ਸਿਮਰਹਿ ਦਿਨ ਰੈਨੀ ਮਾਰਗ ਚਲਤਿ ਹਰੇ ਹਰਿ ਗਾਏ।

ਚਾਰ ਪਦਾਰਥ ਪਾਯਤ ਹੈ ਗੁਰ ਤੇਗ ਬਹਾਦਰ ਕੇ ਗੁਨ ਗਾਏ।176।

ਗੁਰੂ ਜੀ ਗੁਰਿਆਈ ਦੇ ਸਿੰਘਾਸਨ 'ਤੇ ਬਿਰਾਜਮਾਨ ਹੋ ਗਏ ਅਤੇ ਸਿੱਖ ਚਰਨ-ਬੰਦਨਾ ਕਰਨ ਲੱਗੇ। (ਗੁਰੂ ਜੀ ਨੇ) ਉਪਦੇਸ ਰਾਹੀਂ ਸਭ ਨਰ ਨਾਰੀਆਂ ਨੂੰ ਪਰਮਾਤਮਾ ਦੇ ਨਾਮ-ਮਾਰਗ ਪਾ ਦਿੱਤਾ। ਦਿਨ ਰਾਤ ਵਾਹਿਗੁਰੂ ਦਾ ਸਿਮਰਨ ਹੋਣ ਲੱਗਾ ਅਤੇ ਮਾਰਗ 'ਤੇ ਚੱਲਦੇ ਹੋਏ ਹਰੀ ਦਾ ਗਾਇਨ ਕਰਨ ਲੱਗੇ। ਗੁਰੂ ਤੇਗ ਬਹਾਦਰ ਜੀ ਦੇ ਗੁਣਾਂ ਦੀ ਉਸਤਤਿ ਕਰ ਕੇ ਚਾਰ ਪਦਾਰਥਾਂ ਦੀ ਪ੍ਰਾਪਤੀ ਕਰਨ ਲੱਗੇ।

ਚੌਪਈ

ਸੱਦਾ ਨੰਦ ਥਾਂ ਸੁਤ ਸੁਖ ਕਾਨੂ। ਗਾਵ ਤਿਸਕਾ ਰਮਦਾਸ ਬਖਾਨੂ।

ਨੌਵੇ ਗੁਰ ਕੀ ਸੇਵ ਕਮਾਵੈ। ਨਿਸ ਦਿਨ ਪ੍ਰਭੂ ਮੇ ਧਿਆਨ ਲਗਾਵੈ।177।

ਸੁਖ ਕਾਨੂ ਦਾ ਪੁੱਤਰ ਸਦਾ ਨੰਦ ਸੀ ਜਿਹੜਾ ਕਿ ਰਮਦਾਸ ਪਿੰਡ ਦਾ ਵਸਨੀਕ ਦੱਸਿਆ ਜਾਂਦਾ ਹੈ। ਇਹ ਨੌਵੇਂ ਗੁਰੂ ਜੀ ਦੀ ਸੇਵਾ ਕਰਦਾ ਅਤੇ ਦਿਨ ਰਾਤ ਪ੍ਰਭੂ ਦੇ ਸਿਮਰਨ ਵਿਚ ਲੱਗਾ ਰਹਿੰਦਾ ਸੀ।

ਦੋਹਰਾ

ਖੋਹਾ ਖੋਹੀ ਦੇਸ ਮੇ ਮਚਿਆ ਜੁਲਮ ਨਿਸੰਗ।

ਕੰਕਣ ਖੂਨ ਕੁਟੰਬ ਕਾ ਡੋਲੀ ਜਾਇ ਔਰੰਗ।178।

ਵਾਪਸ ਨਗਰ ਕੋਇਲ ਸੇ ਆਇ ਨੌਵੇ ਅਵਤਾਰ।

ਹੂਈ ਸਾਦੀ ਸਦਾ ਨੰਦ ਕੀ ਕਿਰਪਾ ਕਰੀ ਆਪਾਰ।179।[2]

ਦੇਸ਼ ਵਿਚ ਬੇਸ਼ੁਮਾਰ ਲੁੱਟਮਾਰ ਅਤੇ ਜ਼ੁਲਮ ਹੋਣ ਲੱਗਾ। ਕੰਕਣ ਕਵੀ ਕਹਿੰਦਾ ਹੈ ਕਿ ਜਦੋਂ ਸਮਾਜ ਵਿਚ ਖ਼ੂਨ ਡੁੱਲਣ ਲੱਗਾ ਤਾਂ ਔਰੰਗਜ਼ੇਬ (ਦਾ ਸਿੰਘਾਸਣ) ਡੋਲਣ ਲੱਗਿਆ। (ਔਰੰਗਜ਼ੇਬ ਦੇ ਜ਼ੁਲਮ ਬਾਰੇ ਸੁਣ ਕੇ) ਨੌਵੇਂ ਪਾਤਸ਼ਾਹ (ਗੁਰੂ ਤੇਗ ਬਹਾਦਰ ਜੀ) ਕੋਇਲ (ਅਲੀਗੜ੍ਹ) ਨਗਰ ਤੋਂ ਵਾਪਸ ਆਏ। ਸਦਾ ਨੰਦ 'ਤੇ ਕਿਰਪਾ ਕਰ ਕੇ (ਗੁਰੂ ਜੀ ਨੇ) ਉਸ ਦੇ ਰਥ 'ਤੇ ਸਵਾਰੀ ਕੀਤੀ।

---

1. ਕਵੀ ਕੰਕਣ, *ਸੰਛੇਪ ਦਸ ਗੁਰ ਕਥਾ,* ਸੰਪਾ. ਡਾ. ਗੁਰਮੁਖ ਸਿੰਘ, ਬੰਦ 158.
2. *ਉਹੀ,* ਬੰਦ 176-179.

ਸੇਵਾ ਭਟ ਬਾਚ

ਚਿਤੁ ਚਰਨ ਕਮਲ ਕਾ ਆਸਰਾ ਚਿਤੁ ਚਰਨਿ ਕਮਲ ਸੰਗਿ ਜੋੜੀਐ॥
ਮਨ ਲੋਚੈ ਬੁਰਿਆਈਆ ਗੁਰ ਸਬਦੀ ਏਹੁ ਮਨ ਹੋੜੀਐ॥
ਬਾਹੇ ਜਿਨਾ ਦੀ ਪਕੜੀਐ ਸਿਰੁ ਦੀਜੈ ਬਾਹੇ ਨਾ ਛੋੜੀਐ॥
ਤੇਗ ਬਹਾਦਰ ਬੋਲਿਆ ਧਰਿ ਪਈਐ ਧਰਮ ਨ ਛੋੜੀਐ॥205॥

(ਕਵੀ ਕਹਿੰਦਾ ਹੈ) ਮੇਰੇ ਮਨ ਨੂੰ (ਗੁਰੂ ਜੀ ਦੇ) ਚਰਨ ਕਮਲਾਂ ਦਾ ਆਸਰਾ ਹੈ ਅਤੇ ਉਹਨਾਂ ਦੇ ਚਰਨ ਕਮਲਾਂ ਨਾਲ ਮਨ ਨੂੰ ਜੋੜਨਾ ਚਾਹੀਦਾ ਹੈ। ਮਨ ਬੁਰਿਆਈਆਂ ਲੋਚਦਾ ਹੈ ਅਤੇ ਗੁਰੂ ਸ਼ਬਦ ਰਾਹੀਂ ਇਹ ਮਨ ਮੋੜ ਲਈਏ। ਗੁਰੂ ਤੇਗ ਬਹਾਦਰ ਜੀ ਬਚਨ ਕਰਦੇ ਹਨ ਕਿ ਸੰਕਟ ਸਮੇਂ ਧਰਮ ਨਹੀਂ ਛੱਡਣਾ ਚਾਹੀਦਾ ਅਤੇ ਇਸ ਮਾਰਗ 'ਤੇ ਚੱਲਦੇ ਹੋਏ ਜਿਨ੍ਹਾਂ ਦੀ ਬਾਂਹ ਫੜੀਏ ਸਿਰ ਦੇ ਕੇ ਵੀ ਉਹਨਾਂ ਦਾ ਸਾਥ ਦੇਈਏ।

ਦੋਹਰਾ

ਸੀਸ ਦੀਯਾ ਤਹਿ ਸਤਿਗੁਰੂ ਸਿਰਰ ਨ ਦੀਨਾ ਜਾਇ॥
ਜੰਞੂ ਟਿਕਾ ਰਖਿਯਾ ਚਲੈ ਪ੍ਰਭੂ ਗੁਨ ਗਾਇ॥206॥

ਸਤਿਗੁਰੂ ਜੀ ਨੇ ਆਪਣਾ ਸੀਸ ਦੇ ਦਿੱਤਾ ਪਰ ਭੇਦ ਪ੍ਰਗਟ ਨਹੀਂ ਕੀਤਾ। ਤਿਲਕ ਜੰਞੂ ਦੀ ਰੱਖਿਆ ਕਰ ਕੇ ਪ੍ਰਭੂ ਦਾ ਸਿਮਰਨ ਕਰਦੇ ਹੋਏ (ਗੁਰੂ ਜੀ ਇਸ ਜਗਤ ਤੋਂ) ਚਲੇ ਗਏ।

ਹਯ ਹਯ ਹਯ ਸਭ ਜਗ ਭਯਾ ਸੁਰਗ ਲੋਕ ਜਯਕਾਰ॥
ਭਈ ਬਧਾਈ ਇੰਦ੍ਰ ਕੇ ਆਏ ਆਪਿ ਮੁਰਾਰਿ॥207॥

(ਗੁਰੂ ਜੀ ਦੀ ਸ਼ਹਾਦਤ ਉਪਰੰਤ) ਜਗਤ ਵਿਚ ਹਾਹਾਕਾਰ ਮੱਚ ਗਈ ਅਤੇ ਸਵਰਗ ਲੋਕ ਵਿਚ ਜੈ-ਜੈ ਕਾਰ ਹੋਣ ਲੱਗੀ। ਇੰਦਰ ਦੇ ਘਰ (ਇਸ ਗੱਲ ਦੀ) ਵਧਾਈ ਹੋ ਗਈ ਕਿ ਪ੍ਰਭੂ (ਗੁਰੂ ਤੇਗ ਬਹਾਦਰ ਜੀ) ਆਪ ਆ ਗਏ ਹਨ।

ਇੰਦ੍ਰਪੁਰੀ ਕੋ ਆਜ ਤੇ ਭਯ ਕਾਹੂ ਕੋ ਨਾਂਹਿ॥
ਸੋਢੀ ਪਤਿ ਗੁਰੂਅਨ ਗੁਰੂ ਬਸੇ ਆਇ ਜਿਨਿ ਮਾਂਹਿ॥208॥[1]

(ਗੁਰੂ ਜੀ ਦੇ ਆਉਣ ਉਪਰੰਤ) ਇੰਦਰਪੁਰੀ ਵਿਚ ਕਿਸੇ ਦਾ ਡਰ ਬਾਕੀ ਨਹੀਂ ਰਿਹਾ। ਗੁਰੂਆਂ ਦੇ ਗੁਰੂ ਸੋਢੀ ਪਾਤਸ਼ਾਹ (ਗੁਰੂ ਤੇਗ ਬਹਾਦਰ ਜੀ) ਜਿਨ੍ਹਾਂ ਵਿਚ ਆ ਕੇ ਵੱਸ ਗਏ।

ਭਾਈ ਨੰਦ ਲਾਲ ਜੀ

ਭਾਈ ਨੰਦ ਲਾਲ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਦਰਬਾਰੀ ਕਵੀ ਸੀ। ਫ਼ਾਰਸੀ ਭਾਸ਼ਾ ਦਾ ਇਹ ਉੱਘਾ ਵਿਦਵਾਨ ਬਾਦਸ਼ਾਹ ਔਰੰਗਜ਼ੇਬ ਦੇ ਵੱਡੇ ਲੜਕੇ ਮੁਅੱਜ਼ਮ ਦੇ ਨਿੱਜੀ ਅਮਲੇ ਵਿਚ ਸ਼ਾਮਲ ਸੀ। ਕਿਹਾ ਜਾਂਦਾ ਹੈ ਕਿ ਇਕ ਵਾਰੀ ਬਾਦਸ਼ਾਹ ਨੇ ਮੁਸਲਮਾਨ ਵਿਦਵਾਨਾਂ ਪਾਸੋਂ ਕੁਰਾਨ ਦੀ ਇਕ ਆਇਤ ਦੇ ਅਰਥ ਪੁੱਛੇ ਪਰ ਤਸੱਲੀ ਨਾ ਹੋਈ। ਜਦੋਂ ਭਾਈ ਨੰਦ ਲਾਲ ਨੇ ਉਸ ਆਇਤ ਦੇ ਅਰਥ ਕੀਤੇ ਤਾਂ ਬਾਦਸ਼ਾਹ ਬਹੁਤ ਪ੍ਰਭਾਵਿਤ ਹੋਇਆ ਅਤੇ ਇਨਾਮ ਦੇਣਾ ਚਾਹਿਆ। ਜਦੋਂ ਬਾਦਸ਼ਾਹ ਨੂੰ ਇਹ ਪਤਾ ਲੱਗਿਆ ਕਿ ਇਹ ਵਿਦਵਾਨ ਇਕ ਹਿੰਦੂ ਹੈ ਤਾਂ ਹੈਰਾਨ ਹੋਇਆ ਕਿ ਇਹ ਹਾਲੇ ਤੱਕ ਮੁਸਲਮਾਨ ਕਿਉਂ ਨਹੀਂ ਬਣਿਆ? ਬਾਦਸ਼ਾਹ ਦੀ ਇਸ ਨੀਅਤ ਦਾ ਅੰਦਾਜ਼ਾ ਲਾਉਂਦੇ ਹੋਏ ਭਾਈ

1. ਕਵੀ ਕੰਕਣ, *ਸੰਛੇਪ ਦਸ ਗੁਰ ਕਥਾ*, ਸੰਪਾ. ਡਾ. ਗੁਰਮੁਖ ਸਿੰਘ, ਬੰਦ 205-208.

ਨੰਦ ਲਾਲ ਭੱਜ ਕੇ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਆ ਗਿਆ ਸੀ। ਇੱਥੇ ਆ ਕੇ ਇਸ ਨੂੰ ਜਿਹੜੀ ਸ਼ਾਂਤੀ ਅਤੇ ਸੁਰੱਖਿਆ ਮਹਿਸੂਸ ਹੋਈ, ਹੋਰ ਕਿਤੇ ਨਾ ਜਾ ਸਕਿਆ। ਗੁਰੂ ਜੀ ਦੀ ਸ਼ਰਨ ਵਿਚ ਇਸ ਨੇ ਕਈ ਰਚਨਾਵਾਂ ਲਿਖੀਆਂ ਜਿਨ੍ਹਾਂ ਵਿਚ *ਗ਼ਜ਼ਲਾਂ, ਰੁਬਾਈਆਂ, ਜ਼ਿੰਦਗੀਨਾਮਾ, ਗੰਜਨਾਮਾ, ਜੋਤਿ ਬਿਗਾਸ (ਫ਼ਾਰਸੀ), ਜੋਤਿ ਬਿਗਾਸ (ਪੰਜਾਬੀ), ਰਹਿਤਨਾਮਾ, ਤਨਖ਼ਾਹਨਾਮਾ, ਦਸਤੂਰੁਲ-ਇਨਸ਼ਾ* ਆਦਿ ਸ਼ਾਮਲ ਹਨ। ਇਹਨਾਂ ਨੇ ਆਪਣੀ ਰਚਨਾ *ਗੰਜਨਾਮਾ* ਵਿਚ ਦਸ ਗੁਰੂ ਸਾਹਿਬਾਨ ਦੀ ਉਸਤਤਿ ਕੀਤੀ ਹੈ। ਜਿਸ ਵਿਚੋਂ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਮੂਲ ਪਾਠ ਅਤੇ ਅਨੁਵਾਦ ਡਾ. ਗੰਡਾ ਸਿੰਘ ਦੁਆਰਾ ਇਸ ਤਰ੍ਹਾਂ ਦਰਜ ਕੀਤਾ ਗਿਆ ਹੈ।[1]

ਗੁਰੂ ਤੇਗ ਬਹਾਦੁਰ ਆਂ ਸਰਾਪਾ ਅਫ਼ਜ਼ਾਲ।
ਜੀਨਤ-ਆਰਾਇ ਮਹਿਫ਼ਲਿ ਜਾਹੋ ਜਲਾਲ॥99॥

ਗੁਰੂ ਤੇਗ ਬਹਾਦਰ ਸਿਰ ਤੋਂ ਪੈਰਾਂ ਤਕ ਉਚਾਈਆਂ ਅਤੇ ਵਡਿਆਈਆਂ ਦਾ ਭੰਡਾਰ ਹੈ, ਅਤੇ ਰੱਬ ਦੀ ਸ਼ਾਨੋ ਸ਼ੌਕਤ ਦੀ ਮਹਿਫ਼ਲ ਦੀ ਰੌਣਕ ਵਧਾਉਣ ਵਾਲਾ ਹੈ।

ਅਨਵਾਰਿ ਹੱਕ ਅਜ਼ ਵਜੂਦਿ ਪਾਕਿਸ਼ ਰੌਸ਼ਨ।
ਹਰ ਦੋ ਆਲਮ ਜ਼ਿ ਫ਼ੈਜ਼ਿ ਫ਼ਜ਼ਲਸ਼ ਰੌਸ਼ਨ॥100॥

ਸੱਚ ਦੀਆਂ ਕਿਰਨਾਂ ਉਸ ਦੇ ਪਵਿੱਤਰ ਵਜੂਦ ਸਦਕਾ ਰੌਸ਼ਨ ਹਨ, ਦੋਵੇਂ ਜਹਾਨ ਉਸ ਦੀ ਮਿਹਰ ਬਖ਼ਸ਼ ਨਾਲ ਰੌਸ਼ਨ ਹਨ।

ਹੱਕ ਅਜ਼ ਹਮਾ ਬਰ-ਗੁਜ਼ੀਦਗਾਂ ਬਰਗੁਜ਼ੀਦਸ਼
ਤਸਲੀਮੋ ਰਿਜ਼ਾ ਰਾ ਨਿਕੋ ਸੰਜੀਦਸ਼॥101॥

ਰੱਬ ਨੇ ਸਾਰੇ ਚੋਣਵੇਂ ਪਤਵੰਤਿਆਂ ਵਿਚੋਂ ਉਸ ਨੂੰ ਚੁਣਿਆ, ਉਸ ਨੇ ਉਸ ਦਾ ਭਾਣਾ ਮੰਨਣ ਨੂੰ ਸਭ ਤੋਂ ਚੰਗਾ ਅਨੁਭਵ ਕੀਤਾ।

ਬਰ ਹਰ ਮੁਕਬਲ ਕਬੂਲਿ ਖ਼ੁਦ ਅਰਜ਼ੂਦਸ਼
ਮਸਜੂਦੁਲ ਆਲਮੀਂ ਜ਼ਿ ਫ਼ਜ਼ਲਿ ਖ਼ੁੱਦ ਫ਼ਰਮੂਦਸ਼॥102॥

ਉਸ ਦਾ ਰੁਤਬਾ ਸਾਰਿਆਂ ਪਰਵਾਨ ਕੀਤੇ ਵੱਡਿਆਂ ਵਿਚ ਅਪਾਰ ਵੱਡਾ ਕੀਤਾ ਅਤੇ ਉਸ ਨੂੰ ਆਪਣੀ ਕਿਰਪਾ ਨਾਲ ਦੋਹਾਂ ਜਹਾਨਾਂ ਦਾ ਪੂਜਨੀਕ ਬਣਾਇਆ।

ਦਸਤਿ ਹਮਾ-ਗਾਂ ਬਜ਼ੈਲਿ ਅਫ਼ਜ਼ਾਲਿ ਊ
ਬਰ ਸਰਿ ਅਨਵਾਰਿ ਇਲਮਿ ਹੱਕ ਕਾਲਿ ਊ॥103॥[1]

ਸਭਨਾਂ ਦਾ ਹੱਥ ਉਸ ਦੀਆਂ ਬਖ਼ਸ਼ਿਸ਼ਾਂ ਦੇ ਪੱਲੇ 'ਤੇ ਹੈ, ਉਸ ਦਾ ਸੱਚਾ ਬੋਲ ਗਿਆਨ ਦੇ ਨੂਰ ਤੋਂ ਉਚੇਰਾ ਹੈ।

ਕਵੀ ਸੈਨਾਪਤਿ

ਕਵੀ ਸੈਨਾਪਤਿ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ ਸੀ। ਇਸ ਦਾ ਨਾਂ ਚੰਦਰ ਸੈਨ ਵੀ ਦੱਸਿਆ ਜਾਂਦਾ ਹੈ ਜਿਸ ਨੇ ਬਾਅਦ ਵਿਚ ਖ਼ਾਲਸੇ ਦੀ ਮਰਯਾਦਾ ਧਾਰਨ ਕਰ ਲਈ ਸੀ। ਸ਼ਮਸ਼ੇਰ ਸਿੰਘ ਅਸ਼ੋਕ ਇਸ ਨਾਂ ਦੇ ਦੋ ਕਵੀ ਦੱਸਦਾ ਹੈ - ਕਵੀ ਸੈਨਾਪਤਿ ਮਾਨ ਵਜ਼ੀਰਾਬਾਦੀ ਅਤੇ ਕਵੀ ਸੈਨਾਪਤਿ ਬੁਲੰਦ ਸ਼ਹਿਰ (ਉੱਤਰ ਪ੍ਰਦੇਸ਼)।

---

1. *ਭਾਈ ਨੰਦ ਲਾਲ ਗ੍ਰੰਥਾਵਲੀ,* ਗੰਜ ਨਾਮਾ, ਸੰਪਾ. ਗੰਡਾ ਸਿੰਘ, ਸ਼ਿਅਰ 99-103.

ਪਹਿਲਾ ਸੈਨਾਪਤਿ ਗੁਰੂ ਜੀ ਦਾ ਦਰਬਾਰੀ ਕਵੀ ਸੀ।[1] ਇਸ ਨੇ *ਸ੍ਰੀ ਗੁਰ ਸੋਭਾ* ਦੀ ਰਚਨਾ ਕੀਤੀ ਸੀ। *ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ* ਦੇ ਮਹੰਤ ਬਾਬਾ ਸੁਮੇਰ ਸਿੰਘ ਇਸ ਗ੍ਰੰਥ ਦੇ ਕਰਤਾ ਸੰਬੰਧੀ ਦੱਸਦੇ ਹਨ:

ਸੈਨਾ ਸਿੰਘ ਕਹੀ ਗੁਰ ਸੋਭਾ॥
ਸਤ੍ਰਹ ਸਤ ਅਠ ਸਠ ਨਿਜ ਓਭਾ॥[2]

ਗੁਰੂ ਜੀ ਦਾ ਦਰਬਾਰੀ ਕਵੀ ਹੋਣ ਕਰ ਕੇ ਇਸ ਦੁਆਰਾ ਲਿਖੇ ਗ੍ਰੰਥ ਦਾ ਮਹੱਤਵ ਵੱਧ ਜਾਂਦਾ ਹੈ। ਆਪਣੇ ਗ੍ਰੰਥ ਦੇ ਅਰੰਭ ਵਿਚ ਇਹ 'ਖਾਲਸਾ ਬਾਚ' ਸ਼ਬਦ ਦੀ ਵਰਤੋਂ ਕਰਦਾ ਹੈ ਜਿਸ ਦਾ ਭਾਵ ਖ਼ਾਲਸੇ ਦੇ ਕਥਨ ਤੋਂ ਹੈ। ਗੁਰੂ ਸਾਹਿਬ ਦਾ ਦਰਬਾਰੀ ਕਵੀ ਜਦੋਂ 'ਖਾਲਸਾ ਬਾਚ' ਸ਼ਬਦ ਨਾਲ ਆਪਣਾ ਗ੍ਰੰਥ ਅਰੰਭ ਕਰਦਾ ਹੈ ਤਾਂ ਉਸ ਦੀ ਸਿੱਖੀ-ਸੇਵਕੀ ਅਤੇ ਗ੍ਰੰਥ ਰਚਨ ਦੀ ਭਾਵਨਾ ਸ਼ੰਕਾ ਮੁਕਤ ਹੋ ਜਾਂਦੀ ਹੈ। ਕਵੀ ਸੈਨਾਪਤਿ ਨੇ ਗੁਰੂ ਸਾਹਿਬਾਨ ਦੀ ਮਹਿਮਾ ਅਤੇ ਗੁਰਮਤਿ ਸਿਧਾਂਤ ਦੀ ਸ੍ਰੇਸ਼ਟਤਾ ਦਾ ਵਰਨਨ ਕੀਤਾ ਹੈ। ਸ੍ਰੀ ਗੁਰ ਸੋਭਾ ਇਸ ਦੀ ਪ੍ਰਮੁੱਖ ਰਚਨਾ ਹੈ ਜਿਹੜੀ ਕਿ 1711 ਵਿਚ ਸੰਪੂਰਨ ਹੋਈ ਦੱਸੀ ਜਾਂਦੀ ਹੈ। 20 ਅਧਿਆਇਆਂ ਵਿਚ ਸੰਪੂਰਨ ਹੋਈ ਇਹ ਰਚਨਾ ਪ੍ਰਮੁੱਖ ਤੌਰ 'ਤੇ ਗੁਰੂ ਗੋਬਿੰਦ ਸਿੰਘ ਜੀ ਦੇ ਭੰਗਾਣੀ, ਨਦੌਣ, ਹੁਸੈਨੀ, ਅਨੰਦਪੁਰ ਸਾਹਿਬ, ਨਿਰਮੋਹਗੜ੍ਹ, ਬਸਾਲੀ, ਕਲਮੋਟ, ਚਮਕੌਰ, ਮੁਕਤਸਰ ਆਦਿ ਸਥਾਨਾਂ 'ਤੇ ਹੋਏ ਯੁੱਧਾਂ, ਖ਼ਾਲਸੇ ਦੇ ਉਦੇਸ਼, ਖ਼ਾਲਸੇ ਦੀ ਰਹਿਤ, ਗੁਰੂ ਜੀ ਦੀ ਦੱਖਣ ਵੱਲ ਯਾਤਰਾ, ਬਹਾਦਰ ਸ਼ਾਹ ਦੀ ਸਹਾਇਤਾ ਅਤੇ ਗੁਰੂ ਜੀ ਦੇ ਜੋਤਿ-ਜੋਤਿ ਸਮਾਉਣ ਆਦਿ ਦਾ ਵਰਨਨ ਕਰਦੀ ਹੈ। ਇਸ ਰਚਨਾ ਵਿਚ ਗੁਰੂ ਤੇਗ ਬਹਾਦਰ ਜੀ ਨੂੰ ਧਰਮ ਦੇ ਰੱਖਿਅਕ ਦੱਸਿਆ ਗਿਆ ਹੈ ਜਿਨ੍ਹਾਂ ਨੇ ਬਾਦਸ਼ਾਹ ਔਰੰਗਜ਼ੇਬ ਵੱਲੋਂ ਕੁਦਰਤ ਦੇ ਨਿਯਮਾਂ ਵਿਚ ਕੀਤੇ ਜਾ ਰਹੇ ਬਦਲਾਉ ਨੂੰ ਆਪਣੀ ਸ਼ਹਾਦਤ ਦੇ ਕੇ ਰੋਕਿਆ।

ਪ੍ਰਗਟ ਭਏ ਗੁਰੁ ਤੇਗ ਬਹਾਦਰ। ਸਗਲ ਸ੍ਰਿਸਟਿ ਪੈ ਢਾਪੀ ਚਾਦਰ।
ਕਰਮ ਧਰਮ ਜਿਨਿ ਪਤਿ ਰਾਖੀ। ਅਟਲ ਕਰੀ ਕਲਜੁਗ ਮੈਂ ਸਾਖੀ॥14॥

ਗੁਰੂ ਤੇਗ ਬਹਾਦਰ ਜੀ ਨੇ ਪ੍ਰਗਟ ਹੋ ਕੇ ਸਾਰੀ ਸ੍ਰਿਸ਼ਟੀ ਨੂੰ (ਧਰਮ ਦੀ) ਚਾਦਰ ਨਾਲ ਢੱਕ ਲਿਆ। ਜਿਹੜੇ ਕਰਮ ਅਤੇ ਧਰਮ ਦੀ ਪਤਿ ਰੱਖ ਕੇ ਕਲਜੁਗ ਵਿਚ ਅਮਰ ਹੋ ਗਏ।

ਸਗਲ ਸ੍ਰਿਸਟਿ ਜਾ ਕਾ ਜਸ ਭਯੋ। ਜਿਹ ਤੇ ਸਰਬ ਧਰਮ ਬੰਚਯੋ।
ਤੀਨ ਲੋਕ ਮੈ ਜੈ ਜੈ ਭਈ। ਸਤਿਗੁਰਿ ਪੈਜ ਰਾਖਿ ਇਮ ਲਈ॥15॥

ਸਾਰੀ ਸ੍ਰਿਸ਼ਟੀ ਵਿਚ ਜਿਨ੍ਹਾਂ ਦਾ ਜਸ ਹੋ ਰਿਹਾ ਹੈ ਅਤੇ ਜਿਨ੍ਹਾਂ ਦੇ ਕਾਰਨ ਸਮੂਹ ਧਰਮ ਬੱਚ ਗਏ। ਤਿੰਨਾਂ ਲੋਕਾਂ ਵਿਚ ਉਹਨਾਂ ਦੀ ਜੈ-ਜੈ ਕਾਰ ਹੋ ਰਹੀ ਹੈ। ਇਸ ਤਰ੍ਹਾਂ ਸਤਿਗੁਰੂ ਜੀ ਨੇ ਪੈਜ ਰੱਖ ਲਈ।

ਤਿਲਕ ਜਨੇਊ ਅਰਿ ਧਰਮਸਾਲਾ। ਅਟਲ ਕਰੀ ਗੁਰ ਭਏ ਦਿਆਲਾ।
ਧਰਮ ਹੇਤਿ ਪ੍ਰਭ-ਪੁਰਹਿ ਸਿਧਾਏ। ਗੁਰੂ ਗੋਬਿੰਦ ਸਿੰਘ ਕਹਿਲਾਏ॥16॥[3]

ਗੁਰੂ ਜੀ ਨੇ ਦਿਆਲ ਹੋ ਕੇ ਤਿਲਕ, ਜਨੇਊ ਅਤੇ ਧਰਮਸਾਲ (ਹਿੰਦੂ ਧਰਮ ਦੇ ਮੰਦਰਾਂ) ਨੂੰ ਬਚਾ ਲਿਆ ਹੈ। ਧਰਮ ਹੇਤ ਕਾਰਜ ਕਰਦੇ ਹੋਏ ਗੁਰੂ ਜੀ ਪ੍ਰਭੂ-ਲੋਕ ਚਲੇ ਗਏ ਅਤੇ ਉਹਨਾਂ ਦੇ ਸਥਾਨ 'ਤੇ ਗੁਰੂ ਗੋਬਿੰਦ ਸਿੰਘ ਜੀ ਆ ਗਏ।

---

1. ਕਵਿ ਸੈਨਾਪਤਿ, *ਸ੍ਰੀ ਗੁਰ ਸੋਭਾ*, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 11.
2. ਸੁਮੇਰ ਸਿੰਘ, ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਸੰਪਾ. ਅੱਛਰ ਸਿੰਘ ਕਾਹਲੋਂ, ਪੰਨਾ 527.
3. ਕਵਿ ਸੈਨਾਪਤਿ, *ਸ੍ਰੀ ਗੁਰ ਸੋਭਾ*, ਸੰਪਾ. ਗੰਡਾ ਸਿੰਘ, ਬੰਦ 14-16.

ਭਾਈ ਗੁਰਦਾਸ ਜੀ (ਦੂਜਾ)

ਸਿੱਖ ਇਤਿਹਾਸ ਵਿਚ ਇਕ ਤੋਂ ਵਧੇਰੇ ਭਾਈ ਗੁਰਦਾਸ ਜੀ ਹੋਏ ਹਨ। ਪਹਿਲੇ ਭਾਈ ਗੁਰਦਾਸ ਜੀ ਗੁਰੂ ਅਮਰਦਾਸ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੱਕ ਹੋਏ ਹਨ ਜਿਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਸ੍ਰੀ ਆਦਿ ਗ੍ਰੰਥ ਜੀ ਦੇ ਲਿਖਾਰੀ ਦੀ ਸੇਵਾ ਨਿਭਾਈ ਸੀ। ਇਹਨਾਂ ਨੇ *ਵਾਰਾਂ* ਅਤੇ *ਕਬਿੱਤ ਸਵੱਯਾਂ* ਦੀ ਰਚਨਾ ਕਰ ਕੇ ਗੁਰਮਤਿ ਸਿਧਾਂਤ ਨੂੰ ਗੁਰਮੁਖੀ ਅਤੇ ਬ੍ਰਜ ਭਾਸ਼ਾ ਦੀ ਜਾਣਕਾਰੀ ਰੱਖਣ ਵਾਲਿਆਂ ਤੱਕ ਪਹੁੰਚਾਇਆ। ਇਹਨਾਂ ਦੁਆਰਾ ਰਚੀਆਂ ਗਈਆਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਕਿਹਾ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਿਤ ਇਹਨਾਂ ਵਾਰਾਂ ਦੀ ਗਿਣਤੀ 40 ਹੈ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਪਿੱਛੇ ਇਕ ਹੋਰ ਵਾਰ ਦਰਜ ਕੀਤੀ ਗਈ ਹੈ। ਇਸ ਵਾਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸਾ ਪੰਥ ਦੀ ਸਿਰਜਣਾ ਦਾ ਸਪਸ਼ਟ ਪ੍ਰਭਾਵ ਨਜ਼ਰ ਆਉਂਦਾ ਹੈ:

ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।
ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।
ਗੁਰੁ ਦਾਸ ਮਨਾਈ ਕਾਲਕਾ ਖੰਡੇ ਕੀ ਵੇਲਾ।
ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।
ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥1॥[1]

ਇਸ ਪਉੜੀ ਦੇ ਵਿਸ਼ੇ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਵਾਰ ਵਿਚ ਜਿਸ ਭਾਈ ਗੁਰਦਾਸ ਜੀ ਦਾ ਜ਼ਿਕਰ ਮਿਲਦਾ ਹੈ ਉਹ ਪਹਿਲੇ ਭਾਈ ਗੁਰਦਾਸ ਜੀ ਤੋਂ ਵੱਖਰੇ ਹਨ। ਇਸ ਵਾਰ ਦੇ ਸਿਧਾਂਤ, ਭਾਵਨਾ ਅਤੇ ਰਵਾਨਗੀ ਪਹਿਲੇ ਭਾਈ ਗੁਰਦਾਸ ਜੀ ਦੁਆਰਾ ਰਚਿਤ ਵਾਰਾਂ ਨਾਲ ਮੇਲ ਖਾਂਦੀ ਹੋਣ ਕਰ ਕੇ ਕਿਸੇ ਸਿੱਖ ਨੇ ਪਿੱਛੋਂ ਜੋੜ ਦਿੱਤੀ ਗਈ ਜਾਪਦੀ ਹੈ। ਇਕੋ ਜਿਲਦ ਵਿਚ ਇਕੋ ਨਾਮ ਹੇਠ ਦਰਜ ਹੋਈਆਂ ਵਿਭਿੰਨ ਵਾਰਾਂ ਕਰ ਕੇ ਪਿੱਛੋਂ ਲਿਖੀ ਵਾਰ ਦੇ ਕਰਤਾ ਨੂੰ ਭਾਈ ਗੁਰਦਾਸ ਜੀ ਦੂਜਾ ਲਿਖਿਆ ਗਿਆ ਹੈ। ਇਸ ਵਾਰ ਵਿਚ ਵੀ ਜਿੱਥੇ ਗੁਰਮਤਿ ਸਿਧਾਂਤਾਂ ਦਾ ਵਰਨਨ ਮਿਲਦਾ ਹੈ ਉੱਥੇ ਗੁਰੂ ਸਾਹਿਬਾਨ ਦੀ ਮਹਿਮਾ ਦੇ ਵੀ ਦਰਸ਼ਨ ਹੋ ਜਾਂਦੇ ਹਨ:

ਗੁਰੂ ਨਾਨਕ ਸਭ ਕੇ ਸਿਰਤਾਜਾ। ਜਿਹ ਕੋ ਸਿਮਰਿ ਸਰੇ ਸਭ ਕਾਜਾ।
ਗੁਰੂ ਤੇਗ ਬਹਾਦਰ ਸ੍ਵਾਂਗ ਰਚਾਯੰ। ਜਿਹ ਅਪਨ ਸੀਸ ਦੇ ਜਗ ਠਹਰਾਯੰ।
ਇਸ ਬਿਧਿ ਮੁਗਲਨ ਕੋ ਭਰਮਾਇਓ। ਤਬ ਸਤਿਗੁਰੂ ਅਪਨਾ ਬਲ ਨ ਜਨਾਇਓ।
ਪ੍ਰਭੁ ਹੁਕਮ ਬੂਝਿ ਪਹੁੰਚੇ ਦਰਬਾਰਾ। ਤਬ ਸਤਿਗੁਰੂ ਕੀਨੀ ਮਿਹਰ ਅਪਾਰਾ।
ਇਉਂ ਮੁਗਲਨ ਕੋ ਦੋਖ ਲਗਾਨਾ। ਹੋਇ ਖਰਾਬ ਖਪਿ ਗਏ ਨਿਦਾਨਾ।
ਇਉਂ ਨਉਂ ਮਹਿਲੋਂ ਕੀ ਜੁਗਤਿ ਸੁਨਾਈ। ਜਿਹ ਕਰਿ ਸਿਮਰਨ ਹਰਿ ਭਗਤਿ ਰਚਾਈ।
ਹਰਿ ਭਗਤਿ ਰਚਾਇ ਨਾਮ ਨਿਸਤਾਰੇ। ਤਬ ਸਭ ਜਗ ਮੈ ਪ੍ਰਗਟਿਓ ਜੈਕਾਰੇ।
ਇਉਂ ਕਰਿ ਹੈ ਗੁਰਦਾਸ ਪੁਕਾਰਾ। ਹੇ ਸਤਿਗੁਰ ਮੁਹਿ ਲੇਹੁ ਉਬਾਰਾ॥23॥[2]

---

1. *ਵਾਰਾਂ ਭਾਈ ਗੁਰਦਾਸ ਜੀ,* ਵਾਰ 41, ਬੰਦ 1.
2. *ਉਹੀ,* ਬੰਦ 23.

ਗੁਰੂ ਨਾਨਕ ਸਾਰਿਆਂ ਦੇ ਸਿਰਤਾਜ ਹਨ ਜਿਨ੍ਹਾਂ ਦਾ ਸਿਮਰਨ ਕਰਨ ਨਾਲ ਸਭ ਕਾਰਜ ਸਿੱਧ ਹੋ ਜਾਂਦੇ ਹਨ। ਗੁਰੂ ਤੇਗ ਬਹਾਦਰ ਜੀ ਨੇ ਕੌਤਕ ਰਚਦੇ ਹੋਏ ਆਪਣਾ ਸੀਸ ਦੇ ਕੇ ਜਗਤ ਨੂੰ ਬਚਾ ਲਿਆ। ਇਸ ਤਰ੍ਹਾਂ ਆਪਣਾ ਅਧਿਆਤਮਿਕ ਬਲ ਪ੍ਰਗਟ ਨਾ ਕਰ ਕੇ ਸਤਿਗੁਰੂ ਜੀ ਨੇ ਮੁਗ਼ਲਾਂ ਨੂੰ ਭਰਮਾ ਲਿਆ। ਪਰਮਾਤਮਾ ਦਾ ਹੁਕਮ ਮੰਨ ਕੇ ਗੁਰੂ ਜੀ (ਔਰੰਗਜ਼ੇਬ ਦੇ) ਦਰਬਾਰ ਵਿਚ ਪਹੁੰਚ ਗਏ। ਸਤਿਗੁਰੂ ਜੀ ਨੇ ਅਪਾਰ ਬਖ਼ਸ਼ਿਸ਼ ਕੀਤੀ। (ਬਲਿਦਾਨ ਦੇ ਕੇ) ਮੁਗ਼ਲਾਂ ਸਿਰ ਦੋਸ਼ ਲਗਾ ਦਿੱਤਾ। ਅਖ਼ੀਰ ਖੁਆਰ ਹੋ ਕੇ ਮੁਗ਼ਲਾਂ ਦਾ ਪਤਨ ਹੋ ਗਿਆ। ਇਸ ਤਰ੍ਹਾਂ ਨੌਂ ਗੁਰੂ ਸਾਹਿਬਾਨ ਦੀ ਜੁਗਤੀ ਸੁਣਾਈ ਹੈ ਜਿਨ੍ਹਾਂ ਨੇ ਸਿਮਰਨ ਕਰ ਕੇ ਹਰੀ ਦੀ ਭਗਤੀ ਦ੍ਰਿੜ੍ਹ ਕਰਾਈ ਹੈ। (ਗੁਰੂ ਸਾਹਿਬਾਨ ਨੇ ਜਗਤ ਦੇ ਜੀਵਾਂ ਨੂੰ) ਪ੍ਰਭੂ ਦੇ ਸਿਮਰਨ ਵਿਚ ਲਗਾ ਕੇ ਤਾਰ ਲਿਆ। ਇਸੇ ਕਰ ਕੇ ਸਾਰੇ ਜਗਤ ਵਿਚ ਉਹਨਾਂ ਦੀ ਜੈ-ਜੈ ਕਾਰ ਹੋਈ ਹੈ। ਗੁਰਦਾਸ ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ ਕਰਦਾ ਹੈ ਕਿ ਹੇ ਸਤਿਗੁਰੂ ਜੀ! ਮੈਨੂੰ ਵੀ (ਪੁਨਰ-ਜਨਮ ਤੋਂ) ਬਚਾ ਲਵੋ।

ਲੱਖਣ ਰਾਇ

ਗੁਰੂ ਗੋਬਿੰਦ ਸਿੰਘ ਜੀ ਦਾ ਇਹ ਦਰਬਾਰੀ ਕਵੀ ਪੰਜਾਬ ਦੇ ਹੁਸ਼ਿਆਰਪੁਰ ਜ਼ਿਲੇ ਵਿਚ ਪੈਂਦੇ ਊਨਾ ਨਗਰ ਦਾ ਵਸਨੀਕ ਸੀ। ਇਸ ਦੇ ਪਰਿਵਾਰ ਸੰਬੰਧੀ ਜਾਣਕਾਰੀ ਦਿੰਦੇ ਹੋਏ ਪਿਆਰਾ ਸਿੰਘ ਪਦਮ ਦੱਸਦੇ ਹਨ ਕਿ ਲੱਖਣ ਅਤੇ ਭੋਜਰਾਜ ਦੋਵੇਂ ਭਾਈ ਸਨ ਤੇ ਚਾਂਗਰੇ ਗੋਤ ਦੇ ਰਾਜਪੂਤ ਸਨ, ਇਨ੍ਹਾਂ ਦੇ ਪਿਤਾ ਦਾ ਨਾਮ ਬੀਕ ਚੰਦ ਤੇ ਨਗਰ ਊਨਾ ਜ਼ਿਲਾ ਹੁਸ਼ਿਆਰਪੁਰ ਸੀ। ਇਹ ਦੋਵੇਂ ਗੁਰੂ ਤੇਗ ਬਹਾਦਰ ਜੀ ਦੇ ਸ਼ਰਧਾਲੂ ਸਨ ਤੇ ਬਾਅਦ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਰਹਿ ਕੇ ਕਲਮੀ ਸੇਵਾ ਕਰਦੇ ਰਹੇ।[1]

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਇਸ ਨੇ *ਹਿਤੋਪਦੇਸ਼* ਦਾ ਅਨੁਵਾਦ ਕੀਤਾ ਸੀ ਅਤੇ ਇਸ ਰਚਨਾ ਦੇ ਮੰਗਲਾਚਰਨ ਵਿਚ ਇਸ ਨੇ ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਵਾਲੇ ਬੰਦ ਦਰਜ ਕੀਤੇ ਹਨ। ਇਸ ਦੀ ਰਚਨਾ ਵਿਚ ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਨਾਲ ਸੰਬੰਧਿਤ ਇਹ ਮੰਗਲ ਮਿਲਦਾ ਹੈ:

ਚਕ੍ਰਿਤ ਸ਼ੇਸ ਸਿਵਾਦਿ ਰਹੈਂ, ਹੁਇ ਚਤੁਰਾਨਨ ਵਿਚਾਰ ਨ ਪਾਵਤ।
ਨਿਗਮ ਵਿਚਾਰ ਕਰਹਿ ਨਿਸ ਬਾਸਰ, ਸੁਕ ਵਿਆਸ ਸਬੈ ਸੁ ਕਥਾਂਹਿ ਸੁਨਾਵਤ।
ਨਾਰਦ ਸ਼ੁਕਰ ਸਨਾਤਨ ਮੁਨਿਜਨ, ਸਿਧ ਤਪੀਸਰ ਅੰਤ ਨ ਪਾਵਤ।
ਸੋ ਗੁਰ ਤੇਗ ਬਹਾਦਰ ਜਗ ਮੈਂ, ਪ੍ਰਗਟ ਪ੍ਰਤੱਛ ਦਰਸ ਦਿਖਲਾਵਤ।[2]

(ਜਿਸ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਦੇ ਹੋਏ) ਸ਼ੇਸ਼ਨਾਗ, ਸ਼ਿਵ ਜੀ ਆਦਿ ਹੈਰਾਨ ਹੋ ਜਾਂਦੇ ਹਨ ਅਤੇ ਬ੍ਰਹਮਾ ਜੀ ਵੀ ਉਸ ਦਾ ਅੰਤ ਨਹੀਂ ਪਾ ਸਕਦੇ। ਵੇਦ ਵੀ ਦਿਨ-ਰਾਤ ਜਿਸ ਦਾ ਵਿਚਾਰ ਕਰਦੇ ਹਨ ਅਤੇ ਸੁਕਦੇਵ (ਰਿਸ਼ੀ), ਵਿਆਸ ਆਦਿ ਕਥਾਵਾਂ ਸੁਣਾਉਂਦੇ ਹਨ। ਨਾਰਦ, ਸ਼ੁਕਰ, ਚਾਰ ਮੁਨੀ (ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ), ਸਿੱਧ, ਤਪੀ ਆਦਿ ਜਿਸ ਦਾ ਅੰਤ ਨਹੀਂ ਪਾ ਸਕਦੇ। ਉਹੀ (ਅਕਾਲ ਪੁਰਖ) ਗੁਰੂ ਤੇਗ ਬਹਾਦਰ ਜੀ ਦੇ ਰੂਪ ਵਿਚ ਜਗਤ ਵਿਖੇ ਪ੍ਰਤੱਖ ਦਰਸ਼ਨ ਦੇਣ ਲਈ ਪ੍ਰਕਾਸ਼ਮਾਨ ਹੋਏ ਹਨ।

ਦੋਹਰਾ
ਜੋ ਤਾਂਕੀ ਸ਼ਰਣੀ ਪਏ ਜਗ ਤੇ ਲੀਏ ਛੁਡਾਇ।
ਤੇਗ ਬਹਾਦਰ ਸੇ ਗੁਰੂ ਰਹਯੋ ਤਾਸ ਗੁਨ ਗਾਇ।[3]

1. ਪਿਆਰਾ ਸਿੰਘ ਪਦਮ, *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ,* ਪੰਨਾ 93.
2-3. *ਉਹੀ,* ਪੰਨਾ 93.

ਜਿਹੜੇ ਤੁਹਾਡੀ ਸ਼ਰਨ ਪੈ ਗਏ ਹਨ ਉਹਨਾਂ ਨੂੰ ਤੁਸੀਂ ਦੁਨਿਆਵੀ ਬੰਧਨਾਂ ਤੋਂ ਛੁਡਾ ਲਿਆ। ਹੇ ਗੁਰੂ ਤੇਗ ਬਹਾਦਰ ਜੀ! ਮੈਂ ਤੁਹਾਡੇ ਗੁਣਾਂ ਦਾ ਗਾਇਨ ਕਰਦਾ ਰਹਾਂ।

ਕੁਇਰ ਸਿੰਘ

ਕੁਇਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸ਼ਰਧਾਲੂ ਸਿੱਖ ਸੀ ਜਿਸ ਨੇ ਗੁਰੂ ਜੀ ਦੇ ਜੀਵਨ, ਇਤਿਹਾਸ ਅਤੇ ਮਹਿਮਾ ਸੰਬੰਧੀ *ਗੁਰਬਿਲਾਸ ਪਾਤਸ਼ਾਹੀ 10* ਸਿਰਲੇਖ ਅਧੀਨ ਬਹੁਤ ਹੀ ਮਹੱਤਵਪੂਰਨ ਪੁਸਤਕ ਦੀ ਰਚਨਾ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਇਤਿਹਾਸਕਾਰ ਇਸ ਨੂੰ ਅਣਡਿੱਠ ਨਹੀਂ ਕਰ ਸਕਦੇ। ਗੁਰੂ ਸਾਹਿਬ ਨੂੰ ਦੁਨਿਆਵੀ ਵਸਤਾਂ ਅਤੇ ਹਸਤੀਆਂ ਤੋਂ ਸ੍ਰੇਸ਼ਟ ਮੰਨਦਾ ਹੋਇਆ ਇਹ ਉਹਨਾਂ ਦੀ ਦੈਵੀ ਸ਼ਖ਼ਸੀਅਤ ਦਾ ਵਰਨਨ ਕਰਦਾ ਹੈ। ਇਹ ਦੱਸਦਾ ਹੈ ਕਿ ਗੁਰੂ ਜੀ ਦੀ ਸਹਾਇਤਾ ਨਾਲ ਜਦੋਂ ਬਹਾਦਰ ਸ਼ਾਹ ਰਾਜਗੱਦੀ 'ਤੇ ਬੈਠਾ ਤਾਂ ਉਸ ਨੇ ਆਪਣੇ ਸਮੂਹ ਸਹਿਯੋਗੀਆਂ ਦਾ ਦਿਲ ਖੋਲ੍ਹ ਕੇ ਸਨਮਾਨ ਕੀਤਾ। ਇਸ ਸੰਬੰਧੀ ਜਦੋਂ ਉਹ ਕੁੱਝ ਕੀਮਤੀ ਵਸਤਾਂ ਗੁਰੂ ਜੀ ਨੂੰ ਭੇਟ ਕਰਦਾ ਹੈ ਤਾਂ ਗੁਰੂ ਜੀ ਆਪਣੇ ਨਾਲ ਗਏ ਇਕ ਗੁਰਸਿੱਖ ਭਾਈ ਸਾਹਿਬ ਸਿੰਘ ਨੂੰ ਇਹ ਵਸਤਾਂ ਗ੍ਰਹਿਣ ਕਰਨ ਦਾ ਆਦੇਸ਼ ਦਿੰਦੇ ਹਨ:

ਜਾ ਕੋ ਤੁਮਰੀ ਦਯਾ ਸੋ ਹੋਈ। ਨਾਥ ਰੀਤਿ ਧਾਰੈ ਅਤਿ ਸੋਈ।
ਕਲਗੀ ਜਿਗਾ ਧੁਕ ਧੁਕੀ ਆਨੀ। ਖਿਲਤ ਏਕ ਸਾਹ ਮਨ ਭਾਨੀ॥99॥
ਸਾਹ ਪ੍ਰਭੁ ਕੀ ਭੇਟ ਚੜਾਈ। ਖੁਸੀ ਭਯੋ ਤੁਮ ਸੋ ਬਨਿਆਈ।
ਬਹੁਰੋ ਸ੍ਰੀ ਮੁਖ ਯੌ ਫੁਰਮਾਯੋ। ਅੰਤਰ ਸਾਹਿਬ ਸਿੰਘ ਬੁਲਾਯੋ॥100॥
ਸਕਲ ਵਸਤ੍ਰ ਤਿਹ ਪਾਸ ਉਠਾਏ। ਭਿੰਨ ਭਿੰਨ ਜਯੋ ਸਾਹ ਚੜ੍ਹਾਏ।
ਚਲ ਆਏ ਅੰਤਰ ਕੇ ਠਾਨੇ। ਸਾਹਜ ਕੋ ਇਹ ਬਚਨ ਉਚਰਨੇ॥101॥[1]

ਗੁਰੂ ਸਾਹਿਬ ਪ੍ਰਤੀ ਸ਼ਰਧਾਮਈ ਭਾਵ ਨਾਲ ਲਿਖੀ ਹੋਈ ਇਹ ਰਚਨਾ 1751 ਵਿਚ ਸੰਪੂਰਨ ਹੋਈ। ਸ਼ਮਸ਼ੇਰ ਸਿੰਘ ਅਸ਼ੋਕ ਦੁਆਰਾ ਸੰਪਾਦਿਤ ਕੀਤੀ ਗਈ ਇਹ ਮਹੱਤਵਪੂਰਨ ਰਚਨਾ 1968 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ। ਭਾਵੇਂ ਕਿ ਇਸ ਵਿਚ ਕੁੱਝ ਇਤਿਹਾਸਿਕ ਉਕਾਈਆਂ ਵੀ ਸਪਸ਼ਟ ਤੌਰ 'ਤੇ ਨਜ਼ਰ ਪੈਂਦੀਆਂ ਹਨ ਪਰ ਫਿਰ ਵੀ ਇਸ ਦਾ ਬਹੁਤਾ ਬਿਰਤਾਂਤ ਸਿੱਖ ਅਧਿਐਨ ਦੇ ਖੋਜੀਆਂ ਲਈ ਲਾਹੇਵੰਦ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਮੁੱਢਲੇ ਜੀਵਨ ਬਿਰਤਾਂਤ ਵਿਚ ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਦਾ ਵਰਨਨ ਕਰਦਾ ਹੋਇਆ ਇਹ ਉਹਨਾਂ ਨੂੰ ਕਰਾਮਾਤੀ ਪੁਰਖ ਵਜੋਂ ਕਰਦਾ ਹੈ ਜਿਨ੍ਹਾਂ ਨੇ ਧਰਮ ਦੀ ਰੱਖਿਆ ਲਈ ਆਪਣਾ ਸੀਸ ਦੇ ਦਿੱਤਾ ਪਰ ਆਪਣਾ ਭੇਦ ਕਿਸੇ ਕੋਲ ਪ੍ਰਗਟ ਨਹੀਂ ਕੀਤਾ।

ਸ੍ਰੀ ਗੁਰ ਦੇਵ ਭਏ ਬਡਿਭਾਗੀ। ਤੇਗ ਬਹਾਦਰ ਪਰ ਹਿਤ ਭਾਗੀ।
ਤਾ ਕੀ ਗਾਥ ਅਲੌਕਿਕ ਜਾਨੀ। ਆਏ ਜਬ ਧਰ ਮੈ ਸੁਖਦਾਨੀ॥27॥

ਸ੍ਰੀ ਗੁਰੂ ਤੇਗ ਬਹਾਦਰ ਜੀ ਵੱਡੇ ਭਾਗਾਂ ਵਾਲੇ ਅਤੇ ਪਰਉਪਕਾਰ ਵਿਚ ਰੱਤੇ ਹੋਏ ਹਨ। ਜਦੋਂ ਤੋਂ ਸੁੱਖ ਦੇਣ ਵਾਲੇ (ਗੁਰੂ ਜੀ) ਧਰਤੀ 'ਤੇ ਆਏ ਹਨ ਉਸ ਸਮੇਂ ਤੋਂ ਹੀ ਇਹਨਾਂ ਦੀ ਕਥਾ ਅਲੌਕਿਕ ਜਾਣੀ ਜਾਂਦੀ ਹੈ।

ਦੋ ਤਰਕਸ ਭਰ ਆਨੇ ਭਾਰੀ। ਕਰਾਮਾਤ ਕੋ ਜੋ ਬਲਕਾਰੀ।
ਰਿਧਿ ਸਿਧਿ ਚੇਟਕ ਔਰ ਸਬਾਏ। ਏਕ ਤੀਰ ਨਹਿ ਸਿਧਿ ਗਵਾਏ॥28॥

---

1. ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ 10,* ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਅਧਿਆਇ 20, ਬੰਦ 99-101.

ਕਰਾਮਾਤ ਵਿਚ ਬਲਕਾਰੀ ਗੁਰੂ ਜੀ ਦੇ ਦੋ ਤਰਕਸ ਭਰੇ ਹੋਏ ਹਨ। ਸਾਰੇ ਰਿੱਧੀਆਂ ਸਿੱਧੀਆਂ ਅਤੇ ਕੌਤਕ ਇਹਨਾਂ ਵਿਚ ਭਰੇ ਹੋਏ ਹਨ ਅਤੇ ਸਿੱਧੀ ਵਾਲਾ ਕੋਈ ਵੀ ਤੀਰ ਨਹੀਂ ਚਲਾਇਆ, ਭਾਵ ਕੋਈ ਕਰਾਮਾਤ ਨਹੀਂ ਦਿਖਾਈ।

ਧਾਰ ਸੁ ਧਰਮ ਸਹੇ ਧਨ ਖੇਦਾ। ਸੀਸ ਦੀਓ ਪਰ ਦੀਨ ਨ ਭੇਦਾ।
ਤਾ ਕੀ ਕਥਾ ਅਨੰਤ ਪ੍ਰਕਾਰੀ। ਥਕਤ ਸਾਰਦਾ ਮੋ ਮਤਿ ਥਾਰੀ॥29॥[1]

ਗੁਰੂ ਜੀ ਨੇ ਧਰਮ ਨੂੰ ਧਾਰਨ ਕਰ ਕੇ ਸਰੀਰ 'ਤੇ ਕਈ ਕਸ਼ਟ ਸਹਿਨ ਕੀਤੇ। ਇਹਨਾਂ ਨੇ ਆਪਣਾ ਸੀਸ ਦੇ ਦਿੱਤਾ ਪਰ ਭੇਦ ਪ੍ਰਗਟ ਨਹੀਂ ਕੀਤਾ। ਇਹਨਾਂ ਦੀ ਕਥਾ ਅਨੰਤ ਪ੍ਰਕਾਰੀ ਹੈ ਜਿਸ ਨੂੰ ਵਰਨਨ ਕਰਨ ਲੱਗਿਆਂ (ਵਿੱਦਿਆ ਦੀ ਦੇਵੀ) ਸਰਸਵਤੀ ਵੀ ਥੱਕ ਜਾਂਦੀ ਹੈ (ਜਦੋਂ ਕਿ) ਮੇਰੀ ਬੁੱਧੀ ਤਾਂ ਬਹੁਤ ਥੋੜ੍ਹੀ ਹੈ।

ਸਰੂਪ ਦਾਸ ਭੱਲਾ

ਸਰੂਪ ਦਾਸ ਭੱਲਾ ਗੁਰੂ ਅਮਰਦਾਸ ਜੀ ਦੇ ਪੁੱਤਰ ਬਾਬਾ ਮੋਹਰੀ ਜੀ ਦੇ ਵੰਸ਼ ਵਿਚੋਂ ਸਨ। ਗੁਰੂ ਪਰਿਵਾਰ ਵਿਚੋਂ ਹੋਣ ਕਰ ਕੇ ਇਹਨਾਂ ਦੁਆਰਾ ਲਿਖੀ ਗਈ ਰਚਨਾ *ਮਹਿਮਾ ਪ੍ਰਕਾਸ਼* ਸਿੱਖ ਧਰਮ ਅਤੇ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਕਾਵਿ ਰੂਪ ਵਿਚ ਇਹ ਰਚਨਾ 1776 ਵਿਚ ਸੰਪੂਰਨ ਹੋਈ ਅਤੇ 1971 ਵਿਚ ਭਾਸ਼ਾ ਵਿਭਾਗ ਨੇ ਇਸ ਨੂੰ ਦੋ ਜਿਲਦਾਂ ਵਿਚ ਪ੍ਰਕਾਸ਼ਿਤ ਕੀਤਾ। 1999 ਤੋਂ ਭਾਸ਼ਾ ਵਿਭਾਗ ਦੁਆਰਾ ਇਹ ਗ੍ਰੰਥ ਤਿੰਨ ਭਾਗਾਂ ਵਿਚ ਛਾਪਿਆ ਜਾ ਰਿਹਾ ਹੈ – ਭਾਗ ਪਹਿਲਾ ਵਿਚ ਗੁਰੂ ਨਾਨਕ ਮਹਿਮਾ ਦਾ ਵਰਨਨ ਕੀਤਾ ਗਿਆ ਹੈ; ਭਾਗ ਦੂਜਾ, ਖੰਡ–1 ਵਿਚ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਅਰਜਨ ਦੇਵ ਜੀ ਤੱਕ ਅਤੇ ਭਾਗ ਦੂਜਾ, ਖੰਡ–2 ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਗੁਰੂ ਸਾਹਿਬਾਨ ਦਾ ਜੀਵਨ ਬਿਰਤਾਂਤ ਪੇਸ਼ ਕੀਤਾ ਗਿਆ ਹੈ। ਲਗ–ਪਗ 1325 ਪੰਨਿਆਂ 'ਤੇ ਦਸ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਸਾਖੀਆਂ ਦਰਜ ਹਨ। ਇਸ ਰਚਨਾ ਦੇ ਅਖ਼ੀਰ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਦੀਆਂ ਕੁੱਝ ਘਟਨਾਵਾਂ ਨਾਲ ਸੰਬੰਧਿਤ ਇਕ ਸਾਖੀ ਦਰਜ ਹੈ। ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ 19 ਸਾਖੀਆਂ ਇਸ ਰਚਨਾ ਵਿਚ ਦਰਜ ਹਨ ਜਿਨ੍ਹਾਂ ਵਿਚੋਂ ਇਹ ਪ੍ਰਸੰਗ ਉਹਨਾਂ ਦੀ ਮਹਿਮਾ ਦਾ ਵਿਸ਼ੇਸ਼ ਵਰਨਨ ਕਰਦਾ ਹੈ।

ਮਹਿਮਾ ਨੌਮੀ ਪਾਤਸਾਹੀ ਕੀ

ਸੋਰਠਾ

ਸਤਗੁਰ ਕ੍ਰਿਪਾ ਨਿਧਾਨ ਸਿਧ ਰੂਪ ਧਰਿ ਗਤ ਅਮਿਤ।
ਕੋ ਮਹਿਮਾ ਕਰੇ ਬਖਾਨ ਜਗ ਤਾਰਨ ਕਾਰਨ ਰਚਿਓ।1।

ਸਤਿਗੁਰੂ ਜੀ ਸਿਧ ਰੂਪ ਧਾਰਨ ਕਰਨ ਵਾਲੇ ਕਿਰਪਾ ਦੇ ਖ਼ਜ਼ਾਨੇ ਹਨ ਅਤੇ ਉਹਨਾਂ ਦਾ ਜਸ ਬਿਆਨ ਨਹੀਂ ਕੀਤਾ ਜਾ ਸਕਦਾ। ਉਹਨਾਂ ਦੀ ਮਹਿਮਾ ਦਾ ਕੌਣ ਵਿਖਿਆਨ ਕਰ ਸਕਦਾ ਹੈ ਕਿਉਂਕਿ ਜਗਤ ਨੂੰ ਤਾਰਨ ਲਈ ਉਹ ਇਸ ਜਗਤ ਵਿਚ ਪ੍ਰਕਾਸ਼ਮਾਨ ਹੋਏ ਹਨ।

ਚੌਪਈ

ਅਤਿ ਨਿਮ੍ਰ ਭੂਤ ਬੀਰਗਤ ਦਿਆਲ॥ ਰਾਜ ਬੇਖ ਵੈਰਾਗ ਬਿਸਾਲ॥
ਹਿਰਦੇ ਸੁਨ ਸਭ ਜਗ ਬਿਉਹਾਰ॥ ਸਹਜ ਸਮਾਧਿ ਏਕ ਲਿਵਤਾਰ॥2॥

---

1. ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ 10,* ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਅਧਿਆਇ ਪਹਿਲਾ, ਬੰਦ 27-29.

ਗੁਰੂ ਜੀ ਨਿਮਰਤਾ-ਭਰਪੂਰ, ਸੂਰਬੀਰ ਅਤੇ ਦਿਆਲੂ ਸੁਭਾਅ ਦੇ ਮਾਲਕ ਹਨ। ਰਾਜਿਆਂ ਵਾਲਾ ਪਹਿਰਾਵਾ ਹੋਣ ਦੇ ਬਾਵਜੂਦ ਵੀ ਉਹ ਵੈਰਾਗ-ਰੂਪ ਹਨ। ਸ਼ੁੱਧ ਹਿਰਦੇ ਵਾਲੇ (ਸਤਿਗੁਰੂ ਜੀ) ਜਗਤ ਦਾ ਵਿਹਾਰ ਕਰਦੇ ਹਨ ਅਤੇ ਸਹਿਜ ਸਮਾਧੀ ਵਿਚ ਲੀਨ ਰਹਿੰਦੇ ਹਨ।

ਗਿਆਨ ਤੁਰੰਗ ਬਿਮਲ ਗੁਰ ਬਾਹਨ॥
ਬਿਗਿਆਨ ਖੜਗ ਧਰ ਜਗ ਅਵਗਾਹਨ॥
ਹਰਿ ਭਗਤਿ ਧਨਖ ਕਰ ਪ੍ਰੇਮ ਸਰ ਤਾਨ॥
ਜਿਹ ਉਰ ਪਰਸਤ ਪਦ ਨਿਰਬਾਨ॥3॥

ਗੁਰੂ ਸਾਹਿਬ ਦੀ ਅਸਵਾਰੀ ਗਿਆਨ-ਰੂਪੀ ਸ਼ੁੱਧ ਘੋੜਾ ਹੈ। ਅਧਿਆਤਮਿਕ ਗਿਆਨ ਰੂਪੀ ਖੜਗ ਧਾਰਨ ਕਰ ਕੇ ਉਹਨਾਂ ਨੇ ਜਗਤ ਨੂੰ ਨਿਰਮਲ ਕੀਤਾ। ਹਰੀ ਦੀ ਭਗਤੀ ਹੀ ਉਹਨਾਂ ਦਾ ਧਨੁਖ ਹੈ ਜਿਸ ਵਿਚ ਪ੍ਰੇਮ-ਰੂਪੀ ਤੀਰ ਤਾਣਿਆ ਹੋਇਆ ਹੈ। ਇਸ ਨੂੰ ਹਿਰਦੇ ਵਿਚ ਵਸਾਉਣ ਨਾਲ ਪਰਮਪਦ ਦੀ ਪ੍ਰਾਪਤੀ ਹੁੰਦੀ ਹੈ।

ਦੋਹਰਾ

ਵੈਰਾਗ ਤੀਬਰ ਕਰ ਬਾਜ ਧਰ ਕਰੇ ਸਿਕਾਰ ਬਿਹਾਰ॥
ਅਵਿਦਿਆ ਖਗ ਤਨ ਬਨ ਬਿਖੇ ਛਿਨ ਮੋ ਕਰਤ ਪ੍ਰਹਾਰ॥4॥

(ਗੁਰੂ ਤੇਗ ਬਹਾਦਰ ਜੀ) ਤੀਬਰ ਵੈਰਾਗ ਰੂਪੀ ਬਾਜ ਹੱਥ 'ਤੇ ਰੱਖ ਕੇ (ਭਾਵ ਬਿਠਾ ਕੇ) ਸ਼ਿਕਾਰ ਕਰਦੇ ਹਨ ਅਤੇ ਅਗਿਆਨ ਰੂਪੀ ਪੰਛੀਆਂ ਦਾ ਜੰਗਲ ਰੂਪੀ ਜਗਤ ਵਿਚ ਉਧਾਰ ਕਰਦੇ ਹਨ।

ਸਵੈਯਾ

ਸਹਜਿ ਸਿੰਘਾਸਨ ਬਹੇ ਛਤ੍ਰ ਸਿਰ ਸਹਜਿ ਬਿਰਾਜੈ॥
ਸਹਜਿਹ ਹੀ ਮੁਕਟ ਸੁਧਾਰ ਸਹਜਿ ਪਦ ਕਲਗੀ ਰਾਜੇ॥
ਮਸਤਕ ਸਹਜ ਪ੍ਰਕਾਸ ਤਿਲਕ ਉਨ ਮਨ ਸੁਭ ਸੋਹੇ॥
ਸਹਜਿ ਸਭਾ ਪਰਕਾਸੁ ਤਿਮਰ ਅਗਿਆਨ ਬਿਮੋਹੇ॥
ਸਹਜ ਰੰਗਿ ਬਾਨੀ ਚਰੇ ਭਗਤ ਜੋਗ ਤਤ ਗਿਆਨ॥
ਸਹਜਿ ਪਦਾਰਥ ਦਰਸ ਨਿਧ ਗੁਰ ਸਿਖਨ ਭਾਗ ਮਥਾਨ॥5॥

(ਗੁਰੂ ਜੀ) ਸਹਿਜ ਰੂਪੀ ਸਿੰਘਾਸਨ 'ਤੇ ਬਿਰਾਜਮਾਨ ਹਨ ਅਤੇ ਉਹਨਾਂ ਦੇ ਸੀਸ 'ਤੇ ਸਹਿਜ ਰੂਪੀ ਛਤਰ ਸਜਿਆ ਹੋਇਆ ਹੈ। ਉਹਨਾਂ ਦੇ ਸਿਰ 'ਤੇ ਸਹਿਜ ਰੂਪੀ ਮੁਕਟ ਅਤੇ ਕਲਗੀ ਸੁਭਾਇਮਾਨ ਹੈ। ਉਹਨਾਂ ਦੇ ਮਸਤਕ 'ਤੇ ਸਹਿਜ ਰੂਪੀ ਪ੍ਰਕਾਸ਼ ਅਤੇ ਤੁਰੀਆ ਅਵਸਥਾ ਰੂਪੀ ਤਿਲਕ ਸੋਭਾ ਪਾ ਰਿਹਾ ਹੈ। ਸਹਿਜ ਰੂਪੀ ਸਭਾ ਵਿਚ ਪ੍ਰਕਾਸ਼ਮਾਨ ਹੋ ਕੇ ਅਗਿਆਨ ਰੂਪੀ ਹਨੇਰੇ ਨੂੰ ਖ਼ਤਮ ਕਰ ਦਿੰਦੇ ਹਨ। ਸਹਿਜ ਰੂਪੀ ਰੰਗ ਪ੍ਰਾਪਤ ਕਰਨ ਵਾਲੇ ਭਗਤ ਤਤ ਗਿਆਨ ਨੂੰ ਪ੍ਰਾਪਤ ਕਰ ਜਾਂਦੇ ਹਨ। (ਉਹਨਾਂ ਦੇ) ਸਹਿਜ ਰੂਪੀ ਖ਼ਜ਼ਾਨੇ ਦੇ ਦਰਸ਼ਨ ਕਰ ਕੇ ਗੁਰਸਿੱਖਾਂ ਦੇ ਮੱਥੇ ਦੇ ਭਾਗ ਜਾਗ ਜਾਂਦੇ ਹਨ।

ਸਦਾ ਦਿਆਲ ਕ੍ਰਿਪਾਲ ਦਇਆ ਨਿਧ ਅੰਤਰਜਾਮੀ॥
ਸੰਗਤ ਕਰੀ ਨਿਹਾਲ ਸਦਾ ਤਿਹ ਪੂਰਨ ਕਾਮੀ॥
ਦ੍ਰਿਸਟ ਧਰਨ ਤਮ ਹਰਨ ਹੋਤ ਪ੍ਰਕਾਸ ਰਿਦੰਤਰ॥

ਧੁਨ ਅਨਹਦ ਝੁਨਕਾਰ ਸਦਾ ਬਾਜੇ ਮਨ ਮੰਦਰ॥
ਸਰਬ ਪਦਾਰਥ ਗਿਆਨ ਨਿਧ ਕ੍ਰਿਪਾ ਦ੍ਰਿਸਟੀ ਜਿਹ ਪਰ ਕਰੇ॥
ਸੋ ਜੋਗੀ ਭੋਗੀ ਸੁਧਾ ਗੁਰ ਤੇਗ ਬਹਾਦਰ ਜਿਹ ਬਰੇ॥6॥

ਦਇਆ ਦੇ ਖ਼ਜ਼ਾਨੇ ਅਤੇ ਅੰਤਰਜਾਮੀ (ਗੁਰੂ ਜੀ) ਸਦਾ ਹੀ ਦਿਆਲੂ ਤੇ ਕ੍ਰਿਪਾਲੂ ਹਨ। (ਗੁਰੂ ਜੀ ਨੇ) ਸੰਗਤ ਦੀਆਂ ਕਾਮਨਾਵਾਂ ਪੂਰੀਆਂ ਕਰ ਕੇ ਉਹਨਾਂ ਨੂੰ ਨਿਹਾਲ ਕਰ ਦਿੱਤਾ ਹੈ। (ਜਿਨ੍ਹਾਂ 'ਤੇ ਗੁਰੂ ਜੀ) ਕਿਰਪਾ ਦ੍ਰਿਸ਼ਟੀ ਕਰਦੇ ਹਨ ਉਹਨਾਂ ਦੇ ਹਿਰਦੇ ਵਿਚ ਅਗਿਆਨਤਾ ਰੂਪੀ ਹਨੇਰਾ ਖ਼ਤਮ ਹੋ ਕੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਉਹਨਾਂ ਦੇ ਮਨ ਮੰਦਰ ਵਿਚ ਅਨਹਦ ਧੁਨੀ ਨਿਰੰਤਰ ਵੱਜਦੀ ਰਹਿੰਦੀ ਹੈ। ਜਿਨ੍ਹਾਂ 'ਤੇ ਗੁਰੂ ਜੀ ਕਿਰਪਾ ਕਰਦੇ ਹਨ ਉਹਨਾਂ ਨੂੰ ਗਿਆਨ ਰੂਪੀ ਸਮੂਹ ਖ਼ਜ਼ਾਨਿਆਂ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰੂ ਤੇਗ ਬਹਾਦਰ ਜੀ ਜਿਸ 'ਤੇ ਬਖ਼ਸ਼ਿਸ਼ ਕਰਦੇ ਹਨ ਉਹ ਅਸਲ ਜੋਗੀ, ਭੋਗੀ ਅਤੇ ਅੰਮ੍ਰਿਤ ਰੂਪੀ ਗਿਆਨ ਵਾਲਾ ਹੋ ਜਾਂਦਾ ਹੈ।

ਮਮ ਅਨਾਥ ਗੁਰ ਨਾਥ ਸਦਾ ਤੁਮਰੀ ਸਰਨਾਈ॥
ਦੀਨਬੰਧ ਗੁਰ ਦਿਆਲ ਪਤਤ ਪਾਵਨ ਬਿਰਦਾਈ॥
ਕਵਨ ਕਵਨ ਨਹੀ ਤਰੇ ਬਿਰਦ ਤੁਮਰੋ ਜਿਨ ਲੀਨਾ॥
ਮਹਾ ਮੁਗਧ ਖਲ ਮੂੜ ਚਤੁਰ ਭਏ ਗਿਆਨ ਪ੍ਰਬੀਨਾ॥
ਅਬ ਕ੍ਰਿਪਾ ਕਟਾਛ ਮੋ ਪਰ ਧਰੋ ਤ੍ਰਾਹਿ ਤ੍ਰਾਹਿ ਤੁਮਰੀ ਸਰਨ।
ਗੁਰ ਤੇਗ ਬਹਾਦਰ ਦੁਖ ਹਰਨ ਦੇਹੁ ਮਹਾ ਸੁਖ ਤਾਰਨ ਤਰਨ।7।[1]

ਹੇ ਸਤਿਗੁਰੂ ਜੀ! ਮੈਂ ਅਨਾਥ ਸਦਾ ਤੁਹਾਡੀ ਸ਼ਰਨ ਵਿਚ ਹਾਂ। ਗੁਰੂ ਜੀ ਦਾ ਮੂਲ ਸੁਭਾਅ ਪਾਪੀਆਂ ਨੂੰ ਪਵਿੱਤਰ ਅਤੇ ਨਿਮਾਣਿਆਂ ਨੂੰ ਬੰਧਨ-ਮੁਕਤ ਕਰਨ ਵਾਲਾ ਹੈ। ਜਿਨ੍ਹਾਂ ਨੇ ਤੁਹਾਡਾ ਆਸਰਾ ਲਿਆ ਹੈ (ਉਹਨਾਂ ਵਿਚੋਂ) ਕਿਹੜੇ ਕਿਹੜੇ ਨਹੀਂ ਤਰੇ, ਭਾਵ ਸਾਰੇ ਤਰ ਗਏ ਹਨ। ਮਹਾਂਮੂਰਖ ਅਤੇ ਅਗਿਆਨੀ ਸੂਝਵਾਨ ਅਤੇ ਗਿਆਨਵਾਨ ਹੋ ਗਏ ਹਨ। ਭਟਕਦਾ ਹੋਇਆ ਮੈਂ ਆਪ ਜੀ ਦੀ ਸ਼ਰਨ ਆਇਆ ਹਾਂ ਹੁਣ ਮੇਰੇ 'ਤੇ ਕਿਰਪਾ ਦ੍ਰਿਸ਼ਟੀ ਕਰ ਦੇਵੋ।ਹੇ ਗੁਰੂ ਤੇਗ ਬਹਾਦਰ ਜੀ! ਤੁਸੀਂ ਦੁੱਖਾਂ ਨੂੰ ਦੂਰ ਹਰਨ ਵਾਲੇ ਹੋ, ਮਹਾਂ ਸੁੱਖਾਂ ਦੀ ਬਖ਼ਸ਼ਿਸ਼ ਕਰ ਕੇ (ਮੈਨੂੰ) ਸੰਸਾਰ ਸਾਗਰ ਤੋਂ ਤਾਰ ਦਿਉ, ਭਾਵ ਮੁਕਤ ਕਰ ਦਿਉ।

ਤੋਲਾ ਸਿੰਘ ਭੱਲਾ

ਤੋਲਾ ਸਿੰਘ ਭੱਲਾ ਗੁਰੂ ਅਮਰਦਾਸ ਜੀ ਦੇ ਵੰਸ਼ਜ਼ ਬਾਹੜ ਮੱਲ ਦਾ ਪੁੱਤਰ ਅਤੇ ਸਰੂਪ ਦਾਸ ਭੱਲਾ ਦਾ ਛੋਟਾ ਭਰਾ ਸੀ। ਇਹਨਾਂ ਦੀ ਪ੍ਰਸਿੱਧ ਰਚਨਾ *ਗੁਰ-ਰਤਨਾਵਲੀ* ਹੈ ਜਿਸ ਵਿਚੋਂ ਇਹਨਾਂ ਦੀ ਗੁਰ ਇਤਿਹਾਸ, ਗੁਰਮਤਿ ਸਿਧਾਂਤ ਅਤੇ ਗੁਰਮਤਿ ਪਰੰਪਰਾਵਾਂ ਸੰਬੰਧੀ ਵਿਸਤ੍ਰਿਤ ਜਾਣਕਾਰੀ ਦੇਖਣ ਨੂੰ ਮਿਲਦੀ ਹੈ। ਇਸ ਰਚਨਾ ਵਿਚ ਪ੍ਰਮੁੱਖ ਤੌਰ 'ਤੇ ਦਸ ਗੁਰੂ ਸਾਹਿਬਾਨ ਦੀ ਮਹਿਮਾ ਦਾ ਵਰਨਨ ਕੀਤਾ ਮਿਲਦਾ ਹੈ। ਇਸ ਦੇ ਹੱਥ-ਲਿਖਤ ਖਰੜੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਮੌਜੂਦ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਗੁਰੂ ਨਾਨਕ ਅਧਿਐਨ ਵਿਭਾਗ ਵਿਖੇ ਕਾਰਜ ਕਰ ਰਹੇ ਡਾ. ਮਨਵਿੰਦਰ ਸਿੰਘ ਨੇ ਹੱਥ-ਲਿਖਤ ਖਰੜਿਆਂ ਦੀ ਸੰਪਾਦਨਾ ਦਾ ਕਾਰਜ ਕੀਤਾ ਹੈ। ਇਹਨਾਂ ਦੁਆਰਾ ਸੰਪਾਦਿਤ ਕੀਤੇ ਗਏ ਖਰੜੇ ਵਿਚੋਂ ਹੀ ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਸੰਬੰਧੀ ਪਾਠ ਲਿਆ ਗਿਆ ਹੈ।

---

1. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਹੱਥ ਲਿਖਤ ਖਰੜਾ ਨੰ. 2, (ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਵਿਖੇ ਸੁਰੱਖਿਅਤ), ਪੱਤਰਾ 458 (ੳ-ਅ).

ਬਾਬਾ ਤੋਲਾ ਸਿੰਘ ਭੱਲਾ ਨੇ ਦਸ ਗੁਰੂ ਸਾਹਿਬਾਨ ਦੀ ਮਹਿਮਾ ਦਾ ਵਿਸਤਾਰ ਪੂਰਵਕ ਵਰਨਨ ਕੀਤਾ ਹੈ। ਗੁਰੂ ਸਾਹਿਬਾਨ ਦੀ ਮਹਿਮਾ ਦਾ ਵਿਖਿਆਨ ਕਰਨ ਲਈ ਇਹਨਾਂ ਨੇ ਅੜਿਲ, ਸੋਰਠਾ, ਸਵੈਯਾ, ਕਬਿੱਤ, ਕੁੰਡਲੀਆ ਛੰਦ, ਗੀਆ ਛੰਦ, ਗੀਆ ਮਾਲਤੀ ਛੰਦ, ਚਿਤ੍ਰ ਪਦਾ ਛੰਦ, ਚੌਪਈ, ਛਪੈ ਛੰਦ, ਤੋਟਕ ਛੰਦ, ਤ੍ਰਿਭੰਗੀ ਛੰਦ, ਨਰਾਜ ਛੰਦ, ਦੋਹਰਾ, ਭੁਜੰਗ ਪ੍ਰਯਾਤ ਛੰਦ, ਮਦਏ ਛੰਦ, ਮਲਕਾ ਛੰਦ, ਮਾਲਤੀ ਛੰਦ ਆਦਿ ਦੀ ਵਰਤੋਂ ਕੀਤੀ ਹੈ। ਕਵੀ ਨੇ ਦੋਹਰਾ, ਚੌਪਈ, ਕਬਿੱਤ ਅਤੇ ਛਪੈ ਛੰਦ ਵਿਚ ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਇਸ ਤਰ੍ਹਾਂ ਕੀਤੀ ਹੈ:

ਦੋਹਰਾ

ਤੇਗਿ ਬਹਾਦਰ ਮਹਲਿ ਨੌ ਸਕਲਿ ਧਰਮ ਅਵਿਤਾਰ॥

ਕਾਮ ਕ੍ਰੋਧ ਮੋਹੁ ਮਾਰਿਓ ਗਹਿ ਅਸੰਗ ਤਲਿਵਾਰ॥1॥[1]

ਨੌਵੇਂ ਮਹਿਲ ਗੁਰੂ ਤੇਗ ਬਹਾਦਰ ਜੀ ਧਰਮ ਦਾ ਸੰਪੂਰਨ ਅਵਤਾਰ ਹਨ ਜਿਨ੍ਹਾਂ ਨੇ ਕਾਮ, ਕ੍ਰੋਧ ਅਤੇ ਮੋਹ ਰੂਪੀ ਵਿਕਾਰਾਂ ਨੂੰ (ਸ਼ਬਦ ਰੂਪੀ) ਖੜਗ ਨਾਲ ਕਾਬੂ ਕਰ ਲਿਆ ਹੈ।

ਦੋਹਰਾ

ਸੱਤ੍ਰ ਮਿਤ੍ਰ ਕੋ ਸਮ ਲਖੈ ਤਥਾ ਮਾਨ ਅਪਮਾਨ॥

ਸਮ ਸੁਖ ਦੁਖ ਨਿਰਭੈ ਸਦਾ ਭੈ ਨਹਿ ਦੇਵੈ ਆਨ॥8॥

(ਗੁਰੂ ਜੀ ਦੀ ਬਖ਼ਸ਼ਿਸ਼ ਪ੍ਰਾਪਤ ਕਰਨ ਵਾਲੇ) ਵੈਰੀਆਂ, ਮਿੱਤਰਾਂ ਅਤੇ ਮਾਨ-ਅਪਮਾਨ ਨੂੰ ਇਕੋ ਜਿਹਾ ਸਮਝਦੇ ਹਨ। ਕਿਸੇ ਨੂੰ ਭੈਅ ਨਹੀਂ ਦਿੰਦੇ ਅਤੇ ਸੁੱਖ-ਦੁੱਖ ਦੇ ਸਮੇਂ ਸਦਾ ਨਿਰਭਉ ਰਹਿੰਦੇ ਹਨ।

ਦੋਹਰਾ

ਉਸਤਤਿ ਨਿੰਦਾ ਏਕ ਸਮ ਗਹੈ ਮੋਨਿ ਸੰਤੋਖ॥

ਸੰਗ੍ਰਹ ਤਜਿ ਥਿਰੁ ਮਤ ਰਹੈ ਲਹੀ ਭਗਤਿ ਕਰਿ ਮੋਖ॥9॥[2]

(ਗੁਰੂ ਜੀ ਦੀ ਬਖ਼ਸ਼ਿਸ਼ ਪ੍ਰਾਪਤ ਕਰਨ ਵਾਲੇ) ਉਸਤਤਿ ਅਤੇ ਨਿੰਦਾ ਨੂੰ ਬਰਾਬਰ ਸਮਝਦੇ ਹਨ ਅਤੇ ਚੁੱਪ ਅਤੇ ਸੰਤੋਖ ਨੂੰ ਧਾਰਨ ਕਰ ਲੈਂਦੇ ਹਨ। (ਗੁਰੂ ਜੀ ਦੀ ਭਗਤੀ ਕਰਨ ਵਾਲੇ) ਲਾਲਚ ਆਦਿ ਛੱਡ ਸਹਿਜ ਅਵਸਥਾ ਪ੍ਰਾਪਤ ਕਰ ਲੈਂਦੇ ਹਨ।

ਚੌਪਈ

ਜੈਸੇ ਪਵਨਿ ਏਕ ਹੀ ਪ੍ਰਾਨਾ॥ ਦਸਿ ਇੰਦ੍ਰੀ ਸੰਗ ਦੀਸੈ ਨਾਨਾ॥

ਉਤਿਭੁਜਿ ਸੇਤਜਿ ਜੇਰਜਿ ਅੰਡਾ॥ ਚਾਰ ਖਾਨ ਪੂਰਨਿ ਬ੍ਰਹਮੰਡਾ॥29॥

ਸੋ ਗੁਰ ਤੇਗ ਬਹਾਦਰਿ ਆਤਮ॥ ਨਿਤ ਨਿਰੰਜਨ ਪੁਰਖ ਪੁਰਾਤਮ॥

ਤਾ ਕੋ ਭਜੈ ਜੁਗੀਸਰ ਸੰਤ॥ ਨਮੋ ਆਦਿ ਮਧ ਪੂਰ ਅੰਤ॥30॥[3]

ਜਿਵੇਂ ਸਵਾਸਾਂ ਵਿਚ ਇਕ ਹੀ ਵਾਯੂ ਮੌਜੂਦ ਹੁੰਦੀ ਹੈ ਜਿਹੜੀ ਕਿ ਦਸ ਇੰਦਰੀਆਂ ਰਾਹੀਂ ਅਨੇਕ ਪ੍ਰਕਾਰ ਦੀ ਪ੍ਰਤੀਤ ਹੁੰਦੀ ਹੈ। ਸਮੁੱਚੇ ਬ੍ਰਹਿਮੰਡ ਨੂੰ ਚਾਰ ਖਾਣੀਆਂ (ਉਤਭੁਜ, ਜੇਰਜ, ਸੇਤਜ ਅਤੇ ਅੰਡਜ) ਦੇ ਰੂਪ ਵਿਚ ਜਿਸ ਨੇ

1. ਤੋਲਾ ਸਿੰਘ ਭੱਲਾ, *ਗੁਰ-ਰਤਨਾਵਲੀ,* ਸੰਪਾ. ਡਾ. ਮਨਵਿੰਦਰ ਸਿੰਘ, ਬੰਦ 1.
2. *ਉਹੀ,* ਬੰਦ 8-9.
3. *ਉਹੀ,* ਬੰਦ 29-30.

ਪ੍ਰਗਟ ਕੀਤਾ ਹੈ। ਮਾਇਆ ਤੋਂ ਨਿਰਲੇਪ ਉਹੀ ਪਰਮ ਪੁਰਖ ਗੁਰੂ ਤੇਗ ਬਹਾਦਰ ਜੀ ਦੇ ਰੂਪ ਵਿਚ ਪ੍ਰਗਟ ਹੋਏ ਹਨ। ਆਦਿ, ਮੱਧ ਅਤੇ ਅੰਤ ਵਿਚ ਪੂਰਨ ਰਹਿਣ ਵਾਲੇ (ਐਸੇ ਸਤਿਗੁਰੂ ਜੀ ਨੂੰ) ਨਮਸਕਾਰ ਹੈ ਜਿਸ ਦੀ ਬੰਦਗੀ ਜੋਗੀ ਅਤੇ ਸੰਤ ਆਦਿ ਕਰਦੇ ਹਨ।

ਕਬਿਤੁ
ਜਬ ਲਗਿ ਜੀਵ ਸੁਧ ਵਸਤੁ ਕੋ ਵਿਚਾਰੈ ਧਿਆਵੈ,
ਤਬਿ ਲਗਿ ਭੋਗ ਸੋਂ ਉਦਾਸੀ ਸਰਵੰਗ ਹੈ॥
ਭੋਗ ਮੈ ਮਗਨਿ ਤਵ ਗਿਆਨ ਕੀ ਜਗਨਿ ਨਾਹਿ,
ਭੋਗ ਅਭਿਲਾਖ ਕੀ ਸਦਾ ਮਿਥਿਆਤ ਅੰਗ ਹੈ॥
ਤਾਤੇ ਵਿਖੈ ਭੋਗ ਮੈ ਮਗਨ ਸੋ ਮਿਥਿਆਤੀ ਜੀਵ,
ਭੋਗ ਸੋ ਉਦਾਸੀ ਸਮਵਤੀ ਅਭੰਗ ਹੈ॥
ਐਸੀ ਜਾਨ ਤੇਗ ਬਹਾਦਰ ਮੋਖ ਸਾਧੈ,
ਯਹੈ ਮਨਿ ਚੰਗਾ ਤੌ ਕਠੌਤੀ ਮਾਹ ਗੰਗ ਹੈ॥53॥[1]

ਜਦੋਂ ਤੱਕ ਕੋਈ ਜੀਵ ਆਤਮਿਕ ਵਿਚਾਰ ਕਰਦਾ ਹੈ ਉਦੋਂ ਤੱਕ ਮਾਇਆ ਰੂਪੀ ਭੋਗਾਂ ਵਿਚ ਸਦਾ ਨਿਰਲੇਪ ਰਹਿੰਦਾ ਹੈ। ਜਦੋਂ ਤੱਕ ਮਾਇਆ ਵਿਚ ਲੀਨ ਰਹਿੰਦਾ ਹੈ ਉਦੋਂ ਆਤਮਿਕ ਗਿਆਨ ਜਾਗ੍ਰਿਤ ਨਹੀਂ ਹੁੰਦਾ ਕਿਉਂਕਿ ਭੋਗਾਂ ਦੀ ਇੱਛਾ ਹਮੇਸ਼ਾਂ ਅਸਥਾਈ ਹੁੰਦੀ ਹੈ। ਇਸ ਲਈ ਭੋਗ ਵਿਚ ਖਚਿਤ ਰਹਿਣ ਵਾਲਾ ਜੀਵ (ਮਾਨਸਿਕ ਤੌਰ 'ਤੇ) ਅਸਥਿਰ ਰਹਿੰਦਾ ਹੈ ਅਤੇ ਮਾਇਆ ਤੋਂ ਨਿਰਲੇਪ ਰਹਿਣ ਵਾਲਾ ਇਕ-ਰਸ ਜੀਵਨ ਬਸਰ ਕਰਦਾ ਹੈ। ਐਸੀ ਮੁਕਤੀ ਪ੍ਰਾਪਤ ਕਰਨ ਲਈ ਗੁਰੂ ਤੇਗ ਬਹਾਦਰ ਜੀ ਦੀ ਬੰਦਗੀ ਕਰੀਏ ਕਿ ਮਨ ਇਸ ਤਰ੍ਹਾਂ ਸ਼ੁੱਧ ਹੋ ਜਾਵੇ ਜਿਵੇਂ ਕਾਠ ਦੀ ਤੂੰਬੀ ਵਿਚ ਗੰਗਾ ਸਮਾ ਜਾਂਦੀ ਹੈ।

ਛਪੈ ਛੰਦ
ਤੇਗਿ ਬਹਾਦਰਿ ਤਜੈ ਦ੍ਵੈਤ ਨਹਿ ਧਰੈ ਭਰਮ ਮਲ॥
ਗਿਆਨ ਗਿਆਨ ਰਸਿ ਰਮਹ ਹੋਇ ਕਰਮਾਦਿਕ ਪੁਦਿ ਗਲਿ॥
ਅਸੰਖਿ ਆਤ ਪਰਦੇਸ ਸਕਤ ਜਗ ਮਗੈ ਪ੍ਰਗਟਿ ਅਤਿ॥
ਚਿਦ ਵਿਲਾਸ ਗੰਭੀਰ ਧੀਰ ਥਿਰ ਰਹੈ ਵਿਮਲ ਮਤ॥
ਜਬ ਲਗ ਪ੍ਰਬੋਧ ਘਟਿ ਮਹਿ ਉਦਤਿ ਤਬਿ ਲਗਿ ਅਨੈਨਾ ਪਿਖੈ॥
ਜਿਮਿ ਧਰਮਰਾਜ ਵਰਤੰਤ ਪੁਰਿ ਜਹਿ ਤਹਿ ਨੀਤ ਪਰਖੈ॥61॥[2]

ਗੁਰੂ ਤੇਗ ਬਹਾਦਰ ਜੀ ਦਾ ਸਿਮਰਨ ਕਰਨ ਵਾਲੇ ਦਵੈਤ ਨੂੰ ਛੱਡ ਦਿੰਦੇ ਹਨ ਅਤੇ ਭਰਮ-ਰੂਪੀ ਮੈਲ ਧਾਰਨ ਨਹੀਂ ਕਰਦੇ। ਉਹਨਾਂ ਦਾ ਮਨ ਅਤੇ ਕਰਮ ਆਦਿਕ ਆਤਮ-ਗਿਆਨ ਦੇ ਰਸ ਵਿਚ ਲੀਨ ਹੋ ਜਾਂਦੇ ਹਨ। ਉਹਨਾਂ ਦਾ ਮਨ ਅਣਗਿਣਤ ਬਾਹਰਮੁਖੀ ਕਿਰਿਆਵਾਂ ਤੋਂ ਅੰਤਰਮੁਖੀ (ਆਤਮਿਕ) ਸ਼ਕਤੀ ਨਾਲ ਜੁੜਦਾ ਹੈ ਜਿਸ ਕਰ ਕੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਆਤਮਿਕ ਅਨੰਦ ਵਿਚ ਲੀਨ ਹੋਣ ਕਰ ਕੇ ਅਜਿਹੇ ਸਾਧਕਾਂ ਦੀ ਮਤ ਨਿਰਮਲ

1. ਤੋਲਾ ਸਿੰਘ ਭੱਲਾ, *ਗੁਰ-ਰਤਨਾਵਲੀ*, ਸੰਪਾ. ਡਾ. ਮਨਵਿੰਦਰ ਸਿੰਘ, ਬੰਦ 53.
2. *ਉਹੀ*, ਬੰਦ 61.

ਹੋ ਜਾਂਦੀ ਹੈ। ਜਦੋਂ ਹਿਰਦੇ ਵਿਚ ਪੂਰਨ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਤਾਂ ਉਹ ਸਾਰਿਆਂ ਵਿਚ ਇਕ ਪਰਮਾਤਮਾ ਨੂੰ ਦੇਖਦੇ ਹਨ। ਜਿਵੇਂ ਧਰਮਰਾਜ ਆਪਣੀ ਨਗਰੀ ਵਿਚ (ਨਿਰਪੱਖ ਹੋ ਕੇ) ਵਰਤਦਾ ਹੈ ਉਸੇ ਤਰ੍ਹਾਂ ਉਹ ਹਮੇਸ਼ਾਂ ਸਮਾਨਤਾ ਵਾਲਾ ਭਾਵ ਰੱਖਦੇ ਹਨ।

ਭਾਈ ਸੁੱਖਾ ਸਿੰਘ (1797)

ਭਾਈ ਸੁੱਖਾ ਸਿੰਘ ਸ੍ਰੀ ਕੇਸਗੜ੍ਹ ਵਿਖੇ ਗ੍ਰੰਥੀ ਦੀ ਸੇਵਾ ਕਰਦਾ ਸੀ। ਇਕ ਵਾਰੀ ਆਪਣੇ ਵੱਡੇ ਭਰਾ ਨਾਲ ਇਹ ਪੂਰਬ ਦੇ ਗੁਰਧਾਮਾਂ ਦੀ ਯਾਤਰਾ 'ਤੇ ਗਿਆ ਤਾਂ ਰਾਹ ਵਿਚ ਨਾਨਕ ਮਤੇ ਵਿਖੇ ਇਸ ਦਾ ਭਰਾ ਅਕਾਲ ਚਲਾਣਾ ਕਰ ਗਿਆ। ਉਦਾਸ ਮਨ ਨਾਲ ਇਹ ਪਟਨਾ ਸਾਹਿਬ ਆ ਗਿਆ। ਇੱਥੋਂ ਦੇ ਮਾਹੌਲ ਨੇ ਇਸ ਨੂੰ ਚੜ੍ਹਦੀਕਲਾ ਵਿਚ ਲਿਆਂਦਾ। ਇੱਥੇ ਇਸ ਦਾ ਮਨ ਟਿਕ ਗਿਆ ਅਤੇ ਲਗ-ਪਗ 21 ਮਹੀਨੇ ਨਿਵਾਸ ਦੌਰਾਨ ਇਸ ਨੇ ਗੁਰਮਤਿ ਗਿਆਨ ਦੀ ਪ੍ਰਾਪਤੀ ਕੀਤੀ। ਇੱਥੋਂ ਵਾਪਸ ਅਨੰਦਪੁਰ ਸਾਹਿਬ ਆ ਕੇ ਇਸ ਨੇ *ਗੁਰਬਿਲਾਸ ਪਾਤਸ਼ਾਹੀ 10* ਦੀ ਰਚਨਾ ਅਰੰਭ ਕੀਤੀ ਜਿਹੜਾ ਕਿ 1797 ਵਿਚ ਸੰਪੂਰਨ ਹੋਇਆ। ਇਸ ਸਮੇਂ ਇਸ ਦੀ ਉਮਰ ਲਗ-ਪਗ 30 ਸਾਲ ਦੀ ਸੀ। 1838 ਵਿਚ ਅਨੰਦਪੁਰ ਸਾਹਿਬ ਵਿਖੇ ਇਹ ਅਕਾਲ ਚਲਾਣਾ ਕਰ ਗਿਆ। *ਗੁਰਬਿਲਾਸ ਪਾਤਸ਼ਾਹੀ 10* ਸਿਰਲੇਖ ਅਧੀਨ ਇਸ ਦੀ ਇਹ ਰਚਨਾ ਸਿੱਖ ਅਧਿਐਨ ਵਿਚ ਮਹੱਤਵਪੂਰਨ ਮੰਨੀ ਜਾਂਦੀ ਹੈ।

ਇਸ ਰਚਨਾ ਦੇ 31 ਅਧਿਆਇਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਜੀਵਨ ਘਟਨਾਵਾਂ ਨੂੰ ਵਿਸਤਾਰ ਸਹਿਤ ਪੇਸ਼ ਕੀਤਾ ਗਿਆ ਹੈ। ਭਾਵੇਂ ਕਿ ਘਟਨਾਵਾਂ ਦਾ ਵਰਨਨ ਕਰਦਿਆਂ ਪੌਰਾਣਿਕ ਹਵਾਲਿਆਂ, ਚਮਤਕਾਰਾਂ ਅਤੇ ਕਰਮਕਾਂਡਾਂ ਪ੍ਰਤੀ ਕਵੀ ਜੀ ਦੀ ਸਕਾਰਾਤਮਿਕ ਦ੍ਰਿਸ਼ਟੀ ਨਜ਼ਰ ਆਉਂਦੀ ਹੈ ਪਰ ਫੇਰ ਵੀ ਗੁਰੂ ਸਾਹਿਬ ਜੀ ਦੇ ਜੀਵਨ ਨਾਲ ਸੰਬੰਧਿਤ ਮਹੱਤਵਪੂਰਨ ਘਟਨਾਵਾਂ ਦਾ ਵਰਨਨ ਮਿਲਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਜੀਵਨ ਘਟਨਾਵਾਂ ਦਾ ਵਰਨਨ ਕਰਨ ਤੋਂ ਪਹਿਲਾਂ ਕਵੀ ਪਰਮਤਾਮਾ ਅਤੇ ਦਸ ਗੁਰੂ ਸਾਹਿਬਾਨ ਦੀ ਉਸਤਤਿ ਕਰਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਦਾ ਵਰਨਨ ਕਰਦੇ ਹੋਏ ਕਵੀ ਕਹਿੰਦਾ ਹੈ:

ਸਵੈਯਾ

ਸ੍ਰੀ ਹਰਿਕ੍ਰਿਸਨ ਕ੍ਰਿਪਾਨਿਧ ਤੇ ਪੁਨ ਤੇਗ ਬਹਾਦਰ ਪੈ ਛਬਿ ਛਾਈ।
ਦੀਪਕ ਦੀਪ ਸਿਰੋਮਣਿ ਸਾਹਿਬੁ ਆਦਿ ਅਨਾਦਿ ਮਹਾਂ ਸੁਖਦਾਈ।
ਭਾਰਥ ਖੰਡ ਕੋ ਜਾਤ ਰਸਾਤਲ ਰਾਖ ਲਯੋ ਜਿਹ ਸੀਸ ਚਢਾਈ।
ਤਾ ਗੁਰ ਕੀ ਬਰਨੋ ਕਬਿ ਸੁੰਦਰ ਸੰਤ ਸੁਨੋ ਮਨ ਮੋਦ ਬਢਾਈ॥82॥

ਕਿਰਪਾ ਦੇ ਖ਼ਜ਼ਾਨੇ ਸ੍ਰੀ ਹਰਿਕ੍ਰਿਸ਼ਨ ਜੀ ਪਿੱਛੋਂ (ਗੁਰਿਆਈ ਦੀ) ਸ਼ੋਭ ਗੁਰੂ ਤੇਗ ਬਹਾਦਰ ਜੀ ਉੱਪਰ ਵਿਸਤੀਰਣ ਹੋਈ। (ਗੁਰੂ ਤੇਗ ਬਹਾਦਰ ਜੀ) ਦੀਪਕਾਂ ਦੇ ਦੀਪਕ ਵਾਂਗ (ਭਾਵ ਗਿਆਨਵਾਨਾਂ ਦੇ ਗਿਆਨਵਾਨ) ਸ਼੍ਰੋਮਣੀ ਅਤੇ ਸਦੀਵੀ ਤੌਰ 'ਤੇ ਸੁੱਖ ਪ੍ਰਦਾਨ ਕਰਨ ਵਾਲੇ ਹਨ। ਗੁਰੂ ਜੀ ਨੇ ਆਪਣਾ ਸੀਸ ਦੇ ਕੇ ਰਸਾਤਲ ਵੱਲ ਜਾ ਰਹੇ ਭਾਰਤ-ਖੰਡ (ਭਾਵ ਸੰਸਾਰ) ਨੂੰ ਬਚਾ ਲਿਆ। ਹੇ ਸੰਤ ਜਨੋਂ! ਪ੍ਰਸੰਨ ਚਿਤ ਹੋ ਕੇ ਸੁਣੋਂ, ਐਸੇ ਗੁਰੂ ਜੀ ਦੀ ਸੁੰਦਰ ਕਥਾ ਬਿਆਨ ਕਰ ਰਿਹਾ ਹਾਂ।

ਚੌਪਈ

ਦੀਪਕ ਦੀਪ ਕਲਸ ਜਗ ਥੰਭਾ। ਨਿਰਖਤ ਜਾਹਿ ਡਰਿਤ ਜਗਦੰਭਾ।
ਸਾਗਰ ਸੀਹ ਧਉਲ ਧਰਿ ਧਰਤਾ। ਤੇਗ ਬਹਾਦਰ ਸ੍ਰੀ ਗੁਰ ਕਰਤਾ॥83॥

ਪ੍ਰਕਾਸ਼ ਦੇ ਸੋਮੇ (ਗੁਰੂ ਜੀ) ਕਲਸ ਵਾਂਗ ਸ਼੍ਰੋਮਣੀ ਅਤੇ ਜਗਤ ਦਾ ਆਸਰਾ ਹਨ। ਜਿਨ੍ਹਾਂ ਦੇ ਦਰਸ਼ਨ ਕਰ ਕੇ ਜਗਦੰਬਾ (ਜਗਤ ਦੀ ਮਾਇਆ) ਵੀ ਡਰਦੀ ਹੈ। ਗੁਰੂ ਤੇਗ ਬਹਾਦਰ ਜੀ ਸ੍ਰਿਸ਼ਟੀ ਦੇ ਕਰਤਾ ਹਨ ਜਿਹੜੇ ਸਾਗਰ ਤੇ ਸ਼ੇਰ ਵਾਂਗ ਅਡੋਲ ਰਹਿ ਕੇ ਬਲਦ (ਦੇ ਆਸਰੇ ਟਿਕੀ ਮੰਨੀ ਜਾਣ ਵਾਲੀ) ਧਰਤੀ ਨੂੰ ਆਸਰਾ ਦੇਣ ਵਾਲੇ ਹਨ।

ਸਹਰ ਬਕਾਲਾ ਜਹਾ ਬਿਰਾਜੈ। ਅਮਰਾਵਤੀ ਨਿਰਖ ਦੁਤਿ ਲਾਜੈ।
ਨਦੀ ਬਿਪਾਸਾ ਤੀਰ ਬਸਤ ਬਰ। ਅਪ੍ਰਮਾਨ ਉਪਮਾ ਤਾਕੀ ਧਰ॥84॥

ਬਾਬਾ ਬਕਾਲਾ ਸ਼ਹਿਰ ਜਿੱਥੇ ਵੱਸਦਾ ਹੈ ਉਸ ਦੀ ਸੋਭਾ ਦੇਖ ਕੇ ਇੰਦਰਪੁਰੀ ਵੀ ਲੱਜਾਵਾਨ ਹੁੰਦੀ ਹੈ। ਇਹ ਨਗਰ ਬਿਆਸ ਨਦੀ ਦੇ ਕੰਢੇ 'ਤੇ ਸਥਿਤ ਹੈ ਜਿਸ ਨੇ ਅਦਭੁਤ ਉਪਮਾ ਧਾਰਨ ਕੀਤੀ ਹੋਈ ਹੈ।

ਸਵੈਯਾ

ਬਾਇਸ ਕੂਪ ਤੜਾਗ ਅਨੂਪਮ ਬਾਗ ਸਭਾਗ ਸੁ ਭੂਮ ਸਹਾਈ।
ਬਾਜ ਗਇੰਦ ਬਡੇ ਰਥ ਬਾਹਨ ਅੰਨ ਬਸੰਨ ਕੀ ਤੋਟ ਨ ਕਾਈ।
ਦੇਵ ਸਰੂਪ ਦਿਵੈ ਨਰ ਨਾਰਿ ਸੁ ਗਿਆਨ ਕਥਾ ਜੁ ਦਇਆ ਉਰ ਆਈ।
ਦੇਸ ਬਿਸਾਲ ਰਸਾਲ ਪੁਰੀ ਵਹਿ ਨਾਥ ਸਦਾ ਜਿਹ ਆਪਿ ਸਹਾਈ॥85॥

ਪੰਛੀ, ਖੂਹ, ਤਲਾਅ ਬਾਗ਼ ਆਦਿ ਹੋਣ ਕਰ ਕੇ (ਬਾਬਾ ਬਕਾਲਾ) ਬਹੁਤ ਸੁੰਦਰ ਹੈ। ਘੋੜਿਆਂ ਨਾਲ ਚੱਲਣ ਵਾਲੇ ਰੱਥਾਂ, ਸਵਾਰੀ ਕਰਨ ਵਾਲੇ ਹਾਥੀਆਂ, ਅਨਾਜ, ਬਸਤਰਾਂ ਆਦਿ ਦੀ ਕੋਈ ਕਮੀ ਨਹੀਂ ਹੈ। ਇੱਥੋਂ ਦੇ ਨਰ ਨਾਰੀਆਂ ਸੁੰਦਰ ਸਰੂਪ ਵਾਲੇ ਹਨ ਜਿਨ੍ਹਾਂ ਦੇ ਹਿਰਦੇ ਗਿਆਨਮਈ ਤੇ ਦਇਆ ਨਾਲ ਭਰਪੂਰ ਹਨ। ਜਿੱਥੇ ਸਹਾਇਤਾ ਕਰਨ ਵਾਲੇ ਗੁਰੂ ਜੀ ਵੱਸਦੇ ਹਨ ਉਹ ਨਗਰ ਬਹੁਤ ਵਿਸ਼ਾਲ ਅਤੇ ਅਨੰਦਮਈ ਹੈ।

ਚਉਪਈ

ਤਿਹ ਠਾਂ ਬਸਤ ਆਪ ਮਹਾਰਾਜਾ। ਤੇਗ ਬਹਾਦਰ ਜੁ ਸਿਰਤਾਜਾ।
ਰਾਜ ਸਾਜ ਪ੍ਰਭ ਤਿਹ ਸਿਰ ਧਾਰਿਯੋ। ਸਗਲ ਜਗਤ ਇਹ ਬਿਧਿ ਨਿਸਤਾਰਿਯੋ।86।[1]

ਸ਼੍ਰੋਮਣੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਉਸ ਅਸਥਾਨ 'ਤੇ ਨਿਵਾਸ ਕਰਦੇ ਹਨ। ਪਰਮਾਤਮਾ ਨੇ ਇਹਨਾਂ ਦੇ ਸਿਰ 'ਤੇ ਗੁਰਿਆਈ ਰੂਪੀ ਤਾਜ ਬਖ਼ਸ਼ਿਸ਼ ਕੀਤਾ ਹੈ। ਇਸ ਤਰ੍ਹਾਂ ਗੁਰੂ ਜੀ ਨੇ ਸਾਰੇ ਜਗਤ ਦਾ ਉਧਾਰ ਕੀਤਾ।

ਅੜਿਲੁ

ਚੰਦ ਸੂਰ ਧਰ ਕਾਸ ਜਬੈ ਲਗ ਜਾਨੀਐ।
ਪਾਨੀ ਪਵਨ ਹੁਤਾਸਨ ਪ੍ਰਗਟ ਪ੍ਰਮਾਨੀਐ।
ਤਬ ਲਗ ਪ੍ਰਭ ਕੋ ਸੁ ਜਸੁ ਤੁਰਕ ਸਿਰ ਛਾਰ ਹੈ।
ਹੋ ਧੰਨ ਧੰਨ ਪਰਲੋਕ ਸੁਰਗ ਜੈਕਾਰ ਹੈ।132।[2]

ਜਦੋਂ ਤੱਕ ਚੰਦਰਮਾ, ਸੂਰਜ, ਧਰਤੀ, ਅਕਾਸ਼, ਪਾਣੀ, ਹਵਾ, ਅਗਨੀ ਮੌਜੂਦ ਰਹਿਣਗੇ ਉਦੋਂ ਤੱਕ ਗੁਰੂ ਜੀ ਦਾ ਸੋਹਣਾ ਜਸ ਕਾਇਮ ਹੁੰਦਾ ਰਹੇਗਾ ਅਤੇ ਤੁਰਕਾਂ ਦੇ ਸਿਰ ਵਿਚ ਸਵਾਹ ਪਵੇਗੀ। ਪਰਲੋਕ ਵਿਚ ਗੁਰੂ ਜੀ ਸਦਾ ਹੀ ਜੈ-ਜੈ ਕਾਰ ਹੁੰਦੀ ਰਹੇਗੀ।

1. ਸੁੱਖਾ ਸਿੰਘ, *ਗੁਰਬਿਲਾਸ ਪਾਤਿਸਾਹੀ 10,* ਸੰਪਾ. ਗੁਰਸ਼ਰਨ ਕੌਰ ਜੱਗੀ, ਅਧਿਆਇ ਪਹਿਲਾ, ਬੰਦ 82-86.
2. *ਉਹੀ,* ਅਧਿਆਇ ਪੰਜਵਾਂ, ਬੰਦ 132.

ਭਾਈ ਵੀਰ ਸਿੰਘ ਬੱਲ

ਭਾਈ ਵੀਰ ਸਿੰਘ ਬੱਲ 19 ਸਦੀ ਦੇ ਅਰੰਭ ਵਿਚ ਇਕ ਉੱਘਾ ਕਵੀ ਹੋਇਆ ਹੈ। ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਰਚ ਕੇ ਇਸ ਨੇ ਸਿੱਖ ਜਗਤ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ। ਭਾਈ ਸਾਹਿਬ ਦੁਆਰਾ ਰਚਿਤ *ਕਿੱਸਾ ਹੀਰ ਰਾਂਝਾ, ਬਾਰਾ ਮਾਹਾ, ਸਿੰਘ ਸਾਗਰ, ਗੋਪੀ ਚੰਦ ਵੈਰਾਗ ਸ਼ਤਕ, ਸੁਧਾ ਸਿੰਧੂ ਰਮਾਇਣ* ਅਤੇ *ਗੁਰਕੀਰਤ ਪ੍ਰਕਾਸ਼* ਆਦਿ ਰਚਨਾਵਾਂ ਵਿਦਵਾਨਾਂ ਦੀ ਨਜ਼ਰ ਵਿਚ ਆਈਆਂ ਹਨ। ਪੰਜਾਬ ਦੇ ਅੰਮ੍ਰਿਤਸਰ ਜ਼ਿਲੇ ਵਿਚ ਸਠਿਆਲਾ ਨਿਵਾਸੀ ਇਹ ਕਵੀ ਪਟਿਆਲਾ ਰਿਆਸਤ ਦੇ ਮਹਾਰਜਾ ਕਰਮ ਸਿੰਘ ਦੇ ਦਰਬਾਰ ਵਿਚ ਰਚਨਾ ਕਰਦਾ ਰਿਹਾ ਹੈ ਜਿਸ ਦਾ ਪ੍ਰਮਾਣ ਇਸ ਦੀ ਆਪਣੀ ਰਚਨਾ *ਗੁਰਕੀਰਤ ਪ੍ਰਕਾਸ਼* ਵਿਚੋਂ ਮਿਲਦਾ ਹੈ:

ਦੋਹਰਾ

ਸਰਤਾ ਤਟ ਪੱਛਮ ਦਿਸਾ ਵੀਰ ਸਿੰਘ ਕਵਿ ਗ੍ਰਾਂਮੁ।
ਵਿਆਸ ਗੰਗ ਤੇ ਕੋਸ ਤ੍ਰੈ ਸੱਠੀਆਰਾ ਤਹਿ ਨਾਂਮੁ।36।

ਚੌਪਈ

ਰਚਿਆ ਗ੍ਰਿੰਥੁ ਪੁਰੀ ਪਟਿਆਰੇ। ਕਰਮ ਸਿੰਘੁ ਜਿਹਿੰ ਨਿਰਪੁ ਉਦਾਰੇ।
ਹੈ ਪਰਬੀਨ ਭੂਪੁ ਸੁਰ ਗਿਆਨਾ। ਰਾਜ ਨੀਤ ਮੋਂ ਨਿਪੁਨ ਮਹਾਨਾ।37।[1]

ਭਾਈ ਵੀਰ ਸਿੰਘ ਬੱਲ ਨੇ ਆਪਣੀ ਰਚਨਾ *ਗੁਰਕੀਰਤ ਪ੍ਰਕਾਸ਼* ਵਿਚ ਦਸ ਗੁਰੂ ਸਾਹਿਬਾਨ ਦਾ ਬਿਰਤਾਂਤ ਸਿਰਜਿਆ ਹੈ। ਦਸ ਅਧਿਆਇਆਂ ਵਿਚ ਦਸ ਗੁਰੂ ਸਾਹਿਬਾਨ ਦਾ ਜ਼ਿਕਰ ਮਿਲਦਾ ਹੈ। ਪਹਿਲੇ ਨੌਂ ਅਧਿਆਇ ਪਹਿਲੇ ਨੌਂ ਗੁਰੂ ਸਾਹਿਬਾਨ ਨਾਲ ਸੰਬੰਧਿਤ ਹਨ ਅਤੇ ਦਸਵੇਂ ਅਧਿਆਇ ਵਿਚ ਦਸਮ ਗੁਰੂ ਜੀ ਦਾ ਸੰਖੇਪ ਵਰਨਨ ਕਰ ਕੇ ਫਿਰ ਆਪਣੇ ਜੀਵਨ ਅਤੇ ਰਚਨਾ ਸੰਬੰਧੀ ਜਾਣਕਾਰੀ ਪ੍ਰਦਾਨ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਇਸ ਨੇ ਵਿਸਤ੍ਰਿਤ ਬਿਰਤਾਂਤ ਸਿਰਜਿਆ ਹੈ ਜਿਹੜਾ ਕਿ ਇਕ ਵੱਖਰੀ ਰਚਨਾ *ਸਿੰਘ ਸਾਗਰ* ਵਿਚ ਦਰਜ ਹੈ। ਸੰਮਤ 1891 (1834) ਵਿਚ *ਗੁਰਕੀਰਤ ਪ੍ਰਕਾਸ਼* ਗ੍ਰੰਥ ਸੰਪੂਰਨ ਹੋਇਆ ਸੀ ਜਿਸ ਦਾ ਵਰਨਨ ਇਸ ਰਚਨਾ ਦੇ ਅਖ਼ੀਰ ਵਿਚ ਕੀਤਾ ਮਿਲਦਾ ਹੈ:

ਦੋਹਰਾ

ਠਾਰਾਂ ਸੈ ਏਕਾਨਵੇਂ ਸਾਲ ਬਿਕ੍ਰਮ ਬ੍ਰਿਖ ਰਾਸੁ।
ਕੀਆ ਸੰਪੂਰਣ ਗ੍ਰਿੰਥੁ ਕਵਿ ਗੁਰ ਕੀਰਤ ਪਰਗਾਸੁ।41।[2]

ਬ੍ਰਜ ਭਾਸ਼ਾ ਵਿਚ ਸੰਪੂਰਨ ਹੋਏ ਇਸ ਗ੍ਰੰਥ ਦੇ ਹਰ ਅਧਿਆਇ ਨੂੰ ਹੁਲਾਸ ਦਾ ਨਾਂ ਦਿੱਤਾ ਗਿਆ ਹੈ ਜਿਸ ਦਾ ਅਰਥ ਹੈ ਗ੍ਰੰਥ ਦਾ ਪਰਵ, ਕਾਂਡ ਜਾਂ ਅਧਿਆਇ। ਇਸ ਦੇ ਨੌਵੇਂ ਹੁਲਾਸ ਵਿਚ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਬਿਰਤਾਂਤ ਪੇਸ਼ ਕੀਤਾ ਗਿਆ ਹੈ। ਗੁਰਿਆਈ ਦੀ ਰਸਮ ਉਪਰੰਤ ਸੰਗਤ ਵਿਚ ਗੁਰੂ ਜੀ ਦੀ ਮਹਿਮਾ ਅਤੇ ਗੌਰਵ ਦਾ ਪ੍ਰਗਟਾਵਾ ਕਰਦੇ ਹੋਏ ਧੀਰਮੱਲ ਦੇ ਮਨ ਦੀ ਬੇਚੈਨੀ ਦਾ ਵਰਨਨ ਕੀਤਾ ਗਿਆ ਹੈ।

ਦੋਹਰਾ

ਬਹੁਰ ਚਰਨ ਬੰਦਨ ਕਰੀ ਦੈ ਪਰਕਰਮਾਂ ਤੀਨ।
ਪੁਨ ਮੁਖ ਕਹਿਆ ਅਸੀਸ ਇਹਿ ਸੁਨੋਂ ਸੰਤ ਪਰਬੀਂਨ।20।

---

1. ਵੀਰ ਸਿੰਘ ਬੱਲ, *ਗੁਰਕੀਰਤ ਪ੍ਰਕਾਸ਼,* ਅਧਿਆਇ 10. 36-37. 2. *ਉਹੀ,* ਅਧਿਆਇ 10.41.

ਦੋਹਰਾ

ਸਪਤ ਦੀਪ ਚੌਦਾਂ ਭਵਨ ਤੀਨ ਲੋਕ ਨਵ ਖੰਡ।
ਰਹੇ ਤਿਹਾਰੋ ਰਾਜੁ ਪ੍ਰਭ ਸਭ ਜੁਗ ਅਟਲ ਅਖੰਡ।21।

ਫਿਰ ਸੰਗਤ ਨੇ (ਗੁਰੂ ਤੇਗ ਬਹਾਦਰ ਸਾਹਿਬ ਦੀ) ਚਰਨ ਬੰਦਨਾਂ ਕਰ ਕੇ ਤਿੰਨ ਪਰਿਕਰਮਾ ਕੀਤੀਆਂ। ਬੇਨਤੀ ਕਰਦੇ ਹੋਏ ਕਿਹਾ ਗਿਆ ਕਿ ਹੇ ਸਤਿਗੁਰੂ ਜੀ! ਸਾਡੀ ਇਹ ਅਰਦਾਸ ਹੈ ਕਿ ਸੱਤ ਦੀਪਾਂ, ਚੌਦਾਂ ਭਵਨਾਂ, ਤਿੰਨ ਲੋਕਾਂ ਅਤੇ ਨੌਂ ਖੰਡਾਂ ਵਿਚ ਤੁਹਾਡਾ ਰਾਜ ਜੁਗੋ-ਜੁਗ ਅਟੱਲ ਤੇ ਅਖੰਡ ਰਹੇ।

ਸਵੈਯਾ

ਰਾਜ ਸਿੰਘਾਸਨ ਰਾਜਤ ਹੈ ਗੁਰ ਸੰਗਤ ਬ੍ਰਿੰਦ ਚਹੂੰ ਦਿਸ ਡੇਰੇ।
ਸਾਜ ਬਜਾਵਤ ਕੀਰਤ ਗਾਵਤ ਸੀਸ ਨਿਵਾਇ ਬਿਨੌਂ ਮੁਖ ਟੇਰੇ।
ਨਾਮ ਕਾ ਰੰਗ ਸਦਾ ਸਤ ਸੰਗੁ ਅਭੰਗੁ ਪਦਾਂਬਜ ਸੁੰਦਰੁ ਤੇਰੇ।
ਸੋਵਤ ਜਾਗਤ ਬੈਠਤ ਉਠਤ ਬਾਸੁਰ ਰੈਂਨ ਬਸੈਂ ਉਰ ਮੇਰੇ।22।

ਗੁਰੂ ਸਾਹਿਬ ਰਾਜ ਸਿੰਘਾਸਨ 'ਤੇ ਬਿਰਾਜਮਾਨ ਹਨ ਅਤੇ ਗੁਰ-ਸੰਗਤ ਦੇ ਡੇਰੇ ਚੌਹਾਂ ਦਿਸ਼ਾਵਾਂ ਵਿਚ ਕਾਇਮ ਹਨ। ਸਾਜਾਂ ਦੀ ਧੁਨੀ ਰਾਹੀਂ ਗੁਰੂ ਸਾਹਿਬ ਦੀ ਕੀਰਤੀ ਦਾ ਗਾਇਨ ਕੀਤਾ ਜਾ ਰਿਹਾ ਹੈ ਅਤੇ ਸੀਸ ਨਿਵਾ ਕੇ ਮੁਖ ਵਿਚੋਂ ਬੇਨਤੀ ਕਰਦੇ ਹਨ ਕਿ ਗੁਰੂ ਜੀ ਸਾਨੂੰ ਨਾਮ ਦਾ ਰੰਗ, ਸਾਧ ਦਾ ਸੰਗ ਅਤੇ ਆਪ ਜੀ ਦੇ ਸੁੰਦਰ ਚਰਨ ਕਮਲਾਂ ਦੀ ਪ੍ਰੀਤੀ ਸਦੀਵ ਬਣੀ ਰਹੇ। ਸੌਂਦੇ, ਜਾਗਦੇ, ਬੈਠਦੇ, ਉੱਠਦੇ, ਦਿਨ-ਰਾਤ ਸਾਡੇ ਹਿਰਦਿਆਂ ਵਿਚ ਵੱਸੇ ਰਹੋ।

ਸਵੈਯਾ

ਰਾਜ ਸਿੰਘਾਸਨ ਬੈਠ ਸਿਰੀ ਗੁਰ ਜਾਂਹਿ ਸਮੈ ਸਿਰ ਛੱਤ੍ਰ ਸਜਾਇਯੋ॥
ਭਾਲ ਜਿਗਾ ਕਲਗੀ ਸੁਭ ਸੀਸ ਪੈ ਕ੍ਰੀਟੁ ਲਸੇ ਲਖ ਸੌਂ ਮੁਲ ਜਾਇਯੋ।
ਸੋਭਤ ਸੰਗਤ ਆਠ ਦਿਸਾ ਨਭ ਮਾਂਨਹੁ ਭਾਂਨੁ ਪ੍ਰਵੇਖ ਸੁਹਾਇਯੋ।
ਧੀਰਜ ਮੱਲ ਸੁਨਿਯੋਂ ਉਤ ਜਾਂ ਛਿਨ ਹੋਇ ਅਧੀਰ ਤਬੈ ਉਠ ਧਾਇਯੋ।23।[1]

ਸ੍ਰੀ ਗੁਰੂ (ਤੇਗ ਬਹਾਦਰ ਸਾਹਿਬ ਜੀ) ਰਾਜ ਸਿੰਘਾਸਨ 'ਤੇ ਬੈਠੇ ਹਨ ਅਤੇ ਉਹਨਾਂ ਦੇ ਮਸਤਕ 'ਤੇ ਛਤਰ ਸਜਿਆ ਹੋਇਆ ਹੈ। ਸੀਸ ਉੱਤੇ ਬੇਸ਼ਕੀਮਤੀ ਕਲਗੀ ਅਤੇ ਮੁਕਟ ਸੁਭਾਇਮਾਨ ਹਨ ਜਿਸ ਦੀ ਕੀਮਤ ਲੱਖਾਂ ਵਿਚ ਹੈ। ਗੁਰੂ ਜੀ ਦੇ ਆਲੇ-ਦੁਆਲੇ ਸੰਗਤ ਇਸ ਤਰ੍ਹਾਂ ਸੋਭ ਰਹੀ ਹੈ ਮਾਨਹੁ ਸੂਰਜ ਦੁਆਲੇ ਅਕਾਸ਼ ਹੈ। ਧੀਰਮੱਲ ਨੇ (ਆਪਣੇ ਸੇਵਕਾਂ ਕੋਲੋਂ) ਜਿਸ ਵੇਲੇ ਇਹ ਗੱਲ ਸੁਣੀ ਤਾਂ ਉਹ ਬੇਚੈਨ ਹੋ ਕੇ (ਕਰਤਾਰਪੁਰ) ਨੂੰ ਉਠ ਕੇ ਚਲਾ ਗਿਆ।

ਰਤਨ ਸਿੰਘ ਭੰਗੂ

ਰਤਨ ਸਿੰਘ ਭੰਗੂ ਦਾ ਪਿਛੋਕੜ ਸ਼ਹੀਦ ਸਿੰਘਾਂ ਦੇ ਪਰਿਵਾਰ ਨਾਲ ਸੰਬੰਧਿਤ ਹੈ। ਅੰਮ੍ਰਿਤਸਰ ਜ਼ਿਲੇ ਵਿਚ ਪੈਂਦੇ ਪਿੰਡ ਮੀਰਾਂਕੋਟ ਦੇ ਵਸਨੀਕ ਭਾਈ ਮਤਾਬ ਸਿੰਘ ਦਾ ਇਹ ਪੋਤਰਾ ਸੀ ਜਿਹੜਾ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੱਸਾ ਰੰਘੜ ਦਾ ਸਿਰ ਵੱਢ ਕੇ ਲੈ ਗਿਆ ਸੀ। ਇਸ ਦਾ ਨਾਨਾ ਸਰਦਾਰ ਸ਼ਿਆਮ ਸਿੰਘ ਕਰੋੜਸਿੰਘੀਆ ਮਿਸਲ ਦਾ ਸਰਦਾਰ ਸੀ ਜਿਸ ਕਰ ਕੇ ਇਸ ਦੇ ਮਨ ਵਿਚ ਬਚਪਨ ਤੋਂ ਹੀ ਸਿੱਖੀ ਭਾਵਨਾ ਅਤੇ ਪ੍ਰੇਰਨਾ ਭਰੀ ਹੋਈ ਸੀ। ਇਸ ਨੇ ਆਪਣੇ ਨਾਨਕੇ ਅਤੇ ਦਾਦਕੇ ਪਰਿਵਾਰ ਵਿਚੋਂ ਗੁਰ-ਇਤਿਹਾਸ ਅਤੇ ਸਿੱਖ-

1. ਵੀਰ ਸਿੰਘ ਬੱਲ, *ਗੁਰਕੀਰਤ ਪ੍ਰਕਾਸ਼,* ਅਧਿਆਇ 9, 20-23.

ਇਤਿਹਾਸ ਨਾਲ ਸੰਬੰਧਿਤ ਬਹੁਤ ਸਾਰੀਆਂ ਸਾਖੀਆਂ ਅਤੇ ਘਟਨਾਵਾਂ ਸੁਣੀਆਂ ਹੋਈਆਂ ਸਨ ਜਿਹੜੀਆਂ ਕਿ ਇਸ ਦੀ ਰਚਨਾ ਦਾ ਮੁੱਖ ਸ੍ਰੋਤ ਬਣੀਆਂ। ਇਸ ਦੇ ਗ੍ਰੰਥ ਵਿਚੋਂ ਇਹ ਜਾਣਕਾਰੀ ਮਿਲਦੀ ਹੈ ਕਿ 1807 ਵਿਚ ਇਹ ਕੈਪਟਨ ਮਰੇ ਨੂੰ ਲੁਧਿਆਣੇ ਮਿਲਿਆ ਜਿਹੜਾ ਕਿ ਅਖ਼ਤਰ ਲੋਨੀ ਦੇ ਕਹਿਣ 'ਤੇ ਸਿੱਖ ਇਤਿਹਾਸ ਲਿਖਵਾ ਰਿਹਾ ਸੀ। ਜਦੋਂ ਰਤਨ ਸਿੰਘ ਭੰਗੂ ਨੂੰ ਇਹ ਪਤਾ ਲੱਗਿਆ ਕਿ ਸਿੱਖਾਂ ਦਾ ਇਤਿਹਾਸ ਇਕ ਮੁਸਲਮਾਨ ਲਿਖਾਰੀ ਬੂਟੇ ਸ਼ਾਹ ਤੋਂ ਲਿਖਵਾਇਆ ਜਾ ਰਿਹਾ ਹੈ ਤਾਂ ਉਸ ਨੇ ਕੈਪਟਨ ਮਰੇ ਨੂੰ ਕਿਹਾ ਕਿ ਇਕ ਮੁਸਲਮਾਨ ਸਿੱਖਾਂ ਨਾਲ ਨਿਆਂ ਨਹੀਂ ਕਰ ਸਕਦਾ – ਯਹਿ ਮੌਲਵੀ ਹੈ ਮੁਸਲਮਾਨ ਕਬ ਸਿੱਖਨ ਜਸ ਕਰੈ ਬਖਾਨ॥[1]

ਕੈਪਟਨ ਮਰੇ ਰਤਨ ਸਿੰਘ ਭੰਗੂ ਦੀ ਦਲੀਲ ਤੋਂ ਕਾਇਲ ਹੋ ਗਿਆ ਅਤੇ ਉਸ ਨੂੰ ਸਿੱਖਾਂ ਦਾ ਇਤਿਹਾਸ ਲਿਖਣ ਲਈ ਕਹਿ ਦਿੱਤਾ। ਭਾਵੇਂ ਕਿ ਰਤਨ ਸਿੰਘ ਭੰਗੂ ਨੇ ਇਹ ਕਾਰਜ ਬਹੁਤ ਤੇਜੀ ਨਾਲ ਕੀਤਾ ਸੀ ਅਤੇ ਉਸ ਨੇ ਆਪਣੇ ਗ੍ਰੰਥ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਅਠਾਰ੍ਹਵੀਂ ਸਦੀ ਦੇ ਮਿਸਲਾਂ ਤੱਕ ਦੇ ਸਿੱਖ ਇਤਿਹਾਸ ਦਾ ਬਾਖੂਬੀ ਵਰਨਨ ਕੀਤਾ ਹੈ। ਆਪਣੀ ਰਚਨਾ ਦੇ ਅਖ਼ੀਰ ਵਿਚ ਇਹ ਦੱਸਦਾ ਹੈ ਕਿ ਜਿਵੇਂ ਪੰਥ ਨੂੰ ਦੇਖਿਆ ਅਤੇ ਸਮਝਿਆ ਹੈ, ਉਸੇ ਤਰ੍ਹਾਂ ਇਸ ਗ੍ਰੰਥ ਵਿਚ ਵਰਨਨ ਕਰ ਦਿੱਤਾ ਹੈ – ਗੁਰ ਪੰਥ ਪ੍ਰਕਾਸ਼ ਭਯੋ ਯੇਹ ਪੂਰਣ ਜਿਮ ਪੰਥ ਭਯੋ ਤਿਮ ਹੀ ਲਿਖ ਦੀਨਾ।[2] ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਕਰਦੇ ਹੋਏ ਲਿਖਦਾ ਹੈ ਕਿ ਗੁਰੂ ਜੀ ਦੀ ਸ਼ਰਨ ਆਉਣ ਵਾਲੇ ਦੁਖੀ ਵੀ ਸੁਖੀ ਹੋ ਜਾਂਦੇ ਹਨ।

ਚੌਪਈ

ਤੇਗ ਬਹਾਦਰ ਬਡ ਬਲ ਧਾਰੀ, ਪ੍ਰਗਟ ਭਈ ਗਲ ਦੁਨੀਆ ਸਾਰੀ।
ਜਾਂ ਪੈ ਆਇ ਪਰੈ ਕੋ ਦੁਖ, ਪਰੈ ਚਰਨ ਮੈਂ ਹੋਵੈ ਸੁਖ।
ਦੁਨੀਆ ਮਤਲਬ ਸੁਖ ਕੀ ਸਾਰੀ, ਆਵੈ ਸ਼ਰਨੀ ਜਿਹ ਭੈ ਭਾਰੀ।
ਲਗਤ ਚਰਨ ਹੁਇ ਤੁਰਤ ਸੁਖਾਰੈ, ਪ੍ਰਗਟ ਭਈ ਯਹ ਗਲ ਜਗ ਸਾਰੈ।

ਗੁਰੂ ਤੇਗ ਬਹਾਦਰ ਜੀ ਬਹੁਤ ਬਲਵਾਨ ਹਨ, ਇਹ ਗੱਲ ਸਾਰੇ ਜਗਤ ਵਿਚ ਪ੍ਰਗਟ ਹੋ ਗਈ ਹੈ। ਜਿਨ੍ਹਾਂ ਨੂੰ ਕੋਈ ਦੁੱਖ ਆ ਜਾਂਦਾ ਹੈ ਉਹ ਗੁਰੂ ਜੀ ਦੇ ਚਰਨਾਂ ਵਿਚ ਆ ਕੇ ਸੁੱਖ ਪ੍ਰਾਪਤ ਕਰਦੇ ਹਨ। ਸਾਰੀ ਦੁਨੀਆਂ ਸੁੱਖਾਂ ਦੇ ਸਵਾਰਥ ਲਈ ਹੈ ਅਤੇ ਵੱਡਾ ਦੁੱਖ ਆਉਣ 'ਤੇ ਗੁਰੂ ਜੀ ਦੀ ਸ਼ਰਨ ਆ ਜਾਂਦੀ ਹੈ। ਗੁਰੂ ਜੀ ਦੇ ਚਰਨਾਂ ਨਾਲ ਜੁੜ ਕੇ (ਦੁਖੀ ਲੋਕ) ਤੁਰੰਤ ਸੁਖੀ ਹੋ ਜਾਂਦੇ ਹਨ, ਇਹ ਗੱਲ ਸਾਰੇ ਜਗਤ ਵਿਚ ਪ੍ਰਸਿੱਧ ਹੋ ਗਈ।

ਦੋਹਰਾ। ਚਲੀ ਕਹਾਵਤ ਸਭ ਜਗੈ ਯਹ ਸਾਚੋ ਅਵਤਾਰ।
ਸਰਨੀ ਆਵੈ ਜੋ ਉਸੈ ਸੋਊ ਉਤਰੈ ਪਾਰ।[3]

ਸਾਰੇ ਜਗਤ ਵਿਚ ਇਹ ਕਹਾਵਤ ਪ੍ਰਚਲਿਤ ਹੋ ਗਈ ਕਿ ਗੁਰੂ ਜੀ ਹੀ ਸੱਚੇ ਅਵਤਾਰ ਹਨ। ਜਿਹੜਾ ਉਹਨਾਂ ਦੀ ਸ਼ਰਨ ਆ ਜਾਂਦਾ ਹੈ, ਉਸ ਦਾ ਪਾਰ-ਉਤਾਰਾ ਹੋ ਜਾਂਦਾ ਹੈ।

ਭਾਈ ਸੰਤੋਖ ਸਿੰਘ

ਭਾਈ ਸੰਤੋਖ ਸਿੰਘ ਜੀ ਸਿੱਖ ਧਰਮ ਦੇ ਮਹਾਨ ਵਿਦਵਾਨ ਸਨ। ਮੌਜੂਦਾ ਤਰਨਤਾਰਨ ਜ਼ਿਲੇ ਦੇ ਪਿੰਡ ਨੂਰਦੀਨ ਵਿਖੇ ਭਾਈ ਦੇਵਾ ਸਿੰਘ ਅਤੇ ਮਾਈ ਰਜਾਦੀ ਦੇ ਘਰ 1787 ਵਿਚ ਇਹਨਾਂ ਦਾ ਜਨਮ ਹੋਇਆ। *ਸ੍ਰੀ ਗੁਰ*

1. ਰਤਨ ਸਿੰਘ ਭੰਗੂ, *ਸ੍ਰੀ ਗੁਰੂ ਪੰਥ ਪ੍ਰਕਾਸ਼,* ਸੰਪਾ. ਜੀਤ ਸਿੰਘ ਸੀਤਲ, ਪ੍ਰਸੰਗ 2.26, ਪੰਨਾ 41.
2. *ਉਹੀ,* ਪ੍ਰਸੰਗ 169.10, ਪੰਨਾ 583.
3. *ਉਹੀ,* ਪ੍ਰਸੰਗ 12.6-7, ਪੰਨੇ 62-63.

ਪ੍ਰਤਾਪ ਸੂਰਜ ਗ੍ਰੰਥ ਇਹਨਾਂ ਦੀ ਮਹਾਨ ਰਚਨਾ ਹੈ ਜਿਸ ਨੂੰ ਮਹਾਂਕਾਵਿ ਦਾ ਦਰਜਾ ਪ੍ਰਾਪਤ ਹੈ। 1843 ਵਿਚ ਆਪਣੇ ਜੀਵਨ ਦੇ ਅੰਤਿਮ ਸਮੇਂ ਤੋਂ ਪਹਿਲਾਂ ਇਹਨਾਂ ਨੇ ਇਹ ਕਾਰਜ ਸੰਪੂਰਨ ਕਰ ਲਿਆ ਸੀ। ਭਾਸ਼ਾ ਵਿਭਾਗ ਵੱਲੋਂ ਇਹ ਸੰਪੂਰਨ ਖਰੜਾ 14 ਜਿਲਦਾਂ ਵਿਚ ਛਾਪਿਆ ਗਿਆ ਹੈ ਅਤੇ ਇਹ *ਸ੍ਰੀ ਨਾਨਕ ਪ੍ਰਕਾਸ਼* ਤੋਂ ਅਰੰਭ ਹੁੰਦਾ ਹੈ। ਭਾਈ ਵੀਰ ਸਿੰਘ ਨੇ ਇਸ ਦੀ ਸੰਪਾਦਨਾ ਕਰ ਕੇ ਦਿਖਾਈ ਦਿੰਦੀ ਦੁਬਿਧਾ ਨੂੰ ਦੂਰ ਕਰਨ ਅਤੇ ਗੁਰਮਤਿ ਸਿਧਾਂਤਾਂ ਅਤੇ ਇਤਿਹਾਸਿਕ ਘਟਨਾਵਾਂ ਨੂੰ ਸਪਸ਼ਟ ਰੂਪ ਵਿਚ ਵਰਨਨ ਕਰਨ ਦਾ ਸਫ਼ਲ ਯਤਨ ਕੀਤਾ ਹੈ।

ਇਸ ਗ੍ਰੰਥ ਦੇ ਸਿਰਲੇਖ ਵਿਚ ਸੂਰਜ ਸ਼ਬਦ ਨੂੰ ਸ਼ਾਮਲ ਕੀਤਾ ਗਿਆ ਹੈ ਜਿਸ ਦੇ ਦੁਆਲੇ ਇਸ ਗ੍ਰੰਥ ਦੀ ਸਮੁੱਚੀ ਬਣਤਰ ਘੜੀ ਗਈ ਹੈ। ਬਾਰਾਂ ਰਾਸਾਂ, ਛੇ ਰੁੱਤਾਂ ਅਤੇ ਦੋ ਐਨ ਇਸ ਵਿਚ ਸ਼ਾਮਲ ਹਨ ਜਿਹੜੇ ਕਿ ਸੂਰਜ ਦੀ ਗਤੀ ਅਤੇ ਮੌਸਮ ਦਾ ਪ੍ਰਗਟਾਵਾ ਕਰਦੇ ਹਨ।

ਭਾਈ ਸੰਤੋਖ ਸਿੰਘ ਨੇ ਹਰ ਇਕ ਅਧਿਆਇ ਅਰੰਭ ਕਰਨ ਤੋਂ ਪਹਿਲਾਂ ਗੁਰੂ ਸਾਹਿਬਾਨ ਦੀ ਉਸਤਤਿ ਵਿਚ ਮੰਗਲ ਲਿਖੇ ਹਨ। ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਵਾਲੇ ਇਹ ਮੰਗਲ ਭਾਈ ਸਾਹਿਬ ਨੇ ਦਰਜ ਕੀਤੇ ਹਨ:

ਦੋਹਰਾ

ਤੇਗ ਬਹਾਦਰ ਧਰਮ ਧੁਜ ਹਰਤਾ ਤੁਰਕਨ ਮੂਲ।
ਚਰਨ ਸ਼ਰਨਿ ਤਾਰਨ ਤਰਨ ਨਮੋ ਹੋਇ ਅਨਕੂਲ।21।

ਗੁਰੂ ਤੇਗ ਬਹਾਦਰ ਸਾਹਿਬ ਧਰਮ ਦੀ ਧੁਜਾ ਹਨ ਅਤੇ ਤੁਰਕਾਂ ਦੀ ਜੜ੍ਹ ਉਖੇੜਨ ਵਾਲੇ ਹਨ। ਉਹਨਾਂ ਦੇ ਚਰਨਾਂ ਦੀ ਸਰਣ ਭਵ ਸਾਗਰ ਤੋਂ ਤਾਰਨ ਲਈ ਜ਼ਹਾਜ ਹੈ। ਡੁੱਬਦਿਆਂ ਨੂੰ ਆਸਰਾ ਦੇਣ ਵਾਲੇ (ਐਸੇ ਸਤਿਗੁਰੂ ਨੂੰ ਮੇਰੀ) ਨਮਸਕਾਰ ਹੈ।

ਸ੍ਵੈਯਾ

ਬਰ ਕੀਰਤਿ ਜੌਨੁ ਅਮੀਗਤਿ ਭੌਨ ਸੁਸੀਤਲਤਾ ਸੁਖ ਤੌਨ ਸੁਭਾਈ।
ਗਤਿ ਸਾਧਨ ਕੈਰਵ ਕੋ ਬਿਗਸਾਵਤਿ ਦਾਸ ਰਿਦਾ ਨਭ ਬੀਚ ਸੁਹਾਈ।
ਤਪਤੰ ਦੁਖ ਤੀਰ ਨ ਆਵਤ ਹੈ ਚਿਤੁ ਚਾਰੁ ਚਕੋਰੁ ਰਹੈ ਲਿਵ ਲਾਈ।
ਗੁਰ ਤੇਗ ਬਹਾਦਰ ਸੋਹਤਿ ਚੰਦ ਸੇ ਹੀਨ ਕਲੰਕ ਇਹੀ ਅਧਿਕਾਈ॥22॥[1]

ਗੁਰੂ ਤੇਗ ਬਹਾਦਰ ਸਾਹਿਬ ਦੀ ਕੀਰਤੀ ਚੰਦਰਮਾ ਦੀ ਚਾਂਦਨੀ ਵਾਂਗ ਫੈਲੀ ਹੋਈ ਹੈ। ਜਿਵੇਂ ਚੰਦਰਮਾ ਵਿਚ ਅੰਮ੍ਰਿਤ ਦਾ ਨਿਵਾਸ ਹੈ ਉਸੇ ਤਰ੍ਹਾਂ ਗੁਰੂ ਸਾਹਿਬ ਮੁਕਤੀ ਦਾ ਘਰ ਹੋਣ ਕਰਕੇ ਸੋਭਾ ਪਾ ਰਹੇ ਹਨ। ਚੰਦਰਮਾ ਵਿਚ ਜਿਵੇਂ ਸ਼ੀਤਲਤਾ ਦਾ ਵਾਸ ਹੈ ਉਸੇ ਤਰ੍ਹਾਂ ਗੁਰੂ ਸਾਹਿਬ ਵਿਚ ਸੁੱਖ ਦਾ ਵਾਸਾ ਹੈ। ਚੰਦਰਮਾ ਨੂੰ ਦੇਖ ਕਮੀਆਂ ਦਾ ਫੁਲ ਖਿੜਦਾ ਹੈ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਸ਼ਨ ਕਰਨ ਨਾਲ ਮੁਕਤੀ ਦੇ ਸਾਧਕਾਂ ਨੂੰ ਅਨੰਦ ਪ੍ਰਾਪਤ ਹੁੰਦਾ ਹੈ। ਚੰਦਰਮਾ ਜਿਵੇਂ ਰਾਤ ਸਮੇਂ ਸੋਹਣਾ ਲੱਗਦਾ ਹੈ ਉਸੇ ਤਰ੍ਹਾਂ ਗੁਰੂ ਸਾਹਿਬ ਸੇਵਕਾਂ ਦੇ ਹਿਰਦੇ ਨੂੰ ਚੰਗੇ ਲੱਗਦੇ ਹਨ। ਰਾਤ ਦੇ ਸਮੇਂ ਚੰਦਰਮਾ ਤਪਤ ਆਦਿ ਨੂੰ ਦੂਰ ਕਰਦਾ ਹੈ। ਇਸੇ ਤਰ੍ਹਾਂ ਗੁਰੂ ਸਾਹਿਬ ਦੇ ਨੇੜੇ ਦੁੱਖ ਆਦਿ ਨਹੀਂ ਆਉਂਦੇ। ਚੰਦਰਮਾ ਵੱਲ ਜਿਵੇਂ ਚਕੋਰ ਲਿਵ ਲਗਾਈ ਰੱਖਦਾ ਹੈ ਉਸੇ ਤਰ੍ਹਾਂ ਗੁਰੂ ਸਾਹਿਬ ਵੱਲ ਸੇਵਕ ਲਿਵ ਲਗਾ ਕੇ ਦੇਖਦੇ ਰਹਿੰਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਚੰਦਰਮਾ ਵਾਂਗ ਸੋਭਾ ਪਾ ਰਹੇ ਹਨ, ਪਰ ਚੰਦਰਮਾ ਨੂੰ ਕਲੰਕ ਲੱਗਾ ਹੋਇਆ ਹੈ ਅਤੇ ਗੁਰੂ ਸਾਹਿਬ ਅਕਲੰਕ ਰੂਪ ਹਨ।

---

1. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਨਾਨਕ ਪ੍ਰਕਾਸ਼,* ਪੂਰਬਾਰਧ, ਅਧਯਾਯ 1.21-22.

ਸ੍ਵੈਯਾ

ਹਾਦਰ ਹੋਤਿ ਜਹ ਸਿਮਰੇ ਸੁਖ ਸਾਗਰ ਜਾਂਹਿ ਪਿਖੇ ਸੁਰ ਸਾਦਰ।
ਸਾਦ ਰਚੇ ਇਕ ਆਤਮ ਗਯਾਨ ਬੜੀ ਬਿਸ਼ਿਯਾਤਪ ਕੋ ਬਡ ਬਾਦਰ।
ਬਾਦ ਰਹੈ ਸਿਖ ਹ੍ਵੈ ਨਰ ਸੋ ਜਿਨਿ ਜਾਨਯੋ ਨਹੀ ਜੁ ਇਹੀ ਜਗ ਕਾਦਰ।
ਕਾ ਦਰ ਹੈ ਜਮ ਕੋ ਤਿਨ ਜੀਵਨਿ ਅੰਤ ਭਜੈਂ ਗੁਰ ਤੇਗ ਬਹਾਦਰ॥16॥[1]

ਸੁੱਖਾਂ ਦੇ ਸਮੁੰਦਰ (ਗੁਰੂ ਤੇਗ ਬਹਾਦਰ ਜੀ) ਨੂੰ ਜਿੱਥੇ ਯਾਦ ਕਰੋ ਹਾਜ਼ਰ ਹੋ ਜਾਂਦੇ ਹਨ, ਇਹਨਾਂ ਦਾ ਦਰਸ਼ਨ ਕਰਨ ਨਾਲ ਦੇਵਤੇ ਵੀ ਸਤਿਕਾਰ ਕਰਨ ਲੱਗ ਜਾਂਦੇ ਹਨ। ਆਤਮ ਗਿਆਨ ਦੇ ਸੁਆਦ ਵਿਚ ਰਚੇ ਹੋਏ ਗੁਰੂ ਜੀ ਵਿਕਾਂਰਾਂ ਰੂਪੀ ਧੁੱਪ ਤੋਂ ਬਚਾਉਣ ਲਈ ਵੱਡੇ ਬੱਦਲ ਦੇ ਸਮਾਨ ਹਨ। ਸਿੱਖ ਹੋ ਕੇ ਉਹ ਨਰ ਬ੍ਰਿਥਾ ਹਨ ਜਿਨ੍ਹਾਂ ਨੇ ਇਹ ਨਹੀਂ ਜਾਣਿਆ ਕਿ ਇਹੀ ਜਗਤ ਦੇ ਕਾਦਰ ਹਨ। ਜਿਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦਾ ਸਿਮਰਨ ਕੀਤਾ ਹੈ ਉਹਨਾਂ ਨੂੰ ਜਮਾਂ ਦਾ ਕੀ ਡਰ ਹੈ, ਭਾਵ ਕੋਈ ਡਰ ਨਹੀਂ ਰਹਿੰਦਾ।

ਸ੍ਵੈਯਾ

ਮਾਨਸ ਤੀਰ ਮਰਾਲ ਬਿਰਾਜਤਿ ਤਯੋਂ ਸਿਖ ਸ਼੍ਰੀ ਗੁਰ ਤੇਗ ਬਹਾਦਰ।
ਮਾਨਸ ਮੈਂ ਧਰਿ ਧਯਾਨ ਨਮੋ ਕਰਿ ਰਾਖਬਿ ਧਰਮ ਬਿਸਾਲ ਬਹਾਦੁਰ।
ਮਾਨਸ ਦਾਹਿਨ ਜੇ ਬਿਧਿ ਦਾਹਿਨ ਦਾਹਿਨ ਦੋਸ਼ਨ ਹੋਤਿ ਸੁ ਹਾਦਰ।
ਮਾਨ ਸਹੀ ਜਿਮ ਸੀਖ ਕਹੀ: ਸਤਿਨਾਮ ਭਜੋ ਮਿਲਿ ਸੰਤ ਮਹਾਦਰ॥9॥[2]

ਮਾਨਸਰੋਵਰ ਦੇ ਕੰਢੇ ਜਿਵੇਂ ਹੰਸ ਰਹਿੰਦੇ ਹਨ ਉਸੇ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਕੋਲ (ਗਿਆਨਵਾਨ) ਗੁਰਸਿੱਖ ਬਿਰਾਜਦੇ ਹਨ। ਮਨ ਵਿਚ ਧਿਆਨ ਧਰ ਕੇ (ਅਜਿਹੇ ਸਤਿਗੁਰੂ ਜੀ ਨੂੰ) ਨਮਸਕਾਰ ਕਰੋ ਜਿਹੜੇ ਧਰਮ ਬਚਾਉਣ ਵਿਚ ਬਹੁਤ ਬਹਾਦਰ ਹਨ। (ਗੁਰੂ ਜੀ) ਜਿਸ ਮਨੁੱਖ ਵੱਲ ਹੋ ਜਾਂਦੇ ਹਨ ਬ੍ਰਹਮਾ ਵੀ ਉਨ੍ਹਾਂ ਦੇ ਪੱਖ ਵਿਚ ਹੋ ਜਾਂਦਾ ਹੈ, ਦੁੱਖਾਂ ਦਾ ਨਾਸ਼ ਕਰਨ ਵਾਲੇ (ਗੁਰੂ ਜੀ ਨੂੰ ਜਿੱਥੇ ਯਾਦ ਕਰੋ) ਹਾਜ਼ਰ ਹੋ ਜਾਂਦੇ ਹਨ। ਜਿਸ ਤਰ੍ਹਾਂ ਦੀ ਸਿੱਖਿਆ ਦਿੱਤੀ ਗਈ ਹੈ ਉਸ ਨੂੰ ਉਸੇ ਤਰ੍ਹਾਂ ਮੰਨ ਲਵੋ, ਸੰਤ ਪੁਰਖਾਂ ਦੀ ਸੰਗਤ ਵਿਚ ਸਤਿਨਾਮ ਦਾ ਸਿਮਰਨ ਕਰੋ।

ਦੋਹਰਾ

ਤੇਗ ਬਹਾਦਰ ਸਤਿਗੁਰੂ ਦੇ ਸ਼ੱਤ੍ਰੁਨਿ ਉਦਬੇਗ।
ਬੇਗ ਧਾਰਿ ਰੱਛਹਿਂ ਜਨਨ ਗਿਰਾ ਦੁਸ਼ਟ ਪਰ ਤੇਗ॥11॥[3]

ਸਤਿਗੁਰੂ ਤੇਗ ਬਹਦਾਰ ਜੀ ਵੈਰੀਆਂ ਨੂੰ ਘਬਰਾਹਟ ਵਿਚ ਪਾਉਣ ਵਾਲੇ ਹਨ। (ਗੁਰੂ ਜੀ) ਆਪਣੇ ਸਿੱਖਾਂ ਦੀ ਤੁਰੰਤ ਰੱਖਿਆ ਕਰਨ ਵਾਲੇ ਹਨ ਅਤੇ ਉਹਨਾਂ ਦੀ ਬਾਣੀ ਦੁਸ਼ਟਾਂ ਲਈ ਤੇਗ ਦੇ ਸਮਾਨ ਹੈ।

ਧਰਮ ਜਗਤ ਰਖਿ ਲੀਨਿ ਤ੍ਰਿਣ ਸਮ ਅਪਨੋ ਦੀਨਿ ਸਿਰ।
ਸਿਰਰ ਨ ਦੀਨਿ ਪ੍ਰਬੀਨ ਤੇਗ ਬਹਾਦਰ ਧੀਰ ਗੁਰ॥11॥[4]

---

1. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 1, ਅੰਸੂ 1.16.
2. *ਉਹੀ,* ਰਾਸਿ 2, ਅੰਸੂ 1.9.
3. *ਉਹੀ,* ਰਾਸਿ 3, ਅੰਸੂ 1.11.
4. *ਉਹੀ,* ਰਾਸਿ 4, ਅੰਸੂ 1.11.

ਗੁਰੂ ਤੇਗ ਬਹਾਦਰ ਜੀ ਨੇ ਤਿਣਕੇ ਵਾਂਗ ਆਪਣਾ ਸਿਰ ਦੇ ਕੇ ਜਗਤ ਵਿਚ ਧਰਮ ਦੀ ਰੱਖਿਆ ਕੀਤੀ। ਗੁਰੂ ਜੀ ਧੀਰਜ ਅਤੇ (ਅਧਿਆਤਮਿਕ ਗਿਆਨ ਵਿਚ) ਸ੍ਰੇਸ਼ਟ ਹਨ ਜਿਨ੍ਹਾਂ ਨੇ (ਆਪਣਾ ਸਿਰ ਦੇ ਦਿੱਤਾ ਪਰ) ਭੇਦ ਪ੍ਰਗਟ ਨਹੀਂ ਕੀਤਾ।

ਹਿਦੁ ਲਾਜ ਰਾਖੀ ਬਨਿ ਚਾਦਰ। ਤੁਰਕ ਜੁਵਾਸਾ ਕੋ ਬਡ ਬਾਦਰ।
ਸਿਖ ਸਿਮਰਤਿ ਜਿਤ ਕਿਤ ਹੁਇ ਹਾਦਰ। ਨਮੋ ਚਰਨ ਗੁਰ ਤੇਗ ਬਹਾਦਰ॥12॥[1]

ਗੁਰੂ ਤੇਗ ਬਹਾਦਰ ਜੀ ਨੇ ਚਾਦਰ ਬਣ ਕੇ ਹਿੰਦ ਦੀ ਲਾਜ ਰੱਖੀ। ਤੁਰਕਾਂ ਰੂਪੀ ਜਵਾਸੇ (ਗਰਮੀ ਵਿਚ ਹੋਣ ਵਾਲਾ ਘਾਹ ਜਿਹੜਾ ਵਰਖਾ ਪੈਣ 'ਤੇ ਸੜ ਜਾਂਦਾ ਹੈ) ਲਈ ਵੱਡੇ ਬੱਦਲ ਵਾਂਗ ਪ੍ਰਤੀਤ ਹੋਏ। ਸਿੱਖਾਂ ਨੇ ਉਹਨਾਂ ਨੂੰ ਜਿੱਥੇ ਯਾਦ ਕੀਤਾ ਉੱਥੇ ਜਾ ਹਾਜ਼ਰ ਹੋਏ, ਭਾਵ ਦਰਸ਼ਨ ਦਿੱਤੇ। ਅਜਿਹੇ ਗੁਰੂ ਜੀ ਦੇ ਚਰਨਾਂ ਵਿਚ ਨਮਸਕਾਰ ਹੈ

ਚਾਦਰ ਭੇ ਹਿੰਦੁਵਾਨ ਕੀ ਬਾਦਰ ਅਨੰਦ ਉਦੋਤਿ।
ਤੇਗ ਬਹਾਦਰ ਗੁਰ ਨਮੋ ਸਿਮਰੇ ਹਾਦਰ ਹੋਤਿ॥11॥[2]

ਗੁਰੂ ਤੇਗ ਬਹਾਦਰ ਜੀ ਨੇ ਹਿੰਦੂਆਂ ਲਈ (ਜ਼ੁਲਮ ਤੋਂ ਰੱਖਿਆ ਦੀ) ਚਾਦਰ ਬਣ ਕੇ ਅਨੰਦ ਦੇ ਬੱਦਲ ਪ੍ਰਗਟ ਕਰ ਦਿੱਤੇ। ਉਹਨਾਂ ਨੂੰ ਜਿੱਥੇ ਵੀ ਕੋਈ ਯਾਦ ਕਰੇ ਹਾਜ਼ਰ ਹੋ ਜਾਂਦੇ ਹਨ, ਅਜਿਹੇ ਗੁਰੂ ਜੀ ਦੇ ਚਰਨਾਂ ਵਿਚ ਨਮਸਕਾਰ ਹੈ

ਤੇਗ ਬਹਾਦਰ ਸ੍ਰੀ ਗੁਰੂ ਪਰਮ ਬਹਾਦਰ ਧੀਰ।
ਸਾਦਰ ਪਰਉਪਕਾਰ ਹਿਤ ਤ੍ਰਿਣ ਸਮ ਦੀਓ ਸਰੀਰ॥11॥[3]

ਗੁਰੂ ਤੇਗ ਬਹਾਦਰ ਜੀ ਬਹੁਤ ਹੀ ਬਹਾਦਰ ਅਤੇ ਧੀਰਜ ਵਾਲੇ ਹਨ ਜਿਨ੍ਹਾਂ ਨੇ ਪਰਉਪਕਾਰ ਲਈ ਤਿਣਕੇ ਵਾਂਗ ਆਪਣਾ ਸਤਿਕਾਰ ਵਾਲਾ ਸਰੀਰ ਕੁਰਬਾਨ ਕਰ ਦਿੱਤਾ।

ਤੇਗ ਬਹਾਦਰ ਸਤਿਗੁਰੂ ਹਾਦਰ ਜਹਿਂ ਸਿਮਰੰਤਿ।
ਪਗ ਪੰਕਜ ਪਰਣਾਮ ਲਿਹੁ ਪਰਮ ਰੂਪ ਭਗਵੰਤ॥12॥[4]

ਸਤਿਗੁਰੂ ਤੇਗ ਬਹਾਦਰ ਜੀ ਨੂੰ ਜਿੱਥੇ ਯਾਦ ਕਰੋ ਹਾਜ਼ਰ ਹੋ ਜਾਂਦੇ ਹਨ। ਹੇ ਪਰਮ ਭਗਵੰਤ ਰੂਪ (ਸਤਿਗੁਰ ਜੀਓ)! ਆਪਣੇ ਚਰਨ ਕਮਲਾਂ ਵਿਚ ਮੇਰੀ ਨਮਸਕਾਰ ਪ੍ਰਵਾਨ ਕਰੋ।

ਤੇਗ ਬਹਾਦਰ ਸਤਿਗੁਰੂ ਸਾਦਰ ਸਿਮਰੇ ਜੋਇ।
ਹਾਦਰ ਦੇਰ ਬਿਹੀਨ ਹੁਇਂ ਬੰਦੌਂ ਤਿਨ ਪਦ ਦੋਇ॥11॥[5]

ਸਤਿਕਾਰ ਸਹਿਤ ਜਿਹੜੇ ਵੀ ਗੁਰੂ ਤੇਗ ਬਹਾਦਰ ਜੀ ਨੂੰ ਯਾਦ ਕਰਦੇ ਹਨ, ਬਿਨਾਂ ਦੇਰੀ ਕੀਤਿਆਂ (ਗੁਰੂ ਜੀ) ਉਸ ਕੋਲ ਹਾਜ਼ਰ ਹੋ ਜਾਂਦੇ ਹਨ। ਉਹਨਾਂ ਦੇ ਦੋਵੇਂ ਚਰਨਾਂ 'ਤੇ ਬੰਦਨਾ ਕਰਦਾ ਹਾਂ।

ਸਿਮਰੇ ਹਾਦਰ ਹੋਤਿ ਹੈਂ ਚਾਦਰ ਸੇਵਕ ਬ੍ਰਿੰਦ।
ਤੇਗ ਬਹਾਦਰ ਸਤਿਗੁਰੂ ਸਾਦਰ ਤਿਨਿ ਪਦ ਬੰਦਿ॥11॥[6]

---

1. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 5, ਅੰਸੂ 1.12.
2. *ਉਹੀ,* ਰਾਸਿ 6, ਅੰਸੂ 1.11.
3. *ਉਹੀ,* ਰਾਸਿ 7, ਅੰਸੂ 1.11.
4. *ਉਹੀ,* ਰਾਸਿ 8, ਅੰਸੂ 1.12.
5. *ਉਹੀ,* ਰਾਸਿ 9, ਅੰਸੂ 1.11.
6. *ਉਹੀ,* ਰਾਸਿ 10, ਅੰਸੂ 1.11.

ਗੁਰੂ ਤੇਗ ਬਹਾਦਰ ਜੀ ਸਮੂਹ ਸੇਵਕਾਂ ਦੇ ਰੱਖਿਅਕ ਹਨ ਉਹਨਾਂ ਨੂੰ ਜਿੱਥੇ ਯਾਦ ਕਰੋ ਹਾਜ਼ਰ ਹੋ ਜਾਂਦੇ ਹਨ। ਸਤਿਕਾਰ ਸਹਿਤ ਗੁਰੂ ਜੀ ਦੇ ਚਰਨ ਕਮਲਾਂ 'ਤੇ ਨਮਸਕਾਰ ਹੈ।

ਹਿੰਦੂ ਧਰਮ ਤਰੁ ਮੂਲ ਕੋ ਰਾਖਯੋ ਧਰਨਿ ਮਝਾਰ।
ਤੇਗ ਬਹਾਦਰ ਸਤਿਗੁਰੂ ਤ੍ਰਿਣ ਸਮਾਨ ਤਨ ਡਾਰਿ॥11॥[1]

ਗੁਰੂ ਤੇਗ ਬਹਾਦਰ ਜੀ ਨੇ ਤਿਣਕੇ ਸਮਾਨ ਆਪਣਾ ਸਰੀਰ ਤਿਆਗ ਕੇ ਹਿੰਦੂ ਧਰਮ ਦੀ ਜੜ੍ਹ ਨੂੰ ਧਰਤੀ ਵਿਚ ਰੱਖ ਕੇ ਬਚਾ ਲਿਆ।

ਤ੍ਰਿਣ ਤੁਲ ਤਨ ਤਜਿ ਤੁਰਤ ਤਿਹ ਤੁਰਕਨਿ ਤੇਜ ਨਿਕੰਦ।
ਤੇਗ ਬਹਾਦਰ ਸਤਿਗੁਰੂ ਚਰਨ ਕਮਲ ਤਿਨ ਬੰਦਿ॥11॥[2]

ਸਤਿਗੁਰੂ ਤੇਗ ਬਹਾਦਰ ਜੀ ਦੇ ਚਰਨ ਕਮਲਾਂ 'ਤੇ ਨਮਸਕਾਰ ਹੈ ਜਿਨ੍ਹਾਂ ਨੇ ਤਿਣਕੇ ਵਾਂਗ ਸਰੀਰ ਤਜ ਕੇ ਤੁਰਕਾਂ ਦੇ ਤੇਜ ਦਾ ਨਾਸ਼ ਕਰ ਦਿੱਤਾ।

ਸਿਖ ਬਿਕਾਰ ਪਰਹਰਨ ਬਹਾਦੁਰ। ਜਿਸ ਕਰੁਨਾ ਸਭਿ ਥਾਨ ਮਹਾਦਰ।
ਹਿਯ ਤੇ ਸਿਮਰਤਿ ਜਤ ਕਤ ਹਾਦਰ। ਨਮੋ ਨਮੋ ਸ੍ਰੀ ਤੇਗ ਬਹਾਦਰ।[3]

ਗੁਰੂ ਤੇਗ ਬਹਾਦਰ ਜੀ ਆਪਣੇ ਸਿੱਖਾਂ ਦੇ ਵਿਕਾਰ ਦੂਰ ਕਰਨ ਵਾਲੇ ਸੂਰਬੀਰ ਹਨ। ਜਿਨ੍ਹਾਂ ਦੀ ਕਿਰਪਾ ਸਦਕਾ ਹਰ ਥਾਂ ਬਹੁਤ ਆਦਰ-ਸਤਿਕਾਰ ਪ੍ਰਾਪਤ ਹੁੰਦਾ ਹੈ। ਹਿਰਦੇ ਨਾਲ ਸਿਮਰਨ ਕਰਨ 'ਤੇ ਹਰ ਥਾਂ ਹਾਜ਼ਰ ਹੋ ਜਾਂਦੇ ਹਨ। ਐਸੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਨਮਸਕਾਰ ਹੈ।

ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਦੀ ਮਹਿਮਾ

ਦੋਹਰਾ

ਸੁੰਦਰ ਸਦਨ ਸੁਧਾਰਿ ਕਰਿ ਬਸੈਂ ਗੁਰੂ ਮਹਾਂਰਾਜ।
ਪ੍ਰਜਾ ਬਸਾਵਨ ਪੁਨ ਕਰੀ ਦੇ ਸਭਿ ਬਿਧਿਨ ਸਮਾਜ॥1॥

ਅਨੰਦਪੁਰ ਸਾਹਿਬ ਵਿਖੇ ਸੁੰਦਰ ਘਰ ਬਣਾ ਕੇ ਗੁਰੂ ਮਹਾਰਾਜ ਉੱਥੇ ਨਿਵਾਸ ਕਰਨ ਲੱਗੇ। ਸਭ ਤਰ੍ਹਾਂ ਦਾ ਸਮਾਨ ਦੇ ਕੇ ਆਮ ਲੋਕਾਂ ਨੂੰ ਇੱਥੇ ਵਸਾਇਆ।

ਚੌਪਈ

ਨਿਤ ਪ੍ਰਤਿ ਸੰਗਤਿ ਆਇ ਨਵੀਨ। ਡੇਰਾ ਪਰਹਿ ਬਨਜ ਹੁਇ ਪੀਨ।
ਬੈਸਨ ਆਦਿ ਦੁਕਾਨ ਬਨਾਈ। ਗ਼ਨੀ ਗਰੀਬ ਬਸੈਂ ਸਮੁਦਾਈ॥2॥

ਹਰ ਰੋਜ਼ ਨਵੀਆਂ ਸੰਗਤਾਂ (ਗੁਰੂ ਜੀ ਦੇ ਦਰਸ਼ਨ ਕਰਨ ਲਈ) ਆਉਂਦੀਆਂ ਹਨ। ਸੰਗਤਾਂ ਇੱਥੇ ਡੇਰਾ ਕਰਦੀਆਂ ਹਨ ਜਿਸ ਕਰ ਕੇ ਵਪਾਰੀ ਖ਼ੁਸ਼ਹਾਲ ਹੋ ਰਹੇ ਹਨ। ਵਪਾਰੀ ਲੋਕਾਂ ਨੇ ਇੱਥੇ ਦੁਕਾਨਾਂ ਬਣਾਈਆਂ ਹਨ ਅਤੇ ਹਰ ਤਰ੍ਹਾਂ ਦੇ ਗ਼ਰੀਬ ਅਤੇ ਅਮੀਰ ਇੱਥੇ ਵੱਸ ਰਹੇ ਹਨ।

ਕਿਤਿਕ ਸਿੱਖਯ ਹੀ ਰਚੈਂ ਅਵਾਸ। ਹੇਤੁ ਜੀਵਕਾ ਕੀਨਸਿ ਬਾਸ।
ਕ੍ਰਿਤ ਕੇ ਕਰਨ ਹਾਰ ਨਰ ਬ੍ਰਿੰਦ। ਬਸੇ ਆਨਿ ਕਰਿ ਢਿਗ ਬਖ਼ਸ਼ਿੰਦ॥3॥

---

1. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 11, ਅੰਸੂ 1.11.
2. *ਉਹੀ*, ਰਾਸਿ 12, ਅੰਸੂ 1.11.
3. *ਉਹੀ*, ਐਨ 2, ਅੰਸੂ 36.16.

ਕਈ ਸਿੱਖਾਂ ਨੇ ਵੀ ਇੱਥੇ ਨਿਵਾਸ ਕਰ ਲਿਆ ਹੈ ਅਤੇ ਆਪਣੀ ਜੀਵਿਕਾ ਕਮਾਉਣ ਲੱਗੇ ਹਨ। ਬਹੁਤ ਸਾਰੇ ਕਿਰਤੀ ਵੀ ਇੱਥੇ ਬਖ਼ਸ਼ਿਸ਼ ਕਰਨ ਵਾਲੇ (ਗੁਰੂ ਸਾਹਿਬ) ਦੇ ਨੇੜੇ ਆ ਕੇ ਵੱਸਣ ਲੱਗੇ ਹਨ।

ਆਇਂ ਸੈਕਰੇ ਨਿਤ ਨਰ ਨਾਰੀ। ਰਹੈ ਭੀਰ ਦਰਬਾਰ ਅਗਾਰੀ।
ਬ੍ਰਿੰਦ ਮਸੰਦ ਅਨੰਦ ਬਿਲੰਦੇ। ਰਚੈਂ ਨਿਕੇਤ ਨਿਕਟਿ ਸੁਖਕੰਦੇ॥4॥

ਸੈਂਕੜੇ ਨਰ-ਨਾਰੀਆਂ ਇੱਥੇ ਨਿਤ ਆਉਂਦੇ ਹਨ ਅਤੇ ਗੁਰੂ ਜੀ ਦੇ ਦਰਬਾਰ ਵਿਚ ਭੀੜ ਲੱਗੀ ਰਹਿੰਦੀ ਹੈ। ਮਸੰਦ ਵੀ ਬਹੁਤ ਅਨੰਦ ਵਿਚ ਹਨ। ਇਹ ਵੀ ਸੁੱਖ ਦੇਣ ਵਾਲੇ (ਗੁਰੂ ਸਾਹਿਬ) ਦੇ ਨੇੜੇ ਘਰ ਬਣਾ ਕੇ ਵੱਸਣ ਲੱਗੇ।

ਅਨਿਕ ਫਕੀਰਨਿ ਪੰਕਤਿ ਆਈ। ਲਖੇ ਕ੍ਰਿਪਾਲ ਪਰੇ ਸ਼ਰਣਾਈ।
ਬੰਦਨ ਕਰਿ ਬੈਠਹਿਂ ਨਿਤ ਪਾਸ। ਬਨਹਿ ਦੇਗ਼ ਤੇ ਅਚਵਹਿਂ ਗ੍ਰਾਸ॥5॥

ਅਨੇਕ ਫ਼ਕੀਰਾਂ ਦੇ ਟੋਲੇ ਵੀ ਇੱਥੇ ਆ ਗਏ। ਕ੍ਰਿਪਾਲੂ ਜਾਣ ਕੇ ਇਹ ਗੁਰੂ ਜੀ ਦੀ ਸ਼ਰਨ ਪੈ ਗਏ। ਗੁਰੂ ਜੀ ਨੂੰ ਨਮਸਕਾਰ ਕਰ ਕੇ ਰੋਜ਼ਾਨਾ ਉਹਨਾਂ ਦੀ ਸੰਗਤ ਕਰਦੇ ਹਨ। ਲੰਗਰ ਵਿਚੋਂ ਹੀ ਪ੍ਰਸ਼ਾਦਾ ਛਕਦੇ ਹਨ।

ਬਾਂਛਤਿ ਬਸਤ੍ਰ ਪਾਇ ਗਨ ਰਹੈਂ। ਜਨਮ ਸੁਧਾਰਹਿਂ 'ਗੁਰੁ ਗੁਰੁ' ਕਹੈਂ।
ਕੇਤਕਿ ਦਾਸ ਸਦਾ ਰਹਿਂ ਸਾਥ। ਸੇਵਾ ਕਰਹਿਂ ਜੋਰਿ ਕਰਿ ਹਾਥ॥6॥

ਇਹ ਆਪਣੀ ਇੱਛਾ ਅਨੁਸਾਰ ਬਸਤਰ ਪ੍ਰਾਪਤ ਕਰਦੇ ਹਨ। ਗੁਰੂ ਗੁਰੂ ਜਪਦੇ ਹੋਏ ਆਪਣਾ ਜਨਮ ਸਵਾਰਦੇ ਹਨ। ਕਈ ਸੇਵਾਦਾਰ ਵੀ ਗੁਰੂ ਜੀ ਦੇ ਨਾਲ ਰਹਿੰਦੇ ਹਨ ਅਤੇ ਹੱਥ ਜੋੜ ਕੇ ਨਿਮਰਤਾ ਸਹਿਤ ਸੇਵਾ ਕਰਦੇ ਹਨ।

ਦਿਨ ਪ੍ਰਤਿ ਐਸ਼੍ਵਰਜ ਬਧਹਿ ਬਿਸਾਲਾ। ਦੁਗੁਨ ਚੁਗੁਨਾ ਦਸਗੁਨ ਜਾਲਾ।
ਇਕ ਆਵਹਿ ਸੰਗਤਿ ਇਕ ਜਾਹੀ। ਪਸਰਯੋ ਸੁਜਸੁ ਅਸ਼ਟ ਦਿਸ਼ਿ ਮਾਂਹੀ॥7॥

ਗੁਰੂ ਸਾਹਿਬ ਦੀ ਸੋਭਾ ਦਿਨੋ ਦਿਨ ਦੁਗਣੀ, ਚੌਗੁਣੀ ਅਤੇ ਦਸ ਗੁਣਾਂ ਵੱਧਦੀ ਜਾ ਰਹੀ ਹੈ। ਇਕ ਸੰਗਤ ਦਰਸ਼ਨ ਕਰਨ ਲਈ ਆ ਰਹੀ ਹੈ ਅਤੇ ਇਕ ਵਾਪਸ ਜਾ ਰਹੀ ਹੈ। ਗੁਰੂ ਸਾਹਿਬ ਦਾ ਜੱਸ ਅੱਠ ਦਿਸ਼ਾਵਾਂ ਵਿਚ ਫ਼ੈਲ ਗਿਆ ਹੈ।

ਜੇ ਦੁਰਲਭ ਹੈਂ ਅਨਿਕ ਅਕੋਰੇਂ। ਅਰਪਨਿ ਕਰੈਂ ਖਰੇ ਕਰ ਜੋਰੇਂ।
ਅੰਬਰ ਪਸ਼ਮੰਬਰ ਪਾਟੰਬਰ। ਸੁੰਦਰ ਆਦਿ ਊਨ ਕੇ ਕੰਬਰ॥8॥

ਸੰਗਤ ਅਨੇਕਾਂ ਦੁਰਲੱਭ ਭੇਟਾਵਾਂ ਹੱਥ ਜੋੜ ਕੇ ਅਰਪਣ ਕਰਦੀਆਂ ਹਨ। ਪਸ਼ਮੀਨੇ, ਰੇਸ਼ਮੀ ਅਤੇ ਹੋਰ ਆਮ ਬਸਤਰਾਂ ਦੇ ਨਾਲ-ਨਾਲ ਉੱਨ ਦੇ ਸੁੰਦਰ ਕੰਬਲ ਭੇਟ ਕੀਤੇ ਜਾ ਰਹੇ ਹਨ।

ਸ਼੍ਰੀ ਗੁਜਰੀ ਹਿਤ ਘਨੇ ਬਿਭੂਖਨ। ਆਗੇ ਅਰਪਹਿਂ ਆਨਿ ਅਦੂਖਨ।
ਧਨ ਕੀ ਗਿਨਤੀ ਕਛੂ ਨ ਹੋਇ। ਦਿਨ ਪ੍ਰਤਿ ਗੁਰ ਆਗੇ ਬਹੁ ਜੋਇ॥9॥

ਮਾਤਾ ਗੁਜਰੀ ਜੀ ਲਈ ਗਹਿਣੇ ਬਣਾ ਕੇ ਲਿਆ ਰਹੇ ਹਨ, ਦੁੱਖਾਂ ਤੋਂ ਰਹਿਤ ਗੁਰੂ ਸਾਹਿਬ ਦੇ ਅੱਗੇ ਆ ਕੇ ਭੇਟ ਕਰ ਰਹੇ ਹਨ। ਗੁਰੂ ਸਾਹਿਬ ਅੱਗੇ ਬੇਸ਼ੁਮਾਰ ਧਨ ਭੇਟ ਕੀਤਾ ਜਾ ਰਿਹਾ ਹੈ ਜਿਸ ਦੀ ਕੋਈ ਗਿਣਤੀ ਨਹੀਂ ਕੀਤੀ ਜਾ ਸਕਦੀ।

ਪਿਖਿ ਸ਼੍ਰੀ ਤੇਗ ਬਹਾਦਰ ਦਰਬ। ਖਰਚਨ ਕਰਤਿ ਜਾਤਿ ਤਿਮ ਸਰਬ।
ਨਗਰ ਬਸਾਵਨਿ ਮਹਿਂ ਬਹੁ ਦੇਤਿ। ਜਹਿਂ ਕਹਿਂ ਸੁੰਦਰ ਬਨਹਿਂ ਨਿਕੇਤ॥10॥

ਭੇਟ ਕੀਤੀ ਜਾ ਰਹੀ ਮਾਇਆ ਨੂੰ ਗੁਰੂ ਤੇਗ ਬਹਾਦਰ ਜੀ ਨਿਰੰਤਰ ਖਰਚ ਕਰ ਰਹੇ ਹਨ। ਬਹੁਤੀ ਮਾਇਆ ਨਗਰ ਵਸਾਉਣ ਲਈ ਦਿੱਤੀ ਜਾ ਰਹੀ ਹੈ ਅਤੇ ਜਗ੍ਹਾ-ਜਗ੍ਹਾ 'ਤੇ ਸੁੰਦਰ ਮਕਾਨ ਉਸਾਰੇ ਜਾ ਰਹੇ ਹਨ।

ਦੀਰਘ ਦੇਗ਼ ਬਨਹਿ ਜੁਗ ਕਾਲਾ। ਹੋਤਿ ਖਰਚ ਲੇ ਅੰਨ ਬਿਸਾਲਾ।
ਸਿਰੇਪਾਉ ਸਿੱਖਯਨਿ ਕੋ ਦੇਤਿ। ਲੇਯ ਸ਼੍ਰੇਯ ਕੇ ਹੇਤੁ ਸੁਚੇਤ॥11॥

ਸਵੇਰੇ ਅਤੇ ਸ਼ਾਮ ਵੇਲੇ ਬਹੁਤ ਸਾਰਾ ਲੰਗਰ ਤਿਆਰ ਕੀਤਾ ਜਾਂਦਾ ਹੈ ਅਤੇ ਬਹੁਤ ਸਾਰਾ ਅਨਾਜ ਲੱਗ ਜਾਂਦਾ ਹੈ। ਸਿੱਖਾਂ ਨੂੰ ਸਿਰੋਪੇ ਦਿੱਤੇ ਜਾਂਦੇ ਹਨ।

ਇੱਤਿਯਾਦਿਕ ਬਹੁ ਕਾਰਨ ਔਰ। ਖਰਚਿ ਕਰਤਿ ਸੋਢੀ ਸਿਰਮੌਰ।
ਇਸ ਬਿਧਿ ਕਤਿਕ ਬਿਤੇ ਮਹੀਨੇ। ਗੁਰੂ ਬਿਦਤ ਸਭਿ ਦੇਸ਼ਨਿ ਚੀਨੇ॥12॥[1]

ਅਜਿਹੇ ਕਈ ਹੋਰ ਕਾਰਨ ਵੀ ਹਨ ਜਿਨ੍ਹਾਂ 'ਤੇ ਸੋਢੀ ਸਿਰਮੌਰ (ਗੁਰੂ ਜੀ) ਖਰਚ ਕਰਦੇ ਹਨ। ਇਸ ਤਰ੍ਹਾਂ ਕਈ ਮਹੀਨੇ ਗੁਜ਼ਰ ਗਏ। ਸਮੁੱਚੇ ਦੇਸ਼ ਵਿਚ ਗੁਰੂ ਸਾਹਿਬ ਦਾ ਜੱਸ ਫ਼ੈਲ ਗਿਆ।

ਕਵੀ ਸੇਵਾ ਸਿੰਘ

ਕਵੀ ਸੇਵਾ ਸਿੰਘ ਭੱਟ ਭਾਈ ਕੇਸਰ ਸਿੰਘ ਕੌਸ਼ਿਸ਼ ਦਾ ਪੁੱਤਰ ਸੀ ਜਿਸ ਦਾ ਪਿਛੋਕੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੱਟ ਬਾਣੀਕਾਰ ਭਾਈ ਭਿਖਾ ਜੀ ਨਾਲ ਜੁੜਦਾ ਹੈ। ਭੱਟਾਂ ਦਾ ਪ੍ਰਮੁੱਖ ਕਾਰਜ ਆਪਣੇ ਜਜਮਾਨਾਂ ਦੀ ਉਸਤਤਿ ਕਰ ਕੇ ਅਜੀਵਿਕਾ ਕਮਾਉਣਾ ਸੀ। ਇਹਨਾਂ ਵਿਚੋਂ ਕੁੱਝ ਭੱਟ ਅਜਿਹੇ ਵੀ ਸਨ ਜਿਹੜੇ ਅਧਿਆਤਮਿਕ ਸ਼ਾਂਤੀ ਦੀ ਭਾਲ ਵਿਚ ਭਟਕ ਰਹੇ ਸਨ ਅਤੇ ਗੁਰੂ ਸਾਹਿਬਾਨ ਦੀ ਸੰਗਤ ਵਿਚ ਆ ਕੇ ਅਧਿਆਤਮਿਕ ਉੱਚਤਾ ਨੂੰ ਪ੍ਰਾਪਤ ਕਰ ਗਏ। ਇਹਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਗੁਰੂ-ਘਰ ਨਾਲ ਸੰਬੰਧਿਤ ਇਹਨਾਂ ਨੇ ਜਿਹੜੀਆਂ ਘਟਨਾਵਾਂ ਦਰਜ ਕੀਤੀਆਂ ਹਨ, ਉਹਨਾਂ ਦਾ ਆਪਣਾ ਵਿਸ਼ੇਸ਼ ਮਹੱਤਵ ਹੈ। ਭਾਵੇਂ ਕਿ ਇਹ ਇਤਿਹਾਸਕਾਰ ਨਹੀਂ ਸਨ ਪਰ ਇਹਨਾਂ ਦੀਆਂ ਲਿਖਤਾਂ ਵਿਚੋਂ ਇਤਿਹਾਸ ਦੇ ਹਵਾਲੇ ਪ੍ਰਾਪਤ ਹੋ ਜਾਂਦੇ ਹਨ।

ਭੱਟਾਂ ਵੱਲੋਂ ਲਿਖੀਆਂ ਦੋ ਮਹੱਤਵਪੂਰਨ ਰਚਨਾਵਾਂ ਸਾਹਮਣੇ ਆਈਆਂ ਹਨ - *ਗੁਰੂ ਕੀਆਂ ਸਾਖੀਆਂ* ਅਤੇ *ਸ਼ਹੀਦ ਬਿਲਾਸ।* ਪਹਿਲੀ ਰਚਨਾ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ ਵਿਖੇ ਜੋਤਿ-ਜੋਤਿ ਸਮਾ ਜਾਣ ਦੇ ਬਿਰਤਾਂਤ ਦਰਜ ਹਨ। ਇਹ ਭਾਈ ਸ੍ਵਰੂਪ ਸਿੰਘ ਕੌਸ਼ਿਸ਼ ਦੀ ਰਚਨਾ ਹੈ ਜਿਸ ਨੂੰ ਪਿਆਰਾ ਸਿੰਘ ਪਦਮ ਨੇ ਸੰਪਾਦਿਤ ਕੀਤਾ ਹੈ। ਦੂਜੀ ਰਚਨਾ ਕਵੀ ਸੇਵਾ ਸਿੰਘ ਦੀ ਕ੍ਰਿਤ ਹੈ ਜਿਸ ਨੂੰ ਗਿਆਨੀ ਗਰਜਾ ਸਿੰਘ ਨੇ ਸੰਪਾਦਿਤ ਕੀਤਾ ਹੈ। ਭਾਵੇਂ ਕਿ ਇਹ ਰਚਨਾ ਭਾਈ ਮਨੀ ਸਿੰਘ ਜੀ ਦੇ ਜੀਵਨ ਅਤੇ ਸ਼ਹਾਦਤ ਨਾਲ ਸੰਬੰਧਿਤ ਹੈ ਪਰ ਫਿਰ ਵੀ ਇਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਦੇ ਦਰਸ਼ਨ ਹੋ ਜਾਂਦੇ ਹਨ।

ਸਵੈਯਾ। ਹਿੰਦ ਵਿਖੈ ਅੰਧ ਘੋਰ ਮਚਿਯੋ ਜਬ, ਸਾਧੂ ਸੰਤ ਨਹਿ ਦੇਖਨ ਪਾਵਤ।
ਧਰਮ ਦੇ ਥਾਂ ਅਧਰਮ ਹੋਵੈ, ਨਹਿ ਰਛਿਕ ਗਊ ਗਰੀਬ ਦਿਖਾਵਤ।
ਤਬ ਤੇਗ ਬਹਾਦਰ ਹਿੰਦ ਕੀ ਚਾਦਰ, ਥੇ ਚਕ ਨਾਨਕੀ ਬੀਚ ਬਤਾਵਤ।
ਸੇਵਾ ਹਰੀ ਇਸ ਘੋਰ ਕਲੂ ਮਹਿ, ਗੁਰੂ ਜੰਞੂ ਟਿਕੇ ਕੀ ਲਾਜ ਰਖਾਵਤ।32।

ਜਦੋਂ ਹਿੰਦੁਸਤਾਨ ਵਿਖੇ ਜਬਰ ਅਤੇ ਜ਼ੁਲਮ ਵੱਧ ਗਿਆ ਅਤੇ ਕੋਈ ਸਾਧੂ ਸੰਤ ਦਿਖਾਈ ਨਹੀਂ ਦਿੰਦਾ ਸੀ। ਧਰਮ ਦੀ ਥਾਂ ਅਧਰਮ ਦਾ ਬੋਲਬਾਲਾ ਹੋ ਗਿਆ ਅਤੇ ਗਊ-ਗਰੀਬ ਭਾਵ ਨਿਤਾਣਿਆਂ ਦੀ ਰੱਖਿਆ ਕਰਨ ਲਈ ਕੋਈ ਸਾਹਮਣੇ ਨਾ ਆਇਆ। ਉਸ ਸਮੇਂ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜੀ ਚੱਕ ਨਾਨਕੀ (ਅਨੰਦਪੁਰ ਸਾਹਿਬ) ਵਿਖੇ ਨਿਵਾਸ ਕਰ ਰਹੇ ਸਨ। ਸੇਵਾ ਸਿੰਘ ਕਹਿੰਦਾ ਹੈ ਕਿ ਇਸ ਘੋਰ ਕਲਜੁਗ ਵਿਚ ਗੁਰੂ ਜੀ ਨੇ ਜੰਞੂ ਅਤੇ ਤਿਲਕ ਦੀ ਲਾਜ ਬਚਾਈ।

---

1. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 11, ਅੰਸੂ 31.1-12.

ਦੋਹਰਾ। ਦੁਖੀਏ ਬਿਪ੍ਰ ਜੁ ਚੱਲ ਕੇ ਆਏ ਪੁਰੀ ਅਨੰਦ:
ਬਾਂਹਿ ਅਸਾਡੀ ਪਕਰੀਏ ਗੁਰ ਹਰਿ ਗੋਬਿੰਦ ਕੇ ਚੰਦ।33।
ਤੇਗ ਬਹਾਦਰ ਜਗਤ ਗੁਰ ਸੁਣ ਇਮ ਹਾਹਾ ਕਾਰ।
ਰਛਿਕ ਗਊ ਗਰੀਬ ਕਾ ਕਲ ਜੁਗ ਕਾ ਅਵਤਾਰ।34।

ਇਸ ਜ਼ੁਲਮ ਤੋਂ ਦੁਖੀ ਹੋ ਕੇ ਪੰਡਿਤ ਅਨੰਦਪੁਰ ਸਾਹਿਬ ਵਿਖੇ ਚੱਲ ਕੇ ਆਏ ਅਤੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਹਿਬਜ਼ਾਦੇ! ਸੰਕਟ ਦੀ ਇਸ ਘੜੀ ਵਿਚ ਸਾਡੀ ਸਹਾਇਤਾ ਕਰੋ। ਕਲਜੁਗ ਦੇ ਅਵਤਾਰ ਅਤੇ ਗਊ-ਗਰੀਬ ਦੇ ਰੱਖਿਅਕ ਗੁਰੂ ਤੇਗ ਬਹਾਦਰ ਜੀ ਨੇ ਸ਼ਰਨ ਆਇਆਂ ਦੇ ਸਾਰੇ ਦੁੱਖੜੇ ਸੁਣੇ।

ਚੌਪਈ। ਹਾਥ ਜੋਰ ਕਹਿਯੋ ਕ੍ਰਿਪਾ ਰਾਮ। ਦੱਤ ਬ੍ਰਾਹਮਣ ਮੱਟਨ ਗ੍ਰਾਮ।
ਹਮਰੋ ਬਲ ਅਬ ਰਹਯੋ ਨਹਿ ਕਾਈ। ਹੇ ਗੁਰ ਤੇਗ ਬਹਾਦਰ ਰਾਈ॥
ਗਜ ਕੇ ਬੰਧਨ ਕਾਟਨ ਹਾਰੇ। ਤੁਮ ਗੁਰ ਨਾਨਕ ਹੈਂ ਅਵਤਾਰੇ।
ਜਿਮ ਦਰੋਪਤੀ ਰਾਖੀ ਲਾਜ। ਦਿਯੋ ਸਵਾਰ ਸੁਦਾਮੈ ਕਾਜ॥
ਫਿਰਤ ਫਿਰਤ ਪ੍ਰਭ ਆਏ ਥਾਰੈ। ਥਾਕ ਪਰੈ ਹਉਂ ਤਉ ਦਰਬਾਰੈ।
ਸੇਵਾ ਹਰੀ ਇਮ ਅਰਜ ਗੁਜ਼ਾਰੀ। ਤੁਮ ਕਲਜੁਗ ਕੇ ਕ੍ਰਿਸ਼ਨ ਮੁਰਾਰੀ॥35॥

ਕ੍ਰਿਪਾ ਰਾਮ ਨੇ ਹੱਥ ਜੋੜ ਕੇ ਦੱਸਿਆ ਕਿ ਉਹ ਮਟਨ ਪਿੰਡ ਤੋਂ ਆਇਆ ਦੱਤ ਬ੍ਰਾਹਮਣ ਹੈ। ਹੇ ਗੁਰੂ ਤੇਗ ਬਹਾਦਰ ਪਾਤਸ਼ਾਹ! ਸਾਡਾ ਸਾਰਾ ਬਲ ਖ਼ੀਨ ਹੋ ਗਿਆ ਹੈ। ਤੁਸੀਂ ਹਾਥੀ ਦੇ ਬੰਧਨ ਕੱਟਣ ਵਾਲੇ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਹੋ। ਤੁਸੀਂ ਦ੍ਰੋਪਤੀ ਦੀ ਲਾਜ ਰੱਖੀ ਸੀ ਅਤੇ ਸੁਦਾਮੇ ਦੇ ਸਾਰੇ ਕਾਰਜ ਸਵਾਰ ਦਿੱਤੇ ਸਨ। ਹੇ ਪ੍ਰਭੂ! ਅਸੀਂ ਕਈ ਜਗ੍ਹਾ 'ਤੇ ਫਰਿਆਦ ਕਰਦੇ ਹੋਏ ਥੱਕ ਕੇ ਤੁਹਾਡੀ ਸ਼ਰਨ ਆਏ ਹਾਂ। ਸੇਵਾ ਸਿੰਘ ਬੇਨਤੀ ਕਰਦਾ ਹੈ ਕਿ ਸਾਡੇ ਲਈ ਤਾਂ ਤੁਸੀਂ ਹੀ ਕਲਜੁਗ ਦੇ ਕ੍ਰਿਸ਼ਨ ਮੁਰਾਰੀ ਹੋ।

ਦੋਹਰਾ। ਗੁਰ ਦਰ ਤੇ ਇਮ ਬਿਪ੍ਰ ਨੇ ਬਿਰਥਾ ਕਹੀ ਸੁਨਾਇ।
ਅਵਰ ਵਾਸਨਾ ਨਾਹਿ ਪ੍ਰਭ ਤੱਕੀ ਤਉ ਸਰਨਾਇ॥36॥

ਇਸ ਤਰ੍ਹਾਂ ਬ੍ਰਾਹਮਣ ਨੇ ਆਪਣੀ ਸਾਰੀ ਵਾਰਤਾ ਗੁਰੂ ਜੀ ਨੂੰ ਦੱਸਦੇ ਹੋਏ ਕਿਹਾ ਕਿ ਹੇ ਪ੍ਰਭੂ! ਅਸੀਂ ਬਗ਼ੈਰ ਕਿਸੇ ਵਸਨਾ ਦੇ ਤੁਹਾਡੀ ਸ਼ਰਨ ਆਏ ਹਾਂ।

ਦੋਹਰਾ। ਰਵੀ ਚਾਂਦ ਹੈਂ ਜਗਤ ਮੇਂ ਜਉ ਲਉ ਧਰਨ ਅਕਾਸ।
ਨਾਮ ਰਹੇ ਸਦੀਵ ਤਉ ਪੂਰੋ ਜਨ ਕੀ ਆਸ॥37॥[1]

(ਗੁਰੂ ਜੀ ਮੇਰੀ) ਸੇਵਕ ਦੀ ਇਹ ਆਸ ਪੂਰੀ ਕਰੋ। ਜਦੋਂ ਤੱਕ ਜਗਤ ਵਿਚ ਸੂਰਜ, ਚੰਦ, ਧਰਤੀ ਅਤੇ ਅਕਾਸ਼ ਮੌਜੂਦ ਹਨ ਉਦੋਂ ਤੱਕ ਤੁਹਾਡਾ ਨਾਂ ਅਮਰ ਰਹੇ।

ਬਾਬਾ ਸੁਮੇਰ ਸਿੰਘ

ਬਾਬਾ ਸੁਮੇਰ ਸਿੰਘ *ਤਖ਼ਤ ਸ੍ਰੀ ਹਰਿਮੰਦਰ ਸਾਹਿਬ ਜੀ ਪਟਨਾ ਸਾਹਿਬ* ਦੇ ਮਹੰਤ ਸਨ। ਇਹਨਾਂ ਦਾ ਪਿਛੋਕੜ ਗੁਰੂ ਅਮਰਦਾਸ ਜੀ ਨਾਲ ਮਿਲਦਾ ਹੈ ਜਿਸ ਦਾ ਵਰਨਨ ਇਹ ਆਪਣੀ ਪੁਸਤਕ *ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼* ਵਿਚ ਕਰਦੇ ਹੋਏ ਕਹਿੰਦੇ ਹਨ:

1. ਸੇਵਾ ਸਿੰਘ, *ਸ਼ਹੀਦ ਬਿਲਾਸ ਭਾਈ ਮਨੀ ਸਿੰਘ,* ਸੰਪਾ. ਗਿਆਨੀ ਗਰਜਾ ਸਿੰਘ, ਬੰਦ 32-37.

ਸ੍ਰੀ ਗੁਰੁ ਅਮਰਦਾਸ ਕੀ ਅੰਸਾ॥ ਮੇਘ ਰਾਜ ਸਾਹਿਬ ਅਘ ਧੁਨਿਸਾ॥...[1]
ਰਤਨ ਸਿੰਘ ਕੇ ਬਾਹੁੜ ਮਲ॥ ਗਈ ਬਹੋਰਨ ਹਾਰ ਅਲਤ॥
ਤਿਨ ਕੇ ਸ੍ਰੀ ਸਰੂਪ ਸਸਿ ਬਾਬਾ॥ ਜਿਨ ਮਹਿਮਾ ਪ੍ਰਕਾਸ ਅਜਾਬਾ॥
ਤਿਨ ਕੇ ਕ੍ਰਿਪਾ ਦਯਾਲ ਸਿੰਘ ਸਵਾਮੀ॥ ਕਪਲ ਦੇਵ ਘਟ ਅੰਤਰਜਾਮੀ॥
ਤਿਨ ਕੇ ਸਾਹਿਬ ਸਾਧੂ ਸਿੰਘ॥ ਜਿਨ ਸੁਤ ਮੈ ਸੁਮੇਰ ਹਰਿ ਸਿੰਘ॥[2]

ਉੱਤਰ ਪ੍ਰਦੇਸ਼ ਦੇ ਨਿਜ਼ਾਮਾਬਾਦ ਨਗਰ ਵਿਖੇ ਇਹਨਾਂ ਦਾ ਜਨਮ ਬਾਵਾ ਸਾਧੂ ਸਿੰਘ ਦੇ ਘਰ ਹੋਇਆ ਅਤੇ ਇਹਨਾਂ ਨੇ ਉਸ ਸਮੇਂ ਦੇ ਪ੍ਰਸਿੱਧ ਪੰਡਿਤ ਅਜੁਧਿਆ ਸਿੰਘ ਜਿਹੇ ਹਿੰਦੀ ਭਾਸ਼ਾਈ ਕਵੀਆਂ ਤੋਂ ਸਿੱਖਿਆ ਗ੍ਰਹਿਣ ਕੀਤੀ। ਪਿਛੋਕੜ ਵਿਚ ਸਿੱਖ ਧਰਮ ਦੀ ਵਿਰਾਸਤ ਮੌਜੂਦ ਹੋਣ ਕਰ ਕੇ ਇਹਨਾਂ ਦਾ ਝੁਕਾਅ ਸਿੱਖ ਧਰਮ ਵੱਲ ਹੀ ਰਿਹਾ ਅਤੇ ਇਹਨਾਂ ਨੇ ਆਪਣੀ ਸਮੁੱਚੀ ਵਿੱਦਿਆ ਸਿੱਖ ਧਰਮ ਦੇ ਅਧਿਐਨ ਅਤੇ ਪ੍ਰਚਾਰ-ਪ੍ਰਸਾਰ ਵੱਲ ਕੇਂਦਰਿਤ ਕੀਤੀ ਹੋਈ ਸੀ ਗੁਰਮੁਖੀ ਗ੍ਰੰਥਾਂ ਦੇ ਅਧਿਐਨ ਅਤੇ ਭਾਰਤੀ ਸਾਹਿਤ ਵਿਚ ਰੁਚੀ ਰੱਖਣ ਕਰ ਕੇ ਇਹਨਾਂ ਦਾ ਸਾਹਿਤ ਸਭਾਵਾਂ ਵਿਚ ਬਹੁਤ ਸਤਿਕਾਰ ਸੀ। ਹਿੰਦੀ ਭਾਸ਼ਾ ਨੂੰ ਜਾਣਨ ਵਾਲਿਆਂ ਲਈ ਵੀ ਇਹਨਾਂ ਨੇ ਮਹੱਤਵਪੂਰਨ ਰਚਨਾਵਾਂ ਪਾਠਕਾਂ ਦੇ ਸਨਮੁਖ ਪੇਸ਼ ਕੀਤੀਆਂ ਜਿਸ ਕਰ ਕੇ ਹਿੰਦੀ ਦੇ ਸ੍ਰੇਸ਼ਟ ਕਵੀਆਂ ਵਿਚ ਵੀ ਇਹਨਾਂ ਨੂੰ ਵਿਸ਼ੇਸ਼ ਸਨਮਾਨ ਪ੍ਰਦਾਨ ਕੀਤਾ। ਇਹਨਾਂ ਦੁਆਰਾ ਰਚਿਤ ਰਚਨਾਵਾਂ ਬਾਰੇ ਤਾਂ ਸੰਪੂਰਨ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਪਰ ਜਿਹੜੀਆਂ ਰਚਨਾਵਾਂ ਦੇ ਹਵਾਲੇ ਮਿਲਦੇ ਹਨ ਉਹਨਾਂ ਵਿਚ ਇਹ ਪੁਸਤਕਾਂ ਸ਼ਾਮਲ ਹਨ – *ਅਵਿਚਲ ਨਗਰ ਮਹਾਤਮ (ਬ੍ਰਹਮ ਪੁਰਾਣ ਦੇ ਪੁਨਯਉਦਯ ਭਾਗ ਦਾ ਅਨੁਵਾਦ), ਸੰਮਤ ਪ੍ਰਕਾਸ਼, ਸੁਮੇਰ ਭੂਸ਼ਣ, ਸੁੰਦਰੀ ਤਿਲਕ, ਸ੍ਰੀ ਗੁਰੂ ਕਵਿਤਾਵਲੀ, ਸ੍ਰੀ ਗੁਰੂ ਨਾਨਕ ਦਿਗਵਿਜਯ (ਅਰਥਾਤ ਮੱਕਾ ਮਦੀਨਾ ਦੀ ਗੋਸ਼ਟ), ਖ਼ਾਲਸਾ ਸ਼ਤਕ, ਖਾਲਸਾ ਪੰਚਾਸਿਕਾ, ਗੁਰੂ ਕੀਰਤਿ ਕਵਿਤਾਵਲੀ, ਗੁਰੂ ਚਰਿਤ੍ਰ ਦਰਪਨ, ਗੁਰੂ ਪਦ ਪ੍ਰੇਮ ਪ੍ਰਕਾਸ਼, ਜਪੁਜੀ ਕਾ ਟੀਕਾ, ਦਰਿਦ ਦੁਖ ਡੰਡਨ ਦੋਹਾਵਲੀ, ਨਿਤਯ ਕੀਰਤਨ ਗ੍ਰੰਥ, ਪਾਤਕ ਪਤਨ ਪੰਚਾਸਿਕਾ, ਪ੍ਰੇਮ ਪ੍ਰਭਾਕਰ, ਬੇਦੀਵਾਰ-ਦੋਹਾਵਲੀ (ਗੁਰੂ ਨਾਨਕ ਦੇਵ ਜੀ ਦਾ ਜੀਵਨ), ਬੇਦੀ-ਵੰਸੋਤਮ ਸਹਸ੍ਰਨਾਮ, ਬਿਹਾਰੀ ਸੁਮੇਰ, ਬ੍ਰਹਮੰਡ ਪੁਰਾਣ, ਵਿਜਯ ਪੱਤਰ (ਜ਼ਫਰਨਾਮੇ ਦਾ ਹਿੰਦੀ ਅਨੁਵਾਦ), ਵਿਮਲ ਵਿਵੇਕ ਵਿਲਾਸ, ਵਿਵੇਕਾਸ਼੍ਰਿਕ।*

ਬਾਬਾ ਸੁਮੇਰ ਸਿੰਘ ਦੀਆਂ ਉਕਤ ਰਚਨਾਵਾਂ ਵਿਚੋਂ ਇੱਥੇ *ਪਾਤਕ ਪਤਨ ਪੰਚਾਸਿਕਾ* ਰਚਨਾ ਵਿਚ ਮੌਜੂਦ ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ ਜਾ ਰਹੀ ਹੈ। 1869 ਵਿਚ ਤਿਆਰ ਕੀਤੀ ਗਈ ਹੱਥ-ਲਿਖਤ ਦੇ ਅਖ਼ੀਰ ਵਿਚ ਇਸ ਰਚਨਾ ਦੇ ਸਿਰਲੇਖ, ਰਚਨਾ ਦੇ ਸਾਲ ਅਤੇ ਰਚਨਾਕਾਰ ਦੇ ਪਿਛੋਕੜ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਹੈ:

ਦੋਹਾ। ਪਾਤਕ ਪਤਨ ਪਚਾਸਿਕਾ ਪਾਤਕ ਪਤਨ ਪਛਾਨ॥
ਪਠੈ ਸੁਨੈ ਜੋ ਯਾਹਿ ਤਿਹ ਪਾਤਕ ਪਤਨ ਮਹਾਨ॥57॥
ਸੰਮਤ ਸਤ ਉੱਨੀਸ ਮੈ ਛੱਬਿਸ ਛਬਹਿ ਮਿਲਾਯ॥
ਕਾਤਿਕ ਕ੍ਰਿਸ਼੍ਰ ਦਸਾਹਰਾ ਜਨਮਯੋ ਗ੍ਰੰਥ ਸੁਭਾਯ॥58॥

ਇਤ ਸ੍ਰੀਮਤ ਗੁਰੂ ਅਮਰਦਾਸ ਬੰਸ ਬਾਬਾ ਸੁਮੇਰ ਸਿੰਘ ਜੀ ਕ੍ਰਿਤ *ਪਾਤਕ ਪਤਨ ਪੰਚਾਸਿਕਾ*ਸਮਾਪ੍ਤੁ॥[3]

1. ਸੁਮੇਰ ਸਿੰਘ, *ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼,* ਸੰਪਾ. ਅੱਛਰ ਸਿੰਘ ਕਾਹਲੋਂ, ਸਾਖੀ 152, ਪੰਨੇ 306.
2. *ਉਹੀ,* ਪੰਨਾ 307.
3. ਸੁਮੇਰ ਸਿੰਘ, *ਪਾਤਕ ਪਤਨ ਪੰਚਾਸਿਕਾ,* ਹੱਥ ਲਿਖਤ, ਦੋਹਾ 57-58.

ਮਹੰਤ ਬਾਬਾ ਸੁਮੇਰ ਸਿੰਘ ਜੀ ਨੇ ਇਸ ਰਚਨਾ ਵਿਚ ਦਸ ਗੁਰੂ ਸਾਹਿਬਾਨ ਦੀ ਮਹਿਮਾ ਦਾ ਸੰਖੇਪ ਵਰਨਨ ਕੀਤਾ ਹੈ। ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਨਾਲ ਸੰਬੰਧਿਤ ਇਹਨਾਂ ਨੇ ਦੋ ਪਦਿਆਂ (ਕਬਿੱਤਾਂ) ਦੀ ਰਚਨਾ ਕੀਤੀ ਹੈ।

ਅਥ ਨਵਮੀ ਪਾਤਸਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਕੋ ਬਰਨਨ

ਕਬਿਤ। ਰਹਤੋ ਨ ਜਗ ਮੈ ਧਰਮ ਕੋ ਕਰਮ ਨੈਕ, ਕਹਤੋ ਨ ਕੋਊ ਬੇਦ ਕੌਨ ਕਾ ਕੋ ਕੀਨੋ ਹੈ॥
ਸਹਤੋ ਨ ਕੋਊ ਤਯੋਂ ਹੀ ਬ੍ਰਿਤਾਦਿ ਕਸ੍ਰਨ ਕੋ, ਲਹਤੋ ਨ ਕੋਊ ਮੁਕ੍ਤ ਪਦ ਜੋ ਪ੍ਰਬੀਨੋ ਹੈ॥
ਸੁਮੇਰੇ ਸਹਰਿ ਕਹੈ ਦਹਤੋ ਨ ਪਾਪ ਕਾ ਕੋ, ਬਿਪ੍ਰਨ ਕੋ ਚਹਤੋ ਨ ਦਾਨ ਕੋਊ ਦੀਨੋ ਹੈ॥
ਕੋਊ ਨ ਉਮਹਿਤੋ ਸੁ ਲੈਬੇ ਹਰਿ ਨਾਮ ਜੋ ਪੈ, ਗੁਰੂ ਤੇਗ ਬੀਰ ਅਵਤਾਰ ਨਾਹਿ ਲੀਨੋ ਹੈ॥1॥29॥

ਕਵੀ ਕਹਿੰਦਾ ਹੈ ਕਿ ਜੇਕਰ ਗੁਰੂ ਤੇਗ ਬਹਾਦਰ ਜੀ ਇਸ ਜਗਤ ਵਿਚ ਅਵਤਾਰ ਨਾ ਲੈਂਦੇ ਤਾਂ ਜਗਤ ਵਿਚ ਧਰਮ ਦਾ ਕੋਈ ਵੀ ਕਰਮ ਬਾਕੀ ਨਹੀਂ ਰਹਿਣਾ ਸੀ, ਕਿਸੇ ਨੇ ਇਹ ਵੀ ਨਹੀਂ ਕਹਿਣਾ ਸੀ ਕਿ ਬੇਦਾਂ ਦੀ ਰਚਨਾ ਕਿਸ ਨੇ ਕੀਤੀ ਹੈ। ਬ੍ਰਤ ਆਦਿ ਕਸ਼ਟਾਂ ਨੂੰ ਕਿਸੇ ਨੇ ਵੀ ਸਹਿਨ ਨਹੀਂ ਕਰਨਾ ਸੀ, ਕਿਸੇ ਨੂੰ ਵੀ ਮੁਕਤ ਪਦ ਦੀ ਪ੍ਰਾਪਤੀ ਨਹੀਂ ਹੋਣੀ ਸੀ। ਸੁਮੇਰ ਸਿੰਘ ਕਹਿੰਦਾ ਹੈ ਕਿ ਕਿਸੇ ਦੇ ਵੀ ਪਾਪ ਨਾਸ਼ ਨਹੀਂ ਹੋਣੇ ਸਨ, ਚਾਹ ਕੇ ਵੀ ਬਿਪ੍ਰਾਂ (ਬ੍ਰਾਹਮਣਾਂ) ਨੂੰ ਕਿਸੇ ਨੇ ਦਾਨ ਨਹੀਂ ਦੇਣਾ ਸੀ। ਕਿਸੇ ਨੇ ਵੀ ਉਤਸ਼ਾਹਿਤ ਹੋ ਕੇ ਪਰਮਾਤਮਾ ਦਾ ਸਿਮਰਨ ਨਹੀਂ ਕਰਨਾ ਸੀ।

ਦੇਖ ਰੂਪ ਰਾਵਰੋ ਉਪਜ ਆਵੈ ਬਯਰਾਗ, ਮਾਨੋ ਬਯਰਾਗ ਮੂਰਤਿ ਧਾਰਕ ਨਵੀਨੋ ਹੈ॥
ਭਨਤ ਸੁਮੇਰ ਹਰਿ ਬਾਨੀ ਪਢੈ ਆਪ ਕੀ ਜੋ, ਪਾਪ ਕੋ ਪਰਾਇ ਪਰ ਪਦ ਤਾਂਹਿ ਦੀਨੋ ਹੈ॥
ਰਾਵਰੇ ਚਰਿਤ੍ਰ ਚਾਹਿ ਚਕਿਤ ਚਿਤ ਤਰ ਹੈ, ਚਹੁ ਚਕ ਚਤੁਰ ਚਤੁਰ ਚਰਾਚਰ ਪ੍ਰਬੀਨੋ ਹੈ॥
ਮੇਰੇ ਜਾਨ ਕੋਊ ਨਹਿ ਲੈਤੋ ਹਰਿ ਨਾਮ ਜੋ ਪੈ, ਆਪ ਅਵਤਾਰ ਗੁਰੂ ਨਵਮ ਨ ਲੀਨੋ ਹੈ॥2॥30॥[1]

ਆਪ ਜੀ ਦਾ ਵੈਰਾਗ ਸਰੂਪ ਦੇਖ ਕੇ ਮਨ ਵਿਚ ਵੈਰਾਗ ਪੈਦਾ ਹੁੰਦਾ ਹੈ, ਮਾਨੋ ਤੁਸੀਂ ਵੈਰਾਗ ਦਾ ਨਵੀਨ ਸਰੂਪ ਧਾਰਨ ਕਰ ਕੇ ਆਏ ਹੋ। ਸੁਮੇਰ ਸਿੰਘ ਕਹਿੰਦਾ ਹੈ ਕਿ ਜਿਹੜਾ ਆਪ ਜੀ ਦੀ ਬਾਣੀ ਪੜ੍ਹਦਾ ਹੈ ਉਸ ਦੇ ਪਾਪ ਨਾਸ਼ ਹੋ ਜਾਂਦੇ ਹਨ ਅਤੇ ਗੁਰੂ ਜੀ ਉਸ ਨੂੰ ਪਰਮ ਪਦਵੀ ਪ੍ਰਦਾਨ ਕਰਦੇ ਹਨ। ਆਪ ਜੀ ਦੇ ਚਰਿਤ੍ਰ ਦੇਖ ਕੇ ਮਨ ਵਿਸਮਾਦ ਅਤੇ ਪ੍ਰਗਾਸ ਅਵਸਥਾ ਵਿਚ ਆ ਜਾਂਦਾ ਹੈ, ਚਾਰੇ ਦਿਸ਼ਾਵਾਂ ਵਿਚ ਵੱਸਦੇ ਜੜ੍ਹ ਅਤੇ ਚੇਤਨ ਜੀਵ ਉਨਮਨ ਅਵਸਥਾ ਵਿਚ ਪਹੁੰਚ ਜਾਂਦੇ ਹਨ। ਕਵੀ ਕਹਿੰਦਾ ਹੈ ਕਿ ਮੈਨੂੰ ਇੰਝ ਜਾਪਦਾ ਹੈ ਕਿ ਜੇਕਰ ਨੌਵੇਂ ਗੁਰੂ (ਤੇਗ ਬਹਾਦਰ ਜੀ) ਅਵਤਾਰ ਨਾ ਲੈਂਦੇ ਤਾਂ ਪਰਮਾਤਮਾ ਦਾ ਨਾਮ ਕਿਸੇ ਨੇ ਨਹੀਂ ਲੈਣਾ ਸੀ।

ਸ਼ੇਖਰ

ਸ਼ੇਖਰ ਪਟਿਆਲਾ ਰਿਆਸਤ ਦਾ ਦਰਬਾਰੀ ਕਵੀ ਸੀ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ ਇਹ ਪਟਿਆਲਾਪਤਿ ਮਹਾਰਾਜਾ ਨਰੇਂਦ੍ਰ ਸਿੰਘ ਜੀ ਦੇ ਦਰਬਾਰ ਦਾ ਭੂਸ਼ਣ ਸੀ। ਇਸ ਦਾ ਜਨਮ ਸੰਨ 1798 ਅਤੇ ਦੇਹਾਂਤ 1875 ਵਿਚ ਹੋਇਆ। ਇਸ ਕਵੀ ਨੇ ਕਈ ਉੱਤਮ ਗ੍ਰੰਥ ਲਿਖੇ ਹਨ। ਗੁਰੂ ਮਹਿਮਾ 'ਤੇ ਲਿਖੀ ਕਵਿਤਾ ਵਿਚੋਂ *ਗੁਰੁਪਚਾਸਾ* ਮਨੋਹਰ ਕਾਵਯ ਹੈ।[2] ਦਸ ਗੁਰੂ ਸਾਹਿਬਾਨ ਦੀ ਮਹਿਮਾ ਦਾ ਗਾਇਨ ਕਰਨ ਦੇ ਨਾਲ-

1. ਸੁਮੇਰ ਸਿੰਘ, *ਪਾਤਕ ਪਤਨ ਪੰਚਾਸਿਕਾ*, ਹੱਥ ਲਿਖਤ, ਦੋਹਾ, ਬੰਦ 29-30.
2. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 226.

ਨਾਲ ਇਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਤਾਪ, ਤੇਗ, ਢਾਲ, ਧਨੁਸ਼, ਬਾਣ, ਚੱਕ੍ਰ, ਘੋੜੇ, ਬਾਜ਼, ਦਾਨ ਆਦਿ ਨਾਲ ਸੰਬੰਧਿਤ ਵੀ ਛੰਦ ਰਚੇ ਹਨ। ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਵਿਚ ਇਸ ਨੇ ਇਹਨਾਂ ਛੰਦਾਂ ਦੀ ਰਚਨਾ ਕੀਤੀ ਹੈ:

ਜੋਗਿਨ ਜੋਗ ਵਿਰਾਗ ਵਿਰਾਗਿਨ, ਸਿੱਧਨ ਸਿੱਧਿ ਲਹੀ ਕਰ ਸੇਵ ਹੈ।
ਗਯਾਨਿਨ ਕੋ ਦਿਯ ਗਯਾਨਹਿ ਮਾਰਗ, ਭਕ੍ਤਨ ਕੋ ਦਿਬ ਭਕਤ ਕੋ ਭੇਵ ਹੈ।
ਸ਼ੇਖਰ ਪੂਰਨ ਆਸ ਕਰੀ ਸਭ, ਜੀਵਨ ਹੇਤ ਦਈ ਸੁਖ ਨੇਵ ਹੈ।
ਯਾ ਕਲਿ ਮੇ ਕਰੁਣਾ ਕਲਪਦ੍ਰੁਮ, ਤੇਗ ਬਹਾਦਰ ਸ੍ਰੀ ਗੁਰਦੇਵ ਹੈ॥[1]

ਗੁਰੂ ਜੀ ਦੀ ਸੇਵਾ ਕਰ ਕੇ ਜੋਗੀਆਂ ਨੇ ਜੋਗ, ਵੈਰਾਗੀਆਂ ਨੇ ਵੈਰਾਗ, ਸਿੱਧਾਂ ਨੇ ਸਿੱਧੀ ਪ੍ਰਾਪਤ ਕਰ ਲਈ। ਗਯਾਨੀਆਂ ਨੂੰ ਗੁਰੂ ਜੀ ਨੇ ਗਿਆਨ ਦਾ ਮਾਰਗ ਅਤੇ ਭਗਤਾਂ ਨੂੰ ਭਗਤੀ ਦਾ ਰਹੱਸ ਦਰਸਾਇਆ। ਕਵੀ ਸ਼ੇਖ਼ਰ ਦੀ ਆਸਾ ਪੂਰਨ ਕੀਤੀ ਅਤੇ ਸਾਰੇ ਜੀਵਨ ਦਾ ਆਸਰਾ ਦੇ ਦਿੱਤਾ। ਇਸ ਕਲਜੁਗ ਵਿਚ ਗੁਰੂ ਤੇਗ ਬਹਾਦਰ ਜੀ ਕਿਰਪਾ ਕਰਨ ਵਾਲੇ ਕਲਪ ਬਿਰਖ ਦੀ ਤਰ੍ਹਾਂ ਹਨ।

ਦੂਰ ਕਰੇ ਦੁਖ ਦੇਵਨ ਕੇ, ਨਰ ਦੇਵਨ ਕੇ ਸਭ ਸੰਕਟ ਟਾਰੇ।
ਪਾਪ ਹਰੇ ਪੁਹਮੀ ਕੇ ਪੁਰਾਤਨ, ਪੁੰਨ ਕੇ ਪਾਵਨ ਪੰਥ ਸੁਧਾਰੇ।
ਸ਼ੇਖਰ ਯਾ ਭਵਸਾਗਰ ਮੇ, ਹਰਿਨਾਮ ਕੇ ਸੁੰਦਰ ਸੇਤੁ ਸਵਾਰੇ।
ਸ੍ਰੀ ਨਵਮੇ ਗੁਰੁ ਤੇਗ ਬਹਾਦਰ, ਤੀਨਹੁ ਲੋਕ ਕ੍ਰਿਪਾ ਕਰਿ ਤਾਰੇ॥[2]

ਗੁਰੂ ਜੀ ਨੇ ਦੇਵਤਿਆਂ ਅਤੇ ਮਨੁੱਖਾਂ ਦੇ ਸਾਰੇ ਦੁੱਖ ਦੂਰ ਕਰ ਦਿੱਤੇ। ਧਰਤੀ ਦੇ ਪਾਪ ਖ਼ਤਮ ਕਰ ਕੇ ਪੁੰਨ ਦਾ ਰਸਤਾ ਪ੍ਰਗਟ ਕਰ ਦਿੱਤਾ। ਕਵੀ ਸ਼ੇਖ਼ਰ ਕਹਿੰਦਾ ਹੈ ਕਿ ਇਸ ਸੰਸਾਰ ਸਾਗਰ 'ਤੇ ਪਰਮਾਤਮਾ ਦੇ ਨਾਮ ਦਾ ਸੁੰਦਰ ਪੁੱਲ ਉਸਾਰ ਦਿੱਤਾ। ਨੌਵੇਂ ਗੁਰੂ ਤੇਗ ਬਹਾਦਰ ਜੀ ਨੇ ਕਿਰਪਾ ਕਰ ਕੇ ਤਿੰਨ ਲੋਕਾਂ ਦੇ ਜੀਵਾਂ ਨੂੰ ਤਾਰ ਦਿੱਤਾ।

ਗ੍ਵਾਲ ਕਵਿ

ਗ੍ਵਾਲ ਕਵਿ ਦਾ ਪਿਛੋਕੜ ਮਥੁਰਾ ਦੇ ਭੱਟ ਪਰਿਵਾਰ ਨਾਲ ਸੰਬੰਧਿਤ ਹੈ। ਲਾਹੌਰ ਵਿਖੇ ਮਹਾਰਾਜਾ ਸ਼ੇਰ ਸਿੰਘ ਦੇ ਦਰਬਾਰ ਵਿਚ ਕੁੱਝ ਸਮਾਂ ਰਹਿਣ ਉਪਰੰਤ ਇਹ ਨਾਭਾ ਦੇ ਮਹਾਰਾਜਾ ਭਰਪੂਰ ਸਿੰਘ ਪਾਸ ਆ ਗਿਆ। ਆਪਣੀ ਰਚਨਾ *ਗੁਰੂ ਪੰਚਾਸਿਕਾ* ਵਿਚ ਇਸ ਨੇ ਦਸ ਗੁਰੂ ਸਾਹਿਬਾਨ ਦੀ ਮਹਿਮਾ ਦਾ ਵਰਨਨ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਜਿਗਾ, ਕਲਗੀ, ਕ੍ਰਿਪਾਨ, ਕਟਾਰ, ਘੋੜੀ, ਯੁੱਧ-ਕਲਾ ਆਦਿ ਦੀ ਮਹਿਮਾ ਵਜੋਂ ਵੀ ਇਸ ਨੇ ਛੰਦਾਂ ਦੀ ਰਚਨਾ ਕੀਤੀ ਹੈ। ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਵਿਚ ਇਸ ਨੇ ਇਹਨਾਂ ਛੰਦਾਂ ਦੀ ਰਚਨਾ ਕੀਤੀ ਹੈ:

ਕੈਥਲ ਮੇ ਕਛੁ ਦਯੋਸ ਰਹੇ, ਪੁਨਿ ਜਾਯ ਰਹੇ ਹੈਂ ਦਿਲੀ ਅਤਿ ਨਾਦਰ।
ਆਵਤ ਭੋ ਭਿਸ਼ਤੀ ਨਹਿਵੈਬੇ ਕੋ, ਤਾਂਹਿ ਪ੍ਰਸੰਨਤਾ ਕੀ ਭਯੇ ਚਾਦਰ।
ਯੌਂ ਕਵਿ ਗ੍ਵਾਲ ਕਹੈ ਤਿਹ ਕੋ, ਪਲ ਹੀ ਮੇ ਮਕਾ ਪਹੁਚਾਯੋ ਹੈ ਸਾਦਰ।
ਤੇਜ ਕੇ ਬਾਦਰ ਭਕਤ ਬਿਰਾਦਰ, ਐਸੇ ਭਜੋ ਗੁਰੂ ਤੇਗ ਬਹਾਦਰ॥[3]

---

1. ਕਾਨ੍ਹ ਸਿੰਘ ਨਾਭਾ, *ਗੁਰੁ ਮਹਿਮਾ ਰਤਨਾਵਲੀ,* ਸੰਪਾ. ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ, ਪੰਨਾ 137.
2. *ਉਹੀ,* ਪੰਨਾ 138.
3. *ਉਹੀ,* ਪੰਨਾ 251.

ਗੁਰੂ ਤੇਗ ਬਹਾਦਰ ਜੀ ਕੈਥਲ ਵਿਚ ਕੁੱਝ ਦਿਨ ਨਿਵਾਸ ਕਰ ਕੇ ਫਿਰ ਦਿੱਲੀ ਚਲੇ ਗਏ। ਉੱਥੇ ਇਕ ਭਿਸ਼ਤੀ ਪਾਣੀ ਲਿਆ ਕੇ ਨਹਾਉਣ ਲੱਗਾ, ਪ੍ਰਸੰਨ ਹੋ ਕੇ ਗੁਰੂ ਜੀ ਨੇ ਉਸ 'ਤੇ ਬਖ਼ਸ਼ਿਸ਼ ਕੀਤੀ। ਕਵੀ ਗਵਾਲ ਕਹਿੰਦਾ ਹੈ ਕਿ ਇਸ ਤਰ੍ਹਾਂ ਉਹ ਭਿਸ਼ਤੀ ਪਲ ਵਿਚ ਹੀ ਮੱਕੇ ਪਹੁੰਚ ਗਿਆ, ਭਾਵ ਉਸ ਦਾ ਉਧਾਰ ਹੋ ਗਿਆ। ਪ੍ਰਤਾਪ ਦੇ ਬੱਦਲ ਅਤੇ ਭਗਤਾਂ ਦੇ ਸਹਾਈ (ਐਸੇ) ਗੁਰੂ ਤੇਗ ਬਹਾਦਰ ਜੀ ਦਾ ਸਿਮਰਨ ਕਰੋ।

ਪਾਰਸ ਏਕ ਚਢਾਯੋ ਹੈ ਸਿੱਖ ਨੇ, ਪੈ ਅਤਿ ਗਰਬ ਕੀ ਓਢਕੈ ਚਾਦਰ।
ਫੇਂਕ ਦਯੋ ਜਮਨਾ ਮਧ ਆਪ ਨੇ, ਸੋ ਲਖ ਸਿੱਖ ਭਯੋ ਜੁ ਨਿਰਾਦਰ।
ਯੋਂ ਕਵਿ ਗ੍ਵਾਲ ਦਯਾਲਯ ਹੂੰ ਲਖਿ, ਦੀਨ ਦਿਖਾਯ ਘੜੇ ਤਹਿ ਸਾਦਰ।
ਤੇਜ ਕੇ ਬਾਦਰ ਭਕਤ ਬਿਰਾਦਰ, ਐਸੇ ਭਜੋ ਗੁਰੁ ਤੇਗ ਬਹਾਦਰ॥[1]

ਹੰਕਾਰ ਵੱਸ ਹੋ ਕੇ ਇਕ ਸਿੱਖ ਨੇ (ਗੁਰੂ ਜੀ ਨੂੰ) ਪਾਰਸ ਭੇਟ ਕੀਤਾ। ਗੁਰੂ ਜੀ ਨੇ ਉਹ ਪਾਰਸ ਜਮਨਾ ਵਿਚ ਸੁੱਟ ਦਿੱਤਾ ਜਿਸ ਨੂੰ ਦੇਖ ਕੇ ਸਿੱਖ ਨੇ ਆਪਣਾ ਨਿਰਾਦਰ ਮਹਿਸੂਸ ਕੀਤਾ। ਕਵੀ ਗ੍ਵਾਲ ਕਹਿੰਦਾ ਹੈ ਕਿ ਦਯਾਲੂ (ਗੁਰੂ ਜੀ) ਨੇ ਸਤਿਕਾਰ ਵਜੋਂ ਉਸ ਨੂੰ ਕਈ ਪਾਰਸ ਦਿਖਾ ਦਿੱਤੇ। ਪ੍ਰਤਾਪ ਦੇ ਬੱਦਲ ਅਤੇ ਭਗਤਾਂ ਦੇ ਸਹਾਈ (ਐਸੇ) ਗੁਰੂ ਤੇਗ ਬਹਾਦਰ ਜੀ ਦਾ ਸਿਮਰਨ ਕਰੋ।

ਗਿਆਨੀ ਗਿਆਨ ਸਿੰਘ

ਗਿਆਨੀ ਗਿਆਨ ਸਿੰਘ ਸਿੱਖ ਇਤਿਹਾਸ ਦੇ ਖੋਜੀ ਸਨ ਜਿਨ੍ਹਾਂ ਨੇ ਥਾਂ-ਥਾਂ ਘੁੰਮ ਕੇ ਸਿੱਖ ਇਤਿਹਾਸ ਨਾਲ ਸੰਬੰਧਿਤ ਘਟਨਾਵਾਂ ਦੀ ਜਾਣਕਾਰੀ ਇਕੱਤਰ ਕੀਤੀ ਅਤੇ ਫਿਰ ਇਹਨਾਂ ਨੂੰ ਲੜੀਵਾਰ ਕਲਮਬੰਦ ਕਰ ਕੇ ਪਾਠਕਾਂ ਦੇ ਸਨਮੁੱਖ ਪੇਸ਼ ਕੀਤਾ। ਭਾਈ ਸੰਤੋਖ ਸਿੰਘ ਤੋਂ ਬਾਅਦ ਇਹ ਪਹਿਲੇ ਵਿਦਵਾਨ ਸਨ ਜਿਨ੍ਹਾਂ ਨੇ ਦਸ ਗੁਰੂ ਸਾਹਿਬਾਨ ਦਾ ਇਤਿਹਾਸ ਇਕੋ ਥਾਂ ਲਿਖਣ ਦਾ ਸਫ਼ਲ ਯਤਨ ਕੀਤਾ। ਗੁਰ-ਇਤਿਹਾਸ ਦੇ ਨਾਲ-ਨਾਲ ਇਹਨਾਂ ਨੇ ਸਿੱਖ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ ਦਾ ਵਿਸਤਾਰ ਸਹਿਤ ਵਰਨਨ ਕੀਤਾ ਹੈ। ਇਹਨਾਂ ਦਾ ਪਰਿਵਾਰਿਕ ਪਿਛੋਕੜ ਗੁਰੂ ਸਾਹਿਬਾਨ ਦੇ ਨਿਕਟਵਰਤੀ ਗੁਰਸਿੱਖਾਂ ਨਾਲ ਜਾ ਮਿਲਦਾ ਹੈ ਜਿਸ ਕਰ ਕੇ ਇਹਨਾਂ ਨੂੰ ਬਹੁਤ ਸਾਰੀਆਂ ਘਟਨਾਵਾਂ ਦੀ ਜਾਣਕਾਰੀ ਸਿੱਧੇ ਤੌਰ 'ਤੇ ਪ੍ਰਾਪਤ ਹੋਈ। ਪਰਿਵਾਰ ਅਤੇ ਪੰਥ ਤੋਂ ਪ੍ਰਾਪਤ ਹੋਈ ਜਾਣਕਾਰੀ ਤੋਂ ਇਲਾਵਾ ਗੁਰਮਤਿ ਸਿਧਾਂਤਾਂ ਅਤੇ ਸੰਸਥਾਵਾਂ ਸੰਬੰਧੀ ਇਹਨਾਂ ਦੇ ਨਿੱਜੀ ਅਨੁਭਵ ਨੇ ਇਹਨਾਂ ਦੀਆਂ ਲਿਖਤਾਂ ਨੂੰ ਠੋਸ ਰੂਪ ਪ੍ਰਦਾਨ ਕੀਤਾ ਹੈ। ਸਿੱਖ ਧਰਮ ਅਤੇ ਇਤਿਹਾਸ ਦੀ ਜਾਣਕਾਰੀ ਪ੍ਰਦਾਨ ਕਰਾਉਣ ਵਾਲੀਆਂ ਇਹਨਾਂ ਦੀਆਂ ਇਹ ਪ੍ਰਮੁੱਖ ਰਚਨਾਵਾਂ ਹਨ - *ਇਤਿਹਾਸ ਭਾਈ ਰੂਪ ਚੰਦ, ਇਤਿਹਾਸ ਰਿਆਸਤ ਬਾਗੜੀਆਂ, ਸ੍ਰੀ ਗੁਰੂ ਪੰਥ ਪ੍ਰਕਾਸ਼, ਗੁਰਧਾਮ ਸੰਗ੍ਰਹਿ, ਤਵਾਰੀਖ਼ ਸ੍ਰੀ ਅੰਮ੍ਰਿਤਸਰ, ਤਵਾਰੀਖ਼ ਗੁਰੂ ਖ਼ਾਲਸਾ (ਦੋ ਭਾਗ), ਤਵਾਰੀਖ਼ ਲਾਹੌਰ, ਨਿਰਮਲ ਪੰਥ ਪ੍ਰਦੀਪਕਾ, ਭੂਪਿੰਦਰਾਨੰਦ, ਰਿਪੁਦਮਨ ਪ੍ਰਕਾਸ਼, ਆਦਿ।*

ਸ੍ਰੀ ਗੁਰੂ ਪੰਥ ਪ੍ਰਕਾਸ਼

ਸ੍ਰੀ ਗੁਰੂ ਪੰਥ ਪ੍ਰਕਾਸ਼ ਇਹਨਾਂ ਦੀ ਮਹੱਤਵਪੂਰਨ ਰਚਨਾ ਹੈ ਜਿਸ ਨੂੰ ਆਮ ਤੌਰ 'ਤੇ ਪੰਥ ਪ੍ਰਕਾਸ਼ ਕਿਹਾ ਜਾਂਦਾ ਹੈ। 1970 ਵਿਚ ਇਹ ਗ੍ਰੰਥ ਭਾਸ਼ਾ ਵਿਭਾਗ, ਪੰਜਾਬ ਨੇ ਛਾਪਿਆ ਸੀ ਅਤੇ ਇਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਪੂਰਵ ਜਥੇਦਾਰ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਨੇ ਇਸ ਵਿਚ ਪ੍ਰਯਾਯ ਅਤੇ ਟਿੱਪਣੀਆਂ ਸ਼ਾਮਲ ਕਰ ਕੇ ਇਸ ਨੂੰ ਪਾਠਕਾਂ ਦੇ ਸਮਝ ਗੋਚਰਾ ਕਰਨ ਦਾ ਯਤਨ ਕੀਤਾ ਹੈ। ਸ. ਮਨਮੋਹਨ ਸਿੰਘ ਬਰਾੜ ਦੁਆਰਾ ਪ੍ਰਕਾਸ਼ਿਤ ਹੋਇਆ ਇਹ ਸਮੁੱਚਾ ਗ੍ਰੰਥ ਛੇ ਭਾਗਾਂ ਵਿਚ ਹੈ ਜਿਸ ਦਾ ਪਹਿਲਾ ਭਾਗ ਪ੍ਰਸਤਾਵਨਾ ਦਾ

1. ਕਾਨ੍ਹ ਸਿੰਘ ਨਾਭਾ, *ਗੁਰੂ ਮਹਿਮਾ ਰਤਨਾਵਲੀ,* ਸੰਪਾ. ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ, ਪੰਨਾ 251.

ਹੈ ਅਤੇ ਬਾਕੀ ਦੇ ਪੰਜ ਭਾਗਾਂ ਵਿਚ ਪ੍ਰਯਾਯ ਅਤੇ ਟਿੱਪਣੀਆਂ ਸ਼ਾਮਲ ਹਨ। ਇਸ ਗ੍ਰੰਥ ਦੇ ਅਰੰਭ ਵਿਚ ਹੀ ਇਕ ਮੰਗਲ ਰਾਹੀਂ ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਦਾ ਵਰਨਨ ਕਰਦੇ ਹੋਏ ਕਿਹਾ ਗਿਆ ਹੈ:

ਜਗ ਹਿੰਦੂ ਧਰੰਮ ਕਹਾਂ ਰਹਤੋ, ਅਰ ਤੱਗ ਤਿਲੱਕ ਨ ਦੇਖਨ ਪਾਤੇ।
ਤੀਰਥ ਦੇਵ ਸਥਾਨ ਪੁਰਾਨ ਸਭੀ, ਨਿਗਮਾਗਮ ਭੀ ਉਠਿ ਜਾਤੇ।
ਬਾਂਗ ਨਿਵਾਜ਼ ਕਤੇਬ ਕੁਰਾਨ, ਮਸੀਤ ਯਹੀ ਸਬ ਹੀ ਜਗ ਛਾਤੇ।
ਗੁਰੁ ਤੇਗ ਬਹਾਦਰ ਹਿੰਦੁਨਿ ਚਾਦਰ, ਕਾਦਰ ਜੌ ਨ ਧਰਾ ਪ੍ਰਗਟਾਤੇ॥19॥[1]

ਗਿਆਨੀ ਜੀ ਕਹਿੰਦੇ ਹਨ ਕਿ ਜੇਕਰ ਗੁਰੂ ਤੇਗ ਬਹਾਦਰ ਜੀ ਪ੍ਰਗਟ ਨਾ ਹੁੰਦੇ ਤਾਂ ਜਗਤ ਵਿਚ ਹਿੰਦੂ ਧਰਮ ਕਿੱਥੇ ਰਹਿੰਦਾ ਅਤੇ ਤਿਲਕ ਜਨੇਊ ਦੇਖਣ ਨੂੰ ਨਾ ਮਿਲਦਾ। ਹਿੰਦੂ ਦੇਵੀ ਦੇਵਤਿਆਂ ਦੇ ਤੀਰਥ ਅਸਥਾਨ ਅਤੇ ਵੇਦ ਸ਼ਾਸਤਰ ਮਿਟ ਜਾਂਦੇ। ਬਾਂਗ, ਨਿਵਾਜ਼, ਕਤੇਬ, ਕੁਰਾਨ ਅਤੇ ਮਸੀਤਾਂ ਸਾਰੇ ਜਗਤ ਵਿਚ ਫੈਲ ਜਾਂਦੀਆਂ।

ਤਵਾਰੀਖ਼ ਗੁਰੂ ਖ਼ਾਲਸਾ

ਗਿਆਨੀ ਗਿਆਨ ਸਿੰਘ ਦੀ ਵਾਰਤਕ ਰੂਪ ਵਿਚ ਇਹ ਇਕ ਮਹੱਤਵਪੂਰਨ ਰਚਨਾ ਹੈ ਜਿਸ ਨੂੰ ਪੰਜ ਭਾਗਾਂ ਵਿਚ ਵੰਡਿਆ ਹੋਇਆ ਹੈ - *ਜਨਮਸਾਖੀ ਦਸ ਗੁਰੂ ਸਾਹਿਬਾਨ, ਸ਼ਮਸ਼ੇਰ ਖ਼ਾਲਸਾ, ਰਾਜ ਖ਼ਾਲਸਾ, ਸਰਦਾਰ ਖ਼ਾਲਸਾ* ਅਤੇ *ਪੰਥ ਖ਼ਾਲਸਾ।* 1970 ਵਿਚ ਭਾਸ਼ਾ ਵਿਭਾਗ ਪੰਜਾਬ ਨੇ ਇਹਨਾਂ ਪੰਜ ਭਾਗਾਂ ਨੂੰ ਦੋ ਜਿਲਦਾਂ ਵਿਚ ਛਾਪਿਆ ਹੈ। ਇਸ ਤੋਂ ਪਹਿਲਾਂ *ਸ੍ਰੀ ਗੁਰੂ ਪੰਥ ਪ੍ਰਕਾਸ਼* ਗਿਆਨੀ ਜੀ ਦੀ ਇਕ ਮਹੱਤਵਪੂਰਨ ਰਚਨਾ ਸੀ, ਕਾਵਿ ਰੂਪ ਵਿਚ ਹੋਣ ਕਰਕੇ ਬਹੁਤ ਸਾਰੇ ਸੱਜਣ ਇਸ ਤੋਂ ਲਾਹਾ ਨਹੀਂ ਲੈ ਸਕਦੇ ਸਨ। *ਤਵਾਰੀਖ਼ ਗੁਰੂ ਖ਼ਾਲਸਾ* ਇਹਨਾਂ ਦੀ ਵਾਰਤਕ ਰਚਨਾ ਹੈ ਜਿਸ ਨੂੰ ਕਿ ਪੰਜਾਬੀ ਦੀ ਜਾਣਕਾਰੀ ਰੱਖਣ ਵਾਲੇ ਸਮੂਹ ਸੱਜਣ ਅਸਾਨੀ ਨਾਲ ਪੜ੍ਹ ਅਤੇ ਸਮਝ ਸਕਦੇ ਹਨ। ਗਿਆਨੀ ਜੀ ਦੱਸਦੇ ਹਨ ਕਿ ਜਦੋਂ ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਰੱਖਿਆ ਲਈ ਆਪਣਾ ਸੀਸ ਦੇ ਦਿੱਤਾ ਤਾਂ ਸਿੱਖ ਸੰਗਤ ਵਿਚ ਉਦਾਸੀ ਦੀ ਭਾਵਨਾ ਪੈਦਾ ਹੋ ਗਈ। ਉਹਨਾਂ ਦੇ ਉੱਤਰਾਧਿਕਾਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ-ਗੁਰੂ ਜੀ ਦੀ ਦੈਵੀ ਸ਼ਖ਼ਸੀਅਤ, ਦੈਵੀ ਉਦੇਸ਼ ਅਤੇ ਪਰਉਪਕਾਰੀ ਬਿਰਤੀ ਦਾ ਵਿਖਿਆਨ ਕਰਦੇ ਹੋਏ ਕਿਹਾ:

> ਹੁਣ ਤੁਸੀਂ ਓਸ ਸੱਚੇ ਪਰੋਪਕਾਰੀ ਗੁਰੂ ਜੀ ਦੇ ਸੀਸ ਦਾ ਜ਼ਰਾ ਭਰ ਸ਼ੋਕ ਨਾ ਕਰੋ, ਜਿਨ੍ਹਾਂ ਦੇ ਇਕ ਸਿਰ ਦੇਣੇ ਨਾਲ ਸਾਰੀ ਹਿੰਦੁਵਾਇਣ ਬਚ ਰਹੀ, ਤਾਂ ਤੇ ਓਨ੍ਹਾਂ ਦੇ ਨਾਮ ਦੇ ਜੈਕਾਰੇ ਗਜਾਓ। ਜਿਕੂੰ ਆਕਾਸ਼ ਵਿਚੋਂ ਮੇਘ ਪ੍ਰਗਟ ਹੋ ਕੇ ਸਭ ਨੂੰ ਸੁਖਦਾਈ ਬਰਖਾ ਕਰ ਫੇਰ ਨਭ ਮੇਂ ਲੀਨ ਹੋ ਜਾਂਦੇ ਹਨ, ਤੈਸੇ ਨੌਵੇਂ ਗੁਰੂ ਜੀ ਵਰਗੇ ਸਤਪੁਰਖ ਹਨ ਜਿਨ੍ਹਾਂ ਨੂੰ ਅਚਾਰਯ, ਅਵਤਾਰ, ਪੈਗ਼ੰਬਰ ਆਖੀਦਾ ਹੈ। ਅਕਾਲ ਪੁਰਖ ਦੇ ਹੁਕਮ ਨਾਲ ਚਿਦਾਕਾਸ਼ ਵਿਚੋਂ ਆ ਕਰ ਧਰਮ ਦੇ ਉਪਦੇਸ਼ ਦੀ ਵਰਖਾ ਨਾਲ ਸ਼ਾਂਤੀ ਬ੍ਰਤਾ ਕੇ ਮੁੜ ਚਿਦਾਕਾਸ਼ ਵਿਚ ਸਮਾ ਜਾਂਦੇ ਹਨ, ਜੰਮਣ ਮਰਨ ਦਾ ਕਸ਼ਟ ਨਹੀਂ ਬਿਆਪਦਾ:
>
> **ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥**
> **ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥**

ਏਹੋ ਜੇਹੇ ਬ੍ਰਹਮ ਗਯਾਨ ਤੇ ਭਗਤੀ ਭਾਵ ਦੇ ਭਰੇ ਹੋਏ ਬਚਨ ਸੁਣਾ ਕੇ ਗੁਰੂ ਜੀ ਨੇ ਸਭ ਨੂੰ ਬਿਸ਼ੋਕ ਕਰ ਦਿੱਤਾ।[2]

---

1. ਗਿਆਨੀ ਗਿਆਨ ਸਿੰਘ, *ਸ੍ਰੀ ਗੁਰੂ ਪੰਥ ਪ੍ਰਕਾਸ਼,* ਬੰਦ 19, ਪੰਨਾ 3.
2. ਉਹੀ, *ਤਵਾਰੀਖ਼ ਗੁਰੂ ਖ਼ਾਲਸਾ,* ਭਾਗ ਪਹਿਲਾ, ਪੰਨਾ 786.

ਕਾਮਾਖਿਆ ਦੇਵੀ ਮੰਦਰ ਦਾ ਦਸਤਾਵੇਜ਼

ਅਸਾਮ ਦੇ ਪ੍ਰਸਿੱਧ ਕਾਮਾਖਿਆ ਦੇਵੀ ਮੰਦਰ ਦੇ ਇਕ ਪੰਜਾਬੀ ਪੰਡਿਤ ਸ੍ਰੀ ਮੇਘਨਾਥ ਕੋਲ ਇਕ ਗੁਰਮੁਖੀ ਦਸਤਾਵੇਜ਼ ਸੰਭਾਲ ਕੇ ਰੱਖਿਆ ਹੋਇਆ ਹੈ। ਇਹ ਦੱਸਦੇ ਹਨ ਕਿ ਅਸਾਮ ਦੇ ਰਾਜਾ ਚਕ੍ਰਧਵਜ ਦੀ ਬੇਨਤੀ 'ਤੇ ਗੁਰੂ ਤੇਗ ਬਹਾਦਰ ਜੀ ਕਾਮਾਖਿਆ ਦੇਵੀ ਦੇ ਮੰਦਰ ਵਿਚ ਆਏ ਸਨ ਅਤੇ ਸਾਡੇ ਪਰਿਵਾਰ ਦੇ ਇਕ ਬਜ਼ੁਰਗ ਨੂੰ ਉਹਨਾਂ ਨੇ ਇਕ ਹੁਕਮਨਾਮਾ ਬਖ਼ਸ਼ਿਸ਼ ਕੀਤਾ ਸੀ। ਉਸ ਸਮੇਂ ਤੋਂ ਇਹ ਹੁਕਮਨਾਮਾ ਪਰਿਵਾਰ ਵਿਚ ਸੰਭਾਲ ਕੇ ਰੱਖਿਆ ਹੋਇਆ ਹੈ ਅਤੇ ਇਹਨਾਂ ਤੋਂ ਪਹਿਲਾਂ ਇਹਨਾਂ ਦੇ ਪਰਿਵਾਰ ਦੇ ਸ੍ਰੀ ਜਗਨਨਾਥ, ਸ੍ਰੀ ਕਾਲੀਨਾਥ, ਸ੍ਰੀ ਰਘੁਨਾਥ ਇਸ ਹੁਕਮਨਾਮੇ ਦੀ ਸੇਵਾ-ਸੰਭਾਲ ਕਰਦੇ ਰਹੇ ਹਨ। ਦਰਅਸਲ, ਸਾਖੀ ਰੂਪ ਇਹ ਦਸਤਾਵੇਜ਼ ਗੁਰੂ ਤੇਗ ਬਹਾਦਰ ਜੀ ਦੀ ਉਸਤਤਿ ਵਿਚ ਲਿਖਿਆ ਹੋਇਆ ਹੈ। ਪੁਰਤਾਨ ਹੋ ਜਾਣ ਕਰਕੇ ਇਸ ਨੂੰ ਪੜ੍ਹਨ ਵਿਚ ਭਾਰੀ ਮੁਸ਼ਕਲ ਆਉਂਦੀ ਹੈ ਅਤੇ ਇਸ ਦਾ ਮੂਲ ਪਾਠ ਜਿਸ ਰੂਪ ਵਿਚ ਸਮਝ ਆਇਆ ਹੈ, ਪਾਠਕਾਂ ਦੀ ਜਾਣਕਾਰੀ ਲਈ ਇੱਥੇ ਦਿੱਤਾ ਜਾ ਰਿਹਾ ਹੈ।

ੴ ਸਤਿਗੁਰੇ ਪ੍ਰਸਾਦਿ॥

ਆਗੇ ਸਾਖੀ ਸਤਿਗੁਰ ਕੇ ਪਰਮ ਚਲਿਤ੍ਰ ਕੀ ਜੋ ਪੂਰਬ ਦੇਸ ਮੋ
ਸਤਿਗੁਰ ਕਾ ਧਿਆਨ ਕਰ ਦਰਸਨ ਬਾਛਾ ਕਰਤੇ ਥੇ
ਬਡੋ ਬਡੋ ਪ੍ਰੇਮ ਸੋ ਸੰਜੋਗ ਧਾਰ ਤਿਨ ਕੋ ਦਰਸਨ ਦੇਨੇ ਕਾ ਸੰਜੋਗ ਕਰੇਗੇ
ਸੋ ਕਥਾ ਨਿਰੂਪਣ ਹੋਇਗੀ॥

ਦੋਹਰਾ॥
ਅਬਿਗਤ ਲੀਲਾ ਦਿਆਲ ਕੀ ਕੌਤਕ ਲਖੇ ਨ ਜਾਹਿ॥
ਮਾਨੁਖ ਬੇਖ ਤਨ ਧਾਰ ਪ੍ਰਭੁ ਤਨ ਤੇ ਪਰੇ ਰਹਾਹਿ॥
ਚੌਪਈ॥
ਬੀਰ ਬੇਖ ਤੇਜ ਤਪ ਭਾਨਾ॥ ਹਿਰਦੇ ਸੁੰਨ ਆਕਾਸ ਸਮਾਨਾ॥
ਦੇਖਤ ਸਤ੍ਰ ਤੇਜ ਬਲ ਭੰਗਾ॥ ਅੰਤਰ ਲਿਵ ਲੀਲਾ ਅਤਿ ਮਾਨ ਜਰੰਗਾ॥
ਦੀਸਤ ਰਾਜ ਮਾਜ ਰਸ ਭੋਗੀ॥ ਅੰਤਰ ਵੈਰਾਗ ਤਿਆਗ ਦਿੜ ਜੋਗੀ॥
ਪਰਵਿਰਤ ਬਿਵਹਾਰ ਕਾਰ ਸਭ ਕਰਤਾ॥ ਅੰਤਰ ਅਕ੍ਰੀਵ ਚਿਤ ਬ੍ਰਿਤ ਨ ਧਰਤਾ॥
ਜੋ ਸਿਖ ਸਰੂਪ ਗੁਰ ਸੇਵਨ ਕਰੇ॥ ਗੁਰ ਦਰਸਨ ਕੀ ਅਭਲਾਖਾ ਧਰੇ॥
ਜਿਤ ਕਿਤ ਬਿਧ ਤਿਸੁ ਦਰਸ ਦਿਖਾਵੈ॥ ਹੋਇ ਬਿਖਮ ਬਾਟ ਤਹਾਂ ਆਪ ਚਲ ਜਾਵੈ॥
ਪ੍ਰਣ ਪਾਲਨ ਬਿਰਦ ਧਰਨ ਸਭ ਜਾਨੈ॥ ਸਿਖ ਪ੍ਰਾਤ ਕਾਲ ਸੁਖ ਸੁਜਸ ਬਿਖਾਨੈ॥
ਦੀਨ ਦਿਆਲ ਗੁਰ ਤੇਗ ਬਹਾਦਰ॥ ਜਹ ਸਿਮਰੇ ਤਹ ਹਾਜਰ ਨਾਜਰ॥
ਦੋਹਰਾ॥
ਪੂਰਬ ਦੇਸ ਸੰਗਤਿ ਸਕਲ ਮਨ ਦਰਸਨ ਅਭਲਾਖਾ॥
ਦੂਰ ਦੇਸ ਦੁਰਗਮ ਸਥਾਨ ਜਾਨ ਪ੍ਰਤਿਗਿਆ ਰਾਖਾ॥
ਚਉਪਈ॥

ਜੋ ਜੋ ਸਿਖ ਸਤਿਗੁਰ ਕੇ ਪਿਆਰੇ॥ ਤਿਨ ਪ੍ਰੇਮ ਜੁਗ ਤ ਪਰਤਿਗਿਆ ਧਾਰੇ॥
ਕਿਨਹੂੰ ਸਿੰਘਾਸਨ ਗੁਰ ਸਾਜੇ॥ ਆਵੇ ਸਤਿਗੁਰ ਇਸ ਪਰ ਰਾਜੇ॥
ਧੂਪ ਦੀਪ ਪੂਜਾ ਨਿਤ ਕਰੇ॥ ਸਤਿਗੁਰ ਦਿਆਲ ਜੋ ਮਨ ਈਸ ਧਰੇ॥
ਬਹੁ ਭਾਤ ਪ੍ਰੇਮ ਕਰ ਨਿਸ ਦਿਨ ਸੇਵੈ॥ ਹੋਇ ਦਿਆਲ ਗੁਰ ਦਰਸਨ ਦੇਵੈ॥
ਕੋਊ ਸੁੰਦਰ ਬਸਤ੍ਰ ਬਨਾਵੇ॥ ਹਮ ਅਪਨੇ ਸਤਗੁਰ ਪਹਰਾਵੈ॥
ਕਿਨਹੂੰ ਗ੍ਰਹ ਦੁਆਰਾ ਬਡ ਕੀਨਾ॥ ਹਮਰੇ ਘਰਿ ਆਵੈ ਗੁਰ ਪਰਬੀਨਾ॥
ਕਿਨਹੂੰ ਸੁੰਦਰ ਬਾਗ ਲਗਾਏ॥ ਗੁਰ ਨਮਿਤ ਕਿਨੁ ਫਰਸ ਬਨਾਏ॥
ਭਏ ਦਿਆਲ ਗੁਰ ਅੰਤਰਜਾਮੀ॥ ਆਸਾ ਪੂਰੇ ਸਰਬੰਗਾਮੀ॥
ਦੋਹਰਾ॥
ਯਹ ਜੁਗਤ ਸਿਖ ਪੂਜਾ ਕਰੇ ਧਰ ਪਰਤਿਗਿਆ ਪ੍ਰੇਮ॥
ਬਿਰਦ ਲਾਜ ਸਤਿਗੁਰ ਦਿਆਲ ਪ੍ਰਣ ਰਾਖਨ ਸਦ ਨੇਮ॥
ਸਵਯਾ॥
ਜੋ ਪ੍ਰੇਮ ਕੀਆ ਸੰਗਤ ਮਨ ਮੋ ਸੋਈ ਅੰਤਰਜਾਮੀ ਸਤਗੁਰ ਜਾਨਾ॥
ਜਿਮ ਬਨ ਫਲ ਸਿਵਰੀ ਕੇ ਅਰਪੇ ਰਘਬੰਸ ਤਿਲਕ ਕੀਏ ਪ੍ਰੇਮ ਸੋ ਪਾਨਾ॥
ਬਿਦਰ ਦਾਸ ਗ੍ਰਿਹ ਕ੍ਰਿਸਨ ਸਨੇਹ ਰਖਾ ਇਓ ਸਾਗ ਕਰ ਖੀਰ ਸਮਾਨਾ॥
ਇਮ ਦੀਨ ਦਿਨ ਦਿਆਲ ਗੁਰੂ ਕਿਰਪਾ ਨਿਧਿ ਸੰਗਤ ਪ੍ਰੇਮ ਨੇਮ ਮਨ ਮਾਨਾ॥
ਜਿਮ ਮਧੁਸੂਦਨ ਗਿਰਵਰ ਧਾਰੀ ਕੁੰਤੀ ਕੋ ਚਿਤ ਚਿਤਵਨ ਜਾਨਾ॥
ਜਸਰਾਜ ਜੁ ਕੋ ਪ੍ਰਣ ਕੀਆ ਜੁਧਿਸਟਰ ਸ੍ਰੀ ਜਦੁਪਤ ਕੀਆ ਪ੍ਰਣ ਪਰ ਮਾਨਾ॥
ਜਿਮ ਪਾਰਥ ਪ੍ਰੇ ਬੈਠ ਰਥ ਹਾਕਿਉ ਜਗ ਮਹਾਸਾਰਥੀ ਨਾਮ ਬਖਾਨਾ॥
ਇਮ ਦੀਨ ਦਿਆਲ ਗੁਰੁ ਕਿਰਪਾ ਨਿਧਿ ਸੰਗਤ ਪ੍ਰੇਮ ਨੇਮ ਮਨ ਮਾਨਾ॥
ਜਿਮ ਜਰਾਸਿੰਧ ਸੋ ਧਰਮ ਸਮਰ ਧਰ ਭੀਮ ਹੇਤ ਨਿਜ ਨੀਤਤ ਜਾਨਾ॥
ਭਾਰਥ ਮੋ ਭੀਖਮ ਪ੍ਰਣ ਰਾਖਿਓ ਭਗਤ ਹੇਤ ਰਥ ਚਲਉ ਨਾਨਾ॥
ਦ੍ਰੋਪਤੀ ਲਾਜ ਰਖੀ ਕਰੁਨਾ ਨਿਧ ਅੰਬਰ ਕੋਟ ਹੀਇ ਤਿਹ ਦਾਨਾ॥
ਇਮ ਦੀਨ ਦਿਆਲ ਗੁਰੁ ਕਿਰਪਾ ਨਿਧਿ ਸੰਗਤ ਪ੍ਰੇਮ ਨੇਮ ਮਨ ਮਾਨਾ॥
ਦਸਰਥ ਕੁਮਾਰ ਰਘੁਬੰਸ ਤਿਲਕ... ਹੇਤ ਕੀਆ ਇਕ ਬਾਨਾ॥
ਤਾੜਕਾ ਮਾਰ ਅਹਿਲਿਆ ਤਾਰੀ ਕੀਆ ਰਿਖ ਗੋਤਮ ਕੋ ਮਾਨ ਪ੍ਰਮਾਨਾ॥
ਤੋੜਿਓ ਸਿਵ ਧਨੁਖ ਜਨਕ ਕਾ ਪੂਰਨ ਸੀਆ ਸੁਅੰਬਰ ਜਸ ਲੇਵੇ ਮਨ ਮਾਨਾ॥
ਇਮ ਦੀਨ ਦਿਆਲ ਗੁਰੁ... ॥

ਹੁਕਮਨਾਮੇ

ਹੁਕਮਨਾਮਾ ਫ਼ਾਰਸੀ ਭਾਸ਼ਾ ਦੇ ਦੋ ਸ਼ਬਦਾਂ ਤੋਂ ਬਣਿਆ ਹੈ – ਹੁਕਮ ਅਤੇ ਨਾਮਾ। ਹੁਕਮ ਦਾ ਭਾਵ ਹੈ ਪਰਵਾਨਾ ਜਾਂ ਆਦੇਸ਼ ਅਤੇ ਨਾਮਾ ਦਾ ਅਰਥ ਹੈ ਪੱਤਰ। ਇਸ ਤਰ੍ਹਾਂ ਹੁਕਮਨਾਮਾ ਇਕ ਅਜਿਹਾ ਆਦੇਸ਼ ਪੱਤਰ ਹੈ ਜਿਹੜਾ ਕਿ ਅਕਸਰ ਬਾਦਸ਼ਾਹ ਵੱਲੋਂ ਜਾਰੀ ਕੀਤਾ ਜਾਂਦਾ ਸੀ ਅਤੇ ਇਸ ਦੀ ਪਾਲਣਾ ਨਾ ਕਰਨ ਵਾਲੇ ਨੂੰ ਸਜ਼ਾ ਦੇਣ ਦਾ ਵਿਧਾਨ ਸੀ। ਸਿੱਖ ਧਰਮ ਵਿਚ ਇਸ ਸ਼ਬਦ ਦੀ ਵਰਤੋਂ ਦੋ ਪ੍ਰਮੁੱਖ ਰੂਪਾਂ ਵਿਚ ਦੇਖਣ ਨੂੰ ਮਿਲਦੀ ਹੈ – ਅਰਦਾਸ ਤੋਂ ਬਾਅਦ ਲਿਆ ਜਾਣ ਵਾਲਾ ਹੁਕਮਨਾਮਾ ਅਤੇ ਗੁਰੂ ਸਾਹਿਬਾਨ ਦੁਆਰਾ ਜਾਰੀ ਕੀਤੇ ਗਏ ਹੁਕਮਨਾਮੇ ਜਾਂ ਆਦੇਸ਼ ਪੱਤਰ। ਮੌਜੂਦਾ ਸਮੇਂ ਵਿਚ ਪੰਜ ਸਿੰਘ ਸਾਹਿਬਾਨ ਵੱਲੋਂ ਹੁਕਮਨਾਮੇ ਜਾਰੀ ਕੀਤੇ ਜਾਂਦੇ ਹਨ। ਅਰਦਾਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਵਾਕ ਲੈਣ ਦੀ ਪਰੰਪਰਾ ਸਿੱਖਾਂ ਵਿਚ ਪ੍ਰਚਲਿਤ ਹੈ, ਜਿਸ ਨੂੰ ਹੁਕਮਨਾਮਾ ਕਿਹਾ ਜਾਂਦਾ ਹੈ। ਇਸ ਹੁਕਮਨਾਮੇ ਵਿਚ ਜਿਹੜਾ ਸ਼ਬਦ ਆਉਂਦਾ ਹੈ ਉਸ ਨੂੰ ਸਚਿਆਰੇ ਜੀਵਨ ਦੀ ਪਉੜੀ ਸਮਝਿਆ ਜਾਂਦਾ ਹੈ। ਅਧਿਆਤਮਿਕ ਜੀਵਨ ਦੀ ਉੱਚਤਾ ਲਈ ਲਿਆ ਜਾਣ ਵਾਲਾ ਹੁਕਮਨਾਮਾ ਦੈਵੀ ਸੱਤਾ ਦਾ ਪ੍ਰਤੀਕ ਹੈ ਅਤੇ ਜਦੋਂ ਇਸ ਸ਼ਬਦ ਦੀ ਵਰਤੋਂ ਸਮਾਜਿਕ ਅਤੇ ਰਾਜਨੀਤਿਕ ਸੰਕਟ ਨੂੰ ਦੂਰ ਕਰਨ ਲਈ ਜਾਰੀ ਹੋਣ ਵਾਲੇ ਫ਼ਰਮਾਨ ਲਈ ਕੀਤੀ ਜਾਂਦੀ ਹੈ ਤਾਂ ਵੀ ਇਸ ਵਿਚ ਦੈਵੀ ਅੰਸ਼ ਮੌਜੂਦ ਹੁੰਦੇ ਹਨ ਜਿਹੜੇ ਕੇ ਸਮਾਜ ਦੀਆਂ ਸਾਂਝੀਆਂ ਸਮੱਸਿਆਵਾਂ ਨੂੰ ਦੂਰ ਕਰਨ ਵਿਚ ਸਹਾਇਤਾ ਪ੍ਰਦਾਨ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ ਗਏ ਸਿਧਾਂਤ ਸਿੱਖ ਦੇ ਅਧਿਆਤਮਿਕ ਜੀਵਨ-ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ ਅਤੇ ਸਮੁੱਚੇ ਪੰਥ ਨੂੰ ਇਕ ਲੜੀ ਵਿਚ ਪਰੋ ਕੇ ਰੱਖਦੇ ਹਨ।

ਗੁਰੂ ਸਾਹਿਬਾਨ ਵੱਲੋਂ ਸਿੱਖਾਂ ਨੂੰ ਭੇਜੇ ਗਏ ਆਦੇਸ਼ ਪੱਤਰਾਂ ਵਿਚ ਵੀ ਹੁਕਮਨਾਮਾ ਸ਼ਬਦ ਦੀ ਵਰਤੋਂ ਦੇਖੀ ਜਾ ਸਕਦੀ ਹੈ ਜਿਵੇਂ 'ਜਿਉ ਤੁਮ ਕਹਿ ਭੇਜਹ ਤਿਉ ਹਮ ਹੁਕਮ ਨਾਵਾ ਸੰਗਤਿ ਕੋ ਲਿਖਹ', 'ਗੁਰੂ ਕਾ ਹੁਕਮੁ ਨਾਵਾ ਆਵੈ ਤਾ ਹੁੰਡੀ ਕਰਾਇ ਕੈ ਭੇਜਣੀ'। ਗੁਰੂ ਵੱਲੋਂ ਪ੍ਰਾਪਤ ਹੋਏ ਪੱਤਰ ਨੂੰ ਸਿੱਖ ਗੁਰੂ ਦਾ ਹੁਕਮ ਮੰਨਦੇ ਸਨ ਅਤੇ ਇਸ ਰਾਹੀਂ ਜਾਰੀ ਹੋਏ ਆਦੇਸ਼ ਦੀ ਪਾਲਣਾ ਕਰਨ ਨੂੰ ਆਪਣੀ ਖ਼ੁਸ਼ਕਿਸਮਤੀ ਸਮਝਦੇ ਸਨ। ਬਾਦਸ਼ਾਹੀ ਹੁਕਮਨਾਮੇ ਦਾ ਸੰਬੰਧ ਕੇਵਲ ਦੁਨਿਆਵੀ ਪੱਧਰ 'ਤੇ ਹੀ ਦੇਖਿਆ ਜਾਂਦਾ ਹੈ ਜਦੋਂ ਕਿ ਗੁਰੂ ਅਤੇ ਸਿੱਖ ਦਾ ਸੰਬੰਧ ਦੁਨਿਆਵੀ ਜੀਵਨ ਤੱਕ ਹੀ ਸੀਮਿਤ ਨਹੀਂ ਹੈ। ਸਿੱਖ ਵਿਸ਼ਵਾਸ ਕਰਦੇ ਹਨ ਕਿ ਪਰਲੋਕ ਵਿਚ ਵੀ ਗੁਰੂ ਸਹਾਇਤਾ ਪ੍ਰਦਾਨ ਕਰਦਾ ਹੈ, ਭਾਵ ਦੀਨ-ਦੁਨੀਆ ਦਾ ਰਖਵਾਲਾ ਹੈ। ਹੁਕਮਨਾਮਿਆਂ ਵਿਚ ਗੁਰੂ ਦੁਆਰਾ ਦੀਨ-ਦੁਨੀਆ ਵਿਚ ਰੱਖਿਆ ਕਰਨ ਦੇ ਹਵਾਲੇ ਮਿਲਦੇ ਹਨ ਜਿਵੇਂ 'ਤੁਮਰੀ ਸੇਵਾ ਸੰਗਤਿ ਕੀ ਗੁਰੂ ਕੀ ਦਰਗਹ ਥਾਇ ਪੜੇਗੀ', 'ਗੁਰੂ ਸੰਗਤਿ ਦੀ ਬਾਹੁੜੀ ਕਰੇਗਾ ਸੰਗਤ ਦਾ ਗੁਰੂ ਰੁਜਗਾਰੁ ਕਰੈਗਾ'।

ਹੁਕਮਨਾਮਿਆਂ ਦਾ ਮਨੋਰਥ ਕੇਵਲ ਦੁਨਿਆਵੀ ਵਸਤਾਂ ਤੱਕ ਹੀ ਸੀਮਿਤ ਨਹੀਂ ਹੈ ਬਲਕਿ ਗੁਰੂ ਦੇ ਆਦੇਸ਼ ਦਾ ਪਾਲਣ ਕਰਕੇ ਇਹ ਜਨਮ ਸਵਾਰਨਾ ਹੈ, ਅੱਗੇ ਗੁਰੂ ਬਹੁੜੀ ਕਰੇਗਾ। ਇਸ ਜੀਵਨ ਵਿਚ ਇਸੇ ਦ੍ਰਿਸ਼ਟੀ ਤੋਂ ਗੁਰੂ ਜੀ ਨੂੰ ਸੱਚਾ ਪਾਤਸ਼ਾਹ ਮੰਨਦੇ ਹੋਏ ਉਸ ਨੂੰ ਮੀਰੀ-ਪੀਰੀ ਅਤੇ ਰਾਜ-ਜੋਗ ਦਾ ਮਾਲਕ ਕਿਹਾ ਗਿਆ ਹੈ ਜਿਸ ਦੇ ਆਦੇਸ਼ ਦਾ ਪਾਲਣ ਕਰਨ ਵਾਲਾ ਗੁਰਸਿੱਖ ਦੁਨਿਆਵੀ ਅਤੇ ਦੈਵੀ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੈਵੀ ਅਤੇ ਦੁਨਿਆਵੀ ਜੀਵਨ ਦੀ ਉੱਚਤਾ ਦਾ ਪ੍ਰਤੀਕ ਹਨ। ਇਸ ਤੋਂ ਇਲਾਵਾ ਤਖ਼ਤ ਸਾਹਿਬਾਨ ਤੋਂ ਜਾਰੀ ਹੋਣ ਵਾਲੇ ਹੁਕਮਨਾਮੇ ਵੀ ਸਿੱਖ ਦੇ ਜੀਵਨ ਨੂੰ

ਪ੍ਰਭਾਵਿਤ ਕਰਦੇ ਹਨ ਜਿਹੜੇ ਕਿ ਅਕਸਰ ਕਿਸੇ ਦੁਨਿਆਵੀ ਸੰਕਟ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਜਾਰੀ ਕੀਤੇ ਜਾਂਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਣ ਵਾਲੇ ਹੁਕਮਨਾਮੇ ਦੁਨਿਆਵੀ ਹੱਦਾਂ ਤੋਂ ਅਤੀਤ ਦੇਸ਼-ਵਿਦੇਸ਼ ਵਿਚ ਵੱਸਦੀ ਸਿੱਖ ਸੰਗਤ 'ਤੇ ਲਾਗੂ ਹੁੰਦੇ ਹਨ।

ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਪਹਿਲਾਂ ਸੰਗਤ ਨੂੰ ਮੰਜੀਦਾਰ ਜਾਂ ਮਸੰਦ ਰਾਹੀਂ ਮੌਖਿਕ ਆਦੇਸ਼ ਹੀ ਭੇਜੇ ਜਾਂਦੇ ਸਨ ਪਰ ਇਹਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰਕੇ ਸੰਗਤ ਨੂੰ ਹੁਕਮਨਾਮੇ ਭੇਜਣੇ ਅਰੰਭ ਕੀਤੇ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਸਮੂਹ ਗੁਰੂ ਸਾਹਿਬਾਨ ਮਾਲਵੇ ਵਿਚ ਨਿਵਾਸ ਅਤੇ ਗੁਰਮਤਿ ਪ੍ਰਚਾਰ ਕਰਦੇ ਰਹੇ। ਜਿੱਥੇ ਗੁਰੂ ਸਾਹਿਬ ਮੌਜੂਦ ਹੁੰਦੇ ਸਨ, ਉਸੇ ਨੂੰ ਗੁਰੂ-ਘਰ ਜਾਂ ਗੁਰੂ-ਦਰਬਾਰ ਮੰਨਿਆ ਜਾਂਦਾ ਸੀ। ਨੌਵੇਂ ਗੁਰੂ ਤੇਗ ਬਹਾਦਰ ਜੀ ਨੇ ਪੂਰਬ ਦੀਆਂ ਲੰਮੀਆਂ ਪ੍ਰਚਾਰ-ਯਾਤਰਾਵਾਂ ਕੀਤੀਆਂ ਅਤੇ ਇਹਨਾਂ ਦੁਆਰਾ ਜਾਰੀ ਕੀਤੇ ਹੁਕਮਨਾਮਿਆਂ ਵਿਚੋਂ ਸਫ਼ਰਾਂ ਅਤੇ ਨਗਰਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਜਿਵੇਂ 'ਕੂਚ ਕੀਏ ਹਮ ਕੋ ਚਾਰ ਦਿਨ ਹੋਏ ਹਹਿ', 'ਅਸੀ ਪਰੈ ਰਾਜੇ ਜੀ ਕੇ ਸਾਥ ਗਏ ਹਾਂ', 'ਅਸਾ ਮੁੰਗੇਰ ਛਾਵਣੀ ਕੀਤੀ ਹੈ' 'ਮੁੰਗੇਰ ਛਾਵਣੀ ਹੋਈ ਹੈ ਜੋ ਸਿਖ ਦਰਸਨ ਕੋ ਆਵੈਗਾ ਤਿਸ ਕੇ ਮਨੋਰਥ ਗੁਰੂ ਪੂਰੇ ਕਰੇਗਾ' ਆਦਿ।

ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਵਿਚੋਂ ਇਹ ਗੱਲ ਪੂਰਨ ਤੌਰ 'ਤੇ ਸਪਸ਼ਟ ਹੁੰਦੀ ਹੈ ਕਿ ਗੁਰੂ ਜੀ ਭਾਵੇਂ ਕਿਸੇ ਰਾਜੇ ਨਾਲ ਜਾ ਰਹੇ ਹੋਣ ਜਾਂ ਕਿਸੇ ਰਾਜੇ ਦਾ ਸਾਥ ਦੇ ਰਹੇ ਹੋਣ ਪਰ ਉਹ ਰਾਜ ਦੀਆਂ ਸਹੂਲਤਾਂ ਤੋਂ ਦੂਰ ਰਹਿਣ ਦਾ ਯਤਨ ਕਰਦੇ ਸਨ। ਅਜਿਹੇ ਸਮੇਂ ਗੁਰੂ ਜੀ ਕਿਸੇ ਵੱਖਰੇ ਸਥਾਨ 'ਤੇ ਆਪਣਾ ਡੇਰਾ ਕਰਦੇ ਜਿਸ ਨੂੰ ਉਹ ਆਪਣੇ ਹੁਕਮਨਾਮਿਆਂ ਵਿਚ 'ਛਾਉਣੀ' ਸ਼ਬਦ ਨਾਲ ਸੰਬੋਧਨ ਕਰਦੇ ਹਨ। ਗੁਰੂ ਜੀ ਨੇ ਭਾਵੇਂ ਅਸਾਮ ਵਿਚ ਰਾਜਾ ਰਾਮ ਸਿੰਘ ਦੀ ਸਹਾਇਤਾ ਕੀਤੀ ਪਰ ਉਸ ਤੋਂ ਵੱਖਰੇ ਸਥਾਨ 'ਤੇ ਆਪਣਾ ਡੇਰਾ ਕਰਦੇ ਰਹੇ, ਦੋਵੇਂ ਰਾਜਿਆਂ ਦੀ ਸੁਲਾਹ ਕਰਵਾ ਕੇ ਗੁਰੂ ਜੀ ਵਾਪਸ ਪਟਨਾ ਸਾਹਿਬ ਵੱਲ ਚੱਲ ਪਏ ਸਨ। ਰਾਜ ਤੋਂ ਸਹਾਇਤਾ ਪ੍ਰਾਪਤ ਕਰਨ ਦੀ ਬਜਾਏ ਗੁਰੂ ਜੀ ਪਰਮਾਤਮਾ ਨਾਲ ਜੁੜੇ ਹੋਏ ਆਪਣੇ ਸਿੱਖਾਂ ਨੂੰ ਦਸਵੰਧ ਦੀ ਰਕਮ ਗੁਰੂ-ਘਰ ਭੇਟ ਕਰਨ ਦਾ ਆਦੇਸ਼ ਕਰਦੇ ਹਨ। ਰਾਜ ਦੀਆਂ ਸਹੂਲਤਾਂ ਤੋਂ ਸੁਤੰਤਰ ਰਹਿ ਕੇ ਸਵੈਮਾਨ ਕਾਇਮ ਰੱਖਣ ਦਾ ਜਿਹੜਾ ਮਾਰਗ ਗੁਰੂ ਜੀ ਨੇ ਦੱਸਿਆ ਹੈ ਉਹ ਸਮਾਜ ਵਿਚ ਪ੍ਰਭੂ-ਮੁਖੀ ਜੀਵਨ-ਜਾਚ ਪੈਦਾ ਕਰਨ ਵਾਲਾ ਆਦਰਸ਼ ਕਾਇਮ ਕਰਦਾ ਹੈ।

ਗੁਰੂ ਸਾਹਿਬ ਦੇ ਹੁਕਮਨਾਮਿਆਂ ਵਿਚੋਂ ਵਿਸ਼ੇਸ਼ ਤਿਉਹਾਰਾਂ ਮੌਕੇ ਸੰਗਤ ਨੂੰ ਗੁਰੂ-ਘਰ ਆਉਣ ਦਾ ਆਦੇਸ਼ ਕੀਤਾ ਵੀ ਮਿਲਦਾ ਹੈ ਜਿਵੇਂ 'ਸਰਬਤਿ ਸੰਗਤਿ ਦਿਵਾਲੀ ਨੋ ਦਰਸਨਿ ਆਵਣਾ'। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਵਿਭਿੰਨ ਇਲਾਕਿਆਂ ਦੀ ਸੰਗਤ ਦੇ ਨਾਂ ਜਾਰੀ ਕੀਤੇ ਗਏ ਹੁਕਮਨਾਮੇ ਮਿਲਦੇ ਹਨ। ਗੁਰੂ ਜੀ ਵਧੇਰੇ ਸਮਾਂ ਅਨੰਦਪੁਰ ਸਾਹਿਬ ਰਹੇ ਅਤੇ ਇੱਥੋਂ ਹੀ ਗੁਰੂ ਜੀ ਵੱਲੋਂ ਹੁਕਮਨਾਮੇ ਜਾਰੀ ਕੀਤੇ ਜਾਂਦੇ ਸਨ ਅਤੇ ਇਹਨਾਂ ਵਿਚ ਵੀ ਵਿਸ਼ੇਸ਼ ਮੌਕਿਆਂ 'ਤੇ ਸੰਗਤ ਨੂੰ ਗੁਰੂ-ਘਰ ਆਉਣ ਲਈ ਪ੍ਰੇਰਿਤ ਕੀਤਾ ਜਾਂਦਾ ਸੀ ਜਿਵੇਂ 'ਸੰਗਤਿ ਮੇਰਾ ਖਾਲਸਾ ਹੈ ਗੁਰੂ ਕੇ ਨਿਵਤ ਕਾ ਹੋਵੈ ਸੋ ਵਿਸੋਏ ਨੂ ਹਜੂਰਿ ਲੈ ਕੇ ਦਰਸਨ ਆਵਣਾ', 'ਸਰਬਤਿ ਸੰਗਤਿ ਹਥੀਆਰ ਬੰਧਿ ਕੈ ਹੋਲੀ ਨੋ ਦਰਸਨ ਆਵਣਾ', 'ਹੋਲੀ ਨੋ ਦਰਸਨਿ... ਹਥਿਆਰ ਬੰਨਿ ਕੈ ਦਰਸਨਿ ਆਵਣਾ' ਆਦਿ। ਇਸ ਤੋਂ ਇਲਾਵਾ ਹੋਰ ਮਹੱਤਵਪੂਰਨ ਕਾਰਜਾਂ ਲਈ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਹੁਕਮਨਾਮੇ ਜਾਰੀ ਕੀਤੇ ਮਿਲਦੇ ਹਨ। ਤਿਉਹਾਰਾਂ ਜਾਂ ਵਿਸ਼ੇਸ਼ ਮੌਕਿਆਂ 'ਤੇ ਗੁਰੂ-ਘਰ ਆਉਣ ਵਾਲੀ ਸੰਗਤ ਗੁਰੂ ਜੀ ਤੋਂ ਬਖ਼ਸ਼ਿਸ਼ਾਂ ਪ੍ਰਾਪਤ ਕਰਦੀ ਅਤੇ ਨਾਲ ਹੀ ਗੁਰੂ ਜੀ ਤੋਂ ਸਥਾਨਿਕ ਸੰਗਤ ਲਈ ਵਿਸ਼ੇਸ਼ ਆਦੇਸ਼ ਪ੍ਰਾਪਤ ਕਰਦੀ ਸੀ। ਦੂਰ-ਦੁਰਾਡੇ ਤੋਂ ਆਉਣ ਵਾਲੀ ਸੰਗਤ ਰਾਹੀਂ ਹੀ ਵਿਭਿੰਨ ਇਲਾਕਿਆਂ ਵਿਚ ਮੌਜੂਦ ਸਿੱਖਾਂ ਦੇ ਧਾਰਮਿਕ ਅਤੇ ਸਮਾਜਿਕ ਵਰਤੋਂ-ਵਿਹਾਰ ਅਤੇ ਦਰਪੇਸ਼ ਮੁਸ਼ਕਲਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਸੀ। ਵਿਭਿੰਨ ਇਲਾਕਿਆਂ ਦੀ ਸੰਗਤ ਗੁਰੂ ਜੀ ਪ੍ਰਤੀ ਕਿਸ ਤਰ੍ਹਾਂ ਦੀ ਸ਼ਰਧਾ ਰੱਖਦੀ ਹੈ ਅਤੇ ਉਹਨਾਂ ਦੇ ਸਤਿਕਾਰ ਵਜੋਂ ਵਸਤਾਂ ਆਪਣੇ ਹੱਥੀਂ ਤਿਆਰ ਕਰਕੇ ਗੁਰੂ-ਘਰ ਭੇਜਦੀ ਹੈ। ਜਿਹੜੇ ਸਿੱਖ

ਪੀੜ੍ਹੀਆਂ ਤੋਂ ਗੁਰੂ-ਘਰ ਨਾਲ ਜੁੜੇ ਹੋਏ ਸਨ ਪਰ ਬਿਰਧ ਹੋਣ ਕਰਕੇ ਪੰਜਾਬ ਨਹੀਂ ਆ ਸਕਦੇ ਸਨ, ਉਹ ਇਹ ਆਸ ਅਤੇ ਅਰਦਾਸ ਕਰਦੇ ਸਨ ਕਿ ਅਕਾਲ ਚਾਲਣੇ ਤੋਂ ਪਹਿਲਾਂ ਗੁਰੂ ਜੀ ਉਹਨਾਂ ਨੂੰ ਦਰਸ਼ਨ ਦੇ ਦੇਣ ਤਾਂ ਕਿ ਉਹ ਆਤਮਿਕ ਅਨੰਦ ਦੀ ਅਵਸਥਾ ਵਿਚ ਇਸ ਜਗਤ ਤੋਂ ਕੂਚ ਕਰ ਸਕਣ। ਆਗਰੇ ਦੀ ਮਾਈ ਜੱਸੀ, ਸਾਸਾਰਾਮ ਦਾ ਚਾਚਾ ਫੱਗੂ ਮੱਲ ਅਤੇ ਢਾਕੇ ਦੇ ਬੁਲਾਕੀ ਦਾਸ ਦੀ ਮਾਤਾ ਆਦਿ ਅਨੇਕਾਂ ਗੁਰਸਿੱਖ ਗੁਰੂ ਸਾਹਿਬ ਦੇ ਦਰਸ਼ਨ ਦੀ ਲੋਚਾ ਰੱਖਦੇ ਸਨ ਪਰ ਬਿਰਧ ਅਵਸਥਾ ਕਾਰਨ ਉਹ ਆਪਣੇ ਮਨੋਰਥ ਵਿਚ ਸਫ਼ਲ ਨਹੀਂ ਹੋ ਰਹੇ ਸਨ। ਇਸ ਦ੍ਰਿਸ਼ਟੀ ਤੋਂ ਗੁਰੂ ਤੇਗ ਬਹਾਦਰ ਜੀ ਦੀਆਂ ਯਾਤਰਾਵਾਂ ਦਾ ਇਕ ਪ੍ਰਮੁੱਖ ਉਦੇਸ਼ ਆਪਣੇ ਸ਼ਰਧਾਲੂਆਂ ਨੂੰ ਦਰਸ਼ਨ ਦੇਣਾ ਵੀ ਮੰਨਿਆ ਜਾਂਦਾ ਹੈ। ਇਸ ਕਾਰਜ ਲਈ ਜਾਂਦੇ ਹੋਏ ਗੁਰੂ ਜੀ ਵਿਭਿੰਨ ਇਲਾਕਿਆਂ ਦੇ ਮੁਖੀ ਸਿੱਖਾਂ ਰਾਹੀਂ ਸਥਾਨਿਕ ਸੰਗਤ ਨਾਲ ਕਿਸ ਤਰ੍ਹਾਂ ਜੁੜੇ ਰਹੇ ਸਨ, ਉਹਨਾਂ ਦੀ ਜਾਣਕਾਰੀ ਹੁਕਮਨਾਮਿਆਂ ਵਿਚੋਂ ਪ੍ਰਾਪਤ ਹੁੰਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਦੁਆਰਾ ਜਾਰੀ ਕੀਤੇ ਸਭ ਤੋਂ ਵਧੇਰੇ ਹੁਕਮਨਾਮੇ ਮਿਲਦੇ ਹਨ ਜਿਹੜੇ ਸਿੱਖਾਂ ਦੀ ਗੁਰੂ-ਘਰ ਪ੍ਰਤੀ ਸ਼ਰਧਾ ਅਤੇ ਨਿਸ਼ਠਾ ਦਾ ਪ੍ਰਗਟਾਵਾ ਕਰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਜਾਰੀ ਕੀਤੇ ਗਏ ਹੁਕਮਨਾਮਿਆਂ 'ਤੇ ਸੰਮਤ ਮੌਜੂਦ ਹਨ ਜਿਨ੍ਹਾਂ ਤੋਂ ਇਹਨਾਂ ਦੀ ਇਕ ਲੜੀ ਸਥਾਪਿਤ ਹੁੰਦੀ ਹੈ ਜਿਹੜੀ ਕਿ ਇਤਿਹਾਸ ਦੀਆਂ ਘਟਨਾਵਾਂ ਨੂੰ ਸਮਝਣ ਅਤੇ ਵਿਸ਼ਲੇਸ਼ਣ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਬਹੁਤ ਸਾਰੇ ਹੁਕਮਨਾਮਿਆਂ 'ਤੇ ਲਿਖੀਆਂ ਗਈਆਂ ਸਤਰਾਂ ਦੀ ਗਿਣਤੀ ਵੀ ਦਿੱਤੀ ਗਈ ਹੈ ਜਿਹੜੀ ਕਿ ਇਹਨਾਂ ਦੀ ਪ੍ਰਮਾਣਿਕਤਾ ਨੂੰ ਕਾਇਮ ਰੱਖਣ ਵਿਚ ਸਹਾਈ ਹੁੰਦੀ ਹੈ, ਇਹਨਾਂ ਵਿਚ ਵਾਧਾ-ਘਾਟਾ ਸੰਭਵ ਨਹੀਂ। ਗੁਰੂ ਤੇਗ ਬਹਾਦਰ ਜੀ ਦੇ ਸਮੇਂ ਜਾਰੀ ਹੋਏ ਜਿਹੜੇ ਹੁਕਮਨਾਮੇ ਮਿਲਦੇ ਹਨ ਉਹਨਾਂ ਵਿਚ ਨਾਂਵਾਂ, ਥਾਂਵਾਂ, ਗੁਰਸਿੱਖਾਂ ਆਦਿ ਦੇ ਨਾਲ-ਨਾਲ ਗੁਰੂ ਜੀ ਦੀ ਪੂਰਬ ਦੀ ਯਾਤਰਾ ਦੇ ਮਹੱਤਵਪੂਰਨ ਪਹਿਲੂਆਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਡਾ. ਗੰਡਾ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਫੌਜਾ ਸਿੰਘ, ਸਾਬਿੰਦਰਜੀਤ ਸਿੰਘ ਸਾਗਰ ਆਦਿ ਵਿਦਵਾਨਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਨੂੰ ਸਾਹਮਣੇ ਲਿਆਉਣ ਦਾ ਮਹੱਤਵਪੂਰਨ ਕਾਰਜ ਕੀਤਾ ਹੈ। ਸ਼ਮਸ਼ੇਰ ਸਿੰਘ ਅਸ਼ੋਕ ਨੇ ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਦੀ ਗਿਣਤੀ 30, ਫੌਜਾ ਸਿੰਘ ਨੇ 22 ਅਤੇ ਗੰਡਾ ਸਿੰਘ ਨੇ 20 ਦੱਸੀ ਹੈ। ਸ਼ਮਸ਼ੇਰ ਸਿੰਘ ਅਸ਼ੋਕ ਨੇ ਪੁਰਾਤਨ ਬੀੜਾਂ ਵਿਚੋਂ ਗੁਰੂ ਤੇਗ ਬਹਾਦਰ ਜੀ ਦੇ ਕੁੱਝ ਨੀਸਾਣ ਵੀ ਇਹਨਾਂ ਹੁਕਮਨਾਮਿਆਂ ਨਾਲ ਦਰਜ ਕੀਤੇ ਹਨ। 1967 ਵਿਚ ਡਾ. ਗੰਡਾ ਸਿੰਘ ਦੀ *ਹੁਕਮਨਾਮੇ: ਗੁਰੂ ਸਾਹਿਬਾਨ, ਮਾਤਾ ਸਾਹਿਬਾਨ, ਬੰਦਾ ਸਿੰਘ ਅਤੇ ਖ਼ਾਲਸਾ ਜੀ ਦੇ* ਸਿਰਲੇਖ ਅਧੀਨ ਪੁਸਤਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਜਿਸ ਵਿਚ ਡਾ. ਸਾਹਿਬ ਨੇ ਇਹ ਹੁਕਮਨਾਮੇ ਪਾਠਕਾਂ ਦੀ ਨਜ਼ਰ ਕਰਦੇ ਹੋਏ ਲਿਖਿਆ ਕਿ 'ਬਹੁਤ ਸਾਰੇ ਵਿਦਵਾਨਾਂ ਨੂੰ ਤਾਂ ਇਨ੍ਹਾਂ ਦੇ ਦਰਸ਼ਨ ਪਹਿਲੀ ਵਾਰੀ ਇਸ ਸੰਚੇ ਰਾਹੀਂ ਹੋ ਰਹੇ ਹਨ'। ਇਸ ਤੋਂ ਪਿੱਛੋਂ ਇਸੇ ਸਾਲ ਹੀ ਸ਼ਮਸ਼ੇਰ ਸਿੰਘ ਅਸ਼ੋਕ ਦੀ ਰਚਨਾ *ਨੀਸਾਣ ਤੇ ਹੁਕਮਨਾਮੇ* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਕਾਸ਼ਿਤ ਕੀਤੀ। ਹੁਕਮਨਾਮਿਆਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਵਾਲਿਆਂ ਲਈ ਇਹ ਬਹੁਤ ਹੀ ਮਹੱਤਵਪੂਰਨ ਖੋਜ-ਕਾਰਜ ਸਨ ਜਿਨ੍ਹਾਂ ਨੇ ਸਿੱਖ ਅਧਿਐਨ ਦੇ ਖੋਜਾਰਥੀਆਂ ਅਤੇ ਵਿਦਿਆਰਥੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ। ਇਹਨਾਂ ਹੁਕਮਨਾਮਿਆਂ ਦੇ ਸਾਹਮਣੇ ਆਉਣ ਨਾਲ ਜਿੱਥੇ ਗੁਰੂ ਸਾਹਿਬਾਨ ਦੀ ਧਾਰਮਿਕ ਵਿਚਾਰਧਾਰਾ ਅਤੇ ਇਤਿਹਾਸਿਕ ਤੱਥਾਂ ਸੰਬੰਧੀ ਜਾਣਕਾਰੀ ਪ੍ਰਾਪਤ ਹੋਈ ਉੱਥੇ ਗੁਰੂ ਸਾਹਿਬਾਨ ਦੇ ਨਾਂ 'ਤੇ ਪ੍ਰਚਲਿਤ ਕੀਤੇ ਗਏ ਜਾਅਲੀ ਹੁਕਮਨਾਮਿਆਂ ਦੀ ਪਛਾਣ ਵੀ ਸੌਖੀ ਹੋ ਗਈ। ਇਹਨਾਂ ਹੁਕਮਨਾਮਿਆਂ ਤੋਂ ਪਤਾ ਲੱਗਦਾ ਹੈ ਕਿ ਹਰ ਗੁਰੂ ਸਾਹਿਬਾਨ ਦੇ ਸਮੇਂ ਵੱਖੋ-ਵੱਖਰੇ ਨਿਸ਼ਾਨ ਵਰਤੇ ਜਾਂਦੇ ਸਨ ਜਿਸ ਨਾਲ ਅਸਲੀ ਹੁਕਮਨਾਮਿਆਂ ਦੀ ਪਛਾਣ ਕਾਇਮ ਹੋਈ ਅਤੇ ਉਸ ਸਮੇਂ ਪ੍ਰਚਲਿਤ ਗੁਰਮੁਖੀ ਲਿਪੀ ਦੀ ਵੰਨਗੀ ਦਾ ਪਤਾ ਲੱਗਿਆ।

ਇਹਨਾਂ ਤੋਂ ਬਾਅਦ ਦੋ ਪੁਸਤਕਾਂ ਕੇਵਲ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਸਾਹਮਣੇ ਆਈਆਂ। ਇਹਨਾਂ ਵਿਚੋਂ *ਹੁਕਮਨਾਮੇ: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ* ਸਿਰਲੇਖ ਅਧੀਨ ਫੌਜਾ ਸਿੰਘ ਦੀ ਪੁਸਤਕ 1996 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰਕਾਸ਼ਿਤ ਹੋਈ। ਇਸ ਵਿਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਗੁਰੂ ਸਾਹਿਬ ਦੇ ਹੁਕਮਨਾਮਿਆਂ ਦਾ ਅਨੁਵਾਦ ਮਿਲਦਾ ਹੈ। ਲੇਖਕ ਨੇ ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਦੇ ਧਾਰਮਿਕ ਅਤੇ ਇਤਿਹਾਸਕ ਪੱਖ ਨੂੰ ਉਜਾਗਰ ਕਰਨਾ ਇਸ ਪੁਸਤਕ ਦਾ ਉਦੇਸ਼ ਦੱਸਿਆ ਹੈ। *Hukamnamas of Guru Tegh Bahadur: A Historical Study* ਦੇ ਸਿਰਲੇਖ ਅਧੀਨ ਸਾਬਿੰਦਰਜੀਤ ਸਿੰਘ ਸਾਗਰ ਦੀ ਇਕ ਹੋਰ ਪੁਸਤਕ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਈ ਹੈ ਜਿਸ ਵਿਚ ਲੇਖਕ ਨੇ ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਦਾ ਵਿਸ਼ਲੇਸ਼ਣਾਤਿਮਕ ਅਧਿਐਨ ਕੀਤਾ ਹੈ।

ਗੁਰੂ ਤੇਗ ਬਹਾਦਰ ਜੀ ਦੇ ਵਧੇਰੇ ਹੁਕਮਨਾਮੇ ਪਟਨਾ ਸਾਹਿਬ, ਬਨਾਰਸ ਅਤੇ ਮਿਰਜ਼ਾਪੁਰ ਦੀ ਸਿੱਖ ਸੰਗਤ ਦੇ ਨਾਂ ਲਿਖੇ ਮਿਲਦੇ ਹਨ। ਇਸ ਤੋਂ ਇਲਾਵਾ ਗੁਰੂ ਜੀ ਦੁਆਰਾ ਪਟਣ, ਧਰਦੇਉ ਅਤੇ ਜਗਦੇਉ ਰਾਮਦਾਸ ਦੀ ਸੰਗਤ ਦੇ ਨਾਂ 'ਤੇ ਲਿਖੇ ਹੋਏ ਹੁਕਮਨਾਮੇ ਵੀ ਮੌਜੂਦ ਹਨ। ਇਹ ਹੁਕਮਨਾਮੇ ਗੁਰੂ ਜੀ ਦੀ ਵਾਰਤਕ ਰਚਨਾ ਦਾ ਖੂਬਸੂਰਤ ਨਮੂਨਾ ਹਨ। ਆਮ ਤੌਰ 'ਤੇ ਇਹੀ ਸਮਝਿਆ ਜਾਂਦਾ ਹੈ ਕਿ ਗੁਰੂ ਜੀ ਨੇ 59 ਸ਼ਬਦਾਂ ਅਤੇ 57 ਸਲੋਕਾਂ ਦੀ ਹੀ ਰਚਨਾ ਕੀਤੀ ਹੈ। ਗੁਰੂ ਸਾਹਿਬ ਦੀ ਵਿਚਾਰਧਾਰਾ ਦਾ ਵਿਖਿਆਨ ਕਰਨ ਵਾਲੇ ਹੁਕਮਨਾਮਿਆਂ ਦਾ ਬਹੁਤਾ ਵਰਨਨ ਨਹੀਂ ਕਰਦੇ। ਇਹਨਾਂ ਨੂੰ ਇਤਿਹਾਸ ਦੀ ਦ੍ਰਿਸ਼ਟੀ ਤੋਂ ਹੀ ਦੇਖਣ ਦਾ ਵਧੇਰੇ ਯਤਨ ਕੀਤਾ ਗਿਆ ਹੈ। ਧਾਰਮਿਕ ਅਤੇ ਅਧਿਆਤਮਿਕ ਉੱਚਤਾ ਪ੍ਰਦਾਨ ਕਰਨ ਵਾਲੇ ਅੰਸ਼ ਅੱਖੋਂ ਪਰੋਖੇ ਰਹਿ ਜਾਂਦੇ ਹਨ। ਸਿੱਖ ਦੀ ਗੁਰੂ ਪ੍ਰਤੀ ਸ਼ਰਧਾ, ਭਾਵਨਾ ਅਤੇ ਸੇਵਾ ਦੇ ਜਿਹੜੇ ਅੰਸ਼ ਇਹਨਾਂ ਹੁਕਮਨਾਮਿਆਂ ਵਿਚੋਂ ਪ੍ਰਾਪਤ ਹੁੰਦੇ ਹਨ, ਉਹ ਗੁਰੂ ਸਾਹਿਬ ਦੁਆਰਾ ਪ੍ਰਦਾਨ ਕੀਤੇ ਗਏ ਆਦਰਸ਼ਾਂ ਦਾ ਅਮਲੀ ਪ੍ਰਗਟਾਵਾ ਕਰਦੇ ਹਨ। ਇਸ ਦ੍ਰਿਸ਼ਟੀ ਤੋਂ ਗੁਰੂ ਜੀ ਦੀ ਇਹ ਵਾਰਤਕ ਰਚਨਾ ਧਰਮ ਅਤੇ ਇਤਿਹਾਸ ਦੀਆਂ ਘਟਨਾਵਾਂ ਨੂੰ ਪ੍ਰਗਟ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ, ਇਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਤਿਹਾਸ ਦੀਆਂ ਗੰਭੀਰ ਗੁੰਝਲਾਂ ਖੋਲ੍ਹਣ ਦਾ ਮਾਰਗ ਇਹਨਾਂ ਹੁਕਮਨਾਮਿਆਂ ਰਾਹੀਂ ਸਾਹਮਣੇ ਆਇਆ ਹੈ ਜਿਵੇਂ ਸ੍ਵਰੂਪ ਸਿੰਘ ਕੌਸ਼ਿਸ਼ ਦੀ ਰਚਨਾ *ਗੁਰੂ ਕੀਆਂ ਸਾਖੀਆਂ* ਅਤੇ ਕੇਸਰ ਸਿੰਘ ਛਿੱਬਰ ਦੀ ਰਚਨਾ *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* ਆਦਿ ਸਰੋਤਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦੀ ਤਰੀਕ 1661 ਦੱਸੀ ਗਈ ਹੈ। ਗੁਰੂ ਤੇਗ ਬਹਾਦਰ ਜੀ ਦੁਆਰਾ ਲਿਖੇ ਹੁਕਮਨਾਮੇ ਦੱਸਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਢਾਕਾ ਵਿਖੇ ਸਨ ਜਦੋਂ ਇਹਨਾਂ ਨੂੰ ਗੋਬਿੰਦ ਦਾਸ (ਗੁਰੂ ਗੋਬਿੰਦ ਸਿੰਘ) ਜੀ ਦੇ ਪ੍ਰਕਾਸ਼ ਦੀ ਖ਼ਬਰ ਮਿਲੀ ਸੀ। ਇਸ ਖ਼ੁਸ਼ਗਵਾਰ ਮੌਕੇ ਗੁਰੂ ਤੇਗ ਬਹਾਦਰ ਜੀ ਪਟਨਾ ਸਾਹਿਬ ਵਿਖੇ ਵਧਾਈ ਦਾ ਹੁਕਮਨਾਮਾ ਭੇਜਦੇ ਹਨ:

'ਸਰਬਤ ਸੰਗਤਿ ਪਟਣੇ ਕੀ ਜਿਨਿ ਸਿਖ ਵਾਹਗੁਰੂ ਕੀਆ ਹੈ ਤਿਸ ਕੇ ਮਨੋਰਥ ਪੂਰੇ ਹੋਵਹਿਗੇ ਗੋਬਿੰਦ ਦਾਸ ਕੀ ਬਧਾਈ ਉਪਰਿ ਸੰਗਤਿ ਖਰਚ ਕੀਆ ਗੁਰੂ ਕੀ ਦਰਗਹ ਥਾਇ ਪਯਾ।' ਗੁਰੂ ਤੇਗ ਬਹਾਦਰ ਜੀ ਗੁਰਿਆਈ ਧਾਰਨ ਕਰਨ ਤੋਂ ਬਾਅਦ ਹੀ ਹੁਕਮਨਾਮਾ ਜਾਰੀ ਕਰ ਸਕਦੇ ਸਨ। 1664 ਵਿਚ ਦੀਵਾਲੀ ਮੌਕੇ ਮੱਖਣ ਸ਼ਾਹ ਲੁਬਾਣਾ ਗੁਰੂ ਜੀ ਨੂੰ ਸੁੱਖਣਾ ਦੀਆਂ 500 ਮੋਹਰਾਂ ਭੇਟ ਕਰਨ ਲਈ ਆਇਆ ਸੀ ਅਤੇ 'ਗੁਰੂ ਲਾਧੋ ਰੇ' ਵਾਲੀ ਸਾਖੀ ਵੀ ਇਸੇ ਸਮੇਂ ਨਾਲ ਜੁੜੀ ਹੋਈ ਹੈ। ਇਸ ਤੋਂ ਬਾਅਦ ਗੁਰੂ ਜੀ ਨੇ ਅੰਮ੍ਰਿਤਸਰ ਦੀ ਯਾਤਰਾ ਕਰਨ ਉਪਰੰਤ ਕੀਰਤਪੁਰ ਸਾਹਿਬ ਵਿਖੇ ਪਹੁੰਚ ਕੇ 1665 ਵਿਚ ਮਾਖੋਵਾਲ (ਅਨੰਦਪੁਰ ਸਾਹਿਬ) ਦੀ ਸਥਾਪਨਾ ਦਾ ਕਾਰਜ ਅਰੰਭ ਕੀਤਾ ਸੀ। 19 ਜੂਨ ਨੂੰ ਹਰ ਸਾਲ ਅਨੰਦਪੁਰ ਸਾਹਿਬ ਜੀ ਦਾ ਸਥਾਪਨਾ ਦਿਵਸ ਮਨਾਇਆ ਜਾਂਦਾ ਹੈ। ਇਸ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਪੂਰਬ ਦੀ ਪ੍ਰਚਾਰ-ਯਾਤਰਾ 'ਤੇ ਗਏ ਸਨ। ਪਰਿਵਾਰ ਸਮੇਤ ਜਦੋਂ ਗੁਰੂ ਤੇਗ ਬਹਾਦਰ ਜੀ ਪ੍ਰਯਾਗ (ਪੁਰਤਾਨ ਇਲਾਹਾਬਾਦ) ਪਹੁੰਚੇ ਤਾਂ ਉਸ ਅਸਥਾਨ ਨਾਲ ਸੰਬੰਧਿਤ ਇਕ ਸ਼ਬਦ ਗੁਰੂ ਗੋਬਿੰਦ

ਸਿੰਘ ਜੀ ਆਪਣੀ ਰਚਨਾ *ਬਚਿਤ੍ਰ ਨਾਟਕ* ਵਿਚ ਦਰਜ ਕਰਦੇ ਹਨ। ਇਹ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਜਗਤ ਵਿਚ ਆਉਣ ਤੋਂ ਪਹਿਲਾਂ ਦਾ ਹੈ ਪਰ ਇਸ ਵਿਚ ਗੁਰੂ ਤੇਗ ਬਹਾਦਰ ਜੀ ਦੁਆਰਾ ਪੂਰਬ ਦੀ ਪ੍ਰਚਾਰ-ਯਾਤਰਾ, ਇਸ ਯਾਤਰਾ ਦੌਰਾਨ ਪੁੰਨ-ਦਾਨ ਦੇ ਪਰਉਪਕਾਰੀ ਕਾਰਜ ਕਰਨ ਅਤੇ ਦਸਵੇਂ ਪਾਤਸ਼ਾਹ ਦੇ ਮਾਤ-ਗਰਭ ਵਿਚ ਆਉਣ ਦਾ ਸੰਕੇਤ ਕਰਦਾ ਹੈ। ਪ੍ਰਯਾਗ ਤੋਂ ਜਦੋਂ ਗੁਰੂ ਤੇਗ ਬਹਾਦਰ ਜੀ ਪਟਨਾ ਸਾਹਿਬ ਪਹੁੰਚੇ ਸਨ ਤਾਂ ਪਰਿਵਾਰ ਨੂੰ ਇੱਥੇ ਹੀ ਛੱਡ ਕੇ ਅੱਗੇ ਬੰਗਾਲ ਵੱਲ ਚਲੇ ਗਏ ਸਨ। ਪਟਨਾ ਸਾਹਿਬ ਵਿਖੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਸੰਬਰ 1666 ਵਿਚ ਹੋਇਆ ਮੰਨਿਆ ਜਾਂਦਾ ਹੈ; ਇਸ ਸਮੇਂ ਗੁਰੂ ਤੇਗ ਬਹਾਦਰ ਜੀ ਢਾਕਾ ਵਿਖੇ ਮੌਜੂਦ ਸਨ ਅਤੇ ਉੱਥੋਂ ਹੀ ਉਹਨਾਂ ਨੇ ਪਟਨਾ ਦੀ ਸੰਗਤ ਦੇ ਨਾਂ ਗੋਬਿੰਦ ਦਾਸ ਜੀ ਦੀ ਵਧਾਈ ਦਾ ਹੁਕਮਨਾਮਾ ਭੇਜਿਆ ਸੀ। ਇਸ ਦ੍ਰਿਸ਼ਟੀ ਤੋਂ ਜਿਹੜੇ ਸਰੋਤ 1661 ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਣਾ ਦੱਸਦੇ ਹਨ, ਗੁਰੂ ਜੀ ਦੁਆਰਾ ਪਟਨਾ ਸਾਹਿਬ ਦੀ ਸੰਗਤ ਦੇ ਨਾਂ ਭੇਜੇ ਹੁਕਮਨਾਮੇ ਦੇ ਸਾਹਮਣੇ ਆਉਣ ਨਾਲ ਆਪਣੇ ਆਪ ਰੱਦ ਹੋ ਜਾਂਦੇ ਹਨ।

ਇਹਨਾਂ ਹੁਕਮਨਾਮਿਆਂ ਵਿਚੋਂ ਸੰਗਤ ਨੂੰ ਗੁਰੂ-ਘਰ ਨਾਲ ਜੋੜਨ, ਪਰਿਵਾਰ ਦੀ ਸਾਂਭ-ਸੰਭਾਲ ਕਰਨ, ਰਸਤੇ ਦੀਆਂ ਮੁਸ਼ਕਲਾਂ ਹੱਲ ਕਰਨ ਆਦਿ ਦੇ ਨਾਲ-ਨਾਲ ਨਾਂਵਾਂ ਅਤੇ ਥਾਂਵਾਂ ਸੰਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ। ਗੁਰੂ ਜੀ ਦੇ ਹੁਕਮਨਾਮਿਆਂ ਵਿਚੋਂ ਜਿਹੜੇ ਮੁਖੀ ਸਿੱਖਾਂ ਦੇ ਨਾਂ ਸਾਹਮਣੇ ਆਏ ਹਨ, ਉਹ ਇਸ ਤਰ੍ਹਾਂ ਹਨ - ਉਗਰ ਸੈਣ, ਅਨੀਰਾਇ, ਅਨੰਤਦਾਸ, ਅਨੰਤਾ, ਅਮਾਲੀਆ, ਸਦਾਨੰਦ, ਸਾਧੂ, ਸੁਭਕਰਣ, ਸਭਾਚੰਦ, ਸੁਖਦੇਉ, ਸੁਚਾ ਰਾਮ, ਸੁਫੇਰ ਚੰਦ, ਸੁਜਾਰਾਮੁ, ਸੇਠ, ਸੰਕਰਦਾਸੁ, ਸੰਗਤਿ ਦਾਸੁ, ਸੋਭ ਚੰਦ, ਸਿਭੂ, ਸਿੰਘਾ, ਹਰਕਿਸਨ, ਹਰਕੇਸ, ਹਰਜੀਮਲੁ, ਹੀਰਾ ਨੰਦੂ, ਹੀਰਾ ਮੰਨ, ਕਲਆਨ ਮਲ, ਕਵਲਨੈਨ, ਕਲਿਆਨ ਦਾਸ, ਕਲਿਆਨ ਮਲੁ, ਕਿਰਪਾਲੁ, ਕਿਰਪਾਲ ਦਾਸ, ਕਿਰਪਾਲਾ, ਕੇਵਲਰਾਮ, ਕੋਕਾ, ਗਜਮਲ, ਗਜੂਆ, ਗੁਜਰਮਲੁ, ਗੁਰਦਾਸੁ, ਗੁਲਾਲਚੰਦ, ਗੰਗਾ ਰਾਮ, ਘਨਿਸਿਆਮੁ, ਚਤਰਭੋਜ, ਚਿੰਤਾ, ਚਿਮਨਾ, ਚੇਤਨੁ, ਚੈਨਸੁਖ, ਛਜੂਮਲੁ, ਛਬੀਲਦਾਸੁ, ਛਬੀਲਾ, ਛੁਟਮਲ, ਛੁਟਮਨ, ਜਸੋਧਾ ਨੰਦਨ, ਜਗਦੇਉ, ਜਗਮੰਨੁ, ਜਟਮਲੁ, ਜਵੇਹਰਿ ਮਲੁ, ਜਾਦੋ ਘਾਸੀ, ਜੇਠਮਲੁ, ਜੈ ਸਿੰਘ, ਝਬਰ ਸਿੰਘ, ਡੇਡਮਲ, ਦਰਬਾਰੀ, ਦਰੀਆ, ਦਲਪਤਿ ਦਾਸ, ਦਲਪਤਿ ਰਾਇ, ਦਾਸ ਭੋਤੀ ਸੇਠ, ਦਿਆਲਦਾਸੁ, ਦੀਨ ਦਿਆਲ, ਦੀਨਾਨਾਥੁ, ਦੁਰਗ ਦਾਸ, ਨੈਨਸੁਖ, ਨੰਦ ਕੁਆਰ, ਨੰਦ ਰੂਪ, ਨੰਦ ਲਾਲ, ਪਹਲਾਦ ਦਾਸ, ਪਰਸਰਾਮੁ, ਪਰਾਨ ਨਾਥ, ਪਰੀਤਮ ਦਾਸ, ਪਾਲਾ, ਪੇੜੀ ਬਾਈ, ਫਤਹਚੰਦ, ਫਾਗੁ (ਫਗੁ) ਸਾਹ, ਫੇਰੂ, ਬਸੰਤਰਾਇ, ਬਖਸ਼ੀ, ਬਠਾ, ਬਲੀਰਾਮ, ਬਾਘਾ, ਬਾਬੂ ਰਾਇ, ਬਾਲ ਕਿਸਨ, ਬਾਲ ਗੋਬਿੰਦ, ਬਾਲ ਚੰਦੁ, ਬਾਲਾ, ਬਿੰਦਰਾਬਨ, ਬੈਜਨਾਥੁ, ਬੰਸੀ, ਬੰਸੀਧਰ, ਭਗਤਾ, ਭਗਵਾਨੁ, ਭਗਵਾਨ ਦਾਸੁ, ਭਾਗੁ ਮਲ, ਭਾਰਾ, ਭਿਖਾਰੀ ਦਾਸ, ਭੋਤੀ, ਭੋਜਰਾਇ, ਭੋਜਰਾਜ, ਮਹਾਂਨੰਦ, ਮਹਾਰਾਜ, ਮਨਸੁਖ, ਮਨੀ ਰਾਮ, ਮਲਾ, ਮਲੂਕ ਦਾਸੀਆ, ਮਲੂਕਾ, ਮਾਛੀ, ਮਾਨ ਸਿੰਘ, ਮਾਨਾ, ਮਾਨਜੀ, ਮਿਹਰਚੰਦ, ਮਿਤਰ ਸੈਣ, ਮੋਹਨਦਾਸ, ਮੁਰਲੀ, ਮੁਰਲੀਧਰ, ਮੂਲਾ, ਰਘੁਨਾਥ, ਰਾਘੋ ਦਾਸ, ਰਾਮਚੰਦੂ, ਰਾਮਦਾਸ, ਰਾਮਰਾਇ, ਰਾਮਾ, ਰਾਮਾਨੰਦ, ਰੂਪ ਨਰਾਇਣ, ਰੂਪਨ, ਲਛੂਆ, ਲਾਲਮੰਨ, ਲਾਲ ਚੰਦ, ਲਾਲੁ।

ਇਹਨਾਂ ਸਿੱਖ ਸੰਗਤਾਂ ਦੇ ਨਾਲ-ਨਾਲ ਹੁਕਮਨਾਮਿਆਂ ਵਿਚੋਂ ਅਜਿਹੇ ਨਾਂ ਵੀ ਸਾਹਮਣੇ ਆਉਂਦੇ ਹਨ ਜਿਹੜੇ ਇਲਾਕੇ ਦੇ ਮਸੰਦ ਅਤੇ ਗੁਰੂ ਸਾਹਿਬ ਦੇ ਨਾਲ ਨਿਰੰਤਰ ਸੰਪਰਕ ਵਿਚ ਸਨ ਜਿਵੇਂ ਪਟਣ ਦੀ ਸੰਗਤ ਦੇ ਨਾਂ ਭੇਜੇ ਹੁਕਮਨਾਮੇ ਵਿਚ ਲਿਖਿਆ ਹੈ, 'ਭਾਈ ਬਠਾ ਸ੍ਰੀ ਗੁਰੂ ਜੀਉ ਦਾ ਪੁਤੁ ਹੈ ਆਖੈ ਸੋ ਸਰਬਤ ਸੰਗਤਿ ਮੰਨਣਾ', 'ਜੋ ਸਿਖ ਭਾਈ ਬਠੇ ਨਾਲਿ ਦਰਸਨਿ ਅਵਗੁ ਸੋ ਨਿਹਾਲੁ ਹੋਗੁ'। ਭਾਈ ਦਿਆਲ ਦਾਸ ਨੂੰ ਗੁਰੂ ਤੇਗ ਬਹਾਦਰ ਜੀ ਆਪਣੇ ਪਰਿਵਾਰ ਕੋਲ ਛੱਡ ਕੇ ਅੱਗੇ ਚਲੇ ਗਏ ਸਨ। ਗੁਰੂ ਜੀ ਦੁਆਰਾ ਪਟਨਾ ਸਾਹਿਬ ਦੀ ਸੰਗਤ ਦੇ ਨਾਂ ਲਿਖੇ ਹੁਕਮਨਾਮਿਆਂ ਵਿਚ ਇਹਨਾਂ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ ਅਤੇ ਹੁਕਮਨਾਮਿਆਂ ਦੇ ਅੰਦਰ

ਵੀ ਇਹਨਾਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ ਜਿਸ ਤੋਂ ਇਹਨਾਂ ਦੀ ਗੁਰੂ ਜੀ ਨਾਲ ਨੇੜਤਾ ਦਾ ਪ੍ਰਗਟਾਵਾ ਹੁੰਦਾ ਹੈ।

ਭਾਈ ਦਿਆਲ ਦਾਸ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਡੇਡਮਲ ਸਰਬਤਿ ਸੰਗਤਿ ਗੁਰੂ ਰਖੇਗਾ ਕੂਚ ਕੀਏ ਹਮ ਕੋ ਚਾਰ ਦਿਨ ਹੋਏ ਰਹਿ ਰਾਜੇ ਜੀ ਕੇ ਕੂਚ ਕੀਏ ਸਾਤ ਰੋਜ ਹੂਏ ਤੇ ਤੁਮਾਰੇ ਵਾਸਤੇ ਹਮੋ ਨੇ ਮੁਕਾਮ ਕੀਏ ਹੈ ਰਾਤ ਰਾਤ ਕਰਿ ਕੈ ਬਹੁਤ ਸਿਤਾਬੀ ਸਾਥ ਹਮਾਰੇ ਪਾਸ ਆਇ ਪਹੁਚਣਾ ਦਉੜਨ ਵਾਲਾ ਕੋਸਾ ਕਰਿ ਕੇ ਆਠ ਪਹਰ ਮੋ ਆਇ ਪਹੁਚਣਾ ਢੀਲ ਪਾਉ ਘੜੀ ਕੀ ਨਾਹੀ ਕਰਣੀ। ਹਮ ਤੁਮਾਰਾ ਬੈਠੇ ਰਾਹ ਦੇਖਦੇ ਹਾ ਬਹੁਤ ਸਿਤਾਬੀ ਆਵਣਾ ਗੁਰੂ ਸੰਗਤਿ ਕੀ ਬਾਹੁੜੀ ਕਰੇਗਾ।

ਭਾਈ ਦਿਆਲ ਦਾਸ ਦੀ ਗੁਰੂ-ਘਰ ਪ੍ਰਤੀ ਦ੍ਰਿੜ੍ਹਤਾ, ਨਿਸ਼ਠਾ, ਨੇੜਤਾ ਅਤੇ ਸੇਵਾ ਗੁਰੂ ਸਾਹਿਬ ਦੁਆਰਾ ਪਟਨਾ ਅਤੇ ਬਨਾਰਸ ਦੇ ਸਿੱਖਾਂ ਨੂੰ ਜਾਰੀ ਕੀਤੇ ਹੁਕਮਨਾਮਿਆਂ ਵਿਚੋਂ ਦੇਖਣ ਨੂੰ ਮਿਲਦੀ ਹੈ। ਗੁਰੂ ਜੀ ਸੰਗਤ ਨੂੰ ਆਦੇਸ਼ ਕਰਦੇ ਹਨ ਕਿ ਭਾਈ ਦਿਆਲ ਦਾਸ ਦੀ ਗੱਲ ਨੂੰ ਗੁਰੂ ਦਾ ਹੁਕਮ ਪ੍ਰਵਾਨ ਕਰਨ, 'ਭਾਈ ਦਿਆਲ ਦਾਸ ਕਹੈ ਸੰਗਤਿ ਗੁਰੂ ਕਾ ਹੁਕਮ ਕਰਿ ਮੰਨਣਾ'। ਬਨਾਰਸ ਵਿਖੇ ਭਾਈ ਜਵੇਹਰੀ ਮੱਲ ਮਸੰਦ ਸੀ ਅਤੇ ਪਹਿਲਾਂ ਇਹ ਬਨਾਰਸ ਦੀ ਸੰਗਤ ਦੀ ਕਾਰ-ਭੇਟ ਭਾਈ ਕਲਿਆਣ ਦਾਸ ਰਾਹੀਂ ਗੁਰੂ-ਘਰ ਪਹੁੰਚਾਇਆ ਕਰਦਾ ਸੀ:

ਭਾਈ ਜਵੇਹਰਿ ਮਲੁ ਸਰਬਤਿ ਸੰਗਤਿ ਬਨਾਰਸ ਕੀ ਗੁਰੂ ਰਖੈਗਾ ਭਾਈ ਕਲਿਆਣਿ ਦਾਸੁ ਹਜੂਰਿ ਆਇਆ ਸੰਗਤਿ ਕਾ ਮੁਜਰਾ ਦਿਤਾ ਭਾਈ ਕਲਿਆਨ ਦਾਸੁ ਦਾ ਹਰਿ ਭਾਂਤਿ ਖਸਮਾਨਾ ਕਰਣਾ ਨਿਹਾਲੁ ਹੋਏ।

ਇਸ ਤੋਂ ਬਾਅਦ ਵਾਲੇ ਹੁਕਮਨਾਮਿਆਂ ਵਿਚ ਗੁਰੂ ਜੀ ਦੁਆਰਾ ਭਾਈ ਜਵੇਹਰੀ ਮਲ ਨੂੰ ਭਾਈ ਦਿਆਲ ਦਾਸ ਰਾਹੀਂ ਕਾਰ-ਭੇਟ ਗੁਰੂ-ਘਰ ਭੇਜਣ ਦੀ ਤਾਕੀਦ ਕਰਦੇ ਹੋਏ ਕਿਹਾ ਗਿਆ ਹੈ, 'ਕਾਰਬਾਰ ਲੋਚ ਕੇ ਸੰਗਤਿ ਭਾਈ ਜਵੇਹਰੀ ਨੋ ਦੇਣੀ ਜਵੇਹਰੀ ਭਾਈ ਦਿਆਲ ਦਾਸ ਪਾਸ ਪਹੁਚਾਵੇਗਾ ਹਜੂਰਿ ਪਹੁਚੇਗੀ', 'ਸਰਬਤਿ ਸੰਗਤਿ ਬਨਾਰਸ ਕੇ ਸੂਬੇ ਕੀ ਗੁਰੂ ਰਖੇਗਾ ਕਾਰਬਾਰ ਹੋਵੇ ਸੰਗਤਿ ਨੇ ਭਾਈ ਦਿਆਲ ਦਾਸ ਪਾਸ ਪਹੁਚਾਵਣੀ ਹਜੂਰ ਪਹੁਚੇਗੀ'। ਗੁਰੂ ਜੀ ਭਾਈ ਦਿਆਲ ਦਾਸ ਤੱਕ ਪਹੁੰਚੀ ਕਾਰ-ਭੇਟ ਨੂੰ ਗੁਰੂ-ਘਰ ਪਹੁੰਚਣ ਦੀ ਜਾਣਕਾਰੀ ਦਿੰਦੇ ਹੋਏ ਦੱਸਦੇ ਹਨ, 'ਪਿਛੇ ਕਾਰ ਦਿਆਲ ਦਾਸ ਪਾਸ ਭੇਜੀ ਥੀ ਸਭ ਹਜੂਰਿ ਪਹੁਚੀ', 'ਅਸੀਹ ਰੁਪਯੇ ਕਾਰ ਕੇ ਪਹੁਚੇ ਆਗੇ ਕਾਰਬਾਰ ਹੋਇ ਸੰਗਤਿ ਭਾਈ ਦਿਆਲ ਦਾਸ ਕੋ ਲੋਚ ਕੇ ਦੇਣੀ ਹਜੂਰਿ ਪਹੁਚੇਗੀ'।

ਗੁਰੂ ਜੀ ਦੇ ਹੁਕਮਨਾਮਿਆਂ ਵਿਚੋਂ ਸੰਗਤ ਨੂੰ ਪਰਮਾਤਮਾ ਨਾਲ ਜੁੜਨ ਅਤੇ ਸਦਾਚਾਰਕ ਜੀਵਨ ਬਸਰ ਕਰਨ ਦੀ ਵਾਰ-ਵਾਰ ਤਾਕੀਦ ਕੀਤੀ ਗਈ ਹੈ। ਵਾਰਤਕ ਰੂਪ ਵਿਚ ਲਿਖੇ ਗਏ ਇਹ ਹੁਕਮਨਾਮੇ ਗੁਰਬਾਣੀ ਸਿਧਾਂਤਾਂ ਦਾ ਪ੍ਰਗਟਾਵਾ ਕਰਦੇ ਹਨ। ਸੰਗਤ ਨੂੰ ਪਰਮਾਤਮਾ ਨਾਲ ਜੁੜਨ ਅਤੇ ਗੁਰੂ ਦੇ ਦਰਸਾਏ ਮਾਰਗ 'ਤੇ ਚੱਲਦੇ ਹੋਏ ਧਰਮ ਦੀ ਕਿਰਤ ਕਰਨ ਲਈ ਪ੍ਰੇਰਿਤ ਕਰਦੇ ਹੋਏ ਕਿਹਾ ਗਿਆ ਹੈ, 'ਜਿਨਿ ਸਿਖ ਵਾਹਗੁਰੂ ਕੀਆ ਹੈ ਤਿਸ ਕੇ ਮਨੋਰਥ ਪੂਰੇ ਹੋਵਹਿਗੇ', 'ਜਿਨ ਸਿਖ ਵਾਹਗੁਰੂ ਕੀਆ ਹੈ ਸਭਨਾ ਕੇ ਮਨੋਰਥ ਗੁਰੂ ਪੂਰੇ ਕਰੇਗਾ', 'ਗੁਰੂ ਗੁਰੂ ਜਪਣਾ ਜਨਮੁ ਸਉਰੇ', 'ਗੁਰੂ ਸੰਗਤਿ ਦੀ ਕਿਰਤਿ ਵਿਚਿ ਬਰਕਤਿ ਕਰੈਗਾ', 'ਜੇਹਾ ਲੋਚਹੁਗੇ ਤੇਹਾ ਸੰਗਤਿ ਦਾ ਰਿਜਕੁ ਵਧੇਗਾ'।

ਗੁਰੂ ਜੀ ਦੇ ਹੁਕਮਨਾਮਿਆਂ ਵਿਚ ਸੰਗਤ ਨੂੰ ਮਾਇਆ ਤੋਂ ਇਲਾਵਾ ਉਹ ਵਸਤਾਂ ਗੁਰੂ-ਘਰ ਲਈ ਭੇਜਣ ਵਾਸਤੇ ਕਿਹਾ ਗਿਆ ਹੈ ਜਿਨ੍ਹਾਂ ਦੀ ਲੋੜ ਮਹਿਸੂਸ ਕੀਤੀ ਜਾਂਦੀ ਸੀ ਜਿਵੇਂ 'ਦੋ ਕੋੜੀਆ ਪਗਾ ਬਿਹਾਰ ਕੀ ਭੇਜਣੀ', 'ਸਤਰੀ ਰੁਪਯਾ ਕੀ ਵਸਤ ਲਿਖੀ ਹੈ ਡੇਰੇ ਕੇ ਵਾਸਤੇ ਹੁਕਮੁ ਦੇਖਦੇ ਹੀ ਵਸਤ ਭੇਜਣੀ', 'ਕਾਰ ਭੇਟ ਕਪੜੇ ਭਾਈ ਮਿਹਰਚੰਦ ਭਾਈ ਕਲਿਆਨਿ ਰਾਇ ਹਥਿ ਭੇਜੀ ਥੀ ਸੋ ਹਜੂਰਿ ਪਹੁਚੀ', 'ਇਕ ਸੁਹੇਲਾ ਤਿਨ ਕਨਾਤਾਂ ਇਕ ਸੇਹਤਖਾਨਾ ਖਾਸੇ ਡੇਰੇ ਨੂੰ ਭੇਜਣਾ ਤਿਨ ਕਨਾਤਾਂ ਇਕ ਕਲੰਦਰੀ ਰਸੋਇ ਨੋ ਭੇਜਣੀ ਇਕੁ ਰਾਵਟੀ ਪੰਜ ਗਜੀ ਹੋਰ ਭੇਜਣੀ ਅੰਦਰ ਦਾ ਡੇਰਾ ਕਨਾਤਾਂ ਹੋਰ ਸਾਜ ਭਾਈ ਮਲੂ ਮਿਹਰੇ ਕੇ ਹਵਾਲੇ ਕਰਣਾ', 'ਹਛੈ ਬਾਸਣ ਭੇਜਣੇ

ਸੰਗਤਿ ਕੀ ਬਾਹੜੀ ਹੋਗੁ ਛਿਅ ਰੇਜੇ ਖਾਰਵੇ ਕੇ ਸਉ ਗਜਾ ਕੋਰਾ ਦਹਸੇਰ ਤਣਾਵਾ ਦਹਸੇਰ ਨਵਾਰ ਭੇਜਣੀ', ਆਦਿ। ਗੁਰੂ ਜੀ ਦੇ ਹੁਕਮਨਾਮੇ ਰਾਹੀਂ ਪ੍ਰਗਟ ਹੁੰਦੀ ਕਾਰ-ਭੇਟ ਦੀ ਵਿਭਿੰਨਤਾ ਗੁਰੂ-ਘਰ ਦੇ ਆਰਥਿਕ ਵਿਕਾਸ ਅਤੇ ਬਹੁ-ਪੱਖੀ ਪਦਾਰਥਕ ਲੋੜਾਂ ਨੂੰ ਪੂਰਾ ਕਰਨ 'ਤੇ ਕੇਂਦਰਿਤ ਹੈ।

ਹੁਕਮਨਾਮੇ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਗੁਰੂ-ਘਰ ਦੇ ਪ੍ਰਬੰਧ ਅਤੇ ਸਿੱਖਾਂ ਦੀ ਗੁਰੂ-ਘਰ ਪ੍ਰਤੀ ਸੇਵਾ ਅਤੇ ਨਿਸ਼ਠਾ ਦਾ ਪ੍ਰਗਟਾਵਾ ਕਰਦੇ ਹਨ। ਗੁਰੂ ਜੀ ਦਾ ਹਿਰਦਾ ਸੰਗਤ ਲਈ ਅਸੀਸਾਂ ਅਤੇ ਬਖ਼ਸ਼ਿਸ਼ਾਂ ਨਾਲ ਭਰਿਆ ਹੋਇਆ ਹੈ ਅਤੇ ਉਹ ਖੁੱਲ੍ਹੇ ਦਿਲ ਨਾਲ ਲੋੜਵੰਦਾਂ ਦੀ ਸੇਵਾ ਕਰਨ ਅਤੇ ਇਸ ਕਾਰਜ ਲਈ ਯੋਗਦਾਨ ਪਾਉਣ ਵਾਲਿਆਂ ਦੇ ਕਾਰੋਬਾਰ, ਰੋਜਗਾਰ ਆਦਿ ਵਿਚ ਵਾਧਾ ਕਰਨ ਦੀਆਂ ਅਸੀਸਾਂ ਦਿੰਦੇ ਹਨ। ਗੁਰੂ-ਘਰ ਨਾਲ ਜੁੜੇ ਹੋਏ ਸਿੱਖ ਨੂੰ ਹੋਰ ਕਿਧਰੇ ਭਟਕਣ ਦੀ ਲੋੜ ਨਹੀਂ ਉਸ ਦੇ ਸਮੂਹ ਮਨੋਰਥ ਗੁਰੂ ਸਾਹਿਬ ਆਪ ਪੂਰਾ ਕਰਨ ਦਾ ਅਸ਼ੀਰਵਾਦ ਦਿੰਦੇ ਹਨ, 'ਗੁਰੂ ਸਰਬ ਸੁਖ ਦੇਗ', 'ਜੁ ਸਿਖ ਸੇਵਾ ਕਰੇਗਾ ਤਿਸ ਕੇ ਰੁਜਗਾਰ ਮੋ ਬਰਕਤਿ ਹੋਵੇਗੀ', 'ਸੰਗਤ ਕੇ ਰੁਜਗਾਰ ਵਿਚਿ ਗੁਰੂ ਬਰਕਤਿ ਕਰੇਗਾ', 'ਜੋ ਸਿਖੁ ਦਰਸਨ ਕੋ ਆਵੈਗਾ ਤਿਸ ਕੇ ਮਨੋਰਥ ਗੁਰੂ ਪੂਰੇ ਕਰੇਗਾ', 'ਸਭਨਾ ਕੇ ਮਨੋਰਥ ਗੁਰੂ ਪੂਰੇ ਕਰੇਗਾ', 'ਗੁਰੂ ਸੰਗਤਿ ਕੀ ਬਾਹੁੜੀ ਕਰੇਗਾ'।

ਹੁਕਮਨਾਮਿਆਂ ਵਿਚ ਕੁੱਝ ਅਜਿਹੇ ਅਸਥਾਨ ਸਿੱਖ ਕੇਂਦਰਾਂ ਵਜੋਂ ਸਾਹਮਣੇ ਆਉਂਦੇ ਹਨ ਜਿੱਥੇ ਬਹੁ-ਗਿਣਤੀ ਸਿੱਖ ਮੌਜੂਦ ਸਨ। ਇਹਨਾਂ ਅਸਥਾਨਾਂ ਰਾਹੀਂ ਗੁਰੂ ਸਾਹਿਬ ਸਿੱਖੀ ਦੇ ਕਾਰਜ ਕਰਦੇ ਅਤੇ ਸਥਾਨਿਕ ਸੰਗਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਇਹਨਾਂ ਨੂੰ ਪ੍ਰੇਰਨਾ ਦਿੰਦੇ ਸਨ। ਇਹਨਾਂ ਅਸਥਾਨਾਂ 'ਤੇ ਮੁਖੀ ਸਿੱਖ ਨਿਯੁਕਤ ਕੀਤੇ ਜਾਂਦੇ ਸਨ ਜਿਹੜੇ ਸਥਾਨਿਕ ਸੰਗਤ ਨੂੰ ਗੁਰੂ-ਘਰ ਨਾਲ ਜੋੜਨ ਅਤੇ ਉਹਨਾਂ ਦੀਆਂ ਸਮੱਸਿਆਵਾਂ ਦਾ ਨਿਵਾਰਨ ਕਰਨ ਲਈ ਯਤਨਸ਼ੀਲ ਰਹਿੰਦੇ ਸਨ। ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਵਿਚ ਇਹਨਾਂ ਅਸਥਾਨਾਂ ਦਾ ਵਿਸ਼ੇਸ਼ ਵਰਨਨ ਆਇਆ ਹੈ - 'ਪਟਣ ਦੀ ਸੰਗਤਿ ਸ੍ਰੀ ਗੁਰੂ ਜੀਉ ਦਾ ਖਾਲਸਾ ਹੈ', 'ਰਮਦਾਸ ਜਗਦੇਉ ਦਾ ਘਰੁ ਹੈ ਸੋ ਗੁਰੂ ਦਾ ਹੈ', 'ਸਰਬਤ ਸੰਗਤਿ ਬਨਾਰਸ ਕੀ ਗਿਰਦ ਨਿਵਾਹੀ ਕੀ ਗੁਰੂ ਰਖੈਗਾ', 'ਸਰਬਤਿ ਸੰਗਤ ਮਿਰਜਾਪੁਰ ਕੀ ਗੁਰੂ ਰਖੇਗਾ', 'ਪਟਣਾ ਗੁਰੂ ਕਾ ਘਰ ਹੈ', 'ਦਿਲੀ ਭਾਈ ਕਲਿਆਣੇ ਦੀ ਧਰਮਸਾਲਾ ਪਹੁਚਾਵਣੇ' ਆਦਿ।

ਗੁਰੂ ਤੇਗ ਬਹਾਦਰ ਜੀ ਸੰਗਤ ਨੂੰ ਪਰਮਾਤਮਾ ਦੇ ਮਾਰਗ ਨਾਲ ਜੋੜਨ ਲਈ ਪੂਰਬ ਦੀਆਂ ਪ੍ਰਚਾਰ-ਯਾਤਰਾਵਾਂ ਕਰ ਰਹੇ ਸਨ। ਇਸ ਸਫ਼ਰ ਦੌਰਾਨ ਰਸਤੇ ਦੀਆਂ ਔਕੜਾਂ ਦਾ ਗੁਰੂ ਜੀ ਪੂਰਨ ਸੁਹਿਰਦਤਾ ਨਾਲ ਨਿਵਾਰਨ ਕਰਦੇ ਸਨ। ਬਨਾਰਸ ਵਿਖੇ ਗੁਰੂ ਜੀ ਦਾ ਘੋੜਾ ਸਿਰੀਧਰ ਬੀਮਾਰ ਹੋ ਗਿਆ ਤਾਂ ਉਹਨਾਂ ਬਨਾਰਸ ਦੀ ਸੰਗਤ ਨੂੰ ਇਸਦੀ ਸੇਵਾ ਕਰਨ ਅਤੇ ਤੰਦਰੁਸਤ ਹੋਣ 'ਤੇ ਪਟਨਾ ਸਾਹਿਬ ਵਿਖੇ ਪਹੁੰਚਾਉਣ ਦਾ ਆਦੇਸ਼ ਦਿੰਦੇ ਹੋਏ ਕਿਹਾ:

> ਸਿਰੀਧਰ ਕੀ ਸੰਗਤਿ ਸੇਵਾ ਕਰਣੀ ਅਲੂਫਾ ਸਿਰੀਧਰ ਨੋ ਦੇਣਾ ਸਿਰੀਧਰ ਜਿਤ ਵੇਲਾ ਚੰਗਾ ਹੋਵੇਗਾ ਤਾਂ ਪਟਣੇ ਪਹੁਚਾਇ ਦੇਣਾ।

ਇਸ ਹੁਕਮਨਾਮੇ ਵਿਚੋਂ ਗੁਰੂ ਜੀ ਦੇ ਕੋਮਲ ਹਿਰਦੇ ਦੇ ਦਰਸ਼ਨ ਹੁੰਦੇ ਹਨ। ਬੀਮਾਰ ਘੋੜੇ ਨੂੰ ਅਰਾਮ ਅਤੇ ਦਵਾਈ ਦੀ ਲੋੜ ਸੀ, ਜਬਰੀ ਆਪਣੇ ਨਾਲ ਲਿਜਾਣ 'ਤੇ ਉਸ ਦੀ ਸਿਹਤ ਖਰਾਬ ਹੋ ਸਕਦੀ ਸੀ। ਸਿਹਤਯਾਬ ਹੋਣ ਤੱਕ ਇਸ ਦੀ ਸੇਵਾ ਅਤੇ ਇਲਾਜ ਲਈ ਬਨਾਰਸ ਦੇ ਸਿੱਖਾਂ ਨੂੰ ਲਿਖਿਆ ਇਹ ਹੁਕਮਨਾਮਾ ਜਾਨਵਰਾਂ ਪ੍ਰਤੀ ਸੰਵੇਦਨਾ ਪੈਦਾ ਕਰਨ 'ਤੇ ਜ਼ੋਰ ਦਿੰਦਾ ਹੈ। ਜਾਨਵਰ ਗੁਰੂ-ਘਰ ਦੇ ਕਾਰਜ ਸਵਾਰਨ ਵਿਚ ਸਹਾਈ ਹੁੰਦੇ ਸਨ ਅਤੇ ਇਹਨਾਂ ਦੀ ਸਾਂਭ-ਸੰਭਾਲ ਕਰਨ ਲਈ ਵੀ ਵਿਸ਼ੇਸ਼ ਯਤਨ ਕੀਤੇ ਜਾਂਦੇ ਸਨ। ਹੁਕਮਨਾਮਿਆਂ ਵਿਚ ਕੁੱਝ ਹੋਰ ਜਾਨਵਰਾਂ ਦਾ ਜ਼ਿਕਰ ਵੀ ਮਿਲਦਾ ਹੈ। ਗੁਰੂ ਜੀ ਦਾ ਇਕ ਹੁਕਮਨਾਮਾ ਭਾਈ ਬਾਘਾ ਅਤੇ ਭਾਈ ਮਲਾ ਨੂੰ ਲਿਖਿਆ ਹੋਇਆ ਪ੍ਰਾਪਤ ਹੁੰਦਾ ਹੈ ਜਿਸ ਵਿਚ ਗੁਰੂ ਜੀ ਚੋਰਾਂ ਵੱਲੋਂ ਗੁਰੂ-ਘਰ ਵਿਚੋਂ ਚੁਰਾਏ ਗਏ ਦੋ ਬੈਲਾਂ ਅਤੇ ਇਕ ਖੱਚਰ ਦਾ ਜ਼ਿਕਰ ਕਰਦੇ ਹਨ। ਗੁਰੂ ਜੀ ਇਹਨਾਂ ਨੂੰ ਲੱਭ ਕੇ ਲਿਆਉਣ ਲਈ ਆਪਣੇ ਸੇਵਕਾਂ ਨੂੰ ਤਾਕੀਦ ਕਰਦੇ ਹਨ।

ਗੁਰਮਤਿ ਸਿਧਾਂਤ ਅਤੇ ਗੁਰੂ-ਪਰੰਪਰਾ ਵਿਚ ਗ੍ਰਹਿਸਤੀ ਜੀਵਨ 'ਤੇ ਜ਼ੋਰ ਦਿੱਤਾ ਗਿਆ ਹੈ, ਸਮੂਹ ਗੁਰੂ ਸਾਹਿਬਾਨ ਨੇ ਇਸ ਸਿਧਾਂਤ ਦਾ ਦ੍ਰਿੜ੍ਹਤਾ ਪੂਰਵਕ ਪਾਲਣ ਕੀਤਾ ਹੈ। ਇਹ ਉਹ ਸਮਾਂ ਸੀ ਜਦੋਂ ਗ੍ਰਹਿਸਤੀ ਜੀਵਨ ਨੂੰ ਧਰਮ ਦੇ ਮਾਰਗ ਵਿਚ ਰੁਕਾਵਟ ਮੰਨਿਆ ਜਾਂਦਾ ਸੀ ਅਤੇ ਇਸ ਮਾਰਗ ਨੂੰ ਧਾਰਨ ਕਰਨ ਵਾਲੇ ਗ੍ਰਹਿਸਤੀ ਜੀਵਨ ਦਾ ਤਿਆਗ ਕਰ ਦਿੰਦੇ ਸਨ। ਧਰਮ ਦਾ ਮਾਰਗ ਦ੍ਰਿੜ੍ਹ ਕਰਾਉਂਦੇ ਹੋਏ ਗ੍ਰਹਿਸਤੀ ਜੀਵਨ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੀ ਪ੍ਰੇਰਨਾ ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਵਿਚੋਂ ਪ੍ਰਾਪਤ ਹੁੰਦੀ ਹੈ। ਪੂਰਬ ਦੀ ਯਾਤਰਾ ਦੌਰਾਨ ਜਦੋਂ ਗੁਰੂ ਤੇਗ ਬਹਾਦਰ ਜੀ ਇਹ ਮਹਿਸੂਸ ਕਰਦੇ ਹਨ ਕਿ ਪਰਿਵਾਰ ਸਮੇਤ ਹੋਰ ਅੱਗੇ ਨਹੀਂ ਜਾਇਆ ਜਾ ਸਕਦਾ ਕਿਉਂਕਿ ਮਾਤਾ ਗੁਜਰੀ ਜੀ ਮਾਂ ਬਣਨ ਵਾਲੇ ਸਨ। ਗੁਰੂ ਜੀ ਪਰਿਵਾਰ ਨੂੰ ਪਟਨਾ ਸਾਹਿਬ ਵਿਖੇ ਹੀ ਛੱਡ ਦਿੰਦੇ ਹਨ ਅਤੇ ਪਿੱਛੋਂ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਦੇ ਭਰਾ ਭਾਈ ਕ੍ਰਿਪਾਲ ਚੰਦ ਅਤੇ ਹੋਰ ਮੁਖੀ ਸਿੱਖਾਂ ਨੂੰ ਉਹਨਾਂ ਦੀ ਸੇਵਾ-ਸੰਭਾਲ ਦਾ ਕਾਰਜ ਸੌਂਪ ਦਿੰਦੇ ਹਨ। ਅੱਗੇ ਪਹੁੰਚ ਕੇ ਵੀ ਗੁਰੂ ਜੀ ਪਰਿਵਾਰ ਦਾ ਧਿਆਨ ਰੱਖਦੇ ਹਨ ਅਤੇ ਆਪਣੇ ਹੁਕਮਨਾਮਿਆਂ ਰਾਹੀਂ ਸਿੱਖਾਂ ਨੂੰ ਪਰਿਵਾਰ ਦੀ ਸੇਵਾ-ਸੰਭਾਲ ਕਰਨ ਲਈ ਆਦੇਸ਼ ਵੀ ਕਰਦੇ ਹਨ, 'ਅਸੀ ਪਰੈ ਰਾਜੇ ਜੀ ਕੇ ਸਾਥ ਗਏ ਹਾਂ ਕਬੀਲਾ ਹਮੋ ਪਟਣੈ ਮੋ ਛੋਡਾ ਹੈ ਜਿਨ ਸਿਖ ਵਵਾਹਗੁਰੂ ਕੀਆ ਹੈ ਤਿਨ ਸੇਵਾ ਕਰਣੀ ਪੈਸੇ ਕੀ ਮੁਹਰ ਥਾਇ ਪੜੈਗੀ ਸੰਗਤ ਕੀ ਸੇਵਾ ਕੀ ਵੇਲਾ ਹੈ ਜੁ ਸਿਖ ਸੇਵਾ ਕਰੇਗਾ ਤਿਸ ਕੇ ਰੁਜਗਾਰ ਮੋ ਬਰਕਤਿ ਹੋਵੇਗੀ ਸੇਵਾ ਕਾ ਵਖਤ ਹੈ ਕੋਈ ਅਵਲ ਹਵੇਲੀ ਹੋਵੈ ਬਡੀ ਹੋਵੈ ਤਿਸ ਮੋ ਕਬੀਲੇ ਹਮਾਰੇ ਰਖਣੈ ਸੰਗਤਿ ਕੇ ਗੁਰੂ ਰੁਜਗਾਰ ਮੋ ਬਰਕਤਿ ਕਰੈਗਾ ਸੇਵਾ ਕੀ ਵੇਲਾ ਹੈ'। ਜਦੋਂ ਗੁਰੂ ਜੀ ਨੂੰ ਆਪਣੇ ਘਰ ਪੁੱਤਰ ਪੈਦਾ ਹੋਣ ਦੀ ਖ਼ੁਸ਼ਖਬਰੀ ਮਿਲਦੀ ਹੈ ਅਤੇ ਇਹ ਪਤਾ ਲੱਗਦਾ ਹੈ ਕਿ ਪਟਨਾ ਸਾਹਿਬ ਦੀ ਸੰਗਤ ਨੇ ਬਹੁਤ ਜੋਸ਼, ਉਤਸ਼ਾਹ ਅਤੇ ਖ਼ੁਸ਼ੀ ਮਨਾਈ ਹੈ ਤਾਂ ਗੁਰੂ ਜੀ ਉੱਥੋਂ ਦੀ ਸੰਗਤ ਦੇ ਨਾਂ ਹੁਕਮਨਾਮੇ ਰਾਹੀਂ ਅਸ਼ੀਰਵਾਦ ਅਤੇ ਬਖ਼ਸ਼ਿਸ਼ਾਂ ਭੇਜਦੇ ਹੋਏ ਕਹਿੰਦੇ ਹਨ:

> ਗੋਬਿੰਦ ਦਾਸ ਕੀ ਬਧਾਈ ਉਪਰਿ ਸੰਗਤਿ ਖਰਚ ਕੀਆ ਗੁਰੂ ਕੀ ਦਰਗਹ ਥਾਇ ਪਯਾ ਰੁਪਏ ਕੀ ਮੁਹਰ ਥਾਇ ਪੜੀ ਪੀਛੇ ਸੇਵਾ ਕੀਤੀ ਸੋ ਥਾਇ ਪਈ ਆਗੇ ਜੁ ਸੇਵਾ ਕਰੇਗਾ ਤਿਸਕਾ ਭਲਾ ਹੋਗੁ ਸੰਗਤ ਕੇ ਰੁਜਗਾਰ ਮੋ ਬਰਕਤਿ ਹੋਗੁ ਭਾਈ ਜੀ ਸਰਪਾਉ ਭੇਜਿਆ ਹੈ ਪਟਣਾ ਗੁਰੂ ਕਾ ਘਰ ਹੈ ਸੰਗਤਿ ਕਾ ਭਲਾ ਹੋਗੁ।

ਇਸੇ ਤਰ੍ਹਾਂ ਇਕ ਹੋਰ ਹੁਕਮਨਾਮੇ ਵਿਚ ਗੁਰੂ ਤੇਗ ਬਹਾਦਰ ਜੀ ਸੰਗਤ ਨੂੰ ਅਸ਼ੀਰਵਾਦ ਦਿੰਦੇ ਹੋਏ ਕਹਿੰਦੇ ਹਨ: 'ਸੰਗਤਿ ਸੇਵਾ ਗੋਬਿੰਦ ਦਾਸ ਕੀ ਕਰਤੀ ਹੈ ਤੁਮਾਰੀ ਸੇਵਾ ਸੰਗਤਿ ਕੀ ਗੁਰੂ ਕੀ ਦਰਗਹ ਥਾਇ ਪੜੇਗੀ ਸੰਗਤ ਕਾ ਭਲਾ ਹੋਗੁ'।

ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮੇ ਦੈਵੀ ਅਤੇ ਦੁਨਿਆਵੀ ਜੀਵਨ-ਜਾਚ ਦਾ ਪ੍ਰਗਟਾਵਾ ਕਰਦੇ ਹਨ। ਇਹਨਾਂ ਦੀ ਮੁੱਖ ਸੁਰ ਉਪਦੇਸ਼ਾਤਮਿਕ ਹੈ ਜਿਹੜੀ ਕਿ ਸਦਾਚਾਰਕ ਗੁਣ ਗ੍ਰਹਿਣ ਕਰਨ 'ਤੇ ਜ਼ੋਰ ਦਿੰਦੀ ਹੈ। ਹੁਕਮਨਾਮਿਆਂ ਦੀ ਭਾਸ਼ਾ ਸਰਲ ਅਤੇ ਸਪਸ਼ਟ ਹੈ ਜਿਹੜੀ ਕਿ ਹਰ ਇਕ ਗੁਰਸਿੱਖ ਨੂੰ ਸੌਖਿਆਂ ਹੀ ਸਮਝ ਪੈ ਜਾਂਦੀ ਹੈ। ਗੁਰਮਤਿ ਮਾਰਗ ਦੀ ਸੋਝੀ ਕਰਵਾਉਣ ਵਾਲੇ ਇਹ ਹੁਕਮਨਾਮੇ ਧਾਰਮਿਕ ਅਨੁਭਵ ਅਤੇ ਇਤਿਹਾਸ ਦੀ ਖੋਜ ਦਾ ਮਾਰਗ ਦਰਸ਼ਨ ਕਰਦੇ ਹਨ।

ਨਿਕਟਵਰਤੀ ਅਤੇ ਹਮਦਰਦ ਸ਼ਰਧਾਲੂ

ਗੁਰੂ ਨਾਨਕ ਦੇਵ ਜੀ ਨੇ ਲੋਕਾਈ ਤੱਕ ਪਰਮਾਤਮਾ ਦਾ ਸੰਦੇਸ਼ ਪਹੁੰਚਾਉਣ ਲਈ ਦੂਰ-ਦੁਰਾਡੇ ਇਲਾਕਿਆਂ ਵਿਖੇ ਪ੍ਰਚਾਰ-ਯਾਤਰਾਵਾਂ ਕੀਤੀਆਂ ਸਨ। ਗੁਰੂ ਜੀ ਦੀ ਦੈਵੀ ਸ਼ਖ਼ਸੀਅਤ ਅਤੇ ਸਿੱਖਿਆਵਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕ ਉਹਨਾਂ ਦੇ ਸਿੱਖ ਬਣ ਗਏ ਸਨ ਜਿਨ੍ਹਾਂ ਨੂੰ ਗੁਰੂ-ਘਰ ਨਾਲ ਜੋੜਨ ਲਈ ਨਿਰੰਤਰ ਯਤਨ ਹੁੰਦੇ ਰਹੇ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਸਿੱਖੀ ਦੀਆਂ ਜੜ੍ਹਾਂ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਲੰਮੀਆਂ ਯਾਤਰਾਵਾਂ 'ਤੇ ਗਏ ਸਨ। ਗੁਰੂ ਸਾਹਿਬ ਨੇ ਦੋ ਪੱਖਾਂ 'ਤੇ ਬਹੁਤ ਹੀ ਮਹੱਤਵਪੂਰਨ ਕਾਰਜ ਕੀਤਾ - ਇਕ ਤਾਂ ਦੂਰ-ਦੁਰਾਡੇ ਇਲਾਕਿਆਂ ਵਿਚ ਵੱਸਦੀ ਸਿੱਖ ਸੰਗਤ ਵਿਚ ਗੁਰੂ-ਘਰ ਪ੍ਰਤੀ ਦ੍ਰਿੜ੍ਹਤਾ ਕਾਇਮ ਕੀਤੀ ਅਤੇ ਦੂਜਾ ਸਮਾਜ ਦੇ ਹਰ ਇਕ ਵਿਅਕਤੀ ਨੂੰ ਸਵੈਮਾਨ ਭਰਪੂਰ ਜੀਵਨ ਬਸਰ ਕਰਨ ਲਈ ਪ੍ਰੇਰਿਤ ਕੀਤਾ। ਭੱਟ ਵਹੀਆਂ ਦੱਸਦੀਆਂ ਹਨ ਕਿ ਗੁਰੂ ਜੀ ਨੇ ਆਪਣੇ ਜੀਵਨ ਵਿਚ ਦੋ ਵਾਰੀ ਪੂਰਬ ਦੀ ਯਾਤਰਾ ਕੀਤੀ ਸੀ। ਪਹਿਲੀ ਵਾਰੀ ਗੁਰੂ ਤੇਗ ਬਹਾਦਰ ਜੀ ਗੁਰੱਗਦੀ 'ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਗੁਰੂ-ਘਰ ਦੇ ਇਕ ਪ੍ਰਚਾਰਕ ਵਜੋਂ ਪੂਰਬ ਵੱਲ ਗਏ ਸਨ ਅਤੇ ਦੂਜੀ ਵਾਰੀ 1664 ਵਿਚ ਗੁਰਿਆਈ ਪ੍ਰਾਪਤ ਕਰਨ ਉਪਰੰਤ ਇਹਨਾਂ ਨੇ ਪੂਰਬ ਦੀ ਯਾਤਰਾ ਕੀਤੀ ਸੀ। ਗੁਰਗੱਦੀ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਗੁਰੂ ਜੀ ਦੁਆਰਾ ਕੀਤੀਆਂ ਗਈਆਂ ਪ੍ਰਚਾਰ-ਯਾਤਰਾਵਾਂ ਦੌਰਾਨ ਅਨੇਕਾਂ ਵਿਅਕਤੀਆਂ ਨੇ ਸਿੱਖੀ ਧਾਰਨ ਕੀਤੀ। ਪੂਰਵ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਜਿਹੜੇ ਸਿੱਖ ਗੁਰੂ-ਘਰ ਨਾਲ ਜੁੜੇ ਹੋਏ ਸਨ, ਉਹ ਬੇਨਤੀ ਕਰਕੇ ਗੁਰੂ ਜੀ ਨੂੰ ਆਪਣੇ ਪਿੰਡ ਜਾਂ ਨਗਰ ਵਿਖੇ ਲੈ ਜਾਂਦੇ ਜਿੱਥੇ ਇਕੱਤਰ ਹੋਣ ਵਾਲੀ ਸੰਗਤ ਦੇ ਨਾਲ-ਨਾਲ ਹੋਰ ਲੋਕ ਵੀ ਗੁਰੂ-ਘਰ ਦੇ ਸ਼ਰਧਾਲੂ ਬਣ ਜਾਂਦੇ ਸਨ। ਇਤਿਹਾਸਿਕ ਸ੍ਰੋਤਾਂ ਵਿਚੋਂ ਅਜਿਹੇ ਬਹੁਤ ਸਾਰੇ ਸਿੱਖਾਂ ਦੇ ਦਰਸ਼ਨ ਹੁੰਦੇ ਹਨ ਜਿਹੜੇ ਹਮੇਸ਼ਾਂ ਗੁਰੂ ਜੀ ਦੇ ਨਾਲ ਰਹੇ ਅਤੇ ਉਹਨਾਂ ਦੇ ਹਰ ਆਦੇਸ਼ ਦਾ ਪਾਲਣ ਕਰਨ ਅਤੇ ਉਹਨਾਂ ਨੂੰ ਲਾਗੂ ਕਰਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਰਹੇ। ਉਹਨਾਂ ਵਿਚੋਂ ਕੁੱਝ ਗੁਰਸਿੱਖ ਅਜਿਹੇ ਵੀ ਸਾਹਮਣੇ ਆਉਂਦੇ ਹਨ ਜਿਨ੍ਹਾਂ ਨੇ ਗੁਰੂ ਜੀ ਦੇ ਨਾਲ ਹੀ ਸ਼ਹਾਦਤ ਦੇ ਕੇ ਸਿੱਖ ਇਤਿਹਾਸ ਦੇ ਪੰਨਿਆਂ 'ਤੇ ਸਦੀਵ ਕਾਲ ਲਈ ਸਥਾਨ ਗ੍ਰਹਿਣ ਕਰ ਲਿਆ ਸੀ। ਸਿੱਖਾਂ ਤੋਂ ਇਲਾਵਾ ਗੁਰੂ ਜੀ ਦੇ ਕੁੱਝ ਅਜਿਹੇ ਗ਼ੈਰ-ਸਿੱਖ ਸ਼ਰਧਾਲੂ ਵੀ ਦੇਖਣ ਨੂੰ ਮਿਲਦੇ ਹਨ ਜਿਹੜੇ ਕਿ ਭਾਈਚਾਰੇ ਵਜੋਂ ਭਾਵੇਂ ਕਿ ਬਾਦਸ਼ਾਹ ਦੇ ਨੇੜੇ ਸਨ ਪਰ ਧਾਰਮਿਕ ਭਾਵਨਾ ਕਰ ਕੇ ਗੁਰੂ ਜੀ ਨਾਲ ਨੇੜਤਾ ਅਤੇ ਸਨੇਹ ਰੱਖਦੇ ਸਨ। ਵਿਭਿੰਨ ਧਰਮਾਂ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਵੀ ਗੁਰੂ ਸਾਹਿਬ ਪ੍ਰਤੀ ਸ਼ਰਧਾ ਭਾਵਨਾ ਰੱਖਣ ਵਾਲੀਆਂ ਸ਼ਖ਼ਸੀਅਤਾਂ ਇਸ ਗੱਲ ਦਾ ਪ੍ਰਮਾਣ ਹਨ ਕਿ ਉਹ ਸਭਨਾਂ ਨਾਲ ਭਾਈਚਾਰਕ ਸਾਂਝ ਅਤੇ ਸੁਹਿਰਦਤਾ ਕਾਇਮ ਰੱਖਣ ਲਈ ਯਤਨਸ਼ੀਲ ਸਨ। ਗੁਰੂ ਜੀ ਦੀ ਸਿੱਖਿਆ ਪ੍ਰਭੂ-ਮੁਖੀ ਸ਼ੁਭ ਅਮਲਾਂ 'ਤੇ ਕੇਂਦਰਿਤ ਸੀ ਜਿਸ ਵਿਚੋਂ ਆਦਰਸ਼ ਸਮਾਜ ਦੀ ਸਿਰਜਣਾ ਦਾ ਮਾਰਗ ਪ੍ਰਗਟ ਹੁੰਦਾ ਹੈ। ਗੁਰੂ ਜੀ ਦੁਆਰਾ ਸਥਾਪਿਤ ਕੀਤੇ ਜਾ ਰਹੇ ਆਦਰਸ਼ਾਂ ਤੋਂ ਪ੍ਰਭਾਵਿਤ ਹੋ ਕੇ ਵਿਭਿੰਨ ਧਰਮਾਂ ਦੇ ਆਮ ਲੋਕ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਉਹਨਾਂ ਦੀਆਂ ਸ਼ਰਧਾਲੂ ਬਣਦੀਆਂ ਜਾ ਰਹੀਆਂ ਸਨ। ਗੁਰੂ ਤੇਗ ਬਹਾਦਰ ਜੀ ਦੇ ਸਮੇਂ ਜਿਹੜੀਆਂ ਪ੍ਰਮੁੱਖ ਸ਼ਖ਼ਸੀਅਤਾਂ ਦੇਖਣ ਨੂੰ ਮਿਲਦੀਆਂ ਹਨ, ਉਹਨਾਂ ਬਾਰੇ ਜਾਣਨ ਦਾ ਯਤਨ ਕੀਤਾ ਜਾ ਰਿਹਾ ਹੈ।

ਊਦਾ, ਭਾਈ : ਭਾਈ ਊਦਾ ਉਹਨਾਂ ਸਿੱਖਾਂ ਵਿਚ ਸ਼ਾਮਲ ਸੀ ਜਿਹੜੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਚੱਕ ਨਾਨਕੀ (ਅਨੰਦਪੁਰ ਸਾਹਿਬ) ਵਿਖੇ ਲੈ ਕੇ ਆਏ ਸਨ। ਇਸ ਤੋਂ ਪਹਿਲਾਂ ਰਾਠੌਰ ਰਾਜਪੂਤ ਕਬੀਲੇ ਨਾਲ

ਸੰਬੰਧਿਤ ਇਹ ਗੁਰਸਿੱਖ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਵਾਪਰੇ ਘਟਨਾਕ੍ਰਮ ਸੰਬੰਧੀ ਜਾਣਕਰੀ ਪ੍ਰਾਪਤ ਕਰ ਕੇ ਰਾਤ ਸਮੇਂ ਭਾਈ ਨਾਨੂ ਦੇ ਘਰ ਆਇਆ ਜਿੱਥੇ ਹੋਰ ਸਿੱਖ ਵੀ ਮੌਜੂਦ ਸਨ। ਇਹਨਾਂ ਨੇ ਯੋਜਨਾ ਬਣਾਈ ਕਿ ਗੁਰੂ ਸਾਹਿਬ ਜੀ ਦੀ ਪਵਿੱਤਰ ਦੇਹ ਨੂੰ ਚਾਂਦਨੀ ਚੌਂਕ ਵਿਚੋਂ ਲਿਆ ਕੇ ਸਤਿਕਾਰ ਸਹਿਤ ਸਸਕਾਰ ਕੀਤਾ ਜਾਵੇ। ਇਸ ਕੰਮ ਵਿਚ ਇਹਨਾਂ ਨੇ ਭਾਈ ਲੱਖੀ ਸ਼ਾਹ ਵਣਜਾਰਾ ਦੀ ਸਹਾਇਤਾ ਵੀ ਪ੍ਰਾਪਤ ਕੀਤੀ। ਸਮੂਹ ਗੁਰਸਿੱਖਾਂ ਨੇ ਫ਼ੈਸਲਾ ਕੀਤਾ ਕਿ ਗੁਰੂ ਜੀ ਦਾ ਸੀਸ ਚੱਕ ਨਾਨਕੀ ਵਿਖੇ ਪਹੁੰਚਾਇਆ ਜਾਵੇ ਅਤੇ ਧੜ ਦਾ ਸਸਕਾਰ ਕਰਨ ਦੀ ਜ਼ਿੰਮੇਵਾਰੀ ਭਾਈ ਲੱਖੀ ਸ਼ਾਹ ਵਣਜਾਰਾ ਅਤੇ ਉਸ ਦੇ ਸਾਥੀਆਂ ਨੂੰ ਸੌਂਪ ਦਿੱਤੀ ਗਈ। ਭਾਈ ਜੈਤਾ, ਭਾਈ ਨਾਨੂ, ਭਾਈ ਆਗਿਆ ਅਤੇ ਭਾਈ ਊਦਾ ਨੇ ਗੁਰੂ ਜੀ ਦਾ ਸੀਸ ਚੱਕ ਨਾਨਕੀ ਵਿਖੇ ਪਹੁੰਚਾਉਣ ਦੀ ਜਿਹੜੀ ਜ਼ਿੰਮੇਵਾਰੀ ਲਈ ਉਹ ਵੀ ਕੋਈ ਸੌਖਾ ਕਾਰਜ ਨਹੀਂ ਸੀ। ਸਮੇਂ ਦੀ ਹਕੂਮਤ ਤੋਂ ਬਚ ਕੇ ਲੰਮਾ ਪੈਂਡਾ ਤੈਅ ਕਰਨਾ ਇਕ ਵੱਡੀ ਚੁਣੌਤੀ ਸੀ ਪਰ ਫਿਰ ਵੀ ਇਹ ਆਪਣੇ ਉਦੇਸ਼ ਵਿਚ ਕਾਮਯਾਬ ਰਹੇ। ਗੁਰੂ ਤੇਗ ਬਹਾਦਰ ਜੀ ਦਾ ਸੀਸ ਗੁਰੂ ਗੋਬਿੰਦ ਸਿੰਘ ਜੀ ਦੇ ਸਪੁਰਦ ਕਰਨ ਉਪਰੰਤ ਇਹ ਵੀ ਉੱਥੇ ਹੀ ਨਿਵਾਸ ਕਰਨ ਲੱਗਾ ਸੀ। ਗੁਰੂ ਜੀ ਦੇ ਆਦੇਸ਼ ਅਨੁਸਾਰ ਸ਼ਸਤਰ ਅਤੇ ਸ਼ਾਸਤਰ ਵਿੱਦਿਆ ਗ੍ਰਹਿਣ ਕਰਦੇ ਹੋਏ ਇਸ ਨੇ ਆਪਣੇ ਮਨ ਵਿਚ ਜੰਗਜੂ ਬਿਰਤੀ ਨੂੰ ਪ੍ਰਫੁਲਿਤ ਕਰ ਲਿਆ ਅਤੇ 1688 ਵਿਚ ਭੰਗਾਣੀ ਦੇ ਯੁੱਧ ਸਮੇਂ ਜੰਗ ਦੇ ਮੈਦਾਨ ਵਿਚ ਜੂਝਦਾ ਹੋਇਆ ਇਹ ਸ਼ਹੀਦੀ ਪ੍ਰਾਪਤ ਕਰ ਗਿਆ ਸੀ।

ਸਤੀ ਦਾਸ ਜੀ, ਭਾਈ : ਭਾਈ ਸਤੀ ਦਾਸ ਜੀ ਛਿੱਬਰ ਘਰਾਣੇ ਨਾਲ ਸੰਬੰਧਿਤ ਸਨ। ਭਾਈ ਹੀਰਾ ਲਾਲ ਦੇ ਇਸ ਪੁੱਤਰ ਨੇ ਆਪਣੇ ਭਰਾ ਭਾਈ ਮਤੀ ਦਾਸ ਨਾਲ ਮਿਲ ਕੇ ਗੁਰੂ-ਘਰ ਦੀ ਸੇਵਾ ਵਿਚ ਵਿਸ਼ੇਸ਼ ਯੋਗਦਾਨ ਪਾਇਆ ਸੀ। ਇਹਨਾਂ ਦੀ ਸਿੱਖੀ ਸੇਵਾ, ਭਾਵਨਾ, ਪ੍ਰੇਮ, ਦ੍ਰਿੜ੍ਹਤਾ ਅਤੇ ਲਗਨ ਨੇ ਇਹਨਾਂ ਨੂੰ ਗੁਰੂ-ਸਾਹਿਬ ਦੀ ਕਿਰਪਾ ਦ੍ਰਿਸ਼ਟੀ ਦਾ ਪਾਤਰ ਬਣਾ ਦਿੱਤਾ ਸੀ:

ਸਤੀ ਦਾਸ ਮਤੀ ਦਾਸ ਏਹ ਦੋਨੋ ਭਾਈ।
ਗੁਰੂ ਕੇ ਘਰ ਦੀ ਕੰਮੁ ਟਹਿਲ ਏਨਾਂ ਸਭ ਉਠਾਈ।[1]

ਭਾਈ ਸਤੀ ਦਾਸ ਜੀ ਆਪਣੇ ਭਰਾ ਭਾਈ ਮਤੀ ਦਾਸ ਜੀ ਨਾਲ ਗੁਰੂ-ਘਰ ਦੇ ਦੀਵਾਨ ਸਨ। ਜਦੋਂ ਗੁਰੂ ਹਰਿਕ੍ਰਿਸ਼ਨ ਜੀ ਨੇ 'ਬਾਬਾ ਬਕਾਲਾ' ਕਹਿ ਕੇ ਆਪਣੇ ਉੱਤਰਧਿਕਾਰੀ ਨੂੰ ਗੁਰਗੱਦੀ ਦੇਣ ਵੱਲ ਇਸ਼ਾਰਾ ਕਰ ਦਿੱਤਾ ਤਾਂ ਬਹੁਤ ਸਾਰੇ ਅਖੌਤੀ ਗੁਰੂ ਸਾਹਮਣੇ ਆ ਗਏ। ਭਾਵੇਂ ਕਿ ਮੱਖਣ ਸ਼ਾਹ ਲੁਬਾਣੇ ਨੇ 'ਸੱਚਾ ਗੁਰੂ' ਪ੍ਰਗਟ ਕਰ ਦਿੱਤਾ ਸੀ ਤਾਂ ਵੀ ਦੂਰ-ਦੁਰਾਡੇ ਬੈਠੇ ਮਸੰਦਾਂ ਅਤੇ ਸਿੱਖ ਸੰਗਤ ਨੂੰ ਗੁਮਰਾਹ ਕੀਤਾ ਜਾ ਰਿਹਾ ਸੀ। ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਨੇ ਮਸੰਦਾਂ ਅਤੇ ਸਿੱਖ ਸੰਗਤ ਦੇ ਮਨ ਵਿਚ ਪੈਦਾ ਹੋਏ ਕਈ ਤਰ੍ਹਾਂ ਦੇ ਭਰਮ ਭੁਲੇਖੇ ਦੂਰ ਕਰ ਕੇ ਉਹਨਾਂ ਨੂੰ ਗੁਰੂ-ਘਰ ਨਾਲ ਜੋੜਨ ਦਾ ਮਹੱਤਵਪੂਰਨ ਕਾਰਜ ਕੀਤਾ ਸੀ।

ਭਾਈ ਸਤੀ ਦਾਸ ਜੀ ਨੂੰ ਕਈ ਭਾਸ਼ਾਵਾਂ ਦਾ ਗਿਆਨ ਸੀ ਅਤੇ ਇਹ ਗੁਰੂ ਤੇਗ ਬਹਾਦਰ ਜੀ ਦੇ ਲਿਖਾਰੀ ਵਜੋਂ ਵੀ ਕੰਮ ਕਰਦੇ ਸਨ। ਕੇਸਰ ਸਿੰਘ ਛਿੱਬਰ ਭਾਈ ਸਤੀ ਦਾਸ ਜੀ ਦੀ ਇਸ ਪ੍ਰਤਿਭਾ ਦਾ ਪ੍ਰਗਟਾਵਾ ਕਰਦੇ ਹੋਏ ਦੱਸਦਾ ਹੈ:

ਬਾਣੀ ਜੋ ਸਾਹਿਬ ਕਰਨ ਉਚਾਰ। ਸੋ ਸਤੀ ਦਾਸ ਨਿਤ ਕਰੇ ਫਾਰਸੀ ਵਿਚ ਉਤਾਰੁ।[2]

ਗੁਰੂ ਸਾਹਿਬ ਦੇ ਇਸ ਸਿੱਖ ਨੇ ਆਪਣੇ ਦੁਨਿਆਵੀ ਕਾਰਜਾਂ ਨੂੰ ਸਫ਼ਲਤਾ ਪੂਰਵਕ ਸਿਰੇ ਚਾੜ੍ਹਨ ਦੇ ਨਾਲ-ਨਾਲ ਸਿੱਖੀ ਦੀ ਕਮਾਈ ਵੀ ਬਹੁਤ ਉੱਤਮ ਦਰਜੇ ਵਿਚ ਪ੍ਰਾਪਤ ਕਰ ਲਈ ਸੀ। ਗੁਰੂ ਤੇਗ ਬਹਾਦਰ ਜੀ ਦੇ ਨਾਲ ਦਿੱਲੀ ਵਿਖੇ ਸ਼ਹੀਦ ਹੋਣ ਵਾਲੇ ਤਿੰਨ ਸਿੱਖਾਂ ਵਿਚ ਇਹ ਵੀ ਸ਼ਾਮਲ ਸਨ। ਬਾਦਸ਼ਾਹੀ ਹੁਕਮਾਂ ਅਧੀਨ ਅਨੇਕਾਂ ਕਸ਼ਟ ਦਿੱਤੇ ਗਏ ਅਤੇ ਅਖ਼ੀਰ ਰੂੰ ਵਿਚ ਲਪੇਟ ਕੇ ਇਹਨਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ।

1. ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਸੰਪਾ. ਪਿਆਰਾ ਸਿੰਘ ਪਦਮ, ਚਰਣ ਨੌਵਾਂ, ਬੰਦ 35.
2. *ਉਹੀ*, ਬੰਦ 97.

ਸੈਫ਼ ਦੀਨ ਜੀ, ਨਵਾਬ : ਨਵਾਬ ਸੈਫ਼ ਦੀਨ ਦਾ ਪੂਰਾ ਨਾਂ ਸੈਫ਼ ਉਦ-ਦੀਨ ਮਹਿਮੂਦ ਸੀ। ਸਿੱਖ ਸ੍ਰੋਤਾਂ ਵਿਚ ਇਹਨਾਂ ਦਾ ਨਾਂ ਸਰਫ਼ ਦੀਨ ਵੀ ਆਇਆ ਹੈ। 'ਫ਼ਕੀਰਉੱਲਾਹ' ਦੀ ਉਪਾਧੀ ਧਾਰਨ ਕਰਨ ਕਰ ਕੇ ਇਹਨਾਂ ਨੂੰ ਪੀਰ ਸੈਫ਼ ਦੀਨ ਕਿਹਾ ਜਾਣ ਲੱਗਿਆ। ਇਹ ਤਰਬੀਅਤ ਖ਼ਾਨ ਸ਼ਾਹਜਹਾਨੀ ਦੇ ਪੁੱਤਰ ਅਤੇ ਨਵਾਬ ਫਦਾਈ ਖ਼ਾਨ ਦੇ ਭਰਾ ਸਨ। ਆਗਰੇ ਅਤੇ ਕਸ਼ਮੀਰ ਦੇ ਗਵਰਨਰ ਵਜੋਂ ਸੇਵਾ ਨਿਭਾਉਣ ਕਰ ਕੇ ਇਹਨਾਂ ਨੂੰ ਨਵਾਬ ਸੈਫ਼ ਦੀਨ ਕਰ ਕੇ ਜਾਣਿਆ ਜਾਂਦਾ ਹੈ। 1671 ਵਿਚ ਇਹਨਾਂ ਦੀ ਜਗ੍ਹਾ ਇਫ਼ਤਖ਼ਾਰ ਖ਼ਾਨ ਨੂੰ ਕਸ਼ਮੀਰ ਦਾ ਗਵਰਨਰ ਨਿਯੁਕਤ ਕੀਤਾ ਗਿਆ ਅਤੇ ਉੱਥੋਂ ਆ ਕੇ ਇਹਨਾਂ ਨੇ ਸਰਹਿੰਦ ਦੇ ਇਲਾਕੇ ਵਿਚ, ਮੌਜੂਦਾ ਬਹਾਦਰਗੜ੍ਹ ਵਿਖੇ, ਆਪਣਾ ਨਿਵਾਸ ਕਰ ਲਿਆ ਸੀ। 1675 ਦੇ ਅਖ਼ੀਰ ਵਿਚ ਇਹਨਾਂ ਨੂੰ ਦੁਬਾਰਾ ਸੇਵਾ ਵਿਚ ਲੈ ਕੇ 1678 ਵਿਚ ਬਿਹਾਰ ਦਾ ਸੂਬੇਦਾਰ ਨਿਯੁਕਤ ਕਰ ਦਿੱਤਾ ਗਿਆ। 1683 ਵਿਚ ਬਰਖ਼ਾਸਤ ਹੋਣ ਉਪਰੰਤ ਇਹ ਦੁਬਾਰਾ ਬਹਾਦਰਗੜ੍ਹ ਵਿਖੇ ਆ ਕੇ ਨਿਵਾਸ ਕਰਨ ਲੱਗੇ ਅਤੇ 23 ਅਪ੍ਰੈਲ 1685 ਨੂੰ ਅਕਾਲ ਚਲਾਣਾ ਕਰ ਗਏ ਸਨ।[1] ਇਹਨਾਂ ਦੀ ਸਮਾਧ ਬਹਾਦਰਗੜ੍ਹ ਕਿਲ੍ਹੇ ਦੇ ਪਿਛਲੇ ਪਾਸੇ ਬਣੀ ਹੋਈ ਹੈ।

ਪਟਿਆਲਾ-ਰਾਜਪੁਰਾ ਸੜਕ 'ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਲਗ-ਪਗ ਇਕ ਕਿਲੋਮੀਟਰ ਦੀ ਦੂਰੀ 'ਤੇ ਵੱਸੇ ਹੋਏ ਇਸ ਛੋਟੇ ਜਿਹੇ ਕਸਬੇ ਦਾ ਨਾਂ ਸੈਫ਼ਾਬਾਦ ਸੀ ਜਿਸ ਨੂੰ ਮੌਜੂਦਾ ਸਮੇਂ ਵਿਚ ਬਹਾਦਰਗੜ੍ਹ ਦੇ ਨਾਂ ਨਾਲ ਜਾਣਿਆ ਜਾਂਦਾ ਹੈ। 1774 ਵਿਚ ਪਟਿਆਲਾ ਦੇ ਮਹਾਰਾਜਾ ਅਮਰ ਸਿੰਘ ਨੇ ਇਸ ਨੂੰ ਆਪਣੇ ਅਧੀਨ ਕਰ ਕੇ ਇੱਥੇ ਵੱਸਦੀ ਨਵਾਬ ਸੈਫ਼ਦੀਨ ਦੀ ਔਲਾਦ ਨੂੰ ਛੋਟਾ ਰਸੂਲਪੁਰ ਨਾਂ ਦਾ ਇਕ ਪਿੰਡ ਜਗੀਰ ਵਜੋਂ ਦੇ ਕੇ 7 ਰੁਪਏ ਰੋਜ਼ਾਨਾ ਦੀ ਪੈਨਸ਼ਨ ਲਗਾ ਦਿੱਤੀ ਸੀ। 1947 ਵਿਚ ਪਾਕਿਸਤਾਨ ਬਣਨ 'ਤੇ ਇਹ ਪਰਿਵਾਰ ਪਾਕਿਸਤਾਨ ਵਿਖੇ ਚਲਾ ਗਿਆ ਸੀ।

ਸੈਫ਼ਾਬਾਦ ਨਵਾਬ ਸੈਫ਼ ਦੀਨ ਦੇ ਨਾਂ ਕਰ ਕੇ ਹੀ ਇਲਾਕੇ ਵਿਚ ਪ੍ਰਸਿੱਧ ਹੋਇਆ। 1837 ਵਿਚ ਮਹਾਰਾਜਾ ਕਰਮ ਸਿੰਘ ਪਟਿਆਲਾ ਨੇ ਨਵਾਬ ਸੈਫ਼ ਦੀਨ ਦੇ ਕੱਚੇ ਕਿਲ੍ਹੇ ਨੂੰ ਇਕ ਮਜ਼ਬੂਤ ਕਿਲ੍ਹੇ ਵਿਚ ਤਬਦੀਲ ਕਰ ਦਿੱਤਾ ਸੀ। ਅੱਠ ਸਾਲ ਦੇ ਸਮੇਂ ਵਿਚ ਦਸ ਲੱਖ ਰੁਪਏ ਦੀ ਕੀਮਤ 'ਤੇ ਉਸਾਰੇ ਇਸ ਕਿਲ੍ਹੇ ਦਾ ਨਾਂ ਬਹਾਦਰਗੜ੍ਹ ਰੱਖ ਦਿੱਤਾ ਗਿਆ।[2] ਮਹਾਰਾਜੇ ਦੀ ਇਹ ਗੁਰੂ ਸਾਹਿਬ ਜੀ ਪ੍ਰਤੀ ਸ਼ਰਧਾ ਦਾ ਪ੍ਰਤੀਕ ਹੈ।

1. A. C. Banerji, Saif Ud-Din Mahmud, in *The Encyclopaedia of Sikhism,* Editor-in-Chief Harbans Singh, p. 25.
2. Information taken from Dr. Ganda Singh Files; ਬਹਾਦਰਗੜ੍ਹ ਕਿਲ੍ਹੇ ਸੰਬੰਧੀ 1904 ਦੇ *ਫੂਲਕੀਆਂ ਗਜ਼ਟੀਅਰ* ਵਿਚ ਇਹ ਜਾਣਕਾਰੀ ਮਿਲਦੀ ਹੈ: The fort Bahadurgarh is situated 4 miles to the north-east o£ Patiala in the Paliala tahsil of the Karmgarh nizamat, and is connected with Patiala by a metalled road. The village Saifabad in which the fort is situated took its name from Nawab Saif Khan, brother of Nawab Fidai Khan, who founded it in the time of the Emperor Aurangzeb. The date of founding the village is given by Shekh Nasir Ali-Sirhindi, a famous became a mahal of the government of Sirhind under Akbar. Banda Bairagi looted Banur on the 27th of Baisakh, Sambat 1765 (1708 AD.). As the inhabitants of the town surrendered themselves, so they were saved general slaughter. It was wrested from the Mughal empire by the Singhpuria Sikhs and Amar Singh, Maharaja of Patilila, after the fall of Sirhind in 1763, and eventually came into the exclusive possession of Patiala. *Punjab States Gazetteers, Phulkian States (Patiala, Jind and Nabha)*, vol. xvii-A, pp. 186-87.

ਨਵਾਬ ਸੈਫ਼ ਦੀਨ ਗੁਰੂ ਤੇਗ ਬਹਾਦਰ ਜੀ ਦਾ ਪ੍ਰਸੰਸਕ ਸੀ। ਜਦੋਂ ਗੁਰੂ ਜੀ ਮਾਲਵੇ ਦੀ ਪ੍ਰਚਾਰ-ਯਾਤਰਾ ਕਰਦੇ ਸਨ ਤਾਂ ਨਵਾਬ ਨਾਲ ਉਹਨਾਂ ਦੀ ਮੁਲਾਕਾਤ ਹੋ ਜਾਂਦੀ ਸੀ। ਇਤਿਹਾਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਨਵਾਬ ਸੈਫ਼ ਦੀਨ ਨਾਲ ਇਕ ਤੋਂ ਵਧੇਰੇ ਸਮੇਂ ਹੋਈ ਮੁਲਾਕਾਤ ਦਾ ਜ਼ਿਕਰ ਆਉਂਦਾ ਹੈ। ਨਵਾਬ ਨਾਲ ਗੁਰੂ ਜੀ ਦੀ ਜਿਹੜੀ ਵਿਚਾਰ-ਚਰਚਾ ਦਾ ਵਧੇਰੇ ਜ਼ਿਕਰ ਆਉਂਦਾ ਹੈ, ਸਿੱਖ ਸਰੋਤਾਂ ਵਿਚ ਉਹ ਬਾਦਸ਼ਾਹ ਦੇ ਹਿੰਦੂਆਂ 'ਤੇ ਕੀਤੇ ਜਾ ਰਹੇ ਜ਼ੁਲਮਾਂ ਤੋਂ ਬਾਅਦ ਦੀ ਦੱਸੀ ਗਈ ਹੈ। ਇਸ ਯਾਤਰਾ ਦੌਰਾਨ ਗੁਰੂ ਜੀ ਨਿਰਭਉ ਹੋ ਕੇ ਧਰਮ ਦੇ ਮਾਰਗ 'ਤੇ ਦ੍ਰਿੜ੍ਹ ਰਹਿਣ ਦੀ ਪ੍ਰੇਰਨਾ ਲੋਕਾਂ ਨੂੰ ਕਰ ਰਹੇ ਸਨ। ਗੁਰੂ ਜੀ ਲੋਕਾਂ ਵਿਚ ਇਹ ਵਿਸ਼ਵਾਸ ਪੈਦਾ ਕਰ ਰਹੇ ਸਨ ਕਿ ਧਰਮ ਦੇ ਮਾਰਗ 'ਤੇ ਚੱਲ ਕੇ ਹੀ ਜਬਰ ਅਤੇ ਜ਼ੁਲਮ ਦਾ ਟਾਕਰਾ ਕੀਤਾ ਜਾ ਸਕਦਾ ਹੈ।

1671 ਵਿਚ ਨਵਾਬ ਸੈਫ਼ ਦੀਨ ਕਸ਼ਮੀਰ ਦੀ ਹਕੂਮਤ ਤੋਂ ਪਾਸੇ ਹੋ ਕੇ ਆਪਣੀ ਇਸ ਰਿਹਾਇਸ਼ਗਾਹ ਵਿਖੇ ਆ ਗਏ ਸਨ। ਦੂਜੇ ਪਾਸੇ ਸੰਮਤ 1729 (1672 ਈ.) ਵਿਚ ਗੁਰੂ ਤੇਗ ਸਾਹਿਬ ਜੀ ਚੱਕ ਨਾਨਕੀ ਵਿਖੇ ਮੌਜੂਦ ਸਨ ਜਦੋਂ ਭਾਈ ਮਨੀ ਸਿੰਘ ਉਹਨਾਂ ਕੋਲ ਆਇਆ ਸੀ:

ਆਯੋ ਸਹਿਤ ਪਰਿਵਾਰ ਕੇ ਮਨੀ ਸਿੰਘ ਬੁਧਿਮਾਨ।
ਸਤ੍ਰਹ ਸੈ ਨੌ ਬੀਸ ਮੈਂ ਚੇਤ੍ਰ ਮਾਸ ਪਛਾਨ।[1]

ਉਕਤ ਕਥਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਜੀ 1672 ਤੋਂ ਬਾਅਦ ਮਾਲਵੇ ਦੀ ਪ੍ਰਚਾਰ-ਯਾਤਰਾ 'ਤੇ ਗਏ ਸਨ। ਡਾ. ਗੰਡਾ ਸਿੰਘ 1673 ਵਿਚ ਗੁਰੂ ਤੇਗ ਬਹਾਦਰ ਜੀ ਦੁਆਰਾ ਮਾਲਵੇ ਦੀ ਪ੍ਰਚਾਰ-ਯਾਤਰਾ 'ਤੇ ਜਾਣਾ ਦੱਸਦੇ ਹਨ ਅਤੇ ਇਸੇ ਸਮੇਂ ਦੌਰਾਨ ਉਹਨਾਂ ਨੇ ਨਵਾਬ ਸੈਫ਼ ਦੀਨ ਕੋਲ ਨਿਵਾਸ ਕੀਤਾ ਮੰਨਿਆ ਜਾ ਸਕਦਾ ਹੈ। ਲਗ-ਪਗ ਚਾਰ ਮਹੀਨੇ ਗੁਰੂ ਜੀ ਦਾ ਇਸ ਅਸਥਾਨ 'ਤੇ ਨਿਵਾਸ ਕਰਨ ਦਾ ਜ਼ਿਕਰ ਮਿਲਦਾ ਹੈ। *ਸਾਖੀ ਪੋਥੀ* ਦੇ ਨਾਲ-ਨਾਲ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਗੁਰੂ ਜੀ ਦੇ ਸੈਫ਼ਾਬਾਦ ਵਿਖੇ ਨਿਵਾਸ ਕਰਨ ਦੇ ਸਮੇਂ ਬਾਰੇ ਦੱਸਿਆ ਗਿਆ ਹੈ:

ਬਸੇ ਚੁਮਾਸਾ ਸਤਿਗੁਰੂ ਡੇਰਾ ਕੀਨਿ ਮੁਕਾਮ।
ਸੈਫਦੀਨ ਸੇਵਾ ਕਰਹਿ ਨਿਤ ਪ੍ਰਤੀ ਆਇ ਸਲਾਮ।[2]

ਗੁਰੂ ਜੀ ਦੇ ਦਰਸ਼ਨ ਕਰ ਕੇ ਸੈਫ਼ ਦੀਨ ਨੇ ਕਿਹਾ ਕਿ ਤੁਹਾਡੇ ਦਰਸ਼ਨ ਕਰ ਕੇ ਮੇਰਾ ਜੀਵਨ ਸਫ਼ਲ ਹੋ ਗਿਆ ਹੈ। ਨਵਾਬ ਨੇ ਗੁਰੂ ਜੀ ਦੇ ਨਿਵਾਸ ਲਈ ਸੁੰਦਰ ਅਸਥਾਨ ਤਿਆਰ ਕਰਵਾਇਆ ਅਤੇ ਇਕ ਦਿਨ ਉਹਨਾਂ ਨੂੰ ਆਪਣੇ ਕਿਲ੍ਹੇ ਅੰਦਰ ਵੀ ਲੈ ਗਿਆ। ਨਵਾਬ ਨੇ ਗੁਰੂ ਜੀ ਪ੍ਰਤੀ ਸ਼ਰਧਾ ਪ੍ਰਗਟ ਕਰਦੇ ਹੋਏ ਕੁੱਝ ਮੋਹਰਾਂ ਭੇਟ ਕੀਤੀਆਂ ਅਤੇ ਉਸ ਦੀ ਪਤਨੀ ਨੇ ਮਾਤਾ ਗੁਜਰੀ ਜੀ ਨੂੰ ਬਸਤ੍ਰ ਅਤੇ ਗਹਿਣੇ ਆਦਿ ਵਸਤਾਂ ਭੇਟ ਕਰ ਕੇ ਸਨਮਾਨ ਪ੍ਰਗਟ ਕੀਤਾ ਸੀ। ਜਿਸ ਅਸਥਾਨ 'ਤੇ ਗੁਰੂ ਜੀ ਨੇ ਨਿਵਾਸ ਕੀਤਾ ਸੀ ਮੌਜੂਦਾ ਸਮੇਂ ਵਿਚ ਉੱਥੇ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ।

ਗੁਰੂ ਤੇਗ ਬਹਾਦਰ ਜੀ ਦੇ ਮਨ ਵਿਚ ਵੀ ਨਵਾਬ ਸੈਫ਼ ਦੀਨ ਪ੍ਰਤੀ ਵਿਸ਼ੇਸ਼ ਪ੍ਰੇਮ ਸੀ। ਉਹਨਾਂ ਦੇ ਇਕ ਹੁਕਮਨਾਮੇ ਵਿਚ ਨਵਾਬ ਸਾਹਿਬ ਦਾ ਜ਼ਿਕਰ ਮਿਲਦਾ ਹੈ ਜਿਹੜਾ ਕਿ ਪਟਨਾ ਦੀ ਸੰਗਤ ਨੂੰ ਲਿਖਿਆ ਹੋਇਆ ਹੈ। ਇਸ ਹੁਕਮਨਾਮੇ ਵਿਚ ਗੁਰੂ ਜੀ ਨਵਾਬ ਸਾਹਿਬ ਨੂੰ ਦੇਣ ਲਈ ਕੁੱਝ ਵਸਤਾਂ ਮੰਗਵਾਉਂਦੇ ਹਨ ਜਿਸ ਤੋਂ ਉਹਨਾਂ ਦੀ ਨਵਾਬ ਸੈਫ਼ ਦੀਨ ਨਾਲ ਨੇੜਤਾ ਦਾ ਪ੍ਰਮਾਣ ਮਿਲਦਾ ਹੈ। ਨਵਾਬ ਸੈਫ਼ ਦੀਨ ਦੇ ਪ੍ਰੇਮ ਅਤੇ ਸੇਵਾ ਤੋਂ ਖ਼ੁਸ਼ ਹੋ ਕੇ ਉਸ ਨੂੰ ਅਸ਼ੀਰਵਾਦ ਦੇ ਕੇ ਗੁਰੂ ਜੀ ਅੱਗੇ ਚਲੇ ਗਏ ਸਨ।

---

1. ਕਵੀ ਸੇਵਾ ਸਿੰਘ, *ਸ਼ਹੀਦ ਬਿਲਾਸ ਭਾਈ ਮਨੀ ਸਿੰਘ,* ਸੰਪਾ. ਗਿਆਨੀ ਗਰਜਾ ਸਿੰਘ, ਬੰਦ 30.
2. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 12 ਅੰਸੂ 31.1.

ਸ਼ਾਇਸਤਾ ਖ਼ਾਂ, ਨਵਾਬ : ਗੁਰੂ ਤੇਗ ਬਹਾਦਰ ਜੀ ਦੀ ਪੂਰਬ ਦੀ ਪ੍ਰਚਾਰ-ਯਾਤਰਾ ਸਮੇਂ ਇਹ ਢਾਕੇ ਦਾ ਹਾਕਮ ਸੀ। ਪਿਆਰਾ ਸਿੰਘ ਪਦਮ ਦੱਸਦੇ ਹਨ ਕਿ "ਗੁਰੂ ਤੇਗ ਬਹਾਦਰ ਜੀ ਦੇ ਪਵਿੱਤਰ ਦਰਸ਼ਨਾਂ ਤੋਂ ਇਹ ਬਹੁਤ ਪ੍ਰਭਾਵਿਤ ਹੋਇਆ। ਇਸ ਦੇ ਦਰਬਾਰੀ ਮੁਸੱਵਰ ਨੇ ਗੁਰੂ ਜੀ ਦੀ ਤਸਵੀਰ ਵੀ ਬਣਾਈ। ਇਸ ਦਾ ਅਹਿਲਕਾਰ ਭਗਵਾਨ ਦਾਸ ਨਾਨਕ-ਪੰਥੀ ਸੀ ਤੇ ਇਸ ਨੇ ਕਾਫ਼ੀ ਜਾਇਦਾਦ ਨਾਨਕ-ਪੰਥੀ ਅਖਾੜੇ ਦੇ ਨਾਂ ਲਾਈ ਹੋਈ ਸੀ।"[1]

ਕਰੀਮ ਬਖ਼ਸ਼ ਰਹੀਮ ਬਖ਼ਸ਼ : ਇਹ ਦੋਵੇਂ ਭਰਾ ਪਟਨਾ ਸਾਹਿਬ ਦੇ ਰਹਿਣ ਵਾਲੇ ਸਨ। ਜਦੋਂ ਗੁਰੂ ਤੇਗ ਬਹਾਦਰ ਜੀ ਅਸਾਮ ਅਤੇ ਬੰਗਾਲ ਦੀ ਪ੍ਰਚਾਰ-ਯਾਤਰਾ ਉਪਰੰਤ ਵਾਪਸ ਪਟਨਾ ਪਹੁੰਚੇ ਤਾਂ ਇਹਨਾਂ ਦੇ ਬਾਗ਼ ਵਿਖੇ ਨਿਵਾਸ ਕੀਤਾ ਸੀ। ਗੁਰੂ ਜੀ ਦੇ ਚਰਨ ਪਾਉਣ ਉਪਰੰਤ ਇਹ ਬਾਗ਼ ਹਰਿਆ-ਭਰਿਆ ਹੋ ਗਿਆ ਅਤੇ ਇਹਨਾਂ ਭਰਾਵਾਂ ਨੇ ਇਹ ਬਾਗ਼ ਗੁਰੂ ਜੀ ਨੂੰ ਭੇਟ ਕਰ ਦਿੱਤਾ ਸੀ। ਪਟਨਾ ਸਾਹਿਬ ਦੀ ਸੰਗਤ ਇਸੇ ਬਾਗ਼ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਣ ਲੱਗੀ ਅਤੇ ਇੱਥੇ ਹੀ ਪਹਿਲੀ ਵਾਰੀ ਗੁਰੂ ਜੀ ਆਪਣੇ ਸਾਹਿਬਜ਼ਾਦੇ ਬਾਲ ਗੋਬਿੰਦ ਰਾਇ ਨੂੰ ਮਿਲੇ ਸਨ। ਇਹਨਾਂ ਭਰਾਵਾਂ ਦੁਆਰਾ ਗੁਰੂ ਜੀ ਨੂੰ ਦਿੱਤੀ ਪ੍ਰੇਮ-ਭੇਟਾ ਸਦੀਵੀ ਤੌਰ 'ਤੇ ਕਾਇਮ ਹੈ ਅਤੇ ਸੰਗਤ ਇੱਥੇ ਦਰਸ਼ਨ ਕਰਨ ਲਈ ਨਿਰੰਤਰ ਆਉਂਦੀ ਹੈ।

ਕਿਰਪਾ ਰਾਮ, ਪੰਡਿਤ : ਪੰਡਿਤ ਕਿਰਪਾ ਰਾਮ ਨਿਮਾਣੀ, ਨਿਤਾਣੀ ਅਤੇ ਰਾਜਨੀਤਿਕ ਤੌਰ 'ਤੇ ਲਤਾੜੀ ਜਾ ਰਹੀ ਜਨਤਾ ਦੇ ਚਿੰਨ੍ਹ ਵਜੋਂ ਭਾਰਤ ਦੇ ਇਤਿਹਾਸ ਵਿਚ ਪ੍ਰਗਟ ਹੋਏ ਜਿਹੜੇ ਕਿ ਆਪਣੇ ਧਰਮ ਦੀ ਰੱਖਿਆ ਲਈ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿਚ ਬੇਨਤੀ ਲੈ ਕੇ ਅਨੰਦਪੁਰ ਸਾਹਿਬ ਵਿਖੇ ਆਏ ਸਨ। ਇਸ ਨੂੰ ਪੂਰਨ ਭਰੋਸਾ ਸੀ ਕਿ ਗੁਰੂ ਸਾਹਿਬ ਮਨੁੱਖਤਾ ਦੀ ਅਣਖ ਅਤੇ ਸਵੈਮਾਨ ਦੀ ਰੱਖਿਆ ਕਰਨ ਵਿਚ ਪੂਰਨ ਤੌਰ 'ਤੇ ਸਮਰੱਥ ਹਨ ਅਤੇ ਉਸ ਨੂੰ ਨਿਰਾਸ਼ ਨਹੀਂ ਹੋਣਾ ਪਵੇਗਾ। ਗੁਰੂ-ਘਰ ਆਉਣ ਤੋਂ ਪਹਿਲਾਂ ਇਹ ਕਈ ਥਾਈਂ ਭਟਕਦੇ ਰਹੇ ਪਰ ਕਿਤੇ ਵੀ ਇਹਨਾਂ ਨੂੰ ਸਹਾਇਤਾ ਪ੍ਰਾਪਤ ਨਹੀਂ ਹੋਈ। ਗੁਰੂ-ਘਰ ਆਉਣ ਤੋਂ ਬਾਅਦ ਇਹਨਾਂ ਦੀ ਸਾਰੀ ਭਟਕਣਾ ਖ਼ਤਮ ਹੋ ਗਈ। ਰਤਨ ਸਿੰਘ ਭੰਗੂ ਗੁਰੂ-ਘਰ ਦੀ ਪਰਉਪਕਾਰੀ ਬਿਰਤੀ ਦਾ ਪ੍ਰਗਟਾਵਾ ਕਰਦਾ ਹੋਇਆ ਕਹਿੰਦਾ ਹੈ:

> **ਚਲੀ ਕਹਾਵਤ ਸਭ ਜਗੈ ਯਹ ਸਾਚੋ ਅਵਤਾਰ।**
> **ਸਰਨੀ ਆਵੈ ਜੋ ਉਸੈ ਸੋਊ ਉਤਰੈ ਪਾਰ।**[2]

ਕਸ਼ਮੀਰ ਦੇ ਨੇੜੇ ਮਟਨ ਨਗਰ ਦੇ ਵਸਨੀਕ ਪੰਡਿਤ ਕਿਰਪਾ ਰਾਮ ਦੇ ਬਜ਼ੁਰਗਾਂ ਨੇ ਪੂਰਵ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ ਹੋਏ ਸਨ ਅਤੇ ਉਹ ਗੁਰੂ-ਘਰ ਦੇ ਸਿਧਾਂਤ ਅਤੇ ਪਰੰਪਰਾ ਤੋਂ ਭਲੀਭਾਂਤ ਜਾਣੂ ਸਨ। ਕਸ਼ਮੀਰ ਦੇ ਇਤਿਹਾਸਕਾਰ ਦੱਸਦੇ ਹਨ ਕਿ ਜਦੋਂ ਮੁਗ਼ਲ ਗਵਰਨਰ ਇਫ਼ਤਿਖਾਰ ਖ਼ਾਨ ਦੇ ਜ਼ੁਲਮ ਬਹੁਤ ਵੱਧ ਗਏ ਤਾਂ ਕਸ਼ਮੀਰੀ ਪੰਡਿਤਾਂ ਨੂੰ ਆਪਣੇ ਘਰ ਛੱਡਣ ਜਾਂ ਇਸਲਾਮ ਕਬੂਲ ਕਰਨ ਲਈ ਮਜ਼ਬੂਰ ਹੋਣਾ ਪਿਆ। ਪਹਿਲਾਂ ਇਹ ਆਪਣੇ ਧਰਮ ਅਸਥਾਨਾਂ 'ਤੇ ਬੇਨਤੀਆਂ ਕਰਦੇ ਰਹੇ ਪਰ ਕਿਸੇ ਨੇ ਇਹਨਾਂ ਦੀ ਬਾਂਹ ਨਹੀਂ ਫੜੀ। ਜਦੋਂ ਜ਼ੁਲਮ ਬਹੁਤ ਵੱਧ ਗਿਆ ਤਾਂ ਇਹ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਅਨੰਦਪੁਰ ਸਾਹਿਬ ਵਿਖੇ ਆਏ ਸਨ। ਪੰਡਿਤ ਕਿਰਪਾ ਰਾਮ ਦੀ ਬੇਨਤੀ ਦਾ ਵਰਨਨ *ਸ਼ਹੀਦ ਬਿਲਾਸ* ਵਿਚ ਇਸ ਤਰ੍ਹਾਂ ਕੀਤਾ ਹੋਇਆ ਮਿਲਦਾ ਹੈ:

> **ਹਾਥ ਜੋਰ ਕਹਯੋ ਕ੍ਰਿਪਾ ਰਾਮ। ਦੱਤ ਬ੍ਰਾਹਮਨ ਮਟਨ ਗ੍ਰਾਮ।**
> **ਹਮਰੋ ਬਲ ਅਬ ਰਹਯੋ ਨਹਿੰ ਕਾਈ। ਹੇ ਗੁਰ ਤੇਗ ਬਹਾਦਰ ਰਾਈ।**
> **ਗਜ ਕੇ ਬੰਧਨ ਕਾਟਨਹਾਰੇ। ਤੁਮ ਗੁਰ ਨਾਨਕ ਹੈਂ ਅਵਤਾਰੇ।**

1. ਪਿਆਰਾ ਸਿੰਘ ਪਦਮ, *ਗੁਰੂ ਤੇਗ ਬਹਾਦਰ ਸਿਮਰੀਐ,* ਪੰਨਾ 98.
2. ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਸੰਪਾ. ਜੀਤ ਸਿੰਘ ਸੀਤਲ, ਪੰਨਾ 63.

ਜਿਮ ਦ੍ਰੋਪਤੀ ਰਾਖੀ ਲਾਜ। ਦੀਯੋ ਸਵਾਰ ਸੁਦਾਮੇ ਕਾਜ।
ਫਿਰਤ ਫਿਰਤ ਪ੍ਰਭੁ ਆਏ ਥਾਰੇ। ਥਾਕ ਪਰੇ ਹਉਂ ਤਉਂ ਦਰਬਾਰੇ।
ਸੇਵਾ ਹਰੀ ਇਮ ਅਰਜ਼ ਗੁਜ਼ਾਰੀ। ਤੁਮ ਕਲਿਜੁਗ ਕੇ ਕ੍ਰਿਸ਼ਨ ਮੁਰਾਰੀ।[1]

ਪੰਡਿਤ ਕਿਰਪਾ ਰਾਮ ਰਾਹੀਂ ਕਸ਼ਮੀਰੀ ਪੰਡਿਤਾਂ ਦੀ ਬੇਨਤੀ ਸੁਣ ਕੇ ਗੁਰੂ ਤੇਗ ਬਹਾਦਰ ਜੀ ਨੇ ਕਿਹਾ ਕਿ ਬਾਦਸ਼ਾਹ ਤੱਕ ਇਹ ਗੱਲ ਪਹੁੰਚਾ ਦਿਉ ਕਿ ਜੇਕਰ ਗੁਰੂ ਜੀ ਇਸਲਾਮ ਕਬੂਲ ਕਰ ਲੈਂਦੇ ਹਨ ਤਾਂ ਉਹ ਆਪਣੇ ਆਪ ਮੁਸਲਮਾਨ ਹੋ ਜਾਣਗੇ। ਕਸ਼ਮੀਰੀ ਪੰਡਿਤਾਂ ਨੇ ਲਾਹੌਰ ਦੇ ਗਵਰਨਰ ਰਾਹੀਂ ਇਹ ਗੱਲ ਬਾਦਸ਼ਾਹ ਤੱਕ ਪਹੁੰਚਾ ਦਿੱਤੀ ਜਿਸ 'ਤੇ ਗੁਰੂ ਤੇਗ ਬਹਾਦਰ ਜੀ ਨੂੰ ਉਹਨਾਂ ਦੇ ਸਾਥੀਆਂ - ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ - ਸਮੇਤ ਦਿੱਲੀ ਵਿਖੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਪੰਡਿਤ ਕਿਰਪਾ ਰਾਮ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਰਹਿਣ ਲੱਗਾ ਅਤੇ 1699 ਵਿਚ ਅੰਮ੍ਰਿਤ ਛਕ ਕੇ ਸਿੰਘ ਸੱਜ ਗਿਆ ਸੀ। ਇਸ ਨੇ ਚਮਕੌਰ ਦੇ ਯੁੱਧ ਵਿਚ ਸ਼ਹੀਦੀ ਪ੍ਰਾਪਤ ਕੀਤੀ ਸੀ।

ਕ੍ਰਿਪਾਲ ਚੰਦ, ਭਾਈ : ਭਾਈ ਕ੍ਰਿਪਾਲ ਚੰਦ ਕਰਤਾਰਪੁਰ ਦੇ ਭਾਈ ਲਾਲ ਚੰਦ ਦਾ ਸਪੁੱਤਰ ਅਤੇ ਗੁਰੂ ਤੇਗ ਬਹਾਦਰ ਜੀ ਦੇ ਮਹਿਲ ਮਾਤਾ ਗੁਜਰੀ ਜੀ ਦਾ ਭਰਾ ਸੀ। ਇਸ ਨੇ ਪੂਰੀ ਤਨਦੇਹੀ ਨਾਲ ਗੁਰੂ-ਘਰ ਦੀ ਸੇਵਾ ਕੀਤੀ। *ਬਚਿਤ੍ਰ ਨਾਟਕ* ਵਿਚ ਇਸ ਦੀ ਸੂਰਬੀਰਤਾ ਦਾ ਵਰਨਨ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ:

ਤਹਾ ਮਾਤਲੇਯੰ ਕ੍ਰਿਪਾਲੰ ਕ੍ਰਧੰ। ਛਕਿਯੋ ਛੋਭ ਛਤ੍ਰੀ ਕਰਯੋ ਜੁੱਧ ਸੁੱਧੰ।
ਸਹੇ ਦੇਹ ਆਪੰ ਮਹਾਬੀਰ ਬਾਣੰ। ਕਰਿਯੋ ਖਾਨ ਬਾਨੀਨ ਖਾਲੀ ਪਲਾਣੰ।[2]

ਭਾਈ ਕ੍ਰਿਪਾਲ ਚੰਦ ਬੀਰਰਸੀ ਸੁਭਾਅ ਦਾ ਮਾਲਕ ਸੀ ਅਤੇ ਭੰਗਾਣੀ ਦੇ ਯੁੱਧ ਤੋਂ ਪਹਿਲਾਂ ਇਸ ਨੇ ਆਪਣੀ ਬਹਾਦਰੀ ਦੇ ਜੌਹਰ ਉਸ ਸਮੇਂ ਦਿਖਾਏ ਜਦੋਂ ਬਾਬਾ ਬਕਾਲਾ ਵਿਖੇ ਮੱਖਣ ਸ਼ਾਹ ਲੁਬਾਣੇ ਨੇ 'ਸੱਚਾ ਗੁਰੂ ਲਾਧੋ ਰੇ' ਦਾ ਹੋਕਾ ਦੇ ਕੇ ਸੰਗਤ ਨੂੰ ਸਤਿਗੁਰੂ ਜੀ ਦੇ ਲੜ ਲਾਇਆ ਤਾਂ ਧੀਰ ਮੱਲ ਕ੍ਰੋਧਿਤ ਹੋ ਗਿਆ। ਉਸ ਦੇ ਮਸੰਦ ਸ਼ੀਂਹੇਂ ਨੇ ਗੁਰੂ ਤੇਗ ਬਹਾਦਰ ਜੀ 'ਤੇ ਗੋਲੀ ਚਲਾਈ ਜਿਸ ਤੋਂ ਗੁਰੂ ਜੀ ਬੱਚ ਗਏ ਸਨ ਪਰ ਉਹ ਗੁਰੂ-ਘਰ ਦੀਆਂ ਵਸਤਾਂ ਲੁੱਟ ਕੇ ਲੈ ਗਿਆ ਸੀ ਜਦੋਂ ਇਸ ਗੱਲ ਦੀ ਜਾਣਕਾਰੀ ਭਾਈ ਕ੍ਰਿਪਾਲ ਚੰਦ ਅਤੇ ਮੱਖਣ ਸ਼ਾਹ ਕੋਲ ਪੁੱਜੀ ਤਾਂ ਇਹਨਾਂ ਨੇ ਧੀਰ ਮੱਲ ਅਤੇ ਸ਼ੀਹੇਂ ਮਸੰਦ ਨੂੰ ਕਾਬੂ ਕਰਕੇ ਗੁਰੂ ਜੀ ਕੋਲ ਪੇਸ਼ ਕੀਤਾ, ਗੁਰੂ ਜੀ ਨੇ ਸਭ ਨੂੰ ਮਾਫ਼ ਕਰਨ ਦਾ ਆਦੇਸ਼ ਕਰ ਦਿੱਤਾ।

ਭਾਈ ਕ੍ਰਿਪਾਲ ਚੰਦ ਗੁਰੂ ਤੇਗ ਬਹਾਦਰ ਜੀ ਨਾਲ ਪੂਰਬ ਦੀ ਯਾਤਰਾ 'ਤੇ ਗਿਆ ਸੀ। ਗੁਰੂ ਜੀ ਦੇ ਅੱਗੇ ਬੰਗਾਲ, ਅਸਾਮ ਦੀ ਯਾਤਰਾ 'ਤੇ ਜਾਣ ਸਮੇਂ ਇਹ ਪਟਨਾ ਸਾਹਿਬ ਵਿਖੇ ਗੁਰੂ-ਪਰਿਵਾਰ ਦੀ ਦੇਖ-ਭਾਲ ਲਈ ਰਹਿ ਗਿਆ ਸੀ। ਚਾਰ ਸਾਲ ਤੋਂ ਵਧੇਰੇ ਸਮਾਂ ਪਟਨਾ ਸਾਹਿਬ ਵਿਖੇ ਨਿਵਾਸ ਕਰਨ ਉਪਰੰਤ ਜਦੋਂ ਗੁਰੂ-ਪਰਿਵਾਰ ਪਟਨਾ ਸਾਹਿਬ ਤੋਂ ਅਨੰਦਪੁਰ ਸਾਹਿਬ ਵਿਖੇ ਆਇਆ ਤਾਂ ਭਾਈ ਕ੍ਰਿਪਾਲ ਚੰਦ ਉਹਨਾਂ ਦੇ ਨਾਲ ਸਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਰਿਹਾ ਅਤੇ ਭੰਗਾਣੀ ਦੇ ਯੁੱਧ ਵਿਚ ਇਸ ਨੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ ਸਨ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵੀ ਗੁਰੂ-ਘਰ ਦਾ ਪ੍ਰਬੰਧ ਇਸ ਦੇ ਕੋਲ ਹੀ ਸੀ। ਗੁਰੂ ਜੀ ਤੋਂ ਬਾਅਦ ਇਹ ਦਿੱਲੀ ਵਿਖੇ ਨਿਵਾਸ ਕਰਨ ਲੱਗਿਆ ਅਤੇ ਲੰਮਾ ਸਮਾਂ ਇਹ ਪਾਲਿਤ ਅਜੀਤ ਸਿੰਘ ਦੇ ਨਾਲ ਰਿਹਾ। ਕਿਹਾ ਜਾਂਦਾ ਹੈ ਪਾਲਿਤ ਅਜੀਤ ਸਿੰਘ ਦੇ ਨਾਲ ਸ਼ਹੀਦ ਹੋਏ 60 ਸਿੱਖਾਂ ਵਿਚ ਇਹ ਵੀ ਸ਼ਾਮਲ ਸੀ ਪਰ ਇਸ ਦੇ ਜੀਵਨ ਦਾ ਅੰਤਿਮ ਪੜਾਅ ਹਾਲੇ ਹੋਰ ਵਧੇਰੇ ਖੋਜ ਦੀ ਮੰਗ ਕਰਦਾ ਹੈ।

1. ਕਵੀ ਸੇਵਾ ਸਿੰਘ, *ਸ਼ਹੀਦ ਬਿਲਾਸ ਭਾਈ ਮਨੀ ਸਿੰਘ,* ਸੰਪਾ. ਗਿਆਨੀ ਗਰਜਾ ਸਿੰਘ, ਬੰਦ 35.
2. *ਬਚਿਤ੍ਰ ਨਾਟਕ,* ਅਧਿਆਇ 8.9.

ਗੁਆਲ ਦਾਸ, ਭਾਈ : ਛੋਟੇ ਮੱਲ ਦਾ ਪੁੱਤਰ ਅਤੇ ਭਾਈ ਪੈੜੇ ਦਾ ਇਹ ਪੋਤਰਾ ਛਿੱਬਰ ਪਰਿਵਾਰ ਨਾਲ ਸੰਬੰਧਿਤ ਸੀ। ਮੌਜੂਦਾ ਪਾਕਿਸਤਾਨ ਦੇ ਜੇਹਲਮ ਜ਼ਿਲ੍ਹੇ ਵਿਚ ਕੜਿਆਲਾ ਪਿੰਡ ਦਾ ਇਹ ਵਸਨੀਕ ਗੁਰੂ ਤੇਗ ਬਹਾਦਰ ਜੀ ਦਾ ਸ਼ਰਧਾਲੂ ਸੀ। *ਗੁਰੂ ਕੀਆਂ ਸਾਖੀਆਂ* ਤੋਂ ਜਾਣਕਾਰੀ ਮਿਲਦੀ ਹੈ ਕਿ ਪੂਰਬ ਦੀ ਯਾਤਰਾ ਦੌਰਾਨ ਇਹ ਗੁਰੂ ਤੇਗ ਬਹਾਦਰ ਜੀ ਦੇ ਨਾਲ ਸੀ।[1]

ਗੁਰਦਿੱਤਾ, ਭਾਈ : ਬਾਬਾ ਬੁੱਢਾ ਜੀ ਦੀ ਅੰਸ ਵਿਚੋਂ ਇਹ ਸਤਿਕਾਰਯੋਗ ਸ਼ਖ਼ਸੀਅਤ ਹੋਏ ਹਨ। ਗੁਰਿਆਈ ਦੀ ਰਸਮ ਦੀ ਜ਼ਿੰਮੇਵਾਰੀ ਪਹਿਲਾਂ ਬਾਬਾ ਬੁੱਢਾ ਜੀ ਨਿਭਾਉਂਦੇ ਸਨ ਫਿਰ ਇਹ ਕਾਰਜ ਇਹਨਾਂ ਦੇ ਪਰਿਵਾਰਕ ਉੱਤਰਾਧਿਕਾਰੀਆਂ ਵੱਲੋਂ ਕੀਤਾ ਜਾਂਦਾ ਰਿਹਾ। ਲਗ-ਪਗ 50 ਸਾਲ ਦੇ ਦੁਨਿਆਵੀ ਜੀਵਨ ਦੌਰਾਨ ਇਹਨਾਂ ਨੇ ਗੁਰੂ-ਘਰ ਦੀ ਸੇਵਾ ਵਿਚ ਮਹੱਤਵਪੂਰਨ ਯੋਗਦਾਨ ਪਾਇਆ।

ਬਾਬਾ ਬੁੱਢਾ ਜੀ ਨੂੰ ਛੇ ਗੁਰੂ ਸਾਹਿਬਾਨ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਬਾਬਾ ਬੁੱਢਾ ਜੀ ਤੋਂ ਬਾਅਦ ਇਹਨਾਂ ਦੇ ਪੁੱਤਰ ਭਾਈ ਭਾਨਾ ਨੇ ਗੁਰੂ ਹਰਿਰਾਇ ਜੀ ਦੀ ਗੁਰਗੱਦੀ ਦੀ ਰਸਮ ਅਦਾ ਕੀਤੀ ਸੀ। ਇਹਨਾਂ ਦਾ ਪੁੱਤਰ ਭਾਈ ਸਰਵਣ ਅਤੇ ਪੋਤਰਾ ਭਾਈ ਝੰਡਾ ਵੀ ਗੁਰੂ-ਘਰ ਦੀ ਸੇਵਾ ਵਿਚ ਰਹੇ। ਗੁਰੂ ਹਰਿਰਾਇ ਜੀ ਦੇ ਸਮੇਂ ਹੀ ਭਾਈ ਝੰਡਾ ਜੀ ਵੀ ਅਕਾਲ ਚਲਾਣਾ ਕਰ ਗਏ ਸਨ। 1625 ਵਿਚ ਇਸ ਦੇ ਘਰ ਭਾਈ ਗੁਰਦਿੱਤਾ ਜੀ ਦਾ ਜਨਮ ਹੋਇਆ ਜਿਹੜਾ ਕਿ ਆਪਣੇ ਪਿਤਾ ਦੇ ਅਕਾਲ ਚਲਾਣੇ ਉਪਰੰਤ ਗੁਰੂ-ਘਰ ਦੀ ਸੇਵਾ ਕਰਦਾ ਰਿਹਾ। ਗੁਰੂ ਹਰਿਕ੍ਰਿਸ਼ਨ ਜੀ ਦੀ ਸੇਵਾ ਵਿਚ ਇਹ ਕੀਰਤਪੁਰ ਸਾਹਿਬ ਵਿਖੇ ਨਿਵਾਸ ਕਰਨ ਲੱਗਾ ਸੀ। ਬਾਦਸ਼ਾਹ ਔਰੰਗਜ਼ੇਬ ਦੇ ਸੱਦੇ 'ਤੇ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਗਏ ਅਤੇ 1664 ਵਿਚ ਉੱਥੇ ਹੀ ਜੋਤੀ-ਜੋਤਿ ਸਮਾ ਗਏ ਸਨ ਪਰ ਇਸ ਤੋਂ ਪਹਿਲਾਂ ਉਹਨਾਂ ਨੇ ਸਿੱਖ ਸੰਗਤ ਨੂੰ ਆਪਣੇ ਉੱਤਰਾਧਿਕਾਰੀ ਕੋਲ 'ਬਾਬਾ ਬਕਾਲਾ' ਵਿਖੇ ਜਾਣ ਦਾ ਆਦੇਸ਼ ਦੇ ਦਿੱਤਾ ਸੀ। ਬਾਬਾ ਬਕਾਲਾ ਵਿਖੇ ਕਈ ਅਖੌਤੀ ਗੁਰੂ ਬਣ ਬੈਠੇ ਸਨ ਪਰ ਭਾਈ ਮੱਖਣ ਸ਼ਾਹ ਲੁਬਾਣਾ ਨੇ 'ਸੱਚਾ ਗੁਰੂ' ਲੱਭ ਲਿਆ ਸੀ। 1664 ਵਿਚ ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਦੀ ਰਸਮ ਕੀਤੀ ਗਈ ਤਾਂ ਇਸ ਕਾਰਜ ਲਈ ਭਾਈ ਗੁਰਦਿੱਤਾ ਜੀ ਨੂੰ ਬਾਬਾ ਬਕਾਲਾ ਵਿਖੇ ਬੁਲਾਇਆ ਗਿਆ ਸੀ।

ਬਾਬਾ ਬਕਾਲਾ ਤੋਂ ਗੁਰੂ ਤੇਗ ਬਹਾਦਰ ਜੀ ਅੰਮ੍ਰਿਤਸਰ ਦੇ ਦਰਸ਼ਨ ਕਰਨ ਗਏ ਤਾਂ ਅੱਗੇ ਪੁਜਾਰੀਆਂ ਨੇ ਦਰਵਾਜ਼ੇ ਬੰਦ ਕਰ ਲਏ ਸਨ। ਉੱਥੋਂ ਕਈ ਨਗਰਾਂ ਵਿਚੋਂ ਹੁੰਦੇ ਹੋਏ ਗੁਰੂ ਜੀ ਕੀਰਤਪੁਰ ਸਾਹਿਬ ਪਹੁੰਚੇ। 1665 ਵਿਚ ਗੁਰੂ ਜੀ ਨੇ ਇਕ ਮਾਖੋਵਾਲ ਨਾਂ ਦੇ ਇਕ ਪੁਰਾਤਨ ਪਿੰਡ ਦੇ ਥੇਹ ਨੂੰ ਖਰੀਦ ਕੇ ਇੱਥੇ ਨਵੇਂ ਨਗਰ ਦਾ ਮੁੱਢ ਬੰਨ੍ਹਿਆ। ਗੁਰੂ ਜੀ ਨੇ ਭਾਈ ਗੁਰਦਿੱਤਾ ਜੀ ਨੂੰ ਬੁਲਾਇਆ ਜਿਸ ਨੇ ਗੁਰੂ ਸਾਹਿਬ ਦੇ ਆਦੇਸ਼ ਅਨੁਸਾਰ 19 ਜੂਨ ਨੂੰ ਨਵਾਂ ਨਗਰ ਵਸਾਉਣ ਲਈ ਮੋਹੜੀ ਗੱਡੀ। ਗੁਰੂ ਜੀ ਨੇ ਆਪਣੀ ਮਾਤਾ ਨਾਨਕੀ ਜੀ ਦੇ ਨਾਂ 'ਤੇ ਇਸ ਨਗਰ ਦਾ ਨਾਂ 'ਚੱਕ ਨਾਨਕੀ' ਰੱਖਿਆ ਜਿਹੜਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸੇ ਸਾਲ ਗੁਰੂ ਜੀ ਪੂਰਬ ਦੀ ਪ੍ਰਚਾਰ-ਯਾਤਰਾ 'ਤੇ ਚਲੇ ਗਏ ਅਤੇ ਨਵੇਂ ਨਗਰ ਵਿਖੇ ਇਮਾਰਤਾਂ ਬਣਾਉਣ ਅਤੇ ਹੋਰ ਪ੍ਰਬੰਧ ਕਰਨ ਦੀ ਜ਼ੁੰਮੇਵਾਰੀ ਭਾਈ ਗੁਰਦਿੱਤਾ ਜੀ ਨੂੰ ਸੌਂਪ ਦਿੱਤੀ ਗਈ ਜਿਨ੍ਹਾਂ ਨੇ ਪੂਰੀ ਤਨਦੇਹੀ ਨਾਲ ਇਸ ਨੂੰ ਨਿਭਾਇਆ।

ਗੁਰੂ-ਘਰ ਦੀ ਹਰ ਤਰ੍ਹਾਂ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਭਾਈ ਗੁਰਦਿੱਤਾ ਜੀ ਪੂਰਨ ਸ਼ਰਧਾ, ਨਿਸ਼ਠਾ ਅਤੇ ਦ੍ਰਿੜ੍ਹਤਾ ਨਾਲ ਨਿਭਾਉਂਦੇ ਰਹੇ। 1675 ਵਿਚ ਕਸ਼ਮੀਰੀ ਪੰਡਿਤ ਅਨੰਦਪੁਰ ਸਾਹਿਬ ਆਏ ਤਾਂ ਗੁਰੂ ਜੀ ਨੇ ਦਿੱਲੀ ਜਾਣ ਦਾ ਫ਼ੈਸਲਾ ਕਰ ਲਿਆ। ਗੁਰੂ ਜੀ ਨੂੰ ਭਵਿੱਖ ਦੀਆਂ ਘਟਨਾਵਾਂ ਦੀ ਪੂਰਨ ਤੌਰ 'ਤੇ ਜਾਣਕਾਰੀ ਹੋ ਚੁੱਕੀ ਸੀ ਅਤੇ ਉਹਨਾਂ ਨੇ ਚੱਕ ਨਾਨਕੀ ਤੋਂ ਰਵਾਨਾ ਹੋਣ ਤੋਂ ਪਹਿਲਾਂ ਆਪਣੇ ਪੁੱਤਰ ਗੋਬਿੰਦ ਰਾਇ ਜੀ ਨੂੰ ਗੁਰਿਆਈ ਦੀ

---

1. ਸੁਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸੰਪਾ. ਪਿਆਰਾ ਸਿੰਘ ਪਦਮ, ਪੰਨਾ 76, ਫੁੱਟ-ਨੋਟ 1.

ਰਸਮ ਦੇ ਕੇ ਗੁਰੂ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਜੀ ਦੇ ਰੂਪ ਵਿਚ ਸੰਗਤ ਦੀ ਅਗਵਾਈ ਕਰਨ ਲਈ ਨਿਯੁਕਤ ਕਰ ਦਿੱਤਾ। ਗੁਰਿਆਈ ਦੀ ਰਸਮ ਭਾਈ ਗੁਰਦਿੱਤਾ ਜੀ ਨੇ ਨਿਭਾਈ। ਗੁਰੂ ਤੇਗ ਬਹਾਦਰ ਜੀ ਨੂੰ ਜਦੋਂ ਦਿੱਲੀ ਲਿਆਂਦਾ ਗਿਆ ਉਸ ਸਮੇਂ ਭਾਈ ਗੁਰਦਿੱਤਾ ਜੀ ਨੇ ਵੀ ਉੱਥੇ ਪੁੱਜ ਕੇ ਭਾਈ ਕਲਿਆਣਾ ਦੀ ਧਰਮਸਾਲ ਵਿਖੇ ਨਿਵਾਸ ਕਰ ਲਿਆ ਸੀ। 11 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਅਤੇ ਅਗਲੇ ਦਿਨ ਭਾਈ ਗੁਰਦਿੱਤਾ ਜੀ ਵੀ ਇਸ ਦੁਨਿਆਵੀ ਜਗਤ ਨੂੰ ਛੱਡ ਕੇ ਗੁਰਪੁਰੀ ਜਾ ਬਿਰਾਜੇ। ਦਿੱਲੀ ਦੇ ਸਿੱਖਾਂ ਨੇ ਜਮਨਾ ਨਦੀ ਦੇ ਕੰਢੇ ਭੋਗਲਪੁਰ ਵਾਲੇ ਸਥਾਨ 'ਤੇ ਭਾਈ ਗੁਰਦਿੱਤਾ ਜੀ ਦਾ ਅੰਤਿਮ ਸਸਕਾਰ ਕਰ ਦਿੱਤਾ ਸੀ।

ਗੜੀਆ, ਭਾਈ : ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਦਾ ਇਹ ਇਕ ਸ਼ਰਧਾਲੂ ਅਤੇ ਸੂਝਵਾਨ ਸਿੱਖ ਸੀ ਜਿਸ ਨੂੰ ਗੁਰੂ ਜੀ ਨੇ ਕਸ਼ਮੀਰ ਵਿਖੇ ਸਿੱਖੀ ਪ੍ਰਚਾਰ ਦੀ ਸੇਵਾ ਲਈ ਨਿਯੁਕਤ ਕੀਤਾ ਸੀ। ਰਾਹ ਵਿਚ ਇਸ ਦਾ ਮੇਲ ਇਕ ਮੁਸਲਮਾਨ ਫ਼ਕੀਰ ਸ਼ਾਹ ਦੌਲਾ ਨਾਲ ਹੋਇਆ ਜਿਹੜਾ ਕਿ ਇਸ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਗੁਰੂ-ਘਰ ਦਾ ਸ਼ਰਧਾਲੂ ਹੋ ਗਿਆ। 1664 ਵਿਚ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਦੀ ਬਖ਼ਸ਼ਿਸ਼ ਹੋਣ 'ਤੇ ਇਹ ਉਹਨਾਂ ਕੋਲ ਰਹਿ ਕੇ ਸੇਵਾ ਕਰਨ ਲੱਗਾ ਜਿਸ ਦਾ ਵਰਨਨ ਕਰਦੇ ਹੋਏ ਭਾਈ ਸੰਤੋਖ ਸਿੰਘ ਦੱਸਦੇ ਹਨ – ਸਾਦਰ ਬਿਦਾ ਕਰਯੋ ਘਰ ਗਯੋ। ਗੜੀਆ ਗੁਰ ਢਿਗ ਰਹਿਤੋ ਭਯੋ।[1]

ਗੁਰਬਖ਼ਸ਼, ਭਾਈ : ਗੁਰੂ ਹਰਿਕ੍ਰਿਸ਼ਨ ਜੀ ਦੇ ਦਿੱਲੀ ਵਿਖੇ ਜੋਤੀ-ਜੋਤਿ ਸਮਾਉਣ ਵੇਲੇ ਇਹ ਉਹਨਾਂ ਦੀ ਸੇਵਾ ਵਿਚ ਹਾਜ਼ਰ ਸੀ। ਜਦੋਂ ਗੁਰੂ ਜੀ ਨੇ ਆਪਣਾ ਅੰਤਿਮ ਸਮਾਂ ਆਉਣ ਬਾਰੇ ਬਚਨ ਕੀਤਾ ਤਾਂ ਇਸ ਨੇ ਨਿਮਰਤਾ ਸਹਿਤ ਗੁਰੂ ਜੀ ਤੋਂ ਅਗਲੇ ਉੱਤਰਾਧਿਕਾਰੀ ਬਾਰੇ ਪੁੱਛਿਆ। ਬਾਬਾ ਬਕਾਲਾ ਆ ਕੇ ਇਸ ਨੇ ਸਾਰਾ ਬ੍ਰਿਤਾਂਤ (ਗੁਰੂ) ਤੇਗ ਬਹਾਦਰ ਜੀ ਨੂੰ ਸੁਣਾਇਆ ਜਿਸ ਦਾ ਵਰਨਨ ਭਾਈ ਸੰਤੋਖ ਸਿੰਘ ਨੇ ਆਪਣੀ ਰਚਨਾ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਇਸ ਤਰ੍ਹਾਂ ਕੀਤਾ ਹੈ:

> **ਸੁਮਤਿਵੰਤ ਗੁਰਬਖਸ਼ ਮਸੰਦ। ਜਿਸ ਕੇ ਸਿਖ ਅਨੁਸਾਰਿ ਬਿਲੰਦ॥**
> **ਪੁਨ ਕਰ ਜੋਰਿ ਪ੍ਰਸੰਗ ਉਚਾਰੇ। ਸ੍ਰੀ ਹਰਿਕਿਸ਼ਨ ਬਿਕੁੰਠ ਸਿਧਾਰੇ।**
> **ਅੰਤ ਸਮੈਂ ਮੁਝ ਸੰਗ ਬਖਾਨਾ। ਬਾਬਾ ਬਸਹਿ ਬਕਾਲੇ ਥਾਨਾ॥**[2]

ਗੁਰਬਖ਼ਸ਼, ਭਾਈ, ਜੌਨਪੁਰ : ਗੁਰੂ ਤੇਗ ਬਹਾਦਰ ਜੀ ਦੇ ਸਮੇਂ ਇਹ ਉੱਤਰ ਪ੍ਰਦੇਸ਼ ਦੇ ਜੌਨਪੁਰ ਨਗਰ ਵਿਖੇ ਗੁਰੂ-ਘਰ ਦਾ ਮਸੰਦ ਸੀ। ਜਦੋਂ ਗੁਰੂ ਜੀ ਬਨਾਰਸ ਪਹੁੰਚੇ ਤਾਂ ਇਹ ਸੰਗਤ ਲੈ ਕੇ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਇਆ। ਇਹ ਬਹੁਤ ਹੀ ਰਸ-ਭਿੰਨਾ ਕੀਰਤਨ ਕਰਦਾ ਸੀ ਅਤੇ ਇਸ ਨੇ ਆਪਣੇ ਕੀਰਤਨ ਰਾਹੀਂ ਗੁਰੂ ਤੇਗ ਬਹਾਦਰ ਜੀ ਦੀ ਖ਼ੁਸ਼ੀ ਪ੍ਰਾਪਤ ਕੀਤੀ। ਇਸ ਦੇ ਕੀਰਤਨ ਦੀ ਸੋਭਾ ਦਾ ਵਿਖਿਆਨ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਕਰਦੇ ਹੋਏ ਕਿਹਾ ਗਿਆ ਹੈ:

> **ਇਕ ਭਾਈ ਗੁਰੁਬਖਸ਼ ਹੁਲਾਸੀ। ਸੰਗਤਿ ਸੰਗ ਜਵਨਪੁਰ ਬਾਸੀ।**
> **ਪੇਮੀ ਮਹਾਂ ਭਜਨ ਕੋ ਕਰਿਤਾ। ਰਿਦੈ ਧਯਾਨ ਸਤਿਗੁਰ ਕੋ ਧਰਿਤਾ।**
> **ਸ੍ਰੀ ਗੁਰੁ ਤੇਗ ਬਹਾਦਰ ਤੀਰ। ਕਰਯੋ ਭਜਨ ਤਿਨ ਧੁਨਿ ਗੰਭੀਰ।**[3]

ਗੁਰੂ ਜੀ ਨੇ ਇਸ ਨੂੰ ਅਸ਼ੀਰਵਾਦ ਦਿੱਤਾ ਕਿ ਇਸ ਦੀ ਸੰਤਾਨ 'ਤੇ ਵੀ ਕੀਰਤਨ ਅਤੇ ਪ੍ਰਭੂ-ਬੰਦਗੀ ਦੀ ਬਖ਼ਸ਼ਿਸ਼ ਕਾਇਮ ਰਹੇਗੀ। ਗੁਰੂ ਜੀ ਨੇ ਇਸ ਨੂੰ ਇਕ ਮ੍ਰਿਦੰਗ ਵੀ ਬਖ਼ਸ਼ਿਸ਼ ਕੀਤੀ ਸੀ ਜਿਸ ਕਰਕੇ ਜੌਨਪੁਰ ਦੀ ਸੰਗਤ ਨੂੰ

1. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 11, ਅੰਸੂ 2.38.
2. *ਉਹੀ,* ਅੰਸੂ 32.34-35. 3. *ਉਹੀ,* ਅੰਸੂ 54.18-19.

'ਮ੍ਰਿਦੰਗਾਵਲੀ ਸੰਗਤ' ਵੀ ਕਿਹਾ ਜਾਂਦਾ ਹੈ। ਪਟਨਾ ਤੋਂ ਪੰਜਾਬ ਵਾਪਸ ਆਉਂਦੇ ਹੋਏ ਗੁਰੂ ਤੇਗ ਬਹਾਦਰ ਜੀ ਨੇ ਜੌਨਪੁਰ ਵਿਚ ਭਾਈ ਗੁਰਬਖ਼ਸ਼ ਕੋਲ ਨਿਵਾਸ ਕੀਤਾ ਸੀ ਅਤੇ ਇੱਥੇ ਇਹਨਾਂ ਦੀ ਯਾਦ ਵਿਚ ਇਕ ਗੁਰਧਾਮ ਵੀ ਸਸ਼ੋਭਿਤ ਹੈ।

ਗੋਂਦਾ, ਚੌਧਰੀ : ਇਹ ਪੰਜਾਬ ਦੇ ਸੰਗਰੂਰ ਜ਼ਿਲੇ ਵਿਚ ਪੈਂਦੇ ਪਿੰਡ ਮੂਲੋਵਾਲ ਦਾ ਚੌਧਰੀ ਸੀ। ਜਦੋਂ ਗੁਰੂ ਤੇਗ ਬਹਾਦਰ ਜੀ ਨੇ ਇਸ ਪਿੰਡ ਵਿਖੇ ਚਰਨ ਪਾਏ ਤਾਂ ਇਹ ਉਹਨਾਂ ਦਾ ਸਿੱਖ ਹੋ ਗਿਆ। ਗੁਰੂ ਜੀ ਨੇ ਇਸ ਨੂੰ ਸਿੱਖੀ ਦਾ ਪ੍ਰਚਾਰਕ ਥਾਪਿਆ।

ਘਨੁਈਆ ਜੀ, ਭਾਈ : ਭਾਈ ਘਨੁਈਆ ਜੀ ਦਾ ਨਾਂ ਸੇਵਾ ਦੇ ਖੇਤਰ ਵਿਚ ਬੜੇ ਹੀ ਮਾਣ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਉਹਨਾਂ ਨੇ ਸੇਵਾ ਦੇ ਖੇਤਰ ਵਿਚ ਅਜਿਹੀ ਮਿਸਾਲ ਕਾਇਮ ਕੀਤੀ ਜਿਹੜੀ ਕਿ ਦੁਨੀਆਂ ਵਿਚ ਸ਼ਾਇਦ ਹੀ ਕਿਧਰੇ ਦੇਖਣ ਨੂੰ ਮਿਲਦੀ ਹੈ। ਉਹਨਾਂ ਨੇ ਸੇਵਾ ਰਾਹੀਂ ਦੁਨੀਆਂ ਵਿਚ ਪਿਆਰ ਅਤੇ ਭਾਈਚਾਰੇ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨ ਲਈ ਇਕ ਨਵਾਂ ਰਾਹ ਦਿਖਾਇਆ ਅਤੇ ਗੁਰੂ ਨਾਨਕ ਦੇਵ ਜੀ ਦਾ ਇਹ ਉਪਦੇਸ਼ ਕਿ 'ਸਭ ਮਹਿ ਜੋਤਿ ਜੋਤਿ ਹੈ ਸੋਇ' ਘਰ-ਘਰ ਪਹੁੰਚਾਉਣ ਦਾ ਬੀੜਾ ਚੁੱਕਿਆ। ਇਸ ਕਾਰਜ ਲਈ ਉਹਨਾਂ ਨੇ ਘਮਸਾਨ ਦੇ ਯੁੱਧਾਂ ਵਿਚ ਚਲਦੀਆਂ ਕ੍ਰਿਪਾਨਾਂ ਦੀ ਵੀ ਕੋਈ ਪ੍ਰਵਾਹ ਨਾ ਕੀਤੀ।

ਭਾਈ ਘਨੁਈਆ ਜੀ ਦਾ ਜਨਮ ਵਜ਼ੀਰਾਬਾਦ ਦੇ ਕੋਲ ਪਿੰਡ ਸੋਧਰਾ ਜ਼ਿਲਾ ਗੁਜਰਾਤ (ਮੌਜੂਦਾ ਪਾਕਿਸਤਾਨ) ਵਿਖੇ 1648 ਈ. (ਸੰਮਤ 1705) ਵਿਚ ਹੋਇਆ। ਆਪ ਜੀ ਦੇ ਪਿਤਾ ਭਾਈ ਨਥੂ ਰਾਮ ਨਵਾਬ ਦੀ ਫ਼ੌਜ ਲਈ ਸਮਾਨ ਮਹੱਈਆ ਕਰਾਉਣ ਵਾਲੇ ਵਪਾਰੀ ਸਨ। ਬਚਪਨ ਤੋਂ ਹੀ ਭਾਈ ਘਨੁਈਆ ਜੀ ਸਾਧੂ ਸੁਭਾਅ ਦੇ ਮਾਲਕ ਸਨ। ਜਿੱਥੇ ਕਿਤੇ ਵੀ ਕੋਈ ਭੁੱਖਾ ਨਜ਼ਰ ਪਵੇ ਉਹਨਾਂ ਨੂੰ ਭੋਜਨ ਕਰਵਾ ਦਿੰਦੇ ਅਤੇ ਜਿੱਥੇ ਕਿਤੇ ਕੋਈ ਗਰੀਬ ਅਤੇ ਵਗਾਰੀ ਭਾਰ ਢੋਂਦਾ ਦੇਖਦੇ ਤਾਂ ਉਹਨਾਂ ਦਾ ਕੰਮ ਆਪ ਹੀ ਕਰ ਦਿੰਦੇ। ਭਾਵੇਂ ਕਿ ਆਪ ਅਮੀਰ ਪਰਿਵਾਰ ਨਾਲ ਸੰਬੰਧ ਰੱਖਦੇ ਸਨ ਫਿਰ ਵੀ ਇਹਨਾਂ ਦੇ ਸੁਭਾਅ ਵਿਚ ਹਮੇਸ਼ਾਂ ਗਰੀਬਾਂ ਲਈ ਤੜਪ ਰਹਿੰਦੀ ਸੀ। ਇਹਨਾਂ ਦੇ ਅਜਿਹੇ ਕੰਮਾਂ ਕਰ ਕੇ ਕਈ ਵਾਰੀ ਮਾਤਾ-ਪਿਤਾ ਸ਼ਰਮ ਮਹਿਸੂਸ ਕਰਦੇ ਅਤੇ ਇਹਨਾਂ ਨੂੰ ਅਜਿਹੇ ਕੰਮ ਕਰਨ ਤੋਂ ਰੋਕਦੇ ਤਾਂ ਆਪ ਨਿਮਰਤਾ ਸਹਿਤ ਆਪਣੇ ਮਾਪਿਆਂ ਨੂੰ ਇਹ ਕਹਿ ਕੇ ਹੱਸ ਛੱਡਦੇ ਕਿ ਮੈਂ ਤੁਹਾਡਾ ਬਾਵਰਾ ਪੁੱਤਰ ਹਾਂ, ਮੇਰੇ ਕੰਮਾਂ ਦਾ ਬਹੁਤਾ ਵਿਚਾਰ ਨਾ ਕਰਿਆ ਕਰੋ। ਉਹਨਾਂ ਦੇ ਅਜਿਹੇ ਵਿਚਾਰਾਂ ਕਰ ਕੇ ਜਦੋਂ ਮਾਪਿਆਂ ਨੇ ਵਿਆਹ ਦੇ ਬੰਧਨ ਵਿਚ ਪਾਉਣ ਦਾ ਵਿਚਾਰ ਕੀਤਾ ਤਾਂ ਆਪ ਜੀ ਨੇ ਸਾਫ਼ ਇਨਕਾਰ ਕਰ ਦਿੱਤਾ।

ਭਾਈ ਸਾਹਿਬ ਦੀ ਸਦਾ ਇਹੀ ਇੱਛਾ ਰਹਿੰਦੀ ਕਿ ਸੰਤਾਂ ਅਤੇ ਭਲੇ ਪੁਰਖਾਂ ਦੀ ਸੰਗਤ ਕੀਤੀ ਜਾਵੇ। ਸਤਿਸੰਗਤ ਦੀ ਮਨ ਵਿਚ ਪ੍ਰਬਲ ਇੱਛਾ ਕਾਰਨ ਇਕ ਦਿਨ ਅਨੰਦਪੁਰ ਸਾਹਿਬ ਜਾਣ ਵਾਲੀਆਂ ਸੰਗਤਾਂ ਨਾਲ ਰਲ ਕੇ ਉੱਥੇ ਪਹੁੰਚ ਗਏ। ਉਸ ਸਮੇਂ ਅਨੰਦਪੁਰ ਦਾ ਪੁਰਾਤਨ ਨਾਂ ਚੱਕ ਨਾਨਕੀ ਸੀ ਜਿਹੜਾ ਗੁਰੂ ਤੇਗ ਬਹਾਦਰ ਜੀ ਨੇ ਮਾਖੋਵਾਲ ਪਿੰਡ ਦੀ ਜ਼ਮੀਨ ਖਰੀਦ ਕੇ ਵਸਾਇਆ ਸੀ। ਗੁਰੂ ਜੀ ਦੇ ਦਰਸ਼ਨ ਕਰ ਕੇ ਭਾਈ ਸਾਹਿਬ ਦਾ ਮਨ ਸ਼ਾਂਤ ਹੋ ਗਿਆ ਅਤੇ ਇਹਨਾਂ ਨੇ ਇੱਥੇ ਹੀ ਗੁਰੂ ਚਰਨਾਂ ਵਿਚ ਰਹਿ ਕੇ ਸੇਵਾ ਕਰਨ ਦਾ ਮਨ ਬਣਾ ਲਿਆ। ਤਬੇਲੇ ਵਿਚ ਜਾ ਕੇ ਘੋੜਿਆਂ ਦੀ ਸੇਵਾ ਕਰਨ ਲੱਗੇ ਅਤੇ ਜਦੋਂ ਚਾਰ ਮਹੀਨੇ ਬੀਤ ਗਏ ਤਾਂ ਇਕ ਦਿਨ ਗੁਰੂ ਜੀ ਨਾਲ ਇਕੱਲਿਆਂ ਹੀ ਮਿਲਾਪ ਹੋ ਗਿਆ। ਵਿਚਾਰ-ਚਰਚਾ ਕਰਦਿਆਂ ਹੀ ਗੁਰੂ ਜੀ ਨੇ ਇਹਨਾਂ ਨੂੰ ਸਿੱਖੀ ਵਿਚ ਪਰਪੱਕ ਜਾਣ ਕੇ ਗੁਰਮਤਿ ਪ੍ਰਚਾਰ ਕਰਨ ਹਿਤ ਜਾਣ ਦਾ ਆਦੇਸ਼ ਦੇ ਦਿੱਤਾ।

ਗੁਰੂ ਤੇਗ ਬਹਾਦਰ ਜੀ ਦੀ ਆਗਿਆ ਨਾਲ ਭਾਈ ਘਨੁਈਆ ਜੀ ਗੁਰਮਤਿ ਪ੍ਰਚਾਰ ਲਈ ਅਨੰਦਪੁਰ ਸਾਹਿਬ ਤੋਂ ਚੱਲ ਕੇ ਕੇ ਲਾਹੌਰ ਤੋਂ ਪਿਸ਼ਾਵਰ ਜਾਂਦੀ ਸੜਕ ਦੇ ਵਿਚਕਾਰ 'ਕਹਵਾ' ਨਾਮਕ ਪਿੰਡ ਵਿਖੇ ਆ ਗਏ ਜਿੱਥੇ ਪਾਣੀ ਦੀ ਬਹੁਤ ਘਾਟ ਸੀ ਅਤੇ ਦੂਰੋਂ-ਨੇੜਿਉਂ ਆਉਣ ਵਾਲੀ ਸੰਗਤ ਲਈ ਕੋਈ ਰੈਣ-ਬਸੇਰਾ ਵੀ ਨਹੀਂ ਸੀ।

ਭਾਈ ਸਾਹਿਬ ਨੇ ਇੱਥੇ ਧਰਮਸਾਲਾ ਬਣਵਾ ਕੇ ਯਾਤਰੂਆਂ ਦੀ ਸੇਵਾ ਅਰੰਭ ਕਰ ਦਿੱਤੀ ਸੀ। ਯਾਤਰੂਆਂ ਲਈ ਮੰਜੇ, ਬਿਸਤਰੇ, ਲੰਗਰ ਅਤੇ ਪਾਣੀ ਦਾ ਪ੍ਰਬੰਧ ਕਰ ਦਿੱਤਾ। ਧਰਮਸਾਲ ਵਿਖੇ ਕੀਰਤਨ ਹੋਣ ਲੱਗਾ ਅਤੇ ਆਉਣ ਵਾਲੇ ਯਾਤਰੂਆਂ ਨੂੰ ਭਾਈ ਸਾਹਿਬ ਇਹ ਸੰਦੇਸ਼ ਦ੍ਰਿੜ੍ਹ ਕਰਾਉਣ ਲੱਗੇ ਕਿ ਸਾਡਾ ਪੰਥ ਏਕਤਾ ਦਾ ਹੈ ਕਿਸੇ ਨਾਲ ਵੈਰ-ਵਿਰੋਧ ਅਤੇ ਭੇਦਭਾਵ ਨਹੀਂ। ਇੱਥੇ ਸੇਵਾ ਕਰਨ ਦੇ ਨਾਲ-ਨਾਲ ਭਾਈ ਸਾਹਿਬ ਸਾਲ ਵਿਚ ਇਕ ਵਾਰੀ ਗੁਰੂ ਜੀ ਦੇ ਦਰਸ਼ਨ ਕਰਨ ਲਈ ਅਨੰਦਪੁਰ ਸਾਹਿਬ ਜ਼ਰੂਰ ਆਉਂਦੇ ਸਨ। ਜਦੋਂ ਇਹਨਾਂ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਪਤਾ ਲੱਗਿਆ ਤਾਂ ਉਹਨਾਂ ਦੇ ਉੱਤਰਾਧਿਕਾਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਅਨੰਦਪੁਰ ਸਾਹਿਬ ਵਿਖੇ ਆਏ। ਗੁਰੂ ਜੀ ਦੇ ਦਰਸ਼ਨ ਕਰ ਕੇ ਇਹਨਾਂ ਨੇ ਲੰਗਰ ਦੀ ਸੇਵਾ ਅਰੰਭ ਕਰ ਦਿੱਤੀ। ਇਕ ਦਿਨ ਗੁਰੂ ਜੀ ਨੇ ਸਮੁੱਚੀ ਸਿੱਖ ਸੰਗਤ ਨੂੰ ਸ਼ਸਤਰਧਾਰੀ ਹੋਣ ਦਾ ਆਦੇਸ਼ ਦੇ ਦਿੱਤਾ ਅਤੇ ਭਾਈ ਸਾਹਿਬ ਨੇ ਵੀ ਗੁਰੂ ਜੀ ਦੇ ਆਦੇਸ਼ ਦਾ ਪਾਲਣ ਕਰਦੇ ਹੋਏ ਤੇਗਾ ਧਾਰਨ ਕਰ ਲਿਆ। ਭਾਈ ਸਾਹਿਬ ਦੇ ਸੁਭਾਅ ਬਾਰੇ ਜਾਣਦੇ ਹੋਏ ਇਕ ਸਿੱਖ ਨੇ ਉਹਨਾਂ ਨੂੰ ਤੇਗਾ ਧਾਰਨ ਕਰਨ ਦਾ ਕਾਰਨ ਪੁੱਛਿਆ ਤਾਂ ਉਹਨਾਂ ਕਿਹਾ ਕਿ ਅਸੀਂ ਕਿਸੇ ਨੂੰ ਮਾਰਨ ਲਈ ਤੇਗਾ ਧਾਰਨ ਨਹੀਂ ਕੀਤਾ ਬਲਕਿ ਜਿਹੜਾ ਵੀ ਸਾਨੂੰ ਮਾਰਨ ਲਈ ਆਵੇਗਾ ਉਸ ਨੂੰ ਅਸੀਂ ਆਪਣਾ ਤੇਗਾ ਦੇ ਦੇਵਾਂਗੇ ਤਾਂ ਕਿ ਉਸ ਨੂੰ ਖੇਚਲ ਨਾ ਕਰਨੀ ਪਵੇ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਹਨਾਂ ਨੇ ਭਾਈ ਸਾਹਿਬ ਨੂੰ ਤੇਗਾ ਧਾਰਨ ਕਰਨ ਦੀ ਬਜਾਏ ਉਹੀ ਕਾਰਜ ਕਰਨ ਲਈ ਕਿਹਾ ਜਿਸ ਦਾ ਆਦੇਸ਼ ਗੁਰੂ ਤੇਗ ਬਹਾਦਰ ਜੀ ਨੇ ਕੀਤਾ ਸੀ। ਗੁਰੂ ਜੀ ਦੇ ਬਚਨ ਸੁਣ ਕੇ ਭਾਈ ਸਾਹਿਬ ਬਹੁਤ ਪ੍ਰਸੰਨ ਹੋਏ ਅਤੇ ਕਿਹਾ ਕਿ ਨੌਵੇਂ ਗੁਰੂ ਜੀ ਅਤੇ ਦਸਮ ਗੁਰੂ ਜੀ ਇਕ ਜੋਤ ਹਨ।

ਭਾਈ ਘਨੁਈਆ ਜੀ ਕੁੱਝ ਸਮਾਂ ਹੋਰ ਅਨੰਦਪੁਰ ਸਾਹਿਬ ਰਹਿ ਕੇ ਲੰਗਰ ਦੀ ਸੇਵਾ ਕਰਦੇ ਹੋਏ ਪ੍ਰੇਮ ਅਤੇ ਭਾਈਚਾਰੇ ਦਾ ਉਪਦੇਸ਼ ਦਿੰਦੇ ਰਹੇ। ਇਕ ਦਿਨ ਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕਰ ਕੇ ਵਾਪਸ ਕਹਵੇ ਆ ਗਏ ਜਿੱਥੇ ਦਿਨ-ਰਾਤ ਯਾਤਰੂਆਂ ਦੀ ਸੇਵਾ ਵਿਚ ਲੱਗੇ ਰਹਿੰਦੇ। ਮਨ 'ਤੇ ਜੀਵਾਂ ਪ੍ਰਤੀ ਦਇਆ ਦਾ ਵਧੇਰੇ ਪ੍ਰਭਾਵ ਹੋਣ ਕਰ ਕੇ ਸਭਨਾਂ ਨੂੰ ਇਸੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਕਰਦੇ। ਅਹਿੰਸਕ ਅਤੇ ਸ਼ਾਕਾਹਾਰੀ ਜੀਵਨ ਵਾਲੇ ਮਾਰਗ ਦਾ ਉਪਦੇਸ਼ ਕਰਦੇ ਹੋਏ ਭਾਈ ਸਾਹਿਬ ਪਰਉਪਕਾਰੀ ਕਾਰਜਾਂ ਵਿਚ ਲੱਗੇ ਰਹਿੰਦੇ। ਗੁਰਮਤਿ ਸੰਦੇਸ਼ ਦੀ ਦਇਆ ਅਤੇ ਪਰਉਪਕਾਰੀ ਭਾਵਨਾ ਮਨ 'ਤੇ ਇੰਨੀ ਭਾਰੂ ਹੋ ਗਈ ਸੀ ਕਿ ਜੀਵਾਂ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਪਹੁੰਚਣ 'ਤੇ ਵੈਰਾਗ ਵਿਚ ਚਲੇ ਜਾਂਦੇ ਸਨ।

1699 ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਨਾ ਕਰ ਕੇ ਜਬਰ ਅਤੇ ਜ਼ੁਲਮ ਵਿਰੁੱਧ ਸ਼ਸਤਰਧਾਰੀ ਸੰਘਰਸ਼ ਅਰੰਭ ਕਰ ਦਿੱਤਾ ਸੀ। ਰਣਜੀਤ ਨਗਾਰੇ ਦੀ ਚੋਭ ਨੇ ਪਹਾੜੀ ਰਾਜਿਆਂ ਦੇ ਮਨ ਵਿਚ ਭੈਅ ਦਾ ਮਾਹੌਲ ਪੈਦਾ ਕਰ ਦਿੱਤਾ ਸੀ। ਇਹਨਾਂ ਰਾਜਿਆਂ ਦੇ ਸਤਾਏ ਹੋਏ ਬਹੁਤ ਸਾਰੇ ਲੋਕ ਖ਼ਾਲਸਾ ਪੰਥ ਵਿਚ ਸ਼ਾਮਲ ਹੋ ਗਏ ਸਨ। ਹਰ ਸਾਲ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੇ ਭਾਈ ਘਨੁਈਆ ਜੀ ਨੇ ਇਸ ਵਾਰੀ ਬਹੁਤ ਵੱਡਾ ਪਰਿਵਰਤਨ ਦੇਖਿਆ ਸੀ। ਭਾਵੇਂ ਕਿ ਉਹਨਾਂ ਨੂੰ ਇਹ ਸਭ ਕੁੱਝ ਨਵਾਂ ਲੱਗ ਰਿਹਾ ਸੀ ਪਰ ਗੁਰੂ ਸਾਹਿਬ ਪ੍ਰਤੀ ਸ਼ਰਧਾ ਭਾਵਨਾ ਕਾਰਨ ਕੋਈ ਫੁਰਨਾ ਮਨ ਵਿਚ ਨਹੀਂ ਆ ਰਿਹਾ ਸੀ ਅਤੇ ਹਮੇਸ਼ਾਂ ਦੀ ਤਰ੍ਹਾਂ ਲੰਗਰ ਵਿਚ ਜਾ ਕੇ ਸੇਵਾ ਕਰਨ ਲੱਗੇ। ਇਸੇ ਸਮੇਂ ਦੌਰਾਨ ਹੀ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦੀਆਂ ਸਾਂਝੀਆਂ ਫ਼ੌਜਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਅਤੇ ਯੁੱਧ ਅਰੰਭ ਹੋ ਗਿਆ, ਦੋਵੇਂ ਪਾਸਿਆਂ ਦੇ ਯੋਧੇ ਜ਼ਖ਼ਮੀ ਹੋ ਲੱਗੇ। ਭਾਈ ਸਾਹਿਬ ਨੇ ਯੁੱਧ ਦੌਰਾਨ ਹੋਏ ਜ਼ਖ਼ਮੀਆਂ ਨੂੰ ਜਲ ਛਕਾਉਣ ਦੀ ਸੇਵਾ ਅਰੰਭ ਕਰ ਦਿੱਤੀ। ਚਮੜੇ ਦੀ ਮਸ਼ਕ ਵਿਚ ਜਲ ਭਰ ਲਿਆਉਂਦੇ ਅਤੇ ਜਿਹੜਾ ਪਿਆਸਾ ਨਜ਼ਰ ਆਉਂਦਾ ਉਸ ਨੂੰ ਜਲ ਪਿਲਾ ਦਿੰਦੇ। ਸੇਵਾ ਕਰਦੇ ਹੋਏ ਇਹ ਸਿੰਘਾਂ ਅਤੇ ਦੁਸ਼ਮਣ ਦੀਆਂ ਫ਼ੌਜਾਂ ਵਿਚ ਕੋਈ ਅੰਤਰ ਨਾ ਕਰਦੇ ਜਿਸ ਕਰ ਕੇ ਇਹਨਾਂ ਦੀ ਗੁਰੂ ਜੀ ਕੋਲ ਸ਼ਿਕਾਇਤ ਹੋ ਗਈ ਕਿ ਜਿਹੜੇ

ਦੁਸ਼ਮਣਾਂ ਨੂੰ ਜ਼ਖ਼ਮੀ ਕੀਤਾ ਜਾਂਦਾ ਹੈ, ਭਾਈ ਸਾਹਿਬ ਉਹਨਾਂ ਨੂੰ ਜਲਾ ਛਕਾ ਕੇ ਪੁਨਰ-ਜੀਵਿਤ ਕਰ ਦਿੰਦੇ ਹਨ। ਜਦੋਂ ਗੁਰੂ ਜੀ ਨੇ ਭਾਈ ਘਨ੍ਹਈਆ ਜੀ ਨੂੰ ਅਜਿਹਾ ਕਰਨ ਦਾ ਕਾਰਨ ਪੁੱਛਿਆ ਤਾਂ ਉਹਨਾਂ ਨੇ ਉੱਤਰ ਦਿਤਾ:

ਮੋ ਕੌ ਤੋ ਇਮ ਹੀ ਦ੍ਰਿਸ਼ਟਾਵੈ। ਤੁਮ ਬਿਨ ਦੂਸਰ ਨਦਰ ਨਾ ਆਵੈ।[1]

ਭਾਵ ਮੈਨੂੰ ਹਰ ਇਕ ਵਿਅਕਤੀ ਵਿਚ ਤੁਹਾਡਾ ਹੀ ਰੂਪ ਨਜ਼ਰ ਆਉਂਦਾ ਹੈ। ਭਾਈ ਸਾਹਿਬ ਦੇ ਜਵਾਬ ਤੋਂ ਪ੍ਰਸੰਨ ਹੋ ਕੇ ਗੁਰੂ ਜੀ ਨੇ ਉਸ ਨੂੰ ਮਲ੍ਹਮ ਅਤੇ ਪੱਟੀ ਦੇ ਕੇ ਜ਼ਖ਼ਮੀਆਂ ਦੀ ਇਹ ਸੇਵਾ ਕਰਨ ਦਾ ਆਦੇਸ਼ ਵੀ ਦੇ ਦਿੱਤਾ। ਬਿਨਾਂ ਭੇਦਭਾਵ ਅਤੇ ਪ੍ਰੇਮ ਸਹਿਤ ਭਾਈ ਸਾਹਿਬ ਦੁਆਰਾ ਕੀਤੀ ਗਈ ਇਹ ਸੇਵਾ ਸੰਸਾਰ ਦੇ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ। ਮੌਜੂਦਾ ਰੈਡ-ਕਰਾਸ ਸੰਸਥਾ ਵੀ ਯੁੱਧ ਦੇ ਸਮੇਂ ਅਜਿਹੀ ਸੇਵਾ ਕਰਨ ਲਈ ਸਥਾਪਿਤ ਕੀਤੀ ਗਈ ਹੈ।

ਅਨੰਦਪੁਰ ਸਾਹਿਬ ਦੇ ਯੁੱਧ ਉਪਰੰਤ ਆਪਣੀ ਧਰਮਸਾਲ ਵਿਚ ਵਾਪਸ ਆ ਕੇ ਭਾਈ ਸਾਹਿਬ ਨੇ ਸੇਵਾ ਅਤੇ ਪਰਉਪਕਾਰ ਦਾ ਕਾਰਜ ਜਾਰੀ ਰੱਖਿਆ। ਇਲਾਕੇ ਦੇ ਲੋਕਾਂ ਅਤੇ ਯਾਤਰੂਆਂ ਨੂੰ ਅਮਨ, ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਨਾਲ ਜੀਵਨ ਬਸਰ ਕਰਨ ਦੀ ਪ੍ਰੇਰਨਾ ਦਿੰਦੇ ਰਹਿੰਦੇ। ਭਾਈ ਸਾਹਿਬ ਦੁਆਰਾ ਪਾਣੀ ਦੇ ਕੁੱਝ ਹੀ ਘੜਿਆਂ ਨਾਲ ਅਰੰਭ ਕੀਤੀ ਜਲ-ਸੇਵਾ ਵਿਸਤ੍ਰਿਤ ਰੂਪ ਧਾਰਨ ਕਰ ਗਈ। ਧਾਰਮਿਕ ਵਲਗਣਾਂ ਤੋਂ ਮੁਕਤ ਹੋ ਕੇ ਭਾਈ ਸਾਹਿਬ ਨੇ ਧਰਮਸਾਲ ਦਾ ਜਿਹੜਾ ਸਰੂਪ ਕਾਇਮ ਕੀਤਾ ਸੀ, ਪੂਰੇ ਇਲਾਕੇ ਵਿਚ ਉਸ ਦੀ ਚਰਚਾ ਹੋਣ ਲੱਗੀ ਸੀ। ਭਾਈ ਸਾਹਿਬ ਆਪਣੇ ਜੀਵਨ ਦੇ ਅੰਤਿਮ ਸਮੇਂ ਤੱਕ ਉਹੀ ਕਾਰਜ ਕਰਦੇ ਰਹੇ ਜਿਸ ਦਾ ਇਹਨਾਂ ਨੂੰ ਨੌਵੇਂ ਗੁਰੂ ਸਾਹਿਬ ਵੱਲੋਂ ਆਦੇਸ਼ ਹੋਇਆ ਸੀ।

ਚਉਪਾ ਸਿੰਘ, ਭਾਈ : ਭਾਈ ਚਉਪਾ ਸਿੰਘ ਦਾ ਪਹਿਲਾ ਨਓ ਚਉਪਤਿ ਰਾਇ ਸੀ ਅਤੇ ਇਸ ਨੂੰ ਗੁਰੂ-ਘਰ ਦੀ ਲੰਮੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਹਰਿਰਾਇ ਜੀ ਦੇ ਸਮੇਂ ਤੋਂ ਹੀ ਇਹ ਗੁਰੂ-ਘਰ ਵਿਖੇ ਨਿਵਾਸ ਕਰਨ ਲੱਗਾ ਸੀ। ਜਦੋਂ ਗੁਰੂ ਤੇਗ ਬਹਾਦਰ ਜੀ ਪੂਰਬ ਦੀ ਯਾਤਰਾ 'ਤੇ ਗਏ ਸਨ ਤਾਂ ਇਹ ਉਹਨਾਂ ਦੇ ਨਾਲ ਸੀ। ਗੁਰੂ ਜੀ ਇਸ ਨੂੰ ਪਰਿਵਾਰ ਕੋਲ ਪਟਨਾ ਸਾਹਿਬ ਵਿਖੇ ਛੱਡ ਕੇ ਅੱਗੇ ਬੰਗਾਲ ਅਸਾਮ ਦੀ ਯਾਤਰਾ 'ਤੇ ਚਲੇ ਗਏ ਸਨ। ਜਦੋਂ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਜੀ ਦਾ ਜਨਮ ਹੋਇਆ ਤਾਂ ਉਸ ਸਮੇਂ ਇਹ ਉੱਥੇ ਹੀ ਮੌਜੂਦ ਸੀ। ਸ੍ਰੋਤ ਸਾਹਿਬ ਵਿਖੇ ਇਹ ਬਾਲਕ ਗੋਬਿੰਦ ਰਾਇ ਜੀ ਨੂੰ ਖਿਡਾਉਣ ਅਤੇ ਗੁਰਮੁਖੀ ਸਿਖਾਉਣ ਦਾ ਕਾਰਜ ਕਰਦਾ ਸੀ। ਗੁਰੂ-ਪਰਿਵਾਰ ਨਾਲ ਇਸ ਦੀ ਨੇੜਤਾ ਦਾ ਪ੍ਰਗਟਾਵਾ ਕਰਦੇ ਹੋਏ ਕੇਸਰ ਸਿੰਘ ਛਿੱਬਰ ਦੱਸਦਾ ਹੈ:

ਚਉਪਤਿ ਰਾਇ ਸੀ ਸਿੱਖ ਖਿਡਾਵਾ।
ਸਤਵੀਂ ਪਾਤਿਸਾਹੀ ਮਾਪਿਆਂ ਸੀ ਗੋਲਕ ਵਿਚਿ ਚੜਾਵਾ।
ਸੋ ਸਾਹਿਬ ਨੂੰ ਖਿਡਾਂਦਾ ਫਿਰੈ।
ਪੱਟੀ ਲਿਖਾਇ ਦੇਵੈ ਘੋਟਿ ਧੋਇ ਅਗੈ ਆਨ ਧਰੈ।[2]

ਮੌਜੂਦਾ ਪਾਕਿਸਤਾਨ ਦੇ ਜੇਹਲਮ ਜ਼ਿਲੇ ਵਿਚ ਪੈਂਦੇ ਪਿੰਡ ਕੜਿਆਲਾ ਵਿਖੇ ਵੱਸਦੇ ਛਿੱਬਰ ਬ੍ਰਾਹਮਣਾਂ ਨਾਲ ਇਸ ਦਾ ਪਿਛੋਕੜ ਦੱਸਿਆ ਜਾਂਦਾ ਹੈ। ਇਸ ਦੇ ਦਾਦੇ ਗੌਤਮ ਨੇ ਸਿੱਖੀ ਧਾਰਨ ਕੀਤੀ ਸੀ। ਇਸ ਦੇ ਦੋ ਪੁੱਤਰ ਸਨ – ਭਾਈ ਪੈੜਾ ਅਤੇ ਭਾਈ ਪਰਾਗਾ। ਭਾਈ ਪਰਾਗਾ ਦੇ ਪਰਿਵਾਰ ਵਿਚ ਪੈਦਾ ਹੋਏ ਸੂਰਬੀਰ ਜੋਧਿਆਂ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਹੋਏ ਯੁੱਧਾਂ ਵਿਚ ਹਿੱਸਾ ਲੈ ਕੇ ਬਹਾਦਰੀ ਦੇ ਜੌਹਰ ਦਿਖਾਏ ਸਨ। ਚਉਪਾ ਸਿੰਘ ਭਾਈ ਪੈੜੇ ਦਾ ਪੁੱਤਰ ਸੀ।

---

1. ਭਾਈ ਲਾਲ ਚੰਦ, *ਸ੍ਰੀ ਸੰਤ ਰਤਨ ਮਾਲ੍ਹਾ*, ਪੰਨਾ 11.

2. ਕੇਸਰ ਸਿੰਘ ਛਿਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਸੰਪਾ. ਪਿਆਰਾ ਸਿੰਘ ਪਦਮ, ਚਰਣ ਦਸਵਾਂ, ਬੰਦ 8.

1699 ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਨਾ ਕੀਤਾ ਤਾਂ ਇਹ ਵੀ ਚਉਪਤਿ ਰਾਇ ਤੋਂ ਚਉਪਾ ਸਿੰਘ ਹੋ ਗਿਆ ਸੀ। ਖ਼ਾਲਸੇ ਦੀ ਰਹਿਤ ਨਾਲ ਸੰਬੰਧਿਤ ਇਸ ਦਾ ਇਕ ਰਹਿਤਨਾਮਾ ਵੀ ਪ੍ਰਚਲਿਤ ਹੈ ਜਿਸ ਨੂੰ *ਹਜ਼ੂਰੀ ਰਹਿਤਨਾਮਾ* ਵੀ ਕਿਹਾ ਜਾਂਦਾ ਹੈ। ਭਾਵੇਂ ਕਿ ਇਸ ਰਹਿਤਨਾਮੇ ਵਿਚ ਰਲਾ ਪੈਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਜਿਸ ਤਰਾਂ ਨਾਲ ਸਿੱਖੀ ਰਹਿਤ ਪ੍ਰਗਟ ਕਰਨ ਲਈ ਗੁਰਬਾਣੀ ਦਾ ਸਹਾਰਾ ਲਿਆ ਗਿਆ ਹੈ ਉਹ ਇਸ ਦੇ ਮਹੱਤਵ ਵਿਚ ਵਾਧਾ ਕਰ ਦਿੰਦਾ ਹੈ। ਭਾਈ ਚਉਪਾ ਸਿੰਘ ਦਾ ਲਿਖਿਆ ਹੋਇਆ ਇਕ *ਤਨਖ਼ਾਹਨਾਮਾ* ਵੀ ਪ੍ਰਚਲਿਤ ਹੈ।

ਭਾਈ ਚਉਪਾ ਸਿੰਘ ਗੁਰੂ ਸਾਹਿਬਾਨ ਦਾ ਵਿਸ਼ਵਾਸਪਾਤਰ ਸੀ। ਇਸੇ ਕਰ ਕੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 1705 ਵਿਚ ਅਨੰਦਪੁਰ ਸਾਹਿਬ ਛੱਡਿਆ ਤਾਂ ਭਾਈ ਮਨੀ ਸਿੰਘ ਜੀ ਦੇ ਨਾਲ ਇਸ ਨੂੰ ਵੀ ਗੁਰੂ-ਮਹਿਲਾਂ ਵਾਲੇ ਵਹੀਰ ਨਾਲ ਭੇਜ ਦਿੱਤਾ ਸੀ। ਇਸ ਦੇ ਲੰਮਾ ਸਮਾਂ ਦਿੱਲੀ ਰਹਿਣ ਦਾ ਜ਼ਿਕਰ ਮਿਲਦਾ ਹੈ। ਗੁਰੂ ਜੀ ਦੇ ਜੋਤੀ-ਜੋਤਿ ਸਮਾ ਜਾਣ ਉਪਰੰਤ ਇਹ ਮਾਤਾ ਸੁੰਦਰੀ ਜੀ ਕੋਲ ਦਿੱਲੀ ਵਿਖੇ ਰਿਹਾ। ਜਦੋਂ ਪਾਲਿਤ ਅਜੀਤ ਸਿੰਘ ਵੱਡਾ ਹੋਇਆ ਤਾਂ ਇਹ ਉਸ ਦੇ ਜਥੇ ਵਿਚ ਸ਼ਾਮਲ ਹੋ ਗਿਆ ਜਿਸ 'ਤੇ, ਇਕ ਫ਼ਕੀਰ ਨੂੰ ਮਾਰਨ ਦੇ ਦੋਸ਼ ਵਿਚ, ਸ਼ਾਹੀ ਫ਼ੌਜਾਂ ਨੇ ਹਮਲਾ ਕਰ ਦਿੱਤਾ। 1724 ਵਿਚ ਪਾਲਿਤ ਅਜੀਤ ਸਿੰਘ ਨਾਲ ਜਿਹੜੇ 60 ਸਿੱਖ ਮਾਰ ਦਿੱਤੇ ਗਏ, ਭਾਈ ਚਉਪਾ ਸਿੰਘ ਉਹਨਾਂ ਵਿਚੋਂ ਇਕ ਸੀ। ਸਿੱਖੀ ਸੇਵਾ, ਰਹਿਤਨਾਮੇ ਦੇ ਲਿਖਾਰੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਖਿਡਾਵੇ ਵਜੋਂ ਇਸ ਨੂੰ ਯਾਦ ਕੀਤਾ ਜਾਂਦਾ ਹੈ।

ਜਵੇਹਰ ਮੱਲ : ਗੁਰੂ ਤੇਗ ਬਹਾਦਰ ਜੀ ਦੇ ਸਮੇਂ ਇਹ ਬਨਾਰਸ ਦਾ ਮਸੰਦ ਸੀ। ਪੂਰਬ ਦੀ ਉਦਾਸੀ ਦੌਰਾਨ ਗੁਰੂ ਜੀ ਨੇ ਇਸ ਕੋਲ ਨਿਵਾਸ ਕੀਤਾ ਸੀ। ਇਸ ਸਫ਼ਰ ਦੌਰਾਨ ਗੁਰੂ ਜੀ ਦਾ ਘੋੜਾ ਸਿਰੀਧਰ ਬੀਮਾਰ ਹੋ ਗਿਆ ਸੀ ਜਿਸ ਨੂੰ ਉਹ ਇਸ ਕੋਲ ਛੱਡ ਕੇ ਅੱਗੇ ਚਲੇ ਗਏ ਸਨ। ਜਾਣ ਤੋਂ ਪਹਿਲਾਂ ਗੁਰੂ ਜੀ ਨੇ ਆਦੇਸ਼ ਕੀਤਾ, "ਸਿਰੀਧਰ ਕੀ ਸੰਗਤਿ ਸੇਵਾ ਕਰਣੀ ਅਲੁਫਾ ਸਿਰੀਧਰ ਨੋ ਦੇਣਾ ਸਿਰੀਧਰ ਜਿਤ ਵੇਲਾ ਚੰਗਾ ਹੋਵੇਗਾ ਤਾ ਪਟਣੇ ਪਹੁਚਾਇ ਦੇਣਾ।"[1]

ਜੇਠਾ, ਭਾਈ : ਗੁਰੂ ਤੇਗ ਬਹਾਦਰ ਜੀ ਦੇ ਸਮੇਂ ਇਹ ਲਖਨੌਰ ਵਿਖੇ ਗੁਰੂ-ਘਰ ਦਾ ਪ੍ਰਚਾਰਕ ਸੀ। ਪੂਰਬ ਦੀ ਪ੍ਰਚਾਰ-ਯਾਤਰਾ ਉਪਰੰਤ ਜਦੋਂ ਗੁਰੂ ਤੇਗ ਬਹਾਦਰ ਜੀ ਪਰਿਵਾਰ ਸਮੇਤ ਇੱਥੇ ਪੁੱਜੇ ਤਾਂ ਇਸ ਨੇ ਉਹਨਾਂ ਦੀ ਬਹੁਤ ਸੇਵਾ ਕੀਤੀ ਸੀ। ਗਿਆਨੀ ਗਿਆਨ ਸਿੰਘ ਇਸ ਨੂੰ ਅੰਬਾਲਾ ਪ੍ਰਗਣੇ ਦਾ ਮਸੰਦ ਦੱਸਦੇ ਹਨ।

ਜੈਤਾ (ਜੀਵਨ ਸਿੰਘ) ਜੀ, ਭਾਈ : ਭਾਈ ਜੈਤਾ ਗੁਰੂ ਤੇਗ ਬਹਾਦਰ ਜੀ ਦਾ ਸ਼ਰਧਾਲੂ ਸਿੱਖ ਸੀ ਅਤੇ ਸਿੱਖ ਇਤਿਹਾਸ ਦੇ ਪੰਨਿਆ ਵਿਚ ਇਹ ਉਸ ਸਮੇਂ ਪ੍ਰਸਿੱਧੀ ਪ੍ਰਾਪਤ ਕਰ ਗਿਆ ਜਦੋਂ ਗੁਰੂ ਜੀ ਦੀ ਸ਼ਹਾਦਤ ਉਪਰੰਤ ਉਹਨਾਂ ਦਾ ਸੀਸ ਲੈ ਕੇ ਦਿੱਲੀ ਤੋਂ ਅਨੰਦਪੁਰ ਸਾਹਿਬ ਪੁੱਜਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੇ ਮਹਾਨ ਕਾਰਜ ਬਦਲੇ ਇਸ ਨੂੰ 'ਰੰਗਰੇਟਾ ਗੁਰੂ ਕਾ ਬੇਟਾ' ਵਜੋਂ ਸਨਮਾਨ ਪ੍ਰਦਾਨ ਕੀਤਾ। ਇਸ ਦੇ ਅਦੁੱਤੀ ਕਾਰਨਾਮੇ ਨੇ ਸਮੁੱਚੀ ਸਿੱਖ ਕੌਮ ਦੇ ਮਨ ਵਿਚ ਰੰਗਰੇਟੇ ਭਾਈਚਾਰੇ ਪ੍ਰਤੀ ਵਿਸ਼ੇਸ਼ ਸਤਿਕਾਰ ਪੈਦਾ ਕਰ ਦਿੱਤਾ।

ਭਾਈ ਜੈਤਾ ਇਕ ਸੂਰਬੀਰ ਯੋਧਾ ਅਤੇ ਸਿਰੜੀ ਸਿੱਖ ਸੀ ਜਿਸ ਨੇ ਗੁਰੂ-ਘਰ ਦੀ ਸੇਵਾ ਵਿਚ ਆਪਣਾ ਜੀਵਨ ਕੁਰਬਾਨ ਕਰ ਦਿੱਤਾ ਸੀ। ਮਾਤਾ ਕਰਮੋ ਅਤੇ ਪਿਤਾ ਸਦਾ ਚੰਦ ਦੇ ਘਰ 1649 ਵਿਚ ਜਨਮੇ ਭਾਈ ਜੈਤਾ ਜੀ ਮੁੱਢ ਤੋਂ ਹੀ ਗੁਰੂ-ਘਰ ਪ੍ਰਤੀ ਪ੍ਰੇਮ ਅਤੇ ਸ਼ਰਧਾ ਰੱਖਦੇ ਸਨ ਅਤੇ ਛੇਤੀ ਹੀ ਉਹਨਾਂ ਸਿੱਖਾਂ ਵਿਚ ਸਥਾਨ ਗ੍ਰਹਿਣ ਕਰ ਗਏ ਜਿਹੜੇ ਗੁਰੂ-ਘਰ ਦੇ ਨਿਕਟਵਰਤੀ ਸਮਝੇ ਜਾਂਦੇ ਸਨ। ਗੁਰੂ ਤੇਗ ਬਹਾਦਰ ਜੀ ਦੀ ਮਾਲਵਾ ਵਿਖੇ ਪ੍ਰਚਾਰ-ਯਾਤਰਾ ਦੌਰਾਨ ਭਾਈ ਜੈਤਾ ਉਹਨਾਂ ਦੇ ਨਾਲ ਸੀ।

1. ਗੰਡਾ ਸਿੰਘ (ਸੰਪਾ.), *ਹੁਕਮਨਾਮੇ,* ਪੰਨਾ 81.

ਗੁਰੂ ਦੀ ਸਿੱਖਿਆ ਅਤੇ ਸੰਦੇਸ਼ ਨੂੰ ਮਨ ਵਿਚ ਵਸਾ ਕੇ ਦੁਨਿਆਵੀ ਮੋਹ-ਮਾਇਆ ਅਤੇ ਵਿਕਾਰਾਂ ਦੇ ਪ੍ਰਭਾਵ ਤੋਂ ਮੁਕਤ ਹੋਣ ਵਾਲੇ ਸਿੱਖ ਦੀ ਆਤਮਾ ਇੰਨੀ ਬਲਵਾਨ ਹੋ ਜਾਂਦੀ ਹੈ ਕਿ ਉਹ ਜਨਮ-ਮਰਨ ਦੇ ਭੈਅ ਤੋਂ ਮੁਕਤ ਹੋ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਸੰਗਤ ਵਿਚ ਰਹਿਣ ਵਾਲਾ ਭਾਈ ਜੈਤਾ ਇਹਨਾਂ ਸਦਗੁਣਾਂ ਦਾ ਧਾਰਨੀ ਹੋ ਗਿਆ ਸੀ। ਇਸੇ ਕਰ ਕੇ ਜਦੋਂ ਆਮ ਲੋਕਾਂ 'ਤੇ ਹੋ ਰਹੇ ਜਬਰ ਅਤੇ ਜ਼ੁਲਮ ਨੂੰ ਰੋਕਣ ਲਈ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਵਿਖੇ ਸ਼ਹਾਦਤ ਦੇ ਦਿੱਤੀ ਤਾਂ ਇਹ ਗੁਰੂ ਜੀ ਦਾ ਸੀਸ ਸਮੇਂ ਦੇ ਹਾਕਮਾਂ ਦੇ ਪਹਿਰੇ ਵਿਚੋਂ ਚੁੱਕ ਕੇ ਅਨੰਦਪੁਰ ਸਾਹਿਬ ਲੈ ਆਇਆ ਸੀ। ਇਹ ਉਹ ਸਮਾਂ ਸੀ ਜਦੋਂ ਹਾਕਮਾਂ ਦੀ ਨਿਗੁਣੀ ਜਿਹੀ ਹੁਕਮ ਅਦੂਲੀ ਕਰਨ ਵਾਲੇ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਭਾਈ ਜੈਤਾ ਅਤੇ ਇਸ ਦੇ ਸਾਥੀਆਂ ਦੇ ਇਸ ਮਹਾਨ ਕਾਰਜ ਨੂੰ ਕਲਮਬੰਦ ਕਰਦੇ ਹੋਏ *ਗੁਰੂ ਕੀਆਂ ਸਾਖੀਆਂ* ਦੇ ਸ਼ਬਦਾਂ ਵਿਚ ਇਸ ਤਰ੍ਹਾਂ ਦੱਸਿਆ ਗਿਆ ਹੈ, "ਭਾਈ ਨਾਨੂ ਰਾਇ, ਆਗਿਆ, ਜੈਤਾ ਤੇ ਭਾਈ ਉਦਾ ਇਸ ਚਾਰੇ ਸਿੱਖ ਟਾਂਡੇ ਬੀਚ ਚਾਂਦਨੀ ਚਉਂਕ ਪਹੁੰਚ, ਗੁਰੂ ਜੀ ਕੇ ਸੀਸ ਕੋ ਉਠਾਇ ਲਾਇ... ਇਹਨਾਂ ਚਮਾਂ ਸਿੱਖਾਂ ਰੈਨ ਦਿਵਸ ਏਕ ਕਰ ਕੇ ਰਸਤੇ ਕਾ ਪੰਧ ਮੁਕਾਇ ਚੱਕ ਨਾਨਕੀ ਮੇਂ ਗੁਰੂ ਜੀ ਕੇ ਦਰਬਾਰ ਮੇਂ ਜਾਇ ਨਾਵੇਂ ਸਤਿਗੁਰਾਂ ਕਾ ਸੀਸ ਟਿਕਾਇਆ। ਸ੍ਰੀ ਦਸਮੇਸ਼ ਜੀ ਨੇ ਇਨ੍ਹਾਂ ਚਮ੍ਹਾਂ ਸਿੱਖਾਂ ਕਾ ਬੜਾ ਸਤਿਕਾਰ ਕੀਤਾ। ਭਾਈ ਜੈਤੇ ਕੋ 'ਰੰਗਰੇਟਾ ਗੁਰੂ ਕਾ ਬੇਟਾ' ਕਹਿ ਕੇ ਨਿਵਾਜਿਆ।"[1]

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਸਿੱਖਾਂ ਦੇ ਮਨ ਵਿਚ ਉਦਾਸੀ ਪੈਦਾ ਹੋ ਗਈ ਸੀ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਬੀਰਰਸੀ ਸਾਹਿਤ ਦੀ ਸਿਰਜਨਾ, ਢਾਡੀ ਵਾਰਾਂ ਆਦਿ ਦਾ ਗੁਰੂ-ਘਰ ਵਿਖੇ ਗਾਇਨ ਅਰੰਭ ਕਰਵਾ ਕੇ ਦੂਰ ਕਰ ਦਿੱਤਾ। 1675 ਤੋਂ 1699 ਤੱਕ ਸਿੱਖਾਂ ਲਈ ਸ਼ਾਸਤਰ ਅਤੇ ਸ਼ਸਤਰ ਦੀ ਸਿੱਖਿਆ ਅਤੇ ਵਿੱਦਿਆ ਦਾ ਸਮਾਂ ਸੀ। ਗੁਰੂ ਜੀ ਦੇ ਯਤਨਾਂ ਨੇ ਸਿੱਖਾਂ ਦੇ ਮਨ ਵਿਚ ਜੋਸ਼, ਉਤਸ਼ਾਹ, ਬੀਰਰਸ ਅਤੇ ਸੰਘਰਸ਼ ਲਈ ਜੂਝ-ਮਰਨ ਦਾ ਚਾਅ ਪੈਦਾ ਕਰ ਦਿੱਤਾ ਸੀ। ਭਾਵੇਂ ਕਿ ਭੰਗਾਣੀ ਦੇ ਯੁੱਧ ਉਪਰੰਤ ਸਿੱਖਾਂ ਵਿਚ ਸ਼ਸਤਰਾਂ ਦੇ ਜੌਹਰ ਦਿਖਾਉਣ ਦੀ ਕਲਾ ਅਰੰਭ ਹੋ ਗਈ ਸੀ ਅਤੇ ਖ਼ਾਲਸੇ ਦੀ ਸਿਰਜਨਾ ਤੋਂ ਪਹਿਲਾਂ ਵੀ ਗੁਰੂ ਸਾਹਿਬ ਦੇ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਨਾਲ ਕਈ ਯੁੱਧ ਹੋ ਚੁੱਕੇ ਸਨ ਪਰ 1699 ਦੀ ਵਿਸਾਖੀ ਉਪਰੰਤ ਹਕੂਮਤ ਦਾ ਅਨੰਦਪੁਰ ਸਾਹਿਬ ਵੱਲ ਵਿਸ਼ੇਸ਼ ਧਿਆਨ ਕੇਂਦਰਿਤ ਹੋ ਗਿਆ ਸੀ।

1699 ਦੀ ਘਟਨਾ ਸਿੱਖ ਇਤਿਹਾਸ ਵਿਚ ਇਕ ਵੱਡਾ ਮੋੜ ਸਾਬਤ ਹੋਈ ਜਦੋਂ ਗੁਰੂ ਨਾਨਕ ਦੇਵ ਜੀ ਦੁਆਰਾ ਪੈਦਾ ਕੀਤੇ ਗਏ ਗੁਰਮੁਖ ਨੇ ਖ਼ਾਲਸੇ ਦੇ ਰੂਪ ਵਿਚ ਸੰਪੂਰਨਤਾ ਪ੍ਰਾਪਤ ਕਰ ਲਈ ਸੀ। ਧਾਰਮਿਕ ਵਿਸ਼ਵਾਸ, ਵਰਣ-ਵਿਵਸਥਾ ਅਤੇ ਆਰਥਿਕ ਅਧਾਰ 'ਤੇ ਪੈਦਾ ਕੀਤੇ ਗਏ ਜਾਤ-ਪਾਤ, ਉਚ-ਨੀਚ, ਭੇਦਭਾਵ ਆਦਿ ਦੀ ਸਮਾਪਤੀ ਬਾਣੀ ਦੇ ਸੰਦੇਸ਼ ਅਤੇ ਬਾਣੇ ਦੀ ਇਕਸਾਰਤਾ ਵਿਚੋਂ ਪ੍ਰਤੱਖ ਤੌਰ 'ਤੇ ਦ੍ਰਿਸ਼ਟਮਾਨ ਹੋ ਗਈ ਸੀ। ਸਿੱਖ ਧਰਮ ਧਾਰਨ ਕਰਨ ਵਾਲਾ ਹੁਣ ਮਜ਼ਲੂਮ ਨਹੀਂ ਰਿਹਾ ਬਲਕਿ ਮਜ਼ਲੂਮਾਂ ਦਾ ਰੱਖਿਅਕ ਬਣ ਗਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਅਨੁਸਾਰ ਭਾਈ ਜੈਤਾ ਵੀ ਖ਼ਾਲਸਾ ਪੰਥ ਦੀ ਰਹਿਤ ਧਾਰਨ ਕਰ ਕੇ ਭਾਈ ਜੀਵਨ ਸਿੰਘ ਵਜੋਂ ਸਾਹਮਣੇ ਆਉਂਦਾ ਹੈ। ਅਨੰਦਪੁਰ ਸਾਹਿਬ ਦੇ ਯੁੱਧਾਂ ਦੌਰਾਨ ਇਸ ਨੇ ਆਪਣੀ ਬੀਰਤਾ ਦੇ ਜੌਹਰ ਦਿਖਾਏ। 1705 ਵਿਚ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਸਮੇਂ ਇਹ ਗੁਰੂ ਜੀ ਦੇ ਨਾਲ ਸੀ। ਸਰਸਾ ਨਦੀ ਦੇ ਕੰਢੇ ਹੋਏ ਯੁੱਧ ਵਿਚ ਵੀ ਇਤਿਹਾਸਕਾਰਾਂ ਨੇ ਇਸ ਦੀ ਸੂਰਬੀਰਤਾ ਦਾ ਵਰਨਨ ਕੀਤਾ ਹੈ ਜਿੱਥੋਂ ਇਹ ਚਮਕੌਰ ਵਿਖੇ ਗੜ੍ਹੀ ਵਿਚ ਪੁੱਜ ਗਿਆ ਸੀ। ਭਾਵੇਂ ਕਿ ਇਸ ਯੁੱਧ ਦਾ ਕੇਂਦਰ ਗੁਰੂ ਗੋਬਿੰਦ ਸਿੰਘ ਜੀ ਸਨ ਪਰ ਇਸ ਦਾ ਪ੍ਰਭਾਵ ਆਲੇ-ਦੁਆਲੇ ਵੀਹ ਕੋਹ ਤੱਕ ਫੈਲਿਆ ਹੋਇਆ ਸੀ ਜਿਸ ਦਾ ਵਰਨਨ ਕਰਦੇ ਹੋਏ ਮਹੰਤ ਸੁਮੇਰ ਸਿੰਘ ਦੱਸਦਾ ਹੈ:

---

1. ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸੰਪਾ. ਪਿਆਰਾ ਸਿੰਘ ਪਦਮ, ਸਾਖੀਆਂ 32-33, ਪੰਨੇ 84-85.

ਬੀਸ ਕੋਸ ਮਹਿ ਜੁਧ ਅਤਿ ਭਯੋ ਮਹਾ ਬਲਕਾਰ।
ਉਦੇ ਸਿੰਘ ਅਰੁ ਅਤਿ ਸੁਖਦ ਜੀਵਨ ਸਿੰਘ ਬਲਧਾਰ।[1]

ਭਾਈ ਜੀਵਨ ਸਿੰਘ ਦੇ ਚਮਕੌਰ ਦੇ ਯੁੱਧ ਵਿਖੇ ਸ਼ਹੀਦ ਹੋਣ ਦਾ ਪ੍ਰਮਾਣ ਦਿੰਦੇ ਹੋਏ ਸ਼ਮਸ਼ੇਰ ਸਿੰਘ ਅਸ਼ੋਕ ਦੱਸਦਾ ਹੈ ਕਿ "ਚਮਕੌਰ ਦੀ ਗੜ੍ਹੀ ਦੇ ਉੱਤਰ-ਪੱਛਮੀ ਮੁੱਠੇ ਦੇ ਇਕ ਬੁਰਜ ਦੀ ਨਿਸ਼ਾਨੀ ਹੈ ਜਿੱਥੇ ਮੋਰਚੇ ਲਾ ਕੇ ਭਾਈ ਜੀਵਨ ਸਿੰਘ ਨੇ ਬੜੀ ਦਲੇਰੀ ਨਾਲ ਦੁਸ਼ਮਣ ਦਾ ਮੁਕਾਬਲਾ ਕੀਤਾ ਸੀ। ਫੇਰ ਆਪ ਏਥੇ ਹੀ ਜੰਗ ਕਰਦੇ ਹੋਏ ਸ਼ਹੀਦ ਹੋਏ... ਏਸੇ ਯਾਦਗਾਰ ਵਜੋਂ ਚਮਕੌਰ ਦੀ ਗੜ੍ਹੀ ਵਿਚ ਭਾਈ ਜੀਵਨ ਸਿੰਘ ਰੰਗਰੇਟੇ ਦਾ ਸ਼ਹੀਦ ਗੰਜ ਬਣਿਆ ਹੋਇਆ ਹੈ।"[2]

ਭਾਈ ਜੀਵਨ ਸਿੰਘ ਦੀ ਯਾਦ ਸਦੀਵੀ ਤੌਰ 'ਤੇ ਸਿੱਖਾਂ ਦੇ ਮਨ ਵਿਚ ਵੱਸੀ ਹੋਈ ਹੈ ਜਿਸ ਨੇ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਅਤੇ ਸਿਧਾਂਤ ਅਨੁਸਾਰ ਕਾਰਜ ਕਰਦੇ ਹੋਏ ਸਿੱਖ ਇਤਿਹਾਸ ਦੇ ਪੰਨਿਆਂ 'ਤੇ ਸਦੀਵ ਕਾਲ ਆਪਣਾ ਨਾਂ ਦਰਜ ਕਰਵਾ ਲਿਆ ਸੀ।

ਜੈਤਾ ਸੇਠ, ਭਾਈ : ਭਾਈ ਜੈਤਾ ਸੇਠ ਗੁਰੂ ਤੇਗ ਬਹਾਦਰ ਜੀ ਦਾ ਸ਼ਰਧਾਲੂ ਸਿੱਖ ਸੀ। ਜਦੋਂ ਗੁਰੂ ਜੀ ਪਟਨਾ ਸਾਹਿਬ ਵਿਖੇ ਗਏ ਤਾਂ ਉਹਨਾਂ ਨੇ ਇਸ ਦੇ ਨਿਵਾਸ ਅਸਥਾਨ 'ਤੇ ਚਰਨ ਪਾਏ ਸਨ। ਸਥਾਨਿਕ ਪਰੰਪਰਾ ਦੇ ਅਧਾਰ 'ਤੇ ਗੁਰਦੁਆਰਾ ਸਾਹਿਬ ਵਿਖੇ ਇਸ ਅਸਥਾਨ ਨਾਲ ਸੰਬੰਧਿਤ ਜਿਹੜਾ ਇਤਿਹਾਸ ਲਿਖਿਆ ਹੋਇਆ ਮਿਲਦਾ ਹੈ ਉਸ ਵਿਚ ਕਿਹਾ ਗਿਆ ਹੈ ਕਿ 'ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸਥਾਨ 'ਤੇ ਆਪਣੀ ਪਹਿਲੀ ਪੂਰਬ ਦੀ ਉਦਾਸੀ ਸਮੇਂ ਪੁੱਜ ਕੇ ਭਗਤ ਜੈਤਾਮਲ ਜੀ ਦੀ ਹਵੇਲੀ ਨੂੰ ਪਵਿੱਤਰ ਕੀਤਾ ਅਤੇ 'ਸੰਗਤ' ਦਾ ਨਾਮ ਦਿੱਤਾ। ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਪੂਰਬ ਯਾਤਰਾ ਸਮੇਤ ਇਸ ਸਥਾਨ 'ਤੇ ਨਿਵਾਸ ਕੀਤਾ'। ਭਾਈ ਗੁਰਦਾਸ ਜੀ ਇਸ ਨੂੰ ਗੁਰੂ ਹਰਿਗੋਬਿੰਦ ਜੀ ਦੇ ਮੁਖੀ ਸਿੱਖਾਂ ਦੀ ਸ਼੍ਰੇਣੀ ਵਿਚ ਰੱਖਦੇ ਹੋਏ ਕਹਿੰਦੇ ਹਨ ਕਿ ਇਹ ਗੁਰੂ ਆਸ਼ੇ ਅਨੁਸਾਰ ਸਿੱਖਾਂ ਦੀ ਸੇਵਾ ਲਗਨ ਨਾਲ ਕਰਦਾ ਸੀ:

ਪਟਣੈ ਸਭਰਵਾਲ ਹੈ ਨਵਲ ਨਿਹਾਲਾ ਸੁਧ ਪਰਾਣੀ।
ਜੈਤਾ ਸੇਠ ਵਖਾਣੀਐ ਵਿਣ ਗੁਰ ਸੇਵਾ ਹੋਰ ਨਾ ਜਾਣੀ।[3]

ਸਿੱਖਾਂ ਦੀ ਭਗਤਮਾਲਾ ਵਿਚ ਦੱਸਿਆ ਗਿਆ ਹੈ ਕਿ ਇਕ ਦਿਨ ਇਸ ਨੇ ਗੁਰੂ ਹਰਿਗੋਬਿੰਦ ਜੀ ਨੂੰ ਪ੍ਰਸ਼ਨ ਕੀਤਾ ਕਿ ਜਿਸ ਨੂੰ ਗਿਆਨ ਹੋਵੇ ਉਸ ਨੂੰ ਭਗਤੀ ਦੀ ਕੀ ਲੋੜ ਹੈ? ਗੁਰੂ ਜੀ ਨੇ ਬਚਨ ਕੀਤਾ ਕਿ ਭਗਤੀ ਤੋਂ ਬਗ਼ੈਰ ਗਿਆਨ ਇਸ ਤਰ੍ਹਾਂ ਹੈ ਜਿਵੇਂ ਮਿਸਰੀ ਤੋਂ ਬਿਨਾਂ ਕੇਵਲ ਘਿਉ ਦਾ ਸੇਵਨ, ਜਿਹੜਾ ਕਿ ਪੇਟ ਖਰਾਬ ਕਰ ਸਕਦਾ ਹੈ।[4] ਭਾਈ ਕਾਨ੍ਹ ਸਿੰਘ ਨਾਭਾ ਦੱਸਦਾ ਹੈ ਕਿ ਇਹ ਹਲਵਾਈ ਦਾ ਕੰਮ ਕਰਦਾ ਸੀ। ਧਨੀ ਹੋਣ ਕਰ ਕੇ ਇਸ ਨੂੰ ਸੇਠ ਕਿਹਾ ਜਾਣ ਲੱਗਿਆ। ਨੌਵੇਂ ਗੁਰੂ ਤੇਗ ਬਹਾਦਰ ਜੀ ਅਤੇ ਬਾਲ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਦੀ ਇਸ ਨੇ ਬਹੁਤ ਸੇਵਾ ਕੀਤੀ।[5]

ਪਟਨਾ ਸਾਹਿਬ ਦਾ ਗੁਰਦੁਆਰਾ ਗਾਇ ਘਾਟ ਭਾਈ ਜੈਤ ਮੱਲ ਦੀ ਯਾਦ ਦਿਵਾਉਂਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਛੋਹ ਪ੍ਰਾਪਤ ਲੱਕੜੀ ਦੇ ਦੋ ਥੰਮ ਇੱਥੇ ਮੌਜੂਦ ਹਨ ਜਿਨ੍ਹਾਂ ਦੇ ਸੰਗਤ ਦਰਸ਼ਨ ਕਰਦੀ ਹੈ।

---

1. ਬਾਬਾ ਸੁਮੇਰ ਸਿੰਘ, *ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼*, ਸੰਪਾ. ਅੱਛਰ ਸਿੰਘ ਕਾਹਲੋਂ, ਸਾਖੀ 192.9, ਪੰਨਾ 359.
2. ਸ਼ਮਸ਼ੇਰ ਸਿੰਘ ਅਸ਼ੋਕ, *ਮਜ਼੍ਹਬੀ ਸਿੱਖਾਂ ਦਾ ਇਤਿਹਾਸ,* ਪੰਨਾ 87.
3. *ਵਾਰਾਂ ਭਾਈ ਗੁਰਦਾਸ ਜੀ,* ਵਾਰ 11, ਪਉੜੀ 31.
4. ਤਰਲੋਚਨ ਸਿੰਘ ਬੇਦੀ (ਸੰਪਾ.), *ਸਿੱਖਾਂ ਦੀ ਭਗਤਮਾਲਾ*, ਪੰਨਾ 140.
5. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 373.

ਇਸ ਗੁਰਦੁਆਰੇ ਦੇ ਇਕ ਪਾਸੇ ਇਕ ਛੋਟੀ ਜਿਹੀ ਬਾਰੀ ਹੈ। ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਸਨ ਤਾਂ ਭਗਤ ਜੈਤ ਮੱਲ ਜੀ ਨੇ ਆਪਣੇ ਘਰ ਦੇ ਸਾਰੇ ਬੂਹੇ ਬੰਦ ਕੀਤੇ ਹੋਏ ਸਨ। ਬਹੁਤ ਜ਼ੋਰ ਦੇਣ 'ਤੇ ਵੀ ਜਦੋਂ ਭਗਤ ਜੀ ਨੇ ਬੂਹਾ ਨਾ ਖੋਲ੍ਹਿਆ ਤਾਂ ਗੁਰੂ ਜੀ ਉਸ ਬਾਰੀ ਰਾਹੀਂ ਅੰਦਰ ਪ੍ਰਵੇਸ਼ ਕੀਤੇ ਸਨ।

ਇਸ ਅਸਥਾਨ ਵਿਖੇ ਇਕ ਦਰਖ਼ਤ ਵੀ ਮੌਜੂਦ ਹੈ ਜਿਸ ਨੂੰ 'ਕਿੱਲਾ ਸਾਹਿਬ' ਕਿਹਾ ਜਾਂਦਾ ਹੈ। ਇਸ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇੱਥੇ ਲੱਕੜੀ ਦਾ ਇਕ ਕਿੱਲਾ ਹੁੰਦਾ ਸੀ ਜਿਸ ਨਾਲ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਘੋੜਾ ਬੰਨ੍ਹਿਆ ਸੀ। ਸਮਾਂ ਪਾ ਕੇ ਇਹ ਕਿੱਲਾ ਹਰਾ ਹੋ ਗਿਆ ਅਤੇ ਹੁਣ ਤੱਕ ਇਹ ਉੱਥੇ ਮੌਜੂਦ ਹੈ। ਇਸ ਦੇ ਨਾਲ ਹੀ ਇੱਥੇ ਮੌਜੂਦ ਇਕ ਚੱਕੀ ਮਾਤਾ ਗੁਜਰੀ ਜੀ ਦੀ ਦੱਸੀ ਜਾਂਦੀ ਹੈ। ਲੱਕੜ ਦੇ ਮੁੱਠੇ ਵਾਲੀ ਚੱਕੀ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ ਜਿਸ ਦੇ ਸੰਗਤ ਨੂੰ ਦਰਸ਼ਨ ਕਰਵਾਏ ਜਾਂਦੇ ਹਨ। ਮੌਜੂਦਾ ਸਮੇਂ ਵਿਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੀ ਹੈ।

ਦਰਗਾਹ ਮੱਲ, ਦੀਵਾਨ : ਦੀਵਾਨ ਦਰਗਾਹ ਮੱਲ ਗੁਰੂ-ਘਰ ਦਾ ਦੀਵਾਨ ਸੀ। ਗੁਰੂ ਹਰਿਰਾਇ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਇਸ ਨੇ ਗੁਰੂ-ਘਰ ਦੀ ਸੇਵਾ-ਸੰਭਾਲ ਵਿਚ ਮਹੱਤਵਪੂਰਨ ਯੋਗਦਾਨ ਪਾਇਆ:

ਦਰਗਹਿ ਮੱਲ ਦਿਵਾਨ ਗੁਰੂ ਹਰਿਰਾਇ ਜੀ ਦਾ।
ਜਾਤ ਦਾ ਬ੍ਰਾਹਮਣ ਛਿਬਰ ਬਹੁਤੁ ਫਹਿਮੀਦਾ।[1]

ਗੁਰੂ-ਘਰ ਵਿਚ ਹਰ ਤਰ੍ਹਾਂ ਦੇ ਪ੍ਰਬੰਧ ਕਰਨ ਵਿਚ ਇਹ ਆਪਣੀ ਸੂਝਬੂਝ ਅਤੇ ਸ਼ਰਧਾ ਕਾਰਨ ਸਤਿਕਾਰ ਦਾ ਪਾਤਰ ਸੀ। ਛਿੱਬਰ ਘਰਾਣੇ ਨਾਲ ਸੰਬੰਧਿਤ ਇਹ ਦਵਾਰਕਾ ਦਾਸ ਛਿੱਬਰ ਦਾ ਪੁੱਤਰ ਅਤੇ *ਬੰਸਾਵਲੀਨਾਮਾ* ਦੇ ਕਰਤਾ ਭਾਈ ਕੇਸਰ ਸਿੰਘ ਛਿੱਬਰ ਦਾ ਪੜਦਾਦਾ ਸੀ। ਕੇਸਰ ਸਿੰਘ ਛਿੱਬਰ ਦੱਸਦਾ ਹੈ ਕਿ ਨੌਵੇਂ ਗੁਰੂ ਤੇਗ ਬਹਾਦਰ ਜੀ ਨੇ ਵੀ ਇਸ ਨੂੰ ਵੀ ਦੀਵਾਨ ਦੀ ਪਦਵੀ 'ਤੇ ਨਿਯੁਕਤ ਕੀਤਾ ਸੀ ਪਰ ਵਡੇਰੀ ਉਮਰ ਹੋ ਜਾਣ ਕਰ ਕੇ ਇਸ ਨੇ ਸੇਵਾ ਤੋਂ ਮੁਕਤ ਕਰਨ ਲਈ ਗੁਰੂ ਜੀ ਨੂੰ ਬੇਨਤੀ ਕੀਤੀ ਸੀ। ਇਸ ਤੋਂ ਬਾਅਦ ਇਸ ਦਾ ਭਤੀਜਾ ਭਾਈ ਮਤੀ ਦਾਸ ਗੁਰੂ ਜੀ ਦੇ ਦੀਵਾਨ ਵਜੋਂ ਗੁਰੂ-ਘਰ ਦੀ ਸੇਵਾ ਕਰਦਾ ਰਿਹਾ।

ਬਾਦਸ਼ਾਹ ਔਰੰਗਜ਼ੇਬ ਦੇ ਬਲਾਉਣ 'ਤੇ ਜਦੋਂ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਵਿਖੇ ਗਏ ਤਾਂ ਦੀਵਾਨ ਦਰਗਾਹ ਮੱਲ ਉਹਨਾਂ ਦੇ ਨਾਲ ਸੀ। ਕੁੱਝ ਸਮਾਂ ਦਿੱਲੀ ਨਿਵਾਸ ਉਪਰੰਤ ਗੁਰੂ ਜੀ ਜੋਤੀ-ਜੋਤਿ ਸਮਾ ਗਏ ਸਨ ਪਰ ਇਸ ਤੋਂ ਪਹਿਲਾਂ ਉਹਨਾਂ ਨੇ 'ਬਾਬਾ ਬਕਾਲਾ' ਕਹਿ ਕੇ ਆਪਣੇ ਅਗਲੇ ਉੱਤਰਾਧਿਕਾਰੀ ਵੱਲ ਸੰਕੇਤ ਕਰ ਦਿੱਤਾ ਸੀ। ਦੀਵਾਨ ਦਰਗਾਹ ਮੱਲ ਸਿੱਖ ਸੰਗਤ ਦੇ ਉਸ ਜਥੇ ਵਿਚ ਸ਼ਾਮਲ ਸੀ ਜਿਹੜਾ ਗੁਰਿਆਈ ਦੀ ਸਮੱਗਰੀ ਲੈ ਕੇ ਦਿੱਲੀ ਤੋਂ ਬਾਬਾ ਬਕਾਲਾ ਆਇਆ ਸੀ। *ਗੁਰੂ ਕੀਆਂ ਸਾਖੀਆਂ* ਵਿਚ ਇਸ ਦਾ ਜ਼ਿਕਰ ਕਰਦੇ ਹੋਏ ਕਿਹਾ ਗਿਆ ਹੈ, "ਸੰਮਤ ਸਤਾਰਾਂ ਸੈ ਇਕੀਸ ਮਾਸ ਕੇ ਆਖਰੀ ਦਿਨੋਂ ਮੇਂ ਮਾਤਾ ਬੱਸੀ ਜੀ ਨੇ ਸੰਗਤ ਕੋ ਸਾਥ ਲੈ ਮਦਰ ਦੇਸ ਆਨੇ ਕੀ ਤਿਆਰੀ ਬਜਾਈ। ਰਸਤੇ ਕਾ ਪੰਧ ਮੁਕਾਇ ਦੀਵਨ ਦਰਘਾ ਮਲ ਆਦਿ ਮੁਖੀਏ ਸਿੱਖ ਸੰਗਤ ਕੇ ਗੈਲ ਬਕਾਲਾ ਨਗਰੀ ਕੇ ਨੇੜੇ ਜਾਇ ਪਹੁੰਚੇ।"[2]

ਗੁਰੂ ਹਰਿਕ੍ਰਿਸ਼ਨ ਜੀ ਤੋਂ ਬਾਅਦ ਦੀਵਾਨ ਦਰਗਾਹ ਮੱਲ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਵਿਚ ਰਿਹਾ ਅਤੇ ਪੂਰਬ ਦੀ ਪ੍ਰਚਾਰ-ਯਾਤਰਾ ਦੌਰਾਨ ਉਹਨਾਂ ਦੇ ਨਾਲ ਰਿਹਾ। 1675 ਵਿਚ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਜਾਣ ਤੋਂ ਪਹਿਲਾਂ ਗੋਬਿੰਦ ਰਾਇ ਜੀ ਨੂੰ ਗੁਰਿਆਈ ਦੀ ਰਸਮ ਕਰ ਦਿੱਤੀ ਸੀ, ਉਸ ਸਮੇਂ ਵੀ ਇਹ ਗੁਰੂ ਜੀ ਦੇ ਨਾਲ ਸੀ।

---

1. ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਸੰਪਾ. ਪਿਆਰਾ ਸਿੰਘ ਪਦਮ, ਚਰਣ ਅੱਠਵਾਂ, ਬੰਦ 22.
2. ਸੁਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸੰਪਾ. ਪਿਆਰਾ ਸਿੰਘ ਪਦਮ, ਸਾਖੀ 18, ਪੰਨੇ 65-66.

ਭਾਈ ਮਤੀ ਦਾਸ ਦੀ ਸ਼ਹੀਦੀ ਉਪਰੰਤ ਇਸ ਨੂੰ ਫਿਰ ਗੁਰੂ-ਘਰ ਦਾ ਦੀਵਾਨ ਨਿਯੁਕਤ ਕਰ ਦਿਤਾ ਗਿਆ। ਕੁੱਝ ਸਮਾਂ ਇਹ ਗੁਰੂ-ਘਰ ਦੇ ਦੀਵਾਨ ਦੀ ਸੇਵਾ ਕਰਦਾ ਰਿਹਾ ਫਿਰ ਇਸ ਦੇ ਪੁੱਤਰ ਧਰਮ ਚੰਦ ਨੂੰ ਇਸ ਸੇਵਾ ਲਈ ਨਿਯੁਕਤ ਕਰ ਦਿੱਤਾ ਗਿਆ। ਅਨੰਦਪੁਰ ਸਾਹਿਬ ਵਿਖੇ ਹੀ ਦੀਵਾਨ ਦਰਗਾਹ ਮੱਲ ਅਕਾਲ ਚਲਾਣਾ ਕਰ ਗਿਆ ਸੀ।

ਦਿਆਲਾ ਜੀ, ਭਾਈ : ਭਾਈ ਦਿਆਲਾ ਗੁਰੂ ਤੇਗ ਬਹਾਦਰ ਜੀ ਦੇ ਨਿਕਟਵਰਤੀ ਸਿੱਖਾਂ ਵਿਚ ਸ਼ਾਮਲ ਸੀ ਜਿਸ ਨੇ ਗੁਰੂ ਜੀ ਦੁਆਰਾ ਦਰਸਾਏ ਮਾਰਗ 'ਤੇ ਚੱਲਦੇ ਹੋਏ ਆਪਣਾ ਜੀਵਨ ਕੁਰਬਾਨ ਕਰ ਦਿੱਤਾ ਸੀ। *ਸ਼ਹੀਦ ਬਿਲਾਸ* ਵਿਚ ਇਸ ਦੇ ਪਰਿਵਾਰਕ ਪਿਛੋਕੜ ਬਾਰੇ ਵਰਨਨ ਕਰਦੇ ਹੋਏ ਦੱਸਿਆ ਗਿਆ ਹੈ ਕਿ ਇਹ ਮੌਜੂਦਾ ਪਾਕਿਸਤਾਨ ਵਿਚ ਪੈਂਦੇ ਪਿੰਡ ਅਲੀਪੁਰ ਦੇ ਵਸਨੀਕ ਭਾਈ ਮਾਈਦਾਸ ਅਤੇ ਮਧਰੀ ਬਾਈ ਦਾ ਪੁੱਤਰ ਸੀ। ਇਹਨਾਂ ਦੇ ਬਾਰਾਂ ਪੁੱਤਰ ਸਨ ਜਿਨ੍ਹਾਂ ਵਿਚੋਂ ਗਿਆਰਾਂ ਨੇ ਗੁਰੂ-ਘਰ ਲਈ ਸ਼ਹਾਦਤ ਦਿੱਤੀ ਸੀ। ਭਾਈ ਦਿਆਲਾ ਭਾਈ ਮਨੀ ਸਿੰਘ ਦਾ ਵੱਡਾ ਭਰਾ ਸੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਪੂਰਬ ਦੀ ਪ੍ਰਚਾਰ-ਯਾਤਰਾ ਦੌਰਾਨ ਇਹ ਨਾਲ ਸੀ।

ਪਟਨੇ ਤੋਂ ਗੁਰੂ ਜੀ ਜਦੋਂ ਅੱਗੇ ਬੰਗਾਲ, ਆਸਾਮ ਦੀ ਯਾਤਰਾ 'ਤੇ ਗਏ ਤਾਂ ਉਹਨਾਂ ਨੇ ਭਾਈ ਦਿਆਲਾ ਜੀ ਨੂੰ ਪਰਿਵਾਰ ਕੋਲ ਛੱਡ ਦਿੱਤਾ ਸੀ। ਚਾਰ ਸਾਲ ਤੋਂ ਵਧੇਰੇ ਸਮਾਂ ਗੁਰੂ ਜੀ ਉਸ ਇਲਾਕੇ ਵਿਚ ਰਹਿ ਕੇ ਸਿੱਖੀ ਪ੍ਰਚਾਰ ਕਰਦੇ ਰਹੇ। ਇਸ ਸਮੇਂ ਦੌਰਾਨ ਪਰਿਵਾਰ ਦੀ ਦੇਖਭਾਲ ਅਤੇ ਗੁਰੂ ਸਾਹਿਬ ਦੇ ਆਉਣ ਵਾਲੇ ਆਦੇਸ਼ਾਂ ਦਾ ਪਾਲਣ ਕਰਨ ਦੀ ਜ਼ੁੰਮੇਵਾਰੀ ਭਾਈ ਦਿਆਲਾ ਜੀ ਬਹੁਤ ਹੀ ਦ੍ਰਿੜ੍ਹਤਾ ਪੂਰਵਕ ਨਿਭਾਉਂਦੇ ਰਹੇ। ਗੁਰੂ ਸਾਹਿਬ ਦੁਆਰਾ ਬਨਾਰਸ ਅਤੇ ਪਟਨਾ ਦੀ ਸੰਗਤ ਦੇ ਨਾਂ ਲਿਖੇ ਹੋਏ ਹੁਕਮਨਾਮੇ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਵਿਚ ਭਾਈ ਦਿਆਲ ਦਾਸ ਦਾ ਜ਼ਿਕਰ ਆਉਂਦਾ ਹੈ। ਸੰਭਵ ਹੈ ਕਿ ਇਹ ਹੁਕਮਨਾਮੇ ਭਾਈ ਦਿਆਲਾ ਜੀ ਦੇ ਪਟਨਾ ਸਾਹਿਬ ਨਿਵਾਸ ਦੌਰਾਨ ਲਿਖੇ ਗਏ ਹੋਣ। ਇਹਨਾਂ ਹੁਕਮਨਾਮਿਆਂ ਵਿਚ ਬਨਾਰਸ ਅਤੇ ਪਟਨਾ ਸਾਹਿਬ ਦੀ ਸੰਗਤ ਨੂੰ ਭਾਈ ਦਿਆਲ ਦਾਸ ਪ੍ਰਤੀ ਵਿਸ਼ੇਸ਼ ਆਦੇਸ਼ ਕਰਦੇ ਹੋਏ ਕਿਹਾ ਗਿਆ ਹੈ – 'ਪਿਛੇ ਕਾਰ ਭਾਈ ਦਿਆਲ ਦਾਸ ਪਾਸ ਭੇਜੀ ਥੀ ਸਭ ਹਜੂਰਿ ਪਹੁਚੀ ਭਾਈ ਦਿਆਲ ਦਾਸ ਕਹੇ ਸੰਗਤਿ ਗੁਰੂ ਕਾ ਹੁਕਮ ਕਰਿ ਮਨਣਾ ਆਗੈ ਜਿਸ ਸਿਖ ਪਾਸ ਗੁਰੂ ਕੇ ਨਵਿਤ ਕੀ ਕਉਡੀ ਹੋਵੇ ਕਾਰ ਭੇਟ ਸਭ ਭਾਈ ਦਿਆਲ ਦਾਸ ਪਾਸ ਪਹੁਚਾਵਣੀ ਸੰਗਤ ਕੇ ਰੁਜਗਾਰ ਵਿਚਿ ਗੁਰੂ ਬਰਕਤਿ ਕਰੇਗਾ'।[1] ਇਸੇ ਤਰ੍ਹਾਂ ਪਟਨਾ ਦੀ ਸੰਗਤ ਦੇ ਨਾਂ ਲਿਖੇ ਇਕ ਹੁਕਮਨਾਮੇ ਵਿਚ ਆਦੇਸ਼ ਕੀਤਾ ਗਿਆ ਹੈ – 'ਭਾਈ ਦਿਆਲ ਦਾਸ ਕਹੈ ਸੰਗਤਿ ਗੁਰੂ ਕਾ ਹੁਕਮ ਕਰਿ ਮੰਨਣਾ'।[2] ਹੁਕਮਨਾਮਿਆਂ ਵਿਚੋਂ ਇਹ ਜਾਣਕਾਰੀ ਮਿਲਦੀ ਹੈ ਕਿ ਭਾਈ ਦਿਆਲਾ ਜੀ ਗੁਰੂ ਤੇਗ ਬਹਾਦਰ ਜੀ ਦੇ ਨਿਕਟਵਰਤੀ ਸ਼ਰਧਾਲੂ ਸਿੱਖਾਂ ਵਿਚ ਸ਼ਾਮਲ ਸਨ। ਭਾਈ ਦਿਆਲਾ ਜੀ ਦੀ ਗੁਰੂ ਸਾਹਿਬ ਪ੍ਰਤੀ ਸ਼ਰਧਾ, ਭਾਵਨਾ, ਦ੍ਰਿੜ੍ਹਤਾ, ਪ੍ਰੇਮ, ਸੰਜਮ ਆਦਿ ਦਾ ਪ੍ਰਗਟਾਵਾ ਉਹਨਾਂ ਦੀ ਸ਼ਹਾਦਤ ਵਿਚੋਂ ਹੋ ਜਾਂਦਾ ਹੈ। ਭਾਵੇਂ ਕਿ ਭਾਈ ਸਾਹਿਬ ਨੂੰ ਦੇਗੇ ਵਿਚ ਉਬਾਲ ਕੇ ਸ਼ਹੀਦ ਕਰ ਦਿੱਤਾ ਗਿਆ ਪਰ ਉਹਨਾਂ ਦਾ ਮੂੰਹ ਹਮੇਸ਼ਾਂ ਗੁਰੂ ਵੱਲ ਹੀ ਰਿਹਾ ਅਤੇ ਆਪਣੇ ਅੰਤਿਮ ਸਮੇਂ ਤੱਕ ਪਰਮਾਤਮਾ ਦੇ ਸਿਮਰਨ ਅਤੇ ਗੁਰਮਤਿ ਸਿਧਾਂਤ ਵਿਚ ਅਡੋਲ ਰਹੇ।

ਦਿਲ ਸੁਖ, ਭਾਈ : ਬਹਿਰ ਜੱਖ ਨਿਵਾਸੀ ਇਹ ਤਰਖਾਣ ਪਰਿਵਾਰ ਨਾਲ ਸੰਬੰਧਿਤ ਸੀ। *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ* ਵਿਚ ਇਸ ਦਾ ਜ਼ਿਕਰ ਕਰਦੇ ਹੋਏ ਦੱਸਿਆ ਗਿਆ ਹੈ ਕਿ ਜਦੋਂ ਗੁਰੂ ਤੇਗ ਬਹਾਦਰ ਜੀ ਖਨੌਰੀ ਤੋਂ ਹੁੰਦੇ ਹੋਏ ਇਸ ਨਗਰ ਵਿਖੇ ਪੁੱਜੇ ਤਾਂ ਇਸ ਦੇ ਘਰ ਨਿਵਾਸ ਕੀਤਾ ਸੀ। ਇਸ ਨੇ ਗੁਰੂ ਜੀ ਲਈ ਇਕ ਤਖ਼ਤ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਸੀ। ਜਦੋਂ ਗੁਰੂ ਜੀ ਇੱਥੇ ਪੁੱਜੇ ਤਾਂ ਇਸ ਦੇ ਤਖ਼ਤ 'ਤੇ ਜਾ ਬੈਠੇ। ਇਸ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ ਅਤੇ ਨਾਲ ਹੀ ਜਿਹੜੇ ਪ੍ਰਸ਼ਨ ਮਨ ਵਿਚ ਦੁਬਿਧਾ ਪੈਦਾ ਕਰ ਰਹੇ ਸਨ, ਉਹਨਾਂ ਦਾ ਨਿਵਾਰਨ ਕਰਨ ਦੀ

1. ਗੰਡਾ ਸਿੰਘ (ਸੰਪਾ.), *ਹੁਕਮਨਾਮੇ*, ਪੰਨਾ 89.

2. *ਉਹੀ*, ਪੰਨਾ 91.

ਬੇਨਤੀ ਕੀਤੀ। ਗੁਰੂ ਜੀ ਨੇ ਬਚਨ ਕੀਤਾ, "ਦਿਲਸੁਖ! ਦਿਲ ਵਿਚਿ ਬੀਚਾਰ ਕਰੀਏ ਤਾਂ ਸੁਖ ਹੁੰਦਾ ਹੈ। ਘਰ ਕਾ ਸਾਮਾਨ ਤਿਆਗਣੇ ਕਰ ਕੇ ਨਹੀਂ ਸੁਖ ਹੋਂਦਾ।"[1]

ਦੱਗੋ, ਭਾਈ: ਗੁਰੂ ਤੇਗ ਬਹਾਦਰ ਜੀ ਦੇ ਸਮੇਂ ਇਹ ਧਮਤਾਨ ਦਾ ਮਸੰਦ ਸੀ। ਮੌਜੂਦਾ ਹਰਿਆਣਾ ਦੇ ਜੀਂਦ ਜ਼ਿਲੇ ਵਿਚ ਪੈਂਦੇ ਇਸ ਨਗਰ ਨੂੰ ਬਾਂਗਰ ਦਾ ਇਲਾਕਾ ਕਿਹਾ ਜਾਂਦਾ ਸੀ। 1665 ਵਿਚ ਪੂਰਬ ਦੀ ਪ੍ਰਚਾਰ-ਯਾਤਰਾ ਦੌਰਾਨ ਧਮਤਾਨ ਪਹੁੰਚੇ ਤਾਂ ਭਾਈ ਦੱਗੋ ਨੇ ਇਹਨਾਂ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਦੇ ਦਰਸ਼ਨ ਕਰਨ ਲਈ ਬਾਂਗਰ ਦੇਸ਼ ਦੀਆਂ ਸੰਗਤਾਂ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਆਈਆਂ। *ਗੁਰੂ ਕੀਆਂ ਸਾਖੀਆਂ* ਤੋਂ ਪਤਾ ਲੱਗਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਕੱਤਕ ਦੀ ਪੂਰਨਮਾਸ਼ੀ ਨੂੰ ਇੱਥੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਸੀ। ਇਥੋਂ ਸ਼ਾਹੀ ਫ਼ੌਜਾਂ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਲੈ ਗਈਆਂ ਸਨ ਅਤੇ ਭਾਈ ਦੱਗੋ ਵੀ ਉਹਨਾਂ ਦੇ ਨਾਲ ਸੀ। ਜੈਪੁਰ ਰਿਆਸਤ ਦੇ ਕੰਵਰ ਰਾਮ ਸਿੰਘ ਨੇ ਬਾਦਸ਼ਾਹ ਨੂੰ ਗੁਰੂ ਜੀ ਦੇ ਅਧਿਆਤਮਕ ਉਦੇਸ਼ ਬਾਰੇ ਦੱਸ ਕੇ ਉਹਨਾਂ ਵਿਰੁੱਧ ਹੋਰ ਕੋਈ ਕਾਰਵਾਈ ਨਾ ਹੋਣ ਦਿੱਤੀ।[2] ਇਥੋਂ ਗੁਰੂ ਜੀ ਪੂਰਬ ਦੀ ਪ੍ਰਚਾਰ-ਯਾਤਰਾ 'ਤੇ ਚਲੇ ਗਏ ਸਨ ਅਤੇ ਭਾਈ ਦੱਗੋ ਵਾਪਸ ਧਮਤਾਨ ਆ ਗਿਆ।

ਨਨੂਆ, ਭਾਈ : ਭਾਈ ਨਨੂਆ ਗੁਰੂ ਤੇਗ ਬਹਾਦਰ ਜੀ ਦਾ ਸ਼ਰਧਾਲੂ ਸਿੱਖ ਸੀ ਅਤੇ ਇਸ ਨੇ ਨੌਵੇਂ ਗੁਰੂ ਜੀ ਦੇ ਸਮੇਂ ਹੀ ਸਿੱਖੀ ਗ੍ਰਹਿਣ ਕੀਤੀ ਸੀ। ਮੌਜੂਦਾ ਪਾਕਿਸਤਾਨ ਵਿਚ ਪੈਂਦੇ ਗੁਜਰਾਂਵਾਲਾ ਜ਼ਿਲੇ ਦੇ ਵਜ਼ੀਰਾਬਾਦ ਨਾਲ ਇਸ ਦਾ ਸੰਬੰਧ ਦੱਸਿਆ ਜਾਂਦਾ ਹੈ। ਬਚਪਨ ਤੋਂ ਹੀ ਸਾਧੂ ਸੁਭਾਅ ਹੋਣ ਕਰ ਕੇ ਸੰਤਾਂ ਅਤੇ ਫ਼ਕੀਰਾਂ ਦੀ ਸੰਗਤ ਕਰਨ ਵਿਚ ਇਹ ਖ਼ੁਸ਼ੀ ਮਹਿਸੂਸ ਕਰਦਾ ਸੀ। ਭਗਤੀ ਕਰਨ ਦੀ ਪ੍ਰਬਲ ਇੱਛਾ ਕਾਰਨ ਇਹ 'ਭਗਤ ਜੀ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ।

ਭਾਈ ਘਨੁਈਆ ਜੀ ਨੂੰ ਸਿੱਖੀ ਵੱਲ ਪ੍ਰੇਰਿਤ ਕਰਨ ਵਿਚ ਇਹਨਾਂ ਦਾ ਵੱਡਾ ਯੋਗਦਾਨ ਸੀ। ਕਿਹਾ ਜਾਂਦਾ ਹੈ ਕਿ ਇਕ ਦਿਨ ਭਾਈ ਘਨੁਈਆ ਜੀ ਦਾ ਮੇਲ ਭਗਤ ਨਨੂਆ ਜੀ ਨਾਲ ਹੋਇਆ ਜਿਹੜੇ ਕਿ ਨੌਵੇਂ ਗੁਰੂ, ਗੁਰੂ ਤੇਗ ਬਹਾਦਰ, ਦੇ ਚੰਗੇ ਸਨੇਹੀ ਅਤੇ ਸ਼ਰਧਾਲੂ ਸਨ। ਉਸ ਸਮੇਂ ਭਾਈ ਘਨੁਈਆ ਜੀ ਦੀ ਉਮਰ ਕੇਵਲ ਬਾਰਾਂ ਸਾਲ ਦੀ ਸੀ। ਇਨ੍ਹਾਂ ਨੇ ਭਗਤ ਨਨੂਆ ਜੀ ਤੋਂ ਪਰਮਪਦਿ ਦੇ ਮਿਲਾਪ ਦੀ ਪ੍ਰਾਪਤੀ ਦਾ ਮਾਰਗ ਪੁੱਛਿਆ ਤਾਂ ਉਹਨਾਂ ਪ੍ਰਭੂ-ਬੰਦਗੀ ਦਾ ਮਾਰਗ ਸਮਝਾਉਂਦੇ ਹੋਏ ਕਿਹਾ, "ਜੈਸੇ ਪੂਰਬਲੇ ਸੰਤਹੁੰ ਪੁਰਖਾਰਥ ਕੀਆ ਹੈ। ਜਬ ਤੈਸੇ ਤੁਮ ਭੀ ਕਰੋਗੇ। ਤਬ ਗੋਬਿੰਦ ਨਿਕਟ ਹੀ ਹੈ। ਸੋ ਧ੍ਰੂ ਭਗਤ, ਭਗਤ ਗੋਪੀ ਚੰਦ ਜੈਸੇ ਸੰਪੂਰਨ ਵਿਖੇ ਬਿਕਾਰੋਂ ਕੋ ਤਿਆਗ ਕੇ ਗੋਬਿੰਦ ਕਉ ਭਜਿਆ ਹੈ। ਤੈਸੇ ਗੋਬਿੰਦ ਪਰਾਇਨ ਜਬ ਹੋਵੋਗੇ, ਤਬ ਗੋਬਿੰਦ ਕੋ ਪਾਵਉਗੇ।"[3] ਇਸ 'ਤੇ ਭਗਤ ਨਨੂਆ ਜੀ ਨੇ ਦੱਸਿਆ ਕਿ ਪਰਮਪਦਿ ਦੀ ਪ੍ਰਾਪਤੀ ਲਈ ਧਰੂ ਭਗਤ ਵਾਂਗ ਸਾਧਨਾ ਕਰਨ ਦੀ ਲੋੜ ਪੈਂਦੀ ਹੈ। ਸੇਵਾਪੰਥੀ ਸਾਧੂਆਂ ਵਿਚ ਇਹਨਾਂ ਦੀ ਜੀਵਨ ਸਾਖੀ ਆਮ ਪ੍ਰਚਲਿਤ ਹੈ।

ਨਾਨੂ ਰਾਇ (ਸਿੰਘ), ਭਾਈ : ਭਾਈ ਨਾਨੂ ਵੀ ਗੁਰੂ ਤੇਗ ਬਹਾਦਰ ਜੀ ਦੇ ਨਿਕਟਵਰਤੀ ਸਿੱਖਾਂ ਵਿਚ ਸ਼ਾਮਲ ਸੀ। ਸਿੱਖਾਂ ਦੇ ਦਿਲਵਾਲੀ ਮੁਹੱਲੇ ਵਿਚ ਰਹਿਣ ਵਾਲਾ ਇਹ ਗੁਰਸਿੱਖ ਦਰਜੀ ਦਾ ਕੰਮ ਕਰਨ ਵਾਲੇ ਭਾਈ ਬਾਘੇ ਦਾ ਪੁੱਤਰ ਸੀ। ਗੁਰੂ ਹਰਿਕ੍ਰਿਸ਼ਨ ਜੀ ਦੇ ਦਿੱਲੀ ਨਿਵਾਸ ਸਮੇਂ ਇਹ ਉਹਨਾਂ ਸ਼ਰਧਾਲੂ ਸਿੱਖਾਂ ਵਿਚ ਸ਼ਾਮਲ ਸੀ ਜਿਹੜੇ ਗੁਰੂ-ਘਰ ਵਿਖੇ ਆਉਣ ਵਾਲੀ ਸੰਗਤ ਦੀ ਸੇਵਾ ਕਰਨ ਲਈ ਹਮੇਸ਼ਾਂ ਯਤਨਸ਼ੀਲ ਰਹਿੰਦੇ ਸਨ। ਸ੍ਰੀ ਤੇਗ ਬਹਾਦਰ ਜੀ ਪੂਰਬ ਦੀ ਪਹਿਲੀ ਉਦਾਸੀ ਉਪਰੰਤ ਦਿੱਲੀ ਵਿਖੇ ਭਾਈ ਕਲਿਆਣੇ ਦੀ ਧਰਮਸਾਲ ਵਿਖੇ ਨਿਵਾਸ

1. *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ,* ਪੰਨਾ 33.
2. ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਸੰਪਾ. ਪਿਆਰਾ ਸਿੰਘ ਪਦਮ, ਸਾਖੀਆਂ 24-25, ਪੰਨੇ 73-74.
3. ਭਾਈ ਲਾਲ ਚੰਦ, *ਸ੍ਰੀ ਸੰਤ ਰਤਨ ਮਾਲ੍ਹਾ,* ਪੰਨਾ 7.

ਕੀਤਾ ਸੀ। ਭਾਈ ਨਾਨੂ ਆਪਣੇ ਪਿਤਾ ਨਾਲ ਉਹਨਾਂ ਸਿੱਖਾਂ ਵਿਚ ਸ਼ਾਮਲ ਸੀ ਜਿਹੜੇ ਇਸ ਸਮੇਂ ਉਹਨਾਂ ਦੀ ਸੇਵਾ ਵਿਚ ਮੌਜੂਦ ਸਨ।

ਇਸ ਦੀ ਗੁਰੂ-ਸੇਵਾ ਦਾ ਮਹੱਤਵਪੂਰਨ ਪੱਖ ਉਸ ਸਮੇਂ ਸਾਹਮਣੇ ਆਉਂਦਾ ਹੈ ਜਦੋਂ ਇਸ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਉਹਨਾਂ ਦਾ ਸੀਸ ਦਿੱਲੀ ਦੇ ਚਾਂਦਨੀ ਚੌਂਕ ਵਿਚੋਂ ਚੁੱਕਣ ਵਿਚ ਭਾਈ ਜੈਤੇ ਆਦਿ ਗੁਰਸਿੱਖਾਂ ਦੀ ਸਹਾਇਤਾ ਕੀਤੀ ਸੀ। ਗੁਰੂ ਜੀ ਦਾ ਸੀਸ ਲਿਆਉਣ ਦੀ ਘਟਨਾ ਸਮੇਂ ਇਸ ਦੀ ਮਾਨਸਿਕ ਅਵਸਥਾ ਅਤੇ ਪੈਦਾ ਹੋਈ ਦਲੇਰੀ ਦਾ ਪ੍ਰਸੰਗ ਭਾਈ ਕੇਸਰ ਸਿੰਘ ਛਿੱਬਰ ਨੇ ਬਹੁਤ ਵਿਸਤਾਰ ਨਾਲ ਦਿੱਤਾ ਹੈ। ਗੁਰੂ ਜੀ ਦੀ ਸ਼ਹਾਦਤ ਨੇ ਇਸ ਨੂੰ ਬੇਚੈਨ ਕਰ ਦਿੱਤਾ ਸੀ ਅਤੇ ਮਨ ਵਿਚ ਇਹ ਫੁਰਨਾ ਵਾਰ-ਵਾਰ ਆ ਰਿਹਾ ਸੀ ਕਿ ਕਿਵੇਂ ਗੁਰੂ ਜੀ ਦੀ ਪਵਿੱਤਰ ਦੇਹ ਨੂੰ ਉੱਥੋਂ ਲਿਆਉਣਾ ਹੈ। ਜੇਕਰ ਅਜਿਹਾ ਨਾ ਕਰ ਸਕਿਆ ਤਾਂ ਸਿੱਖੀ ਨਹੀਂ ਰਹਿਣੀ ਅਤੇ ਜੇਕਰ ਇਹ ਕਾਰਜ ਕਰ ਦਿੱਤਾ ਤਾਂ ਮੁਗ਼ਲਾਂ ਦੀ ਕਰੋਪੀ ਦਾ ਸ਼ਿਕਾਰ ਹੋਣਾ ਪੈ ਸਕਦਾ ਹੈ। ਮਨ ਵਿੱਚ ਸਿੱਖੀ ਦੀ ਬਲਵਾਨ ਭਾਵਨਾ ਪ੍ਰਗਟ ਹੋਈ ਅਤੇ ਆਪਣੀ ਪਤਨੀ ਨੂੰ ਰਾਤ ਨੂੰ ਹੀ ਪੇਕੇ ਭੇਜ ਦਿੱਤਾ ਅਤੇ ਆਪ ਗੁਰੂ ਜੀ ਦਾ ਸੀਸ ਲਿਆਉਣ ਵਾਲਿਆਂ ਵਿਚ ਸ਼ਾਮਲ ਹੋ ਗਿਆ।[1]

ਰਾਤ ਸਮੇਂ ਦਿੱਲੀ ਵਾਲੇ ਸਿੱਖ ਇਸ ਦੇ ਘਰ ਇਕੱਠੇ ਹੋਏ ਅਤੇ ਦਿਨ ਸਮੇਂ ਬੀਤੇ ਘਟਨਾਕ੍ਰਮ 'ਤੇ ਵਿਚਾਰ ਕੀਤੀ ਅਤੇ ਗੁਰੂ ਜੀ ਦਾ ਪਵਿੱਤਰ ਸੀਸ ਅਤੇ ਧੜ ਚਾਂਦਨੀ ਚੌਂਕ ਵਿਚੋਂ ਚੁੱਕ ਲਿਆਉਣ ਦੀ ਯੋਜਨਾ ਬਣਾਈ। ਧੜ ਲੱਖੀ ਸ਼ਾਹ ਆਪਣੇ ਘਰ ਲੈ ਆਇਆ ਅਤੇ ਸੀਸ ਲਿਆਉਣ ਵਾਲਿਆਂ ਵਿਚ ਭਾਈ ਨਾਨੂ, ਭਾਈ ਆਗਿਆ, ਭਾਈ ਜੈਤਾ ਅਤੇ ਭਾਈ ਉਦਾ ਸ਼ਾਮਲ ਸਨ। ਇਹ ਚਾਰੇ ਦਿਨ ਰਾਤ ਦਾ ਸਫ਼ਰ ਕਰਦੇ ਹੋਏ ਚੱਕ ਨਾਨਕੀ ਪਹੁੰਚੇ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਲਿਆਉਣ ਵਾਲੇ ਸਮੂਹ ਸਿੱਖਾਂ ਦਾ ਸਨਮਾਨ ਕੀਤਾ ਸੀ।[2] ਅਨੰਦਪੁਰ ਸਾਹਿਬ ਵਿਖੇ *ਗੁਰਦੁਆਰਾ ਸੀਸ ਗੰਜ ਸਾਹਿਬ* ਗੁਰੂ ਗੋਬਿੰਦ ਸਿੰਘ ਜੀ ਦੁਆਰਾ ਗੁਰੂ ਤੇਗ ਬਹਾਦਰ ਜੀ ਦੇ ਸੀਸ ਦੇ ਸਸਕਾਰ ਕਰਨ ਦੀ ਯਾਦ ਦਿਵਾਉਂਦਾ ਹੈ।

ਇਸ ਘਟਨਾ ਤੋਂ ਬਾਅਦ ਭਾਈ ਨਾਨੋ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਰਿਹਾ ਅਤੇ 1699 ਵਿਚ ਖੰਡੇ ਦੀ ਪਾਹੁਲ ਧਾਰਨ ਕਰ ਕੇ ਨਾਨੂ ਸਿੰਘ ਬਣ ਗਿਆ। ਇਸ ਦੇ ਦੋ ਪੁੱਤਰ ਘਰਬਾਰਾ ਸਿੰਘ ਅਤੇ ਦਰਬਾਰਾ ਸਿੰਘ ਵੀ ਗੁਰੂ ਸਾਹਿਬ ਦੀ ਸੇਵਾ ਵਿਚ ਰਹੇ ਅਤੇ ਇਹਨਾਂ ਵਿਚੋਂ ਘਰਬਾਰਾ ਸਿੰਘ 1700 ਵਿਚ ਹੋਏ ਅਗੰਮਗੜ੍ਹ ਦੇ ਯੁੱਧ ਵਿਚ ਸ਼ਹੀਦੀ ਪਾ ਗਿਆ। ਭਾਈ ਨਾਨੂ ਸਿੰਘ ਨੇ ਚਮਕੌਰ ਦੇ ਯੁੱਧ ਵਿਚ ਸ਼ਹੀਦੀ ਪ੍ਰਾਪਤ ਕੀਤੀ ਸੀ।

ਫੱਗੂ ਮੱਲ, ਚਾਚਾ : ਚਾਚਾ ਫੱਗੂ ਮੱਲ ਸਾਸਾਰਾਮ ਦਾ ਵਸਨੀਕ ਸੀ। ਇਹ ਨਗਰ ਬਨਾਰਸ ਤੋਂ ਲਗ-ਪਗ 120 ਕਿਲੋਮੀਟਰ ਅਤੇ ਪਟਨਾ ਸਾਹਿਬ ਤੋਂ ਲਗ-ਪਗ 180 ਕਿਲੋਮੀਟਰ ਦੀ ਦੂਰੀ 'ਤੇ ਬਿਹਾਰ ਰਾਜ ਵਿਚ ਸਥਿਤ ਹੈ। ਇਸ ਨਗਰ ਵਿਖੇ ਵੱਸੇ ਹੋਏ ਬਹੁਤੇ ਸਿੱਖ ਅਗਰਹਰੀ ਭਾਈਚਾਰੇ ਨਾਲ ਸੰਬੰਧਿਤ ਹਨ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਬੜੇ ਸਾਹਿਬ' ਅਤੇ ਗੁਰੂ ਤੇਗ ਬਹਾਦਰ ਜੀ ਨੂੰ 'ਪਿਤਾ ਜੀ' ਕਹਿ ਕੇ ਸਤਿਕਾਰ ਭੇਟ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਇੱਥੇ ਸਿੱਖ ਸੰਗਤ ਸਥਾਪਿਤ ਹੈ ਅਤੇ ਇਸੇ ਸੰਗਤ ਵਿਚੋਂ ਭਾਈ ਫੱਗੂ ਮੱਲ ਪੈਦਾ ਹੋਏ ਹਨ। ਕਿਹਾ ਜਾਂਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੋਂ ਇਹਨਾਂ ਦੇ ਨਾਂ ਨਾਲ 'ਚਾਚਾ' ਸ਼ਬਦ ਜੁੜ ਗਿਆ ਸੀ ਅਤੇ ਸਾਸਾਰਾਮ ਵਿਖੇ ਇਹਨਾਂ ਦੀ ਯਾਦ ਵਿਚ ਬਣਿਆ ਹੋਇਆ ਗੁਰਧਾਮ *ਗੁਰਦੁਆਰਾ ਚਾਚਾ ਫੱਗੂ ਮੱਲ* ਦੇ ਨਾਂ ਨਾਲ ਪ੍ਰਸਿੱਧ ਹੈ।

ਚਾਚਾ ਫੱਗੂ ਮੱਲ ਨੇ ਇਲਾਕੇ ਦੀ ਸੰਗਤ ਨੂੰ ਗੁਰੂ-ਘਰ ਨਾਲ ਜੋੜਿਆ ਸੀ। ਇਸ ਦੇ ਮਨ ਵਿਚ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰਨ ਦੀ ਤੀਬਰ ਇੱਛਾ ਸੀ ਅਤੇ 1666 ਵਿਚ ਜਦੋਂ ਗੁਰੂ ਤੇਗ ਬਹਾਦਰ ਜੀ ਪੂਰਬ ਦੀ

1. ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਸੰਪਾ. ਪਿਆਰਾ ਸਿੰਘ ਪਦਮ, ਨੌਵਾਂ ਚਰਣ, ਬੰਦ 132-37.
2. ਸ੍ਰਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸੰਪਾ. ਪਿਆਰਾ ਸਿੰਘ ਪਦਮ, ਸਾਖੀ 33, ਪੰਨਾ 85.

ਯਾਤਰਾ 'ਤੇ ਗਏ ਤਾਂ ਉਹਨਾਂ ਨੇ ਇਸ ਦੀ ਇੱਛਾ ਪੂਰੀ ਕੀਤੀ। ਜਿਸ ਅਸਥਾਨ 'ਤੇ ਇਹ ਨਿਵਾਸ ਕਰਦਾ ਸੀ ਉਸ ਦਾ ਦਰਵਾਜ਼ਾ ਬਹੁਤ ਹੀ ਛੋਟਾ ਸੀ ਪਰ ਜਦੋਂ ਇਹਨਾਂ ਨੂੰ ਗੁਰੂ ਜੀ ਦੀ ਪੂਰਬ ਦੀ ਉਦਾਸੀ ਦਾ ਪਤਾ ਲੱਗਿਆ ਤਾਂ ਇਹਨਾਂ ਨੇ ਆਪਣੇ ਘਰ ਦੇ ਬਾਹਰ ਇਕ ਉੱਚਾ ਦਰਵਾਜ਼ਾ ਬਣਵਾਇਆ ਤਾਂ ਕਿ ਗੁਰੂ ਜੀ ਨੂੰ ਘਰ ਦੇ ਅੰਦਰ ਦਾਖ਼ਲ ਹੋਣ ਸਮੇਂ ਘੋੜੇ ਤੋਂ ਉਤਰਨਾ ਨਾ ਪਵੇ। ਬਨਾਰਸ ਤੋਂ ਚੱਲ ਕੇ ਗੁਰੂ ਜੀ ਨੇ ਇਹਨਾਂ ਦੇ ਘਰ ਚਰਨ ਪਾਏ ਸਨ। ਇੱਥੇ ਹੀ ਇਲਾਕੇ ਦੀ ਸੰਗਤ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਈ ਸੀ। ਗੁਰੂ ਜੀ ਦੇ ਆਉਣ ਦੀ ਸੂਚਨਾ ਮਿਲਣ 'ਤੇ ਚਾਚਾ ਫੱਗੂ ਮੱਲ ਦੇ ਮਨ ਵਿਚ ਬਹੁਤ ਸਾਰਾ ਜੋਸ਼, ਖ਼ੁਸ਼ੀ ਅਤੇ ਉਤਸ਼ਾਹ ਪੈਦਾ ਹੋਇਆ ਪਰ ਜਦੋਂ ਉਸ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਕੋਈ ਬਚਨ ਨਾ ਬੋਲ ਸਕਿਆ ਅਤੇ ਇਕਦਮ ਮੌਨ ਹੀ ਹੋ ਗਿਆ ਜਿਸ ਦਾ ਵਰਨਨ ਕਰਦੇ ਹੋਏ ਭਾਈ ਸੰਤੋਖ ਸਿੰਘ ਦੱਸਦੇ ਹਨ:

ਭਾ ਸਥੰਭ ਕੁਛ ਕਹਯੋ ਨ ਜਾਈ। ਰੁਕਯੋ ਕੰਠ ਮੁਖ ਗਿਰਾ ਨ ਆਈ।
ਚਖਨਿ ਸਪਲਕ ਥਿਰਯੋ ਰਹਿ ਆਗੇ। ਬਹੁਰ ਪਾਇ ਸੁਧਿ ਕੋ ਬਡਭਾਗੇ।[1]

ਗੁਰਦੁਆਰਾ ਚਾਚਾ ਫੱਗੂ ਮੱਲ ਵਿਖੇ ਗੁਰੂ ਜੀ ਦੀਆਂ ਕੁੱਝ ਨਿਸ਼ਾਨੀਆਂ ਵੀ ਦੱਸੀਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਇਕ ਸਿਲ ਮੌਜੂਦ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਇਸ 'ਤੇ ਬੈਠ ਕੇ ਇਸ਼ਨਾਨ ਕੀਤਾ ਸੀ। ਚਾਚਾ ਫੱਗੂ ਮੱਲ ਦਾ ਇਕ ਸਿਮਰਨਾ, ਇਕ ਛੋਟਾ ਯਾਦਗਾਰੀ ਦਰਵਾਜ਼ਾ (45"×35") ਅਤੇ ਖੜਾਵਾਂ ਇਸ ਗੁਰਦੁਆਰਾ ਸਾਹਿਬ ਦੀ ਵਿਰਾਸਤ ਦਾ ਅੰਗ ਹਨ। ਇਸ ਤੋਂ ਇਲਾਵਾ ਇੱਥੇ ਕੁੱਝ ਪੁਰਾਤਨ ਸ਼ਸਤਰ ਵੀ ਮੌਜੂਦ ਹਨ। ਗੁਰੂ ਜੀ ਨੇ ਇੱਥੇ ਇਕ ਬੇਰੀ ਦਾ ਰੁੱਖ ਲਾਇਆ ਸੀ ਜਿਹੜਾ ਕਿ ਭਾਵੇਂ ਹੁਣ ਬਹੁਤ ਵਿਸ਼ਾਲ ਅਤੇ ਬਿਰਧ ਰੂਪ ਧਾਰਨ ਕਰ ਚੁੱਕਾ ਹੈ ਪਰ ਇਸ ਦੀ ਸਾਂਭ-ਸੰਭਾਲ ਲਈ ਨਿਰੰਤਰ ਯਤਨ ਕੀਤੇ ਜਾਂਦੇ ਹਨ। ਇਸ ਬੇਰੀ ਦੇ ਬੇਰ ਸੰਗਤ ਪ੍ਰਸ਼ਾਦ ਦੇ ਰੂਪ ਵਿਚ ਗ੍ਰਹਿਣ ਕਰਦੀ ਹੈ।

ਚਾਚਾ ਫੱਗੂ ਮੱਲ ਦੀ ਸਿੱਖੀ ਪ੍ਰਤੀ ਸ਼ਰਧਾ-ਭਾਵਨਾ ਮੌਜੂਦਾ ਸਮੇਂ ਵਿਚ ਇਲਾਕੇ ਦੇ ਲੋਕਾਂ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ ਅਤੇ ਉਹ ਵਧੇਰੇ ਸਮਾਂ ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰ ਕੇ ਖ਼ੁਸ਼ੀ ਮਹਿਸੂਸ ਕਰਦੇ ਹਨ। ਗ਼ੈਰ-ਸਿੱਖ ਸ਼ਰਧਾਲੂਆਂ ਦੇ ਮਨ ਵਿਚ ਵੀ ਇਸ ਅਸਥਾਨ ਪ੍ਰਤੀ ਬਹੁਤ ਆਸਥਾ ਹੈ।

ਬੁਲਾਕੀ ਦਾਸ, ਭਾਈ : ਗੁਰੂ ਤੇਗ ਬਾਹਦਰ ਜੀ ਦੇ ਸਮੇਂ ਭਾਈ ਬੁਲਾਕੀ ਦਾਸ ਢਾਕੇ ਦਾ ਮਸੰਦ ਸੀ। ਜਦੋਂ ਗੁਰੂ ਜੀ ਇਸ ਨਗਰ ਵਿਖੇ ਪੁੱਜੇ ਤਾਂ ਇਸ ਨੇ ਨੌਵੇਂ ਗੁਰੂ ਜੀ ਦਾ ਸੁਆਗਤ ਕੀਤਾ ਸੀ ਅਤੇ ਇਸ ਦੇ ਘਰ ਹੀ ਇਲਾਕੇ ਦੀ ਸਿੱਖ ਸੰਗਤ ਗੁਰੂ ਜੀ ਦੇ ਦਰਸ਼ਨ ਕਰਨ ਆਈ ਸੀ। ਜਦੋਂ ਬਾਲ ਗੋਬਿੰਦ ਰਾਇ ਜੀ ਪਟਨਾ ਸਾਹਿਬ ਤੋਂ ਅਨੰਦਪੁਰ ਸਾਹਿਬ ਵੱਲ ਜਾਣ ਲੱਗੇ ਤਾਂ ਇਸ ਮੌਕੇ ਭਾਈ ਬੁਲਾਕੀ ਦਾਸ ਨੇ ਇਕ ਸੋਨੇ ਦੀ ਪਾਲਕੀ ਤਿਆਰ ਕਰਵਾ ਕੇ ਭੇਜੀ ਸੀ।

ਢਾਕੇ ਦੇ ਬੰਗਲਾ ਬਜ਼ਾਰ ਵਿਚ ਸਥਿਤ ਮਸੰਦ ਬੁਲਾਕੀ ਦਾਸ ਦਾ ਘਰ ਮੌਜੂਦਾ ਸਮੇਂ ਵਿਚ *ਗੁਰਦੁਆਰਾ ਸੰਗਤ ਟੋਲਾ* ਦੇ ਨਾਂ ਨਾਲ ਪ੍ਰਸਿੱਧ ਹੈ। ਜਦੋਂ ਗੁਰੂ ਜੀ ਢਾਕਾ ਪੁੱਜੇ ਤਾਂ ਮਹੰਤ ਬੁਲਾਕੀ ਦਾਸ ਨੇ ਇਲਾਕੇ ਦੀ ਸੰਗਤ ਨੂੰ ਸੂਚਨਾ ਭੇਜ ਕੇ ਬੁਲਾ ਲਿਆ ਸੀ। ਗੁਰੂ ਜੀ ਦੇ ਸੁਆਗਤ ਅਤੇ ਸਤਿਕਾਰ ਲਈ ਦੂਰ-ਦੁਰਾਡਿਉਂ ਸੰਗਤ ਢਾਕਾ ਪੁੱਜੀ। ਗੁਰੂ ਜੀ ਨੇ ਲੰਮਾ ਸਮਾਂ ਇਸ ਅਸਥਾਨ 'ਤੇ ਨਿਵਾਸ ਕੀਤਾ। ਗੁਰੂ ਜੀ ਦੇ ਇਸ ਅਸਥਾਨ ਤੋਂ ਅੱਗੇ ਜਾਣ ਉਪਰੰਤ ਇੱਥੇ ਸੰਗਤ ਨਿਰੰਤਰ ਜੁੜਦੀ ਰਹੀ। ਗੁਰਬਾਣੀ ਪਾਠ ਅਤੇ ਕੀਰਤਨ ਕਰਨ ਲਈ ਸੰਗਤ ਦਾ ਇਸ ਅਸਥਾਨ 'ਤੇ ਇਕੱਤਰ ਹੋਣ ਕਰਕੇ ਇਸ ਦਾ ਨਾਂ 'ਸੰਗਤ ਟੋਲਾ' ਪ੍ਰਸਿੱਧ ਹੋ ਗਿਆ।

---

1. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 11, ਅੰਸੂ 55.31.

ਭਾਈ ਬੁਲਾਕੀ ਦਾਸ ਦੀ ਬਿਰਧ ਮਾਤਾ ਜੀ ਲੰਮੇ ਸਮੇਂ ਤੋਂ ਗੁਰੂ ਤੇਗ ਬਹਾਦਰ ਜੀ ਦਾ ਇੰਤਜ਼ਾਰ ਕਰ ਰਹੀ ਸੀ, ਉਸ ਦੀ ਕਾਮਨਾ ਪੂਰੀ ਹੋਈ। ਉਸ ਨੇ ਹੱਥੀਂ ਸੂਤ ਕੱਤ ਕੇ ਗੁਰੂ ਜੀ ਵਾਸਤੇ ਇਕ ਕੀਮਤੀ ਪੁਸ਼ਾਕ ਬਣਾ ਰੱਖੀ ਸੀ, ਉਹ ਭੇਟ ਕੀਤੀ। ਗੁਰੂ ਜੀ ਨੇ ਪੁਸ਼ਾਕ ਧਾਰਨ ਕੀਤੀ ਅਤੇ ਭਾਈ ਬੁਲਾਕੀ ਦਾਸ ਨੂੰ ਧਰਮਸਾਲ ਬਣਾ ਕੇ ਗੁਰਮਤਿ ਪ੍ਰਚਾਰ ਦਾ ਆਦੇਸ਼ ਕੀਤਾ। ਢਾਕੇ ਦਾ ਇਹ ਮਸੰਦ ਲੰਮੀ ਉਮਰ ਤਕ ਗੁਰਮਤਿ ਪ੍ਰਚਾਰ ਕਰਦਾ ਰਿਹਾ।

ਬੱਠਾ, ਭਾਈ : ਗੁਰੂ ਤੇਗ ਬਹਾਦਰ ਜੀ ਦੇ ਸਮੇਂ ਇਹ ਮੌਜੂਦਾ ਪਾਕਿਸਤਾਨ ਵਿਖੇ ਬਾਬਾ ਫ਼ਰੀਦ ਜੀ ਨਾਲ ਸੰਬੰਧਿਤ ਪ੍ਰਸਿੱਧ ਨਗਰ ਪਾਕਪਟਨ ਦਾ ਮਸੰਦ ਸੀ। ਪਾਕਪਟਨ ਦੀ ਸੰਗਤ ਦੇ ਨਾਂ ਲਿਖੇ ਹੁਕਮਨਾਮਿਆਂ ਅਤੇ *ਮਹਿਮਾ ਪ੍ਰਕਾਸ਼* ਵਿਚ ਇਸ ਦਾ ਨਾਂ ਆਉਂਦਾ ਹੈ।

ਮਤੀ ਦਾਸ ਜੀ, ਭਾਈ : ਭਾਈ ਮਤੀ ਦਾਸ ਜੀ ਉਹਨਾਂ ਤਿੰਨ ਸਿੱਖਾਂ ਵਿਚ ਸ਼ਾਮਲ ਸਨ ਜਿਨ੍ਹਾਂ ਨੂੰ ਗੁਰੂ ਤੇਗ ਬਹਾਦਰ ਜੀ ਦੇ ਨਾਲ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ ਸੀ। ਇਹ ਪਰਿਵਾਰ ਲੰਮੇ ਸਮੇਂ ਤੋਂ ਗੁਰੂ-ਘਰ ਦੀ ਸੇਵਾ ਵਿਚ ਹਾਜ਼ਰ ਸੀ। ਇਹਨਾਂ ਦਾ ਪਿਛੋਕੜ ਮੌਜੂਦਾ ਪਾਕਿਸਤਾਨ ਦੇ ਜੇਹਲਮ ਜ਼ਿਲੇ ਵਿਚ ਪੈਂਦੇ ਪਿੰਡ ਕੜਿਆਲਾ ਨਾਲ ਜੁੜਦਾ ਹੈ। ਇੱਥੇ ਵੱਸਦੇ ਛਿੱਬਰ ਬ੍ਰਾਹਮਣ ਘਰਾਣੇ ਦੇ ਇਕ ਬਜ਼ੁਰਗ ਗੌਤਮ ਨੇ ਸਭ ਤੋਂ ਪਹਿਲਾਂ ਸਿੱਖੀ ਧਾਰਨ ਕੀਤੀ ਸੀ ਫਿਰ ਇਸ ਪਰਿਵਾਰ ਨੇ ਗੁਰੂ ਸਾਹਿਬਾਨ ਦੇ ਹਰ ਕਾਰਜ ਵਿਚ ਸਮਰਪਿਤ ਭਾਵਨਾ ਨਾਲ ਯੋਗਦਾਨ ਪਾਇਆ। ਗੌਤਮ ਦਾ ਪੁੱਤਰ ਭਾਈ ਪ੍ਰਾਗਾ ਇਕ ਸੂਰਬੀਰ ਯੋਧਾ ਸੀ ਜਿਸ ਨੇ ਗੁਰ ਹਰਿਗੋਬਿੰਦ ਸਾਹਿਬ ਦੇ ਸਮੇਂ ਰੁਹੀਲੇ ਦੇ ਯੁੱਧ ਵਿਚ ਦੁਸ਼ਮਣਾਂ ਨਾਲ ਲੜਦੇ ਹੋਏ ਇਕ ਸੂਰਬੀਰ ਯੋਧੇ ਵਜੋਂ ਸ਼ਹੀਦੀ ਪ੍ਰਾਪਤ ਕੀਤੀ ਸੀ। ਭਾਈ ਪ੍ਰਾਗੇ ਦਾ ਪੋਤਰਾ ਦਰਗਾਹ ਮੱਲ ਗੁਰੂ ਹਰਿਕ੍ਰਿਸ਼ਨ ਜੀ ਦੀ ਸੇਵਾ ਵਿਚ ਦਿੱਲੀ ਵਿਖੇ ਮੌਜੂਦ ਸੀ। ਗੁਰੂ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਇਸੇ ਨੂੰ ਗੁਰਿਆਈ ਦੀ ਸਮੱਗਰੀ ਲਿਆਉਣ ਲਈ ਕਿਹਾ ਸੀ। ਭਾਈ ਦਰਗਾਹ ਮੱਲ ਉਹਨਾਂ ਸਿੱਖਾਂ ਵਿਚ ਸ਼ਾਮਲ ਸੀ ਜਿਹੜੇ ਗੁਰੂ ਜੀ ਦੇ ਅੰਤਿਮ ਸੰਸਕਾਰ ਉਪਰੰਤ ਗੁਰਿਆਈ ਦੀ ਸਮੱਗਰੀ ਬਾਬਾ ਬਕਾਲਾ ਲੈ ਕੇ ਆਏ ਸਨ। ਗੁਰੂ ਘਰ ਵਿਚ ਇਸ ਨੂੰ ਦੀਵਾਨ ਦੀ ਪਦਵੀ ਪ੍ਰਾਪਤ ਸੀ। ਗੁਰੂ ਤੇਗ ਬਹਾਦਰ ਜੀ ਦੇ ਸਮੇਂ ਇਸ ਨੇ ਆਪਣੀ ਵਡੇਰੀ ਉਮਰ ਦਾ ਵਾਸਤਾ ਪਾ ਕੇ ਦੀਵਾਨ ਦੀ ਪਦਵੀ ਆਪਣੇ ਪੁੱਤਰ ਦੀ ਥਾਂ ਆਪਣੇ ਭਤੀਜੇ, ਭਾਈ ਹੀਰਾਮੱਲ ਦੇ ਪੁੱਤਰ, ਭਾਈ ਮਤੀ ਦਾਸ ਨੂੰ ਦੇਣ ਦੀ ਬੇਨਤੀ ਕਰਦੇ ਹੋਏ ਕਿਹਾ:

> **ਸਤੀ ਦਾਸ ਮਤੀ ਦਾਸ ਏਹ ਦੋਨੋ ਭਾਈ।**
> **ਗੁਰ ਕੇ ਘਰ ਦੀ ਕੰਮੁ ਟਹਿਲ ਏਨਾਂ ਸਭ ਉਠਾਈ।**
> **ਦਰਗਹਿ ਮੱਲ ਦਾ ਬੇਟਾ ਧਰਮਚੰਦ ਕਹਾਈ।**
> **ਸੋ ਆਹਾ ਨਿਕੜਾ ਕੰਮੁ ਗੁਰੂ ਕਾ ਭਾਰਾ,**
> **ਉਠਾਇਆ ਨਾ ਜਾਈ॥**[1]

ਭਾਈ ਮਤੀ ਦਾਸ ਨੂੰ ਗੁਰੂ ਤੇਗ ਬਹਾਦਰ ਜੀ ਦਾ ਦੀਵਾਨ ਨਿਯੁਕਤ ਕੀਤਾ ਗਿਆ। ਇਸ ਦੀ ਸਿੱਖੀ ਦ੍ਰਿੜ੍ਹਤਾ ਅਤੇ ਕਾਰਜ ਕੁਸ਼ਲਤਾ ਸੰਬੰਧੀ *ਮਹਿਮਾ ਪ੍ਰਕਾਸ਼* ਦਾ ਕਰਤਾ ਲਿਖਦਾ ਹੈ:

> **ਮਤੀ ਦਾਸ ਗੁਰ ਕੇ ਦੀਵਾਨ। ਸਿਖੀ ਮੋ ਪੂਰਨ ਪ੍ਰਮਾਨ।**[2]

ਭਾਈ ਮਤੀ ਦਾਸ ਜੀ ਨੇ ਆਪਣਾ ਸਾਰਾ ਜੀਵਨ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਵਿਚ ਬਸਰ ਕੀਤਾ ਅਤੇ ਅਖ਼ੀਰ ਦਿੱਲੀ ਵਿਖੇ ਇਹਨਾਂ ਨੇ ਗੁਰੂ ਜੀ ਤੋਂ ਪਹਿਲਾਂ ਆਪਣੀ ਸ਼ਹਾਦਤ ਦੇ ਦਿੱਤੀ। ਇਹਨਾਂ ਨੂੰ ਆਰੇ ਨਾਲ ਚੀਰ ਕੇ

---

1. ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਸੰਪਾ. ਪਿਆਰਾ ਸਿੰਘ ਪਦਮ, ਚਰਣ ਨੌਵਾਂ, ਬੰਦ 35.
2. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਭਾਗ-ਦੂਜਾ, ਖੰਡ-2, ਸਾਖੀਆਂ ਪਾਤਸ਼ਾਹੀ ਨੌਵੀਂ, ਸਾਖੀ 6.7, ਪੰਨਾ 649.

ਸ਼ਹੀਦ ਕੀਤਾ ਗਿਆ ਜਿਸ ਦਾ ਵਰਨਨ ਲਗ-ਪਗ ਸਮੂਹ ਸਿੱਖ ਸਰੋਤਾਂ ਵਿਚ ਦੇਖਣ ਨੂੰ ਮਿਲਦਾ ਹੈ। *ਮਹਿਮਾ ਪ੍ਰਕਾਸ਼* ਦਾ ਕਰਤਾ ਭਾਈ ਮਤੀ ਦਾਸ ਜੀ ਦੀ ਸ਼ਹੀਦੀ ਦਾ ਵਰਨਨ ਕਰਦਾ ਹੋਇਆ ਕਹਿੰਦਾ ਹੈ:

> **ਤਬ ਮਤੀ ਦਾਸ ਕੋ ਲੀਆ ਬੁਲਾਇ। ਦੋ ਤਖਤੇ ਮੋ ਦੀਆ ਬੰਧਾਇ।**
> **ਜਲਾਦਨ ਕੋ ਹੁਕਮੁ ਕਰਵਾਇਆ। ਆਰੇ ਸੋ ਤਿਸੁ ਤਨ ਚੀਰਾਇਆ।**[1]

ਗੁਰੂ ਤੇਗ ਬਹਾਦਰ ਜੀ ਦੀ ਸੰਗਤ, ਸੇਵਾ ਅਤੇ ਸੰਦੇਸ਼ ਨੂੰ ਗ੍ਰਹਿਣ ਕਰ ਕੇ ਭਾਈ ਮਤੀ ਦਾਸ ਜੀ ਉੱਚ ਅਧਿਆਤਮਿਕ ਅਵਸਥਾ ਦੇ ਧਾਰਨੀ ਹੋ ਗਏ ਸਨ ਜਿਸ ਨੇ ਇਹਨਾਂ ਨੂੰ ਜਨਮ ਅਤੇ ਮਰਨ ਦੇ ਭੈਅ ਤੋਂ ਮੁਕਤ ਕਰ ਕੇ ਕੇਵਲ ਗੁਰੂ ਚਰਨਾਂ ਨਾਲ ਜੋੜ ਦਿੱਤਾ ਸੀ।

ਮੀਹਾਂ, ਭਾਈ : ਭਾਈ ਮੀਹਾਂ ਦਾ ਅਸਲ ਨਾਂ ਰਾਮਦੇਵ ਸੀ। ਇਸ ਨੂੰ ਭਾਈ ਮੀਹਾਂ ਦੀ ਉਪਾਧੀ ਗੁਰੂ ਤੇਗ ਬਹਾਦਰ ਜੀ ਨੇ ਪ੍ਰਦਾਨ ਕੀਤੀ ਸੀ। ਇਸ ਤੋਂ ਉਦਾਸੀਆਂ ਦੀ 'ਮੀਹਾਂਸਾਹਿਬੀ ਸੰਪਰਦਾਇ' ਅਰੰਭ ਹੋਈ ਸੀ। ਇਸ ਦੇ ਪਿਤਾ ਭਾਈ ਨੰਦ ਲਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ ਜਿਨ੍ਹਾਂ ਨੇ ਆਪਣੇ ਪੁੱਤਰ ਰਾਮਦੇਵ ਨੂੰ ਗੁਰੂ-ਘਰ ਦੀ ਸੇਵਾ ਵਿਚ ਲਾਇਆ। ਗੁਰੂ-ਘਰ ਵਿਖੇ ਇਹ ਜਲ ਦੀ ਸੇਵਾ ਕਰਦਾ ਸੀ। ਜਦੋਂ ਗੁਰੂ ਸਾਹਿਬ ਪ੍ਰਚਾਰ-ਯਾਤਰਾ ਕਰਨ ਜਾਂਦੇ ਤਾਂ ਇਹ ਅੱਗੇ-ਅੱਗੇ ਜਲ ਛਿੜਕਣ ਦੀ ਸੇਵਾ ਕਰਦਾ ਸੀ ਤਾਂ ਕਿ ਮਿੱਟੀ ਨਾ ਉਡੇ। ਇਸ ਦੇ ਨਾਲ ਹੀ ਇਹ ਲੰਗਰ ਲਈ ਜਲ ਲਿਆਉਣਾ, ਸੰਗਤ ਅਤੇ ਘੋੜਿਆਂ ਨੂੰ ਜਲ ਛਕਾਉਣਾ ਵੀ ਸੇਵਾ ਨਿਰੰਤਰ ਕਰਦਾ ਰਿਹਾ। ਨੌਵੇਂ ਗੁਰੂ ਤੇਗ ਬਹਾਦਰ ਜੀ ਪੂਰਬ ਦੀ ਉਦਾਸੀ ਦੌਰਾਨ ਜਦੋਂ ਧਮਧਾਨ ਪਹੁੰਚੇ ਤਾਂ ਇਸ ਦੇ ਜਲ ਦੀ ਸੇਵਾ ਤੋਂ ਖ਼ੁਸ਼ ਹੋ ਕੇ ਇਸ ਨੂੰ "ਮੀਹੇਂ" ਭਾਵ ਮੀਂਹ ਪਾਉਣ ਵਾਲੇ ਦੀ ਉਪਾਧੀ ਬਖ਼ਸ਼ਸ਼ ਕੀਤੀ। ਸਿੱਖੀ ਦੇ ਪ੍ਰਚਾਰ ਦਾ ਆਦੇਸ਼ ਕਰਦੇ ਹੋਏ ਗੁਰੂ ਜੀ ਨੇ ਇਸ ਨੂੰ ਕੁੱਝ ਬਖ਼ਸ਼ਿਸ਼ਾਂ ਪ੍ਰਦਾਨ ਕੀਤੀਆਂ:

> **ਇਕ ਦਖਨੀ ਬੈਲ ਗੁਰ ਕੇ ਰਹੇ ਸੇਵਕ ਬਡਾ ਪੁਰਾਨ।**
> **ਤਿਸ ਦੀਆ ਨਗਾਰਾ ਨਾਮ ਕਾ ਝੰਡਾ ਗੁਰ ਸਬਦ ਪ੍ਰਮਾਨ।**[2]

ਗੁਰੂ ਜੀ ਤੋਂ ਬਖ਼ਸ਼ਸ਼ ਹੋਏ ਬਲਦ, ਨਗਾਰਾ, ਨਿਸ਼ਾਨ (ਝੰਡਾ) ਆਦਿ ਲੈ ਕੇ ਇਹ ਸਿੱਖੀ ਪ੍ਰਚਾਰ ਲਈ ਦੇਸ਼ ਰਟਨ ਲਈ ਚੱਲ ਪਏ। ਲਖਮੀਰ ਨਾਂ ਦਾ ਇਕ ਸਿੱਖ ਇਸ ਦੇ ਨਾਲ ਸੀ। ਇਹ ਜਿੱਥੇ ਵੀ ਜਾਂਦੇ ਗੁਰੂ ਜੀ ਦੁਆਰਾ ਬਖ਼ਸ਼ਿਸ਼ ਕੀਤਾ ਨਿਸ਼ਾਨ ਸਾਹਿਬ ਲਗਾ ਦਿੰਦੇ, ਲੰਗਰ ਅਤੇ ਪਾਣੀ ਦੀ ਸੇਵਾ ਅਰੰਭ ਕਰ ਦਿੰਦੇ। ਸੰਗਤ ਇਹਨਾਂ ਦੇ ਲੰਗਰ ਵਿਚ ਸੇਵਾ ਕਰਦੀ ਅਤੇ ਯਾਤਰੂਆਂ ਦੇ ਛਕਣ ਲਈ ਪ੍ਰਸ਼ਾਦਾ-ਪਾਣੀ ਹਮੇਸ਼ਾਂ ਤਿਆਰ ਰਹਿੰਦਾ।

ਗੁਰੂ ਤੇਗ ਬਹਾਦਰ ਜੀ ਤੋਂ ਬਾਅਦ ਇਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਵੀ ਦਰਸ਼ਨ ਕੀਤੇ ਅਤੇ ਗੁਰ-ਆਦੇਸ਼ ਅਨੁਸਾਰ ਸੰਗਤ ਦੀ ਸੇਵਾ ਅਤੇ ਗੁਰਮਤਿ ਪ੍ਰਚਾਰ ਵਿਚ ਲੱਗੇ ਰਹੇ। ਕਈ ਥਾਈਂ ਇਹਨਾਂ ਦੇ ਡੇਰੇ ਹਾਲੇ ਵੀ ਕਾਰਜਸ਼ੀਲ ਹਨ।

---

1. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਭਾਗ-ਦੂਜਾ, ਖੰਡ-2, ਸਾਖੀਆਂ ਪਾਤਸ਼ਾਹੀ ਨੌਵੀਂ, ਸਾਖੀ 6.24, ਪੰਨਾ 652.
2. *ਉਹੀ,* ਸਾਖੀ 4.33, ਪੰਨਾ 641; ਭਾਈ ਸੰਤੋਖ ਸਿੰਘ ਜੀ ਕਹਿੰਦੇ ਹਨ:

> ਦਖਨੀ ਬੈਲ ਹੁਤੋ ਡੇਰੇ। ਸੁੰਦਰ ਤਨ ਪਰਮਾਨ ਬਡੇਰੇ।
> ਮੇਹੇ ਕੋ ਸੋ ਬਖਸ਼ਿਸ਼ ਕੀਨਿ। ਦੀਰਘ ਏਕ ਦਮਾਮੋ ਦੀਨਿ।
> ਇਕ ਝੰਡਾ ਭਗਵੇ ਬਨਿਵਾਯੋ। ਮੇਹਾਂ ਭਾ ਮਹੰਤ ਹਰਖਾਯੋ।
> ਹਤੇ ਕਸ਼ਟ ਲੇ ਦਾਨ ਮਹਾਨਾ। ਸਤਿਗੁਰ ਪਾਰਬ੍ਰਹਮ ਕਰਿ ਜਾਨਾ।
>
> *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 11, ਅੰਸੂ 42.42-43.

ਮੱਖਣ ਸ਼ਾਹ ਲੁਬਾਣਾ, ਭਾਈ : ਭਾਈ ਮੱਖਣ ਸ਼ਾਹ ਲੁਬਾਣਾ ਗੁਰੂ ਤੇਗ ਬਹਾਦਰ ਜੀ ਦਾ ਇਕ ਸਿਰੜੀ ਸਿੱਖ ਸੀ। ਗੁਰੂ ਜੀ 'ਤੇ ਅਟੁੱਟ ਸ਼ਰਧਾ ਅਤੇ ਵਿਸ਼ਵਾਸ ਰੱਖ ਕੇ ਜੀਵਨ ਬਸਰ ਕਰਨ ਵਾਲਾ ਇਹ ਇਕ ਧਨੀ ਵਪਾਰੀ ਸੀ। ਗੁਰੂ ਸਾਹਿਬਾਨ ਪ੍ਰਤੀ ਇਸ ਦੀ ਸ਼ਰਧਾ ਅਤੇ ਨੇੜਤਾ ਦਾ ਪ੍ਰਗਟਾਵਾ ਕਈ ਸਿੱਖ ਸਰੋਤਾਂ ਵਿਚੋਂ ਸਾਹਮਣੇ ਆਉਂਦਾ ਹੈ। ਬਚਪਨ ਤੋਂ ਗੁਰੂ-ਸੇਵਾ ਕਰਨ ਦੀ ਗੁੜ੍ਹਤੀ ਪ੍ਰਾਪਤ ਹੋਈ ਅਤੇ ਜਦੋਂ ਵੀ ਕੋਈ ਗੁਰੂ ਸਾਹਿਬਾਨ ਕਸ਼ਮੀਰ ਦੀ ਪ੍ਰਚਾਰ-ਯਾਤਰਾ ਕਰਦੇ ਤਾਂ ਇਹ ਉਹਨਾਂ ਦੀ ਸੇਵਾ ਵਿਚ ਹਾਜ਼ਰ ਹੋ ਜਾਂਦਾ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਬਾਦਸ਼ਾਹ ਜਹਾਂਗੀਰ ਨਾਲ ਕਸ਼ਮੀਰ ਦੀ ਪ੍ਰਚਾਰ-ਯਾਤਰਾ 'ਤੇ ਗਏ ਤਾਂ ਇਸ ਨੇ ਪੂਰਨ ਸ਼ਰਧਾ ਅਤੇ ਸਤਿਕਾਰ ਸਹਿਤ ਉਹਨਾਂ ਦੀ ਸੇਵਾ ਕੀਤੀ। ਇਕ ਉੱਘੇ ਸੇਵਕ ਵਜੋਂ ਇਹ ਉਹਨਾਂ ਦੀ ਕਿਰਪਾ ਦ੍ਰਿਸ਼ਟੀ ਦਾ ਪਾਤਰ ਬਣ ਗਿਆ ਜਿਸ ਦਾ ਵਰਨਨ ਸਰੂਪ ਦਾਸ ਭੱਲਾ ਦੀ ਰਚਨਾ *ਮਹਿਮਾ ਪ੍ਰਕਾਸ਼* ਵਿਚੋਂ ਇਸ ਤਰ੍ਹਾਂ ਹੁੰਦਾ ਹੈ:

ਕਸ਼ਮੀਰ ਨਿਕਟ ਸਤਿਗੁਰ ਜਬ ਗਏ। ਸਿਖ ਦੇਸ ਕੇ ਆਵਤ ਭਏ।
ਜਨਮ ਜਨਮ ਕੀ ਆਸ ਪੁਜਾਵੈ। ਗੁਰ-ਦਰਸ਼ਨ ਦੇਖਿ ਨੇਤ੍ਰ ਫਲ ਪਾਵੈ।
ਗੁਰ ਕਾ ਸਿਖ ਮਖਣ ਲਬਾਣਾ। ਅਤਿ ਪ੍ਰੇਮੀ ਸਤਿਗੁਰੁ ਮਨਿ ਭਾਣਾ।
ਗੁਰ-ਮੂਰਤਿ ਹਿਰਦੈ ਸਦ ਰਾਖੈ। ਗੁਰ-ਬਾਣੀ ਨਿਸਿ ਦਿਨ ਮੁਖ ਭਾਖੈ।[1]

ਉਕਤ ਕਥਨ ਵਿਚ ਵਿਸ਼ਵਾਸ ਰੱਖਣ ਵਾਲੇ ਮੰਨਦੇ ਹਨ ਕਿ ਮੱਖਣ ਸ਼ਾਹ ਜੰਮੂ ਕਸ਼ਮੀਰ ਵਿਚ ਪੈਂਦੇ ਮੁਜ਼ਫ਼ਰਾਬਾਦ ਜ਼ਿਲੇ ਦੇ ਟਾਂਡਾ ਪਿੰਡ ਦਾ ਵਸਨੀਕ ਸੀ। ਭੱਟ ਵਹੀਆਂ ਤੋਂ ਪਤਾ ਲੱਗਦਾ ਹੈ ਕਿ ਸੰਮਤ 1646 (1589 ਈਸਵੀ) ਵਿਚ ਨਾਇਕ ਭਾਈ ਦਾਸੇ (ਦਾਸਾ, ਦੇਸੂ) ਸ਼ਾਹ ਦੇ ਘਰ ਇਸ ਦਾ ਜਨਮ ਹੋਇਆ, ਸੋਲਜਾਈ ਇਸ ਦੀ ਪਤਨੀ ਸੀ ਅਤੇ ਲਾਲ ਚੰਦ ਅਤੇ ਚੰਦੂ ਲਾਲ ਇਸ ਦੇ ਪੁੱਤਰ ਸਨ। ਟਾਂਡੇ ਦਾ ਮੁਖੀ ਹੋਣ ਕਰ ਕੇ ਇਸ ਦੇ ਪਿਤਾ ਨੂੰ ਨਾਇਕ ਵੀ ਕਿਹਾ ਜਾਂਦਾ ਸੀ। ਨਾਇਕ ਦਾ ਭਾਵ ਹੈ ਆਗੂ, ਜਿਸ ਦੀ ਅਗਵਾਈ ਵਿਚ ਸਮੁਚਾ ਵਹੀਰ ਚੱਲਦਾ ਅਤੇ ਕਾਰਜ ਕਰਦਾ ਸੀ। ਟਾਂਡੇ ਦੀ ਸੁਰੱਖਿਆ, ਪਸ਼ੂਆਂ ਦੇ ਚਾਰੇ, ਨਾਲ ਚੱਲਣ ਵਾਲੇ ਬੰਦਿਆਂ ਅਤੇ ਇਸਤਰੀਆਂ ਦੀਆਂ ਲੋੜਾਂ ਦੀ ਪੂਰਤੀ ਅਤੇ ਹੋਰ ਪ੍ਰਬੰਧਕੀ ਕੰਮਾਂ ਨੂੰ ਸੁਚਾਰੂ ਰੂਪ ਵਿਚ ਚਲਾਉਣਾ ਇਸ ਦੀ ਜ਼ਿੰਮੇਵਾਰੀ ਹੁੰਦੀ ਸੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਬਾਅਦ ਇਸ ਨੂੰ ਗੁਰੂ ਹਰਿਰਾਇ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। 1660 ਵਿਚ ਜਦੋਂ ਗੁਰੂ ਹਰਿਰਾਇ ਜੀ ਕਸ਼ਮੀਰ ਦੀ ਪ੍ਰਚਾਰ-ਯਾਤਰਾ 'ਤੇ ਗਏ ਤਾਂ ਮੱਖਣ ਸ਼ਾਹ ਨੂੰ ਇਹਨਾਂ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਜਿਸ ਦਾ ਵਰਨਨ ਕਰਦੇ ਹੋਏ *ਗੁਰੂ ਕੀਆਂ ਸਾਖੀਆਂ* ਵਿਚ ਦੱਸਿਆ ਗਿਆ ਹੈ, "ਭਾਈ ਮੱਖਨ ਸ਼ਾਹ ਜੋ ਗੁਰੂ (ਹਰਿਰਾਇ ਜੀ) ਕਾ ਸਿੱਖ ਥਾ, ਇਸ ਕਾ ਟਾਂਡਾ ਕਸ਼ਮੀਰ ਦੇਸ ਮੇਂ ਜਾਇ ਰਹਾ ਥਾ। ਸਤਿਗੁਰੂ ਜੀ ਏਸ ਕੇ ਟਾਂਡੇ ਮੇਂ ਸ਼ਾਮਲ ਹੋਇ ਸ੍ਰੀ ਨਗਰ ਜਾਇ ਪ੍ਰਵੇਸ਼ ਕੀਆ। ਭਾਈ ਦਾਸਾ, ਭਾਈ ਆੜੂ ਰਾਮ ਆਦਿ ਸਿਖਾਂ ਕੇ ਗੈਲ ਸ੍ਰੀ ਨਗਰ ਸੇ ਚੱਲ ਕੇ ਮਟਨ ਮਾਰਤੰਡ ਤੀਰਥਾਂ ਕੀ ਯਾਤਰਾ ਕਰ ਕੇ ਭਾਈ ਮੱਖਨ ਸ਼ਾਹ ਕੀ ਨਗਰੀ ਮੋਟੇ ਟਾਂਡੇ ਮੇਂ ਜਾਇ ਬਿਰਾਜੇ। ਭਾਵੀ ਵੱਸ ਭਾਈ ਮੱਖਨ ਸ਼ਾਹ ਕਾ ਪਿਤਾ ਭਾਈ ਦਾਸਾ ਮੋਟੇ ਟਾਂਡੇ ਮੇਂ ਗੁਰਪੁਰੀ ਪਧਾਰ ਗਿਆ ਸੀ। ਭਾਈ ਮੱਖਨ ਸ਼ਾਹ ਸੇ ਵਿਦਾਇਗੀ ਲੈ ਕੇ ਸਨੇਂ ਸਨੇਂ ਕਸ਼ਮੀਰ ਦੇਸ ਦਾ ਦਉਰਾ ਕਰਤੇ ਹੂਏ ਵਾਪਸੀ ਅਖਨੂੰਰ ਆਦਿ ਨਗਰਾਂ ਥੀ ਹੋਤੇ ਹੂਏ ਸ੍ਰੀ ਰਾਮ ਜੀ ਕੇ ਅਨਿੰਨ ਭਗਤ ਸ੍ਰੀ ਜਾਮਾਵੰਤੀ ਕੀ ਨਗਰੀ ਜੰਮੂ ਵਿਖੇ ਆਇ ਪ੍ਰਵੇਸ਼ ਕੀਆ।"[2]

1. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਭਾਗ-ਦੂਜਾ, ਖੰਡ-2, ਸਾਖੀਆਂ ਪਾਤਸ਼ਾਹੀ ਛੇਵੀਂ, ਸਾਖੀ 6.23-24, ਪੰਨੇ 425-26.
2. ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸੰਪਾ. ਪਿਆਰਾ ਸਿੰਘ ਪਦਮ, ਸਾਖੀ 6, ਪੰਨੇ 44-45.

ਮੱਖਣ ਸ਼ਾਹ ਲੁਬਾਣਾ ਸਿੱਖ ਇਤਿਹਾਸ ਵਿਚ ਉਸ ਸਮੇਂ ਪ੍ਰਸਿੱਧੀ ਪ੍ਰਾਪਤ ਕਰ ਗਿਆ ਜਦੋਂ ਬਾਬਾ ਬਕਾਲਾ ਵਿਖੇ ਇਸ ਨੇ ਗੁਰੂ ਤੇਗ ਬਹਾਦਰ ਜੀ ਨੂੰ ਸੰਗਤ ਦੇ ਸਨਮੁਖ ਪ੍ਰਗਟ ਕਰ ਕੇ ਅਖੌਤੀ ਬਣੇ ਬੈਠੇ ਗੁਰੂਆਂ ਦਾ ਪਾਜ ਉਘਾੜ ਦਿੱਤਾ। ਇਸ ਘਟਨਾ ਵਿਚੋਂ ਭਾਈ ਮੱਖਣ ਸ਼ਾਹ ਦੀ ਗੁਰੂ ਪ੍ਰਤੀ ਸ਼ਰਧਾ ਅਤੇ ਦ੍ਰਿੜ੍ਹਤਾ ਦਾ ਪ੍ਰਗਟਾਵਾ ਹੁੰਦਾ ਹੈ। ਗੁਰੂ ਸਿੱਖ ਦੀ ਸੱਚੇ ਮਨ ਨਾਲ ਕੀਤੀ ਗਈ ਅਰਦਾਸ ਨੂੰ ਸੁਣਦਾ ਹੈ ਅਤੇ ਉਸ ਦੇ ਹਰ ਇਕ ਦੁੱਖ ਨੂੰ ਦੂਰ ਕਰਨ ਵਿਚ ਸਹਾਇਤਾ ਕਰਦਾ ਹੈ। ਮੱਖਣ ਸ਼ਾਹ ਆਪਣੇ ਸਮੇਂ ਦਾ ਇਕ ਵੱਡਾ ਵਪਾਰੀ ਹੈ ਪਰ ਉਸ ਦੇ ਮਨ ਵਿਚ ਗੁਰੂ ਪ੍ਰਤੀ ਪ੍ਰੇਮ ਸੀ ਜਿਹੜਾ ਕਿ ਮਨ ਵਿਚੋਂ ਹਉਮੈਂ ਦੀ ਭਾਵਨਾ ਨੂੰ ਦੂਰ ਕਰ ਕੇ ਨਿਮਰਤਾ ਦਾ ਸੰਚਾਰ ਕਰ ਦਿੰਦਾ ਹੈ। ਆਪਣੇ ਕਾਰੋਬਾਰ ਦੇ ਸਿਲਸਿਲੇ ਵਿਚ ਕਿਤੇ ਵੀ ਰਹਿੰਦਾ ਹੋਇਆ ਭਾਈ ਮੱਖਣ ਸ਼ਾਹ ਗੁਰੂ ਜੀ ਨੂੰ ਵਿਸਾਰਦਾ ਨਹੀਂ। ਇਸੇ ਕਰ ਕੇ ਜਦੋਂ ਸਮਾਨ ਨਾਲ ਲੱਦਿਆ ਹੋਇਆ ਜਹਾਜ਼ ਡੁੱਬਣ ਲੱਗਦਾ ਹੈ ਤਾਂ ਗੁਰੂ ਤੋਂ ਬਿਨਾਂ ਹੋਰ ਕੋਈ ਆਸਰਾ ਨਹੀਂ ਤੱਕਦਾ। ਗੁਰੂ ਜੀ ਦੀ ਕਿਰਪਾ ਸਦਕਾ ਜਦੋਂ ਬੱਚ ਜਾਂਦਾ ਹੈ ਤਾਂ ਸੰਕਟ ਦੇ ਸਮੇਂ ਸੁੱਖੀ ਹੋਈ ਭੇਟਾ ਲੈ ਕੇ ਗੁਰੂ-ਘਰ ਆਉਂਦਾ ਹੈ ਤਾਂ ਕਿ ਉਹਨਾਂ ਦਾ ਸ਼ੁਕਰਾਨਾ ਕੀਤਾ ਜਾ ਸਕੇ।

ਸੁੱਖਣਾ ਦੀ ਰਕਮ ਲੈ ਕੇ ਜਦੋਂ ਭਾਈ ਮੱਖਣ ਸ਼ਾਹ ਬਾਬਾ ਬਕਾਲਾ ਪੁੱਜਿਆ ਤਾਂ ਦੇਖਦਾ ਹੈ ਕਿ ਉੱਥੇ ਕਈ ਗੁਰੂ ਡੇਰੇ ਲਾਈ ਬੈਠੇ ਸਨ, ਜਿਨ੍ਹਾਂ ਦੀ ਗਿਣਤੀ 22 ਦੱਸੀ ਜਾਂਦੀ ਹੈ। ਇਹਨਾਂ ਵਿਚੋਂ ਸਭ ਤੋਂ ਵੱਡਾ ਡੇਰਾ ਧੀਰ ਮੱਲ ਦਾ ਸੀ ਜਿਸ ਤੋਂ ਵਿਦਾ ਹੋ ਕੇ ਇਸ ਨੇ ਸਮੂਹ ਡੇਰਿਆਂ ਦੇ ਦਰਸ਼ਨ ਕੀਤੇ ਪਰ ਇਸ ਨੂੰ ਕਿਤੇ ਵੀ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਹੋਈ। ਮਨ ਵਿਚ ਬੇਚੈਨੀ ਇਸ ਗੱਲ ਦੀ ਹੈ ਕਿ ਸੱਚੇ ਗੁਰੂ ਦੇ ਦਰਸ਼ਨ ਨਹੀਂ ਹੋ ਰਹੇ। ਸਤਿਗੁਰੂ ਤਾਂ ਜਾਣੀ ਜਾਣ ਸਨ ਪਰ ਜਿਹੜੇ ਪੰਜ-ਪੰਜ ਮੋਹਰਾਂ 'ਤੇ ਹੀ ਖ਼ੁਸ਼ਾਮਦੀ ਹੋ ਰਹੇ ਸਨ, ਉਹ ਇਲਾਹੀ ਨੂਰ ਤੋਂ ਸੱਖਣੇ ਸਨ। ਅਖ਼ੀਰ ਭਾਈ ਮੱਖਣ ਸ਼ਾਹ ਦੇ ਮਨ ਦੀ ਮੁਰਾਦ ਪੂਰੀ ਹੋਈ ਅਤੇ ਉੱਥੇ ਹੀ ਇਕ ਕਮਰੇ ਵਿਚ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰਦਿਆਂ ਹੀ ਮਨ ਵਿਚ ਪ੍ਰੇਮ ਅਤੇ ਸ਼ਾਂਤੀ ਦਾ ਸੰਚਾਰ ਹੋ ਗਿਆ। ਮੋਹਰਾਂ ਭੇਟ ਕਰਨ ਲਈ ਮਨ ਉਛਲ ਰਿਹਾ ਸੀ ਪਰ ਕੋਈ ਉਸ ਦੇ ਦਿਲ ਦੀ ਗਹਿਰਾਈ ਨਹੀਂ ਜਾਣ ਰਿਹਾ ਸੀ। ਗੁਰੂ ਤੇਗ ਬਹਾਦਰ ਜੀ ਨੇ ਜਦੋਂ ਸੁੱਖਣਾ ਦੀਆਂ ਮੋਹਰਾਂ ਮੰਗੀਆਂ ਤਾਂ ਸਾਰੀ ਭਟਕਣ ਮੁੱਕ ਗਈ। ਜਿਹੜਾ ਪਹਿਲਾਂ ਹੀ ਸਭ ਕੁੱਝ ਗੁਰੂ ਨੂੰ ਅਰਪਣ ਕਰੀ ਬੈਠਾ ਸੀ, 500 ਮੋਹਰਾਂ ਕੀ ਵੱਡੀ ਚੀਜ਼ ਸਨ। ਬੱਸ ਸੰਗਤ ਨੂੰ ਦੱਸਣਾ ਬਾਕੀ ਸੀ ਕਿ ਸੱਚਾ ਗੁਰੂ ਲੱਭ ਗਿਆ ਹੈ:

ਆਵੋ ਗੁਰਸਿਖ ਮੈ ਸਤਿਗੁਰ ਲਾਧਾ। ਜਾ ਕੀ ਮਹਿਮਾ ਅਗਮ ਅਗਾਧਾ।
ਯਹ ਬ੍ਰਿਤੰਤ ਸੁਨ ਸੰਗਤ ਪਾਇਆ। ਸੁਨਿ ਸੁਨਿ ਸੰਬੂਹ ਦਰਸਨ ਕੋ ਧਾਇਆ।[1]

'ਸੱਚਾ ਗੁਰੂ ਲਾਧੋ ਰੇ' ਦੇ ਹੋਕੇ ਨੇ ਮੱਖਣ ਸ਼ਾਹ ਨੂੰ ਸਿੱਖ ਇਤਿਹਾਸ ਦੇ ਵਰਕੇ 'ਤੇ ਸਦੀਵੀ ਤੌਰ 'ਤੇ ਸਥਾਪਿਤ ਕਰ ਦਿੱਤਾ ਪਰ ਨਾਲ ਹੀ ਉਸ ਦੀ ਇਸ ਅਵਾਜ਼ ਨੇ ਧੀਰ ਮੱਲ ਨੂੰ ਸਭ ਤੋਂ ਵਧੇਰੇ ਬੇਚੈਨ ਕਰ ਦਿੱਤਾ ਸੀ। ਗੁਰੂ ਤੇਗ ਬਹਾਦਰ ਜੀ ਦਾ ਇਹ ਭਤੀਜਾ ਲੱਗਦਾ ਸੀ ਜਿਸ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਕੋਲ ਹੋਣ ਕਰਕੇ ਆਪਣੇ ਆਪ ਨੂੰ ਗੁਰੂ ਸਮਝਣਾ ਸ਼ੁਰੂ ਕਰ ਦਿੱਤਾ ਸੀ ਪਰ ਜਦੋਂ ਸੱਚਾਈ ਸਾਹਮਣੇ ਆਈ ਤਾਂ ਭੜਕਾਹਟ ਵਿਚ ਆ ਕੇ ਇਸ ਦੇ ਮਸੰਦ ਸ਼ੀਂਹੇ ਨੇ ਗੁਰੂ-ਘਰ ਵਿਚ ਲੁੱਟਮਾਰ ਸ਼ੁਰੂ ਕਰ ਦਿੱਤੀ ਅਤੇ ਇਸੇ ਘਟਨਾਕ੍ਰਮ ਦੌਰਾਨ ਗੁਰੂ ਜੀ 'ਤੇ ਗੋਲੀ ਵੀ ਚਲਾ ਦਿੱਤੀ ਪਰ ਭਾਈ ਮੱਖਣ ਸ਼ਾਹ ਅਤੇ ਸਿੱਖਾਂ ਨੇ ਉਸ ਦਾ ਢੁਕਵਾਂ ਜਵਾਬ ਦਿੱਤਾ ਸੀ। ਗੁਰੂ ਜੀ ਦੀ ਦ੍ਰਿਸ਼ਟੀ ਵਿਚ ਕਿਸੇ ਨੂੰ ਮਾਫ਼ ਕਰਨਾ ਵੱਡਾ ਗੁਣ ਸੀ ਜਿਸ ਕਰ ਕੇ ਉਹਨਾਂ ਨੇ ਧੀਰਮੱਲ ਅਤੇ ਉਸ ਦੇ ਸਾਥੀਆਂ ਨੂੰ ਛੱਡ ਦੇਣ ਦਾ ਆਦੇਸ਼ ਦੇ ਦਿੱਤਾ ਸੀ।

ਭਾਈ ਮੱਖਣ ਸ਼ਾਹ ਗੁਰੂ ਤੇਗ ਬਹਾਦਰ ਜੀ ਦੇ ਨਾਲ ਹੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਕਰਨ ਗਿਆ ਪਰ ਪੁਜਾਰੀਆਂ ਨੇ ਇਹਨਾਂ ਨੂੰ ਦੇਖ ਕੇ ਸ੍ਰੀ ਦਰਬਾਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਲਏ ਸਨ। ਭਾਈ ਮੱਖਣ ਸ਼ਾਹ ਦੁਆਰਾ ਜਬਰੀ ਦਰਵਾਜ਼ੇ ਖੋਲ੍ਹਣ ਵਾਲੀ ਭਾਵਨਾ ਨੂੰ ਗੁਰੂ ਜੀ ਨੇ ਰੋਕ ਦਿੱਤਾ ਅਤੇ ਬਾਹਰੋਂ ਦਰਸ਼ਨ ਕਰ

1. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਭਾਗ-ਦੂਜਾ, ਖੰਡ-2, ਸਾਖੀਆਂ ਪਾਤਸ਼ਾਹੀ ਨੌਵੀਂ, ਸਾਖੀ 3.21, ਪੰਨਾ 634.

ਕੇ ਹੀ ਵਾਪਸ ਆ ਗਏ ਸਨ। ਜਿਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਿੱਖਾਂ ਸਮੇਤ ਡੇਰਾ ਲਾਇਆ ਸੀ, ਉੱਥੇ *ਗੁਰਦੁਆਰਾ ਬੜ੍ਹਾ ਸਾਹਿਬ* ਸਸ਼ੋਭਿਤ ਹੈ। ਭਾਈ ਮੱਖਣ ਸ਼ਾਹ ਲੁਬਾਣਾ ਅੰਮ੍ਰਿਤਸਰ ਤੋਂ ਕੀਰਤਪੁਰ ਸਾਹਿਬ ਤੱਕ ਗੁਰੂ ਜੀ ਦੀ ਸੇਵਾ ਵਿਚ ਮੌਜੂਦ ਰਿਹਾ ਅਤੇ ਉੱਥੋਂ ਆਗਿਆ ਲੈ ਕੇ ਵਾਪਸ ਚਲਾ ਗਿਆ ਸੀ।

ਰਘੁਪਤਿ ਰਾਇ ਨਿੱਝਰ, ਭਾਈ : ਇਹ ਪੰਜਾਬ ਦੇ ਮੌਜੂਦਾ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦੇ ਖੇਮਕਰਨ ਦਾ ਚੌਧਰੀ ਸੀ। ਗੋਇੰਦਵਾਲ ਵਿਖੇ ਇਸ ਨੇ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕੀਤੇ ਅਤੇ ਇਸ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਗੁਰੂ ਜੀ ਖੇਮਕਰਨ ਵਿਖੇ ਗਏ। ਇਲਾਕੇ ਦੀ ਸੰਗਤ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਈ ਅਤੇ ਇਸ ਨੇ ਪਰਿਵਾਰ ਸਮੇਤ ਗੁਰੂ ਜੀ ਦੀ ਸੇਵਾ ਕਰਕੇ ਉਹਨਾਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ। *ਗੁਰੂ ਕੀਆਂ ਸਾਖੀਆਂ* ਵਿਚ ਇਸ ਦਾ ਵਰਨਨ ਕਰਦੇ ਹੋਏ ਦੱਸਿਆ ਗਿਆ ਹੈ, "ਭਾਈ ਰਘੁਪਤ ਰਾਇ ਨਿਝਰ ਖੇਮਕਰਨੀਆ ਅਪਨੇ ਬੇਟੇ ਮੂਲਚੰਦ ਕੇ ਸਾਥ ਅਮਾਵਸ ਕੇ ਮੇਲੇ ਤੇ ਆਇਆ ਹੋਇਆ ਸੀ। ਗੁਰੂ ਜੀ ਆਗੈ ਬਿਨੈ ਕਰ ਕੇ ਅਪਨੀ ਨਗਰੀ ਖੇਮਕਰਨ ਮੇਂ ਲੈ ਆਇਆ। ਯਹਾਂ ਗਾਉਂ ਕੀ ਸੰਗਤ ਨੇ ਗੁਰੂ ਜੀ ਕੀ ਬੜੀ ਟਹਿਲ ਕੀ, ਪੰਦਰਾਂ ਦਿਵਸ ਸਤਿਗੁਰੂ ਜੀ ਏਸ ਨਗਰੀ ਮੇਂ ਰਹੇ। ਭਾਈ ਰਘੁਪਤ ਰਾਇ ਨੇ ਏਕ ਸੁੰਦਰ ਘੋੜੀ ਗੁਰੂ ਜੀ ਕੀ ਅਸਵਾਰੀ ਕੇ ਲੀਏ ਭੇਟਾ ਕੀ।"[1]

ਰਾਮ ਸਿੰਘ, ਰਾਜਾ : ਰਾਜਾ ਰਾਮ ਸਿੰਘ ਜੈਪੁਰ ਰਿਆਸਤ ਦਾ ਰਾਜਪੂਤ ਰਾਜਾ ਸੀ। ਇਸ ਰਾਜਪੂਤ ਪਰਿਵਾਰ ਦੇ ਗੁਰੂ-ਘਰ ਨਾਲ ਬਹੁਤ ਚੰਗੇ ਸੰਬੰਧ ਸਨ। ਗੁਰੂ ਹਰਿਕ੍ਰਿਸ਼ਨ ਸਾਹਿਬ ਜਦੋਂ ਦਿੱਲੀ ਗਏ ਤਾਂ ਉੱਥੇ ਇਹਨਾਂ ਨੇ ਜੈਪੁਰ ਦੇ ਰਾਜੇ ਮਿਰਜ਼ਾ ਰਾਜਾ ਜੈ ਸਿੰਘ ਦੇ ਬੰਗਲੇ ਵਿਖੇ ਨਿਵਾਸ ਕੀਤਾ ਸੀ। ਇਸ ਅਸਥਾਨ 'ਤੇ ਹੁਣ *ਗੁਰਦੁਆਰਾ ਬੰਗਲਾ ਸਾਹਿਬ* ਸਸ਼ੋਭਿਤ ਹੈ। ਗੁਰੂ ਤੇਗ ਬਹਾਦਰ ਜੀ ਦੇ ਸਮੇਂ ਜੈਪੁਰ ਰਿਆਸਤ ਦੇ ਰਾਜਾ ਰਾਮ ਸਿੰਘ ਦਾ ਨਾਂ ਪ੍ਰਮੁੱਖ ਤੌਰ 'ਤੇ ਸਾਹਮਣੇ ਆਉਂਦਾ ਹੈ ਜਿਹੜਾ ਬੇਨਤੀ ਕਰਕੇ ਗੁਰੂ ਜੀ ਨੂੰ ਆਪਣੇ ਨਾਲ ਅਸਾਮ ਦੀ ਮੁਹਿੰਮ 'ਤੇ ਲੈ ਗਿਆ ਸੀ। ਸਰਕਾਰੀ ਰਿਪੋਰਟ ਵਿਚ ਵੀ ਰਾਜਾ ਰਾਮ ਸਿੰਘ ਦਾ ਗੁਰੂ ਤੇਗ ਬਹਾਦਰ ਜੀ ਨਾਲ ਅਸਾਮ ਦੀ ਮੁਹਿੰਮ 'ਤੇ ਜਾਣਾ ਦੱਸਿਆ ਗਿਆ ਹੈ।[2] ਕੁੱਝ ਇਤਿਹਾਸਕਾਰ ਰਾਜਾ ਮਾਨ ਸਿੰਘ[3] ਅਤੇ ਕੁੱਝ ਇਕ ਰਾਜਾ ਬਿਸ਼ਨ ਸਿੰਘ[4] ਦਾ ਗੁਰੂ ਜੀ ਨੂੰ ਇਸ ਮੁਹਿੰਮ 'ਤੇ ਲਿਜਾਣ ਦਾ ਜ਼ਿਕਰ ਕਰਦੇ ਹਨ ਪਰ ਸਮਕਾਲੀ ਸਰੋਤ ਦੱਸਦੇ ਹਨ ਕਿ ਰਾਜਾ ਰਾਮ ਸਿੰਘ ਨੂੰ ਇਸ ਮੁਹਿੰਮ ਲਈ ਵਿਸ਼ੇਸ਼ ਤੌਰ 'ਤੇ ਭੇਜਿਆ ਗਿਆ ਸੀ।

ਰਾਜਾ ਰਾਮ ਸਿੰਘ ਬਾਦਸ਼ਾਹ ਔਰੰਗਜ਼ੇਬ ਦਾ ਸਮਕਾਲੀ ਸੀ ਅਤੇ ਬਾਦਸ਼ਾਹ ਨੇ ਇਸੇ ਨੂੰ ਹੀ ਅਸਾਮ ਦੀ ਮੁਹਿੰਮ 'ਤੇ ਭੇਜਿਆ ਸੀ। ਗੋਹਾਟੀ 'ਤੇ ਦੁਸ਼ਮਣਾਂ ਦੇ ਕਬਜ਼ੇ ਦੀ ਖ਼ਬਰ ਮਿਲਣ 'ਤੇ ਬਾਦਸ਼ਾਹ ਨੇ ਕਿਸੇ ਵੱਡੇ ਜਰਨੈਲ ਅਤੇ ਦਰਬਾਰੀ ਨੂੰ ਇਸ ਮੁਹਿੰਮ 'ਤੇ ਭੇਜਣ ਦਾ ਫ਼ੈਸਲਾ ਕਰ ਲਿਆ। ਰਾਜਾ ਰਾਮ ਸਿੰਘ ਨੂੰ ਇਸ ਮੁਹਿੰਮ ਦੀ ਅਗਵਾਈ ਕਰਨ ਲਈ ਚੁਣਿਆ ਗਿਆ ਅਤੇ ਬਾਦਸ਼ਾਹੀ ਰਿਕਾਰਡ ਅਨੁਸਾਰ 27 ਦਸੰਬਰ 1667 ਨੂੰ ਇਸ ਨੂੰ

1. ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਸੰਪਾ. ਪਿਆਰਾ ਸਿੰਘ ਪਦਮ, ਸਾਖੀ 21, ਪੰਨਾ 69.
2. The fact is that Guru Tyag Mal (Guru Tegh Bahadur) eighth successor of Guru Nanak wentto Assam in the company of the late Maharaja Ram Singh. After him Guru Gobind Singh became the successor. Selections from Akhbar-i-Darbar-i-Mualla, tr. & ed. by Dr. Bhagat Singh in *The Panjab Past and Present,* October 1984, p. 102.
3. ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ 10,* ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਅਧਿਆਇ 2.1, ਪੰਨਾ 26; ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ 10,* ਅਧਿਆਇ 2.124-30.
4. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਭਾਗ-ਦੂਜਾ, ਖੰਡ-2, ਸਾਖੀਆਂ ਪਾਤਸ਼ਾਹੀ ਨੌਵੀਂ, ਸਾਖੀ 17.24,28, ਪੰਨਾ 702; ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 12, ਅੰਸੂ 3.20.

ਦੁਸ਼ਮਣ ਦੇ ਵਿਰੁੱਧ ਭੇਜਿਆ ਗਿਆ ਸੀ। ਭਾਵੇਂ ਕਿ ਬਾਦਸ਼ਾਹ ਸ਼ਿਵਾ ਜੀ ਦੀ ਮੱਦਦ ਕਰਨ ਦੀ ਸਜ਼ਾ ਵਜੋਂ ਰਾਜੇ ਨੂੰ ਇਸ ਮੁਹਿੰਮ 'ਤੇ ਭੇਜਣਾ ਚਾਹੁੰਦਾ ਸੀ ਪਰ ਜਾਣ ਤੋਂ ਪਹਿਲਾਂ ਉਸ ਦਾ ਸ਼ਾਹਾਨਾ ਸਨਮਾਨ ਕੀਤਾ ਗਿਆ। ਰਾਜਾ ਰਾਮ ਸਿੰਘ ਨੂੰ ਖ਼ਿਲਅਤ, ਸੁਨਹਿਰੀ ਸਾਜ਼ ਵਾਲਾ ਘੋੜਾ, ਜੜਾਊ ਖੰਜਰ ਤੇ ਮੋਤੀਆਂ ਜੜਿਆ ਕਮਰ-ਬੰਦ ਬਖ਼ਸ਼ ਕੇ ਵਿਦਾ ਕੀਤਾ ਗਿਆ।[1] ਅਗਲੇ ਸਾਲ ਦੇ ਅਰੰਭ ਵਿਚ ਰਾਜਾ ਰਾਮ ਸਿੰਘ ਇਸ ਮੁਹਿੰਮ 'ਤੇ ਰਵਾਨਾ ਹੋਇਆ।

ਸਿੱਖ ਇਤਿਹਾਸਕਾਰ ਉਸ ਇਲਾਕੇ ਵਿਚ ਜਾਦੂਗਰੀ ਦਾ ਵਧੇਰੇ ਪ੍ਰਭਾਵ ਮੰਨਦੇ ਹੋਏ ਦੱਸਦੇ ਹਨ ਕਿ ਰਾਜਾ ਰਾਮ ਸਿੰਘ ਗੁਰੂ ਜੀ ਨੂੰ ਆਪਣੇ ਨਾਲ ਇਸ ਕਰ ਕੇ ਲਿਜਾਣਾ ਚਾਹੁੰਦਾ ਸੀ ਕਿਉਂਕਿ ਉਸ ਨੇ ਸੁਣ ਰੱਖਿਆ ਸੀ ਕਿ ਅਸਾਮ ਦੀਆਂ ਜਾਦੂਗਰਨੀਆਂ ਜਾਦੂ-ਟੂਣੇ ਕਰ ਕੇ ਕਿਸੇ ਨੂੰ ਵੀ ਆਪਣੇ ਵੱਸ ਵਿਚ ਕਰ ਲੈਂਦੀਆਂ ਹਨ। ਇਸ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਮਰਦਾਨੇ ਨੂੰ ਭੇਡੂ ਬਣਾਉਣ ਦੀ ਸਾਖੀ ਵੀ ਪ੍ਰਚਲਿਤ ਹੈ। ਜਦੋਂ ਗੁਰੂ ਤੇਗ ਬਹਾਦਰ ਜੀ ਨੇ ਰਾਜੇ ਦੀ ਬੇਨਤੀ ਪ੍ਰਵਾਨ ਕਰ ਲਈ ਤਾਂ ਰਾਜੇ ਨੂੰ ਇਹ ਵਿਸ਼ਵਾਸ ਦ੍ਰਿੜ੍ਹ ਹੋ ਗਿਆ ਸੀ ਕਿ ਹੁਣ ਜਾਦੂਗਰਨੀਆਂ ਉਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਦੀਆਂ:

ਰਿਝਾਇ ਗੁਰ ਕੋ ਭਗਤਿ ਸੇ ਬਸਿ ਕੀਨ ਲੀਨਾ ਸੰਗ।
ਜਾਦੂ ਨ ਪੋਹੈ ਸੰਗ ਗੁਰ ਕੈ ਜਾਨ ਦੇਸਨ ਰੰਗ।[2]

ਜਦੋਂ ਰਾਜਾ ਰਾਮ ਸਿੰਘ ਢਾਕਾ ਪੁੱਜਿਆ ਤਾਂ ਉੱਥੋਂ ਦੇ ਨਵਾਬ ਸ਼ਾਇਸਤਾ ਖ਼ਾਂ ਨੇ ਇਸ ਦਾ ਭਰਪੂਰ ਸਵਾਗਤ ਕੀਤਾ ਅਤੇ ਨਾਲ ਹੀ ਇਸ ਮੁਹਿੰਮ ਸਮੇਂ ਆਉਣ ਵਾਲੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਉਂਦੇ ਹੋਏ ਦੱਸਿਆ ਕਿ ਸੁਜਾਨਗਰ ਸਿਹਤ ਦੀ ਦ੍ਰਿਸ਼ਟੀ ਤੋਂ ਘਾਤਕ ਹੈ, ਇਸ ਦੀਆਂ ਪਹਾੜੀਆਂ ਜੰਗਲਾਂ ਨਾਲ ਘਿਰੀਆਂ ਹੋਈਆਂ ਹਨ। ਬੈਸਾਖ ਅਤੇ ਜੇਠ ਦੇ ਮਹੀਨੇ ਇਸ ਦੀਆਂ ਨਦੀਆਂ-ਨਾਲਿਆਂ ਵਿਚ ਜ਼ਹਿਰੀਲਾ ਪਾਣੀ ਵੱਗਦਾ ਹੈ। ਉਥੋਂ ਦੀ ਆਬੋ-ਹਵਾ ਜ਼ਹਿਰੀਲੀ ਹੈ ਜਿਸ ਕਰਕੇ ਸਾਡੇ ਬੰਦੇ ਵੱਡੀ ਗਿਣਤੀ ਵਿਚ ਮਾਰੇ ਜਾਂਦੇ ਹਨ। ਤੁਸੀਂ ਉੱਥੇ ਬਹੁਤ ਹੀ ਚੌਕਸੀ ਨਾਲ ਰਹਿਣਾ ਅਤੇ ਬ੍ਰਹਮਪੁੱਤਰ ਤੋਂ ਇਲਾਵਾ ਹੋਰ ਕਿਸੇ ਥਾਂ ਦਾ ਪਾਣੀ ਨਹੀਂ ਪੀਣਾ। ਆਪਣੇ ਨਿਵਾਸ ਸਥਾਨ 'ਤੇ ਕਿਸੇ ਵੀ ਔਰਤ ਨੂੰ ਆਉਣ ਦੀ ਆਗਿਆ ਨਾ ਦੇਣਾ ਕਿਉਂਕਿ ਉਹ ਦੁਰਾਚਾਰੀ ਅਤੇ ਦਗੇਬਾਜ਼ ਹੁੰਦੀਆਂ ਹਨ।[3]

ਢਾਕਾ ਤੋਂ ਅਸਾਮ ਜਾਣ ਸਮੇਂ ਗੁਰੂ ਤੇਗ ਬਹਾਦਰ ਜੀ ਰਾਜਾ ਰਾਮ ਸਿੰਘ ਦੇ ਨਾਲ ਸਨ। ਬ੍ਰਹਮਪੁੱਤਰ ਨਦੀ ਦੇ ਕੰਢੇ ਰੰਗਾਮਾਟੀ ਦੇ ਸਥਾਨ 'ਤੇ ਗੁਰੂ ਜੀ ਨੇ ਆਪਣਾ ਟਿਕਾਣਾ ਕਰ ਲਿਆ ਸੀ। ਇਸ ਤੋਂ ਬਾਅਦ ਰਾਜਾ ਰਾਮ ਸਿੰਘ ਅਤੇ ਅਹੋਮ ਕਬੀਲੇ ਵਿਚਕਾਰ ਤੀਖਣ ਯੁੱਧ ਅਰੰਭ ਹੋ ਗਿਆ। ਇਲਾਕੇ ਵਿਚ ਅਸ਼ਾਂਤੀ ਦਾ ਖ਼ਤਰਾ ਮਹਿਸੂਸ ਕਰਦੇ ਹੋਏ ਗੁਰੂ ਜੀ ਨੇ ਦੋਵਾਂ ਵਿਚਕਾਰ ਸੁਲਾਹ ਕਰਵਾ ਦਿੱਤੀ। ਸ਼ਾਂਤੀ ਦੀ ਸਦੀਵੀ ਯਾਦਗਾਰ ਬ੍ਰਹਮਪੁੱਤਰ ਨਦੀ ਦੇ ਕੰਢੇ ਧੁਬੜੀ ਵਿਖੇ ਸਥਿਤ ਹੈ ਜਿੱਥੇ ਰਾਜਾ ਰਾਮ ਸਿੰਘ ਦੀਆਂ ਫ਼ੌਜਾਂ ਨੇ ਪੰਜ-ਪੰਜ ਮਿੱਟੀ ਦੀਆਂ ਢਾਲਾਂ ਪਾ ਕੇ ਇੱਕ ਉੱਚਾ ਟਿੱਲਾ ਬਣਾ ਦਿੱਤਾ ਸੀ। ਇੱਥੇ ਹੁਣ *ਗੁਰਦੁਆਰਾ ਦਮਦਮਾ ਸਾਹਿਬ* ਸਸ਼ੋਭਿਤ ਹੈ।

1. ਸਾਕੀ ਮੁਸਤਾਅਦ ਖ਼ਾਂ, *ਮਆਸਿਰਿ ਆਲਮਗੀਰੀ,* ਅਨੁ. ਦਰਸ਼ਨ ਸਿੰਘ ਅਵਾਰਾ, ਸੰਪਾ. ਫੌਜਾ ਸਿੰਘ, ਪੰਨਾ 55.
2. ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ 10,* ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਅਧਿਆਇ 2.34, ਪੰਨਾ 28.
3. Shujanagar [Hazo in Assam] is an unhealthy place; its hills are covered with forests, and poisonous waters flow in its streams during the two months Baisak and Jaistha. The air that blows is also infected with poison. For this reason our men die there in numbers, and you should live very carefully. Do not drink any water but that of the Lauhitya or Brahmaputra. Do not admit the women of that place into your mahal; they are wicked and treacherous. S.K. Bhuyan, *Annals of the Delhi Badshahat,* p.166.

ਅਸਾਮ ਤੋਂ ਗੁਰੂ ਜੀ ਆਪਣੇ ਪਰਿਵਾਰ ਕੋਲ ਪਟਨਾ ਸਾਹਿਬ ਵਿਖੇ ਵਾਪਸ ਆ ਗਏ। ਰਾਜਾ ਰਾਮ ਸਿੰਘ ਗੁਰੂ ਜੀ ਤੋਂ ਬਹੁਤ ਸਮਾਂ ਬਾਅਦ ਉੱਥੋਂ ਵਾਪਸ ਆ ਸਕਿਆ ਸੀ ਕਿਉਂਕਿ ਗੁਰੂ ਜੀ ਦੁਆਰਾ ਕਰਵਾਈ ਗਈ ਸੰਧੀ ਲੰਮਾ ਸਮਾਂ ਨਾ ਰਹਿ ਸਕੀ ਅਤੇ ਦੋਵਾਂ ਰਾਜਿਆਂ ਵਿਚਕਾਰ ਫਿਰ ਯੁੱਧ ਅਰੰਭ ਹੋ ਗਿਆ। 1675 ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ 1676 ਵਿਚ ਰਾਜਾ ਰਾਮ ਸਿੰਘ ਅਸਾਮ ਦੀ ਮੁਹਿੰਮ ਤੋਂ ਵਾਪਸ ਆਇਆ ਸੀ।[1] ਰਾਜਾ ਰਾਮ ਸਿੰਘ ਹਿੰਦੂਆਂ ਵਿਚ ਬਹੁਤ ਹੀ ਸਤਿਕਾਰਯੋਗ ਸਥਾਨ ਰੱਖਦਾ ਸੀ ਅਤੇ ਬਾਦਸ਼ਾਹ ਔਰੰਗਜ਼ੇਬ ਭਾਰਤ ਵਿਚ ਮੁਸਲਿਮ ਰਾਜ ਦੀ ਕਾਇਮੀ ਲਈ ਯਤਨਸ਼ੀਲ ਸੀ ਜਿਸ ਕਰ ਕੇ ਉਸ ਨੂੰ ਇਸ ਤੋਂ ਖ਼ਤਰਾ ਲੱਗ ਰਿਹਾ ਸੀ। *ਰਾਜਸਥਾਨ ਡਿਸਟ੍ਰਿਕਟ ਗ਼ਜ਼ਟੀਅਰ* ਵਿਚ ਰਾਜਾ ਰਾਮ ਸਿੰਘ ਬਾਰੇ ਜ਼ਿਕਰ ਕਰਦੇ ਹੋਏ ਦੱਸਿਆ ਗਿਆ ਹੈ ਕਿ ਇਹ ਬਾਦਸ਼ਾਹ ਔਰੰਗਜ਼ੇਬ ਦੇ ਆਦੇਸ਼ ਅਨੁਸਾਰ ਖੈਬਰ ਤੱਕ ਇਸ ਦੇਸ਼ ਦੀਆਂ ਹੱਦਾਂ ਦੀ ਰਾਖੀ ਕਰਦਾ ਰਿਹਾ ਅਤੇ ਇਸ ਦੇ ਇਕਲੌਤੇ ਪੁੱਤਰ ਕਿਸ਼ਨ ਸਿੰਘ ਦੇ ਦੇਹਾਂਤ ਤੋਂ ਕੁੱਝ ਸਮਾਂ ਬਾਅਦ ਅਪ੍ਰੈਲ 1688 ਵਿਚ ਇਹ ਵੀ ਸੁਰਗਵਾਸ ਹੋ ਗਿਆ ਸੀ:

> On the death of Maharaja Jaswant Singh at Jamrud (December 1678), Aurangzeb imposed Jaziya on Hindus and issued orders for the destruction of all temples. Raja Ram Singh was at this time the most prominent of Rajput kings, and Aurangzeb apprehended danger from him. He was, therefore, posted in Afghanistan and appointed to guard the Khyber pass. His son Kanwar Kishan Singh was sent to the Deccan to assist in the invasion of Bijapur. Ram Singh made himself very popular among the local population. But suddenly Ram Singh's days were darkened by the death of his only son Kishan Singh (April 1682) at Parenda fort in the Deccan, where he was then posted. The emperor transferred Ram Singh to Kohat, where he died in April 1688.[2]

ਰਾਮ ਰਾਇ, ਭਾਈ : ਇਸ ਦਾ ਨਾਂ ਗੁਰੂ ਤੇਗ ਬਹਾਦਰ ਜੀ ਦੁਆਰਾ ਪਟਨਾ ਦੀ ਸੰਗਤ ਦੇ ਨਾਂ ਲਿਖੇ ਹੁਕਮਨਾਮਿਆਂ ਵਿਚ ਭਾਈ ਦਿਆਲ ਦਾਸ ਤੋਂ ਬਾਅਦ ਲਗ-ਪਗ ਹਰ ਇਕ ਹੁਕਮਨਾਮੇ ਵਿਚ ਆਉਂਦਾ ਹੈ ਜਿਹੜਾ ਕਿ ਇਸ ਗੱਲ ਦਾ ਪ੍ਰਮਾਣ ਹੈ ਕਿ ਇਹ ਪਟਨਾ ਸਾਹਿਬ ਦਾ ਪ੍ਰਮੁੱਖ ਸਿੱਖ ਅਤੇ ਗੁਰੂ-ਘਰ ਦਾ ਅਨਿੰਨ ਸ਼ਰਧਾਲੂ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਦੇ ਨਾਂ 'ਤੇ ਇਕ ਹੁਕਮਨਾਮਾ ਲਿਖਿਆ ਸੀ।

ਲੱਖੀ ਸ਼ਾਹ ਵਣਜਾਰਾ, ਭਾਈ : ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਮੇਂ ਭਾਈ ਲੱਖੀ ਸ਼ਾਹ ਵਣਜਾਰਾ ਦੀ ਸਿੱਖੀ ਪ੍ਰਤੀ ਸ਼ਰਧਾ, ਦ੍ਰਿੜ੍ਹਤਾ ਅਤੇ ਸਮਰਪਣ ਦੀ ਭਾਵਨਾ ਦੇ ਪ੍ਰਚੰਡ ਅਤੇ ਪ੍ਰਤੱਖ ਦਰਸ਼ਨ ਹੁੰਦੇ ਹਨ। ਦਿੱਲੀ ਵਿਖੇ ਜਿਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਰਕਾਬ ਗੰਜ ਸਾਹਿਬ* ਸੁਸ਼ੋਭਿਤ ਹੈ, ਉਹ ਭਾਈ ਲੱਖੀ ਸ਼ਾਹ ਵਣਜਾਰਾ ਦਾ ਘਰ ਸੀ।

---

1. On Thursday, the 24th February, 1676/19th Zil. H., the Emperor left Lahore... On Monday, the 27th March/22nd Muharram, the Emperor arrived at Delhi. On Saturday, the 24th June /22nd Rabi. S., Raja Ram Singh came from Assam and had interview. Saqi Mustad Khan, *Maasir-i-Alamgiri,* tr. by Jadunath Sarkar, p. 94.
2. Savitri Gupta, ed., *Rajasthan District Gazetteers* - Jaipur, p. 44.

ਭਾਈ ਲੱਖੀ ਸ਼ਾਹ ਨੂੰ ਵਣਜਾਰੇ ਵਜੋਂ ਯਾਦ ਕੀਤਾ ਜਾਂਦਾ ਹੈ। ਪੰਜਾਬੀ ਦਾ ਸ਼ਬਦ ਵਣਜਾਰਾ ਵਣਜ ਕਰਨ ਵਾਲੇ ਤੋਂ ਪਿਆ ਹੈ। ਭਾਈ ਲੱਖੀ ਸ਼ਾਹ ਦੂਰ-ਦੁਰਾਡੇ ਇਲਾਕਿਆਂ ਵਿਚ ਵਪਾਰ ਕਰਨ ਲਈ ਜਾਂਦਾ ਸੀ ਪਰ ਇਸ ਦਾ ਪੱਕਾ ਟਿਕਾਣਾ ਸ਼ਾਹਜ਼ਹਾਨਾਬਾਦ (ਦਿੱਲੀ) ਦੇ ਰਾਇਸੀਨਾ ਪਿੰਡ ਵਿਖੇ ਸੀ। ਇਸ ਦਾ ਪਿਛੋਕੜ ਮੌਜੂਦਾ ਪਾਕਿਸਤਾਨ ਦੇ ਮੁਜ਼ੱਫ਼ਰਗੜ੍ਹ ਜ਼ਿਲੇ ਵਿਚ ਪੈਂਦੇ ਖੈਰਪੁਰ ਪਿੰਡ ਦੇ ਰਾਜਪੂਤਾਂ ਨਾਲ ਜੁੜਦਾ ਹੈ। ਇਹ ਭਾਈ ਗੋਧੂ ਦਾ ਪੁੱਤਰ ਸੀ ਅਤੇ ਇਸ ਦੀ ਧੀ ਭਾਈ ਮਨੀ ਸਿੰਘ ਨਾਲ ਵਿਆਹੀ ਹੋਈ ਸੀ। ਜਦੋਂ ਇਹ ਦਿੱਲੀ ਵਿਖੇ ਹੁੰਦਾ ਤਾਂ ਭਾਈ ਕਲਿਆਣੇ ਦੀ ਧਰਮਸਾਲ ਵਿਖੇ ਸਤਿਸੰਗਤ ਕਰਨ ਲਈ ਚਲਾ ਜਾਂਦਾ ਸੀ ਜਿਸ ਕਰ ਕੇ ਦਿੱਲੀ ਦੇ ਹੋਰਨਾਂ ਸਿੱਖਾਂ ਨਾਲ ਇਸ ਦਾ ਬਹੁਤ ਪ੍ਰੇਮ ਅਤੇ ਨੇੜਤਾ ਕਾਇਮ ਹੋ ਗਈ ਸੀ। ਜਦੋਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਹੋਈ ਉਸੇ ਦਿਨ ਇਹ ਵਪਾਰ ਕਰਨ ਉਪਰੰਤ ਆਪਣੇ ਟਾਂਡੇ ਸਮੇਤ ਵਾਪਸ ਆਇਆ ਸੀ। ਦਿੱਲੀ ਦੇ ਸਿੱਖ ਇਸ ਦੇ ਘਰ ਇਕੱਠੇ ਹੋਏ ਅਤੇ ਇਸ ਨੂੰ ਸਾਰੀ ਘਟਨਾ ਦਾ ਵੇਰਵਾ ਦੱਸਿਆ। *ਗੁਰੂ ਕੀਆਂ ਸਾਖੀਆਂ* ਦੱਸਦੀਆਂ ਹਨ ਕਿ ਭਾਈ ਲੱਖੀ ਸ਼ਾਹ ਨੇ ਨਿਮਰਤਾ ਸਹਿਤ ਸਿੱਖਾਂ ਨੂੰ ਕਿਹਾ ਕਿ ਬਾਹਰ ਹੋਣ ਕਰ ਕੇ ਉਸ ਨੂੰ ਇਸ ਘਟਨਾ ਦੀ ਜਾਣਕਾਰੀ ਨਹੀਂ ਸੀ ਅਤੇ ਹੁਣ ਜਿਹੜਾ ਵੀ ਫ਼ੈਸਲਾ ਹੋਵੇਗਾ, ਉਸ ਨੂੰ ਤਨ, ਮਨ ਅਤੇ ਧਨ ਸਹਿਤ ਪੂਰਾ ਕਰਨ ਦਾ ਯਤਨ ਕੀਤਾ ਜਾਵੇਗਾ। ਅੱਧੀ ਰਾਤ ਤੱਕ ਵਿਚਾਰ-ਚਰਚਾ ਚੱਲਦੀ ਰਹੀ ਅਤੇ ਅਖ਼ੀਰ ਇਹ ਫ਼ੈਸਲਾ ਹੋਇਆ ਕਿ ਗੁਰੂ ਜੀ ਦੇ ਪਵਿੱਤਰ ਸੀਸ ਅਤੇ ਧੜ ਨੂੰ ਉੱਥੋਂ ਚੁੱਕ ਲਿਆ ਜਾਵੇ। ਨੀਯਤ ਫੈਸਲੇ ਅਨੁਸਾਰ ਰਾਤ ਸਮੇਂ ਭਾਈ ਲੱਖੀ ਸ਼ਾਹ ਦਾ ਟਾਂਡਾ ਲਾਲ ਕਿਲੇ ਤੋਂ ਕੋਤਵਾਲੀ ਵੱਲ ਲਿਆਂਦਾ ਗਿਆ। ਭਾਈ ਜੈਤਾ ਗੁਰੂ ਜੀ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਵੱਲ ਚਲਾ ਗਿਆ ਅਤੇ ਭਾਈ ਲੱਖੀ ਸ਼ਾਹ ਆਪਣੇ ਪੁੱਤਰ ਭਾਈ ਨਗਾਹੀਆ ਦੀ ਸਹਾਇਤਾ ਨਾਲ ਗੁਰੂ ਜੀ ਦਾ ਧੜ ਚਾਂਦਨੀ ਚੌਕ ਤੋਂ ਆਪਣੇ ਘਰ ਲੈ ਆਇਆ। ਦਿਨ ਵੇਲੇ ਸਸਕਾਰ ਕਰਨਾ ਯੋਗ ਨਹੀਂ ਸੀ ਇਸ ਲਈ ਰਾਤ ਸਮੇਂ ਹੀ ਇਹਨਾਂ ਨੇ ਗੁਰੂ ਜੀ ਦੇ ਧੜ ਦਾ ਸਸਕਾਰ ਕਰਨ ਦਾ ਫੈਸਲਾ ਕਰ ਲਿਆ। ਆਪਣੇ ਘਰ ਵਿਖੇ ਗੁਰੂ ਜੀ ਦਾ ਧੜ ਰੱਖ ਕੇ ਉਸ ਨੂੰ ਅਗਨ ਭੇਟ ਕਰ ਦਿੱਤਾ ਗਿਆ। ਰਾਤ ਸਮੇਂ ਘਰ ਨੂੰ ਅੱਗ ਲੱਗੀ ਦੇਖ ਕੇ ਕਿਸੇ ਨੂੰ ਤੁਰੰਤ ਹੀ ਇਹ ਸ਼ੱਕ ਨਾ ਪਿਆ ਕਿ ਇੱਥੇ ਕੀ ਹੋਇਆ ਹੈ।[1]

ਕੁੱਝ ਦਿਨਾਂ ਬਾਅਦ ਭਾਈ ਲੱਖੀ ਸ਼ਾਹ ਵੀ ਗੁਰੂ ਗੋਬਿੰਦ ਸਿੰਘ ਜੀ ਕੋਲ ਚੱਕ ਨਾਨਕੀ (ਮੌਜੂਦਾ ਅਨੰਦਪੁਰ ਸਾਹਿਬ) ਆ ਗਿਆ ਅਤੇ ਉੱਥੋਂ ਦੀਆਂ ਘਟਨਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ "ਅਸੀਂ ਸਤਿਗੁਰਾਂ ਕੀ ਦੇਹ ਕੋ ਗ੍ਰਿਹਿ ਮੇਂ ਲੈ ਜਾਇ ਕੇ ਸਮਸਤ ਘਰ ਕੋ ਅਗਨੀ ਮੇਂ ਜਲਾਇ ਦੀਆ ਥਾ। ਅਗਲੇ ਦਿਹੁੰ ਸੂਬਾ ਦਿਹਲੀ ਨੇ ਡੌਂਡੀ ਪਿਟਵਾਇ ਕੇ ਮਤੀਦਾਸ ਆਦਿ ਤੀਨ ਸਿੱਖਾਂ ਦੀਆਂ ਲਾਸ਼ਾਂ ਚਾਂਦਨੀ ਚੌਕ ਸੇ ਉਠਾਇ ਦੇਈਆਂ ਸਨ। ਦਿਲਵਾਲੀ ਸਿੱਖਾਂ ਇਨ ਕਾ ਦਾਹ ਸੰਸਕਾਰ ਜਹਾਂ ਬਾਬੇ ਬੁੱਢੇ ਕੇ ਭਾਈ ਗੁਰਦਿੱਤੇ ਜੀ ਕਾ ਕੀਆ ਥਾ, ਵਹਾਂ ਲੈ ਜਾ ਕੇ ਕਰ ਦੀਆ ਥਾ। ਸਤਿਗੁਰਾਂ ਇਸ ਥੀਂ ਦਿਹਲੀ ਕਾ ਸਾਰਾ ਬਿਰਤਾਂਤ ਸੁਨ ਕੇ ਇਸੇ ਦਾਇਂ ਬਾਹੁ ਸੇ ਪਕੜ ਆਪਨੇ ਗੈਲ ਸਿੰਘਾਸਨ ਤੇ ਬਹਾਇ ਲੀਆ।"[2] 1680 ਵਿਚ ਭਾਈ ਲੱਖੀ ਸ਼ਾਹ ਅਕਾਲ ਚਲਾਣਾ ਕਰ ਗਿਆ। ਉਸ ਦੇ ਅੰਤਿਮ ਸਮੇਂ ਦੀਆਂ ਘਟਨਾਵਾਂ ਸੰਬੰਧੀ ਵੇਰਵਾ ਪ੍ਰਦਾਨ ਕਰਦੇ ਹੋਏ ਕੇਸ਼ੋ ਭੱਟ ਦੱਸਦਾ ਹੈ:

ਹੁਕਮ ਹੋਆ ਸਚੇ ਸਾਹਿਬ ਕਾ, ਲਖੀ ਬੜ੍ਹਤੀਆ ਸੁਰਗ ਸਿਧਾਰਾ।
ਆਠੋ ਬੇਟੇ ਹੋਏ ਇਕੱਠੇ, ਕਾਜ ਕਰਨ ਕੀ ਬਾਰਾ।
ਨਗਾਹੀਆ ਹੇਮਾ ਹਾੜੀ ਆਏ, ਆਇਆ ਸੀਤੂ ਤੇ ਪੁੰਡਾਰਾ।
ਬਖਸੀ ਬਾਲਾ ਜਵਾਹਰ ਆਏ, ਬੰਧੇ ਬਰਫੀ ਕਮਰ ਕਟਾਰਾ।

1. ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸੰਪਾ. ਪਿਆਰਾ ਸਿੰਘ ਪਦਮ, ਸਾਖੀਆਂ 32-33, ਪੰਨੇ 84-85.
2. *ਉਹੀ*, ਸਾਖੀ 23, ਪੰਨਾ 86.

ਮਹਿੰਗੇ ਮੋਲ ਊਂਟ ਮੰਗਾਏ, ਚਡਨੇ ਕੋ ਘੋਰੋ ਕਾਨੋਂ ਮੇਂ ਬਾਰਾ।
ਨਗਾਹੀਏ ਕੇ ਸਿਰ ਪਾਗ ਬੰਧਾਈ, ਬਮਸ ਠਾਕਰ ਕਾ ਭਯੋ ਉਜਯਾਰਾ।
ਜਸ ਜੋੜ ਕੇਸੋ ਭੱਟ ਭਨਿਆ, ਸਾਲ ਸਤ੍ਹਹ ਸੈ ਸੈਂਤੀਆ ਹੋਈ ਜੈ ਜੈ ਕਾਰਾ।[1]

ਹੁਕਮਨਾਮਿਆਂ ਵਿਚਲੇ ਗੁਰਸਿੱਖ : ਹੁਕਮਨਾਮੇ ਸਿੱਖ ਇਹਿਹਾਸ ਦੇ ਮਹੱਤਵਪੂਰਨ ਦਸਤਾਵੇਜ਼ ਹਨ ਜਿਨ੍ਹਾਂ ਵਿਚੋਂ ਗੁਰੂ ਸਾਹਿਬਾਨ ਦੀਆਂ ਨਿਸ਼ਾਨੀਆਂ, ਗੁਰ ਇਤਿਹਾਸ, ਸਿੱਖ ਇਤਿਹਾਸ, ਗੁਰਮਤਿ ਪਰੰਪਰਾਵਾਂ, ਗੁਰੂ ਸਾਹਿਬਾਨ ਪ੍ਰਤੀ ਸਿੱਖਾਂ ਦੀ ਸ਼ਰਧਾ ਅਤੇ ਸਮਰਪਣ ਦੀ ਭਾਵਨਾ ਦੇ ਦਰਸ਼ਨ ਹੁੰਦੇ ਹਨ। ਇਹਨਾਂ ਹੁਕਮਨਾਮਿਆਂ ਵਿਚੋਂ ਉਹਨਾਂ ਇਲਾਕਿਆਂ ਦੀ ਪਛਾਣ ਵੀ ਸਹਿਜੇ ਹੀ ਹੋ ਜਾਂਦੀ ਹੈ ਜਿੱਥੇ ਗੁਰੂ ਸਾਹਿਬਾਨ ਦੇ ਸਮੇਂ ਸਿੱਖ ਸੰਗਤ ਕਾਇਮ ਸੀ। ਸ. ਜੀ.ਬੀ. ਸਿੰਘ, ਡਾ. ਗੰਡਾ ਸਿੰਘ, ਸ. ਸ਼ਮਸ਼ੇਰ ਸਿੰਘ ਅਸ਼ੋਕ ਆਦਿ ਵਿਦਵਾਨਾਂ ਦੀ ਖੋਜ ਅਤੇ ਮਿਹਨਤ ਸਦਕਾ ਇਹ ਹੁਕਮਨਾਮੇ ਸਾਡੇ ਤੱਕ ਪੁੱਜੇ ਹਨ। ਭਾਵੇਂ ਕਿ ਬਹੁਤ ਸਾਰੇ ਹੁਕਮਨਾਮੇ ਗੁਰਦੁਆਰਾ ਸਾਹਿਬਾਨ ਅਤੇ ਤਖ਼ਤ ਸਾਹਿਬਾਨ 'ਤੇ ਸੰਭਾਲ ਕੇ ਰੱਖੇ ਹੋਏ ਹਨ ਪਰ ਉਹ ਪਰਿਵਾਰ ਵੀ ਧੰਨਵਾਦ ਦੇ ਪਾਤਰ ਹਨ ਜਿਨ੍ਹਾਂ ਨੇ ਔਖ-ਸੌਖ ਦੇ ਸਮੇਂ ਇਹ ਹੁਕਮਨਾਮੇ ਆਪਣੀ ਜਾਨ ਤੋਂ ਵੱਧ ਪਿਆਰ ਨਾਲ ਸੰਭਾਲ ਕੇ ਸਾਡੇ ਤੱਕ ਪਹੁੰਚਾਏ ਹਨ। ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਅਰੰਭ ਹੋ ਕੇ ਇਹ ਹੁਕਮਨਾਮੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਦੇਖਣ ਨੂੰ ਮਿਲਦੇ ਹਨ। ਗੁਰੂ ਸਾਹਿਬਾਨ ਤੋਂ ਇਲਾਵਾ ਗੁਰੂ ਪਰਿਵਾਰ ਵੱਲੋਂ ਲਿਖੇ ਪੱਤਰ ਵੀ ਇਸੇ ਦ੍ਰਿਸ਼ਟੀ ਤੋਂ ਦੇਖੇ ਜਾਂਦੇ ਹਨ। ਮਾਤਾ ਗੁਜਰੀ, ਮਾਤਾ ਸੁੰਦਰੀ, ਮਾਤਾ ਸਾਹਿਬ ਦੇਵੀ (ਕੌਰ) ਵੱਲੋਂ ਲਿਖੇ ਹੁਕਮਨਾਮੇ ਵੀ ਇਤਿਹਾਸ ਵਿਚ ਦਰਜ ਹਨ। ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਤੋਂ ਬਾਅਦ ਤਖ਼ਤ ਸਾਹਿਬਾਨ ਤੋਂ ਖ਼ਾਲਸਾ ਪੰਥ ਦੇ ਨਾਂ ਲਿਖੇ ਗਏ ਹੁਕਮਨਾਮੇ ਵੀ ਮਿਲਦੇ ਹਨ। ਮੌਜੂਦਾ ਸਮੇਂ ਵਿਚ ਵੀ ਤਖ਼ਤਾਂ ਤੋਂ ਹੁਕਮਨਾਮੇ ਜਾਰੀ ਕਰਨ ਦੀ ਪਰੰਪਰਾ ਨਿਰੰਤਰ ਜਾਰੀ ਹੈ।

ਗੁਰੂ ਤੇਗ ਬਹਾਦਰ ਜੀ ਦੁਆਰਾ ਵੀ ਸਮੇਂ-ਸਮੇਂ 'ਤੇ ਵਿਭਿੰਨ ਇਲਾਕਿਆਂ ਦੀ ਸਿੱਖ ਸੰਗਤ ਨੂੰ ਹੁਕਮਨਾਮੇਂ ਲਿਖੇ ਗਏ ਸਨ ਜਿਨ੍ਹਾਂ ਵਿਚੋਂ ਪਟਨਾ ਸਾਹਿਬ, ਪਟਣ ਸ਼ੇਖ਼ ਫ਼ਰੀਦ, ਬਨਾਰਸ ਆਦਿ ਇਲਾਕਿਆਂ ਦੀ ਸੰਗਤ ਨੂੰ ਲਿਖੇ ਹੁਕਮਨਾਮੇ ਪ੍ਰਾਪਤ ਹੁੰਦੇ ਹਨ। ਭਾਵੇਂ ਕਿ ਇਹਨਾਂ ਹੁਕਮਨਾਮਿਆਂ ਦਾ ਆਪਣਾ ਵਿਸ਼ੇਸ਼ ਉਦੇਸ਼ ਹੁੰਦਾ ਸੀ ਪਰ ਇਹਨਾਂ ਵਿਚੋਂ ਵਿਭਿੰਨ ਇਲਾਕਿਆਂ ਵਿਚ ਮੌਜੂਦ ਮੁਖੀ ਸਿੱਖਾਂ ਬਾਰੇ ਮਹਤਵਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ। ਹੁਕਮਨਾਮਿਆਂ ਵਿਚ ਜਿਹੜੇ ਗੁਰਸਿੱਖਾਂ ਦਾ ਜ਼ਿਕਰ ਮਿਲਦਾ ਹੈ ਉਹਨਾਂ ਦੀ ਸੂਚੀ ਹੁਕਮਨਾਮਿਆਂ ਵਾਲੇ ਅਧਿਆਇ ਵਿਚ ਦਿੱਤੀ ਜਾ ਚੁੱਕੀ ਹੈ।

ਇਹ ਸਮੂਹ ਸਿੱਖ ਗੁਰੂ ਆਸ਼ੇ ਅਤੇ ਉਦੇਸ਼ ਅਨੁਸਾਰ ਕਾਰਜ ਰਹੇ ਸਨ ਜਿਸ ਕਰ ਕੇ ਸੰਬੰਧਿਤ ਇਲਾਕਿਆਂ ਵਿਚ ਗੁਰਮਤਿ ਵਿਚਾਰਧਾਰਾ ਤੇਜੀ ਨਾਲ ਫੈਲਦੀ ਜਾ ਰਹੀ ਸੀ ਅਤੇ ਆਮ ਲੋਕ ਸਿੱਖ ਸੱਜਦੇ ਜਾ ਰਹੇ ਸਨ। ਉਕਤ ਸਿੱਖ ਗੁਰੂ-ਘਰ ਨਾਲ ਪੂਰੀ ਸ਼ਰਧਾ ਅਤੇ ਦ੍ਰਿੜ੍ਹਤਾ ਸਹਿਤ ਜੁੜੇ ਹੋਏ ਸਨ ਅਤੇ ਇਲਾਕੇ ਦੇ ਸਿੱਖਾਂ ਵੱਲੋਂ ਜਿਹੜੀਆਂ ਭੇਟਾਵਾਂ ਦਿੱਤੀਆਂ ਜਾਂਦੀਆਂ ਸਨ ਉਹਨਾਂ ਨੂੰ ਗੁਰੂ-ਘਰ ਵਿਖੇ ਪਹੁੰਚਾਉਣ ਦਾ ਕਾਰਜ ਵੀ ਕਰਦੇ ਸਨ।

---

1. ਕਵੀ ਸੇਵਾ ਸਿੰਘ, *ਸ਼ਹੀਦ ਬਿਲਾਸ ਭਾਈ ਮਨੀ ਸਿੰਘ,* ਸੰਪਾ. ਗਿਆਨੀ ਗਰਜਾ ਸਿੰਘ, ਪੰਨਾ 54, ਫੁੱਟ-ਨੋਟ *

ਗੁਰੂ ਤੇਗ ਬਹਾਦਰ ਜੀ ਦੇ ਚਰਨ ਛੋਹ ਅਸਥਾਨ

ਗੁਰੂ ਤੇਗ ਬਹਾਦਰ ਜੀ ਦਾ ਜੀਵਨ, ਬਾਣੀ ਅਤੇ ਸ਼ਹਾਦਤ ਮਨੁੱਖਤਾ ਦਾ ਮਾਰਗ ਦਰਸ਼ਨ ਕਰਦੀਆਂ ਹਨ। ਸ਼ਹਾਦਤ ਗੁਰੂ ਤੇਗ ਬਹਾਦਰ ਜੀ ਦੀ ਵਿਚਾਰਧਾਰਾ ਦੀ ਸਿਖਰ ਹੈ ਜਿਹੜੀ ਕਿ ਪ੍ਰਭੂ-ਮੁਖੀ ਜੀਵਨ ਬਸਰ ਕਰਦੇ ਹੋਏ ਨਾ ਕਿਸੇ ਤੋਂ ਡਰਨ ਅਤੇ ਅਤੇ ਨਾ ਹੀ ਕਿਸੇ ਨੂੰ ਡਰਾਉਣ ਦੀ ਪ੍ਰੇਰਨਾ ਅਤੇ ਭਾਵਨਾ ਪੈਦਾ ਕਰਦੀ ਹੈ। ਗੁਰੂ ਜੀ ਨੇ ਇਸ ਵਿਚਾਰਧਾਰਾ ਪ੍ਰਤੀ ਆਮ ਲੋਕਾਂ ਵਿਚ ਚੇਤਨਾ ਪੈਦਾ ਕਰਨ ਲਈ ਪ੍ਰਚਾਰ-ਯਾਤਰਾਵਾਂ ਕੀਤੀਆਂ ਸਨ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਦੀਆਂ ਸਭ ਤੋਂ ਵਧੇਰੇ ਪ੍ਰਚਾਰ-ਯਾਤਰਾਵਾਂ ਦੇਖਣ ਨੂੰ ਮਿਲਦੀਆਂ ਹਨ ਜਿਹੜੀਆਂ ਕਿ ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਅਸਾਮ ਅਤੇ ਬੰਗਲਾਦੇਸ਼ ਤੱਕ ਫੈਲੀਆਂ ਹੋਈਆਂ ਹਨ। ਇਹਨਾਂ ਅਸਥਾਨਾਂ 'ਤੇ ਗੁਰੂ ਜੀ ਦੇ ਚਰਨ ਛੋਹ ਪ੍ਰਾਪਤ ਅਸਥਾਨ ਮੌਜੂਦ ਹਨ ਜਿਹੜੇ ਕਿ ਉਹਨਾਂ ਦੀ ਦੈਵੀ ਹਸਤੀ ਅਤੇ ਪਰਉਪਕਾਰ ਦੀ ਭਾਵਨਾ ਦਾ ਪ੍ਰਗਟਾਵਾ ਕਰਦੇ ਹਨ। ਗੁਰੂ ਜੀ ਦੀਆਂ ਇਹਨਾਂ ਯਾਤਰਾਵਾਂ ਦਾ ਮਨੋਰਥ ਮਨੁੱਖਤਾ ਨੂੰ ਪ੍ਰਭੂ-ਮੁਖੀ ਅਤੇ ਸਦਾਚਾਰੀ ਜੀਵਨ-ਜਾਚ ਵੱਲ ਪ੍ਰੇਰਿਤ ਕਰਨਾ ਸੀ ਪਰ ਇਸ ਦੇ ਨਾਲ ਹੀ ਗੁਰੂ ਜੀ ਆਮ ਲੋਕਾਂ ਦੇ ਰੋਜ਼ਾਨਾ ਜੀਵਨ ਨਾਲ ਜੁੜੀਆਂ ਹੋਈਆਂ ਸਮੱਸਿਆਵਾਂ ਦਾ ਵੀ ਸਮਾਧਾਨ ਕਰਦੇ ਨਜ਼ਰ ਆਉਂਦੇ ਹਨ ਜਿਵੇਂ ਗੁਰੂ ਜੀ ਦੀਆਂ ਪ੍ਰਚਾਰ-ਯਾਤਰਾਵਾਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਛੱਪੜ ਸਾਫ਼ ਕਰਾਉਣ ਅਤੇ ਖੂਹ ਲਵਾਉਣ ਵਿਚ ਵਿਸ਼ੇਸ਼ ਰੁਚੀ ਲੈਂਦੇ ਸਨ। ਪਾਣੀ ਦੀ ਪੂਰਤੀ ਲਈ ਖੂਹ ਲਵਾਉਣਾ ਇਕ ਵੱਡਾ ਕੰਮ ਸੀ ਜਿਹੜਾ ਕਿ ਕੋਈ ਹਾਰ-ਸਾਰੀ ਨਹੀਂ ਕਰ ਸਕਦਾ ਸੀ। ਆਮ ਲੋਕਾਂ ਲਈ ਪਾਣੀ ਦੀ ਪੂਰਤੀ ਇਹਨਾਂ ਖੂਹਾਂ ਤੋਂ ਹੀ ਹੁੰਦੀ ਸੀ ਇਸ ਲਈ ਜਿਹੜੇ ਪਿੰਡ ਵਿਚ ਜਿਹੜਾ ਵੀ ਵਿਅਕਤੀ ਖੂਹ ਲਵਾਉਣ ਦੀ ਇੱਛਾ ਰੱਖਦਾ ਸੀ, ਗੁਰੂ ਜੀ ਉਸ ਨੂੰ ਉਤਸ਼ਾਹ ਅਤੇ ਪ੍ਰੇਰਨਾ ਬਖ਼ਸ਼ਦੇ ਸਨ।

ਨਵੇਂ ਖੂਹ ਲਵਾਉਣ ਦੇ ਨਾਲ-ਨਾਲ ਪੁਰਾਤਨ ਖੂਹਾਂ ਦੇ ਪਾਣੀ ਨੂੰ ਵਰਤੋਂ ਯੋਗ ਬਣਾਉਣ ਵਿਚ ਗੁਰੂ ਜੀ ਦਾ ਵਿਸ਼ੇਸ਼ ਯੋਗਦਾਨ ਸੀ। ਧਰਤੀ ਹੇਠਲੇ ਪਾਣੀ ਦੀ ਆਪਣੀ ਤਾਸੀਰ ਹੈ ਅਤੇ ਇਸ ਦੇ ਗੰਧਲਾ ਹੋਣ ਦੇ ਕਈ ਕਾਰਨ ਹੋ ਸਕਦੇ ਹਨ ਪਰ ਜਿੱਥੇ ਪਾਣੀ ਖਾਰਾ ਸੀ ਉੱਥੇ ਪਾਣੀ ਮਿੱਠਾ ਕਰਨ ਦੀਆਂ ਕਈ ਸਾਖੀਆਂ ਗੁਰੂ ਜੀ ਦੀਆਂ ਯਾਤਰਾਵਾਂ ਦੌਰਾਨ ਦੇਖਣ ਨੂੰ ਮਿਲਦੀਆਂ ਹਨ। ਪਿੰਡਾਂ ਦੇ ਆਮ ਲੋਕਾਂ ਦਾ ਆਤਮਿਕ ਬਲ ਚੁੱਕਣ ਲਈ ਗੁਰੂ ਜੀ ਵਿਸ਼ੇਸ਼ ਜ਼ੋਰ ਦਿੰਦੇ ਸਨ ਜਿਹੜਾ ਕਿ ਉਹਨਾਂ ਨੂੰ ਸਮੇਂ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਵਿਚ ਸਹਾਈ ਹੁੰਦਾ ਸੀ। ਗੁਰੂ ਜੀ ਜਾਣਦੇ ਸਨ ਕਿ ਆਤਮਿਕ ਤੌਰ 'ਤੇ ਕਮਜ਼ੋਰ ਵਿਅਕਤੀ ਸਮਾਜ ਅਤੇ ਪਰਿਵਾਰ ਦੇ ਵਿਕਾਸ ਲਈ ਕੋਈ ਕਾਰਜ ਨਹੀਂ ਕਰ ਸਕਦਾ ਅਤੇ ਉਹ ਆਪਣੇ ਹਰ ਇਕ ਕਾਰਜ ਲਈ ਦੂਜਿਆਂ 'ਤੇ ਨਿਰਭਰ ਕਰਦਾ ਹੈ ਜਿਸ ਵਿਚੋਂ ਅਧੀਨਗੀ ਦੀ ਭਾਵਨਾ ਪ੍ਰਗਟ ਹੁੰਦੀ ਹੈ। ਪਿੰਡਾਂ ਦੇ ਆਮ ਲੋਕਾਂ ਵਿਚ ਛੋਟੇ-ਛੋਟੇ ਵਿਸ਼ਵਾਸ ਇਸੇ ਕਰਕੇ ਜਨਮ ਲੈਣ ਲੱਗ ਪੈਂਦੇ ਹਨ ਜਿਨ੍ਹਾਂ ਵਿਚੋਂ ਲੋਕ ਆਤਮ-ਸੰਤੁਸ਼ਟੀ ਲੱਭਦੇ ਹਨ। ਇਹ ਵਿਸ਼ਵਾਸ ਕਰਮਕਾਂਡ ਵੱਲ ਲੈ ਕੇ ਜਾਣ ਦੇ ਨਾਲ-ਨਾਲ ਵਿਰੋਧਤਾ ਪੈਦਾ ਕਰਨ ਦਾ ਕਾਰਜ ਵੀ ਕਰਦੇ ਹਨ। ਗੁਰੂ ਜੀ ਕੇਵਲ ਇਕ ਪਰਮਾਤਮਾ ਵਿਚ ਵਿਸ਼ਵਾਸ ਪੈਦਾ ਕਰਨ 'ਤੇ ਜ਼ੋਰ ਦਿੰਦੇ ਹਨ ਜਿਹੜਾ ਸਮੁੱਚੀ ਲੋਕਾਈ ਦਾ ਪਿਤਾ ਅਤੇ ਸਭਨਾਂ ਦੇ ਕਾਰਜ ਸਵਾਰਨ ਦੀ ਸਮਰੱਥਾ ਰੱਖਦਾ ਹੈ।

ਗੁਰੂ ਜੀ ਦੇ ਨਾਂ 'ਤੇ ਪਿੰਡਾਂ ਵਿਚ ਵਰ-ਸਰਾਪ ਦੀਆਂ ਸਾਖੀਆਂ ਆਮ ਸੁਣਾਈਆਂ ਜਾਂਦੀਆਂ ਹਨ। ਸਰਾਪੇ ਗਏ ਚੌਧਰੀ ਹੰਕਾਰ ਦਾ ਪ੍ਰਤੀਕ ਸਨ ਜਿਨ੍ਹਾਂ ਦੇ ਮਨ ਵਿਚ ਰਾਹਗੀਰਾਂ, ਮੁਸਾਫ਼ਰਾਂ ਅਤੇ ਲੋੜਵੰਦਾਂ ਲਈ ਕੋਈ ਥਾਂ ਨਹੀਂ ਸੀ।

ਇਹ ਹੰਕਾਰ ਹੀ ਉਹਨਾਂ ਦੇ ਪਤਨ ਦਾ ਕਾਰਨ ਬਣਿਆ। ਇਸ ਦੇ ਉਲਟ ਜਿਹੜੇ ਵਿਅਕਤੀਆਂ ਨੇ ਗੁਰੂ ਜੀ ਪ੍ਰਤੀ ਸੇਵਾ ਅਤੇ ਸ਼ਰਧਾ ਭਾਵਨਾ ਪ੍ਰਗਟ ਕੀਤੀ, ਉਹ ਨਿਮਰਤਾ ਦਾ ਪ੍ਰਤੀਕ ਬਣ ਕੇ ਜੀਵਨ ਆਦਰਸ਼ ਦੀ ਪ੍ਰਾਪਤੀ ਕਰ ਗਏ। ਦੂਜਿਆਂ ਪ੍ਰਤੀ ਹਮਦਰਦੀ ਅਤੇ ਪ੍ਰੇਮ ਦੀ ਭਾਵਨਾ ਰੱਖਣ ਨਾਲ ਹੀ ਮਨ ਜਿੱਤਿਆ ਜਾ ਸਕਦਾ ਹੈ ਜਿਹੜਾ ਕਿ ਅਧਿਆਤਮਿਕ ਉੱਨਤੀ, ਸਮਾਜਿਕ ਵਿਕਾਸ ਅਤੇ ਭਾਈਚਾਰਕ ਸਾਂਝ ਦਾ ਕਾਰਨ ਬਣਦਾ ਹੈ। ਕਿਰਤ ਕਮਾਈ ਵਿਚੋਂ ਵੰਡ ਕੇ ਛਕਣਾ ਅਤੇ ਲੋੜਵੰਦਾਂ ਦੀ ਸਹਾਇਤਾ ਕਰਨੀ ਗੁਰੂ ਸਾਹਿਬ ਦੇ ਜੀਵਨ ਦਾ ਉਦੇਸ਼ ਸੀ। ਪਿੰਡਾਂ ਵਿਚ ਗੁਰੂ ਸਾਹਿਬਾਨ ਨਾਲ ਜੁੜੀਆਂ ਹੋਈਆਂ ਸਾਖੀਆਂ ਉਹਨਾਂ ਦੀ ਇਸ ਸਿੱਖਿਆ ਦੀ ਗਵਾਹੀ ਭਰਦੀਆਂ ਹਨ।

ਗੁਰੂ ਜੀ ਦੀਆਂ ਜੀਵਨ ਯਾਤਰਾਵਾਂ ਵਿਚੋਂ ਮਾਫ਼ ਕਰਨ ਦਾ ਗੁਣ ਬਹੁਤ ਉੱਭਰ ਕੇ ਸਾਹਮਣੇ ਆਉਂਦਾ ਹੈ। ਜਦੋਂ ਕਿਸੇ ਪਿੰਡ ਵਿਚ ਗੁਰੂ ਜੀ ਦਾ ਸਤਿਕਾਰ ਨਹੀਂ ਹੁੰਦਾ ਜਾਂ ਹਉਮੈਂ ਵੱਸ ਕੋਈ ਨਿਰਾਦਰ ਕਰ ਦਿੰਦਾ ਹੈ ਤਾਂ ਉਹ ਕਿਸੇ ਨੂੰ ਕੁੱਝ ਕਹੇ ਬਗ਼ੈਰ ਅੱਗੇ ਚਲੇ ਜਾਂਦੇ ਹਨ। ਜਦੋਂ ਪਿੰਡ ਵਾਸੀਆਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਗੁਰੂ ਜੀ ਤੋਂ ਮਾਫ਼ੀ ਮੰਗਣ ਲਈ ਉਹਨਾਂ ਦੇ ਪਿੱਛੇ ਅਗਲੇ ਪਿੰਡ ਚਲੇ ਜਾਂਦੇ ਹਨ। ਪਿੰਡ ਵਾਸੀਆਂ ਨੂੰ ਉਹਨਾਂ ਦੀ ਗਲਤੀ ਦਾ ਅਹਿਸਾਸ ਹੋਇਆ ਦੇਖ ਕੇ ਗੁਰੂ ਜੀ ਉਹਨਾਂ ਨੂੰ ਮਾਫ਼ ਕਰ ਦਿੰਦੇ ਹਨ। ਮਾਫ਼ੀ ਮੰਗਣ ਵਾਲੇ ਗੁਰੂ ਜੀ ਲਈ ਦੁੱਧ, ਗੁੜ ਆਦਿ ਭੇਟ ਕਰਨ ਲਈ ਲੈ ਕੇ ਆਉਂਦੇ ਹਨ। ਗੁਰੂ ਜੀ ਸੰਕੇਤ ਮਾਤਰ ਇਹ ਪਦਾਰਥ ਗ੍ਰਹਿਣ ਕਰਕੇ ਉਹਨਾਂ ਨੂੰ ਗਲ ਨਾਲ ਲਾਉਂਦੇ ਹਨ ਅਤੇ ਬਾਕੀ ਪਦਾਰਥ ਸੰਗਤ ਵਿਚ ਵੰਡ ਦਿੰਦੇ ਹਨ। ਗੁਰੂ ਜੀ ਨਾਲ ਜਿਹੜੀ ਸੰਗਤ ਚੱਲ ਰਹੀ ਹੈ, ਉਹ ਪਦਾਰਥ ਇਕੱਤਰ ਨਹੀਂ ਕਰਦੀ ਬਲਕਿ ਜਿਹੜੇ ਪਦਾਰਥ ਆਉਂਦੇ ਹਨ ਉਹਨਾਂ ਨੂੰ ਉਸੇ ਸਮੇਂ ਵਰਤਾ ਦਿੱਤਾ ਜਾਂਦਾ ਹੈ। ਪਦਾਰਥ ਇਕੱਤਰ ਨਾ ਕਰਨ ਅਤੇ ਪਰਮਾਤਮਾ 'ਤੇ ਭਰੋਸਾ ਰੱਖਣ ਦੀਆਂ ਮਿਸਾਲਾਂ ਨਾਲ ਗੁਰੂ ਜੀ ਦੀਆਂ ਜੀਵਨ ਸਾਖੀਆਂ ਭਰੀਆਂ ਪਈਆਂ ਹਨ। ਗੁਰੂ ਜੀ ਦੀਆਂ ਪ੍ਰਚਾਰ-ਯਾਤਰਾਵਾਂ ਦੌਰਾਨ ਜਿਹੜੇ ਚਰਨ ਛੋਹ ਪ੍ਰਾਪਤ ਅਸਥਾਨ ਪ੍ਰਮੁੱਖ ਤੌਰ 'ਤੇ ਉੱਭਰ ਕੇ ਸਾਹਮਣੇ ਆਏ ਹਨ, ਉਹਨਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਗੁਰੂ ਜੀ ਦੇ ਚਰਨ ਛੋਹ ਪ੍ਰਾਪਤ ਗੁਰਧਾਮਾਂ ਦਾ ਵੇਰਵਾ ਦਿੰਦੇ ਹੋਏ ਸੰਬੰਧਿਤ ਅਸਥਾਨ ਨਾਲ ਜੁੜੀਆਂ ਹੋਈਆਂ ਪਰੰਪਰਾਵਾਂ ਅਤੇ ਸਾਖੀਆਂ ਨੂੰ ਧਿਆਨ ਵਿਚ ਰੱਖਿਆ ਗਿਆ ਹੈ।

(ਪੰਜਾਬ)

ਅੰਮ੍ਰਿਤਸਰ

ਅੰਮ੍ਰਿਤਸਰ : ਸਿੱਖ ਧਰਮ ਦਾ ਇਹ ਇਕ ਕੇਂਦਰੀ ਧਾਰਮਿਕ ਅਸਥਾਨ ਹੈ ਜਿੱਥੇ ਸਸ਼ੋਭਿਤ *ਸ੍ਰੀ ਹਰਿਮੰਦਰ ਸਾਹਿਬ* ਵਿਚੋਂ ਪ੍ਰੇਮ, ਭਾਈਚਾਰੇ, ਨਿਮਰਤਾ, ਸੇਵਾ ਅਤੇ ਸੰਜਮ ਦਾ ਸੰਦੇਸ਼ ਪ੍ਰਗਟ ਹੁੰਦਾ ਹੈ। ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਯਤਨਾਂ ਸਦਕਾ ਵਿਕਸਿਤ ਹੋਇਆ ਇਹ ਨਗਰ 'ਗੁਰੂ ਕੀ ਨਗਰੀ' ਵਜੋਂ ਪ੍ਰਸਿੱਧੀ ਪ੍ਰਾਪਤ ਕਰ ਗਿਆ ਹੈ ਜਿਸ ਨੇ ਸਮੁੱਚੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਸਮੁੱਚੇ ਜਗਤ ਵਿਚ ਵੱਸਦੇ ਹੋਏ ਗੁਰਸਿੱਖ ਦਿਨ ਵਿਚ ਦੋ ਵਾਰੀ ਇਸ ਨਗਰ ਦੇ ਦਰਸ਼ਨ-ਇਸ਼ਨਾਨ ਦੀ ਲੋਚਾ ਰੱਖਦੇ ਹੋਏ ਇੱਥੇ ਮੌਜੂਦ ਝੰਡਿਆਂ, ਬੁੰਗਿਆਂ ਦੇ ਸਦੀਵੀ ਕਾਇਮ ਰਹਿਣ ਦੀ ਕਾਮਨਾ ਕਰਦੇ ਹਨ। ਇਸ ਨਗਰ ਵਿਖੇ ਤਿੰਨ ਗੁਰਧਾਮ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦੇ ਹਨ।

1. **ਗੁਰਦੁਆਰਾ ਗੁਰੂ ਕੇ ਮਹਿਲ :** ਇਹ ਅਸਥਾਨ *ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ* ਤੋਂ ਲਗ-ਪਗ ਅੱਧਾ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। *ਸ੍ਰੀ ਹਰਿਮੰਦਰ ਸਾਹਿਬ ਜੀ* ਤੋਂ ਮਾਈ ਸੇਵਾ ਬਜ਼ਾਰ ਵਿਚੋਂ ਹੋ ਕੇ ਸੰਗਤ ਇਸ ਗੁਰਧਾਮ ਤੱਕ ਪੁੱਜਦੀ ਹੈ। ਗੁਰੂ ਅਮਰਦਾਸ ਜੀ ਦੇ ਆਦੇਸ਼ ਅਨੁਸਾਰ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੇ ਇਸ ਨਗਰ ਨੂੰ ਅਬਾਦ ਕਰਨਾ ਅਰੰਭ ਕੀਤਾ ਸੀ। ਇਹਨਾਂ ਨੇ ਇਸ ਅਸਥਾਨ 'ਤੇ ਆਪਣੀ ਰਿਹਾਇਸ਼ ਲਈ

ਜਿਹੜਾ ਘਰ ਬਣਾਇਆ ਸੀ ਉਹ *ਗੁਰਦੁਆਰਾ ਗੁਰੂ ਕੇ ਮਹਿਲ* ਦੇ ਨਾਂ ਨਾਲ ਪ੍ਰਸਿੱਧ ਹੋਇਆ। ਭਾਈ ਜੇਠਾ ਜੀ ਜਦੋਂ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਸੰਗਤ ਸਾਹਮਣੇ ਪ੍ਰਗਟ ਹੋਏ ਤਾਂ ਉਹਨਾਂ ਦੁਆਰਾ ਵਸਾਈ ਜਾ ਰਹੀ ਇਸ ਨਗਰੀ ਨੂੰ 'ਗੁਰੂ ਕਾ ਚੱਕ' ਅਤੇ ਫਿਰ 'ਚੱਕ ਰਾਮਦਾਸਪੁਰ' ਕਿਹਾ ਜਾਣ ਲੱਗਿਆ। ਇਹ ਨਗਰ ਹੁਣ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਗੁਰੂ ਰਾਮਦਾਸ ਜੀ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਇਸ ਅਸਥਾਨ 'ਤੇ ਨਿਵਾਸ ਕਰਦੇ ਰਹੇ। ਇੱਥੇ ਹੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਹੋਇਆ ਅਤੇ ਮੌਜੂਦਾ ਸਮੇਂ ਵਿਚ ਇਸ ਅਸਥਾਨ ਨੂੰ *ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਜੀ* ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਅਸਥਾਨ ਦਾ ਪ੍ਰਬੰਧ ਕਰਦੀ ਹੈ। ਮੌਜੂਦਾ ਗੁਰਧਾਮ ਦੀ ਸੇਵਾ ਬਾਬਾ ਸੇਵਾ ਸਿੰਘ, ਬਾਬਾ ਭਾਗ ਸਿੰਘ ਅਤੇ ਬਾਬਾ ਲਾਭ ਸਿੰਘ ਜੀ ਦੁਆਰਾ ਕਰਵਾਈ ਜਾ ਰਹੀ ਹੈ।

2. **ਗੁਰਦੁਆਰਾ ਥੜ੍ਹਾ ਸਾਹਿਬ :** *ਸ੍ਰੀ ਹਰਿਮੰਦਰ ਸਾਹਿਬ ਜੀ* ਦੇ ਚੌਗਿਰਦੇ ਵਿਚ *ਸ੍ਰੀ ਅਕਾਲ ਤਖ਼ਤ ਸਾਹਿਬ ਜੀ* ਦੇ ਨਾਲ ਸਸ਼ੋਭਿਤ ਇਹ ਗੁਰਧਾਮ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। 1664 ਵਿਚ ਬਾਬਾ ਬਕਾਲਾ ਤੋਂ ਮੁਖੀ ਸਿੱਖਾਂ ਨੂੰ ਨਾਲ ਲੈ ਕੇ ਗੁਰੂ ਜੀ *ਸ੍ਰੀ ਹਰਿਮੰਦਰ ਸਾਹਿਬ ਜੀ* ਦੇ ਦਰਸ਼ਨ ਕਰਨ ਲਈ ਆਏ ਸਨ ਪਰ ਉਸ ਸਮੇਂ ਗੁਰੂ ਪਰਿਵਾਰ ਵਿਚੋਂ ਹਰਿ ਜੀ ਸੋਢੀ ਇੱਥੋਂ ਦਾ ਪ੍ਰਬੰਧ ਕਰ ਰਿਹਾ ਸੀ ਅਤੇ ਉਸ ਨੇ ਗੁਰੂ ਤੇਗ ਬਹਾਦਰ ਜੀ ਦੇ ਆਉਣ ਦੀ ਸੂਚਨਾ ਮਿਲਣ 'ਤੇ ਇਸ ਅਸਥਾਨ ਦੇ ਦਰਵਾਜ਼ੇ ਬੰਦ ਕਰਵਾ ਦਿੱਤੇ ਸਨ। *ਸ੍ਰੀ ਹਰਿਮੰਦਰ ਸਾਹਿਬ* ਪ੍ਰਤੀ ਸਤਿਕਾਰ ਭੇਟ ਕਰਦੇ ਹੋਏ ਗੁਰੂ ਜੀ ਇੱਥੋਂ ਚਲੇ ਗਏ ਸਨ। ਇਸ ਗੁਰਦੁਆਰਾ ਸਾਹਿਬ ਦੇ ਹੇਠਾਂ ਇਕ ਭੋਰਾ ਵੀ ਬਣਿਆ ਹੋਇਆ ਹੈ। ਇਸ ਗੁਰਧਾਮ ਦੀ ਸੇਵਾ-ਸੰਭਾਲ ਦਾ ਕਾਰਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹੈ।

3. **ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਪਾਤਸਾਹੀ ਨੌਵੀਂ :** *ਸ੍ਰੀ ਹਰਿਮੰਦਰ ਸਾਹਿਬ* ਤੋਂ ਲਗ-ਪਗ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਅਸਥਾਨ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਹੈ। 1664 ਵਿਚ ਗੁਰੂ ਜੀ *ਸ੍ਰੀ ਹਰਿਮੰਦਰ ਸਾਹਿਬ* ਦੇ ਦਰਸ਼ਨ ਕਰਨ ਲਈ ਗਏ ਤਾਂ ਪੁਜਾਰੀਆਂ ਨੇ ਇਸ ਦੇ ਦਰਵਾਜ਼ੇ ਬੰਦ ਕਰ ਲਏ ਸਨ। *ਸ੍ਰੀ ਅਕਾਲ ਤਖ਼ਤ ਸਾਹਿਬ* ਦੇ ਨਾਲ ਬਣੇ ਹੋਏ *ਗੁਰਦੁਆਰਾ ਥੜ੍ਹਾ ਸਾਹਿਬ* ਵਾਲੇ ਅਸਥਾਨ ਤੋਂ ਹੀ ਨਮਸਕਾਰ ਕਰ ਕੇ ਗੁਰੂ ਜੀ ਵੱਲਾ ਪਿੰਡ ਵੱਲ ਚੱਲ ਪਏ ਸਨ। ਅੰਮ੍ਰਿਤਸਰ ਦੇ ਬਾਹਰ ਵਿਸ਼ਰਾਮ ਕਰਨ ਲਈ ਗੁਰੂ ਜੀ ਕੁੱਝ ਸਮਾਂ ਇੱਥੇ ਰੁਕੇ ਸਨ। ਗੁਰੂ ਜੀ ਦੀ ਚਰਨ-ਛੋਹ ਪ੍ਰਾਪਤ ਇਸ ਅਸਥਾਨ 'ਤੇ ਇਕ ਥੜ੍ਹਾ ਸਾਹਿਬ ਮੌਜੂਦ ਸੀ ਜਿਸ ਦੀ ਸੇਵਾ ਭਾਈ ਸੰਤ ਸਿੰਘ ਜੀ ਨੇ ਸੰਗਤ ਦੇ ਸਹਿਯੋਗ ਨਾਲ 1904 ਵਿਚ ਕਰਵਾਈ ਸੀ। *ਸ੍ਰੀ ਹਰਿਮੰਦਰ ਸਾਹਿਬ* ਨਾਲ ਅਟੈਚ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਂਦਾ ਹੈ।

ਸਠਿਆਲਾ : ਅੰਮ੍ਰਿਤਸਰ ਜ਼ਿਲੇ ਦਾ ਇਹ ਇਕ ਪੁਰਾਤਨ ਪਿੰਡ ਹੈ ਜਿਹੜਾ ਕਿ ਵਿਕਾਸ ਕਰਦਾ ਹੋਇਆ ਇਕ ਕਸਬੇ ਦਾ ਰੂਪ ਧਾਰਨ ਕਰ ਗਿਆ ਹੈ। ਬਾਬਾ ਬਕਾਲਾ ਤੋਂ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪਿੰਡ ਦੀ ਲਗ-ਪਗ 20,000 ਅਬਾਦੀ ਹੈ ਜਿਸ ਵਿਚੋਂ ਚਾਰ ਸਰਪੰਚ ਚੁਣੇ ਜਾਂਦੇ ਹਨ। ਇੱਥੇ ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਤਿੰਨ ਗੁਰਧਾਮ ਸਸ਼ੋਭਿਤ ਹਨ। ਪਿੰਡ ਦੇ ਅੰਦਰ *ਗੁਰਦੁਆਰਾ ਡੇਰਾ ਸਾਹਿਬ ਪਾਤਸ਼ਾਹੀ ਨੌਵੀਂ* ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਜਦੋਂ ਗੁਰੂ ਸਾਹਿਬ ਇਸ ਪਿੰਡ ਵਿਖੇ ਪੁੱਜੇ ਤਾਂ ਇਕ ਪਿੱਪਲ ਦੇ ਰੁੱਖ ਹੇਠਾਂ ਡੇਰਾ ਕੀਤਾ ਸੀ। ਨਵੇਂ ਗੁਰਧਾਮ ਦੀ ਉਸਾਰੀ ਸਮੇਂ ਇਹ ਰੁੱਖ ਵੱਢ ਦਿੱਤਾ ਗਿਆ ਹੈ। ਸੰਤ ਬਾਬਾ ਲਾਭ ਸਿੰਘ ਕਾਰ ਸੇਵਾ ਵਾਲਿਆਂ ਦੀ ਸਰਪ੍ਰਸਤੀ ਅਧੀਨ ਬਾਬਾ ਦਰਸ਼ਨ ਸਿੰਘ ਜੀ ਟੌਂਗ ਨੇ ਲਗ-ਪਗ 30 ਸਾਲ ਪਹਿਲਾਂ ਇਸ ਦੀ ਕਾਰ ਸੇਵਾ ਕਰਵਾਈ ਸੀ। ਢਾਈ ਕਨਾਲ ਜ਼ਮੀਨ 'ਤੇ ਦਰਬਾਰ ਹਾਲ ਅਤੇ ਹੋਰ ਇਮਾਰਤਾਂ ਬਣੀਆਂ ਹੋਈਆਂ ਹਨ ਅਤੇ ਸਾਢੇ ਅਠਾਰਾਂ ਏਕੜ ਵਾਹੀ ਯੋਗ ਜ਼ਮੀਨ ਇਸ ਦੇ ਨਾਂ ਬੋਲਦੀ ਹੈ।

ਇਸ ਅਸਥਾਨ 'ਤੇ ਪ੍ਰਕਾਸ਼ ਪੁਰਬ ਨੌਵੀਂ ਅਤੇ ਦਸਵੀਂ ਪਾਤਸ਼ਾਹੀ, ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ, ਸ਼ਹੀਦੀ ਦਿਵਸ ਨੌਵੀਂ ਪਾਤਸ਼ਾਹੀ ਅਤੇ ਛੋਟੇ ਸਾਹਿਬਜ਼ਾਦੇ ਆਦਿ ਮਨਾਏ ਜਾਂਦੇ ਹਨ। ਗੁਰੂ ਤੇਗ ਬਹਾਦਰ ਨਗਰ ਵਿਚ ਸਥਿਤ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਕੀਤਾ ਜਾ ਰਿਹਾ ਹੈ। ਸ. ਬਲਕਾਰ ਸਿੰਘ ਜੀ ਸਥਾਨਿਕ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਨ।

ਕਾਲੇਕੇ : ਇਹ ਪਿੰਡ ਬਾਬਾ ਬਕਾਲਾ ਤੋਂ ਲਗ-ਪਗ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਵੱਲੇ ਤੋਂ ਬਾਬਾ ਬਕਾਲਾ ਜਾਂਦੇ ਹੋਏ ਗੁਰੂ ਤੇਗ ਬਹਾਦਰ ਜੀ ਇੱਥੇ ਰੁਕੇ ਤਾਂ ਉਹਨਾਂ ਨੇ ਇੱਥੇ ਇਕ ਬੱਚੇ ਨੂੰ ਦੇਖਿਆ ਜਿਹੜਾ ਚਿੜੀਆਂ ਤੋਂ ਕਣਕ ਦੀ ਰਾਖੀ ਕਰਨ ਦੀ ਬਜਾਏ ਉਹਨਾਂ ਲਈ ਬੱਬਰੀਆਂ ਵਿਚ ਪਾਣੀ ਪਾ ਕੇ ਰੱਖ ਰਿਹਾ ਸੀ। ਗੁਰੂ ਜੀ ਨੇ ਉਸ ਨੂੰ ਅਜਿਹਾ ਕਰਨ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ ਇਹਨਾਂ ਨੂੰ ਵੀ ਭੁੱਖ-ਤ੍ਰੇਹ ਲੱਗਦੀ ਹੋਵੇਗੀ। ਗੁਰੂ ਜੀ ਤੋਂ ਪ੍ਰਭਾਵਿਤ ਹੋ ਕੇ ਇਹ ਉਹਨਾਂ ਦਾ ਸਿੱਖ ਬਣ ਕੇ ਨਾਲ ਤੁਰ ਪਿਆ। ਗੁਰੂ ਤੇਗ ਬਹਾਦਰ ਜੀ ਦੀ ਦਿੱਲੀ ਵਿਖੇ ਸ਼ਹਾਦਤ ਹੋਣ ਉਪਰੰਤ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਅਨੰਦਪੁਰ ਸਾਹਿਬ ਵਿਖੇ ਰਿਹਾ। 1699 ਦੀ ਬੈਸਾਖੀ ਮੌਕੇ ਅੰਮ੍ਰਿਤ ਛੱਕ ਕੇ ਇਹ ਨਰ ਸਿੰਘ ਬਣ ਗਿਆ ਅਤੇ ਅਨੰਦਪੁਰ ਦੇ ਯੁੱਧ ਵਿਚ ਸਖ਼ਤ ਜ਼ਖ਼ਮੀ ਹੋ ਗਿਆ ਸੀ। ਘਨੌਲੀ ਵਿਖੇ ਇਕ ਸਿੱਖ ਪਰਿਵਾਰ ਦੀ ਸੇਵਾ ਨਾਲ ਰਾਜੀ ਹੋਇਆ ਤਾਂ ਦਮਦਮਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਆ ਗਿਆ। ਗੁਰੂ ਜੀ ਦੁਆਰਾ ਬਖ਼ਸ਼ਿਸ਼ ਹੋਈਆਂ ਵਸਤਾਂ ਲੈ ਕੇ ਇਹ ਵਾਪਸ ਆਪਣੇ ਪਿੰਡ ਕਾਲੇਕੇ ਆ ਗਿਆ। ਇਹਨਾਂ ਵਸਤਾਂ ਵਿਚ ਗੁਰੂ ਸਾਹਿਬ ਦਾ ਇਕ ਚੋਲਾ ਵੀ ਸ਼ਾਮਲ ਸੀ ਜਿਸ ਤੋਂ ਇਸ ਗੁਰਧਾਮ ਦਾ ਨਾਂ *ਗੁਰਦੁਆਰਾ ਚੋਲਾ ਸਾਹਿਬ ਪਾਤਸ਼ਾਹੀ ਨੌਵੀਂ* ਪੈ ਗਿਆ। ਇਸ ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਅਧੀਨ ਬਾਬਾ ਨਿਸ਼ਾਨ ਸਿੰਘ ਨੇ 2017 ਵਿਚ ਤਿਆਰ ਕਰਵਾਈ ਸੀ। ਲਗ-ਪਗ 9 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦਰਸ਼ਨੀ ਡਿਉੜ੍ਹੀ, ਪੁਰਾਤਨ ਖੂਹ, ਸਰੋਵਰ ਅਤੇ ਕੁੱਝ ਕਮਰੇ ਬਣੇ ਹੋਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਇਹ *ਗੁਰਦੁਆਰਾ ਬਾਬਾ ਬਕਾਲਾ* ਨਾਲ ਅਟੈਚ ਹੈ।

ਇਸ ਗੁਰਦੁਆਰਾ ਸਾਹਿਬ ਵਿਖੇ ਚੋਲਾ ਸਾਹਿਬ ਤੋਂ ਇਲਾਵਾ ਸ਼ੀਸ਼ੇ ਦੇ ਫਰੇਮ ਵਿਚ ਸੰਭਾਲ ਕੇ ਰੱਖੇ ਹੋਏ ਇਕ ਕਾਗਜ਼ 'ਤੇ ਗੁਰੂ ਸਾਹਿਬ ਦੇ ਤੀਰਮੁਖੀ ਦਸਤਖ਼ਤ ਦੱਸੇ ਜਾਂਦੇ ਹਨ ਪਰ ਹੁਣ ਇਹ ਧੁੰਦਲੇ ਪੈ ਚੁੱਕੇ ਹਨ। ਬਾਬਾ ਨਾਰੂ ਸਿੰਘ ਦੀ ਗੁਰੂ ਸਾਹਿਬ ਨਾਲ ਤਿਆਰ ਕੀਤੀ ਗਈ ਇਕ ਪੁਰਾਤਨ ਤਸਵੀਰ ਅਤੇ *ਸਾਖੀ ਨਾਵੀ ਪਾਤਸਾਹੀ ਕੀ* ਦਾ ਇਕ ਹੱਥ-ਲਿਖਤ ਦਸਤਾਵੇਜ਼ ਵੀ ਇੱਥੇ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਸਾਖੀ ਵਿਚ ਬਾਬਾ ਨਾਰੂ ਦੇ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਟਹਿਲ-ਸੇਵਾ ਨਾਲ ਸੰਬੰਧਿਤ ਸਾਖੀਆਂ ਮੌਜੂਦ ਹਨ।

ਘੁੱਕੇਵਾਲੀ : ਅੰਮ੍ਰਿਤਸਰ ਜ਼ਿਲੇ ਵਿਚ ਇਹ ਪਿੰਡ ਅੰਮ੍ਰਿਤਸਰ-ਅਜਨਾਲਾ ਸੜਕ 'ਤੇ ਕੁਕੜਾਂਵਾਲੀ ਪਿੰਡ ਰਾਹੀਂ 25 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਅਸਥਾਨ ਨੂੰ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਗੁਰੂ ਅਰਜਨ ਦੇਵ ਜੀ ਦੀ ਯਾਦ ਵਿਚ *ਗੁਰਦੁਆਰਾ ਸਾਹਿਬ ਗੁਰੂ ਕਾ ਬਾਗ ਪਾਤਸ਼ਾਹੀ ਪੰਜਵੀਂ* ਅਤੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਸਾਹਿਬ ਗੁਰੂ ਕਾ ਬਾਗ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹਨ। ਇਸ ਅਸਥਾਨ ਨਾਲ ਜੁੜਿਆ ਹੋਇਆ ਇਹ ਮੁਹਾਵਰਾ ਪ੍ਰਸਿੱਧੀ ਪ੍ਰਾਪਤ ਕਰ ਗਿਆ ਹੈ – ਜਿਹੜਾ ਆਖੂ ਗੁਰੂ ਕਾ ਬਾਗ ਉਸ ਨੂੰ ਲੱਗਣਗੇ ਦੂਣੇ ਭਾਗ। ਜਦੋਂ ਗੁਰੂ ਅਰਜਨ ਦੇਵ ਜੀ ਇੱਥੇ ਆਏ ਤਾਂ ਇਸ ਨੂੰ 'ਗੁਰੂ ਕੀ ਰੌੜ' ਕਿਹਾ ਜਾਣ ਲੱਗਿਆ। ਇਸ ਨਗਰ ਦੇ ਵਸਨੀਕ ਭਾਈ ਘੁੱਕੇ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ ਅਤੇ ਇਹਨਾਂ ਦੇ ਚਲੇ ਜਾਣ ਤੋਂ ਬਾਅਦ ਇਸ ਨੇ ਇੱਥੇ ਇਕ ਛੋਟਾ ਜਿਹਾ ਅਸਥਾਨ ਬਣਾ ਲਿਆ। ਇਸ ਦੇ ਅਕਾਲ ਚਲਾਣਾ ਕਰ ਜਾਣ ਤੋਂ ਬਾਅਦ ਇਸ ਦੀ ਸੰਤਾਨ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੀ ਰਹੀ।

1664 ਵਿਚ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਤਾਂ ਭਾਈ ਘੁੱਕੇ ਦੀ ਸੰਤਾਨ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਨੇ ਇਸ ਅਸਥਾਨ 'ਤੇ ਇਕ ਖੂਹ ਅਤੇ ਬਾਗ਼ ਲਵਾ ਕੇ ਇਸ ਨੂੰ ਹਰਿਆ-ਭਰਿਆ ਕਰ ਦਿੱਤਾ ਸੀ ਜਿਸ ਕਰਕੇ ਇਸ ਅਸਥਾਨ ਨੂੰ 'ਗੁਰੂ ਕਾ ਬਾਗ਼' ਕਿਹਾ ਜਾਣ ਲੱਗਿਆ। ਗੁਰੂ ਜੀ ਦੇ ਜਾਣ ਤੋਂ ਬਾਅਦ ਭਾਈ ਘੁੱਕੇ ਦੀ ਸੰਤਾਨ ਨੇ ਇਹਨਾਂ ਦੀ ਯਾਦ ਵਿਚ ਇਕ ਹੋਰ ਅਸਥਾਨ ਦੀ ਉਸਾਰੀ ਕਰ ਦਿੱਤੀ। ਬੰਦਾ ਸਿੰਘ ਬਹਾਦਰ ਤੋਂ ਬਾਅਦ ਸਿੱਖਾਂ ਨੇ ਜਿਸ ਤਰ੍ਹਾਂ ਦੇ ਸੰਕਟ ਦਾ ਸਾਹਮਣਾ ਕੀਤਾ ਉਸ ਵਿਚ ਕਈ ਗੁਰਧਾਮ ਵੀਰਾਨ ਹੋ ਗਏ ਸਨ। ਗੁਰੂ ਕਾ ਬਾਗ ਵੀ ਇਹਨਾਂ ਵਿਚ ਸ਼ਾਮਲ ਸੀ। ਇਸ ਦੀ ਪੁਨਰ-ਉਸਾਰੀ ਦਾ ਵਰਨਨ ਕਰਦੇ ਹੋਏ ਗੁਰਚਰਨ ਸਿੰਘ ਸੈਂਸਰਾ (ਸਹਿੰਸਰਾ) ਦੱਸਦਾ ਹੈ ਕਿ ਸਿੱਖ ਰਾਜ ਦੇ ਅਰੰਭ ਵਿਚ ਹੀ ਸ. ਨਾਹਰ ਸਿੰਘ ਚਮਿਆਰੀ ਆਪਣੀ ਫ਼ੌਜ ਸਮੇਤ ਗੁਰੂ ਕੇ ਬਾਗ ਪੁਜਿਆ ਤੇ ਗੁਰਦੁਆਰਾ ਮੁੜ ਉਸਾਰ ਦਿੱਤਾ। ਪਿੱਛੋਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਇਸ ਪਵਿੱਤਰ ਗੁਰਦੁਆਰੇ ਨੂੰ ਤਕੜੀ ਜਗੀਰ ਮਿਲੀ। ਸਰਦਾਰ ਪੰਜਾਬ ਸਿੰਘ ਖਤਰਾ ਵਾਲਿਆਂ ਇਸ ਗੁਰਦੁਆਰਾ ਸਾਹਿਬ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਲਈ ਅਤੇ ਆਪਣੇ ਵੱਲੋਂ ਚੋਖੀ ਜ਼ਮੀਨ ਇਸ ਦੇ ਨਾਂ ਲਵਾ ਕੇ ਇਸ ਦਾ ਪ੍ਰਬੰਧ ਇਕ ਮਹੰਤ ਦੇ ਹਵਾਲੇ ਕਰ ਦਿੱਤਾ, ਇਸ ਨਾਲ ਇਸ ਗੁਰਦੁਆਰੇ ਦੀ ਸਾਂਭ ਸੰਭਾਲ ਤੇ ਪ੍ਰਬੰਧ ਲਈ ਮਹੰਤੀ ਚੱਲੀ।[1] ਸਮਾਂ ਪਾ ਕੇ ਮਹੰਤਾਂ ਦੁਆਰਾ ਕੀਤੇ ਜਾ ਰਹੇ ਪ੍ਰਬੰਧ ਵਿਚ ਵਿਗਾੜ ਪੈਦਾ ਹੋਣ ਲੱਗਾ ਜਿਸ ਕਰਕੇ 1922 ਵਿਚ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਗੁਰਧਾਮ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ।

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਹਜ਼ਾਰਾ ਸਿੰਘ ਗੁਰੂ ਕਾ ਬਾਗ ਵਾਲਿਆਂ ਨੇ 1988 ਵਿਚ ਤਿਆਰ ਕਰਵਾਈ ਸੀ। ਗੁਰਦੁਆਰਾ ਸਾਹਿਬ ਦੀ 8 ਏਕੜ ਜ਼ਮੀਨ 'ਤੇ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਸੁੰਦਰ ਗੁਰਧਾਮਾਂ ਤੋਂ ਇਲਾਵਾ ਸਰੋਵਰ, ਸ਼ਹੀਦਾਂ ਦੀ ਯਾਦਗਾਰ, ਲੰਗਰ ਹਾਲ, ਦੀਵਾਨ ਹਾਲ, ਦੋ ਖੂਹ ਅਤੇ ਮਾਤਾ ਗੁਜਰ ਕੌਰ ਜੀ ਨਿਵਾਸ ਆਦਿ ਬਣੇ ਹੋਏ ਹਨ। 4 ਏਕੜ, 10 ਕਨਾਲ, ਅਤੇ ਲਗ-ਪਗ ਪੌਣੇ 2 ਏਕੜ ਵਿਚ ਤਿੰਨ ਵੱਖੋ-ਵੱਖਰੇ ਬਾਗ਼ ਹਨ। 140 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਪਬਲਿਕ ਸਕੂਲ ਵੀ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਹੀ ਬਣੇ ਹੋਏ ਹਨ ਜਿਹੜੇ ਕਿ ਬੱਚਿਆਂ ਨੂੰ ਵਿੱਦਿਆ ਪ੍ਰਦਾਨ ਕਰ ਰਹੇ ਹਨ।

ਬਾਬਾ ਬਕਾਲਾ : ਅੰਮ੍ਰਿਤਸਰ ਜ਼ਿਲੇ ਵਿਚ ਸਸ਼ੋਭਿਤ ਇਹ ਪ੍ਰਸਿੱਧ ਧਾਰਮਿਕ ਅਸਥਾਨ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਲੰਮਾ ਸਮਾਂ ਇਸ ਅਸਥਾਨ 'ਤੇ ਨਿਵਾਸ ਕੀਤਾ ਸੀ। ਜਿਸ ਅਸਥਾਨ 'ਤੇ ਪ੍ਰਮੁੱਖ ਦਰਬਾਰ ਹਾਲ ਮੌਜੂਦ ਹੈ, ਗੁਰੂ ਤੇਗ ਬਹਾਦਰ ਜੀ ਨੂੰ ਉੱਥੇ ਗੁਰਿਆਈ ਪ੍ਰਦਾਨ ਕੀਤੀ ਗਈ ਸੀ। ਇਹ ਗੁਰਧਾਮ ਸਭ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆਇਆ ਸੀ। ਉਸ ਸਮੇਂ ਇੱਥੇ ਇਕ ਛੋਟੀ ਜਿਹੀ ਇਮਾਰਤ ਸੀ ਜਿਹੜੀ ਕਿ ਲਗ-ਪਗ ਸੌ ਸਾਲ ਪਹਿਲਾਂ ਔੜਣ ਸ਼ਾਹੀ ਗੁਰਮੁਖਾਂ ਨੇ ਆਪਣੇ ਹੱਥੀਂ ਸੇਵਾ ਕਰਕੇ ਤਿਆਰ ਕੀਤੀ ਸੀ।[2] ਇਸ ਦੇ ਨਾਲ ਹੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਕੁੱਝ ਹੋਰ ਗੁਰਧਾਮਾਂ ਦੇ ਵੀ ਇੱਥੇ ਦਰਸ਼ਨ ਹੁੰਦੇ ਹਨ ਜਿਨ੍ਹਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਂਦਾ ਹੈ।

1. **ਗੁਰਦੁਆਰਾ ਸ੍ਰੀ ਭੋਰਾ ਸਾਹਿਬ :** ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਨੇ ਲੰਮਾ ਸਮਾਂ ਭਜਨ-ਬੰਦਗੀ ਕੀਤੀ ਸੀ। ਜਦੋਂ ਗੁਰੂ ਹਰਿਕ੍ਰਿਸ਼ਨ ਜੀ ਨੇ ਦਿੱਲੀ ਵਿਖੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਬਾਬਾ ਬਕਾਲਾ ਵਿਖੇ ਆਪਣੇ ਉੱਤਰਾਧਿਕਾਰੀ ਹੋਣ ਦਾ ਐਲਾਨ ਕਰ ਦਿੱਤਾ ਤਾਂ ਸ੍ਰੀ ਤੇਗ ਬਹਾਦਰ ਜੀ ਅਗਿਆਤ ਰੂਪ ਵਿਚ ਇਸੇ ਭੋਰੇ

1. ਗੁਰਚਰਨ ਸਿੰਘ ਸਹਿੰਸਰਾ, *ਇਤਿਹਾਸ ਗੁਰੂ ਕਾ ਬਾਗ,* ਪੰਨਾ 10.
2. *ਪੰਚ,* ਲਾਹੌਰ, 12.05.1920.

ਵਿਚ ਮੌਜੂਦ ਸਨ। ਮੱਖਣ ਸ਼ਾਹ ਲੁਬਾਣਾ ਨੇ ਗੁਰੂ ਤੇਗ ਬਹਾਦਰ ਜੀ ਨੂੰ ਸੰਗਤ ਵਿਚ ਸਤਿਗੁਰੂ ਦੇ ਰੂਪ ਵਿਚ ਪ੍ਰਗਟ ਕੀਤਾ ਸੀ। ਗੁਰੂ ਜੀ ਦੀ ਯਾਦ ਵਿਚ ਇੱਥੇ ਇਕ ਅੱਠ-ਕੋਣੀ ਨੌਂ ਮੰਜ਼ਲਾਂ ਇਮਾਰਤ ਸਸ਼ੋਭਿਤ ਹੈ। ਇਸ ਦੇ ਪ੍ਰਵੇਸ਼-ਦੁਆਰ 'ਤੇ ਇਕ ਪੱਥਰ ਲੱਗਿਆ ਹੋਇਆ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਭੋਰਾ ਸਾਹਿਬ ਦੀ ਮੌਜੂਦਾ ਇਮਾਰਤ 1931 ਵਿਚ ਤਿਆਰ ਕਰਵਾਈ ਗਈ ਸੀ।

2. **ਗੁਰਦੁਆਰਾ ਸ੍ਰੀ ਮੰਜੀ ਸਾਹਿਬ :** *ਗੁਰਦੁਆਰਾ ਸ੍ਰੀ ਭੌਰਾ ਸਾਹਿਬ* ਦੇ ਸਾਹਮਣੇ ਅਤੇ ਪ੍ਰਮੁੱਖ ਦਰਬਾਰ ਹਾਲ ਦੇ ਬਾਹਰ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇਹ ਅਸਥਾਨ ਸਸ਼ੋਭਿਤ ਹੈ। ਇਹ ਅਸਥਾਨ ਗੁਰੂ ਤੇਗ ਬਹਾਦਰ ਜੀ ਦੇ ਸੰਗਤ ਵਿਚ ਪ੍ਰਗਟ ਹੋਣ ਦੀ ਯਾਦ ਦਿਵਾਉਂਦਾ ਹੈ। ਇਸ ਅਸਥਾਨ 'ਤੇ ਜਦੋਂ ਗੁਰੂ ਜੀ ਨੇ ਦੀਵਾਨ ਲਗਾਇਆ ਤਾਂ ਧੀਰ ਮੱਲ ਦੇ ਮਸੰਦ ਸ਼ੀਹੇਂ ਨੇ ਉਹਨਾਂ 'ਤੇ ਗੋਲੀ ਚਲਾ ਦਿੱਤੀ ਸੀ ਜਿਹੜੀ ਕਿ ਕੋਈ ਨੁਕਸਾਨ ਕੀਤੇ ਬਗੈਰ ਅੱਗੇ ਲੰਘ ਗਈ। ਜਦੋਂ ਗੁਰਸਿੱਖਾਂ ਨੇ ਸ਼ੀਹੇਂ ਮਸੰਦ ਅਤੇ ਧੀਰ ਮੱਲ ਨੂੰ ਕਾਬੂ ਕਰ ਲਿਆ ਤਾਂ ਗੁਰੂ ਜੀ ਨੇ ਆਪਣੇ ਸੁਭਾਅ ਅਨੁਸਾਰ ਉਹਨਾਂ ਨੂੰ ਮਾਫ਼ ਕਰ ਦਿੱਤਾ ਸੀ।

3. **ਸ੍ਰੀ ਦਰਬਾਰ ਸਾਹਿਬ :** ਇਹ ਉਹ ਪ੍ਰਮੁੱਖ ਅਸਥਾਨ ਹੈ ਜਿੱਥੇ ਗੁਰੂ ਰੂਪ ਵਿਚ ਪ੍ਰਗਟ ਹੋਣ ਉਪਰੰਤ ਗੁਰੂ ਜੀ ਸੰਗਤ ਵਿਚ ਗੁਰਮਤਿ ਪ੍ਰਚਾਰ ਕਰਦੇ ਸਨ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਇਸ ਅਸਥਾਨ 'ਤੇ ਬਾਬਾ ਬੁੱਢਾ ਜੀ ਦੀ ਬੰਸ ਵਿਚੋਂ ਭਾਈ ਗੁਰਦਿੱਤਾ ਜੀ ਨੇ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਦੀ ਰਸਮ ਕੀਤੀ ਸੀ। ਇਸ ਅਸਥਾਨ 'ਤੇ ਇਕ ਵੱਡਾ ਦਰਬਾਰ ਹਾਲ ਸਸ਼ੋਭਿਤ ਹੈ ਜਿੱਥੇ ਰੋਜ਼ਾਨਾ ਸੰਗਤ ਜੁੜਦੀ ਹੈ ਅਤੇ ਮਰਯਾਦਾ ਅਨੁਸਾਰ ਨਿਤਨੇਮ ਦੀ ਪਰੰਪਰਾ ਦਾ ਪਾਲਣ ਕੀਤਾ ਜਾਂਦਾ ਹੈ।

ਗੁਰੂ ਤੇਗ ਬਹਾਦਰ ਜੀ ਦੇ ਨਾਲ-ਨਾਲ ਇਸ ਨਗਰ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਗੰਗਾ ਜੀ ਨਾਲ ਸੰਬੰਧਿਤ ਅਸਥਾਨ ਵੀ ਮੌਜੂਦ ਹਨ।

ਬਿਆਸ : ਅੰਮ੍ਰਿਤਸਰ-ਜਲੰਧਰ ਸੜਕ 'ਤੇ ਸਥਿਤ ਇਹ ਨਗਰ ਅੰਮ੍ਰਿਤਸਰ ਤੋਂ 40 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਬਾਬਾ ਬਕਾਲਾ ਤੋਂ 8 ਕਿਲੋਮੀਟਰ ਦੂਰ ਇਸ ਅਸਥਾਨ ਦੀ ਪਰੰਪਰਾ ਦੱਸਦੀ ਹੈ ਕਿ ਜਦੋਂ ਧੀਰ ਮੱਲ ਦੇ ਮਸੰਦ ਸ਼ੀਹਾਂ ਨੇ ਬਾਬਾ ਬਕਾਲਾ ਵਿਖੇ ਗੁਰੂ ਤੇਗ ਬਹਾਦਰ ਜੀ 'ਤੇ ਗੋਲੀ ਚਲਾਈ ਤਾਂ ਭਾਈ ਮੱਖਣ ਸ਼ਾਹ ਲੁਬਾਣਾ ਦੀ ਅਗਵਾਈ ਵਿਚ ਗੁਰਸਿੱਖਾਂ ਨੇ ਇਹਨਾਂ ਦੋਵਾਂ ਨੂੰ ਫੜ ਕੇ ਗੁਰੂ ਸਾਹਿਬ ਕੋਲ ਪੇਸ਼ ਕੀਤਾ ਅਤੇ ਇਹਨਾਂ ਦੁਆਰਾ ਗੁਰੂ-ਘਰ ਵਿਚੋਂ ਲੁੱਟਿਆ ਗਿਆ ਸਮਾਨ ਵਾਪਸ ਲਿਆਂਦਾ ਅਤੇ ਨਾਲ ਹੀ ਇਹਨਾਂ ਦਾ ਕੁੱਝ ਸਮਾਨ ਵੀ ਖੋਹ ਲਿਆ ਸੀ। ਗੁਰੂ ਜੀ ਨੇ ਧੀਰ ਮੱਲ ਨੂੰ ਮਾਫ਼ ਕਰ ਕੇ ਉਸ ਦਾ ਸਮਾਨ ਮੋੜਨ ਦਾ ਆਦੇਸ਼ ਦੇ ਦਿੱਤਾ ਸੀ। ਸਿੱਖਾਂ ਨੇ ਬਾਕੀ ਸਮਾਨ ਤਾਂ ਮੋੜ ਦਿੱਤਾ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਆਪਣੇ ਕੋਲ ਰੱਖ ਲਈ ਸੀ। ਜਦੋਂ ਗੁਰੂ ਜੀ ਬਿਆਸ ਦਰਿਆ ਕੋਲ ਪੁੱਜੇ ਤਾਂ ਉਹਨਾਂ ਨੂੰ ਪਤਾ ਲੱਗਿਆ ਕਿ ਸਿੱਖਾਂ ਨੇ ਧੀਰ ਮੱਲ ਨੂੰ ਬੀੜ ਵਾਪਸ ਨਹੀਂ ਕੀਤੀ। ਗੁਰੂ ਜੀ ਨੇ ਕਿਹਾ ਕਿ ਇਹ ਬੀੜ ਧੀਰ ਮੱਲ ਦੀ ਅਮਾਨਤ ਹੈ ਇਹ ਉਸ ਨੂੰ ਵਾਪਸ ਕਰ ਦੇਣੀ ਚਾਹੀਦੀ ਹੈ, ਅਸੀਂ ਹੋਰ ਬੀੜ ਤਿਆਰ ਕਰ ਲਵਾਂਗੇ। ਗੁਰੂ ਸਾਹਿਬ ਨੇ ਸਤਿਕਾਰ ਸਹਿਤ ਬੀੜ ਨੂੰ ਉੱਥੇ ਹੀ ਰੱਖ ਦਿੱਤਾ ਅਤੇ ਇਕ ਸਿੱਖ ਨੂੰ ਧੀਰ ਮੱਲ ਕੋਲ ਸੁਨੇਹਾ ਦੇਣ ਲਈ ਭੇਜਿਆ ਕਿ ਉਹ ਬੀੜ ਲੈ ਜਾਵੇ। ਧੀਰ ਮੱਲ ਇਹ ਬੀੜ ਇੱਥੋਂ ਕਰਤਾਰਪੁਰ ਸਾਹਿਬ ਵਿਖੇ ਲੈ ਗਿਆ ਸੀ। ਇਸ ਅਸਥਾਨ 'ਤੇ *ਗੁਰਦੁਆਰਾ ਅਮਾਨਤਸਰ ਸਾਹਿਬ* ਸਥਿਤ ਹੈ।

ਇਸ ਗੁਰਧਾਮ ਦੀ ਮੌਜੂਦਾ ਇਮਾਰਤ ਲਗ-ਪਗ 40 ਸਾਲ ਪਹਿਲਾਂ ਦੀ ਬਣੀ ਹੋਈ ਹੈ ਜਿਸ ਦੀ ਸੇਵਾ-ਸੰਭਾਲ ਬਾਬਾ ਗੱਜਣ ਸਿੰਘ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਦੀ ਸਰਪ੍ਰਸਤੀ ਅਧੀਨ ਬਾਬਾ ਦਇਆ ਸਿੰਘ ਕਰ ਰਹੇ ਹਨ। ਲਗ-ਪਗ 10 ਏਕੜ ਵਿਚ ਦਰਬਾਰ ਹਾਲ, ਲੰਗਰ ਹਾਲ ਅਤੇ ਨਿਹੰਗ ਸਿੰਘਾਂ ਦੀ ਛਾਉਣੀ ਮੌਜੂਦ ਹੈ। ਇਸ ਗੁਰਧਾਮ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ *ਦਸਮ ਗ੍ਰੰਥ ਸਾਹਿਬ* ਅਤੇ *ਸਰਬ ਲੋਹ ਗ੍ਰੰਥ* ਦਾ

ਪ੍ਰਕਾਸ਼ ਕੀਤਾ ਜਾਂਦਾ ਹੈ। ਦਰਿਆ ਬਿਆਸ ਦਾ ਪਾਣੀ ਇਸ ਇਮਾਰਤ ਤੱਕ ਆ ਜਾਂਦਾ ਹੈ ਇਸ ਲਈ ਇਹ ਇਮਾਰਤ ਜ਼ਮੀਨ ਤੋਂ ਲਗ-ਪਗ 20 ਫੁੱਟ ਉੱਚੀ ਬਣਾਈ ਹੋਈ ਹੈ। ਗੁਰਪੁਰਬਾਂ ਤੋਂ ਇਲਾਵਾ ਸੰਗਰਾਂਦ, ਮੱਸਿਆ, ਬੈਸਾਖੀ ਆਦਿ ਮਨਾਏ ਜਾਂਦੇ ਹਨ। ਮੁੱਖ ਸੜਕ 'ਤੇ ਹੋਣ ਕਰਕੇ ਇੱਥੋਂ ਲੰਘਣ ਵਾਲੇ ਸਮੂਹ ਨਗਰ ਕੀਰਤਨ ਇੱਥੇ ਰੁਕ ਕੇ ਅੱਗੇ ਜਾਂਦੇ ਹਨ।

ਮੱਖਣਵਿੰਡੀ : ਅੰਮ੍ਰਿਤਸਰ ਜ਼ਿਲੇ ਵਿਚ ਕਾਲੇਕੇ ਤੋਂ ਤਰਸਿੱਕਾ, ਨਵਾਂ ਪਿੰਡ ਰਾਹੀਂ ਇਹ ਪਿੰਡ 25 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਗੁਰੂ ਤੇਗ ਬਹਾਦਰ ਜੀ ਵੱਲ੍ਹਾ ਸਾਹਿਬ ਤੋਂ ਇੱਥੇ ਆਏ ਸਨ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਗੁਰੂ ਤੇਗ ਬਹਾਦਰ ਜੀ* ਸਸ਼ੋਭਿਤ ਹੈ। ਬਾਬਾ ਅਜਾਇਬ ਸਿੰਘ ਇਸ ਦੀ ਸੇਵਾ-ਸੰਭਾਲ ਕਰ ਰਹੇ ਹਨ।

ਵੱਲਾ : ਅੰਮ੍ਰਿਤਸਰ ਤੋਂ ਲਗ-ਪਗ 7 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਪਿੰਡ ਮੌਜੂਦਾ ਸਮੇਂ ਵਿਚ ਇਸੇ ਨਗਰ ਵਿਚ ਹੀ ਸ਼ਾਮਲ ਹੋ ਗਿਆ ਹੈ। ਇਸ ਪਿੰਡ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਦੋ ਗੁਰਧਾਮ ਮੌਜੂਦ ਹਨ:

1. **ਗੁਰਦੁਆਰਾ ਕੋਠਾ ਸਾਹਿਬ :** ਇਹ ਗੁਰਦੁਆਰਾ ਪਿੰਡ ਦੇ ਵਿਚਕਾਰ ਮੌਜੂਦ ਹੈ। *ਸ੍ਰੀ ਹਰਿਮੰਦਰ ਸਾਹਿਬ* ਤੋਂ ਚੱਲ ਕੇ *ਦਮਦਮਾ ਸਾਹਿਬ* ਹੁੰਦੇ ਹੋਏ ਗੁਰੂ ਜੀ ਇਸ ਪਿੰਡ ਵਿਖੇ ਆਏ ਸਨ। ਪਿੰਡ ਦੀਆਂ ਮਾਈਆਂ ਨੇ ਗੁਰੂ ਜੀ ਪ੍ਰਤੀ ਸਤਿਕਾਰ ਪ੍ਰਗਟ ਕੀਤਾ ਅਤੇ ਉਹਨਾਂ ਨੂੰ ਪ੍ਰਸ਼ਾਦਾ ਛਕਾਇਆ ਸੀ ਜਿਸ ਤੋਂ ਖ਼ੁਸ਼ ਹੋ ਕੇ ਗੁਰੂ ਜੀ ਨੇ ਉਹਨਾਂ ਨੂੰ 'ਵੱਲਾ ਗੁਰੂ ਕਾ ਗੱਲਾ' ਅਤੇ 'ਮਾਈਆਂ ਰੱਬ ਰਜਾਈਆਂ ਭਗਤੀ ਲਾਈਆਂ' ਦਾ ਅਸ਼ੀਰਵਾਦ ਦਿੱਤਾ ਸੀ। ਇਸੇ ਪਿੰਡ ਦੀ ਇਕ ਮਾਈ ਹਰੋ ਦੇ ਗ੍ਰਹਿ ਵਿਖੇ ਗੁਰੂ ਜੀ ਨੇ ਨਿਵਾਸ ਕੀਤਾ ਜਿੱਥੇ ਹੁਣ *ਗੁਰਦੁਆਰਾ ਕੋਠਾ ਸਾਹਿਬ* ਸਸ਼ੋਭਿਤ ਹੈ। ਮਾਘ ਦੀ ਪੂਰਨਮਾਸੀ ਨੂੰ ਇੱਥੇ ਜੋੜ ਮੇਲਾ ਅਰੰਭ ਹੁੰਦਾ ਹੈ ਜਿਹੜਾ ਕਿ ਫੱਗਣ ਦੀ ਪੂਰਨਮਾਸੀ ਤੱਕ ਇਕ ਮਹੀਨਾ ਚੱਲਦਾ ਹੈ। ਕਿਹਾ ਜਾਂਦਾ ਹੈ ਕਿ ਇਸ ਜਗ੍ਹਾ 'ਤੇ ਗੁਰਦੁਆਰਾ ਸਾਹਿਬ ਦੀ ਜਿਹੜੀ ਇਮਾਰਤ ਮੌਜੂਦ ਸੀ ਉਹ 1905 ਵਿਚ ਆਏ ਭੁਚਾਲ ਕਾਰਨ ਢਹਿ ਗਈ ਸੀ। ਫਿਰ ਇਸ ਜਗ੍ਹਾ 'ਤੇ ਗੁਰਦੁਆਰਾ ਸਾਹਿਬ ਦੀ ਇਕ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਗਈ। ਗੁਰਦੁਆਰੇ ਦੇ ਦਰਵਾਜ਼ੇ ਦੇ ਬਿਲਕੁਲ ਸਾਹਮਣੇ ਪਰਿਕਰਮਾ ਦੇ ਨਾਲ ਇਕ ਪੁਰਾਤਨ ਖੂਹ ਸੰਭਾਲ ਕੇ ਰੱਖਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਇਸ 'ਤੇ ਬਲਦ ਵਾਲੀ ਹਲਟੀ ਨਾਲ ਪਾਣੀ ਕੱਢਿਆ ਜਾਂਦਾ ਸੀ ਤੇ ਉਹ ਪਾਣੀ ਸੰਗਤਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ ਸੀ।[1]

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਹਰਬੰਸ ਸਿੰਘ ਜੀ ਦੀ ਸਰਪ੍ਰਸਤੀ ਅਧੀਨ ਬਾਬਾ ਮਹਿੰਦਰ ਸਿੰਘ ਜੀ ਨੇ 1998 ਵਿਚ ਅਰੰਭ ਕਰਵਾਈ ਸੀ। ਜਗ੍ਹਾ ਘੱਟ ਹੋਣ ਕਰਕੇ ਆਸ-ਪਾਸ ਦੇ ਵਸਨੀਕਾਂ ਤੋਂ ਘਰ ਖਰੀਦ ਕੇ ਇਸ ਦੇ ਚੌਗਿਰਦੇ ਨੂੰ ਖੁੱਲ੍ਹਾ ਕੀਤਾ ਗਿਆ ਅਤੇ 2004 ਵਿਚ ਨਵਾਂ ਦਰਬਾਰ ਹਾਲ ਸੰਪੂਰਨ ਕਰਕੇ ਉਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ ਗਿਆ। ਲਗ-ਪਗ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦੀਵਾਨ ਹਾਲ, ਦਫ਼ਤਰ ਆਦਿ ਬਣੇ ਹੋਏ ਹਨ ਅਤੇ ਸਾਢੇ ਤਿੰਨ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ।

ਬਾਬਾ ਦਲੀਪ ਸਿੰਘ ਇਸ ਗੁਰਧਾਮ ਦੀ ਲੰਮਾ ਸਮਾਂ ਸੇਵਾ ਕਰਦੇ ਰਹੇ ਹਨ। ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਤਰਸੇਮ ਸਿੰਘ ਨੇ ਦੱਸਿਆ ਕਿ 1947 ਵਿਚ ਭਾਰਤ-ਪਾਕਿ ਵੰਡ ਦੌਰਾਨ ਇਹ ਨਨਕਾਣਾ ਸਾਹਿਬ ਤੋਂ ਇੱਥੇ ਆਏ ਸਨ। ਗੁਰੂ-ਘਰ ਦੀ ਸੇਵਾ ਦੇ ਨਾਲ-ਨਾਲ ਇਹ ਵੈਦਗੀ ਵੀ ਕਰਦੇ ਸਨ ਅਤੇ ਇਲਾਜ ਦੇ ਪੈਸੇ ਬਹੁਤ ਘੱਟ ਲੈਂਦੇ ਸਨ, ਗਰੀਬਾਂ ਦਾ ਇਲਾਜ ਮੁਫ਼ਤ ਕਰਦੇ ਸਨ। 52 ਸਾਲ ਇਹਨਾਂ ਨੇ ਗੁਰੂ-ਘਰ ਦੀ ਸੇਵਾ ਕੀਤੀ ਜਿਸ ਨੂੰ ਦੇਖਦੇ

1. ਜਸਵੰਤ ਸਿੰਘ ਜੱਸ, ਗੁਰਦੁਆਰਾ ਕੋਠਾ ਸਾਹਿਬ, ਵੱਲਾ, *ਅਜੀਤ,* 15.04.1986.

ਹੋਏ ਇਹਨਾਂ ਦੀ ਯਾਦ ਵਿਚ ਮੁੱਖ ਸੜਕ 'ਤੇ ਇਕ ਵੱਡੇ ਗੇਟ ਦੀ ਉਸਾਰੀ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਦਾ ਪ੍ਰਬੰਧ ਕਰਦੀ ਹੈ। ਮੌਜੂਦਾ ਸਮੇਂ ਵਿਚ ਰਿਸੀਵਰ ਲੱਗਿਆ ਹੋਇਆ ਹੈ।

2. ਗੁਰਦੁਆਰਾ ਗੁਰਿਆਣਾ ਸਾਹਿਬ : ਅੰਮ੍ਰਿਤਸਰ-ਬਿਆਸ ਸੜਕ 'ਤੇ ਮਿਲਟਰੀ ਦੀ ਛਾਉਣੀ ਦੇ ਨਾਲ *ਗੁਰਦੁਆਰਾ ਗੁਰਿਆਣਾ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਇਹ ਮਾਤਾ ਹਰੋ ਜੀ ਦੇ ਖੇਤ ਸਨ ਅਤੇ ਗੁਰੂ ਤੇਗ ਬਹਾਦਰ ਜੀ ਦਮਦਮਾ ਸਾਹਿਬ ਤੋਂ ਪਹਿਲਾਂ ਇਸ ਅਸਥਾਨ 'ਤੇ ਆਏ ਸਨ ਅਤੇ ਇੱਥੇ ਹੀ ਮਾਤਾ ਜੀ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਸਨ। ਮਾਤਾ ਹਰੋ ਜੀ ਇੱਥੋਂ ਗੁਰੂ ਜੀ ਨੂੰ ਆਪਣੇ ਘਰ ਲੈ ਕੇ ਗਏ ਸਨ। ਪਹਿਲਾਂ ਇੱਥੇ ਮੰਜੀ ਸਾਹਿਬ ਮੌਜੂਦ ਸੀ ਪਰ 1986 ਵਿਚ ਬਾਬਾ ਹਜਾਰਾ ਸਿੰਘ ਨੇ ਕਾਰ ਸੇਵਾ ਰਾਹੀਂ ਇਸ ਅਸਥਾਨ 'ਤੇ ਮੌਜੂਦਾ ਇਮਾਰਤ ਦੀ ਉਸਾਰੀ ਅਰੰਭ ਕਰਵਾਈ ਸੀ। ਇਹਨਾਂ ਦੇ ਅਕਾਲ ਚਲਾਣਾ ਕਰ ਜਾਣ 'ਤੇ ਬਾਬਾ ਅਜਾਇਬ ਸਿੰਘ ਨੇ ਇਹ ਇਮਾਰਤ ਤਿਆਰ ਕਰਵਾ ਕੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ ਸੀ। ਇਹੀ ਇਸ ਦਾ ਪ੍ਰਬੰਧ ਦੇਖਦੇ ਹਨ। *ਗੁਰਦੁਆਰਾ ਕੋਠਾ ਸਾਹਿਬ, ਵੱਲਾ* ਦੇ ਜੋੜ ਮੇਲੇ 'ਤੇ ਆਉਣ ਵਾਲੀ ਸੰਗਤ ਇੱਥੇ ਵੀ ਹਾਜ਼ਰੀ ਭਰਦੀ ਹੈ।

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)

ਪੰਜਾਬ ਦੀ ਰਾਜਧਾਨੀ ਦੇ ਨਾਲ ਲੱਗਦਾ ਇਹ ਨਗਰ 2006 ਵਿਚ ਜ਼ਿਲੇ ਦਾ ਰੂਪ ਧਾਰਨ ਕਰਕੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲਾ ਬਣ ਗਿਆ ਹੈ। ਇਸ ਜ਼ਿਲੇ ਵਿਚ ਗੁਰੂ ਤੇਗ ਬਹਾਦਰ ਜੀ ਦੇ ਚਰਨ-ਛੋਹ ਅਸਥਾਨਾਂ ਦੇ ਦਰਸ਼ਨ ਹੁੰਦੇ ਹਨ।

ਕੁਰਾਲੀ : ਪੰਜਾਬ ਦੇ ਮੋਹਾਲੀ ਜ਼ਿਲੇ ਵਿਚ ਇਹ ਨਗਰ ਸਰਹਿੰਦ ਤੋਂ ਰੋਪੜ ਜਾਣ ਵਾਲੀ ਸੜਕ 'ਤੇ ਸਥਿਤ ਹੈ। ਇਸ ਨਗਰ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿਚ ਦੋ ਗੁਰਧਾਮ ਦੱਸੇ ਜਾਂਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸੰਬੰਧਿਤ ਗੁਰਧਾਮ ਤਾਂ ਹਾਲੇ ਵੀ ਮੌਜੂਦ ਹੈ ਪਰ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਅਸਥਾਨ ਅਲੋਪ ਹੋ ਚੁੱਕਾ ਹੈ। ਕਿਹਾ ਜਾਂਦਾ ਹੈ ਕਿ ਇਸ ਅਸਥਾਨ ਦਾ ਪ੍ਰਬੰਧ ਨਿਜੀ ਤੌਰ 'ਤੇ ਕੀਤਾ ਜਾਂਦਾ ਸੀ ਪਰ 1920 ਦੀ ਗੁਰਦੁਆਰਾ ਸੁਧਾਰ ਲਹਿਰ ਉਪਰੰਤ ਪ੍ਰਬੰਧ ਨੂੰ ਲੈ ਕੇ ਪੈਦਾ ਹੋਏ ਵਿਵਾਦ ਕਾਰਨ ਇਹ ਬੰਦ ਹੋ ਗਿਆ ਸੀ।[1]

ਘੜੂੰਆਂ : ਮੋਰਿੰਡਾ-ਚੰਡੀਗੜ੍ਹ ਹਾਈਵੇ 'ਤੇ ਮੋਰਿੰਡੇ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਮੌਜੂਦ ਹੈ। ਇਸ ਪਿੰਡ ਵਿਖੇ ਦੋ ਇਤਿਹਾਸਕ ਗੁਰਧਾਮ ਸੁਸ਼ੋਭਿਤ ਹਨ। ਗੁਰੂ ਹਰਿਰਾਇ ਜੀ ਦੀ ਯਾਦ ਵਿਚ *ਗੁਰਦੁਆਰਾ ਸ੍ਰੀ ਦੇਗ ਸਾਹਿਬ ਪਾਤਸ਼ਾਹੀ ਸਤਵੀਂ* ਪਿੰਡ ਦੇ ਅੰਦਰ ਮੌਜੂਦ ਹੈ ਅਤੇ *ਗੁਰਦੁਆਰਾ ਸ੍ਰੀ ਅਕਾਲਗੜ੍ਹ ਸਾਹਿਬ* ਪਿੰਡ ਦੇ ਬਾਹਰ ਸਥਿਤ ਹੈ ਜਿਹੜਾ ਕਿ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਮੋਰਿੰਡੇ ਤੋਂ ਆਉਂਦੇ ਹੋਏ ਘੜੂੰਆਂ ਦਾ ਪੁੱਲ ਉੱਤਰ ਕੇ ਖੱਬੇ ਹੱਥ ਅੱਧਾ ਕਿਲੋਮੀਟਰ ਅੰਦਰ ਵੱਲ ਇਸ ਗੁਰਧਾਮ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਸਥਾਨਿਕ ਰਵਾਇਤ ਦੱਸਦੀ ਹੈ ਕਿ ਬਲਰਾਮ (ਬਲਪਰਾਮ) ਤਰਖਾਣ ਨੇ ਗੁਰੂ ਜੀ ਦੀ ਸੇਵਾ ਕਰਦੇ ਹੋਏ ਬੇਨਤੀ ਕੀਤੀ ਕਿ ਸਾਡੇ ਘਰ ਵਿਚੋਂ ਤਪਦਿਕ ਦਾ ਰੋਗ ਨਹੀਂ ਜਾਂਦਾ। ਗੁਰੂ ਜੀ ਨੇ ਬਚਨ ਕੀਤਾ ਕਿ ਇਸ ਛੱਪੜੀ ਵਿਚ ਇਸ਼ਨਾਨ ਅਤੇ ਸੰਗਤ ਦੀ ਸੇਵਾ ਕਰੋ। ਪੁਰਾਣੀ ਛੱਪੜੀ ਹੁਣ ਸਰੋਵਰ ਦੇ ਰੂਪ ਵਿਚ ਤਬਦੀਲ ਹੋ ਗਈ ਹੈ। 1931 ਵਿਚ ਭਾਈ ਧੰਨਾ ਸਿੰਘ ਇਸ ਪਿੰਡ ਵਿਖੇ ਪੁੱਜੇ ਤਾਂ ਇੱਥੇ ਗੁਰਧਾਮ ਦੀ ਨਵੀਂ ਇਮਾਰਤ ਦੀ ਉਸਾਰੀ ਹੋ ਰਹੀ ਸੀ

1. Gurmukh Singh, *Historical Sikh Shrines*, p. 168.

ਅਤੇ ਭਾਈ ਰਾਮ ਸਿੰਘ ਮੁੱਖ ਸੇਵਾਦਾਰ ਸਨ।[1] ਇਸ ਤੋਂ ਬਾਅਦ ਬਾਬਾ ਨਿਰੰਜਨ ਸਿੰਘ ਨਿਹੰਗ ਸਿੰਘ ਇੱਥੇ ਸੇਵਾ ਕਰਦੇ ਰਹੇ ਹਨ। ਮੌਜੂਦਾ ਸਮੇਂ ਵਿਚ ਬਾਬਾ ਹਰਬੰਸ ਸਿੰਘ ਦੀ ਸੰਸਥਾ ਦੇ ਬਾਬਾ ਗੁਰਦੀਪ ਸਿੰਘ (ਜਥੇਦਾਰ ਬਾਈ ਦੀਪ ਸਿੰਘ) ਸੰਗਤ ਦੇ ਸਹਿਯੋਗ ਨਾਲ ਇਸ ਗੁਰਧਾਮ ਦਾ ਪ੍ਰਬੰਧ ਕਰ ਰਹੇ ਹਨ। ਕਾਰ ਸੇਵਾ ਰਾਹੀਂ 1997 ਵਿਚ ਨਵੀਂ ਇਮਾਰਤ ਦੀ ਉਸਾਰੀ ਹੋਣ 'ਤੇ ਪ੍ਰਕਾਸ਼ ਕੀਤਾ ਗਿਆ ਹੈ। ਲਗ-ਪਗ 4 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ, 15 ਰਿਹਾਇਸ਼ੀ ਕਮਰੇ, ਪੁਰਾਤਨ ਖੂਹ ਆਦਿ ਮੌਜੂਦ ਹਨ।

ਤਸਿੰਬਲੀ : ਇਸ ਨੂੰ ਹਮਾਯੂੰਪੁਰ ਵੀ ਕਿਹਾ ਜਾਂਦਾ ਹੈ। ਅੰਬਾਲਾ-ਚੰਡੀਗੜ੍ਹ ਸੜਕ 'ਤੇ ਅੰਬਾਲਾ ਤੋਂ ਨਰਾਇਣਗੜ੍ਹ ਵਾਲੀ ਸੜਕ ਪੰਜੋਖਰਾ ਸਾਹਿਬ ਤੋਂ 5 ਕਿਲੋਮੀਟਰ ਦੀ ਦੂਰੀ 'ਤੇ ਇਹ ਪੰਜਾਬ ਦੇ ਮੋਹਾਲੀ ਜ਼ਿਲੇ ਵਿਚ ਸਥਿਤ ਹੈ। ਇਸ ਪਿੰਡ ਨੂੰ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ* ਸਸ਼ੋਭਿਤ ਹੈ। ਪਟਨਾ ਸਾਹਿਬ ਤੋਂ ਪੰਜਾਬ ਵਾਪਸ ਆਉਂਦੇ ਹੋਏ ਲਖਨੌਰ ਸਾਹਿਬ ਨਿਵਾਸ ਦੌਰਾਨ ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਆਏ ਸਨ ਅਤੇ ਇੱਥੇ ਉਹਨਾਂ ਨੇ ਇਕ ਧਰਮਾਤਮਾ ਪੁਰਖ ਸ਼ਿਵਚਰਨ ਦਾਸ ਨਾਲ ਵਿਚਾਰ-ਚਰਚਾ ਕੀਤੀ ਸੀ। ਜੁਲਾਈ 1931 ਵਿਚ ਭਾਈ ਧੰਨਾ ਸਿੰਘ ਇੱਥੇ ਆਏ ਸਨ। ਇਸ ਅਸਥਾਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਇਹ ਦੱਸਦੇ ਹਨ ਕਿ ਤਸਿੰਮਲੀ ਪਿੰਡ ਦੇ ਇਸ ਗੁਰਧਾਮ ਵਿਖੇ ਨਿਸ਼ਾਨ ਸਾਹਿਬ ਝੂਲ ਰਿਹਾ ਹੈ ਤੇ ਪ੍ਰਕਾਸ਼ ਹੁੰਦਾ ਹੈ। ਜ਼ਮੀਨ 20-25 ਬਿਗੇ ਮਾਫ਼ੀ ਹੈ। ਮਹੰਤ ਭਾਈ ਪ੍ਰਸਿੰਨ ਸਿੰਘ ਗ੍ਰਿਹਿਸਤੀ ਹੈ। ਰਿਆਸਤ ਪਟਿਆਲਾ ਵੱਲੋਂ 27 ਰੁਪਏ 25 ਆਨੇ ਸਲਾਨਾ ਜਗੀਰ ਮਿਲਦੀ ਹੈ।[2]

ਮੌਜੂਦਾ ਸਮੇਂ ਵਿਚ ਇੱਥੇ ਇਕ ਸੁੰਦਰ ਗੁਰਧਾਮ ਸਸ਼ੋਭਿਤ ਹੈ ਜਿਸ ਦੀ 30 ਸਾਲ ਪਹਿਲਾਂ ਕਾਰ ਸੇਵਾ ਕਰਵਾਈ ਗਈ ਸੀ। ਬਾਬਾ ਹਰਬੰਸ ਸਿੰਘ ਕਾਰ ਸੇਵਾ ਵਾਲਿਆਂ ਦੀ ਸੰਸਥਾ ਦੇ ਬਾਬਾ ਜਗੀਰ ਸਿੰਘ ਨੇ 80 ਫੁੱਟ ਲੰਮਾ ਅਤੇ 40 ਫੁੱਟ ਚੌੜਾ ਦਰਬਾਰ ਹਾਲ ਬਣਾਇਆ ਹੈ। ਇਸ ਤੋਂ ਇਲਾਵਾ ਲਗ-ਪਗ 2 ਏਕੜ ਜ਼ਮੀਨ 'ਤੇ ਲੰਗਰ ਹਾਲ ਅਤੇ ਗ੍ਰੰਥੀ ਸਿੰਘਾਂ ਲਈ ਰਿਹਾਇਸ਼ੀ ਕਮਰੇ ਬਣੇ ਹੋਏ ਹਨ। 25 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟ 1925 ਦੇ ਸੀਰੀਅਲ ਨੰ. 262 'ਤੇ ਦਰਜ ਇਸ ਗੁਰਧਾਮ ਦਾ ਪ੍ਰਬੰਧ ਐਕਟ ਦੀ ਧਾਰਾ 87 ਅਧੀਨ ਕੀਤਾ ਜਾਂਦਾ ਹੈ।

ਸੰਗਰੂਰ

ਮਾਲਵੇ ਦੇ ਇਸ ਪੁਰਾਤਨ ਨਗਰ ਦਾ ਸਿੱਖ ਧਰਮ ਨਾਲ ਸੰਬੰਧ ਗੁਰੂ ਨਾਨਕ ਦੇਵ ਜੀ ਤੋਂ ਜੁੜਦਾ ਹੈ। ਇਹਨਾਂ ਦੀ ਯਾਦ ਵਿੱਚ ਇੱਥੇ *ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ* ਸਸ਼ੋਭਿਤ ਹੈ। ਇਸੇ ਅਸਥਾਨ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਆਏ ਸਨ। ਇਸ ਅਸਥਾਨ 'ਤੇ ਕਰੀਰ ਦਾ ਇਕ ਪੁਰਾਤਨ ਰੁੱਖ ਮੌਜੂਦ ਹੈ ਜਿਸ ਨਾਲ ਗੁਰੂ ਜੀ ਨੇ ਆਪਣਾ ਘੋੜਾ ਬੰਨਿਆ ਸੀ। 1764 ਵਿਚ ਸਿੱਖ ਸਰਦਾਰਾਂ ਨੇ ਅਫ਼ਗਾਨ ਹਾਕਮ ਜ਼ੈਨ ਖ਼ਾਨ ਨੂੰ ਮਾਰ ਕੇ ਸਰਹਿੰਦ 'ਤੇ ਕਬਜ਼ਾ ਕਰ ਲਿਆ ਤਾਂ ਪੰਜਾਬ ਦੇ ਸੁਤੰਤਰ ਹਾਕਮਾਂ ਵਜੋਂ ਇਹਨਾਂ ਨੇ ਆਪੋ-ਆਪਣੇ ਇਲਾਕੇ ਮੱਲਣੇ ਸ਼ੁਰੂ ਕਰ ਦਿੱਤੇ ਸਨ। ਸੰਗਰੂਰ ਰਾਜਾ ਗਜਪਤ ਸਿੰਘ ਦੇ ਹੱਥ ਆਇਆ ਜਿਸ ਨੇ ਜੀਂਦ ਨੂੰ ਆਪਣੀ ਰਾਜਧਾਨੀ ਬਣਾਇਆ ਸੀ। ਰਾਜਾ ਸੰਗਤ ਸਿੰਘ 1822 ਵਿਚ ਜੀਂਦ ਦੀ ਰਾਜਗੱਦੀ 'ਤੇ ਬੈਠਿਆ ਅਤੇ 1827 ਵਿਚ ਇਸ ਨੇ ਸੰਗਰੂਰ ਨੂੰ ਆਪਣੀ ਰਾਜਧਾਨੀ ਬਣਾਇਆ। ਭਾਰਤ-ਪਾਕਿ ਵੰਡ ਉਪਰੰਤ 1948 ਵਿਚ ਇਹ ਨਗਰ ਜ਼ਿਲਾ ਬਣ ਗਿਆ। ਇਸ ਜ਼ਿਲੇ ਵਿਚ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਬਹੁਤ ਸਾਰੇ ਗੁਰਧਾਮ ਸਸ਼ੋਭਿਤ ਹਨ।

---

1. ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ*, ਪੰਨਾ 197.
2. *ਉਹੀ, ਪੰਨਾ 188.*

ਅਕੋਈ : ਸੰਗਰੂਰ ਜ਼ਿਲੇ ਦਾ ਇਹ ਪਿੰਡ *ਗੁਰਦੁਆਰਾ ਨਾਨਕਿਆਣਾ ਸਾਹਿਬ* ਤੋਂ ਚਾਰ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਅਸਥਾਨ ਨੂੰ ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਹੈ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਅਕੋਈ ਸਾਹਿਬ* ਸਸ਼ੋਭਿਤ ਹੈ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਇਸ ਅਸਥਾਨ 'ਤੇ ਸੰਗਤ ਜੁੜਨੀ ਸ਼ੁਰੂ ਹੋ ਗਈ ਸੀ। ਗੁਰੂ ਹਰਿਗੋਬਿੰਦ ਜੀ ਦੇ ਸਮੇਂ ਭਾਈ ਮਾਣਕ ਚੰਦ ਇੱਥੇ ਮੌਜੂਦ ਸਨ ਜਿਸ ਨੇ ਗੁਰੂ ਜੀ ਦੀ ਸੇਵਾ ਕੀਤੀ। ਗੁਰੂ ਜੀ ਨੇ ਇੱਥੇ ਇਕ ਕਰੀਰ ਦੇ ਰੁੱਖ ਨਾਲ ਘੋੜਾ ਬੰਨਿਆ ਸੀ ਜਿਹੜਾ ਕਿ ਹਾਲੇ ਤੱਕ ਸੰਭਾਲ ਕੇ ਰੱਖਿਆ ਹੋਇਆ ਹੈ। ਭਾਈ ਧੰਨਾ ਸਿੰਘ ਚਹਿਲ ਪਟਿਆਲਵੀ ਇਸ ਗੁਰਧਾਮ ਵਿਖੇ ਦੋ ਗੁਰੂ ਸਾਹਿਬਾਨ ਦੇ ਆਉਣ ਦਾ ਜ਼ਿਕਰ ਕਰਦੇ ਹੋਏ ਕਹਿੰਦਾ ਹੈ ਕਿ ਅਕੋਈ ਸਾਹਿਬ ਦੇ ਛਿਪਦੀ ਤਰਫ 200 ਕਰਮਾਂ 'ਤੇ ਛੇਵੇਂ ਪਾਤਸ਼ਾਹ ਜੀ ਦਾ ਗੁਰਦੁਆਰਾ ਹੈ ਜਿਸ ਕਰੀਰ ਦੇ ਦਰਖ਼ਤ ਨਾਲ ਪਿਤਾ ਜੀ ਨੇ ਘੋੜਾ ਬੰਨਿਆ ਸੀ, ਉਹ ਕਰੀਰ ਅੱਜ ਤੱਕ ਮੰਜੀ ਸਾਹਿਬ ਦੇ ਪਾਸ ਹੀ ਹੈ। ਮਾਨਕ ਚੰਦ ਦਾ ਪ੍ਰੇਮ ਦੇਖ ਕੇ ਕਾਂਝਲੇ ਤੋਂ ਛੇਵੇਂ ਪਿਤਾ ਜੀ ਇੱਥੇ ਆਏ ਸਨ। ਇਹਨਾਂ ਤੋਂ ਪਹਿਲਾਂ ਇਸ ਜਗ੍ਹਾ ਪਹਿਲੀ ਪਾਤਸਾਹੀ ਜੀ ਭੀ ਆਏ ਸਨ ਜਿਹੜੇ ਕਿ ਅੱਗੇ ਭੰਬਾਵੰਦੀ ਨੂੰ ਚਲੇ ਗਏ ਸਨ। ਪਿੰਡ ਅਕੋਈ ਦੇ ਗੁਰਦੁਆਰਾ ਸਾਹਿਬ ਕੋਲ 400 ਵਿੱਘੇ ਜ਼ਮੀਨ ਅਤੇ ਜੀਂਦ ਰਿਆਸਤ ਤੋਂ ਸਵਾ ਸੌ ਰੁਪਈਆ ਸਲਾਨਾ ਮਿਲਦਾ ਹੈ। ਲੰਗਰ ਤੇ ਰਿਹਾਇਸ਼ ਹੈ। ਮਹੰਤ ਭਗਤ ਸਿੰਘ ਤੇ ਗੁਰਨਾਮ ਸਿੰਘ ਜੀ ਹਨ।[1]

ਸਥਾਨਿਕ ਪਰੰਪਰਾ ਦੱਸਦੀ ਹੈ ਕਿ ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਤੇਗ ਬਹਾਦਰ ਜੀ ਵੀ ਇੱਥੇ ਆਏ ਸਨ। ਗਿਆਨੀ ਗਿਆਨ ਸਿੰਘ ਇਸ ਨਗਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਆਉਣ ਦਾ ਜ਼ਿਕਰ ਕਰਦੇ ਹਨ। ਇਸ ਤਰ੍ਹਾਂ ਇਹ ਗੁਰਧਾਮ ਚਾਰ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਦੱਸਿਆ ਜਾਂਦਾ ਹੈ।

ਇਸ ਅਸਥਾਨ 'ਤੇ ਇਕ ਪੁਰਾਤਨ ਮੰਜੀ ਸਾਹਿਬ ਸਸ਼ੋਭਿਤ ਸੀ ਜਿਸ ਦੀ ਜਗ੍ਹਾ 'ਤੇ ਨਵੇਂ ਮੰਜੀ ਸਾਹਿਬ ਦੀ ਉਸਾਰੀ ਕਰਵਾਈ ਗਈ ਅਤੇ ਨਾਲ ਹੀ ਦਰਬਾਰ ਹਾਲ ਬਣਿਆ ਹੋਇਆ ਹੈ। ਬਾਬਾ ਸ਼ਯਾਮ ਸਿੰਘ, ਬਾਬਾ ਭਗਤ ਸਿੰਘ, ਬਾਬਾ ਜਗੀਰ ਸਿੰਘ ਆਦਿ ਸ਼ਖ਼ਸੀਅਤਾਂ ਇਸ ਅਸਥਾਨ 'ਤੇ ਸੇਵਾ ਕਰਦੀਆਂ ਰਹੀਆਂ ਹਨ। ਮੌਜੂਦਾ ਸਮੇਂ ਵਿਚ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਸਥਾਨਿਕ ਕਮੇਟੀ ਰਾਹੀਂ ਇਸ ਦਾ ਪ੍ਰਬੰਧ ਕਰਦੀ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ 4 ਏਕੜ ਜ਼ਮੀਨ 'ਤੇ ਦਰਬਾਰ ਹਾਲ, ਮੰਜੀ ਸਾਹਿਬ, ਸਰੋਵਰ, ਡਿਉੜ੍ਹੀ, ਲੰਗਰ ਹਾਲ, 12 ਰਿਹਾਇਸ਼ੀ ਕਮਰੇ ਅਤੇ ਪਸ਼ੂਆਂ ਦਾ ਵਾੜਾ ਬਣਿਆ ਹੋਇਆ ਹੈ। ਲਗ-ਪਗ 65 ਏਕੜ ਵਾਹੀ ਯੋਗ ਜ਼ਮੀਨ ਵਿਚੋਂ ਅੱਧੀ ਠੇਕੇ 'ਤੇ ਦਿੱਤੀ ਜਾਂਦੀ ਹੈ ਅਤੇ ਅੱਧੀ 'ਤੇ ਸਥਾਨਿਕ ਕਮੇਟੀ ਵੱਲੋਂ ਖੇਤੀ ਕਰਵਾਈ ਜਾਂਦੀ ਹੈ। ਸਿਕਲ ਕੀਤੇ ਕੁੱਝ ਪੁਰਾਤਨ ਸ਼ਸਤਰ ਵੀ ਇੱਥੇ ਸੰਭਾਲ ਕੇ ਰੱਖੇ ਹੋਏ ਹਨ।

ਆਲੋਅਰਖ : ਭਵਾਨੀਗੜ੍ਹ ਤੋਂ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਅਸਥਾਨ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਦਿਵਾਉਂਦਾ ਹੈ। ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਆਏ ਸਨ। ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਵਿਸਾਖਾ ਸਿੰਘ ਦੱਸਦਾ ਹੈ, "ਆਲੋਹਰਖ ਰਿਆਸਤ ਪਟਿਆਲਾ ਨਜਾਮਤ ਸੁਨਾਮ ਤਹਿਸੀਲ, ਥਾਣਾ ਭਵਾਨੀਗੜ੍ਹ ਵਿਚ ਇਕ ਪਿੰਡ ਹੈ। ਇਸ ਪਿੰਡ ਤੋਂ ਦੱਖਣ ਵੱਲ ਅੱਧ ਮੀਲ ਦੇ ਕਰੀਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ 'ਗੁਣੀਕੇ' ਤੋਂ ਇੱਥੇ ਆਏ ਹਨ। ਉਸ ਜਗ੍ਹਾ ਗੁਰਦੁਆਰਾ ਬਹੁਤ ਸੁੰਦਰ ਸੰਮਤ 1966 (ਸੰਨ 1909) ਵਿਚ ਨਗਰ ਤੇ ਇਲਾਕੇ ਨਿਵਾਸੀ ਸੰਗਤਾਂ ਨੇ ਬਣਾਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਸਰੂਪ ਪ੍ਰਕਾਸ਼ ਹੁੰਦੇ ਹਨ। ਜਿਸ ਜਗ੍ਹਾ ਗੁਰੂ ਤੇਗ

1. ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ*, ਪੰਨਾ 214.

ਬਹਾਦਰ ਜੀ ਦੇ ਚਰਨ ਪਾਉਣ ਵਾਲੀ ਥਾਂ ਹੈ, ਉੱਥੇ ਛੋਟਾ ਜਿਹਾ ਦਰਬਾਰ ਬਣਿਆ ਹੋਇਆ ਹੈ। ਪਾਸ ਰਿਹਾਇਸ਼ੀ ਮਕਾਨ ਹਨ। ਗੁਰਦੁਆਰੇ ਦੇ ਨਾਮ 125 ਵਿਘੇ ਜ਼ਮੀਨ ਰਿਆਸਤ ਪਟਿਆਲਾ ਵੱਲੋਂ ਹੈ।"[1]

ਇਸੇ ਅਸਥਾਨ 'ਤੇ ਹੀ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀਆਂ ਅਸਤੀਆਂ ਦੱਬੀਆਂ ਹੋਈਆਂ ਹਨ ਜਿਨ੍ਹਾਂ ਸੰਬੰਧੀ ਜਾਣਕਾਰੀ ਦਿੰਦੇ ਹੋਏ *ਗੁਰੂ ਕੀਆਂ ਸਾਖੀਆਂ* ਵਿੱਚ ਦੱਸਿਆ ਗਿਆ ਹੈ ਕਿ "ਦੀਵਾਨ ਟੋਡਰ ਮੱਲ ਕਪੂਰ ਤੇ ਇਸ ਕੇ ਛੋਟੇ ਭਾਈ ਨੇ ਗੈਲ ਹੋਇ ਬਸਤੀ ਸੇ ਬਾਹਰ ਇਨ ਤੀਨੋਂ ਕੀਆਂ ਲਾਸ਼ਾਂ ਲੈ ਜਾਇ ਕੇ ਸਸਕਾਰ ਕਰ ਦੀਆ ਥਾ। ਸਸਕਾਰ ਕੇ ਪਾਛੇ ਤੀਜੇ ਦਿਹੁੰ ਏਕ ਜੋਧ ਸਿੰਘ ਨਾਮੀ ਸਿੱਖ ਤੀਨੋਂ ਕੀ ਭਸਮ ਉਠਾਇ ਆਪਨੇ ਗਾਮ ਮੇਂ ਲੈ ਆਇਆ। ਬਾਹਰ ਝਿੜੀ ਮੇਂ ਲੈ ਜਾਇ ਏਕ ਗਾਗਰ ਮੇਂ ਦਬਾਇ ਦਈ।"[2] ਇਹ ਪਿੰਡ ਪਟਿਆਲਾ ਰਿਆਸਤ ਦੇ ਅਧੀਨ ਸੀ ਅਤੇ ਇੱਥੋਂ ਦੇ ਮਹਾਰਾਜਾ ਕਰਮ ਸਿੰਘ (1798–1845) ਇਸ ਅਸਥਾਨ ਪ੍ਰਤੀ ਬਹੁਤ ਸ਼ਰਧਾ ਰੱਖਦੇ ਸਨ, ਯਥਾਯੋਗ ਸਹਾਇਤਾ ਦਿੰਦੇ ਸਨ।

1991 ਵਿਚ ਬਾਬਾ ਕਿਰਪਾਲ ਸਿੰਘ ਜੀ ਨੇ ਇਸ ਅਸਥਾਨ 'ਤੇ ਇਕ ਨਵੀਂ ਇਮਾਰਤ ਦੀ ਕਾਰ ਸੇਵਾ ਅਰੰਭ ਕਰਵਾਈ, 1995 ਵਿਚ ਸੰਪੂਰਨ ਹੋਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਪਹਿਲਾਂ ਇਕ ਸਥਾਨਿਕ ਕਮੇਟੀ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰਦੀ ਸੀ ਪਰ 1970 ਵਿਚ ਇਹ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆ ਗਿਆ ਜਿਹੜੀ ਕਿ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਦਾ ਪ੍ਰਬੰਧ ਕਰਦੀ ਹੈ। ਲਗ-ਪਗ 3 ਏਕੜ ਜ਼ਮੀਨ 'ਤੇ 2 ਦਰਬਾਰ ਹਾਲ, ਦੀਵਾਨ ਹਾਲ, ਲੰਗਰ ਹਾਲ ਸਰੋਵਰ, 18 ਰਿਹਾਇਸ਼ੀ ਕਮਰੇ ਅਤੇ ਡਿਉੜ੍ਹੀ ਬਣੀ ਹੋਈ ਹੈ। 85 ਵਿੱਘੇ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਅਤੇ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਗੁਰਪੁਰਬ ਮਨਾਇਆ ਜਾਂਦਾ ਹੈ। ਪੂਰਨਮਾਸੀ ਵੀ ਭਰਦੀ ਹੈ। 14 ਪੋਹ ਨੂੰ *ਗੁਰਦੁਆਰਾ ਜੋਤੀ ਸਰੂਪ, ਸ੍ਰੀ ਫ਼ਤਹਿਗੜ੍ਹ ਸਾਹਿਬ* ਤੋਂ ਇਸ ਅਸਥਾਨ 'ਤੇ ਨਗਰ ਕੀਰਤਨ ਆਉਂਦਾ ਹੈ।

ਸ਼ਾਹਪੁਰ ਕਲਾਂ : ਸੰਗਰੂਰ ਜ਼ਿਲੇ ਵਿਚ ਇਹ ਪਿੰਡ ਮਾਨਸਾ-ਸੁਨਾਮ ਸੜਕ 'ਤੇ ਚੀਮਾ ਤੋਂ 5 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਇਸ ਪਿੰਡ ਵਿਖੇ ਆਏ ਸਨ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਪੁਰਾਤਨ ਮੰਜੀ ਸਾਹਿਬ ਹਾਲੇ ਵੀ ਸੰਭਾਲ ਕੇ ਰੱਖਿਆ ਹੋਇਆ ਹੈ ਅਤੇ ਇਸ ਦੇ ਹੇਠਾਂ ਇਕ ਭੋਰਾ ਬਣਿਆ ਹੋਇਆ ਹੈ। 2009 ਵਿਚ ਇਸ ਮੰਜੀ ਸਾਹਿਬ ਨੂੰ ਨਵੀਂ ਦਿੱਖ ਪ੍ਰਦਾਨ ਕਰਦੇ ਹੋਏ ਇੱਥੇ ਟਾਇਲਾਂ ਆਦਿ ਲਗਾ ਦਿੱਤੀਆਂ ਗਈਆਂ ਹਨ। ਇਸ ਦੇ ਸਾਹਮਣੇ ਹੀ ਪਹਿਲੀ ਮੰਜ਼ਲ 'ਤੇ ਇਕ ਨਵਾਂ ਖੁੱਲ੍ਹਾ-ਡੁੱਲ੍ਹਾ ਦਰਬਾਰ ਹਾਲ 2018 ਵਿਚ ਤਿਆਰ ਕੀਤਾ ਗਿਆ ਸੀ। ਪੁਰਾਤਨ ਖੂਹੀ ਨਵੇਂ ਦਰਬਾਰ ਹਾਲ ਦੀ ਉਸਾਰੀ ਸਮੇਂ ਬੰਦ ਕਰ ਦਿੱਤੀ ਗਈ ਹੈ ਪਰ ਪਿੱਪਲ ਦਾ ਇਕ ਪੁਰਾਤਨ ਰੁੱਖ ਹਾਲੇ ਵੀ ਇੱਥੇ ਮੌਜੂਦ ਹੈ।

ਲਗ-ਪਗ ਪੌਣੇ ਤਿੰਨ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਪੁਰਾਤਨ ਮੰਜੀ ਸਾਹਿਬ, ਸਰੋਵਰ, 10 ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। 22 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਪਿੰਡ ਦੀ 12 ਮੈਂਬਰੀ ਕਮੇਟੀ ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਕਰਦੀ ਹੈ।

ਕਣਕਵਾਲ ਭੰਗੂਆਂ : ਸੰਗਰੂਰ ਜ਼ਿਲੇ ਦਾ ਇਹ ਪਿੰਡ ਗੰਢੂਆਂ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਨੂੰ ਵੱਡੀ ਕਣਕਵਾਲ ਵੀ ਕਿਹਾ ਜਾਂਦਾ ਹੈ। ਮਾਲਵੇ ਦੀ ਧਰਮ ਪ੍ਰਚਾਰ-ਯਾਤਰਾ ਦੌਰਾਨ ਗੁਰੂ ਤੇਗ ਬਹਾਦਰ ਜੀ

1. ਵਿਸਾਖਾ ਸਿੰਘ, *ਮਾਲਵਾ ਇਤਿਹਾਸ,* ਭਾਗ ਪਹਿਲਾ, ਪੰਨਾ 83.
2. ਸੁਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਸੰਪਾ. ਪਿਆਰਾ ਸਿੰਘ ਪਦਮ, ਸਾਖੀ 84, ਪੰਨੇ 163-64.

ਇਸ ਪਿੰਡ ਵਿਖੇ ਆਏ ਸਨ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਭੀਖੀ ਤੋਂ ਗੰਢੂਆਂ ਵਿਖੇ ਆਪਣੇ ਇਕ ਸਿੱਖ ਭਾਈ ਮੁਗਲੂ ਨੂੰ ਦਰਸ਼ਨ ਦੇਣ ਲਈ ਜਾਂਦੇ ਹੋਏ ਗੁਰੂ ਜੀ ਇਸ ਅਸਥਾਨ 'ਤੇ ਆਏ ਸਨ। ਇਹਨਾਂ ਦੀ ਯਾਦ ਵਿਚ ਇੱਥੇ ਇਕ ਮੰਜੀ ਸਾਹਿਬ ਬਣਿਆ ਹੋਇਆ ਸੀ।

1983 ਵਿਚ ਪਿੰਡ ਦੀ ਸਥਾਨਿਕ ਸੰਗਤ ਦੁਆਰਾ ਤਿਆਰ ਕਰਵਾਏ ਗਏ ਮੌਜੂਦਾ ਗੁਰਧਾਮ ਦਾ ਪ੍ਰਬੰਧ ਦਮਦਮੀ ਟਕਸਾਲ ਜਥਾ ਭਿੰਡਰਾਂ (ਮਹਿਤਾ) ਵੱਲੋਂ ਕੀਤਾ ਜਾਂਦਾ ਹੈ। ਇੱਥੋਂ ਦੇ ਮੁੱਖ ਸੇਵਾਦਾਰ ਭਾਈ ਅਮਰਜੀਤ ਸਿੰਘ ਨੇ ਦੱਸਿਆ ਕਿ 2008 ਤੋਂ ਇਹ ਅਸਥਾਨ ਦਮਦਮੀ ਟਕਸਾਲ ਦੇ ਪ੍ਰਬੰਧ ਅਧੀਨ ਹੈ ਅਤੇ ਇੱਥੇ ਗੁਰਮਤਿ ਵਿਦਿਆਲਾ ਚਲਾਇਆ ਜਾ ਰਿਹਾ ਹੈ ਜਿਸ ਵਿਚ ਵਿਦਿਆਰਥੀਆਂ ਨੂੰ ਗੁਰਬਾਣੀ ਸੰਥਯਾ, ਕੀਰਤਨ, ਗੁਰਬਾਣੀ ਅਤੇ ਇਤਿਹਾਸ ਦੀ ਕਥਾ ਆਦਿ ਕਰਵਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ ਢਾਈ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਵਿਦਿਆਲਾ ਅਤੇ 10 ਰਿਹਾਇਸ਼ੀ ਕਮਰੇ ਬਣੇ ਹੋਏ ਹਨ ਅਤੇ 6 ਏਕੜ 'ਤੇ ਖੇਤੀ ਕੀਤੀ ਜਾਂਦੀ ਹੈ। ਨੌਵੇਂ ਅਤੇ ਦਸਵੇਂ ਪਾਤਸ਼ਾਹ ਜੀ ਦਾ ਪ੍ਰਕਾਸ਼ ਪੁਰਬ ਅਤੇ ਨੌਵੇਂ ਪਾਤਸ਼ਾਹ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।

ਕਮਾਲਪੁਰ : ਸੰਗਰੂਰ ਜ਼ਿਲੇ ਵਿਚ ਦਿੜ੍ਹਬੇ ਤੋਂ 8 ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਸਥਿਤ ਹੈ। ਇਸ ਪਿੰਡ ਵਿਖੇ ਦੋ ਗੁਰਧਾਮ ਸਸ਼ੋਭਿਤ ਹਨ। ਇਹਨਾਂ ਵਿਚੋਂ ਇਕ ਪਿੰਡ ਦੇ ਅੰਦਰ ਅਤੇ ਇਕ ਬਾਹਰ ਦਿਆਲਗੜ੍ਹ ਜੇਜੀਆਂ ਵਾਲੀ ਸੜਕ 'ਤੇ ਹੈ। ਪਿੰਡ ਦੇ ਅੰਦਰਲਾ ਗੁਰਧਾਮ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਬਣਿਆ ਹੋਇਆ ਹੈ ਅਤੇ ਪਿੰਡ ਦਾ ਬਾਹਰਲਾ ਗੁਰਧਾਮ *ਗੁਰਦੁਆਰਾ ਸਾਹਿਬ ਕਮਾਲਪੁਰ* ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਪਹਿਲਾਂ ਮਹਾਰਾਜਾ ਕਰਮ ਸਿੰਘ ਪਟਿਆਲਾ ਨੇ ਇਸ ਅਸਥਾਨ 'ਤੇ ਇਕ ਗੁਰਧਾਮ ਦੀ ਉਸਾਰੀ ਕਰਵਾ ਕੇ 15 ਏਕੜ ਜ਼ਮੀਨ ਇਸ ਦੇ ਨਾਂ ਲਵਾਈ ਸੀ। ਬਾਬਾ ਹਰਬੰਸ ਸਿੰਘ ਕਾਰ ਸੇਵਾ ਦਿੱਲੀ ਵਾਲਿਆਂ ਦੀ ਸੰਸਥਾ ਦੇ ਬਾਬਾ ਬਖ਼ਸ਼ੀਸ਼ ਸਿੰਘ ਦੇ ਯਤਨਾਂ ਸਦਕਾ ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ 1997 ਵਿਚ ਉਸਾਰੀ ਗਈ ਅਤੇ ਮੌਜੂਦਾ ਸਮੇਂ ਬਾਬਾ ਬਲਵੀਰ ਸਿੰਘ ਇੱਥੇ ਕਾਰ ਸੇਵਾ ਕਰਵਾ ਰਹੇ ਹਨ। ਸਥਾਨਿਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਵਿੰਦਰ ਸਿੰਘ ਨੇ ਦੱਸਿਆ ਕਿ ਮੌਜੂਦਾ ਸਮੇਂ ਵਿਚ 11 ਏਕੜ ਜ਼ਮੀਨ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰਾ ਸਾਹਿਬ ਦੇ ਨਾਂ ਅਤੇ 21 ਏਕੜ ਜ਼ਮੀਨ ਤਿੰਨ ਗੁਰੂ ਸਾਹਿਬਾਨ ਦੇ ਨਾਂ 'ਤੇ ਸਸ਼ੋਭਿਤ ਇਸ ਗੁਰਧਾਮ ਦੇ ਨਾਂ ਹੈ। ਇਸ ਤੋਂ ਇਲਾਵਾ 6 ਏਕੜ ਜ਼ਮੀਨ 'ਤੇ ਦਰਬਾਰ ਹਾਲ ਅਤੇ ਹੋਰ ਇਮਾਰਤਾਂ ਬਣੀਆਂ ਹੋਈਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕੀਤਾ ਜਾਂਦਾ ਹੈ। ਗੁਰਪੁਰਬਾਂ ਤੋਂ ਇਲਾਵਾ ਮੱਸਿਆ ਮੌਕੇ ਸੰਗਤ ਇੱਥੇ ਹਾਜ਼ਰੀ ਭਰਦੀ ਹੈ।

ਕਾਂਝਲਾ : ਇਹ ਪਿੰਡ ਸੰਗਰੂਰ ਤੋਂ ਲਗ-ਪਗ 14 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਅਸਥਾਨ ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਇਹਨਾਂ ਤਿੰਨ ਗੁਰੂ ਸਾਹਿਬਾਨ ਦੀ ਯਾਦ ਵਿਚ ਇੱਥੇ *ਗੁਰਦੁਆਰਾ ਭਿੜਾ ਸਾਹਿਬ* ਸਸ਼ੋਭਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਪਹਿਲਾਂ ਇਕ ਨਿਹੰਗ ਸਿੰਘ ਇੱਥੇ ਸੇਵਾ ਕਰਦੇ ਸਨ। ਇਹਨਾਂ ਤੋਂ ਬਾਅਦ ਬਾਬਾ ਜਗਤ ਸਿੰਘ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਰਹੇ। ਇਹਨਾਂ ਦੇ ਦੋ ਸ਼ਰਧਾਲੂ ਬਾਬਾ ਬਿਸ਼ਨ ਸਿੰਘ ਅਤੇ ਬਾਬਾ ਗੁਲਾਬ ਸਿੰਘ ਸਨ ਜਿਹੜੇ ਇਹਨਾਂ ਤੋਂ ਬਾਅਦ ਇਸ ਅਸਥਾਨ ਦਾ ਪ੍ਰਬੰਧ ਦੇਖਦੇ ਸਨ। 18 ਅਪ੍ਰੈਲ 1912 ਨੂੰ ਇਸ ਗੁਰਦੁਆਰਾ ਸਾਹਿਬ ਦੀ ਨੀਂਹ ਸੰਤ ਅਤਰ ਸਿੰਘ ਮਸਤੂਆਣਾ ਵਾਲਿਆਂ ਨੇ ਰੱਖੀ ਜਿਹੜੀ ਕਿ ਬਾਬਾ ਬਿਸ਼ਨ ਸਿੰਘ ਨੇ ਸੰਪੂਰਨ ਕਰਵਾਈ ਸੀ। ਭੋਰਾ ਸਾਹਿਬ ਦੇ ਰੂਪ ਵਿਚ ਇਹਨਾਂ ਦਾ ਤਪ ਅਸਥਾਨ ਵੀ ਇੱਥੇ ਮੌਜੂਦ ਹੈ। ਦਰਬਾਰ ਹਾਲ ਦੇ ਪਿਛਲੇ ਪਾਸੇ

ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿਚ *ਗੁਰਦੁਆਰਾ ਮੰਜੀ ਸਾਹਿਬ* ਸੁਸ਼ੋਭਿਤ ਹੈ।

ਗੁਰਦੁਆਰਾ ਸਾਹਿਬ ਦੀ ਲਗ-ਪਗ 5 ਏਕੜ ਜ਼ਮੀਨ 'ਤੇ ਦਰਬਾਰ ਹਾਲ, ਦੀਵਾਨ ਹਾਲ, ਲੰਗਰ ਹਾਲ, ਸਰੋਵਰ, 12 ਰਿਹਾਇਸ਼ੀ ਕਮਰੇ ਅਤੇ ਬਾਬਾ ਬਿਸ਼ਨ ਸਿੰਘ ਜੀ ਦਾ ਭੋਰਾ ਸਾਹਿਬ ਬਣਿਆ ਹੋਇਆ ਹੈ। 38 ਏਕੜ ਵਾਹੀ ਯੋਗ ਜ਼ਮੀਨ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਗਾਗਾ : ਸੰਗਰੂਰ ਜ਼ਿਲੇ ਦਾ ਇਹ ਪਿੰਡ ਲਹਿਰੇ ਦੇ ਨਾਲ ਜਾ ਲੱਗਦਾ ਹੈ ਜਿਸ ਕਰ ਕੇ ਇਹਨਾਂ ਦੋਵਾਂ ਪਿੰਡਾਂ ਨੂੰ ਸੰਯੁਕਤ ਰੂਪ ਵਿਚ ਲਹਿਰਾਗਾਗਾ ਕਿਹਾ ਜਾਂਦਾ ਹੈ। ਲਹਿਰਾਗਾਗਾ ਰੇਲਵੇ ਸਟੇਸ਼ਨ ਧੂਰੀ-ਜਾਖ਼ਲ ਰੇਲਵੇ ਲਾਈਨ 'ਤੇ ਸਥਿਤ ਹੈ। ਇਸ ਪਿੰਡ ਵਿਖੇ ਜਿਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਨੇ ਡੇਰਾ ਕੀਤਾ ਸੀ ਉੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਗੁਰੂ ਜੀ ਬਰੇ, ਬੱਛੋਆਣਾ, ਗੋਬਿੰਦ ਪੁਰੇ ਹੁੰਦੇ ਹੋਏ ਇਸ ਪਿੰਡ ਵਿਖੇ ਪੁੱਜੇ ਸਨ। ਗੁਰੂ ਜੀ ਦੇ ਸਿੱਖ ਘੋੜਿਆਂ ਲਈ ਘਾਹ ਲੈਣ ਪਿੰਡ ਗਏ ਤਾਂ ਰੰਘੜਾਂ ਅਤੇ ਬਰਖੇਸੀਆਂ ਨੇ ਗੁਰਸਿੱਖਾਂ ਨਾਲ ਦੁਰ-ਵਿਹਾਰ ਕੀਤਾ। ਗੁਰੂ ਜੀ ਇੱਥੋਂ ਅਗਲੇ ਪਿੰਡ ਚਲੇ ਗਏ ਸਨ।[1] ਜਦੋਂ ਪਿੰਡ ਦੇ ਲੋਕਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਗੁਰੂ ਜੀ ਤੋਂ ਮਾਫ਼ੀ ਮੰਗਣ ਲਈ ਚੱਲ ਪਏ। ਮਕੋਰੜ ਵਿਖੇ ਸੰਗਤ ਦੀ ਬੇਨਤੀ ਮੰਨ ਕੇ ਗੁਰੂ ਜੀ ਨੇ ਇਹਨਾਂ ਨੂੰ ਮਾਫ਼ ਕਰ ਦਿੱਤਾ ਸੀ।

ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਪ੍ਰਦੁਮਨ ਸਿੰਘ ਬੱਦੋਂ ਦੱਸਦੇ ਹਨ ਕਿ ਸੰਮਤ 1933 (ਸੰਨ 1876) ਵਿਚ ਨਾਭਾ ਰਿਆਸਤ ਦੇ ਵਜ਼ੀਰ ਸਰਦਾਰ ਸੇਵਾ ਸਿੰਘ ਨੇ ਇਸ ਗੁਰਧਾਮ ਦੀ ਸੇਵਾ ਕਰਵਾਈ ਅਤੇ ਰਿਹਾਇਸ਼ੀ ਕਮਰੇ ਬਣਵਾਏ ਸਨ। ਵਜ਼ੀਰ ਸਾਹਿਬ ਇੱਥੇ ਵਿਆਹੇ ਹੋਏ ਸਨ। 750 ਵਿੱਘੇ ਜ਼ਮੀਨ ਰਿਆਸਤ ਪਟਿਆਲਾ ਵੱਲੋਂ ਇਸ ਗੁਰਧਾਮ ਦੇ ਨਾਂ ਲਵਾਈ ਗਈ। ਪੁਜਾਰੀ ਭਾਈ ਪਿਆਰਾ ਸਿੰਘ ਜੀ ਗ੍ਰਿਹਸਥੀ ਪ੍ਰੇਮੀ ਹਨ।[2]

ਸ. ਮੱਘਰ ਸਿੰਘ ਇਸ ਅਸਥਾਨ 'ਤੇ 45 ਸਾਲ ਮੈਨੇਜਰ ਰਹੇ ਹਨ ਅਤੇ ਇਹ ਇਸ ਅਸਥਾਨ ਸੰਬੰਧੀ ਬਹੁਤ ਹੀ ਗਹਿਰ-ਗੰਭੀਰ ਜਾਣਕਾਰੀ ਰੱਖਦੇ ਹਨ। ਇਹਨਾਂ ਨੇ ਦੱਸਿਆ ਕਿ ਕੈਥਲ ਦੇ ਰਾਜੇ ਉਦੈ ਸਿੰਘ ਨੇ ਭਾਈ ਜਵਾਹਰ ਸਿੰਘ ਨੂੰ ਇਸ ਅਸਥਾਨ ਦੀ ਸੇਵਾ-ਸੰਭਾਲ ਲਈ ਭਾਈ ਕੇ ਚੱਕ ਤੋਂ ਭੇਜਿਆ ਸੀ। ਇਹਨਾਂ ਨੇ ਬਹੁਤ ਹੀ ਮਿਹਨਤ, ਲਗਨ ਅਤੇ ਸ਼ਰਧਾ ਭਾਵਨਾ ਨਾਲ ਇਸ ਅਸਥਾਨ ਦੀ ਸੇਵਾ-ਸੰਭਾਲ ਕੀਤੀ। ਇਹਨਾਂ ਤੋਂ ਬਾਅਦ ਇਹਨਾਂ ਦਾ ਪੁੱਤਰ ਨਰੈਣ ਸਿੰਘ ਇਸ ਗੁਰਧਾਮ ਦੀ ਸੇਵਾ ਕਰਦਾ ਰਿਹਾ। ਇਹਨਾਂ ਤੋਂ ਬਾਅਦ ਇਸ ਗੁਰਧਾਮ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਇਹਨਾਂ ਦੇ ਪੁੱਤਰ ਭਾਈ ਪਿਆਰਾ ਸਿੰਘ ਨੇ ਸੰਭਾਲ ਲਈ ਸੀ। ਇਹਨਾਂ ਤੋਂ ਬਾਅਦ 1947 ਵਿਚ ਅੰਤਰਿਮ ਗੁਰਦੁਆਰਾ ਬੋਰਡ ਪਟਿਆਲਾ ਨੇ ਇਕ ਕਮੇਟੀ ਬਣਾ ਦਿੱਤੀ ਜਿਹੜੀ ਕਿ ਇਸ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰਨ ਲੱਗੀ। 1956 ਵਿਚ ਪੈਪਸੂ ਦੇ ਪੰਜਾਬ ਵਿਚ ਸ਼ਾਮਲ ਹੋ ਜਾਣ ਨਾਲ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚਲਾ ਗਿਆ।

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਦੀ ਸੇਵਾ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸਰਪ੍ਰਸਤੀ ਅਧੀਨ ਬਾਬਾ ਰਤਨ ਸਿੰਘ ਨੇ ਕਰਵਾਈ। ਇਸ ਤੋਂ ਪਹਿਲਾਂ ਇੱਥੇ ਇਕ ਪੁਰਾਤਨ ਖੂਹ ਅਤੇ ਉਹ ਰੁੱਖ ਸੀ ਜਿਸ ਨਾਲ ਗੁਰੂ ਜੀ ਨੇ ਘੋੜਾ ਬੰਨਿਆ ਸੀ। ਇਹ ਦੋਵੇਂ ਨਿਸ਼ਾਨੀਆਂ 1996-98 ਦੀ ਕਾਰ ਸੇਵਾ ਮੌਕੇ ਦਰਬਾਰ ਹਾਲ ਦੇ ਹੇਠਾਂ ਆ ਗਈਆਂ। ਪੁਰਾਤਨ ਢਾਬ ਸਰੋਵਰ ਦਾ ਰੂਪ ਧਾਰਨ ਕਰ ਗਈ ਹੈ। 5 ਏਕੜ ਜ਼ਮੀਨ 'ਤੇ ਦਰਬਾਰ ਹਾਲ,

1. *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ,* ਸਾਖੀ 26, ਪੰਨਾ 25.
2. ਪ੍ਰਦੁਮਨ ਸਿੰਘ ਬੱਦੋਂ, *ਗੁਰਧਾਮ ਦੀਦਾਰ,* ਪੰਨਾ 226.

ਲੰਗਰ ਹਾਲ, ਸਰੋਵਰ, ਸਿਲਾਈ ਸੈਂਟਰ, ਲਾਇਬ੍ਰੇਰੀ ਆਦਿ ਬਣੇ ਹੋਏ ਹਨ ਅਤੇ ਇਸ ਤੋਂ ਇਲਾਵਾ 500 ਵਿੱਘੇ ਜ਼ਮੀਨ ਖੇਤੀ ਲਈ ਠੇਕੇ 'ਤੇ ਦਿੱਤੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਗੁਰਨੇ ਕਲਾਂ : ਸੰਗਰੂਰ ਜ਼ਿਲੇ ਵਿਚ ਇਹ ਪਿੰਡ ਗਾਗੇ ਦੇ ਇਤਿਹਾਸਿਕ ਗੁਰਧਾਮ ਤੋਂ ਲਗ-ਪਗ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਪਿੰਡ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਗੁਰੂ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਅਸਥਾਨ 'ਤੇ ਇਕ ਮੰਜੀ ਸਾਹਿਬ ਸਥਾਪਿਤ ਕੀਤਾ ਗਿਆ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ। ਫਿਰ ਸੰਗਤ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਬਾਬਾ ਹਰਬੰਸ ਦਿੱਲੀ ਵਾਲਿਆਂ ਦੀ ਸਰਪ੍ਰਸਤੀ ਅਧੀਨ ਸੰਨ 2000 ਵਿਚ ਨਵੇਂ ਦਰਬਾਰ ਹਾਲ ਦੀ ਉਸਾਰੀ ਕੀਤੀ ਗਈ। ਪਿੰਡ ਦੀ ਪੰਜ ਮੈਂਬਰੀ ਕਮੇਟੀ ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਕਰਦੀ ਹੈ ਪਰ 23 ਸਾਲਾ ਸ. ਰਣਦੀਪ ਸਿੰਘ ਨੂੰ ਇੱਥੋਂ ਦਾ ਮੁੱਖ ਪ੍ਰਬੰਧਕ ਅਤੇ ਗ੍ਰੰਥੀ ਸਿੰਘ ਮੰਨਿਆ ਜਾਂਦਾ ਹੈ ਜਿਨ੍ਹਾਂ ਦੇ ਪਿਤਾ ਸ. ਹਰਚਰਨ ਸਿੰਘ ਅਤੇ ਦਾਦਾ ਸ. ਰਾਮ ਸਿੰਘ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੇ ਰਹੇ ਹਨ। ਡੇਢ ਏਕੜ ਜ਼ਮੀਨ 'ਤੇ ਦਰਬਾਰ ਹਾਲ ਅਤੇ ਪ੍ਰਬੰਧਕਾਂ ਦੀ ਰਿਹਾਇਸ਼ ਆਦਿ ਦਾ ਪ੍ਰਬੰਧ ਹੈ। ਗੁਰਦੁਆਰਾ ਸਾਹਿਬ ਤੋਂ ਅੱਧਾ ਕਿਲੋਮੀਟਰ ਬਾਹਰਵਾਰ ਇਕ ਪੁਰਾਤਨ ਖੂਹ ਮੌਜੂਦ ਹੈ ਜਿਸ ਨੂੰ ਗੁਰਦੁਆਰਾ ਸਾਹਿਬ ਨਾਲ ਸੰਬੰਧਿਤ ਦੱਸਿਆ ਜਾਂਦਾ ਹੈ। ਇਸ ਖੂਹ ਦੇ ਚਾਰ-ਚੁਫੇਰੇ ਸਫ਼ੈਦੇ ਦੇ ਰੁੱਖ ਅਤੇ ਇਕ ਨਿਸ਼ਾਨ ਸਾਹਿਬ ਲੱਗਿਆ ਹੋਇਆ ਹੈ।

ਗੰਢੂਆਂ : ਸੰਗਰੂਰ ਜ਼ਿਲੇ ਵਿਚ ਇਹ ਪਿੰਡ ਸੁਨਾਮ-ਬਠਿੰਡਾ ਸੜਕ 'ਤੇ ਸੁਨਾਮ ਤੋਂ ਲਗ-ਪਗ 20 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਇਸ ਪਿੰਡ ਦਾ ਇਕ ਸਿੱਖ ਭਾਈ ਮੁਗਲੂ ਗੁਰੂ ਹਰਿਗੋਬਿੰਦ ਸਾਹਿਬ ਦਾ ਸ਼ਰਧਾਲੂ ਸੀ ਜਿਸ ਨੇ ਮਹਿਰਾਜ ਦੇ ਯੁੱਧ ਵਿਚ ਬਹਾਦਰੀ ਦੇ ਜੌਹਰ ਦਿਖਾਏ ਸਨ। ਗੁਰੂ ਜੀ ਨੇ ਖ਼ੁਸ਼ ਹੋ ਕੇ ਇਸ ਨੂੰ ਕੁੱਝ ਮੰਗਣ ਲਈ ਕਿਹਾ। ਇਸ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੇਰੀ ਇੱਛਾ ਹੈ ਕਿ ਅੰਤਿਮ ਸਵਾਸ ਆਪ ਜੀ ਦੀ ਹਜ਼ੂਰੀ ਵਿਚ ਲਵਾਂ। ਗੁਰੂ ਜੀ ਨੇ ਨੌਂਵੇਂ ਜਾਮੇ ਵਿਚ ਇਸ ਦੀ ਇਹ ਇੱਛਾ ਪੂਰੀ ਕਰਨ ਦਾ ਬਚਨ ਕੀਤਾ। ਭਾਈ ਮੁਗਲੂ ਜੀ ਦੇ ਅੰਤਿਮ ਸਮੇਂ ਗੁਰੂ ਤੇਗ ਬਹਾਦਰ ਜੀ ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਭੀਖੀ ਵਿਖੇ ਨਿਵਾਸ ਕਰ ਰਹੇ ਸਨ। ਇੱਥੋਂ ਧਲੇਓ ਅਤੇ ਕਣਕਵਾਲ ਭੰਗੂਆਂ ਤੋਂ ਹੁੰਦੇ ਹੋਏ ਗੁਰੂ ਜੀ ਗੰਢੂਆਂ ਪਿੰਡ ਵਿਖੇ ਪੱਜੇ। ਬਿਰਧ ਅਵਸਥਾ ਵਿਚ ਭਾਈ ਮੁਗਲੂ ਜੀ ਗੁਰੂ ਜੀ ਦੇ ਦਰਸ਼ਨ ਕਰ ਕੇ ਅਕਾਲ ਚਲਾਣਾ ਕਰ ਗਿਆ। ਗੁਰੂ ਜੀ ਨੇ ਆਪ ਇਸ ਦਾ ਅੰਤਿਮ ਸਸਕਾਰ ਕੀਤਾ ਸੀ।

ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਸਸ਼ੋਭਿਤ ਇਸ ਗੁਰਧਾਮ ਦੀ ਮੌਜੂਦਾ ਇਮਾਰਤ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸੰਸਥਾ ਦੇ ਬਾਬਾ ਅਜਾਇਬ ਸਿੰਘ ਨੇ 1995 ਵਿਚ ਤਿਆਰ ਕਰਵਾਈ। ਜਿਸ ਅਸਥਾਨ 'ਤੇ ਪੁਰਾਤਨ ਮੰਜੀ ਸਾਹਿਬ ਬਣਿਆ ਹੋਇਆ ਸੀ, ਉੱਥੇ ਹੀ ਨਵਾਂ ਮੰਜੀ ਸਾਹਿਬ ਬਣਾ ਕੇ ਚਾਰ-ਚੁਫੇਰੇ ਖੁੱਲ੍ਹੇ ਦਰਬਾਰ ਹਾਲ ਦੀ ਉਸਾਰੀ ਕੀਤੀ ਗਈ ਹੈ। ਲਗ-ਪਗ ਸਾਢੇ ਤਿੰਨ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ ਅਤੇ ਰਿਹਾਇਸ਼ੀ ਕਮਰੇ ਬਣੇ ਹੋਏ ਹਨ। ਲਗ-ਪਗ 39 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਘਨੌੜ ਜੱਟਾਂ : ਭਵਾਨੀਗੜ੍ਹ ਤੋਂ ਸੁਨਾਮ ਜਾਂਦੇ ਹੋਏ ਰਾਹ ਵਿਚ ਨਾਗਰਾ ਤੋਂ ਅੰਦਰ ਵੱਲ 8 ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਸਥਿਤ ਹੈ। ਇਸ ਨੂੰ ਟੱਲ ਘਨੌੜ ਜੱਟਾਂ ਵੀ ਕਿਹਾ ਜਾਂਦਾ ਹੈ। ਇੱਥੋਂ ਦੇ ਮੁੱਖ ਸੇਵਾਦਾਰ ਬਾਬਾ ਦਰਸ਼ਨ ਸਿੰਘ ਨੇ ਦੱਸਿਆ ਕਿ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ ਦੋ ਗੁਰਧਾਮ

ਸਥਿਤ ਹਨ। ਇਕ ਪਿੰਡ ਦੇ ਅੰਦਰ ਹੈ ਅਤੇ ਦੂਜਾ ਬਾਹਰ ਸਰਹਿੰਦ ਨਹਿਰ ਦੇ ਕੰਢੇ ਸਸ਼ੋਭਿਤ ਹੈ। ਅੰਦਰਲੇ ਗੁਰਦੁਆਰਾ ਸਾਹਿਬ ਵਿਚ ਇਕ ਪੁਰਾਤਨ ਵਣ ਦਾ ਰੁੱਖ ਹੈ ਅਤੇ ਬਾਹਰਲੇ ਗੁਰਧਾਮ ਵਿਚ ਕੇਂਦੂ ਦਾ ਇਕ ਪੁਰਾਤਨ ਰੁੱਖ ਸੰਭਾਲ ਕੇ ਰੱਖਿਆ ਹੋਇਆ ਹੈ। ਪੂਰਨਮਾਸੀ ਅਤੇ ਐਤਵਾਰ ਨੂੰ ਵੱਡੀ ਗਿਣਤੀ ਸੰਗਤ ਹਾਜ਼ਰੀ ਭਰਦੀ ਹੈ। 2 ਏਕੜ ਵਿਚ ਬਣੇ ਹੋਏ ਬਾਹਰਲੇ ਗੁਰਧਾਮ ਵਿਖੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ ਅਤੇ ਕੁੱਝ ਰਿਹਾਇਸ਼ੀ ਕਮਰੇ ਬਣੇ ਹੋਏ ਹਨ। 28 ਮੈਂਬਰੀ ਸਥਾਨਿਕ ਕਮੇਟੀ ਇਹਨਾਂ ਦੋਵੇਂ ਗੁਰਧਾਮਾਂ ਦਾ ਪ੍ਰਬੰਧ ਦੇਖਦੀ ਹੈ।

ਘਰਾਚੋਂ : ਸੰਗਰੂਰ ਜ਼ਿਲੇ ਵਿਚ ਭਵਾਨੀਗੜ੍ਹ-ਸੁਨਾਮ ਸੜਕ 'ਤੇ ਇਹ ਪਿੰਡ ਭਵਾਨੀਗੜ੍ਹ ਤੋਂ 9 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਮੁੱਖ ਸੜਕ 'ਤੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਦੇਸੀਆਣਾ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਬਾਬਾ ਬਖ਼ਸ਼ੀਸ਼ ਸਿੰਘ ਜੀ ਨੇ ਇਸ ਗੁਰਧਾਮ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਭਾਈ ਦੇਸੇ ਦਾ ਖੇਤ ਸੀ ਜਿੱਥੇ ਇਕ ਸਾਧੂ ਦਾ ਡੇਰਾ ਵੀ ਬਣਿਆ ਹੋਇਆ ਸੀ। ਫੱਗੂਵਾਲਾ ਤੋਂ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਸਨ। ਭਾਈ ਦੇਸੂ ਨੂੰ ਗੁਰੂ ਜੀ ਨੇ ਪੁੱਤਰ ਦੀ ਦਾਤ ਬਖ਼ਸ਼ਿਸ਼ ਕੀਤੀ ਸੀ। ਪਹਿਲਾਂ ਇੱਥੇ ਇਕ ਕੱਚਾ ਕੋਠਾ ਸੀ ਜਿਸ ਦੇ ਕੋਲ ਬਾਬਾ ਜਵਾਹਰ ਸਿੰਘ ਨਿਹੰਗ ਸਿੰਘ ਨੇ ਨਿਸ਼ਾਨ ਸਾਹਿਬ ਲਾਇਆ। 1957 ਵਿਚ ਬਾਬਾ ਜਵਾਹਰ ਸਿੰਘ ਬਾਬਾ ਬਾਰਾ ਸਿੰਘ ਨਿਹੰਗ ਸਿੰਘ ਨੂੰ ਵੀ ਪ੍ਰੇਰ ਕੇ ਇੱਥੇ ਲੈ ਆਇਆ। ਇਸ ਪਿੰਡ ਦਾ ਸ. ਕਿਸ਼ਨ ਸਿੰਘ ਮਲਾਇਆ ਗਿਆ ਹੋਇਆ ਸੀ, 1947 ਤੋਂ ਬਾਅਦ ਪਿੰਡ ਵਾਪਸ ਆ ਕੇ ਇਸ ਨੇ ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਕਰਨ ਲਈ ਯਤਨ ਕਰਨੇ ਅਰੰਭ ਕਰ ਦਿੱਤੇ। ਇਸ ਨੇ ਗੁਰਦੁਆਰਾ ਸਾਹਿਬ ਦੇ ਮੰਜੀ ਸਾਹਿਬ ਦੀ ਸੇਵਾ ਕਰਵਾਈ ਸੀ।

ਬਾਬਾ ਜਗਤਾਰ ਸਿੰਘ ਜੀ ਦੀ ਸਰਪ੍ਰਸਤੀ ਅਧੀਨ ਬਾਬਾ ਕਿਰਪਾਲ ਸਿੰਘ ਜੀ ਇੱਥੇ ਨਵੇਂ ਦਰਬਾਰ ਹਾਲ ਦੀ ਉਸਾਰੀ ਕਰਵਾ ਰਹੇ ਹਨ। ਬੁੱਢਾ ਦਲ ਦੇ ਬਾਬਾ ਕੇਹਰ ਸਿੰਘ ਇੱਥੋਂ ਦਾ ਪ੍ਰਬੰਧ ਦੇਖਦੇ ਹਨ। ਲਗ-ਪਗ ਢਾਈ ਏਕੜ ਜ਼ਮੀਨ 'ਤੇ ਪੁਰਾਣਾ ਦਰਬਾਰ ਹਾਲ, ਲੰਗਰ ਹਾਲ, 7 ਰਿਹਾਇਸ਼ੀ ਕਮਰੇ ਬਣੇ ਹੋਏ ਹਨ ਅਤੇ ਨਵੇਂ ਦਰਬਾਰ ਹਾਲ ਦੀ ਉਸਾਰੀ ਕੀਤੀ ਜਾ ਰਹੀ ਹੈ। ਗੁਰਪੁਰਬਾਂ ਤੋਂ ਇਲਾਵਾ ਮੱਸਿਆ, ਸੰਗਰਾਂਦ ਅਤੇ ਬਾਬਾ ਬਾਰਾ ਸਿੰਘ ਦੀ ਬਰਸੀ ਮਨਾਈ ਜਾਂਦੀ ਹੈ।

ਗੁਰਦੁਆਰਾ ਭਾਈ ਦੇਸੀਆਣਾ ਤੋਂ ਅੱਧਾ ਕਿਲੋਮੀਟਰ ਘਰਾਚੋਂ ਪਿੰਡ ਦੇ ਅੰਦਰ ਭਾਈ ਦੇਸੂ ਦਾ ਘਰ ਸੀ ਜਿੱਥੇ ਗੁਰੂ ਤੇਗ ਬਹਾਦਰ ਜੀ ਨੇ ਪ੍ਰਸ਼ਾਦਾ ਛਕਿਆ ਦੱਸਿਆ ਜਾਂਦਾ ਹੈ। ਇੱਥੇ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਬਣਿਆ ਹੋਇਆ ਹੈ ਅਤੇ ਨਾਲ ਹੀ ਕਾਰ ਸੇਵਾ ਵਾਲੇ ਇਕ ਨਵੇਂ ਦਰਬਾਰ ਦੀ ਉਸਾਰੀ ਕਰਵਾ ਰਹੇ ਹਨ।

ਛਾਜਲੀ: ਸੰਗਰੂਰ ਜ਼ਿਲੇ ਵਿਚ ਸੁਨਾਮ-ਲਹਿਰਾਗਾਗਾ ਸੜਕ 'ਤੇ ਸੁਨਾਮ ਤੋਂ 13 ਕਿਲੋਮੀਟਰ ਬਾਅਦ ਛਾਜਲੀ ਅੱਡੇ ਤੋਂ ਲਗ-ਪਗ 2 ਕਿਲੋਮੀਟਰ ਅੰਦਰ ਵੱਲ ਇਹ ਪਿੰਡ ਮੌਜੂਦ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇਸ ਪਿੰਡ ਵਿਖੇ ਦੋ ਗੁਰਧਾਮ ਸਸ਼ੋਭਿਤ ਹਨ:

1. **ਗੁਰਦੁਆਰਾ ਗੁਰੂਸਰ ਸਾਹਿਬ ਪਾਤਿਸ਼ਾਹੀ ਨੌਵੀਂ** : ਇਹ ਗੁਰਦੁਆਰਾ ਪਿੰਡ ਦੇ ਲਗ-ਪਗ 2 ਕਿਲੋਮੀਟਰ ਬਾਹਰ ਵੱਲ ਸਥਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਇੱਥੇ ਇਕ ਢਾਬ ਦੇ ਕਿਨਾਰੇ ਗੁਰੂ ਤੇਗ ਬਹਾਦਰ ਜੀ ਨੇ ਰਾਤ ਸਮੇਂ ਨਿਵਾਸ ਕੀਤਾ ਸੀ ਜਿਸ ਤੋਂ ਇਸ ਅਸਥਾਨ ਦਾ ਨਾਂ ਗੁਰੂਸਰ ਪੈ ਗਿਆ। ਇੱਥੇ ਜੰਡ ਦੇ ਜਿਸ ਰੁੱਖ ਨਾਲ ਗੁਰੂ ਜੀ ਨੇ ਘੋੜਾ ਬੰਨਿਆ ਸੀ, ਉਹ ਸੰਭਾਲ ਕੇ ਰੱਖਿਆ ਹੋਇਆ ਹੈ। 1986-87 ਦੌਰਾਨ ਗੁਰੂ ਜੀ ਦੀ ਯਾਦ ਵਿਚ ਇੱਥੇ ਇਕ ਕਮਰਾ ਬਣਿਆ ਹੋਇਆ ਸੀ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ। ਬਾਬਾ ਜਗਤਾਰ ਸਿੰਘ ਜੀ ਦੀ ਸਰਪ੍ਰਸਤੀ ਅਧੀਨ ਬਾਬਾ ਕਿਰਪਾਲ ਸਿੰਘ ਜੀ ਨੇ ਇਸ ਦੇ ਸਾਹਮਣੇ ਜ਼ਮੀਨ ਖਰੀਦ ਨੇ ਨਵੇਂ ਗੁਰਧਾਮ ਦੀ ਉਸਾਰੀ ਕਰਵਾਈ ਸੀ। ਲਗ-ਪਗ ਢਾਈ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ ਅਤੇ ਲਗ-ਪਗ 20 ਰਿਹਾਇਸ਼ੀ ਕਮਰੇ ਬਣੇ ਹੋਏ ਹਨ। ਬਾਬਾ ਬਿੰਦਰ ਸਿੰਘ ਇੱਥੋਂ ਦਾ ਪ੍ਰਬੰਧ ਦੇਖਦੇ ਹਨ।

2. ਗੁਰਦੁਆਰਾ ਟਾਹਲੀਸਰ ਸਾਹਿਬ ਪਾਤਸ਼ਾਹੀ ਨੌਵੀਂ : ਇਹ ਗੁਰਧਾਮ ਪਿੰਡ ਦੀ ਫਿਰਨੀ ਕੋਲ ਸਥਿਤ ਹੈ। *ਗੁਰਦੁਆਰਾ ਗੁਰੂਸਰ ਸਾਹਿਬ* ਤੋਂ ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਆਏ ਸਨ। ਇੱਥੇ ਇਕ ਟਾਹਲੀ ਹੇਠਾਂ ਗੁਰੂ ਜੀ ਨੇ ਕੁੱਝ ਸਮੇਂ ਲਈ ਨਿਵਾਸ ਕੀਤਾ ਸੀ। ਪਿੰਡ ਵਾਲੇ ਦੱਸਦੇ ਹਨ ਕਿ ਇਹ ਜ਼ਮੀਨ ਸੂਚ ਭਾਈਚਾਰੇ ਦੀ ਸੀ। ਇਹਨਾਂ ਦੇ ਬਜ਼ੁਰਗ ਭਾਈ ਗੁਰਬਖ਼ਸ਼ ਸੂਚ ਨੇ ਗੁਰੂ ਜੀ ਨੂੰ ਪ੍ਰਸ਼ਾਦਾ ਛਕਾਇਆ ਸੀ। ਇਸ ਟਾਹਲੀ ਦੀ ਪਿੰਡ ਵਿਚ ਬਹੁਤ ਮਾਨਤਾ ਹੈ ਅਤੇ ਮੱਸਿਆ ਨੂੰ ਵੱਡੇ ਗੁਰੂ-ਘਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਆ ਕੇ ਅਰਦਾਸ ਕਰਨ ਉਪਰੰਤ ਲੰਗਰ ਛਕਾਇਆ ਜਾਂਦਾ ਸੀ। ਇਹ ਟਾਹਲੀ ਇਸੇ ਪਰਿਵਾਰ ਦੇ ਸ. ਗੰਗਾ ਸਿੰਘ ਸੂਚ ਦੇ ਨਾਂ ਬੋਲਦੀ ਸੀ ਜਿਸ ਨੇ ਸਤਿਕਾਰ ਸਹਿਤ ਇਸ ਨੂੰ ਸੰਭਾਲਿਆ ਹੋਇਆ ਸੀ। ਇਸ ਦੇ ਭਤੀਜੇ ਸ. ਬੱਲਮ ਸਿੰਘ ਨੇ ਟਾਹਲੀ ਨਾਲ ਲੱਗਦੀ 2 ਕਨਾਲ ਜ਼ਮੀਨ ਗੁਰਦੁਆਰਾ ਸਾਹਿਬ ਨੂੰ ਦਾਨ ਕਰ ਦਿੱਤੀ। ਇਸ ਤੋਂ ਬਾਅਦ ਇਸ ਦੇ ਇਕ ਹੋਰ ਭਤੀਜੇ ਸ. ਅਜਾਇਬ ਸਿੰਘ ਨੇ ਨਾਲ ਲੱਗਦੀ 8 ਕਨਾਲਾਂ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਕਰਵਾ ਦਿੱਤੀ ਸੀ। ਬਾਬਾ ਜਗਤਾਰ ਸਿੰਘ ਜੀ ਦੀ ਸਰਪ੍ਰਸਤੀ ਅਧੀਨ ਬਾਬਾ ਕਿਰਪਾਲ ਸਿੰਘ ਜੀ ਨੇ 2004 ਵਿਚ ਇੱਥੇ ਇਕ ਗੁਰਧਾਮ ਦੀ ਉਸਾਰੀ ਕਰਵਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾ ਦਿੱਤਾ ਸੀ। *ਗੁਰਦੁਆਰਾ ਗੁਰੂਸਰ* ਦੇ ਪ੍ਰਬੰਧਕ ਬਾਬਾ ਬਿੰਦਰ ਸਿੰਘ ਇਸ ਗੁਰਧਾਮ ਦਾ ਵੀ ਪ੍ਰਬੰਧ ਦੇਖਦੇ ਹਨ।

ਜਹਾਂਗੀਰ : ਬੱਬਨਪੁਰ ਤੋਂ ਧੂਰੀ-ਮਲੇਰਕੋਟਲਾ ਸੜਕ ਰਾਹੀਂ ਦੌਲਤਪੁਰ, ਕਹੇਰੂ ਹੁੰਦੇ ਹੋਏ ਲਗ-ਪਗ 8 ਕਿਲੋਮੀਟਰ ਦੀ ਦੂਰੀ 'ਤੇ ਸੰਗਰੂਰ ਜ਼ਿਲੇ ਵਿਚ ਇਹ ਪਿੰਡ ਸਥਿਤ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਬੱਬਨਪੁਰ ਤੋਂ ਰਾਜੋ ਮਾਜਰਾ ਜਾਂਦੇ ਹੋਏ ਗੁਰੂ ਤੇਗ ਬਹਾਦਰ ਜੀ ਕੁੱਝ ਸਮੇਂ ਲਈ ਇਸ ਅਸਥਾਨ 'ਤੇ ਰੁਕੇ ਸਨ। ਉਸ ਸਮੇਂ ਇਹ ਪਿੰਡ ਵੱਸਿਆ ਹੋਇਆ ਨਹੀਂ ਸੀ ਬਲਕਿ ਝਿੜੀ ਵਿਚ ਜਿਸ ਅਸਥਾਨ 'ਤੇ ਗੁਰੂ ਜੀ ਨੇ ਪੜਾਅ ਕੀਤਾ ਸੀ ਉੱਥੇ ਕਹੇਰੂ ਪਿੰਡ ਦਾ ਇਕ ਕਿਸਾਨ ਘਿੰਨਾ ਖੂਹ ਵਿਚੋਂ ਗਾਰ ਕੱਢ ਰਿਹਾ ਸੀ। ਉਸ ਨੂੰ ਪਤਾ ਲੱਗਿਆ ਕਿ ਇਕ ਧਰਮਾਤਮਾ ਪੁਰਖ ਉਸ ਦੇ ਨੇੜੇ ਹੀ ਰੁਕੇ ਹੋਏ ਹਨ। ਛੇਤੀ ਨਾਲ ਉਹ ਪਿੰਡ ਗਿਆ ਅਤੇ ਗੁਰੂ ਜੀ ਲਈ ਦੁੱਧ ਲੈ ਕੇ ਆਇਆ। ਗੁਰੂ ਜੀ ਨੇ ਦੁੱਧ ਛਕਿਆ ਅਤੇ ਉਸ ਨੂੰ ਪੁੱਛਿਆ ਕਿ ਤੇਰੇ ਹੱਥ ਪੈਰ ਗਾਰੇ ਨਾਲ ਕਿਉਂ ਲਿਬੜੇ ਹੋਏ ਹਨ? ਉਸ ਨੇ ਕਿਹਾ ਕਿ ਖੂਹ ਸੁੱਕ ਚੁੱਕਾ ਸੀ ਅਤੇ ਹੁਣ ਗਾਰ ਕੱਢ ਕੇ ਇਸ ਨੂੰ ਹੋਰ ਡੂੰਘਾ ਕਰ ਰਿਹਾ ਹਾਂ। ਗੁਰੂ ਜੀ ਨੇ ਕਿਹਾ ਕਿ ਖੂਹ ਵਿਚੋਂ ਤੂੰ ਆਪਣਾ ਸਮਾਨ ਕੱਢ ਲੈ ਤੇਰਾ ਖੂਹ ਪਾਣੀ ਨਾਲ ਭਰ ਗਿਆ ਹੈ। ਜਦੋਂ ਉਸ ਨੇ ਜਾ ਕੇ ਦੇਖਿਆ ਤਾਂ ਖੂਹ ਵਿਚ ਪਾਣੀ ਭਰਿਆ ਹੋਇਆ ਸੀ। ਜਿਸ ਅਸਥਾਨ 'ਤੇ ਗੁਰੂ ਜੀ ਨੇ ਕੁੱਝ ਸਮੇਂ ਲਈ ਅਰਾਮ ਕੀਤਾ ਸੀ ਉੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ।

ਸਥਾਨਿਕ ਪਰੰਪਰਾ ਦੱਸਦੀ ਹੈ ਕਿ ਜਿਸ ਝਿੜੇ ਵਿਚ ਗੁਰੂ ਜੀ ਨੇ ਡੇਰਾ ਕੀਤਾ ਸੀ ਉੱਥੇ ਪਹਿਲੇ ਮਹਾਂਯੁੱਧ ਦੇ ਫ਼ੌਜੀ ਪੈਨਸ਼ਨਰਾਂ ਨੇ ਗੁਰੂ ਜੀ ਦੀ ਆਮਦ ਦੀ ਯਾਦ ਵਿਚ 1925 ਨੂੰ ਇਕ ਕੱਚਾ ਕੋਠਾ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਅਤੇ ਜੰਡ ਦੇ ਦਰਖ਼ਤ ਉੱਤੇ ਹੀ ਨਿਸ਼ਾਨ ਸਾਹਿਬ ਝੁਲਾ ਦਿੱਤਾ ਸੀ। ਜੰਡ ਦਾ ਇਹ ਰੁੱਖ ਹਾਲੇ ਵੀ ਮੌਜੂਦ ਹੈ। 5 ਦਸੰਬਰ 1979 ਨੂੰ ਬੁੱਧਵਾਰ ਵਾਲੇ ਦਿਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਮੌਜੂਦਾ ਦਰਬਾਰ ਹਾਲ ਦਾ ਨੀਂਹ ਪੱਥਰ ਰੱਖਿਆ ਸੀ। ਸੰਪੂਰਨ ਹੋਣ 'ਤੇ ਇਸੇ ਇਮਾਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਲਗ-ਪਗ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ ਆਦਿ ਬਣੇ ਹੋਏ ਹਨ ਅਤੇ 10 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਹੋਈ ਹੈ। 15 ਮੈਂਬਰੀ ਕਮੇਟੀ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਕਰਦੀ ਹੈ।

ਇਸ ਗੁਰਦੁਆਰਾ ਸਾਹਿਬ ਤੋਂ 400 ਮੀਟਰ ਦੀ ਦੂਰੀ 'ਤੇ ਪਿੰਡ ਦੇ ਵਿਚਕਾਰ ਉਹ ਖੂਹ ਹਾਲੇ ਵੀ ਮੌਜੂਦ ਹੈ ਜਿਸ ਵਿਚੋਂ ਕਹੇਰੂ ਪਿੰਡ ਦਾ ਕਿਸਾਨ ਗਾਰ ਕੱਢ ਰਿਹਾ ਸੀ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਮਹਿੰਦਰ ਸਿੰਘ ਨੇ ਦੱਸਿਆ ਕਿ 1980 ਤੱਕ ਇਸ ਖੂਹ ਦਾ ਪਾਣੀ ਵਰਤਿਆ ਜਾਂਦਾ ਸੀ ਪਰ ਹੁਣ ਇਹ ਸੁੱਕ ਚੁੱਕਾ ਹੈ। ਲਗ-

ਪਗ 12 ਵਿਸਵੇ ਥਾਂ 'ਤੇ ਇਹ ਖੂਹ ਸੰਭਾਲ ਕੇ ਰੱਖਿਆ ਹੋਇਆ ਹੈ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਹੀ ਇਸ ਦੀ ਸੇਵਾ-ਸੰਭਾਲ ਕਰਦੀ ਹੈ।

ਝਾੜੋਂ : ਸ਼ਾਹਪੁਰ ਕਲਾਂ ਤੋਂ ਹੀਰੋ ਕਲਾਂ ਜਾਂਦੇ ਹੋਏ ਸ਼ਾਹਪੁਰ ਦੇ ਇਤਿਹਾਸਿਕ ਗੁਰਧਾਮ ਤੋਂ 5 ਕਿਲੋਮੀਟਰ ਅਤੇ ਹੀਰੋ ਕਲਾਂ ਤੋਂ ਇਕ ਕਿਲੋਮੀਟਰ ਪਹਿਲਾਂ ਝਾੜੋਂ ਪਿੰਡ ਮੌਜੂਦ ਹੈ ਜਿੱਥੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਨੌਵੀਂ* ਸ਼ਸ਼ੋਭਿਤ ਹੈ। ਕਈ ਵਿਦਵਾਨਾਂ ਨੇ ਇਹ ਗੁਰਧਾਮ ਹੀਰੋ ਕਲਾਂ ਵਿਚ ਮੌਜੂਦ ਦੱਸਿਆ ਹੈ ਪਰ ਅਸਲ ਅਸਥਾਨ ਝਾੜੋਂ ਵਿਖੇ ਹੈ। ਹੀਰੋ ਕਲਾਂ ਮਾਨਸਾ ਅਤੇ ਝਾੜੋਂ ਸੰਗਰੂਰ ਜ਼ਿਲੇ ਵਿਚ ਪੈਂਦਾ ਹੈ। ਇਸ ਅਸਥਾਨ 'ਤੇ ਪਹਿਲਾਂ ਇਕ ਛੋਟਾ ਜਿਹਾ ਮੰਜੀ ਸਾਹਿਬ ਸੀ ਜਿਸ ਦੀ ਜਗ੍ਹਾ 'ਤੇ ਪਿੰਡ ਵਾਸੀਆਂ ਨੇ ਲਗ-ਪਗ 30 ਸਾਲ ਪਹਿਲਾਂ ਮੌਜੂਦਾ ਇਮਾਰਤ ਦੀ ਉਸਾਰੀ ਕਰਵਾਈ ਸੀ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਦੇ ਨਾਲ ਹੀ ਕਰੀਰ ਦਾ ਇਕ ਪੁਰਾਤਨ ਰੁੱਖ ਹੈ ਜਿਹੜਾ ਕਿ ਹੁਣ ਸੁੱਕ ਗਿਆ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਰੁੱਖ ਨਾਲ ਗੁਰੂ ਜੀ ਨੇ ਘੋੜਾ ਬੰਨ੍ਹਿਆ ਸੀ, ਸੰਗਤ ਦੇ ਦਰਸ਼ਨਾਂ ਲਈ ਇਸ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਲਗ-ਪਗ 2 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ, 12 ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। 15 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਪਿੰਡ ਦੀ 11 ਮੈਂਬਰੀ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਦਿੜ੍ਹਬਾ : ਸੰਗਰੂਰ ਤੋਂ ਪਾਤੜਾਂ ਵਾਲੀ ਸੜਕ 'ਤੇ ਸੰਗਰੂਰ ਤੋਂ 30 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਇਸ ਪਿੰਡ ਵਿਖੇ ਆਏ ਤਾਂ ਇਕ ਢਾਬ ਦੇ ਕਿਨਾਰੇ ਡੇਰਾ ਕੀਤਾ। ਅਗਲੇ ਦਿਨ ਗੁਰੂ ਜੀ ਨੇ ਇਸ ਢਾਬ ਵਿਖੇ ਇਸ਼ਨਾਨ ਕੀਤਾ ਜਿਹੜੀ ਕਿ ਸਰੋਵਰ ਵਿਚ ਤਬਦੀਲ ਕਰ ਦਿੱਤੀ ਗਈ ਸੀ। ਗੁਰੂ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਪਾਤਸ਼ਾਹੀ ਨੌਵੀਂ* ਸ਼ਸ਼ੋਭਿਤ ਹੈ। ਪਹਿਲਾਂ ਇਸ ਅਸਥਾਨ 'ਤੇ ਇਕ ਪੁਰਾਤਨ ਇਮਲੀ ਅਤੇ ਕਰੀਰ ਦਾ ਰੁੱਖ ਮੌਜੂਦ ਸੀ ਅਤੇ ਨੇੜੇ ਹੀ ਇਕ ਖੂਹੀ ਬਣੀ ਹੋਈ ਸੀ। ਦਿੱਲੀ ਦੇ ਬਾਬਾ ਹਰਬੰਸ ਸਿੰਘ ਕਾਰ ਸੇਵਾ ਵਾਲਿਆਂ ਦੀ ਸੰਸਥਾ ਨਾਲ ਸੰਬੰਧਿਤ ਬਾਬਾ ਬਖ਼ਸ਼ੀਸ਼ ਸਿੰਘ, ਬਾਬਾ ਗੁਰਮੇਲ ਸਿੰਘ ਫੁੱਲ ਅਤੇ ਬਾਬਾ ਗੁਰਦੇਵ ਸਿੰਘ ਕੁਲਾਰ ਇੱਥੇ ਸੇਵਾ ਕਰਦੇ ਰਹੇ ਹਨ। 1984 ਵਿਚ ਇਹਨਾਂ ਨੇ ਨਵੇਂ ਦਰਬਾਰ ਦੀ ਕਾਰ ਸੇਵਾ ਅਰੰਭ ਕਰਵਾਈ ਸੀ ਜਿਹੜੀ ਕਿ ਲੰਮਾ ਸਮਾਂ ਚੱਲਦੀ ਰਹੀ। 2001 ਵਿਚ ਸੰਪੂਰਨ ਹੋਣ 'ਤੇ ਇਸ ਨਵੀਂ ਇਮਾਰਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਲਗ-ਪਗ 2 ਏਕੜ ਵਿਚ ਦਰਬਾਰ ਹਾਲ, ਲੰਗਰ ਹਾਲ, ਡਿਉੜ੍ਹੀ ਅਤੇ ਕੁੱਝ ਰਿਹਾਇਸ਼ੀ ਕਮਰੇ ਬਣੇ ਹੋਏ ਹਨ। 43 ਕਨਾਲ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ, *ਗੁਰਦੁਆਰਾ ਨਾਨਕਿਆਣਾ ਸਾਹਿਬ* ਰਾਹੀਂ ਇਸ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਨਾਗਰਾ : ਭਵਾਨੀਗੜ੍ਹ-ਸੁਨਾਮ ਸੜਕ 'ਤੇ ਇਹ ਗੁਰਧਾਮ ਭਵਾਨੀਗੜ੍ਹ ਤੋਂ ਲਗ-ਪਗ 16 ਕਿਲੋਮੀਟਰ (10 ਮੀਲ) ਦੀ ਦੂਰੀ 'ਤੇ ਸਥਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸੁਖ ਸਾਗਰ ਸਾਹਿਬ ਪਾਤਸ਼ਾਹੀ ਨੌਵੀਂ* ਸ਼ਸ਼ੋਭਿਤ ਹੈ। ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ "ਪਟਿਆਲਾ ਨਜਾਮਤ ਸੁਨਾਮ, ਤਸੀਲ ਥਾਣਾ ਭਵਾਨੀਗੜ੍ਹ ਵਿੱਚ ਇੱਕ ਪਿੰਡ ਹੈ। ਇਸ ਵਿਚ ਗੁਰੂ ਤੇਗ ਬਹਾਦਰ ਜੀ ਦਾ ਅਸਥਾਨ ਹੈ। ਗੁਰੂ ਜੀ ਫੱਗੂਵਾਲਾ ਤੋਂ ਇੱਥੇ ਆਏ ਸਨ। ਕਿਸੇ ਸਮੇਂ ਇਹ ਗੁਰਦੁਆਰਾ ਪੱਕਾ ਸੀ ਪਰ ਹੁਣ ਛੋਟੀ ਜਿਹੀ ਚਾਰ ਦੀਵਾਰੀ ਖੜ੍ਹੀ ਹੈ, ਹੋਰ ਸਭ ਢਹਿ ਗਿਆ ਹੈ।"[1] ਵਿਸਾਖਾ ਸਿੰਘ ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਦਾ ਹੈ, "ਰਿਆਸਤ ਪਟਿਆਲਾ ਨਜਾਮਤ ਸੁਨਾਮ, ਤਹਿਸੀਲ ਭਵਾਨੀਗੜ੍ਹ ਵਿਚ ਇਕ

1. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 690.

ਪਿੰਡ ਹੈ। ਇਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅਸਥਾਨ ਹੈ। ਸ੍ਰੀ ਗੁਰੂ ਜੀ ਫੱਗੂ ਵਾਲੇ ਤੋਂ ਇੱਥੇ ਆਏ ਹਨ। ਰੇਲਵੇ ਸਟੇਸ਼ਨ ਸੁਨਾਮ ਤੋਂ ਉੱਤਰ ਪੂਰਬ 10 ਮੀਲ ਦੇ ਕਰੀਬ ਹੈ।"[1]

ਗੁਰਦੁਆਰਾ ਸਾਹਿਬ ਸੰਬੰਧੀ ਜਾਣਕਾਰੀ ਦਿੰਦੇ ਹੋਏ ਸ. ਮੱਘਰ ਸਿੰਘ ਅਤੇ ਮਾਸਟਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਗੁਰਧਾਮ ਸਥਿਤ ਸੀ ਪਰ ਸਮਾਂ ਪਾ ਕੇ ਇਸ 'ਤੇ ਕੁੱਝ ਪਰਿਵਾਰ ਕਾਬਜ਼ ਹੋ ਗਏ ਜਿਸ ਕਰਕੇ ਇੱਥੇ ਗੁਰਦੁਆਰਾ ਸਾਹਿਬ ਪ੍ਰਗਟ ਨਹੀਂ ਹੋ ਸਕਿਆ। ਪਿਛਲੇ ਕੁੱਝ ਸਾਲਾਂ ਤੋਂ ਪਿੰਡ ਦੇ ਵਸਨੀਕਾਂ ਨੇ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਲਈ ਇਕ ਕਮੇਟੀ ਬਣਾਈ ਜਿਹੜੀ ਇਸ ਗੁਰਧਾਮ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਲਈ ਯਤਨਸ਼ੀਲ ਹੋਈ। ਇੱਥੇ ਕਾਬਜ਼ ਵਸਨੀਕਾਂ ਵਿਚੋਂ ਜਗੀਰ ਸਿੰਘ ਪ੍ਰਮੁੱਖ ਸੀ ਜਿਹੜਾ ਇਹ ਜਗ੍ਹਾ ਗੁਰਦੁਆਰਾ ਸਾਹਿਬ ਨੂੰ ਦੇਣ ਲਈ ਤਿਆਰ ਨਹੀਂ ਸੀ। ਇਸ ਦੇ ਅਕਾਲ ਚਲਾਣੇ ਉਪਰੰਤ ਇਹ ਜ਼ਮੀਨ ਇਸ ਦੇ ਪਰਿਵਾਰ ਕੋਲੋਂ ਖਰੀਦੀ ਗਈ। ਜਿਹੜੇ ਵਸਨੀਕਾਂ ਤੋਂ ਇਹ ਜ਼ਮੀਨ ਖਰੀਦੀ ਗਈ ਉਹਨਾਂ ਦੇ ਨਾਂ ਹਨ - ਮਹਿੰਦਰ ਸਿੰਘ ਪੁੱਤਰ ਜਗੀਰ ਸਿੰਘ, ਸੁਖਦੇਵ ਸਿੰਘ ਪੁੱਤਰ ਜਗੀਰ ਸਿੰਘ, ਜਾਗਰ ਸਿੰਘ ਪੁੱਤਰ ਪ੍ਰੇਮ ਸਿੰਘ, ਅਜਾਇਬ ਸਿੰਘ ਪੁੱਤਰ ਬਾਰੂ ਸਿੰਘ ਅਤੇ ਮਾਸਟਰ ਅਮਰਨਾਥ। ਇਸ ਤੋਂ ਇਲਾਵਾ ਮਾਤਾ ਬਚਨ ਕੌਰ ਸੁਪਤਨੀ ਸ. ਨਿਰੰਜਨ ਸਿੰਘ ਦੀ ਲਗ-ਪਗ ਇਕ ਬਿਸਵਾ ਥਾਂ ਇੱਥੇ ਮੌਜੂਦ ਸੀ ਜਿਹੜੀ ਇਸ ਨੇ ਗੁਰੂ-ਘਰ ਨੂੰ ਭੇਟ ਕਰ ਦਿੱਤੀ ਸੀ।

ਲਗ-ਪਗ 2 ਵਿੱਘੇ ਜ਼ਮੀਨ 'ਤੇ ਦਰਬਾਰ ਹਾਲ ਅਤੇ ਹੋਰ ਇਮਾਰਤਾਂ ਬਣੀਆਂ ਹੋਈਆਂ ਹਨ। ਗੁਰਦੁਆਰਾ ਸਾਹਿਬ ਵਿਖੇ ਨੌਵੇਂ ਪਾਤਸ਼ਾਹ ਦਾ ਸ਼ਹੀਦੀ ਗੁਰਪੁਰਬ ਅਤੇ ਹੋਰ ਦਿਹਾੜੇ ਮਨਾਏ ਜਾਂਦੇ ਹਨ। ਗੁਰਮਤਿ ਕੈਂਪ ਲਗਾ ਕੇ ਬੱਚਿਆਂ ਨੂੰ ਸਿੱਖੀ ਪ੍ਰਤੀ ਉਤਸ਼ਾਹਤ ਕੀਤਾ ਜਾਂਦਾ ਹੈ। ਕੋਈ ਵੀ ਪਿੰਡ ਵਾਸੀ ਇਕ ਪੰਚਮੀ ਤੋਂ ਲੈ ਕੇ ਅਗਲੇ ਮਹੀਨੇ ਦੀ ਪੰਚਮੀ ਤੱਕ ਭੇਟਾ-ਮੁਕਤ ਸਹਿਜ ਪਾਠ ਕਰਵਾ ਸਕਦਾ ਹੈ। ਪਿੰਡ ਦੀ ਸਥਾਨਿਕ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਦੇਖਦੀ ਹੈ ਜਿਸ ਵਿਚ ਸ. ਬਲਦੇਵ ਸਿੰਘ ਪੁੱਤਰ ਸ. ਕਿਰਪਾਲ ਸਿੰਘ, ਪ੍ਰਧਾਨ; ਸ. ਬਲਦੇਵ ਸਿੰਘ ਪੁੱਤਰ ਸ. ਅਰਜਨ ਸਿੰਘ, ਮੀਤ-ਪ੍ਰਧਾਨ; ਸ. ਮੱਘਰ ਸਿੰਘ ਪੁੱਤਰ ਸ. ਨਰਾਤਾ ਸਿੰਘ, ਖ਼ਜ਼ਾਨਚੀ; ਸ. ਭੁਪਿੰਦਰ ਸਿੰਘ ਪੁੱਤਰ ਸ. ਬਲਬੀਰ ਸਿੰਘ, ਸਕੱਤਰ; ਸ. ਹਰਮੇਲ ਸਿੰਘ, ਸ. ਹਰੀ ਸਿੰਘ ਆਦਿ ਮੈਂਬਰ ਸ਼ਾਮਲ ਹਨ।

ਫੱਗੂਵਾਲਾ: ਭਵਾਨੀਗੜ੍ਹ-ਸੁਨਾਮ ਸੜਕ 'ਤੇ ਇਹ ਪਿੰਡ ਭਵਾਨੀਗੜ੍ਹ ਤੋਂ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸਥਿਤ ਹੈ। ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ ਫੱਗੂਵਾਲਾ ਤੋਂ, "ਦੱਖਣ ਅੱਧ ਮੀਲ ਦੇ ਕਰੀਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਕੇਵਲ ਕੱਚਾ ਮੰਜੀ ਸਾਹਿਬ ਬਣਿਆ ਹੋਇਆ ਹੈ। ਪਾਸ ਇਕ ਪੱਕਾ ਰਿਹਾਇਸ਼ੀ ਮਕਾਨ ਹੈ। ਇਕ ਬ੍ਰਾਹਮਣ ਧੂਪ ਦੀਪ ਦੀ ਸੇਵਾ ਕਰਦਾ ਹੈ।"[2] ਮੌਜੂਦਾ ਸਮੇਂ ਵਿਚ ਇੱਥੇ ਇਕ ਸੁੰਦਰ ਗੁਰਧਾਮ ਸਸ਼ੋਭਿਤ ਹੈ। ਭਵਾਨੀਗੜ੍ਹ ਤੋਂ ਸੁਨਾਮ ਜਾਣ ਵਾਲੀ ਮੁੱਖ ਸੜਕ 'ਤੇ ਹੋਣ ਕਰ ਕੇ ਬਹੁਤ ਸਾਰੇ ਸ਼ਰਧਾਲੂ ਅਤੇ ਰਾਹਗੀਰ ਇੱਥੇ ਦਰਸ਼ਨ ਕਰਨ ਲਈ ਰੁਕਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਬੱਬਨਪੁਰ : ਸੰਗਰੂਰ ਜ਼ਿਲੇ ਵਿਚ ਧੂਰੀ-ਮਲੇਰਕੋਟਲਾ ਸੜਕ 'ਤੇ ਧੂਰੀ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪਿੰਡ ਵਿਚ ਜਾਣ ਲਈ ਕੋਟਲਾ ਹਾਈਡਰੋ ਪਾਵਰ ਪ੍ਰਾਈਵੇਟ ਲਿਮਟਡ ਕੋਲੋਂ ਸੜਕ ਮੁੜਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਪਹਿਲਾਂ ਇੱਥੇ ਨਿਹੰਗ ਸਿੰਘਾਂ ਦਾ ਪੜਾਅ ਹੁੰਦਾ ਸੀ ਪਰ 1987 ਵਿਚ ਧੂਰਕੋਟ ਵਾਲੇ ਬਾਬਾ ਅਵਤਾਰ ਸਿੰਘ ਜੀ ਨੇ ਇੱਥੇ ਮੌਜੂਦਾ ਇਮਾਰਤ ਦੀ ਉਸਾਰੀ ਕਰਵਾਈ। ਲਗ-ਪਗ ਇਕ ਏਕੜ ਵਿਚ ਦਰਬਾਰ ਹਾਲ, ਲੰਗਰ ਹਾਲ ਸਰੋਵਰ ਆਦਿ ਬਣੇ

1. ਵਿਸਾਖਾ ਸਿੰਘ, *ਮਾਲਵਾ ਇਤਿਹਾਸ,* ਭਾਗ ਪਹਿਲਾ, ਪੰਨਾ 77.
2. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 808.

ਹੋਏ ਹਨ ਅਤੇ ਇਸ ਤੋਂ ਇਲਾਵਾ 3 ਏਕੜ ਵਾਹੀ ਯੋਗ ਜ਼ਮੀਨ ਹੈ ਜਿਸ ਦੀ ਦੇਖ-ਭਾਲ ਭਾਈ ਪਦਾਰਥ ਸਿੰਘ ਕਰਦੇ ਹਨ। ਮੱਸਿਆ ਨੂੰ ਇੱਥੇ ਸੰਗਤ ਜੁੜਦੀ ਹੈ।

ਭਵਾਨੀਗੜ੍ਹ : ਸੰਗਰੂਰ ਜ਼ਿਲੇ ਦਾ ਇਹ ਨਗਰ ਪਟਿਆਲਾ-ਸੰਗਰੂਰ ਸੜਕ 'ਤੇ ਪਟਿਆਲਾ ਤੋਂ ਲਗ-ਪਗ 35 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਭਾਵੇਂ ਕਿ ਮੌਜੂਦਾ ਸਮੇਂ ਵਿਚ ਇਹ ਨਗਰ ਭਵਾਨੀਗੜ੍ਹ ਦੇ ਨਾਂ ਨਾਲ ਪ੍ਰਸਿੱਧ ਹੈ ਪਰ ਪਹਿਲਾਂ ਇਸ ਨੂੰ ਢੋਡੇ ਵੀ ਕਿਹਾ ਜਾਂਦਾ ਸੀ ਕਿਉਂਕਿ ਇਸ ਪਿੰਡ ਦੀ ਮੋੜ੍ਹੀ ਢੋਡੇ ਗੋਤ ਦੇ ਜ਼ਿੰਮੀਦਾਰਾਂ ਨੇ ਗੱਡੀ ਸੀ। ਬਾਬਾ ਆਲਾ ਸਿੰਘ ਨੇ ਇਸ ਦਾ ਨਾਂ ਭਵਾਨੀਗੜ੍ਹ ਰੱਖਿਆ, *ਪੰਜਾਬ ਸਟੇਟ ਗ਼ਜ਼ਟੀਅਰ* ਵਿਚ ਇਸ ਦਾ ਜ਼ਿਕਰ ਕਰਦੇ ਹੋਏ ਕਿਹਾ ਗਿਆ, "It was renamed Bhawanigarh by Baba Ala Singh in whose time a sheep is said to have defended itself against two wolves at the shrine of Bhawani Devi in the Dhodan fort. Acting on this omen a darwesh advised the Maharaja to build a fort of Bhawanigarh."[1] ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਤੇਗ ਬਹਾਦਰ ਜੀ ਇਸ ਨਗਰ ਵਿਖੇ ਆਏ ਸਨ। ਗੁਰੂ ਜੀ ਨੇ ਇੱਥੇ ਜਿਸ ਪਿੱਪਲ ਦੇ ਰੁੱਖ ਹੇਠਾਂ ਨਿਵਾਸ ਕੀਤਾ ਸੀ ਉੱਥੇ ਹੁਣ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ* ਸਥਿਤ ਹੈ। ਸੰਗਤ ਵੱਲੋਂ ਉਸਾਰੇ ਗਏ ਇਸ ਗੁਰਧਾਮ ਨੂੰ ਪਟਿਆਲਾ ਰਿਆਸਤ ਵੱਲੋਂ ਪੂਜਾ-ਭੇਟਾ ਭੇਜੀ ਜਾਂਦੀ ਸੀ ਜਿਹੜੀ ਕਿ 1974 ਤੱਕ ਜਾਰੀ ਰਹੀ।

13.06.1999 ਨੂੰ ਬਾਬਾ ਜਗਤਾਰ ਸਿੰਘ ਤਰਨਤਾਰਨ ਵਾਲਿਆਂ ਦੀ ਸਰਪ੍ਰਸਤੀ ਅਧੀਨ ਬਾਬਾ ਕਿਰਪਾਲ ਸਿੰਘ ਨੇ ਇਸ ਗੁਰਧਾਮ ਦੀ ਉਸਾਰੀ ਕਰਵਾਈ ਸੀ। ਲਗ-ਪਗ 18 ਵਿੱਘੇ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਡਿਉੜ੍ਹੀ ਅਤੇ 20 ਰਿਹਾਇਸ਼ੀ ਕਮਰੇ ਬਣੇ ਹੋਏ ਹਨ। 434 ਵਿੱਘੇ 4 ਵਿਸਵੇ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। 1966 ਤੋਂ ਇਹ ਗੁਰਧਾਮ ਸਥਾਨਿਕ ਪ੍ਰਬੰਧਕ ਕਮੇਟੀ ਕੋਲ ਸੀ। 1986 ਤੋਂ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਅਤੇ 2010 ਤੋਂ ਸਿੱਧੇ ਤੌਰ 'ਤੇ ਇਹ ਗੁਰਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਆ ਗਿਆ। ਗੁਰਪੁਰਬਾਂ ਤੋਂ ਇਲਾਵਾ ਮੱਸਿਆ, ਸੰਗਰਾਂਦ ਮਨਾਈ ਜਾਂਦੀ ਹੈ।

ਮਕੋਰੜ : ਸੰਗਰੂਰ ਜ਼ਿਲੇ ਵਿਚ ਪੈਂਦੇ ਇਸ ਪਿੰਡ ਨੂੰ ਮਕਰੋੜ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਮੂਣਕ ਦੇ ਇਤਿਹਾਸਿਕ ਗੁਰਧਾਮ ਤੋਂ ਲਗ-ਪਗ 7 ਕਿਲੋਮੀਟਰ ਦੀ ਦੂਰੀ 'ਤੇ ਘੱਗਰ ਦਰਿਆ ਦੇ ਕੰਢੇ 'ਤੇ ਸਥਿਤ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ ਜਿਨ੍ਹਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਗੁਰੂ ਜੀ ਨੇ ਇੱਥੇ ਛੱਪੜੀ ਦੇ ਕਿਨਾਰੇ ਇਕ ਪਿੱਪਲ ਹੇਠਾਂ ਡੇਰਾ ਕੀਤਾ ਸੀ। ਇਕ ਗੁੱਜਰ ਗੁਰੂ ਜੀ ਲਈ ਦੁੱਧ ਲੈ ਕੇ ਆਇਆ ਪਰ ਗੁਰੂ ਜੀ ਨੇ ਸੇਵਨ ਨਹੀਂ ਕੀਤਾ। ਗੁਰੂ ਜੀ ਨੇ ਇਕ ਤਰਖਾਣ ਭਾਈ ਗੁਰਦਿੱਤਾ ਦੁਆਰਾ ਲਿਆਂਦਾ ਗਿਆ ਦੁੱਧ ਪੀਤਾ ਤਾਂ ਗੁੱਜਰ ਨੇ ਉਹਨਾਂ ਨੂੰ ਪੁੱਛਿਆ ਕਿ ਤੁਸੀਂ ਮੇਰੇ ਦੁਆਰਾ ਲਿਆਂਦਾ ਗਿਆ ਦੁੱਧ ਕਿਉਂ ਨਹੀਂ ਪੀਤਾ? ਗੁਰੂ ਜੀ ਨੇ ਕਿਹਾ ਕਿ ਤੂੰ ਚੋਰੀ ਦੇ ਡੰਗਰ ਰੱਖਦਾ ਹੈ ਤੇਰਾ ਦੁੱਧ ਪੀਣ ਦੇ ਲਾਇਕ ਨਹੀਂ। ਗੁੱਜਰ ਨੇ ਗੁਰੂ ਜੀ ਤੋਂ ਮਾਫ਼ੀ ਮੰਗੀ। ਗੁਰੂ ਜੀ ਇੱਥੋਂ ਧਮਤਾਨ ਚਲੇ ਗਏ ਸਨ।

ਮਾਲਵਾ ਦੇਸ ਰਟਨ ਦੀ ਸਾਖੀ ਪੋਥੀ ਤੋਂ ਪਤਾ ਲੱਗਦਾ ਹੈ ਕਿ ਗਾਗੇ ਪਿੰਡ ਦੇ ਕੁੱਝ ਲੋਕਾਂ ਨੇ ਗੁਰੂ ਜੀ ਨਾਲ ਚੰਗਾ ਵਿਹਾਰ ਨਹੀਂ ਕੀਤਾ ਸੀ ਅਤੇ ਫਿਰ ਪਸਚਾਤਾਪ ਹੋਣ 'ਤੇ ਆਪਣੀਆਂ ਭੁੱਲਾਂ ਦੀ ਮਾਫ਼ੀ ਮੰਗਣ ਲਈ ਇੱਥੇ ਆਏ ਸਨ; ਸੰਗਤ ਦੀ ਬੇਨਤੀ 'ਤੇ ਗੁਰੂ ਜੀ ਨੇ ਉਹਨਾਂ ਨੂੰ ਮਾਫ਼ ਕਰ ਦਿੱਤਾ ਸੀ।[2] ਫੌਜਾ ਸਿੰਘ ਦੱਸਦੇ ਹਨ ਕਿ ਇਕ ਪ੍ਰੇਮੀ ਮਿਸਤਰੀ ਗੁਰਦਿੱਤਾ ਨੇ ਗੁਰੂ ਤੇਗ ਬਹਾਦਰ ਜੀ ਦੀ ਇੱਥੇ ਪੁੱਜਣ 'ਤੇ ਬਹੁਤ ਸੇਵਾ ਕੀਤੀ ਸੀ। ਇਕ ਰਾਤ

1. Punjab States Gazetteers, 1904, vol. XVII-A , p. 192.
2. *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ*, ਸਾਖੀ 28, ਪੰਨਾ 26.

ਡੇਰਾ ਕਰ ਕੇ ਗੁਰੂ ਜੀ ਅੱਗੇ ਚਲੇ ਗਏ। ਇਹ ਪਰਿਵਾਰ ਗੁਰੂ ਜੀ ਦੇ ਅਸਥਾਨ 'ਤੇ ਧੂਪ-ਬੱਤੀ ਕਰ ਕੇ ਸੰਗਤ ਨੂੰ ਕੜਾਹ ਪ੍ਰਸਾਦਿ ਛਕਾਉਂਦਾ ਰਿਹਾ। ਗੁਰਦਿੱਤਾ ਜੀ ਤੋਂ ਬਾਅਦ ਇਸ ਪਰਿਵਾਰ ਦੇ ਸ. ਬੀਰੂ ਸਿੰਘ, ਸ. ਦਲ ਸਿੰਘ ਅਤੇ ਇਹਨਾਂ ਦੀ ਪਤਨੀ ਮਾਈ ਜਿਊਣੀ, ਸ. ਫ਼ਤਿਹ ਸਿੰਘ, ਸ. ਅਮਰ ਸਿੰਘ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਰਹੇ ਪਰ ਸੰਗਤ ਲਈ ਕਿਸੇ ਅਸਥਾਨ ਦੀ ਉਸਾਰੀ ਸੰਭਵ ਨਾ ਹੋ ਸਕੀ। 1946 ਵਿਚ ਮਹੰਤ ਤਾਰਾ ਸਿੰਘ ਨੇ ਇਕ ਥੜ੍ਹੇ ਦੇ ਰੂਪ ਵਿਚ ਗੁਰੂ ਜੀ ਦੀ ਯਾਦਗਾਰ ਸਥਾਪਿਤ ਕਰ ਕੇ ਸੇਵਾ ਕਰਨੀ ਅਰੰਭ ਕਰ ਦਿੱਤੀ। 1953 ਵਿਚ ਸ. ਹਰਚੰਦ ਸਿੰਘ ਜੇਜੀ ਨੇ ਇੱਥੇ ਇਕ ਇਮਾਰਤ ਦੀ ਉਸਾਰੀ ਕਰਵਾ ਦਿੱਤੀ।[1]

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਲਗ-ਪਗ 25 ਸਾਲ ਪੁਰਾਣੀ ਹੈ ਜਿਸ ਦੀ ਉਸਾਰੀ ਪਿੰਡ ਦੀ ਸੰਗਤ ਨੇ ਅਰੰਭ ਕੀਤੀ ਸੀ ਅਤੇ ਫਿਰ ਬਾਬਾ ਜਗਤਾਰ ਸਿੰਘ ਜੀ ਦੀ ਸਰਪ੍ਰਸਤੀ ਅਧੀਨ ਬਾਬਾ ਹਰਦੇਵ ਸਿੰਘ ਅਤੇ ਬਾਬਾ ਮੱਘਰ ਸਿੰਘ ਨੇ ਸੰਪੂਰਨ ਕਰਵਾਈ ਸੀ। ਪੁਰਾਣੀ ਇਮਾਰਤ ਦੀ ਜਗ੍ਹਾ ਨਵਾਂ ਲੰਗਰ ਹਾਲ ਬਣਾਇਆ ਗਿਆ ਹੈ। ਲਗ-ਪਗ ਤਿੰਨ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ, 10 ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। ਇਸ ਤੋਂ ਇਲਾਵਾ 10 ਏਕੜ ਵਾਹੀ ਯੋਗ ਜ਼ਮੀਨ ਹੈ। 1971 ਤੋਂ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ ਜਿਹੜੀ ਕਿ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਦਾ ਪ੍ਰਬੰਧ ਕਰਦੀ ਹੈ। ਮੌਜੂਦਾ ਸਮੇਂ ਵਿਚ ਇਹ *ਗੁਰਧਾਮ ਧਮਤਾਨ ਸਾਹਿਬ* ਨਾਲ ਅਟੈਚ ਹੈ।

ਮੂਣਕ : ਸੰਗਰੂਰ ਜ਼ਿਲੇ ਦਾ ਇਹ ਨਗਰ ਪਾਤੜਾਂ-ਜਾਖਲ ਸੜਕ 'ਤੇ ਪਾਤੜਾਂ ਤੋਂ ਲਗ-ਪਗ 25 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਤੋਂ ਅੱਗੇ ਹਰਿਆਣੇ ਦਾ ਇਕ ਪੁਰਾਤਨ ਨਗਰ ਜਾਖਲ ਅਰੰਭ ਹੋ ਜਾਂਦਾ ਹੈ। ਡਾ. ਫ਼ੌਜਾ ਸਿੰਘ ਦੱਸਦੇ ਹਨ ਕਿ ਪਟਿਆਲਾ ਰਿਆਸਤ ਤੋਂ ਪਹਿਲਾਂ ਇਸ ਥਾਂ 'ਤੇ ਰੰਘੜਾਂ ਦਾ ਇਕ ਕਿਲ੍ਹਾ ਸੀ ਜਿਸ ਨੂੰ ਮਹਾਰਾਜਾ ਅਮਰ ਸਿੰਘ ਨੇ ਜਿੱਤ ਕੇ ਨਾਂ ਅਕਾਲਗੜ੍ਹ ਰੱਖਿਆ।[2]

ਇਸ ਨਗਰ ਵਿਚ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਅਸਥਾਨ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸਥਿਤ ਹੈ ਜਿਸ ਨੂੰ ਆਮ ਤੌਰ 'ਤੇ *ਗੁਰਦੁਆਰਾ ਅਕਾਲਗੜ੍ਹ ਸਾਹਿਬ* ਵੀ ਕਿਹਾ ਜਾਂਦਾ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਇੱਥੇ ਜਿਸ ਛੱਪੜੀ ਦੇ ਕਿਨਾਰੇ ਗੁਰੂ ਜੀ ਨੇ ਡੇਰਾ ਲਾਇਆ ਸੀ ਉੱਥੇ ਇਸ ਇਲਾਕੇ ਦੇ ਰਈਸ ਸ. ਹਰਚੰਦ ਸਿੰਘ ਜੇਜੀ ਚੂੜ੍ਹਲ ਕਲਾਂ ਵਾਲਿਆਂ ਨੇ 1953 ਵਿਚ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਸੀ। ਮੌਜੂਦਾ ਇਮਾਰਤ ਦੀ ਉਸਾਰੀ 2008 ਵਿਚ ਤਰਤਾਰਨ ਦੇ ਬਾਬਾ ਜਗਤਾਰ ਸਿੰਘ ਅਤੇ ਸ਼ਾਹਬਾਦ ਦੇ ਬਾਬਾ ਵੀਰ ਸਿੰਘ ਵੱਲੋਂ ਕਰਵਾਈ ਗਈ ਸੀ। ਇੱਥੇ ਇਕ ਪੁਰਾਤਨ ਖੂਹ ਸੀ ਜਿਹੜਾ ਕਿ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਨਵ-ਉਸਾਰੀ ਸਮੇਂ ਪੂਰ ਦਿੱਤਾ ਗਿਆ ਅਤੇ ਇੱਥੇ ਮੌਜੂਦ ਛਪੜੀ ਸਰੋਵਰ ਦੇ ਰੂਪ ਵਿਚ ਤਬਦੀਲ ਕਰ ਦਿੱਤੀ ਗਈ। ਗੁਰਦੁਆਰਾ ਸਾਹਿਬ ਦੀ ਲਗ-ਪਗ 2 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦੀਵਾਨ ਹਾਲ, ਪਾਰਕਿੰਗ ਅਤੇ 4 ਰਿਹਾਇਸ਼ੀ ਕਮਰੇ ਬਣੇ ਹੋਏ ਹਨ। ਡਿਉੜ੍ਹੀ ਦਾ ਕੰਮ ਚੱਲ ਰਿਹਾ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ 15 ਏਕੜ ਜ਼ਮੀਨ ਪੁਰਾਣੇ ਮਹੰਤ ਦੇ ਕਬਜ਼ੇ ਵਿਚ ਹੈ ਜਿਸ ਦਾ ਕੇਸ ਚੱਲ ਰਿਹਾ ਹੈ। ਵਾਹੀ ਯੋਗ ਢਾਈ ਏਕੜ ਜ਼ਮੀਨ ਵੱਖਰੀ ਹੈ ਜਿਹੜੀ ਠੇਕੇ 'ਤੇ ਦਿੱਤੀ ਹੋਈ ਹੈ।

ਮਹੰਤ ਈਸ਼ਰ ਸਿੰਘ ਪਹਿਲਾਂ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਸਨ। ਗੁਰਦੁਆਰਾ ਸਾਹਿਬ ਦੇ ਪ੍ਰਬੰਧ ਅਤੇ ਜ਼ਮੀਨ ਨੂੰ ਲੈ ਕੇ ਇਹਨਾਂ ਦਾ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਫਿਰ ਸਥਾਨਿਕ ਕਮੇਟੀ ਨਾਲ ਕੇਸ ਚੱਲਦਾ ਰਿਹਾ ਹੈ। 2017 ਵਿਚ ਸਥਾਨਿਕ ਕਮੇਟੀ ਦੇ ਅਸਤੀਫ਼ਾ ਦੇ ਜਾਣ ਕਾਰਨ ਇਸ ਗੁਰਧਾਮ ਦਾ ਪ੍ਰਬੰਧ

1. ਫ਼ੌਜਾ ਸਿੰਘ, *ਗੁਰੂ ਤੇਗ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ*, ਪੰਨੇ 150-51.
2. *ਉਹੀ*, ਪੰਨਾ 149.

ਸਿੱਧੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆ ਗਿਆ। ਮਹੰਤ ਦੇ ਪੋਤਰਿਆਂ ਨਾਲ ਗੁਰਦੁਆਰਾ ਸਾਹਿਬ ਦੀ ਜ਼ਮੀਨ ਸੰਬੰਧੀ ਅਦਾਲਤ ਵਿਚ ਜਿਹੜਾ ਵਿਵਾਦ ਚੱਲ ਰਿਹਾ ਸੀ, ਉਹ ਲਗ-ਪਗ ਖਤਮ ਹੋ ਗਿਆ ਹੈ। ਮਹੰਤ ਦੇ ਪੋਤਰਿਆਂ ਵੱਲੋਂ ਕੇਸ ਵਾਪਸੀ ਦੀ ਪਾਈ ਗਈ ਅਰਜ਼ੀ 'ਤੇ ਸੁਣਵਾਈ ਚੱਲ ਰਹੀ ਹੈ। ਮੌਜੂਦਾ ਸਮੇਂ ਵਿਚ ਇਹ ਗੁਰਦੁਆਰਾ ਗਾਗਾ ਦੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਨਾਲ ਅਟੈਚ ਹੈ।

ਮੂਲੋਵਾਲ : ਪੰਜਾਬ ਦੇ ਸੰਗਰੂਰ ਜ਼ਿਲੇ ਵਿਚ ਸਥਿਤ ਇਹ ਪਿੰਡ ਬਠਿੰਡਾ-ਅੰਬਾਲਾ ਰੇਲਵੇ ਲਾਈਨ 'ਤੇ ਸਥਿਤ ਅਲਾਲ ਰੇਲਵੇ ਸਟੇਸ਼ਨ ਤੋਂ ਲਗ-ਪਗ ਢਾਈ ਕਿਲੋਮੀਟਰ ਦੂਰ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਤੇਗ ਬਹਾਦਰ ਜੀ ਰਾਜੋ ਮਾਜਰਾ ਤੋਂ ਇਸ ਪਿੰਡ ਵਿਖੇ ਆਏ ਸਨ। ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਤਿੰਨ ਗੁਰਧਾਮਾਂ ਦੇ ਦਰਸ਼ਨ ਹੁੰਦੇ ਹਨ:

1. **ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ :** ਇਹ ਉਹ ਅਸਥਾਨ ਹੈ ਜਿੱਥੇ ਗੁਰੂ ਤੇਗ ਬਹਾਦਰ ਜੀ ਨੇ ਡੇਰਾ ਕੀਤਾ ਸੀ। 21 ਪੋਹ ਨੂੰ ਇਹਨਾਂ ਦਾ ਆਗਮਨ ਪੁਰਬ ਮਨਾਇਆ ਜਾਂਦਾ ਹੈ। ਇਹ ਅਸਥਾਨ ਗੁਰੂ ਗੋਬਿੰਦ ਸਿੰਘ ਜੀ ਦੀ ਵੀ ਚਰਨ-ਛੋਹ ਪ੍ਰਾਪਤ ਹੈ। ਗੁਰੂ ਸਾਹਿਬਾਨ ਦੀ ਯਾਦ ਵਿਚ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ* ਸੁਸ਼ੋਭਿਤ ਹੈ। ਭਾਈ ਨਾਨੂੰ ਇਸ ਅਸਥਾਨ ਦਾ ਪਹਿਲਾ ਸੇਵਦਾਰ ਸੀ। ਮੂਲੋਵਾਲ ਵਿਖੇ ਇਸ ਦਾ ਨਾਨਕਾ ਪਰਿਵਾਰ ਰਹਿੰਦਾ ਸੀ ਅਤੇ ਜਦੋਂ ਇਸ ਨੇ ਆਲਮਗੀਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਘੋੜਾ ਭੇਟ ਕੀਤਾ ਤਾਂ ਹਕੂਮਤ ਨੇ ਇਸ ਦੇ ਪਰਿਵਾਰ ਨੂੰ ਸ਼ਹੀਦ ਕਰ ਦਿੱਤਾ ਸੀ ਅਤੇ ਇਹ ਭੱਜ ਕੇ ਆਪਣੇ ਨਾਨਕੇ ਪਿੰਡ ਆ ਗਿਆ ਸੀ। ਗੁਰੂ ਤੇਗ ਬਹਾਦਰ ਜੀ ਦਾ ਮੰਜੀ ਸਾਹਿਬ ਬਣਾ ਕੇ ਇਹ ਇੱਥੇ ਹੀ ਸੇਵਾ ਕਰਨ ਲੱਗਿਆ। ਰਿਆਸਤਾਂ ਦੇ ਸਮੇਂ ਮਹਾਰਾਜਾ ਕਰਮ ਸਿੰਘ ਨੇ ਇਸ ਅਸਥਾਨ ਦੀ ਸੇਵਾ ਕਰਵਾਈ ਅਤੇ ਇਸ ਦੇ ਨਾਂ ਜ਼ਮੀਨ ਲਵਾਈ ਸੀ। ਇਸ ਗੁਰਦੁਆਰਾ ਸਾਹਿਬ ਦੇ ਕੰਪਲੈਕਸ ਵਿਚ ਸੰਤ ਬਾਬਾ ਰਣਜੀਤ ਸਿੰਘ ਦਾ ਅੰਗੀਠਾ ਸਾਹਿਬ ਬਣਿਆ ਹੋਇਆ ਹੈ ਜਿਹੜੇ ਕਿ 4.12.1985 ਨੂੰ ਅਕਾਲ ਚਲਾਣਾ ਕਰ ਗਏ ਸਨ। ਇਹ ਅਸਥਾਨ ਇਹਨਾਂ ਦੀ ਇਸ ਗੁਰਧਾਮ ਪ੍ਰਤੀ, ਸ਼ਰਧਾ, ਨਿਸ਼ਠਾ ਅਤੇ ਸੇਵਾ-ਸੰਭਾਲ ਦੀ ਗਵਾਹੀ ਭਰਦਾ ਹੈ। ਇਹ ਮਸਤੂਆਣਾ ਸੰਪ੍ਰਦਾਇ ਨਾਲ ਸੰਬੰਧ ਰੱਖਦੇ ਸਨ ਅਤੇ 1952 ਵਿਚ ਇਹਨਾਂ ਨੇ ਹੀ *ਗੁਰਦੁਆਰਾ ਮੰਜੀ ਸਾਹਿਬ* ਦੀ ਮੌਜੂਦਾ ਇਮਾਰਤ ਦੀ ਕਾਰ ਸੇਵਾ ਅਰੰਭ ਕਰਵਾ ਕੇ 1957 ਵਿਚ ਸੰਪੂਰਨ ਕਰਵਾਈ ਸੀ।

   ਇਸ ਗੁਰਧਾਮ ਦਾ ਪੁਰਾਤਨ ਮੰਜੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਦੇ ਅੱਗੇ ਸ਼ੀਸ਼ੇ ਦੇ ਫਰੇਮ ਵਿਚ ਸੰਭਾਲ ਕੇ ਰੱਖਿਆ ਹੋਇਆ ਹੈ। ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਦੋ ਹੁਕਮਨਾਮੇ ਅਤੇ ਇਕ ਪੁਰਾਤਨ ਇੱਟ ਇਸ ਗੁਰਧਾਮ ਦੀ ਨਵ-ਉਸਾਰੀ ਸਮੇਂ ਮਿਲੇ ਸਨ ਜਿਹੜੇ ਕਿ ਦਰਬਾਰ ਹਾਲ ਵਿਚ ਸੰਭਾਲ ਕੇ ਰੱਖੇ ਹੋਏ ਹਨ। ਹੁਕਮਨਾਮਿਆਂ ਦੀ ਪ੍ਰਮਾਣਿਕਤਾ ਸੰਬੰਧੀ ਵਿਦਵਾਨਾਂ ਵਿਚ ਮੱਤਭੇਦ ਹਨ। ਮਲ੍ਹੇ ਦਾ ਇਕ ਪੁਰਾਤਨ ਰੁੱਖ ਵੀ ਮੌਜੂਦ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ 10 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦੀਵਾਨ ਹਾਲ, 10 ਰਿਹਾਇਸ਼ੀ ਕਮਰੇ, ਸਰੋਵਰ ਅਤੇ ਅੰਗੀਠਾ ਬਾਬਾ ਰਣਜੀਤ ਸਿੰਘ ਆਦਿ ਬਣੇ ਹੋਏ ਹਨ। 27 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਇਹ ਗੁਰਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹੈ।

2. **ਗੁਰਦੁਆਰਾ ਮਿੱਠਾ ਖੂਹ ਪਾਤਸ਼ਾਹੀ ਨੌਵੀਂ :** ਮੂਲੋਵਾਲ ਵਿਖੇ ਇਹ ਅਸਥਾਨ ਉਸ ਖੂਹ 'ਤੇ ਬਣਿਆ ਹੋਇਆ ਹੈ ਜਿਸ ਨੂੰ ਗੁਰੂ ਤੇਗ ਬਹਾਦਰ ਜੀ ਨੇ ਮਿੱਠਾ ਕੀਤਾ ਸੀ। ਜਦੋਂ ਗੁਰੂ ਜੀ ਇਸ ਅਸਥਾਨ 'ਤੇ ਪੁੱਜੇ ਤਾਂ ਦੇਖਿਆ ਕਿ ਖੂਹ ਨੂੰ ਢੱਕਿਆ ਹੋਇਆ ਹੈ। ਗੁਰੂ ਜੀ ਨੇ ਪੀਣ ਵਾਸਤੇ ਜਲ ਮੰਗਿਆ ਤਾਂ ਪਿੰਡ ਵਾਲਿਆਂ ਨੇ ਕਿਹਾ ਕਿ ਇਸ ਦਾ ਜਲ ਖਾਰਾ ਹੈ, ਵਰਤੋਂ ਯੋਗ ਨਹੀਂ। ਨੇੜੇ ਹੀ ਇਕ ਹੋਰ ਖੂਹ ਤੋਂ ਇਹ ਜਲ ਲਿਆਉਣ ਲਈ

ਜਾਣ ਲੱਗੇ ਤਾਂ ਗੁਰੂ ਜੀ ਨੇ ਬਚਨ ਕੀਤਾ ਕਿ ਇਸੇ ਖੂਹ ਦਾ ਜਲ ਲੈ ਆਵੋ। *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ* ਵਿਚ ਦੱਸਿਆ ਗਿਆ ਹੈ ਕਿ, "ਸਿੱਖਾਂ ਨੇ ਖੂਹ ਉਤੋਂ ਮੋੜ੍ਹੇ ਲਾਹ ਕੇ ਜਲ ਲੈ ਆਂਦਾ। ਗੁਰੂ ਜੀ ਨੇ ਚੁਲਾ ਕੀਤਾ, ਮੁਹੁ ਧੋਤਾ। ਬਚਨ ਕੀਤਾ: 'ਜਲ ਤਾਂ ਮਿੱਠਾ ਹੈ' ਜਲ ਮਿੱਠਾ ਹੋਇਆ।"[1] ਸਥਾਨਿਕ ਪਰੰਪਰਾ ਦੱਸਦੀ ਹੈ ਕਿ ਗੁਰੂ ਜੀ ਨੇ ਗੁੜ ਪਾ ਕੇ ਖੂਹ ਦਾ ਪਾਣੀ ਮਿੱਠਾ ਕੀਤਾ ਸੀ।

ਸੰਤ ਬਾਬਾ ਰਣਜੀਤ ਸਿੰਘ ਨੇ 1983 ਵਿਚ ਇਸ ਖੂਹ ਦੇ ਨਾਲ ਹੀ ਇਕ ਕਮਰੇ ਦੀ ਉਸਾਰੀ ਕਰਵਾ ਕੇ ਉਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਸੀ ਅਤੇ ਨਾਲ ਹੀ ਲੰਗਰ ਹਾਲ ਦੀ ਇਮਾਰਤ ਤਿਆਰ ਕਰਵਾਈ। ਇਹ ਖੂਹ ਅਬਾਦੀ ਵਿਚ ਸੀ ਅਤੇ ਬਾਬਾ ਗੁਰਬਖ਼ਸ਼ ਸਿੰਘ ਨੇ ਇਸ ਦੇ ਆਲੇ-ਦੁਆਲੇ ਦੇ ਘਰ ਖਰੀਦ ਕੇ ਪਹਿਲਾਂ ਇਸ ਅਸਥਾਨ ਨੂੰ ਖੁੱਲ੍ਹਾ ਕੀਤਾ ਅਤੇ ਫਿਰ ਨਵੇਂ ਗੁਰਧਾਮ ਦੀ ਉਸਾਰੀ ਅਰੰਭ ਕਰਵਾਈ। ਮੌਜੂਦਾ ਇਮਾਰਤ ਦੀ ਉਸਾਰੀ ਮਹੰਤ ਬਾਬਾ ਗੁਰਬਖ਼ਸ਼ ਸਿੰਘ ਨੇ ਕਰਵਾਈ ਸੀ। ਇਸ ਗੁਰਦੁਆਰਾ ਸਾਹਿਬ ਦੇ ਅੰਦਰ ਜਾਣ ਵਾਲੇ ਦਰਵਾਜ਼ੇ ਦੇ ਉੱਤੇ ਲੱਗੇ ਹੋਏ ਇਕ ਪੱਥਰ 'ਤੇ ਲਿਖਿਆ ਹੋਇਆ ਹੈ, 'ਇਸ ਪਵਿੱਤਰ ਦਰਬਾਰ ਸਾਹਿਬ ਦੀ ਨੀਂਹ ਮਿਤੀ 29.9.2002 ਦਿਨ ਐਤਵਾਰ ਨੂੰ 10 ਵਜੇ ਵੀਹਵੀਂ ਸਦੀ ਦੇ ਪਰਮ ਸੰਤ ਸ੍ਰੀ ਗੰਗਾ ਰਾਮ ਜੀ ਡੇਰਾ ਸੁਲਤਾਨਪੁਰ ਵਾਲਿਆਂ ਨੇ ਆਪਣੇ ਪਵਿੱਤਰ ਕਰ ਕਮਲਾਂ ਨਾਲ ਰੱਖੀ।' ਪਹਿਲਾਂ ਤੋਂ ਬਣੇ ਹੋਏ ਪ੍ਰਕਾਸ਼ ਅਸਥਾਨ ਨੂੰ ਅਜਾਇਬ ਘਰ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਬਾਬਾ ਰਣਜੀਤ ਸਿੰਘ (1983-85), ਬਾਬਾ ਮੇਹਰ ਸਿੰਘ (1985-92) ਅਤੇ ਬਾਬਾ ਗੁਰਬਖ਼ਸ਼ ਸਿੰਘ (1992-2010) ਇਸ ਅਸਥਾਨ ਦੀ ਸੇਵਾ ਸੰਭਾਲ ਕਰਦੇ ਰਹੇ ਹਨ। 2010 ਤੋਂ ਬਾਬਾ ਅਮਰਜੀਤ ਸਿੰਘ ਇਸ ਅਸਥਾਨ ਦਾ ਪ੍ਰਬੰਧ ਚਲਾ ਰਹੇ ਹਨ। ਲਗ-ਪਗ ਇਕ ਵਿੱਘੇ ਵਿਚ ਦਰਬਾਰ ਹਾਲ, ਲੰਗਰ ਹਾਲ, ਮਿੱਠਾ ਖੂਹ ਅਤੇ ਅਜਾਇਬ ਘਰ ਬਣੇ ਹੋਏ ਹਨ।

3. **ਗੁਰਦੁਆਰਾ ਬਿਸਤਰਾ ਸਾਹਿਬ :** ਇਹ ਅਸਥਾਨ *ਗੁਰਦੁਆਰਾ ਮਿੱਠਾ ਖੂਹ* ਤੋਂ ਲਗ-ਪਗ 200 ਮੀਟਰ ਦੀ ਦੂਰੀ 'ਤੇ ਮੂਲੋਵਾਲ ਦੇ ਵੱਡੇ ਅਗਵਾੜ (ਮੁੱਖ ਡਿਉੜ੍ਹੀ) ਦੇ ਅੰਦਰਲੇ ਪਾਸੇ ਸਥਿਤ ਹੈ। ਇਹ ਉਹ ਅਸਥਾਨ ਹੈ ਜਿੱਥੇ ਗੁਰੂ ਤੇਗ ਬਹਾਦਰ ਜੀ ਨੇ ਇਸ ਪਿੰਡ ਦੇ ਚੌਧਰੀ ਗੋਂਦੇ ਨੂੰ ਸਰਦਾਰੀ ਬਖ਼ਸ਼ੀ ਅਤੇ ਉਸ ਦੇ ਸੱਤ ਪਾਲੀਆਂ ਨੂੰ ਪੱਗਾਂ ਦੀ ਬਖ਼ਸ਼ਿਸ਼ ਕੀਤੀ ਸੀ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਗੁਰੂ ਜੀ ਨੇ ਇੱਥੋਂ ਦੇ ਚੌਧਰੀ ਗੋਂਦੇ ਦਾ ਮਾਣ ਤੋੜਿਆ ਅਤੇ ਗਰੀਬਾਂ ਨੂੰ ਪੱਗਾਂ ਵੰਡੀਆਂ। ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਜਦੋਂ ਗੁਰੂ ਜੀ ਇਸ ਪਿੰਡ ਦੇ ਦੂਜੇ ਪਾਸੇ ਗਏ ਤਾਂ ਸੁਖਮਨੀ ਸਾਹਿਬ ਦੇ ਪਾਠ ਦੀ ਅਵਾਜ਼ ਸੁਣ ਕੇ ਖੜ੍ਹੇ ਹੋ ਗਏ ਤਦੋਂ ਨੂੰ ਪਾਠ ਕਰਦੇ ਹੋਏ ਮਜ਼ਬੀ ਸਿੱਖ ਨੇ ਚਰਨ ਆ ਫੜੇ ਬਚਨ ਹੋਯਾ ਤੇਰੀ ਕੁਲ ਵਿਚ ਹਮੇਸ਼ ਬਾਣੀ ਦਾ ਉਚਾਰ ਭਗਤੀ ਦਾ ਪ੍ਰਚਾਰ ਰਹੇਗਾ ਜੋ ਹੁਣ ਤਕ ਉਸ ਦਾ ਸਾਰਾ ਕੁਟੰਬ ਬਾਣੀ ਦਾ ਅਭਯਾਸੀ ਤੇ ਰਾਗੀ ਹੈ। ਏਥੇ ਹਰਾ ਘਾਸ ਦੇਖ ਕੇ ਗੁਰੂ ਜੀ ਨੇ ਘੋੜੇ ਚਰਨ ਲਈ ਛੁਡਾ ਦਿੱਤੇ ਗੋਂਦੇ ਪੈਂਚ ਨੇ ਓਨਾਂ ਦੇ ਰਖਵਾਲੇ ਸਤ ਆਦਮੀ ਭੇਜ ਦਿੱਤੇ। ਓਨ੍ਹਾਂ ਦੇ ਸੁਭਾਵ ਤੇ ਗੁਣ ਦੇਖ ਕੇ ਗੁਰੂ ਜੀ ਨੇ ਓਨਾਂ ਨੂੰ ਸੱਤ ਪੱਗਾਂ ਪੈਂਚਾਈ ਦੀਆਂ ਬਖ਼ਸ਼ੀਆਂ। ਏਹ ਖਬਰ ਸੁਣ ਕੇ ਗੋਂਦੇ ਪੈਂਚ ਦੀ ਔਰਤ ਨੇ ਦੁੱਧ ਦੀ ਕਾੜਨੀ ਗੁਰੂ ਜੀ ਅੱਗੇ ਲਿਆ ਰਖੀ ਤੇ ਚਰਨ ਫੜ ਕੇ ਸਨਿਮ੍ਰ ਅਜੇਹੀ ਬੇਨਤੀ ਕੀਤੀ ਜਿਸ ਤੋਂ ਗੁਰੂ ਜੀ ਨੂੰ ਕਹਿਣਾ ਪਿਆ ਕੁੱਝ ਮੰਗ! ਓਨ ਅਰਜ ਕੀਤੀ ਪੈਂਚਾਈ ਤਾਂ ਆਪ ਨੇ ਮੇਰੇ ਕਾਮਿਆਂ ਨੂੰ ਬਖ਼ਸ਼ ਦਿੱਤੀ ਮੇਰੀ ਸੰਤਾਨ ਕੀ ਕਰੂ ਗੁਰੂ ਜੀ ਨੇ ਫਰਮਾਯਾ ਸਰਦਾਰੀ, ਸੋਈ ਸਚ ਹੋਇਆ ਓਸੇ ਮਾਈ ਦੀ ਉਲਾਦ ਸਰਦਾਰ ਚੜ੍ਹਤ ਸਿੰਘ, ਨਿਧਾਨ ਸਿੰਘ, ਖਜਾਨ ਸਿੰਘ, ਬਸੰਤ ਸਿੰਘ ਆਦਿਕ ਅਨੇਕਾਂ ਸਰਦਾਰ ਹੋਏ ਹਨ ਤੇ ਹੁਣ ਹਨ। ਏਸ ਗੁਰਦਵਾਰੇ ਦੀ ਸੇਵਾ ਪਹਿਲੇ ਨਾਨੂ ਸਿੰਘ ਨਾਮ ਮਜਬੀ ਸਿੰਘ ਕਰਦਾ ਤੇ ਪੂਜਾ ਛਕਦਾ ਹੁੰਦਾ ਸੀ ਹੁਣ ਓਸ ਮਜਬੀ ਦੀ ਓਲਾਦ ਨਹੀਂ ਛਕਦੀ, ਜੱਟ ਸਿੱਖ ਛਕਦੇ ਹਨ, ਇਕ

1. *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ,* ਸਾਖੀ 2, ਪੰਨਾ 6.

ਝਿੜੀ ਦੋ ਹਲ ਜ਼ਮੀਨ ਮਾਫ਼ੀ ਅਤੇ ਦੋ ਸੌ ਮਣ ਕਣਕ ਪਟਿਆਲੇ ਤੋਂ ਹੈ, ਪਿੰਡ ਵਿਚੋਂ ਹਰ ਵਿਆਹ ਦਾ ਰੁਪਯਾ ਮਿਲਦਾ ਹੈ ਪਰ ਸਭ ਕੁੱਝ ਅਜਾਈਂ ਚਲਾ ਜਾਂਦਾ ਹੈ, ਨਾ ਲੰਗਰ ਨਾ ਭਜਨ, ਨਾ ਵਿਦਯਾ, ਕੋਈ ਰੌਣਕ ਨਹੀਂ।[1]

ਪਿੰਡ ਵਾਲਿਆਂ ਨੇ ਦੱਸਿਆ ਕਿ ਪਹਿਲਾਂ ਇਸ ਅਸਥਾਨ 'ਤੇ ਇਕ ਥੜ੍ਹਾ ਹੁੰਦਾ ਸੀ ਅਤੇ ਇਸ ਦੇ ਨਾਲ ਸ. ਪੂਰਨ ਸਿੰਘ ਮਿਸਤਰੀ ਦਾ ਘਰ ਸੀ ਜਿਸ ਵਿਚ ਇਸ ਦਾ ਮੁੰਡਾ ਸ. ਇੰਦਰ ਸਿੰਘ ਨਿਵਾਸ ਕਰਦਾ ਸੀ। ਅੱਧਾ ਘਰ ਬਾਬਾ ਗੁਰਬਖ਼ਸ਼ ਸਿੰਘ ਅਤੇ ਅੱਧਾ ਸ. ਭਾਨ ਸਿੰਘ ਨੇ ਖਰੀਦ ਲਿਆ। ਬਾਅਦ ਵਿਚ ਸ. ਭਾਨ ਸਿੰਘ ਨੇ ਇਹ ਘਰ ਬਾਬਾ ਗੁਰਬਖ਼ਸ਼ ਸਿੰਘ ਨੂੰ ਸੌਂਪ ਦਿੱਤਾ ਜਿਨ੍ਹਾਂ ਨੇ ਇੱਥੇ ਇਕ ਇਮਾਰਤ ਦੀ ਉਸਾਰੀ ਕਰਵਾਈ। ਲਗ-ਪਗ ਢਾਈ ਵਿਸਵੇ ਥਾਂ 'ਤੇ ਇਕ ਕਮਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਰਾਖਵਾਂ ਹੈ ਜਿੱਥੇ ਹਾੜ੍ਹ ਦੇ ਮਹੀਨੇ ਬੀਬੀਆਂ ਅਖੰਡ ਪਾਠ ਕਰਦੀਆਂ ਹਨ ਤਾਂ ਕਿ ਇਲਾਕੇ ਵਿਚ ਮੀਂਹ ਪਵੇ ਅਤੇ ਸੋਕਾ ਨਾ ਪੈ ਜਾਵੇ। ਇਸ ਤੋਂ ਇਲਾਵਾ ਜਦੋਂ ਕਿਸੇ ਦੀ ਕੋਈ ਸੁੱਖਣਾ ਪੂਰੀ ਹੁੰਦੀ ਹੈ ਤਾਂ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਸਮਾਗਮ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਲੇ ਕਮਰੇ ਤੋਂ ਬਾਹਰ ਇਸੇ ਘਰ ਵਿਚ ਬਾਬਾ ਗੁਰਬਖ਼ਸ਼ ਸਿੰਘ ਦਾ ਅੰਗੀਠਾ ਵੀ ਮੌਜੂਦ ਹੈ। ਮਿੱਠਾ ਖੂਹ ਵਾਲੇ ਬਾਬਾ ਅਮਰਜੀਤ ਸਿੰਘ ਇਸ ਅਸਥਾਨ ਦਾ ਪ੍ਰਬੰਧ ਦੇਖਦੇ ਹਨ।

ਰਾਜੋ ਮਾਜਰਾ : ਸੰਗਰੂਰ ਜ਼ਿਲੇ ਵਿਚ ਧੂਰੀ ਤੋਂ ਲਗ-ਪਗ 7 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਮੂਲੋਵਾਲ ਤੋਂ ਇੱਥੇ ਆ ਕੇ ਗੁਰੂ ਜੀ ਨੇ ਪਿੰਡ ਤੋਂ ਬਾਹਰ ਇਕ ਝਿੜੀ ਵਿਚ ਡੇਰਾ ਕੀਤਾ ਸੀ। ਇੱਥੇ ਢੱਕ ਦਾ ਇਕ ਰੁੱਖ ਸੰਭਾਲ ਕੇ ਰੱਖਿਆ ਹੋਇਆ ਹੈ ਜਿਸ ਨਾਲ ਗੁਰੂ ਜੀ ਨੇ ਘੋੜਾ ਬੰਨਿਆ ਦੱਸਿਆ ਜਾਂਦਾ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਗੁਰੂ ਜੀ ਨੇ ਇੱਥੇ ਇਕ ਸੁੱਕੀ ਹੋਈ ਛੱਪੜੀ ਵਿਚੋਂ ਜਲ ਪ੍ਰਗਟ ਕੀਤਾ ਸੀ। ਜਿੱਥੇ ਗੁਰੂ ਜੀ ਨੇ ਨਿਵਾਸ ਕੀਤਾ ਸੀ ਉੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਨੇ ਇੱਥੇ ਇਕ ਸੁੰਦਰ ਇਮਾਰਤ ਦੀ ਉਸਾਰੀ ਕਰਵਾਈ ਸੀ ਪਰ ਮੌਜੂਦਾ ਇਮਾਰਤ 1983 ਦੇ ਲਗ-ਪਗ ਬਣੀ ਹੋਈ ਹੈ। ਲਗ-ਪਗ 2 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ, ਅਜਾਇਬ ਘਰ, ਡਿਉੜ੍ਹੀ, ਪਸ਼ੂਆਂ ਲਈ ਵਾੜਾ ਬਣੇ ਹੋਏ ਹਨ। 70 ਵਿੱਘੇ (ਲਗ-ਪਗ 14 ਏਕੜ) ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਸਥਾਨਿਕ 14 ਮੈਂਬਰੀ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਲਹਿਲ ਕਲਾਂ : ਮੂਣਕ ਤੋਂ 7 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ ਜਿਹੜੇ ਕਿ ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗਾਗਾ, ਗੁਰਨੇ ਕਲਾਂ ਹੁੰਦੇ ਹੋਏ ਇਸ ਅਸਥਾਨ 'ਤੇ ਪੁੱਜੇ ਸਨ। ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ, "ਗੁਰੂ ਜੀ ਇੱਥੇ ਰੇਤਲੀ ਅਤੇ ਉੱਚੀ ਥਾਂ ਦੇਖ ਕੇ ਠਹਿਰ ਗਏ। ਪਾਸ ਇਕ ਜ਼ਿੰਮੀਦਾਰ ਆਪਣੀ ਫ਼ਸਲ ਦਾ ਰਾਖਾ ਸੀ ਜਿਸ ਦਾ ਨਾਮ ਅੜਕ ਸੀ। ਉਸ ਨੇ ਸਤਿਪੁਰਖ ਸਮਝ ਕੇ ਮੱਥਾ ਟੇਕਿਆ ਅਤੇ ਸੇਵਾ ਪੁੱਛੀ। ਸਤਿਗੁਰਾਂ ਨੇ ਉਸ ਨੂੰ ਪ੍ਰੇਮ ਭਗਤੀ ਦਾ ਉਪਦੇਸ਼ ਦਿੱਤਾ ਅਤੇ ਥੋੜ੍ਹਾ ਜਿਹਾ ਸਮਾਂ ਹੀ ਰਹਿ ਕੇ ਮੂਨਕ ਚਲੇ ਗਏ।"[2] ਬਾਬਾ ਅੜਕ ਦੇਵ ਦਾ ਪਰਿਵਾਰ ਹਾਲੇ ਵੀ ਪਿੰਡ ਵਿਚ ਮੌਜੂਦ ਹੈ ਅਤੇ ਗੁਰੂ-ਘਰ ਪ੍ਰਤੀ ਸ਼ਰਧਾ ਰੱਖਦਾ ਹੈ। ਗੁਰਦੁਆਰਾ ਸਾਹਿਬ ਦੇ ਦਰਬਾਰ ਹਾਲ ਦੇ ਸਾਹਮਣੇ ਇਸ ਦੀ ਵੀ ਯਾਦਗਾਰ ਬਣੀ ਹੋਈ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ।

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਜਗਤਾਰ ਸਿੰਘ ਜੀ ਦੀ ਸਰਪ੍ਰਸਤੀ ਅਧੀਨ ਬਾਬਾ ਕਿਰਪਾਲ ਸਿੰਘ ਭਵਾਨੀਗੜ੍ਹ ਵਾਲਿਆਂ ਨੇ ਤਿਆਰ ਕਰਵਾਈ ਹੈ। 2014 ਵਿਚ ਅਰੰਭ ਹੋਈ ਦਰਬਾਰ ਹਾਲ ਦੀ ਸੇਵਾ

1. ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਪੰਨੇ 100-101.
2. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 1071.

2020 ਵਿਚ ਸੰਪੂਰਨ ਹੋਈ ਅਤੇ ਇਸੇ ਸਾਲ ਦੇ ਅਰੰਭ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਵਾਲੇ ਦਿਨ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। 2 ਏਕੜ ਜ਼ਮੀਨ ਵਿਚ ਦਰਬਾਰ ਹਾਲ (ਲਗ-ਪਗ 77 ਫੁੱਟ ਚੌੜਾ ਅਤੇ 130 ਫੁੱਟ ਲੰਬਾ), ਲੰਗਰ ਹਾਲ, ਸਰੋਵਰ, ਪੁਰਾਤਨ ਖੂਹ, ਯਾਦਗਾਰ ਬਾਬਾ ਅੜਕ ਦੇਵ ਆਦਿ ਬਣੇ ਹੋਏ ਹਨ। ਇਸ ਗੁਰਧਾਮ ਵਿਚ ਕੁੱਝ ਪੁਰਾਤਨ ਹੱਥ ਲਿਖਤ ਪੋਥੀਆਂ ਵੀ ਸੰਭਾਲ ਕੇ ਰੱਖੀਆਂ ਹੋਈਆਂ ਹਨ।

ਸ਼ਹੀਦ ਭਗਤ ਸਿੰਘ ਨਗਰ

ਇਹ ਨਗਰ ਪੰਜਾਬ ਦੇ ਦੁਆਬਾ ਇਲਾਕੇ ਵਿਚ ਪੈਂਦਾ ਹੈ। 2008 ਵਿਚ ਇਸ ਨੂੰ ਜ਼ਿਲਾ ਬਣਾਇਆ ਗਿਆ ਸੀ। ਇਸ ਤੋਂ ਪਹਿਲਾਂ ਇਹ ਨਗਰ ਨਵਾਂ ਸ਼ਹਿਰ ਜ਼ਿਲੇ ਅਧੀਨ ਆਉਂਦਾ ਸੀ ਜਿਹੜਾ ਕਿ ਇਸ ਤੋਂ ਲਗਪਗ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਮੌਜੂਦਾ ਸਮੇਂ ਵਿਚ ਨਵਾਂ ਸ਼ਹਿਰ ਇਸ ਜ਼ਿਲੇ ਵਿਚ ਪੈਂਦਾ ਹੈ। ਭਾਰਤ ਦੀ ਅਜ਼ਾਦੀ ਲਈ ਸ਼ਹੀਦ ਹੋਣ ਵਾਲੇ ਸਰਦਾਰ ਭਗਤ ਸਿੰਘ ਦੇ ਨਾਂ 'ਤੇ ਬਣੇ ਇਸ ਜ਼ਿਲੇ ਦੇ ਵਿਭਿੰਨ ਨਗਰਾਂ ਵਿਚ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਗੁਰਧਾਮ ਮੌਜੂਦ ਹਨ।

ਹਕੀਮਪੁਰ : ਨਵਾਂ ਸ਼ਹਿਰ ਤੋਂ ਇਹ ਪਿੰਡ 25 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਅਸਥਾਨ 'ਤੇ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਸਨ। ਇਹਨਾਂ ਤੋਂ ਬਾਅਦ ਸੱਤਵੇਂ ਪਾਤਸ਼ਾਹ ਗੁਰੂ ਹਰਿਰਾਏ ਜੀ 2200 ਘੋੜ ਸਵਾਰਾਂ ਸਮੇਤ ਕਰਤਾਰਪੁਰ ਤੋਂ ਕੀਰਤਪੁਰ ਸਾਹਿਬ ਨੂੰ ਜਾਂਦੇ ਹੋਏ ਇੱਥੇ ਆਏ ਸਨ। ਕੀਰਤਪੁਰ ਸਾਹਿਬ ਜਾਂਦੇ ਹੋਏ ਗੁਰੂ ਤੇਗ ਬਹਾਦਰ ਜੀ ਵੀ ਇਸ ਅਸਥਾਨ 'ਤੇ ਆਏ ਸਨ। ਤਿੰਨ ਗੁਰੂ ਸਾਹਿਬਾਨ ਦੀ ਯਾਦ ਵਿਚ ਇੱਥੇ *ਗੁਰਦੁਆਰਾ ਨਾਨਕਸਰ ਸਾਹਿਬ ਪਾਤਸ਼ਾਹੀ ਪਹਿਲੀ, ਸੱਤਵੀ ਅਤੇ ਨੌਵੀਂ* ਸਸ਼ੋਭਿਤ ਹੈ।

ਮਿਸਲ ਸ਼ਹੀਦਾਂ ਹਰੀਆਂ ਬੇਲਾਂ ਤਰਨਾ ਦਲ ਵੱਲੋਂ ਇਸ ਗੁਰਧਾਮ ਦੀ ਸੇਵਾ-ਸੰਭਾਲ ਕੀਤੀ ਜਾ ਰਹੀ ਹੈ। ਬਾਬਾ ਨਾਰੰਗ ਸਿੰਘ ਜੀ ਨੇ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਨੇ ਪਹਿਲਾਂ ਇਸ ਅਸਥਾਨ ਦੀ ਸੇਵਾ ਕਰਵਾਈ ਸੀ। ਛੋਟੀਆਂ ਇੱਟਾਂ ਦਾ ਦਰਬਾਰ ਹਾਲ ਸੀ ਜਿਸ ਵਿਚ ਮੌਜੂਦਾ ਥੜ੍ਹਾ ਸਾਹਿਬ ਵਾਲੇ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ ਅਤੇ ਆਲੇ-ਦੁਆਲੇ ਪੰਜ ਫੁੱਟ ਦੀ ਪਰਿਕਰਮਾ ਸੀ। ਬਾਹਰਲੇ ਪਾਸੇ ਲਗ-ਪਗ 10 ਫੁੱਟ ਦੀ ਪਰਿਕਰਮਾ ਸੀ। ਗੁਰਦੁਆਰਾ ਸਾਹਿਬ ਦੇ ਚੜ੍ਹਦੇ ਪਾਸੇ 15 ਕੁ ਫੁੱਟ ਦੀ ਦੂਰੀ 'ਤੇ ਛੋਟੀਆਂ ਇੱਟਾਂ ਦਾ ਸਰੋਵਰ ਸੀ। ਨਵੇਂ ਸਰੋਵਰ ਵਾਲੇ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਇਕ ਛਪੜੀ ਸੀ ਜਿਸ ਵਿਚ ਇਸ਼ਨਾਨ ਕਰਨ ਨਾਲ ਚਮੜੀ ਦੇ ਰੋਗ ਦੂਰ ਹੁੰਦੇ ਹਨ। ਪਹਿਲਾਂ ਇਸ ਗੁਰਧਾਮ ਦਾ ਪ੍ਰਬੰਧ ਮਹੰਤਾਂ ਕੋਲ ਸੀ ਅਤੇ ਇੱਥੇ ਸੇਵਾ ਕਰ ਰਹੇ ਸ. ਲਛਮਣ ਸਿੰਘ ਅਤੇ ਸ. ਅਜੀਤ ਸਿੰਘ ਤੋਂ 1 ਸਤੰਬਰ 1974 ਨੂੰ ਇਹ ਪ੍ਰਬੰਧ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂ ਦੇ ਅਧੀਨ ਆ ਗਿਆ। 20 ਨਵੰਬਰ 1974 ਨੂੰ ਇਸ ਗੁਰਧਾਮ ਦੀ ਨਵੀਂ ਇਮਾਰਤ ਦੀ ਉਸਾਰੀ ਅਰੰਭ ਹੋਈ ਅਤੇ 5 ਜਨਵਰੀ 1975 ਨੂੰ ਇਸ ਦੀ ਤਿਆਰੀ ਕਰਕੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ, ਮਾਘੀ, ਬੈਸਾਖੀ ਅਤੇ ਪੂਰਨਮਾਸੀ ਇੱਥੇ ਮਨਾਈ ਜਾਂਦੀ ਹੈ। ਭਾਦੋਂ ਦੀ ਪੂਰਨਮਾਸੀ ਨੂੰ ਸਲਾਨਾ ਜੋੜ ਮੇਲਾ ਲੱਗਦਾ ਹੈ। ਬਾਬਾ ਨਿਹਾਲ ਸਿੰਘ ਹਰੀਆਂ ਬੇਲਾਂ ਵਾਲਿਆਂ ਦੀ ਸਰਪ੍ਰਸਤੀ ਅਧੀਨ ਬਾਬਾ ਸੁਮਿੱਤਰ ਸਿੰਘ ਹਰੀਆਂ ਬੇਲਾਂ ਵਾਲੇ ਇਸ ਅਸਥਾਨ ਦਾ ਪ੍ਰਬੰਧ ਕਰ ਰਹੇ ਹਨ।

ਚੱਕ ਗੁਰੂ : ਨਵਾਂ ਸ਼ਹਿਰ-ਫਗਵਾੜਾ ਸੜਕ 'ਤੇ ਬਹਿਰਾਮਪੁਰ ਦੇ ਟੋਲ ਪਲਾਜ਼ਾ ਤੋਂ ਅੱਗੇ ਖੱਬੇ ਹੱਥ ਸੜਕ ਮੁੜਦੀ ਹੈ ਜਿਥੋਂ 4 ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਮੌਜੂਦ ਹੈ। ਇਸ ਪਿੰਡ ਵਿਚ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਦੋ ਗੁਰਧਾਮ ਸਸ਼ੋਭਿਤ ਹਨ:

1. **ਗੁਰਦੁਆਰਾ ਗੁਰਪਲਾਹ ਸਾਹਿਬ :** ਪਿੰਡ ਤੋਂ ਅੱਧਾ ਕਿਲੋਮੀਟਰ ਬਾਹਰ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿਚ *ਗੁਰਦੁਆਰਾ ਗੁਰਪਲਾਹ ਸਾਹਿਬ* ਮੌਜੂਦ ਹੈ। ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਗਿਆਨੀ

ਠਾਕਰ ਸਿੰਘ ਦੱਸਦੇ ਹਨ ਕਿ "ਬਾਬੇ ਬਕਾਲੇ ਥੀਂ ਟੁਰ, ਬਿਆਸਾ ਪਾਰ ਹੋ, ਮਹਾਰਾਜ ਸਰਾਲਾ ਨਾਮ ਪਿੰਡ ਵਿੱਚ ਆਏ, ਜੋ ਫਗਵਾੜੇ ਤੋਂ 5 ਕੋਹ ਪੂਰਬ ਦੇ ਪਾਸੇ ਹੈ। ਪ੍ਰਸਿੱਧ ਨਾਮ ਗੁਰੂ ਕਾ ਚੱਕ ਹੈ। ਏਥੇ ਬਹੁਤ ਸਾਰੀ ਜ਼ਮੀਨ ਹੈ। ਪੁਜਾਰੀ ਉਦਾਸੀ ਸਾਧ ਹਨ। ਰਾਜ ਕਪੂਰਥਲੇ ਦਾ ਹੈ।"[1] ਮਾਤਾ ਗੁਜਰੀ ਜੀ ਦਾ ਇਕ ਪੁਰਾਤਨ ਖੂਹ ਵੀ ਇੱਥੇ ਮੌਜੂਦ ਹੈ। ਮੌਜੂਦਾ ਗੁਰਧਾਮ ਦੀ ਉਸਾਰੀ ਬਾਬਾ ਸੇਵਾ ਸਿੰਘ ਵੱਲੋਂ ਮਿਸਤਰੀ ਅਮਰ ਸਿੰਘ ਅਤੇ ਸਰਦਾਰ ਪਾਲ ਸਿੰਘ ਹਲਵਾਈ ਦੇ ਸਹਿਯੋਗ ਨਾਲ 1985 ਵਿਚ ਕਰਵਾਈ ਗਈ ਸੀ। ਬਾਬਾ ਭਾਗ ਸਿੰਘ ਅਤੇ ਬਾਬਾ ਲਾਭ ਸਿੰਘ ਵੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੇ ਰਹੇ ਹਨ ਪਰ ਮੌਜੂਦਾ ਸਮੇਂ ਵਿਚ ਪਿੰਡ ਦੀ ਸਥਾਨਿਕ ਕਮੇਟੀ ਇਸ ਦਾ ਪ੍ਰਬੰਧ ਦੇਖਦੀ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ 2 ਏਕੜ ਜ਼ਮੀਨ 'ਤੇ ਦਰਬਾਰ ਹਾਲ, ਸਰੋਵਰ, ਲੰਗਰ ਹਾਲ, 10 ਰਿਹਾਇਸ਼ੀ ਕਮਰੇ ਬਣੇ ਹੋਏ ਹਨ ਅਤੇ ਨਾਲ ਹੀ ਸੰਤ ਬਾਬਾ ਸੇਵਾ ਸਿੰਘ ਜੀ ਖ਼ਾਲਸਾ ਮਾਡਲ ਸਕੂਲ ਬਣਿਆ ਹੋਇਆ ਹੈ। 4 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ।

2. **ਗੁਰਦੁਆਰਾ ਪੰਜ ਟਾਹਲੀਆਂ :** *ਗੁਰਦੁਆਰਾ ਗੁਰਪਲਾਹ ਸਾਹਿਬ* ਤੋਂ ਇਹ ਅਸਥਾਨ ਲਗ-ਪਗ ਅੱਧਾ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਵਿਚ ਸਥਿਤ ਹੈ। ਗੁਰੂ ਜੀ ਨੇ ਇੱਥੇ ਘੋੜੇ ਬੰਨੇ ਸਨ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਜਦੋਂ ਗੁਰੂ ਜੀ ਇੱਥੇ ਪੁੱਜੇ ਤਾਂ ਘੋੜੇ ਬੰਨ੍ਹਣ ਲਈ ਟਾਹਲੀ ਦੀ ਲੱਕੜ ਦੇ ਪੰਜ ਕਿੱਲੇ ਗੱਡੇ ਗਏ ਸਨ ਜਿਹੜੇ ਕਿ ਹਰੇ ਹੋ ਕੇ ਟਾਹਲੀਆਂ ਦੇ ਰੂਪ ਵਿਚ ਸਾਹਮਣੇ ਆ ਗਏ। ਸਮਾਂ ਪਾ ਕੇ ਟਾਹਲੀਆਂ ਬਿਰਧ ਹੋ ਗਈਆਂ ਅਤੇ ਇਹਨਾਂ ਵਿਚੋਂ ਇਕ ਟਾਹਲੀ ਹਾਲੇ ਵੀ ਮੌਜੂਦ ਹੈ। ਬਾਕੀ ਟਾਹਲੀਆਂ ਗੁਰਦੁਆਰਾ ਸਾਹਿਬ ਦੇ ਨਾਲ ਹੀ ਸ਼ੀਸ਼ੇ ਦੇ ਫਰੇਮ ਵਿਚ ਸੰਭਾਲ ਕੇ ਰੱਖੀਆਂ ਹੋਈਆਂ ਹਨ ਜਿਸ ਦੇ ਸੰਗਤ ਨੂੰ ਦਰਸ਼ਨ ਕਰਾਏ ਜਾਂਦੇ ਹਨ।

ਨਵਾਂ ਸ਼ਹਿਰ : ਪੰਜਾਬ ਦਾ ਇਹ ਪੁਰਾਤਨ ਨਗਰ ਸ਼ਹੀਦ ਭਗਤ ਸਿੰਘ ਨਗਰ ਜ਼ਿਲੇ ਅਧੀਨ ਪੈਂਦਾ ਹੈ। ਇਸ ਨਗਰ ਵਿਚ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਇਹ ਗੁਰਧਾਮ ਮੌਜੂਦ ਹਨ:

1. **ਗੁਰਦੁਆਰਾ ਮੰਜੀ ਸਾਹਿਬ ਜੀ ਪਾਤਸ਼ਾਹੀ ਨੌਵੀਂ :** ਨਵਾਂ ਸ਼ਹਿਰ ਦੇ ਬੱਸ ਸਟੈਂਡ ਤੋਂ ਲਗ-ਪਗ ਇਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਨੇ ਚਰਨ ਪਾਏ ਸਨ। ਗੁਰੂ ਜੀ ਨੇ ਇਸ ਅਸਥਾਨ 'ਤੇ ਪਰਿਵਾਰ ਸਮੇਤ ਕੁੱਝ ਦਿਨ ਨਿਵਾਸ ਕੀਤਾ ਸੀ। ਇੱਥੇ ਨਿਵਾਸ ਦੌਰਾਨ ਗੁਰੂ ਜੀ ਨੇ ਇਕ ਖੂਹ ਲਵਾਇਆ ਸੀ ਜਿਹੜਾ ਕਿ ਹੁਣ ਤੱਕ ਮੌਜੂਦ ਹੈ। ਗੁਰੂ ਸਾਹਿਬ ਦੀ ਯਾਦ ਵਿਚ ਇੱਥੇ *ਗੁਰਦੁਆਰਾ ਮੰਜੀ ਸਾਹਿਬ ਜੀ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ ਦੀ ਅਗਵਾਈ ਵਿਚ ਨਿਹੰਗ ਸਿੰਘਾਂ ਵੱਲੋਂ ਇਸ ਗੁਰਧਾਮ ਦੀ ਬਾਖੂਬੀ ਸੇਵਾ-ਸੰਭਾਲ ਕੀਤੀ ਜਾ ਰਹੀ ਹੈ। 2015 ਤੋਂ ਇਸ ਅਸਥਾਨ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਨਿਭਾ ਰਹੇ ਹਨ ਬਾਬਾ ਨਾਰੰਗ ਸਿੰਘ ਜੀ ਨੇ ਦੱਸਿਆ ਕਿ ਵੈਦ ਗੁਰਚਰਨ ਸਿੰਘ ਰੁੜਕੀ ਨੇ ਬਾਬਾ ਭਗਤ ਸਿੰਘ ਜੀ, ਗਲਾਸ ਵਾਲੇ ਨਿਹੰਗ ਸਿੰਘ ਵਜੋਂ ਪ੍ਰਸਿੱਧ, ਨੂੰ ਗੁਰੂ ਤੇਗ ਬਹਾਦਰ ਜੀ ਦੇ ਇਸ ਅਸਥਾਨ 'ਤੇ ਚਰਨ ਪਾਉਣ ਦੀ ਜਾਣਕਾਰੀ ਦਿੱਤੀ ਸੀ। ਬਾਬਾ ਭਗਤ ਸਿੰਘ ਜੀ ਨੇ ਪਹਿਲਾਂ ਇੱਥੇ ਇਕ ਕਮਰਾ ਅਤੇ ਛੰਨ ਬਣਵਾਈ ਸੀ। 1971 ਵਿਚ 75 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਜਾਣ ਤੋਂ ਪਹਿਲਾਂ ਇਹਨਾਂ ਨੇ ਇਹ ਅਸਥਾਨ ਤਰਨਾ ਦਲ ਹਰੀਆਂ ਬੇਲਾਂ ਦੀ ਸੇਵਾ ਦੇ ਸਪੁਰਦ ਕਰ ਦਿੱਤਾ ਸੀ। ਉਸ ਸਮੇਂ ਤੋਂ ਹੀ ਇਹ ਅਸਥਾਨ ਇਸ ਜਥੇਬੰਦੀ ਦੇ ਪ੍ਰਬੰਧ ਅਧੀਨ ਹੈ। ਬਾਬਾ ਟਹਿਲ ਸਿੰਘ ਜੀ ਤੋਂ ਬਾਅਦ ਬਾਬਾ ਖੜਕ ਸਿੰਘ ਜੀ, ਬਾਬਾ ਹਰਭਜਨ ਸਿੰਘ ਜੀ ਅਤੇ ਬਾਬਾ ਗੁਰਮੀਤ ਸਿੰਘ ਜੀ ਇੱਥੇ ਸੇਵਾ ਕਰਦੇ ਰਹੇ ਹਨ। 1980 ਵਿਚ ਬਾਬਾ ਨਿਹਾਲ ਸਿੰਘ ਜੀ ਨੇ ਇਸ ਅਸਥਾਨ 'ਤੇ ਮੌਜੂਦਾ ਇਮਾਰਤ ਦੀ ਉਸਾਰੀ ਕਰਵਾਈ ਸੀ। ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਗੁਰਪੁਰਬ

1. ਗਿਆਨੀ ਠਾਕਰ ਸਿੰਘ, *ਸ੍ਰੀ ਗੁਰਦੁਆਰੇ ਦਰਸ਼ਨ,* ਪੰਨਾ 168.

ਅਤੇ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ। ਬਾਬਾ ਭਗਤ ਸਿੰਘ ਜੀ ਅਤੇ ਬਾਬਾ ਟਹਿਲ ਸਿੰਘ ਜੀ ਦੀ ਬਰਸੀ ਵੀ ਮਨਾਈ ਜਾਂਦੀ ਹੈ। ਲਗ-ਪਗ ਢਾਈ ਏਕੜ ਜ਼ਮੀਨ ਵਿਚੋਂ ਛੇ ਕਨਾਲ 'ਤੇ ਦਰਬਾਰ ਹਾਲ, ਲੰਗਰ ਹਾਲ, 15 ਕਮਰੇ ਅਤੇ ਇਤਿਹਾਸਕ ਖੂਹ ਮੌਜੂਦ ਹਨ ਅਤੇ ਬਾਕੀ ਜ਼ਮੀਨ 'ਤੇ ਖੇਤੀ ਕੀਤੀ ਜਾਂਦੀ ਹੈ। ਨਵੇਂ ਲੰਗਰ ਹਾਲ ਦੀ ਕਾਰ ਸੇਵਾ ਚੱਲ ਰਹੀ ਹੈ ਜਿਸ ਦੀ ਬੇਸਮੈਂਟ ਤਿਆਰ ਹੋ ਗਈ ਹੈ।

2. **ਦੁਰਗਾਪੁਰ :** ਨਵਾਂ ਸ਼ਹਿਰ ਦੇ ਵਿਚ ਹੀ ਮੌਜੂਦ ਇਹ ਅਸਥਾਨ ਗੁਰਦੁਆਰਾ ਮੰਜੀ ਸਾਹਿਬ ਤੋਂ ਲਗ-ਪਗ 2 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਇੱਥੇ *ਗੁਰਦੁਆਰਾ ਪਾਤਸ਼ਾਹੀ ਛੇਵੀਂ* ਸਸ਼ੋਭਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਕਰਤਾਰਪੁਰ ਦੀ ਜੰਗ ਫ਼ਤਹਿ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਇਸ ਅਸਥਾਨ 'ਤੇ ਆਏ ਤਾਂ ਮਾਤਾ ਨਾਨਕੀ ਜੀ, ਬਾਬਾ ਗੁਰਦਿੱਤਾ ਜੀ, ਸ੍ਰੀ ਹਰਿਰਾਏ ਜੀ ਅਤੇ ਸ੍ਰੀ ਤੇਗ ਬਹਾਦਰ ਜੀ ਵੀ ਉਹਨਾਂ ਦੇ ਨਾਲ ਸਨ। ਦੂਜੀ ਵਾਰੀ ਗੁਰਿਆਈ ਧਾਰਨ ਕਰਨ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਮੰਜੀ ਸਾਹਿਬ ਤੋਂ ਇੱਥੇ ਆਏ ਸਨ। ਮੌਜੂਦਾ ਇਮਾਰਤ ਦੀ ਕਾਰ ਸੇਵਾ ਇਕ ਸਾਲ ਪਹਿਲਾਂ ਸੰਤ ਬਾਬਾ ਸੁੱਚਾ ਸਿੰਘ ਕਿਲ੍ਹਾ ਅਨੰਦਗੜ੍ਹ, ਅਨੰਦਪੁਰ ਸਾਹਿਬ ਵਾਲਿਆਂ ਨੇ ਅਰੰਭ ਕੀਤੀ ਸੀ ਅਤੇ ਪੁਰਾਣੇ ਲੰਗਰ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਲਗ-ਪਗ ਦੋ ਏਕੜ ਜ਼ਮੀਨ 'ਤੇ ਉਸਾਰੀ ਅਧੀਨ ਨਵਾਂ ਦਰਬਾਰ ਹਾਲ, ਪੁਰਾਣਾ ਲੰਗਰ ਹਾਲ ਅਤੇ ਇਕ ਪਾਰਕ ਆਦਿ ਮੌਜੂਦ ਹਨ। ਇਸ ਤੋਂ ਇਲਾਵਾ 6 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਇਸ ਦੀ ਸੇਵਾ-ਸੰਭਾਲ ਕੀਤੀ ਜਾਂਦੀ ਹੈ ਅਤੇ ਇਹ ਗੁਰਧਾਮ *ਗੁਰਦੁਆਰਾ ਚਰਨ ਕਮਲ ਸਾਹਿਬ, ਜੀਂਦੋਵਾਲ* ਨਾਲ ਅਟੈਚ ਹੈ। 22-23 ਹਾੜ੍ਹ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਸ ਨਗਰ ਵਿਖੇ ਆਗਮਨ ਦਿਵਸ ਮਨਾਇਆ ਜਾਂਦਾ ਹੈ।

ਜਲੰਧਰ

ਜਲੰਧਰ ਪੰਜਾਬ ਦਾ ਇਕ ਪੁਰਾਤਨ ਨਗਰ ਹੈ। ਸਤਲੁਜ ਅਤੇ ਬਿਆਸ ਦਰਿਆਵਾਂ ਦੇ ਵਿਚਕਾਰ ਹੋਣ ਕਰਕੇ ਇਸਨੂੰ ਜਲੰਧਰ-ਦੁਆਬ ਵੀ ਕਿਹਾ ਜਾਂਦਾ ਹੈ। ਮੁਗ਼ਲਾਂ, ਅਫ਼ਗ਼ਾਨਾਂ ਅਤੇ ਸਿੱਖ ਸਰਦਾਰਾਂ ਅਧੀਨ ਰਹਿਣ ਉਪਰੰਤ ਇਹ ਅੰਗਰੇਜ਼ਾਂ ਕੋਲ ਆਇਆ। ਭਾਰਤ-ਪਾਕਿ ਵੰਡ ਤੋਂ ਬਾਅਦ ਪੰਜਾਬ ਦਾ ਇਹ ਪ੍ਰਸਿੱਧ ਨਗਰ ਦਿੱਲੀ-ਅੰਮ੍ਰਿਤਸਰ ਮਾਰਗ 'ਤੇ ਰੇਲ ਅਤੇ ਸੜਕੀ ਆਵਾਜਾਈ ਨਾਲ ਜੁੜਿਆ ਹੋਇਆ ਹੈ। ਇਸ ਜ਼ਿਲੇ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਜੀ, ਗੁਰੂ ਹਰਿਰਾਇ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਅਸਥਾਨ ਮੌਜੂਦ ਹਨ। ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਇਹ ਗੁਰਧਾਮ ਇਸ ਜ਼ਿਲੇ ਵਿਚ ਮਿਲਦੇ ਹਨ:

ਹਜ਼ਾਰਾ : ਜਲੰਧਰ-ਹੁਸ਼ਿਆਰਪੁਰ ਸੜਕ 'ਤੇ ਜਲੰਧਰ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਇਹ ਅਸਥਾਨ ਮੌਜੂਦ ਹੈ ਜਿਹੜਾ ਕਿ ਜਲੰਧਰ ਵਿਚ ਹੀ ਸ਼ਾਮਲ ਹੋ ਗਿਆ ਹੈ। ਇੱਥੇ ਸਸ਼ੋਭਿਤ *ਗੁਰਦੁਆਰਾ ਥੜ੍ਹਾ ਸਾਹਿਬ ਪਾਤਸ਼ਾਹੀ ਨੌਂਵੀਂ* ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਬਾਬਾ ਬਕਾਲਾ ਤੋਂ ਗੁਰੂ ਜੀ ਨੇ ਇਸ ਅਸਥਾਨ 'ਤੇ ਆ ਕੇ ਇੱਟਾਂ ਦੇ ਬਣੇ ਹੋਏ ਥੜ੍ਹੇ 'ਤੇ ਆਸਣ ਲਾਇਆ ਤਾਂ ਨੇੜੇ ਹੀ ਪਸ਼ੂ ਚਰਾ ਰਹੇ ਬਾਬਾ ਰਣ ਜੀ ਨੇ ਇਹਨਾਂ ਦੇ ਦਰਸ਼ਨ ਕੀਤੇ ਸਨ। ਗੁਰੂ ਜੀ ਇੱਥੇ ਸੰਘਣੀ ਵੱਸੋਂ ਦਾ ਬਚਨ ਕਰ ਕੇ ਅੱਗੇ ਚਲੇ ਗਏ ਸਨ। ਗੁਰੂ ਜੀ ਦੇ ਜਾਣ ਤੋਂ ਬਾਅਦ ਬਾਬਾ ਰਣ ਜੀ ਉਸੇ ਥੜ੍ਹੇ ਕੋਲ ਬੈਠ ਕੇ ਬੰਦਗੀ ਕਰਨ ਲੱਗੇ ਸਨ। ਥੜ੍ਹਾ ਸਾਹਿਬ ਦੇ ਰੂਪ ਵਿਚ ਇਹ ਅਸਥਾਨ ਮੌਜੂਦ ਸੀ। ਅਠਾਰ੍ਹਵੀਂ ਸਦੀ ਵਿਚ ਸਿੱਖ ਸੰਕਟ ਦੇ ਦੌਰ ਵਿਚੋਂ ਬਾਹਰ ਨਿਕਲੇ ਤਾਂ ਗੁਰਧਾਮਾਂ ਦੀ ਸੇਵਾ-ਸੰਭਾਲ ਦਾ ਕਾਰਜ ਅਰੰਭ ਹੋਇਆ। ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਅਵਤਾਰ ਸਿੰਘ ਨੇ ਦੱਸਿਆ ਕਿ ਇੱਥੇ ਮੌਜੂਦ ਪੁਰਾਤਨ ਥੜ੍ਹਾ ਸਾਹਿਬ ਦੇ ਨਾਲ ਹੀ ਬਣੇ ਹੋਏ ਨਵੇਂ ਦਰਬਾਰ ਹਾਲ ਦੀ ਉਸਾਰੀ ਲਗ-ਪਗ 60 ਸਾਲ ਪਹਿਲਾਂ ਹੋ ਗਈ ਸੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟ 1925 ਦੀ ਧਾਰਾ 87 ਅਧੀਨ ਸਥਾਨਿਕ ਕਮੇਟੀ

ਇਸ ਦਾ ਪ੍ਰਬੰਧ ਚਲਾ ਰਹੀ ਹੈ। ਪਹਿਲਾਂ ਇੱਥੇ ਭਾਈ ਦਲ ਸਿੰਘ, ਭਾਈ ਮੱਲ ਸਿੰਘ ਆਦਿ ਮਹੰਤ ਸੇਵਾ ਕਰਦੇ ਰਹੇ ਹਨ ਅਤੇ 1928 ਵਿਚ ਇਹਨਾਂ ਤੋਂ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚਲਾ ਗਿਆ ਸੀ। ਲਗ-ਪਗ ਢਾਈ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ ਅਤੇ ਬਾਬਾ ਰਣ ਸਿੰਘ ਜੀ ਦਾ ਅਸਥਾਨ ਬਣਿਆ ਹੋਇਆ ਹੈ। 35 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਜਲੰਧਰ ਦੇ ਦੇਵੀ ਤਲਾਬ ਮੰਦਰ ਕੋਲ ਗੁਰਦੁਆਰਾ ਸਾਹਿਬ ਦੀਆਂ 22 ਦੁਕਾਨਾਂ ਹਨ।

ਕਰਤਾਰਪੁਰ : ਕਰਤਾਰਪੁਰ ਨਾਂ ਦੇ ਦੋ ਨਗਰ ਸਿੱਖ ਇਤਿਹਾਸ ਵਿਚ ਪ੍ਰਸਿੱਧ ਹਨ। ਪਹਿਲਾ ਨਗਰ ਗੁਰੂ ਨਾਨਕ ਦੇਵ ਜੀ ਨੇ ਰਾਵੀ ਦਰਿਆ ਦੇ ਕੰਢੇ ਵਸਾਇਆ ਸੀ ਅਤੇ ਦੂਜਾ ਨਗਰ ਗੁਰੂ ਅਰਜਨ ਦੇਵ ਜੀ ਨੇ ਜਲੰਧਰ ਨੇੜੇ ਸਥਾਪਿਤ ਕੀਤਾ ਸੀ। ਜਲੰਧਰ ਨੇੜਲੇ ਕਰਤਾਰਪੁਰ ਵਿਖੇ ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਗੁਰਧਾਮ ਪ੍ਰਮੁੱਖ ਤੌਰ 'ਤੇ ਸਸ਼ੋਭਿਤ ਹਨ। ਇਸੇ ਨਗਰ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਲੰਧਰ ਦੇ ਫ਼ੌਜਦਾਰ ਅਤੇ ਪੈਂਦੇ ਖ਼ਾਨ ਨਾਲ ਯੁੱਧ ਹੋਇਆ ਜਿਸ ਵਿਚ ਸ੍ਰੀ ਤੇਗ ਬਹਾਦਰ ਜੀ ਨੇ ਹਿੱਸਾ ਲੈ ਕੇ ਬਹਾਦਰੀ ਦੇ ਜੌਹਰ ਦਿਖਾਏ ਸਨ। ਮਾਤਾ ਗੁਜਰੀ ਜੀ ਨਾਲ ਸ੍ਰੀ ਤੇਗ ਬਹਾਦਰ ਜੀ ਦੇ ਵਿਆਹ ਦੀ ਯਾਦ ਵਿਚ ਇੱਥੇ *ਗੁਰਦੁਆਰਾ ਵਿਆਹ ਅਸਥਾਨ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ* ਸਸ਼ੋਭਿਤ ਹੈ। 1977 ਵਿਚ ਬਾਬਾ ਉੱਤਮ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਨੇ ਇਸ ਗੁਰਧਾਮ ਦੀ ਸੇਵਾ-ਸੰਭਾਲ ਅਰੰਭ ਕੀਤੀ ਸੀ। ਪੁਰਾਣੇ ਮੁਹੱਲੇ ਦੀਆਂ ਤੰਗ ਗਲੀਆਂ ਵਿਚੋਂ ਨਾਲ ਲੱਗਦੇ ਮਕਾਨ ਖਰੀਦ ਕੇ ਖੁੱਲ੍ਹੇ-ਡੁੱਲ੍ਹੇ ਬਹੁ-ਮੰਜ਼ਲਾਂ ਗੁਰਧਾਮ ਦੀ ਉਸਾਰੀ ਕੀਤੀ ਗਈ ਹੈ ਜਿਸ ਦੀ ਦੂਜੀ ਮੰਜ਼ਲ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਮੌਜੂਦਾ ਸਮੇਂ ਵਿਚ ਬਾਬਾ ਸੇਵਾ ਸਿੰਘ ਜੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰ ਰਹੇ ਹਨ। 29 ਸਤੰਬਰ ਨੂੰ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿਚ ਵਿਆਹ ਪੁਰਬ ਮਨਾਇਆ ਜਾਂਦਾ ਹੈ।

ਤਰਨਤਾਰਨ

ਗੁਰੂ ਅਰਜਨ ਦੇਵ ਜੀ ਨੇ 1596 ਵਿਚ ਇਹ ਨਗਰ ਵਸਾਇਆ ਸੀ। ਉਸ ਸਮੇਂ ਤੋਂ ਹੀ ਇਹ ਨਗਰ ਸਿੱਖਾਂ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਪਹਿਲਾਂ ਇਹ ਨਗਰ ਅੰਮ੍ਰਿਤਸਰ ਜ਼ਿਲੇ ਵਿਚ ਮੌਜੂਦ ਸੀ ਪਰ 2006 ਵਿਚ ਇਹ ਜ਼ਿਲੇ ਦਾ ਰੂਪ ਧਾਰਨ ਕਰ ਗਿਆ। ਇਸ ਜ਼ਿਲੇ ਵਿਚ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਅਸਥਾਨ ਖੇਮਕਰਨ ਵਿਖੇ ਸਥਿਤ ਹੈ।

ਖੇਮਕਰਨ : ਭਾਰਤ-ਪਾਕਿਸਤਾਨ ਸਰਹੱਦ 'ਤੇ ਤਰਨਤਾਰਨ ਜ਼ਿਲੇ ਵਿਚ ਸਥਿਤ ਇਹ ਇਕ ਪੁਰਾਤਨ ਨਗਰ ਹੈ ਜਿੱਥੇ ਗੁਰੂ ਅਮਰਦਾਸ ਜੀ ਨੇ ਇਕ ਮੰਜੀ ਦੀ ਸਥਾਪਨਾ ਕਰਕੇ ਭਾਈ ਖੇਡਾ ਨੂੰ ਉੱਥੋਂ ਦਾ ਮੰਜੀਦਾਰ ਨਿਯੁਕਤ ਕੀਤਾ ਸੀ। ਪਹਿਲਾਂ ਇਹ ਬ੍ਰਾਹਮਣ ਸਨ ਅਤੇ ਫਿਰ ਸਿੱਖੀ ਪ੍ਰਾਪਤ ਕਰਨ ਉਪਰੰਤ ਗੁਰੂ-ਘਰ ਦੇ ਪ੍ਰਚਾਰਕ ਬਣੇ। ਗੁਰੂ ਜੀ ਨੇ ਇਹਨਾਂ ਨੂੰ ਲੱਕੜ ਦਾ ਇਕ ਥੰਮ ਦਿੱਤਾ ਸੀ ਜਿਸ ਤੋਂ ਇਸ ਗੁਰਧਾਮ ਦਾ ਨਾਂ *ਗੁਰਦੁਆਰਾ ਬਾਬਾ ਥੰਮ ਸਾਹਿਬ ਜੀ* ਪ੍ਰਸਿੱਧ ਹੋ ਗਿਆ। ਸਥਾਨਿਕ ਜਾਣਕਾਰੀ ਦੱਸਦੀ ਹੈ ਕਿ 1965 ਦੀ ਜੰਗ ਦੌਰਾਨ ਗੁਰੂ ਅਮਰਦਾਸ ਜੀ ਵੱਲੋਂ ਭਾਈ ਖੇਡਾ ਜੀ ਨੂੰ ਬਖ਼ਸ਼ਿਸ਼ ਕੀਤਾ ਗਿਆ ਥੰਮ ਸਾਹਿਬ ਪਾਕਿਸਤਾਨ ਦੀ ਫ਼ੌਜ ਆਪਣੇ ਨਾਲ ਲੈ ਗਈ ਸੀ ਅਤੇ ਹੁਣ ਇਕ ਹੋਰ ਥੰਮ ਉਸ ਦੀ ਯਾਦ ਵਜੋਂ ਰੱਖਿਆ ਹੋਇਆ ਹੈ।

ਗੁਰਿਆਈ ਧਾਰਨ ਕਰਨ ਤੋਂ ਬਾਅਦ 1664 ਵਿਚ ਗੁਰੂ ਤੇਗ ਬਹਾਦਰ ਜੀ ਵੀ ਇਸ ਅਸਥਾਨ 'ਤੇ ਆਏ ਸਨ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਗੁਰੂਸਰ ਸਾਹਿਬ* ਸਸ਼ੋਭਿਤ ਹੈ। *ਗੁਰੂ ਕੀਆਂ ਸਾਖੀਆਂ* ਤੋਂ ਜਾਣਕਾਰੀ ਮਿਲਦੀ ਹੈ ਕਿ ਗੁਰੂ ਜੀ ਅੰਮ੍ਰਿਤਸਰ ਤੋਂ ਹੋ ਕੇ ਗੋਇੰਦਵਾਲ ਸਾਹਿਬ ਪੁੱਜੇ ਸਨ, ਖੇਮਕਰਨ ਦਾ ਚੌਧਰੀ ਭਾਈ ਰਘੁਪਤ ਰਾਇ ਆਪਣੇ ਬੇਟੇ ਮੂਲ ਚੰਦ ਨਾਲ ਇੱਥੇ ਆਇਆ ਹੋਇਆ ਸੀ। ਗੁਰੂ ਜੀ ਨੂੰ ਬੇਨਤੀ ਕਰ ਕੇ

ਇਹ ਖੇਮਕਰਨ ਲੈ ਗਿਆ। ਇਸ ਨਗਰ ਵਿਖੇ ਪੁੱਜਣ 'ਤੇ "ਸੰਗਤ ਨੇ ਗੁਰੂ ਜੀ ਕੀ ਬੜੀ ਟਹਿਲ ਕੀ, ਪੰਦਰਾਂ ਦਿਵਸ ਸਤਿਗੁਰੂ ਜੀ ਏਸ ਨਗਰੀ ਮੇਂ ਰਹੇ। ਭਾਈ ਰਘੁਪਤ ਰਾਇ ਨੇ ਏਕ ਸੁੰਦਰ ਘੋੜੀ ਗੁਰੂ ਜੀ ਕੀ ਅਸਵਾਰੀ ਕੇ ਲੀਏ ਭੇਟਾ ਕੀ।"[1] 1903 ਵਿਚ ਫ਼ਿਰੋਜ਼ਪੁਰ ਦੇ ਇਕ ਅਮੀਰ ਸਮਾਜ-ਸੇਵੀ ਲਾਲਾ ਕਾਂਸ਼ੀ ਰਾਮ ਨੇ ਇਸ ਨਗਰ ਵਿਖੇ ਇਕ ਗੁਰਧਾਮ ਦੀ ਉਸਾਰੀ ਕਰਵਾਈ। 1965 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਇਹ ਇਮਾਰਤ ਮਲਬੇ ਦਾ ਰੂਪ ਧਾਰਨ ਕਰ ਗਈ ਅਤੇ ਅਗਲੇ ਸਾਲ ਇਕ ਨਵੇਂ ਗੁਰਧਾਮ ਦੀ ਉਸਾਰੀ ਇਸ ਅਸਥਾਨ 'ਤੇ ਕਰਵਾਈ ਗਈ।[2] ਜਦੋਂ ਗੁਰੂ ਜੀ ਇਸ ਅਸਥਾਨ 'ਤੇ ਆਏ ਤਾਂ ਦੋ ਗੁਰਸਿੱਖਾਂ ਭਾਈ ਚੈਨ ਜੀ ਅਤੇ ਭਾਈ ਧਿੰਗਾਣਾ ਜੀ ਨੇ ਉਹਨਾਂ ਦੀ ਬਹੁਤ ਸੇਵਾ ਕੀਤੀ। ਇਹਨਾਂ ਦੀ ਯਾਦ ਵਿਚ ਇੱਥੇ ਦੋ ਗੁਰਧਾਮ ਮੌਜੂਦ ਹਨ। *ਗੁਰਦੁਆਰਾ ਬਾਬਾ ਚੈਨ ਸਾਹਿਬ, ਖੇਮਕਰਨ* ਵਿਖੇ ਅਤੇ *ਗੁਰਦੁਆਰਾ ਭਾਈ ਧਿੰਗਾਣਾ ਜੀ* ਗੁਰਦੁਆਰਾ ਗੁਰੂਸਰ ਤੋਂ ਲਗ-ਪਗ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹਨ। ਸਥਾਨਿਕ ਪਰੰਪਰਾ ਦੱਸਦੀ ਹੈ ਕਿ 1675 ਵਿਚ ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਤਾਂ ਉਸੇ ਦਿਨ ਭਾਈ ਧਿੰਗਾਣਾ ਜੀ ਵੀ ਸਰੀਰ ਛੱਡ ਗਏ ਸਨ।

ਗੁਰਦੁਆਰਾ ਗੁਰੂਸਰ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਅਵਤਾਰ ਸਿੰਘ ਕਾਰ ਸੇਵਾ ਸਰਹਾਲੀ ਸਾਹਿਬ ਵਾਲਿਆਂ ਨੇ ਤਿਆਰ ਕਰਵਾਈ ਸੀ। 1999 ਵਿਚ ਅਰੰਭ ਹੋ ਕੇ 2005 ਵਿਚ ਦਰਬਾਰ ਹਾਲ ਦੀ ਤਿਆਰੀ ਸੰਪੂਰਨ ਹੋ ਜਾਣ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਗੁਰਦੁਆਰਾ ਸਾਹਿਬ ਦੀ ਲਗ-ਪਗ ਤਿੰਨ ਏਕੜ ਜ਼ਮੀਨ 'ਤੇ ਦਰਬਾਰ ਹਾਲ, ਦੀਵਾਨ ਹਾਲ, ਲੰਗਰ ਹਾਲ, 7 ਰਿਹਾਇਸ਼ੀ ਕਮਰੇ ਅਤੇ ਪਸ਼ੂਆਂ ਦਾ ਵਾੜਾ ਬਣਿਆ ਹੋਇਆ ਹੈ। ਬਾਬਾ ਅਵਤਾਰ ਸਿੰਘ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਹਨ ਅਤੇ ਇਹੀ ਇਸ ਗੁਰਧਾਮ ਦਾ ਪ੍ਰਬੰਧ ਕਰਦੇ ਹਨ। 5 ਪੋਹ ਨੂੰ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।

ਪਟਿਆਲਾ

ਫੂਲਕੀਆਂ ਰਿਆਸਤ ਦੇ ਬਾਬਾ ਆਲਾ ਸਿੰਘ ਨੇ 1763 ਵਿਚ ਇਸ ਨਗਰ ਦਾ ਮੁੱਢ ਬੰਨ੍ਹਿਆ ਸੀ। ਬਾਬਾ ਆਲਾ ਸਿੰਘ ਤੋਂ ਬਾਅਦ ਇਸ ਰਿਆਸਤ ਦੇ ਉੱਤਰਾਧਿਕਾਰੀਆਂ ਨੇ ਇਸ ਨਗਰ ਨੂੰ ਪ੍ਰਫੁਲਿਤ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ। ਮਰਾਠਿਆਂ ਅਤੇ ਅਫ਼ਗ਼ਾਨਾਂ ਦੇ ਹਮਲਿਆਂ ਦਾ ਮੁਕਾਬਲਾ ਕਰਦੇ ਹੋਏ ਪਟਿਆਲਾ ਰਿਆਸਤ ਦੇ ਰਾਜਿਆਂ ਨੇ ਇਸ ਦੀਆਂ ਹੱਦਾਂ ਨੂੰ ਬਚਾਉਣ ਅਤੇ ਵਧਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਅੰਗਰੇਜ਼ਾਂ ਨਾਲ ਸੰਧੀ ਹੋਣ 'ਤੇ ਪਟਿਆਲਾ ਰਿਆਸਤ ਦੇ ਹਾਕਮ ਬਾਹਰੀ ਹਮਲਿਆਂ ਤੋਂ ਸੁਰੱਖਿਅਤ ਹੋ ਗਏ ਤਾਂ ਇਹਨਾਂ ਨੇ ਆਪਣੇ ਰਾਜ ਵਿਚ ਪੈਂਦੇ ਵਿਭਿੰਨ ਧਰਮਾਂ ਦੇ ਅਸਥਾਨਾਂ ਲਈ ਖੁੱਲ੍ਹਾ ਦਾਨ ਦਿੱਤਾ। ਸਿੱਖ ਧਰਮ ਨਾਲ ਸੰਬੰਧਿਤ ਹੋਣ ਕਰ ਕੇ ਪਟਿਆਲਾ ਰਿਆਸਤ ਦੇ ਹਾਕਮਾਂ ਨੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਧਾਮਾਂ ਦੀ ਸੇਵਾ-ਸੰਭਾਲ ਅਤੇ ਧੂਪ-ਦੀਪ ਕਰਨ ਵਾਲਿਆਂ ਲਈ ਰੁਜ਼ੀਨੇ ਨਿਰਧਾਰਿਤ ਕੀਤੇ, ਲੰਗਰ ਦੇ ਨਾਂ ਜ਼ਮੀਨਾਂ ਲਵਾਈਆਂ ਅਤੇ ਕਈ ਗੁਰਧਾਮਾਂ ਦੀਆਂ ਇਮਾਰਤਾਂ ਦੀ ਉਸਾਰੀ ਕਰਵਾਉਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਅਜ਼ਾਦੀ ਉਪਰੰਤ ਪਟਿਆਲਾ ਰਿਆਸਤ ਭਾਰਤ ਵਿਚ ਸ਼ਾਮਲ ਹੋ ਗਈ। ਪਹਿਲਾਂ ਇਹ ਨਗਰ ਪਟਿਆਲਾ ਰਿਆਸਤ ਦੀ ਰਾਜਧਾਨੀ ਸੀ ਅਤੇ ਫਿਰ ਇਕ ਜ਼ਿਲੇ ਦੇ ਰੂਪ ਵਿਚ ਸਾਹਮਣੇ ਆਇਆ। ਇਸ ਜ਼ਿਲੇ ਵਿਚ ਗੁਰੂ ਤੇਗ ਬਹਾਦਰ ਜੀ ਦੇ 30 ਤੋਂ ਵਧੇਰੇ ਚਰਨ-ਛੋਹ ਪ੍ਰਾਪਤ ਅਸਥਾਨਾਂ ਦੇ ਦਰਸ਼ਨ ਹੁੰਦੇ ਹਨ।

ਉਗਾਣੀ : ਪਟਿਆਲਾ ਤੋਂ ਲਗ-ਪਗ 30 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਦਿਵਾਉਂਦਾ ਹੈ। ਪਟਿਆਲਾ ਤੋਂ ਇਸ ਪਿੰਡ ਵਿਖੇ ਜਾਣ ਲਈ ਦੋ ਰਸਤੇ ਹਨ।

1. ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸੰਪਾ. ਪਿਆਰਾ ਸਿੰਘ ਪਦਮ, ਸਾਖੀ 21, ਪੰਨਾ 69.

2. Gurmukh Singh, *Historical Sikh Shrines*, p. 129.

ਇਕ ਪਟਿਆਲਾ ਤੋਂ ਬਾਰਨ, ਜਖਵਾਲੀ, ਮੁਲੇਪੁਰ, ਬਸੰਤਪੁਰਾ, ਸਰਾਏ ਬਨਜਾਰਾ ਰਾਹੀਂ ਜਾਂਦਾ ਹੈ ਅਤੇ ਦੂਜਾ ਰਾਜਪੁਰਾ ਵਲੋਂ ਵੀ ਇਸ ਪਿੰਡ ਵਿਖੇ ਪਹੁੰਚਿਆ ਜਾ ਸਕਦਾ ਹੈ। ਗੁਰੂ ਸਾਹਿਬਾਨ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ* ਸਸ਼ੋਭਿਤ ਹੈ। ਦੋਵੇਂ ਗੁਰੂ ਸਾਹਿਬਾਨ ਦੀ ਯਾਦ ਵਿਚ ਇਕੋ ਇਮਾਰਤ ਵਿਚ ਦੋ ਦਰਬਾਰ ਹਾਲ ਬਣਾਏ ਗਏ ਹਨ। ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਦੱਸਦੇ ਹਨ, "ਰਿਆਸਤ ਪਟਿਆਲਾ, ਤਸੀਲ ਥਾਣਾ ਰਾਜਪੁਰਾ ਵਿਚ ਇਕ ਪਿੰਡ ਹੈ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਇਕੋ ਵਲਗਣ ਅੰਦਰ ਦੋ ਦਰਬਾਰ ਬਣੇ ਹੋਏ ਹਨ, ਸੱਜੇ ਪਾਸੇ ਨੌਵੇਂ ਗੁਰੂ ਜੀ ਦਾ ਅਤੇ ਖੱਬੇ ਪਾਸੇ ਦਸਮ ਗੁਰੂ ਜੀ ਦਾ। ਇਨ੍ਹਾਂ ਦੀ ਸੇਵਾ ਮਹਾਰਾਜਾ ਕਰਮ ਸਿੰਘ ਜੀ ਪਟਿਆਲਾਪਤਿ ਨੇ ਕਰਾਈ ਸੀ। ਗੁਰਦੁਆਰੇ ਨਾਲ 20 ਬਿੱਘੇ ਜ਼ਮੀਨ ਪਿੰਡ ਵੱਲੋਂ ਹੈ, ਪੁਜਾਰੀ ਸਿੰਘ ਹੈ। ਰੇਲਵੇ ਸਟੇਸ਼ਨ ਸਰਾਇ ਬਣਜਾਰਾ ਤੋਂ ਪੂਰਵ ਇਕ ਮੀਲ ਕੱਚਾ ਰਸਤਾ ਹੈ।"[1] ਸਥਾਨਿਕ ਪਰੰਪਰਾ ਦੱਸਦੀ ਹੈ ਕਿ ਪਹਿਲਾਂ ਇਹ ਗੁਰਦੁਆਰਾ ਕੱਚੇ ਕੋਠੇ ਦੇ ਰੂਪ ਵਿਚ ਮੌਜੂਦ ਸੀ ਫਿਰ ਪਿੰਡ ਵਾਲਿਆਂ ਦੀ ਬੇਨਤੀ 'ਤੇ ਮਹਾਰਾਜਾ ਕਰਮ ਸਿੰਘ (1798-1845) ਨੇ ਇੱਥੇ ਪੱਕੇ ਗੁਰਧਾਮ ਦੀ ਉਸਾਰੀ ਕਰਵਾਈ। ਮੌਜੂਦਾ ਇਮਾਰਤ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਨੇ 11.10.1990 ਨੂੰ ਅਰੰਭ ਕੀਤੀ ਸੀ ਜਿਸ ਦੇ ਸੰਪੂਰਨ ਹੋਣ 'ਤੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। 8 ਏਕੜ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ ਅਤੇ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਕ ਸਥਾਨਿਕ ਕਮੇਟੀ ਰਾਹੀਂ ਕੀਤਾ ਜਾਂਦਾ ਹੈ।

ਅਗੌਲ : ਪਟਿਆਲਾ ਜ਼ਿਲੇ ਵਿਚ ਨਾਭਾ-ਅਮਲੋਹ ਸੜਕ 'ਤੇ ਸਹੌਲੀ ਪਿੰਡ ਦੇ ਬੱਸ ਅੱਡੇ ਤੋਂ ਢਾਈ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਨਾਭਾ ਤੋਂ ਲਗ-ਪਗ 15 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਗੁਰਧਾਮ ਦੀ ਸਥਾਨਿਕ ਪਰੰਪਰਾ ਦੱਸਦੀ ਹੈ ਕਿ ਜਦੋਂ ਗੁਰੂ ਜੀ ਇਸ ਪਿੰਡ ਵਿਖੇ ਆਏ ਤਾਂ ਇਕ ਪਿੱਪਲ ਦੇ ਰੁੱਖ ਹੇਠਾਂ ਬੈਠੇ ਸਨ। ਪਿੱਪਲ ਦੇ ਸਾਹਮਣੇ ਹੀ ਰਾਮ ਤਲਾਈ ਨਾਂ ਦਾ ਇਕ ਛੱਪੜ ਸੀ ਜਿਸ ਨੂੰ ਸਰੋਵਰ ਵਿਚ ਤਬਦੀਲ ਕਰ ਦਿੱਤਾ ਗਿਆ ਹੈ। *ਗੁਰਦੁਆਰਾ ਸਾਹਿਬ ਅਗੌਲ ਪਾਤਸ਼ਾਹੀ ਨੌਵੀਂ* ਵਜੋਂ ਇਲਾਕੇ ਵਿਚ ਪ੍ਰਸਿੱਧ ਇਸ ਗੁਰਧਾਮ ਦੇ ਨਾਂ 22 ਵਿੱਘੇ ਜ਼ਮੀਨ ਹੈ ਜਿਸ ਵਿਚੋਂ 10 ਵਿੱਘੇ ਜ਼ਮੀਨ ਭਾਈ ਨੱਥਾ ਸਿੰਘ ਦੁਆਰਾ ਭੇਟ ਕੀਤੀ ਹੋਈ ਹੈ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਸੰਤ ਨਿੱਕਾ ਸਿੰਘ ਰਿਸ਼ੀਕੇਸ਼ ਵਾਲਿਆਂ ਨੇ ਤਿਆਰ ਕਰਵਾਈ ਸੀ ਅਤੇ ਹੋਰਨਾਂ ਇਮਾਰਤਾਂ ਦੀ ਕਾਰ-ਸੇਵਾ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਵੱਲੋਂ ਚੱਲ ਰਹੀ ਹੈ। ਪਿੰਡ ਦੀ ਇਕ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਆਕੜ : ਪਟਿਆਲਾ-ਰਾਜਪੁਰਾ ਜਾਂ ਪਟਿਆਲਾ-ਸਰਹਿੰਦ ਸੜਕ ਤੋਂ ਹੋ ਕੇ ਇਸ ਪਿੰਡ ਵਿਖੇ ਪੁੱਜਿਆ ਜਾ ਸਕਦਾ ਹੈ। ਗੁਰੂ ਤੇਗ ਬਹਾਦਰ ਜੀ ਨੌਲੱਖਾ, ਜਖਵਾਲੀ, ਟਹਿਲਪੁਰਾ ਤੋਂ ਹੁੰਦੇ ਹੋਏ ਇਸ ਪਿੰਡ ਵਿਖੇ ਪੁੱਜੇ ਸਨ। ਟਹਿਲਪੁਰੇ ਤੋਂ 3 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪਿੰਡ ਦੇ ਬਾਹਰ ਨਿੰਮ ਦੇ ਇਕ ਰੁੱਖ ਹੇਠਾਂ ਗੁਰੂ ਜੀ ਨੇ ਡੇਰਾ ਕੀਤਾ ਸੀ ਜਿੱਥੇ ਹੁਣ *ਗੁਰਦੁਆਰਾ ਨਿੰਮ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਭਾਵੇਂ ਕਿ ਗੁਰਦੁਆਰਾ ਸਾਹਿਬ ਅਤੇ ਇਸੇ ਦੇ ਆਲੇ-ਦੁਆਲੇ ਸੰਗਮਰਮਰ ਲੱਗਿਆ ਹੋਇਆ ਹੈ ਪਰ ਇਹ ਰੁੱਖ ਹਾਲੇ ਵੀ ਇੱਥੇ ਮੌਜੂਦ ਹੈ। ਇਹ ਰੁੱਖ ਸੁੱਕ ਗਿਆ ਹੈ ਅਤੇ ਇਸ ਤੋਂ ਨਵੀਂਆਂ ਕਲਮਾਂ ਤਿਆਰ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਗੁਰੂ ਸਾਹਿਬ ਨਾਲ ਸੰਬੰਧਿਤ ਇਸ ਨਿਸ਼ਾਨੀ ਨੂੰ ਕਾਇਮ ਰੱਖਿਆ ਜਾ ਸਕੇ। ਦਰਬਾਰ ਹਾਲ ਦੇ ਪਿਛਲੇ ਪਾਸੇ ਇਕ ਪੁਰਾਤਨ ਖੂਹ ਮੌਜੂਦ ਸੀ ਜਿਸ ਨੂੰ ਢੱਕ ਦਿਤਾ ਗਿਆ ਹੈ। ਮਹੰਤ ਸਾਧੂ ਸਿੰਘ ਜੀ ਨੇ 1924 ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਕਰਵਾਈ ਸੀ, ਪਿੰਡ ਦੀ ਹੀ ਇਕ ਬੀਬੀ ਦਮੋਦਰੀ ਨੇ ਇਸ ਕਾਰਜ ਨੂੰ ਸਿਰੇ ਚਾੜ੍ਹਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਸੀ। ਮੌਜੂਦਾ ਇਮਾਰਤ ਲਗ-ਪਗ 2000 ਵਿਚ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਨੇ ਤਿਆਰ

1. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 3.

ਕਰਵਾਈ ਹੈ। ਪ੍ਰਕਾਸ਼ ਗੁਰਪੁਰਬ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ, ਸ਼ਹੀਦੀ ਦਿਹਾੜਾ ਗੁਰੂ ਤੇਗ ਬਹਾਦਰ ਜੀ, ਬੈਸਾਖੀ ਅਤੇ ਹਰ ਮਹੀਨੇ ਇੱਥੇ ਮੱਸਿਆ ਮਨਾਈ ਜਾਂਦੀ ਹੈ। ਲਗ-ਪਗ ਢਾਈ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦੀਵਾਨ ਹਾਲ, 4 ਰਿਹਾਇਸ਼ੀ ਕਮਰੇ, ਲਾਇਬ੍ਰੇਰੀ ਆਦਿ ਬਣੇ ਹੋਏ ਹਨ। ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਗਰਲਜ਼ ਕਾਲਜ, ਮੰਡੀ ਅਤੇ ਡੇਰਾ ਕਾਰ ਸੇਵਾ ਵੀ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਬਣੇ ਹੋਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸ. ਭਾਗ ਸਿੰਘ ਸਥਾਨਿਕ ਪੰਜ ਮੈਂਬਰੀ ਕਮੇਟੀ ਦੇ ਪ੍ਰਧਾਨ ਹਨ।

ਸਮਾਣਾ : ਪੰਜਾਬ ਦਾ ਇਹ ਪੁਰਾਤਨ ਨਗਰ ਪਟਿਆਲੇ ਤੋਂ ਲਗ-ਪਗ 30 ਕਿਲੋਮੀਟਰ ਦੀ ਦੂਰੀ 'ਤੇ ਪਟਿਆਲਾ ਤੋਂ ਪਾਤੜਾਂ, ਖਨੌਰੀ ਵੱਲ ਜਾਣ ਵਾਲੀ ਸੜਕ 'ਤੇ ਸਥਿਤ ਹੈ। ਮੁਗ਼ਲਾਂ ਦੇ ਸਮੇਂ ਇਹ ਨਗਰ ਵਿਭਿੰਨ ਪਰਗਣਿਆਂ ਦੇ ਫ਼ੌਜਦਾਰਾਂ ਅਤੇ ਸਰਦਾਰਾਂ ਦੀ ਰਿਹਾਇਸ਼ਗਾਹ ਵਜੋਂ ਪ੍ਰਸਿੱਧ ਸੀ। ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲਾ ਸੱਯਦ ਜਲਾਲੁਦੀਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਸ਼ਾਸ਼ਲ ਬੇਗ਼ ਅਤੇ ਬਾਸ਼ਲ ਬੇਗ਼ ਵੀ ਇਸੇ ਨਗਰ ਦੇ ਹੀ ਵਸਨੀਕ ਸਨ। ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਨਗਰ ਦੀ ਮੁਗ਼ਲਈ ਸ਼ਾਨੋ-ਸ਼ੌਕਤ ਅਤੇ ਸ਼ਕਤੀ ਨੂੰ ਖਤਮ ਕਰਕੇ ਇਸ ਦਾ ਪ੍ਰਬੰਧ ਆਪਣੇ ਸਰਦਾਰ ਫ਼ਤਹਿ ਸਿੰਘ ਨੂੰ ਸੌਂਪ ਦਿੱਤਾ ਸੀ। ਬਾਬਾ ਆਲਾ ਸਿੰਘ ਨੇ 1742 ਵਿਚ ਪਹਿਲੀ ਵਾਰੀ ਇਸ ਨਗਰ 'ਤੇ ਕਬਜ਼ਾ ਕੀਤਾ ਸੀ। 1761 ਵਿਚ ਅਹਿਮਦ ਸ਼ਾਹ ਦੁਰਾਨੀ ਨੇ ਭਾਰਤ 'ਤੇ ਹਮਲਾ ਕੀਤਾ ਤਾਂ ਉਸ ਨੇ ਵੀ ਇਸ ਨਗਰ 'ਤੇ ਬਾਬਾ ਆਲਾ ਸਿੰਘ ਦੇ ਅਧਿਕਾਰ ਨੂੰ ਕਾਇਮ ਰੱਖਿਆ ਸੀ। 1947 ਵਿਚ ਭਾਰਤ ਦੀ ਅਜ਼ਾਦੀ ਤੱਕ ਇਹ ਨਗਰ ਪਟਿਆਲਾ ਰਿਆਸਤ ਦੇ ਅਧੀਨ ਰਿਹਾ।

ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਥੜ੍ਹਾ ਸਾਹਿਬ ਪਾਤਸ਼ਾਹੀ ਨੌਵੀਂ* ਸ਼ਸ਼ੋਭਿਤ ਹੈ। ਗੁਰੂ ਜੀ ਸੈਫ਼ਾਬਾਦ (ਮੌਜੂਦਾ ਬਹਾਦਰਗੜ੍ਹ) ਤੋਂ ਚੱਲ ਕੇ ਮੋਤੀ ਬਾਗ਼, ਬਿਲਾਸਪੁਰ ਆਦਿ ਪਿੰਡਾਂ ਵਿਚੋਂ ਹੁੰਦੇ ਹੋਏ ਸਮਾਣੇ ਪਹੁੰਚੇ ਸਨ। ਮੁਹੰਮਦ ਬਖ਼ਸ਼ ਇੱਥੋਂ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਆਪਣੀ ਗੜ੍ਹੀ ਵਿਖੇ ਨਿਵਾਸ ਕਰਦਾ ਸੀ। ਇਸ ਨੇ ਸੈਫ਼ਾਬਾਦ ਵਿਖੇ ਗੁਰੂ ਜੀ ਦੇ ਦਰਸ਼ਨ ਕੀਤੇ ਸਨ ਅਤੇ ਇਹ ਉਹਨਾਂ ਦੀ ਧਾਰਮਿਕ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਸੀ। ਸਮਾਣੇ ਨੇੜੇ ਗੜ੍ਹੀ ਨਜ਼ੀਰ ਦੇ ਇਸ ਵਸਨੀਕ ਨੂੰ ਜਦੋਂ ਗੁਰੂ ਜੀ ਦੇ ਸਮਾਣੇ ਪਹੁੰਚਣ ਦਾ ਪਤਾ ਲੱਗਿਆ ਤਾਂ ਇਹ ਉਹਨਾਂ ਦੇ ਦਰਸ਼ਨ ਕਰਨ ਲਈ ਗਿਆ ਅਤੇ ਬੇਨਤੀ ਕਰਕੇ ਆਪਣੀ ਗੜ੍ਹੀ ਵਿਖੇ ਲੈ ਗਿਆ ਸੀ। ਗੁਰੂ ਜੀ ਦੀ ਚਰਨ-ਛੋਹ ਪ੍ਰਾਪਤ ਇਸ ਅਸਥਾਨ ਦੀ ਸੇਵਾ-ਸੰਭਾਲ ਬੁੱਢਾ ਦਲ ਦੇ ਨਿਹੰਗ ਸਿੰਘਾਂ ਕੋਲ ਹੈ। ਬਿਸ਼ਨ ਦਾਸ ਤੋਂ ਇਹਨਾਂ ਨੇ 'ਗੁਰੂ ਕੀ ਖੂਹੀ' ਅਤੇ ਇਸ ਦੇ ਨਾਂ ਬੋਲਦੀ ਪੰਜ ਏਕੜ ਜ਼ਮੀਨ ਦਾ ਕਬਜ਼ਾ ਛੁਡਵਾਇਆ ਸੀ। ਮੌਜੂਦਾ ਸਮੇਂ ਵਿਚ ਇਸ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ, ਬਾਉਲੀ, ਦਫ਼ਤਰ, 25 ਰਿਹਾਇਸ਼ੀ ਕਮਰੇ ਅਤੇ ਡਿਉੜ੍ਹੀ ਆਦਿ ਬਣੇ ਹੋਏ ਹਨ ਅਤੇ 3 ਏਕੜ ਜ਼ਮੀਨ 'ਤੇ ਖੇਤੀ ਕੀਤੀ ਜਾਂਦੀ ਹੈ। ਮੌਜੂਦ ਸਮੇਂ ਵਿਚ ਬਾਬਾ ਬਲਬੀਰ ਸਿੰਘ ਦੇ ਜਥੇ ਵੱਲੋਂ ਇਸ ਦੀ ਸੇਵਾ-ਸੰਭਾਲ ਕੀਤੀ ਜਾ ਰਹੀ ਹੈ।

ਸਿੰਭੜੋ : ਪਟਿਆਲਾ ਜ਼ਿਲੇ ਵਿਚ ਪਟਿਆਲਾ ਤੋਂ 15 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪਿੰਡ ਨੂੰ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਇਸ ਪਿੰਡ ਵਿਖੇ ਆਏ ਤਾਂ ਇਕ ਬੋਹੜ ਦੇ ਰੁੱਖ ਹੇਠਾਂ ਡੇਰਾ ਕੀਤਾ। ਗੁਰੂ ਜੀ ਦੀ ਯਾਦ ਵਿਚ *ਗੁਰਦੁਆਰਾ ਸ੍ਰੀ ਡੇਰਾ ਸਾਹਿਬ ਪਾਤਸ਼ਾਹੀ ਨੌਵੀਂ* ਸਥਿਤ ਹੈ। ਬੋਹੜ ਦਾ ਰੁੱਖ ਹੁਣ ਮੌਜੂਦ ਨਹੀਂ ਪਰ ਇਕ ਪੁਰਾਤਨ ਖੂਹੀ ਹਾਲੇ ਵੀ ਸੰਭਾਲ ਕੇ ਰੱਖੀ ਹੋਈ ਹੈ। ਇਸ ਖੂਹੀ ਦੇ ਨੇੜੇ ਹੀ ਗੁਰੂ ਸਾਹਿਬ ਦੀ ਯਾਦ ਵਿਚ ਇਕ ਮੰਜੀ ਸਾਹਿਬ ਸਥਿਤ ਸੀ ਜਿੱਥੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਸੰਗਤ ਵੱਲੋਂ ਦਾਨ ਕੀਤੀ ਲਗ-ਪਗ 15 ਵਿੱਘੇ ਜ਼ਮੀਨ ਮੌਜੂਦ ਹੈ। ਇਸ ਵਿਚ ਉਹ

ਜ਼ਮੀਨ ਵੀ ਸ਼ਾਮਲ ਹੈ ਜਿਸ 'ਤੇ ਮਹਾਰਾਜਾ ਕਰਮ ਸਿੰਘ ਨੇ ਗੁਰਧਾਮ ਦੀ ਉਸਾਰੀ ਕਰਵਾਈ ਸੀ। 1965 ਵਿਚ ਇੱਥੇ ਇਕ ਨਵੇਂ ਦਰਬਾਰ ਹਾਲ ਦੀ ਉਸਾਰੀ ਕਰਵਾਈ ਗਈ ਜਿਹੜਾ ਕਿ ਹਾਲੇ ਵੀ ਮੌਜੂਦ ਹੈ। ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਬਾਬਾ ਹਜ਼ੂਰਾ ਸਿੰਘ ਨੇ ਇਸ ਗੁਰਧਾਮ ਦੀ ਸੇਵਾ ਕਰਵਾਈ ਸੀ। ਮੌਜੂਦਾ ਸਮੇਂ ਵਿਚ ਬਾਬਾ ਹਰਭਜਨ ਸਿੰਘ ਇੱਥੋਂ ਦੇ ਮੁੱਖ ਸੇਵਾਦਰ ਹਨ। ਸਥਾਨਿਕ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਸੀਲ : ਪਟਿਆਲਾ ਜ਼ਿਲੇ ਵਿਚ ਇਹ ਪਿੰਡ ਬਹਾਦਰਗੜ੍ਹ-ਘਨੌਰ ਸੜਕ 'ਤੇ ਬਹਾਦਰਗੜ੍ਹ ਤੋਂ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਇਸ ਅਸਥਾਨ 'ਤੇ ਪਹਿਲਾਂ ਇਕ ਕੱਚਾ ਕੋਠਾ ਸੀ। ਪਿੰਡ ਵਾਲਿਆਂ ਦੀ ਬੇਨਤੀ 'ਤੇ ਮਹਾਰਾਜਾ ਪਟਿਆਲਾ ਨੇ ਇੱਥੇ ਪੱਕੇ ਗੁਰਧਾਮ ਦੀ ਉਸਾਰੀ ਕਰਵਾ ਦਿੱਤੀ ਸੀ। 22.12.1997 ਨੂੰ ਇੱਥੇ ਇਕ ਨਵੇਂ ਦਰਬਾਰ ਦੀ ਉਸਾਰੀ ਅਰੰਭ ਕੀਤੀ ਗਈ ਅਤੇ 1998 ਵਿਚ ਤਿਆਰ ਹੋਣ 'ਤੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਲਗ-ਪਗ ਇਕ ਏਕੜ (4 ਵਿੱਘੇ 6 ਬਿਸਵੇ) ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਗ੍ਰੰਥੀ ਸਿੰਘ ਦੀ ਰਿਹਾਇਸ਼ ਬਣੀ ਹੋਈ ਹੈ। ਇਸ ਤੋਂ ਇਲਾਵਾ 13 ਵਿੱਘੇ 17 ਬਿਸਵੇ ਵਾਹੀ ਯੋਗ ਜ਼ਮੀਨ ਪਿੰਡ ਵਾਸੀਆਂ ਨੇ ਗੁਰਦੁਆਰਾ ਸਾਹਿਬ ਦੇ ਨਾਂ ਲਵਾਈ ਸੀ ਜਿਹੜੀ ਕਿ ਠੇਕੇ 'ਤੇ ਦਿੱਤੀ ਜਾਂਦੀ ਹੈ। ਪਿੰਡ ਦੀ 15 ਮੈਂਬਰੀ ਕਮੇਟੀ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰਦੀ ਹੈ।

ਸ਼ੇਖੂਪੁਰ : ਪਟਿਆਲਾ ਜ਼ਿਲੇ ਵਿਚ ਇਹ ਪਿੰਡ ਬਹਾਦਰਗੜ੍ਹ-ਘਨੌਰ ਸੜਕ 'ਤੇ ਬਹਾਦਰਗੜ੍ਹ ਤੋਂ 8 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਬਹਾਦਰਗੜ੍ਹ ਨਿਵਾਸ ਦੌਰਾਨ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਸਨ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਕੁਸ਼ਟ ਨਿਵਾਰਨਸਰ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਭਾਈ ਰਘਬੀਰ ਸਿੰਘ 1965 ਤੋਂ ਇੱਥੇ ਸੇਵਾ ਕਰ ਰਹੇ ਹਨ। 13 ਸਾਲ ਦੀ ਉਮਰ ਵਿਚ ਬਾਬਾ ਪੂਰਨ ਦਾਸ ਜੀ ਉਦਾਸੀ ਦੇ ਸਮੇਂ ਇਹ ਇੱਥੇ ਆਏ ਸਨ ਅਤੇ ਉਹਨਾਂ ਦੀ ਪ੍ਰੇਰਨਾ ਸਦਕਾ ਇੱਥੇ ਹੀ ਸੇਵਾ ਕਰਨ ਲੱਗੇ। ਗੁਰਦੁਆਰਾ ਸਾਹਿਬ ਬਾਰੇ ਜਾਣਕਾਰੀ ਦਿੰਦੇ ਹੋਏ ਇਹਨਾਂ ਨੇ ਦੱਸਿਆ ਕਿ ਇਹਨਾਂ ਤੋਂ ਪਹਿਲਾਂ ਮਾਈ ਰੂੜੀ ਇਸ ਅਸਥਾਨ 'ਤੇ ਦੀਵਾ ਜਗਾਇਆ ਕਰਦੀ ਸੀ ਅਤੇ ਨਾਲ ਹੀ ਇਹ ਕਿਹਾ ਕਰਦੀ ਸੀ ਕਿ ਸਮਾਂ ਆਉਣ 'ਤੇ ਇੱਥੇ ਗੁਰਦੁਆਰਾ ਸਾਹਿਬ ਪ੍ਰਗਟ ਹੋਵੇਗਾ। ਮਾਈ ਰੂੜੀ ਦੇ ਦਰਸ਼ਨ ਤਾਂ ਨਹੀਂ ਕਰ ਸਕਿਆ ਪਰ ਇਸ ਦੀ ਨੂੰਹ ਮਾਤਾ ਕਰਤਾਰ ਕੌਰ 105 ਸਾਲ ਦੀ ਹੋ ਕੇ ਅਕਾਲ ਚਲਾਣਾ ਕੀਤੀ। ਜੀਵਨ ਦੇ ਅੰਤਿਮ ਸਮੇਂ ਤੱਕ ਇਹ ਗੁਰਦੁਆਰਾ ਸਾਹਿਬ ਦੀ ਸੇਵਾ ਕਰਦੀ ਰਹੀ ਅਤੇ ਇਹ ਆਪਣੀ ਸੱਸ ਦੇ ਸਮੇਂ ਦੀਆਂ ਬਹੁਤ ਸਾਰੀਆਂ ਗੱਲਾਂ ਸੰਗਤ ਨਾਲ ਸਾਂਝੀਆਂ ਕਰਿਆ ਕਰਦੀ ਸੀ। ਇਸ ਨੇ ਦੱਸਿਆ ਕਿ ਪੁਰਖਿਆਂ ਦੀ ਰਵਾਇਤ ਤੋਂ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਗੁਰੂ-ਘਰ ਦਾ ਇਕ ਗੁਰਸਿੱਖ ਗੁਰਬਖ਼ਸ਼ ਇੱਥੇ ਨਿਵਾਸ ਕਰਦਾ ਸੀ ਜਿਸ ਨੂੰ ਲੁੱਟ ਦੀ ਨੀਅਤ ਨਾਲ ਚੋਰਾਂ-ਡਾਕੂਆਂ ਨੇ ਬਹੁਤ ਕੁੱਟਿਆ ਅਤੇ ਅਖ਼ੀਰ ਉਹ ਅਕਾਲ ਚਲਾਣਾ ਕਰ ਗਿਆ ਸੀ। ਇਸ ਸਮੇਂ ਗੁਰੂ ਤੇਗ ਬਹਾਦਰ ਜੀ ਬਹਾਦਰਗੜ੍ਹ ਵਿਖੇ ਨਿਵਾਸ ਕਰ ਰਹੇ ਸਨ। ਜਦੋਂ ਗੁਰੂ ਜੀ ਨੂੰ ਇਸ ਗੱਲ ਦੀ ਜਾਣਕਾਰੀ ਮਿਲੀ ਤਾਂ ਉਹ ਇਸ ਅਸਥਾਨ 'ਤੇ ਆਏ ਸਨ। ਜਿਸ ਅਸਥਾਨ 'ਤੇ ਭਾਈ ਗੁਰਬਖ਼ਸ਼ ਸਿੰਘ ਦਾ ਅੰਤਿਮ ਸਸਕਾਰ ਕੀਤਾ ਗਿਆ ਸੀ ਮੌਜੂਦਾ ਸਮੇਂ ਵਿਚ ਉੱਥੇ ਨਿਸ਼ਾਨ ਸਾਹਿਬ ਲੱਗਿਆ ਹੋਇਆ ਹੈ। ਸਮਾਂ ਪਾ ਕੇ ਇਹ ਅਸਥਾਨ ਸ਼ਮਸ਼ਾਨ ਘਾਟ ਦਾ ਰੂਪ ਧਾਰਨ ਕਰ ਗਿਆ ਸੀ। ਮਾਈ ਰੂੜੀ ਤੋਂ ਇਲਾਵਾ ਇੱਥੇ ਕੋਈ ਨਹੀਂ ਆਉਂਦਾ ਸੀ। ਇਕ ਵਾਰੀ ਸ. ਪ੍ਰੀਤਮ ਸਿੰਘ ਇਸ ਪਿੰਡ ਵਿਚ ਆਏ। ਉਹਨਾਂ ਦੱਸਿਆ ਕਿ ਉਹ ਦਿੱਲੀ ਤੋਂ ਇੱਥੇ ਆਏ ਹਨ, ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਦਾ ਗੁਰਧਾਮ ਪ੍ਰਗਟ ਕਰੋ। ਪਿੰਡ ਵਾਲਿਆਂ ਦੀ ਮਾਇਕ ਹਾਲਤ ਚੰਗੀ ਨਹੀਂ ਸੀ ਅਤੇ ਉਹ ਟਾਲ-ਮਟੋਲ ਕਰਨ ਲੱਗੇ ਤਾਂ ਉਸ ਨੇ ਕਿਹਾ ਕਿ ਤੁਸੀਂ ਕਾਰਜ ਅਰੰਭ ਕਰੋ ਕਿਸੇ ਵਸਤੂ ਦੀ ਥੁੜ੍ਹ ਨਹੀਂ ਆਵੇਗੀ। ਇਸ ਪਿੰਡ ਤੋਂ ਕੱਚਾ ਰਸਤਾ

ਬਹਾਦਰਗੜ੍ਹ ਨੂੰ ਜਾਂਦਾ ਸੀ। ਜਦੋਂ ਇਸ ਗੁਰਸਿੱਖ ਨੇ ਬਹਾਦਰਗੜ੍ਹ ਜਾਣ ਲਈ ਆਗਿਆ ਮੰਗੀ ਤਾਂ ਪਿੰਡ ਦਾ ਇਕ ਵਿਅਕਤੀ ਸ. ਅਮਰ ਸਿੰਘ ਉਸ ਨੂੰ ਸਾਇਕਲ 'ਤੇ ਬਹਾਦਰਗੜ੍ਹ ਤੱਕ ਛੱਡਣ ਲਈ ਚਲਾ ਗਿਆ। ਹਾਲੇ ਇਹ ਇਸ ਅਸਥਾਨ ਤੋਂ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਸੀਲ ਪਿੰਡ ਹੀ ਪਹੁੰਚੇ ਸਨ ਕਿ ਸ. ਪ੍ਰੀਤਮ ਸਿੰਘ ਕਹਿਣ ਲੱਗਾ ਕਿ ਉਸ ਦਾ ਕੁੱਝ ਸਮਾਨ ਸ਼ੇਖੂਪੁਰ ਵਿਖੇ ਹੀ ਰਹਿ ਗਿਆ ਹੈ। ਸ. ਅਮਰ ਸਿੰਘ ਉਸ ਦਾ ਸਮਾਨ ਲਿਆਉਣ ਲਈ ਪਿੰਡ ਵੱਲ ਮੁੜੇ ਤਾਂ ਪਿੱਛੇ ਦੇਖਿਆ ਕਿ ਸ. ਪ੍ਰੀਤਮ ਸਿੰਘ ਨਜ਼ਰ ਨਹੀਂ ਆਏ। ਸ. ਅਮਰ ਸਿੰਘ ਨੇ ਇਹ ਸਾਰੀ ਗਾਥਾ ਪਿੰਡ ਆ ਕੇ ਸੁਣਾਈ ਤਾਂ ਸਭ ਨੂੰ ਉਸ ਵਿਚੋਂ ਕੋਈ ਦਰਵੇਸ਼ ਪੁਰਖ ਨਜ਼ਰ ਆਇਆ। ਇਸ ਤੋਂ ਬਾਅਦ ਬਾਬਾ ਬੀਰਮ ਦਾਸ ਉਦਾਸੀ ਦੇ ਚੇਲੇ ਬਾਬਾ ਪੂਰਨ ਦਾਸ ਜੀ 1960 ਵਿਚ ਇੱਥੇ ਆਏ ਅਤੇ ਉਹਨਾਂ ਨੇ ਇਕ ਛੋਟੇ ਜਿਹੇ ਕਮਰੇ ਦੀ ਉਸਾਰੀ ਕਰਵਾ ਕੇ ਉਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ ਸੀ। ਇਸ ਤੋਂ ਬਾਅਦ ਇਹਨਾਂ ਨੇ ਇਕ ਵੱਡੇ ਦਰਬਾਰ ਹਾਲ ਦੀ ਉਸਾਰੀ ਕਰਵਾ ਕੇ ਉਸ ਵਿਚ ਮਹਾਰਾਜ ਦਾ ਪ੍ਰਕਾਸ਼ ਕੀਤਾ। 1983 ਵਿਚ ਬਾਬਾ ਪੂਰਨ ਦਾਸ ਜੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਕਵਿਤਾ ਦੇ ਰੂਪ ਵਿਚ ਇਹਨਾਂ ਦੀ ਜੀਵਨ ਸਾਖੀ ਗੁਰਦੁਆਰਾ ਸਾਹਿਬ ਵਿਖੇ ਲਿਖੀ ਹੋਈ ਹੈ ਜਿਸ ਵਿਚੋਂ ਇਹਨਾਂ ਦੁਆਰਾ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਇਸ ਅਸਥਾਨ ਦੀ ਉਸਾਰੀ ਕਰਨ ਅਤੇ ਵਿਭਿੰਨ ਇਲਾਕਿਆਂ ਦੀ ਸੰਗਤ ਦੇ ਮਨ ਵਿਚ ਇਸ ਅਸਥਾਨ ਪ੍ਰਤੀ ਪੈਦਾ ਹੋਏ ਉਤਸ਼ਾਹ ਅਤੇ ਪ੍ਰੇਰਨਾ ਦਾ ਜ਼ਿਕਰ ਕਰਦੇ ਹੋਏ ਦੱਸਿਆ ਗਿਆ ਹੈ:

ਬਾਬਾ ਪੂਰਨ ਦਾਸ ਜੀ ਪਿਆਰੇ ਤੇਰੇ ਚਰਨ ਕਮਲ ਬਲਿਹਾਰੇ।
ਧੰਨ-ਧੰਨ ਹੈ ਤੁਹਾਡਾ ਨਗਰ ਬਦੋਛੀ ਜਹਾਂ ਤੁਸਾਂ ਨੇ ਜਨਮ ਧਾਰੇ।...
ਸੇਖੂਪੁਰ ਮੇ ਆਏ ਸਤਿਗੁਰ ਮੜ੍ਹੀਆਂ ਮੇ ਕਰੇ ਸੀ ਉਤਾਰੇ।
ਗੁਰਦੁਆਰਾ ਗੁਰੂ ਤੇਗ ਬਹਾਦਰ ਜੀ ਦਾ ਸੀ ਆਪ ਸਿਵਾਰੇ।
ਦਸਵੀਂ ਦਾ ਸੀ ਸਮਾਗਮ ਰਚਿਆ ਚਲਦੇ ਨੇ ਖੀਰ ਭੰਡਾਰੇ।
ਗੁਰਬਾਣੀ ਦਾ ਹਰਜਸ ਹੋਵੇ ਸੁਣਦੇ ਨੇ ਨਗਰ ਸਾਰੇ।

ਇਸ ਗੁਰਧਾਮ ਦੀ ਮੌਜੂਦਾ ਇਮਾਰਤ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਨੇ 1990 ਵਿਚ ਤਿਆਰ ਕਰਵਾਈ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ ਢਾਈ-ਤਿੰਨ ਏਕੜ ਜ਼ਮੀਨ 'ਤੇ ਦਰਬਾਰ ਹਾਲ, ਸਰੋਵਰ, ਲੰਗਰ ਹਾਲ ਦੀਵਾਨ ਹਾਲ ਅਤੇ ਗ੍ਰੰਥੀ ਸਿੰਘ ਦੀ ਰਿਹਾਇਸ਼ ਬਣੀ ਹੋਈ ਹੈ। ਇਸ ਗੁਰਧਾਮ ਦਾ ਪੁਰਾਣਾ ਰਸਤਾ ਪਿੰਡ ਵੱਲ ਸੀ ਪਰ ਫੇਰ ਸ. ਹਰਨੈਲ ਸਿੰਘ ਭੱਟਮਾਜਰਾ ਅਤੇ ਸ. ਹਜ਼ੂਰਾ ਸਿੰਘ ਨਸੀਰਪੁਰ ਵਾਲਿਆਂ ਨੇ ਡੇਢ ਕੁ ਫਰਲਾਂਗ ਥਾਂ ਸੜਕ ਵਾਲੇ ਪਾਸਿਉਂ ਗੁਰੂ-ਘਰ ਨੂੰ ਭੇਟ ਕਰ ਦਿੱਤੀ ਜਿਸ ਕਰਕੇ ਇਹ ਗੁਰਧਾਮ ਬਹਾਦਰਗੜ੍ਹ-ਘਨੌਰ ਮੁੱਖ ਸੜਕ ਨਾਲ ਜੁੜ ਗਿਆ ਹੈ। ਗੁਰਦੁਆਰਾ ਸਾਹਿਬ ਦੀ ਤਿੰਨ ਏਕੜ ਜ਼ਮੀਨ 'ਤੇ ਖੇਤੀ ਕੀਤੀ ਜਾਂਦੀ ਹੈ। ਪਿੰਡ ਦੀ 21 ਮੈਂਬਰੀ ਕਮੇਟੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰ ਰਹੀ ਹੈ।

ਹਸਨਪੁਰ-ਕਬੂਲਪੁਰ : ਪਟਿਆਲਾ ਜ਼ਿਲੇ ਦੀ ਘਨੌਰ ਤਹਿਸੀਲ ਵਿਚ ਦੋ ਪਿੰਡ ਹਸਨਪੁਰ ਅਤੇ ਕਬੂਲਪੁਰ ਨਾਲ-ਨਾਲ ਮੌਜੂਦ ਹਨ ਜਿਹੜੇ ਕਿ ਦੋ ਸ਼ੇਖ਼ ਭਰਾਵਾਂ ਕਬੂਲਾ ਅਤੇ ਹਸਨਾ ਨੇ ਵਸਾਏ ਦੱਸੇ ਜਾਂਦੇ ਹਨ, ਇਹਨਾਂ ਦੋਵੇਂ ਪਿੰਡਾਂ ਦੀ ਵੱਖੋ-ਵੱਖਰੀ ਪੰਚਾਇਤ ਹੈ। *ਗੁਰਦੁਆਰਾ ਪਾਤਸ਼ਾਹੀ ਨੌਵੀਂ ਅਤੇ ਦਸਵੀਂ* ਇਹਨਾਂ ਦੋਵੇਂ ਪਿੰਡਾਂ ਦਾ ਸਾਂਝਾ ਇਤਿਹਾਸਿਕ ਅਸਥਾਨ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਤੇਗ ਬਹਾਦਰ ਜੀ ਨੇ ਇਸ ਪਿੰਡ ਵਿਖੇ ਨਿਵਾਸ ਕੀਤਾ ਸੀ। ਇਹ ਅਸਥਾਨ ਗੁਰੂ ਗੋਬਿੰਦ ਸਿੰਘ ਜੀ ਦੀ ਵੀ ਚਰਨ ਛੋਹ ਪ੍ਰਾਪਤ ਹੈ। ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ ਜਦੋਂ "ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਆਏ ਤਾਂ ਇੱਥੋਂ ਦੇ ਸ਼ੇਖ਼ਾਂ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਸ਼ੇਖ਼ ਪ੍ਰਗਟ ਕਰਦੇ ਹਨ

ਕਿ ਉਨ੍ਹਾਂ ਪਾਸ ਗੁਰੂ ਸਾਹਿਬ ਦਾ ਹੁਕਮਨਾਮਾ ਹੈ। ਗੁਰਦੁਆਰਾ ਬਣਿਆ ਹੋਇਆ ਹੈ। ਪਾਸ ਰਿਹਾਇਸ਼ੀ ਮਕਾਨ ਹਨ ਜਿਹੜੇ ਕਬੂਲਪੁਰ ਦੀ ਸੰਗਤਿ ਨੇ ਸੰਮਤ 1975 (1918 ਈ.) ਵਿਚ ਬਣਵਾਏ ਸਨ।"[1] ਪਹਿਲਾਂ ਇਹ ਅਸਥਾਨ ਛੱਪੜ ਦੇ ਕੰਢੇ ਹੁੰਦਾ ਸੀ ਪਰ ਹੌਲੀ-ਹੌਲੀ ਇਸ ਨੂੰ ਭਰ ਕੇ ਗੁਰਦੁਆਰਾ ਸਾਹਿਬ ਵਿਚ ਸ਼ਾਮਲ ਕਰ ਲਿਆ ਗਿਆ। ਮਹਾਰਾਜਾ ਪਟਿਆਲਾ ਨੇ ਇਸ ਗੁਰਧਾਮ ਦੀ ਪਹਿਲੀ ਇਮਾਰਤ ਬਣਵਾਈ ਸੀ। ਮੌਜੂਦਾ ਇਮਾਰਤ ਵੀ ਲਗ-ਪਗ 55 ਸਾਲ ਪਹਿਲਾਂ ਦੀ ਬਣੀ ਹੋਈ ਹੈ। ਲਗ-ਪਗ 2 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ ਅਤੇ ਗ੍ਰੰਥੀ ਸਿੰਘਾਂ ਦੀ ਰਿਹਾਇਸ਼ ਹੈ। ਇਸ ਤੋਂ ਇਲਾਵਾ 28 ਵਿੱਘੇ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। 2016 ਤੋਂ ਇਸ ਗੁਰਧਾਮ ਦਾ ਪ੍ਰਬੰਧ ਸਿੱਧੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆ ਗਿਆ ਅਤੇ ਪਟਿਆਲਾ ਦੇ *ਗੁਰਦੁਆਰਾ ਦੂਖ ਨਿਵਾਰਣ ਸਾਹਿਬ* ਰਾਹੀਂ ਇਸ ਦੀ ਸੇਵਾ-ਸੰਭਾਲ ਕੀਤੀ ਜਾਂਦੀ ਹੈ।

ਹਰਪਾਲਪੁਰ : ਪਟਿਆਲਾ ਜ਼ਿਲੇ ਵਿਚ ਪਟਿਆਲਾ ਤੋਂ ਲਗ-ਪਗ 24 ਕਿਲੋਮੀਟਰ ਦੀ ਦੂਰੀ 'ਤੇ ਇਹ ਗੁਰਧਾਮ ਸਥਿਤ ਹੈ। ਜਦੋਂ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿਖੇ ਪੁੱਜੇ ਤਾਂ ਉਹਨਾਂ ਨੇ ਇਕ ਬਾਗ਼ ਵਿਚ ਡੇਰਾ ਕੀਤਾ ਜਿਹੜਾ ਕਿ ਬੀਬੀ ਸਿਆਮੋ ਦਾ ਦੱਸਿਆ ਜਾਂਦਾ ਹੈ। ਇਸ ਬਾਗ਼ ਵਿਚ ਇਕ ਬਰੋਟੇ ਦਾ ਰੁੱਖ ਸੀ ਜਿਸ ਹੇਠਾਂ ਗੁਰੂ ਜੀ ਆ ਕੇ ਬੈਠੇ ਸਨ। ਜਦੋਂ ਇਸ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਸਨ ਤਾਂ ਉਹਨਾਂ ਲਈ ਜਲ ਦੀ ਇਕ ਗਾਗਰ ਲੈ ਕੇ ਆਈ। ਗੁਰੂ ਜੀ ਇਸ ਦੇ ਹੱਥੋਂ ਜਲ ਛੱਕ ਕੇ ਅੱਗੇ ਚਲੇ ਗਏ ਸਨ। ਮੌਜੂਦਾ ਸਮੇਂ ਵਿਚ ਇਸ ਅਸਥਾਨ 'ਤੇ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। 80 ਸਾਲ ਦੇ ਬਾਬਾ ਜੈ ਸਿੰਘ ਦੱਸਦੇ ਹਨ ਕਿ ਇਹ 9 ਸਾਲ ਦੀ ਉਮਰ ਵਿਚ ਇਸ ਅਸਥਾਨ 'ਤੇ ਆਏ ਸਨ ਅਤੇ 1971 ਤੋਂ ਇਸ ਗੁਰਧਾਮ ਦੀ ਸੇਵਾ ਸੰਭਾਲ ਕਰ ਰਹੇ ਹਨ। ਇਸ ਗੁਰਧਾਮ ਦੇ ਪਿਛੋਕੜ ਦੀ ਜਾਣਕਾਰੀ ਪ੍ਰਦਾਨ ਕਰਦੇ ਹੋਏ ਇਹ ਦੱਸਦੇ ਹਨ ਕਿ 1933 ਵਿਚ ਸੰਤ ਸੁੰਦਰ ਸਿੰਘ ਜੀ ਮੰਡੌਲੀ ਤੋਂ ਇੱਥੇ ਆ ਕੇ ਗੁਰਦੁਆਰਾ ਸਾਹਿਬ ਬਣਉਣ ਲਈ ਬਰੋਟੇ ਦਾ ਰੁੱਖ ਵੱਢਣ ਲੱਗੇ ਤਾਂ ਪਟਿਆਲਾ ਰਿਆਸਤ ਨੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ ਕਿਉਂਕਿ ਉਸ ਸਮੇਂ ਨਵੇਂ ਗੁਰਧਾਮ ਦੀ ਉਸਾਰੀ ਲਈ ਰਿਆਸਤ ਤੋਂ ਮਨਜ਼ੂਰੀ ਲੈਣੀ ਪੈਂਦੀ ਸੀ। ਸੰਤ ਸੁੰਦਰ ਸਿੰਘ ਜੀ ਨੂੰ 20 ਦਿਨ ਕੈਦ ਵਿਚ ਰੱਖ ਕੇ ਰਿਹਾਅ ਕਰ ਦਿੱਤਾ ਗਿਆ ਅਤੇ ਪਟਿਆਲਾ ਰਿਆਸਤ ਨੇ ਗੁਰਦੁਆਰਾ ਸਾਹਿਬ ਦੀ ਉਸਾਰੀ ਆਪ ਕਰਵਾ ਦਿੱਤੀ। 2 ਸਾਲ ਬਾਅਦ ਸੰਤ ਜੀ ਅਕਾਲ ਚਲਾਣਾ ਕਰ ਗਏ ਅਤੇ ਉਹਨਾਂ ਦੀ ਯਾਦਗਾਰ ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸੇ ਬਣੀ ਹੋਈ ਹੈ।

ਸੰਤ ਸੁੰਦਰ ਸਿੰਘ ਜੀ ਤੋਂ ਪਿੱਛੋਂ ਹਰਪਾਲਪੁਰ ਦੇ ਸੰਤ ਗੁਰਬਖ਼ਸ਼ ਸਿੰਘ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਰਹੇ। 1971 ਵਿਚ ਲਗ-ਪਗ 26 ਸਾਲ ਇਸ ਗੁਰਧਾਮ ਦੀ ਸੇਵਾ ਕਰਕੇ ਇਹ ਅਕਾਲ ਚਲਾਣਾ ਕਰ ਗਏ। 1971 ਤੋਂ ਬਾਬਾ ਜੈ ਸਿੰਘ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰ ਰਹੇ ਹਨ। 1987 ਵਿਚ ਬਾਬਾ ਅਮਰੀਕ ਸਿੰਘ ਨੇ ਇਸ ਅਸਥਾਨ ਦੀ ਕਾਰ ਸੇਵਾ ਅਰੰਭ ਕਰਵਾਈ ਸੀ। ਨਵੇਂ ਦਰਬਾਰ ਹਾਲ ਦੀ ਉਸਾਰੀ ਉਪਰੰਤ ਹੋਰ ਇਮਾਰਤਾਂ ਦੀ ਸੇਵਾ 2008 ਵਿਚ ਸੰਪੂਰਨ ਹੋਈ। ਇਸ ਗੁਰਧਾਮ ਵਿਖੇ ਸੰਤ ਗੁਰਬਖ਼ਸ਼ ਸਿੰਘ ਹਰਪਾਲਪੁਰ ਗੁਰਮਤਿ ਵਿਦਿਆਲਾ ਚੱਲ ਰਿਹਾ ਹੈ ਜਿੱਥੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰਨਾਂ ਗ੍ਰੰਥਾਂ ਦੀ ਸੰਥਯਾ ਅਤੇ ਸਿੱਖਿਆ ਬਾਬਾ ਜੈ ਸਿੰਘ ਪ੍ਰਦਾਨ ਕਰ ਰਹੇ ਹਨ। ਗੁਰਦੁਆਰਾ ਸਾਹਿਬ ਦੀ 40 ਵਿੱਘੇ ਜ਼ਮੀਨ ਹੈ ਜਿਸ ਵਿਚੋਂ 21 ਵਿੱਘੇ 'ਤੇ ਖੇਤੀ ਹੁੰਦੀ ਹੈ ਅਤੇ ਬਾਕੀ ਜ਼ਮੀਨ 'ਤੇ ਗੁਰਦੁਆਰਾ ਸਾਹਿਬ ਅਤੇ ਹੋਰ ਇਮਾਰਤਾਂ ਦੇ ਨਾਲ-ਨਾਲ ਸੜਕ ਬਣੀ ਹੋਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1925 ਦੇ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਕ ਸਥਾਨਿਕ ਕਮੇਟੀ ਰਾਹੀਂ ਇਸ ਦਾ ਪ੍ਰਬੰਧ ਕੀਤਾ ਜਾਂਦਾ ਹੈ।

1. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 256.

ਕਰਹਾਲੀ : ਪਟਿਆਲਾ ਸ਼ਹਿਰ ਤੋਂ ਇਹ ਨਗਰ ਲਗ-ਪਗ 25 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਇਸ ਅਸਥਾਨ 'ਤੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਤੇ ਨੌਵੀਂ* ਸੁਸ਼ੋਭਿਤ ਹੈ। ਕਿਹਾ ਜਾਂਦਾ ਹੈ ਕਿ 1675 ਵਿਚ ਦਿੱਲੀ ਜਾਂਦੇ ਹੋਏ ਗੁਰੂ ਤੇਗ ਬਹਾਦਰ ਜੀ ਸਮਾਣੇ ਤੋਂ ਇਸ ਅਸਥਾਨ 'ਤੇ ਆਏ ਸਨ ਅਤੇ ਕੁੱਝ ਸਮਾਂ ਰੁਕ ਕੇ ਇੱਥੋਂ ਅੱਗੇ ਹਰਿਆਣਾ ਵਿਚ ਪੈਂਦੇ ਚੀਕਾ ਨਗਰ ਵਿਖੇ ਚਲੇ ਗਏ ਸਨ। ਪਟਿਆਲਾ ਦੇ ਮਹਾਰਾਜਾ ਕਰਮ ਸਿੰਘ (1798-1845) ਨੇ ਇੱਥੇ ਇਕ ਗੁਰਧਾਮ ਦੀ ਉਸਾਰੀ ਕਰਵਾਈ ਸੀ। 1984 ਵਿਚ ਕਾਰ ਸੇਵਾ ਭੂਰੀ ਵਾਲਿਆਂ ਦੀ ਸੰਸਥਾ ਦੇ ਬਾਬਾ ਮਹਿਲ ਸਿੰਘ ਨੇ ਪੁਰਾਣੇ ਗੁਰਧਾਮ ਨੂੰ ਨਵੀਂ ਇਮਾਰਤ ਵਿਚ ਤਬਦੀਲ ਕਰ ਦਿੱਤਾ ਸੀ। ਗੁਰਦੁਆਰਾ ਸਾਹਿਬ ਦੀ ਲਗ-ਪਗ ਸਾਢੇ ਚਾਰ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, 7 ਰਿਹਾਇਸ਼ੀ ਮਕਾਨ, ਪਾਰਕਿੰਗ, ਡਿਉੜ੍ਹੀ ਆਦਿ ਬਣੇ ਹੋਏ ਹਨ। 35 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੀ 12 ਏਕੜ ਜ਼ਮੀਨ 'ਤੇ ਗੁਰੂ ਹਰਿਗੋਬਿੰਦ ਸਾਹਿਬ ਖ਼ਾਲਸਾ ਗਰਲਜ਼ ਕਾਲਜ ਚਲਾਇਆ ਜਾ ਰਿਹਾ ਹੈ। 2010 ਤੋਂ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾ ਰਿਹਾ ਹੈ।

ਕੋਟਲੀ : ਪਟਿਆਲਾ ਜ਼ਿਲੇ ਵਿਚ ਸਮਾਣੇ ਤੋਂ ਇਹ ਪਿੰਡ 9 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਜੰਡਸਰ ਸਾਹਿਬ ਪਾਤਸ਼ਾਹੀ ਨੌਵੀਂ* ਸਥਿਤ ਹੈ। ਜੰਡ ਦਾ ਇਕ ਪੁਰਾਤਨ ਰੁੱਖ ਹਾਲੇ ਵੀ ਮੌਜੂਦ ਹੈ ਜਿਸ ਤੋਂ ਟੁੱਟੀ ਹੋਈ ਕਿਸੇ ਵੀ ਟਾਹਣੀ ਨੂੰ ਅਗਨ ਭੇਟ ਨਹੀਂ ਕੀਤਾ ਜਾਂਦਾ ਬਲਕਿ ਜਦੋਂ ਇਸ ਦੀ ਕੋਈ ਟਾਹਣੀ ਟੁੱਟ ਜਾਂਦੀ ਹੈ ਤਾਂ ਜਲ-ਪ੍ਰਵਾਹ ਕਰ ਦਿੱਤੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਦੋਦੜੇ ਤੋਂ ਗੁਰੂ ਜੀ ਇੱਥੇ ਆਏ ਤਾਂ ਉਹਨਾਂ ਨੇ ਜੰਡ ਦੇ ਇਸ ਰੁੱਖ ਹੇਠਾਂ ਕੁੱਝ ਸਮੇਂ ਲਈ ਡੇਰਾ ਕੀਤਾ ਸੀ। ਇਸ ਜੰਡ ਦੇ ਨਾਲ ਹੀ ਗੁਰੂ ਸਾਹਿਬ ਦੀ ਇਕ ਪੁਰਾਤਨ ਯਾਦਗਾਰ ਮੌਜੂਦ ਹੈ ਅਤੇ ਇਸ ਦੇ ਨੇੜੇ ਹੀ ਲਗ-ਪਗ 20 ਸਾਲ ਪਹਿਲਾਂ ਕਾਰ ਸੇਵਾ ਰਾਹੀਂ ਇਕ ਨਵੀਂ ਇਮਾਰਤ ਦੀ ਉਸਾਰੀ ਕੀਤੀ ਗਈ ਹੈ। ਗੁਰਦੁਆਰੇ ਸਮੇਤ ਲਗ-ਪਗ ਸਾਢੇ ਛੇ ਏਕੜ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ।

ਖੰਡੋਲੀ : ਰਾਜਪੁਰਾ-ਪਟਿਆਲਾ ਸੜਕ 'ਤੇ ਰਾਜਪੁਰੇ ਤੋਂ ਲਗ-ਪਗ 3 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪਿੰਡ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹੀ ਨੌਵੀਂ* ਸਥਿਤ ਹੈ। ਕਿਹਾ ਜਾਂਦਾ ਹੈ ਕਿ ਗੁਰੂ ਜੀ ਦੇ ਇੱਥੇ ਪੁੱਜਣ 'ਤੇ ਮਾਈ ਭਾਗ ਭਰੀ ਨੇ ਉਹਨਾਂ ਦੀ ਸੇਵਾ ਕੀਤੀ ਸੀ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਅਮਰੀਕ ਸਿੰਘ ਨੇ ਤਿਆਰ ਕਰਵਾਈ ਹੈ। 2006 ਵਿਚ ਨਵੀਂ ਇਮਾਰਤ ਦੀ ਤਿਆਰੀ ਹੋਣ 'ਤੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਸੀ। ਗੁਰਦੁਆਰਾ ਸਾਹਿਬ ਕੰਪਲੈਕਸ ਦੀ ਲਗ-ਪਗ 4 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, 5-6 ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। 8 ਏਕੜ ਜ਼ਮੀਨ 'ਤੇ ਖੇਤੀ ਹੁੰਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1925 ਦੇ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਪੰਜ ਮੈਂਬਰੀ ਸਥਾਨਿਕ ਕਮੇਟੀ ਰਾਹੀਂ ਇਸ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਗੁਣੀਕੇ : ਪਟਿਆਲਾ ਜ਼ਿਲੇ ਵਿਚ ਇਹ ਪਿੰਡ ਨਾਭਾ-ਭਵਾਨੀਗੜ੍ਹ ਸੜਕ 'ਤੇ ਨਾਭਾ ਤੋਂ ਲਗ-ਪਗ 11 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਨਾਭਾ ਤੋਂ ਭਵਾਨੀਗੜ੍ਹ ਜਾਂਦੇ ਹੋਏ 4 ਕਿਲੋਮੀਟਰ ਬਾਅਦ ਸਰਕਾਰੀ ਮਿਡਲ ਸਕੂਲ ਘਨੁੜਕੀ ਕੋਲੋਂ ਸੱਜੇ ਹੱਥ ਸੜਕ ਮੁੜਦੀ ਹੈ ਜਿਹੜੀ ਕਿ ਇਸ ਪਿੰਡ ਵਿਚੋਂ ਹੁੰਦੀ ਹੋਈ ਸਿੱਧੀ ਗੁਣੀਕੇ ਜਾਂਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਪਿੰਡ ਵਿਚ ਸਥਿਤ ਹੈ। ਇਸ ਅਸਥਾਨ ਬਾਰੇ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ, "ਇਸ ਥਾਂ ਨੌਮੇ ਸਤਿਗੁਰੂ ਵਿਰਾਜੇ ਹਨ। ਪਿੰਡ ਤੋਂ ਦੱਖਣ ਵੱਲ ਇਕ ਫਰਲਾਂਗ ਪੁਰ ਗੁਰਦੁਆਰਾ ਹੈ। ਇਮਾਰਤ ਦੀ ਸੇਵਾ ਮਹਾਰਾਜਾ

ਭਰਪੂਰ ਸਿੰਘ ਜੀ ਨੇ ਕਰਵਾਈ ਹੈ। ਰਿਆਸਤ ਤੋਂ ਸਤਾਸੀ ਰੁਪਯੇ ਸਾਲਾਨਾ ਮਿਲਦੇ ਹਨ। ਰੇਲਵੇ ਸਟੇਸ਼ਨ ਨਾਭੇ ਤੋਂ ਛੇ ਮੀਲ ਪੱਛਮ ਹੈ।"[1]

ਮੌਜੂਦਾ ਸਮੇਂ ਵਿਚ ਬਾਬਾ ਕਰਨੈਲ ਸਿੰਘ ਇੱਥੇ ਸੇਵਾ ਨਿਭਾ ਰਹੇ ਹਨ। ਇਹਨਾਂ ਨੇ ਆਪਣੇ ਤੋਂ ਪਹਿਲਾਂ ਹੋਏ ਤਿੰਨ ਪ੍ਰਮੁੱਖ ਸੇਵਾਦਾਰਾਂ ਦੇ ਇਹ ਨਾਂ ਦੱਸੇ ਹਨ – ਬਾਬਾ ਗੁਲਾਬ ਸਿੰਘ, ਬਾਬਾ ਪਾਲਾ ਸਿੰਘ ਅਤੇ ਬਾਬਾ ਪ੍ਰੀਤਮ ਸਿੰਘ। ਬਾਬਾ ਪ੍ਰੀਤਮ ਸਿੰਘ ਦੇ ਨਾਂ ਇਕ ਛੋਟੀ ਜਿਹੀ ਲਾਇਬ੍ਰੇਰੀ ਸਥਾਪਿਤ ਕੀਤੀ ਹੋਈ ਹੈ। ਗੁਰਦੁਆਰੇ ਦੀ ਨਵੀਂ ਇਮਾਰਤ 2013 ਵਿਚ ਉਸਾਰੀ ਗਈ ਸੀ ਪਰ ਪੁਰਾਤਨ ਇਮਾਰਤ ਹਾਲੇ ਵੀ ਮੌਜੂਦ ਹੈ ਜਿਹੜੀ ਕਿ ਲਗ-ਪਗ 150 ਸਾਲ ਪਹਿਲਾਂ ਪਟਿਆਲੇ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਬਣਵਾਈ ਸੀ। ਪਾਣੀ ਦੀ ਇਕ ਪੁਰਾਤਨ ਢਾਬ ਮੌਜੂਦ ਹੈ ਜਿਸ ਬਾਰੇ ਦੱਸਿਆ ਜਾਂਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਇਸ ਦੇ ਕਿਨਾਰੇ ਡੇਰਾ ਕੀਤਾ ਸੀ। ਬਾਬਾ ਕਰਨੈਲ ਸਿੰਘ ਵੱਲੋਂ ਪਿੰਡ ਦੀ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਜਖਵਾਲੀ : ਪਟਿਆਲਾ-ਸਰਹਿੰਦ ਸੜਕ 'ਤੇ ਇਹ ਪਿੰਡ ਪਟਿਆਲਾ ਤੋਂ 17 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਮੁੱਖ ਸੜਕ ਤੋਂ ਸੱਜੇ ਹੱਥ ਸਰਾਏ ਬਣਜਾਰਾ ਵਾਲੀ ਸੜਕ 'ਤੇ ਲਗ-ਪਗ ਇਕ ਕਿਲੋਮੀਟਰ ਦੂਰੀ 'ਤੇ ਸੁਸ਼ੋਭਿਤ ਇਹ ਗੁਰਧਾਮ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਸਥਾਨਿਕ ਰਵਾਇਤ ਦੱਸਦੀ ਹੈ ਕਿ ਜਖਵਾਲੀ ਤੋਂ ਗੁਰੂ ਜੀ ਇੱਥੇ ਆਏ ਸਨ। ਲਗ-ਪਗ 60 ਸਾਲ ਪਹਿਲਾਂ ਗੁਰੂ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਦੀ ਇਮਾਰਤ ਉਸਾਰੀ ਗਈ ਸੀ ਪਰ ਸੰਗਤ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਇਸ ਦੇ ਨਾਲ ਹੀ, ਲਗ-ਪਗ 25 ਸਾਲ ਪਹਿਲਾਂ, ਇਕ ਨਵੀਂ ਇਮਾਰਤ ਦੀ ਉਸਾਰੀ ਕਰ ਲਈ ਗਈ। ਸਥਾਨਿਕ ਕਮੇਟੀ ਇਸ ਦਾ ਪ੍ਰਬੰਧ ਕਰਦੀ ਹੈ।

ਟਹਿਲਪੁਰਾ : ਪਟਿਆਲਾ ਜ਼ਿਲੇ ਵਿਚ ਸਥਿਤ ਇਹ ਪਿੰਡ ਪਟਿਆਲਾ-ਰਾਜਪੁਰਾ ਅਤੇ ਪਟਿਆਲਾ-ਸਰਹਿੰਦ ਸੜਕ ਰਾਹੀਂ ਜੁੜਿਆ ਹੋਇਆ ਹੈ। ਇਸ ਦੀ ਜਾਣਕਾਰੀ ਦਿੰਦੇ ਹੋਏ ਭਾਈ ਪ੍ਰਦੁਮਨ ਸਿੰਘ ਬੱਦੋਂ ਦੱਸਦੇ ਹਨ ਕਿ ਇਹ ਪਿੰਡ ਗੁਰਾਂ ਦੇ ਚਰਣ ਪਾਉਣ ਤੋਂ ਉਪਰੰਤ ਸੰਮਤ 1887 (ਸੰਨ 1830) ਵਿਚ ਵਸਿਆ ਹੈ। ਦਰਬਾਰ ਚੰਗਾ ਬਣਿਆ ਹੋਇਆ ਹੈ ਜਿਸ ਦੀ ਸੇਵਾ ਮਹਾਰਾਜਾ ਕਰਮ ਸਿੰਘ (1798-1845) ਨੇ ਅਰੰਭ ਕੀਤੀ ਤੇ ਮਹਾਰਾਜਾ ਭੁਪਿੰਦਰ ਸਿੰਘ ਜੀ ਨੇ ਸੰਮਤ 1973 (ਸੰਨ 1916) ਵਿਚ ਸੰਪੂਰਨ ਕਰਵਾਈ।[2] ਗੁਰੂ ਤੇਗ ਬਹਾਦਰ ਜੀ ਇੱਥੇ ਇਕ ਪਿੱਪਲ ਦੇ ਰੁੱਖ ਹੇਠਾਂ ਬੈਠੇ ਸਨ, ਹੁਣ ਉਹ ਮੌਜੂਦ ਨਹੀਂ ਹੈ ਪਰ ਗੁਰੂ ਜੀ ਦੀ ਯਾਦ ਵਿਚ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਨਿਰਮਲੇ ਸੰਤਾਂ ਨੇ ਇਸ ਅਸਥਾਨ 'ਤੇ ਇਕ ਥੜ੍ਹਾ ਸਾਹਿਬ ਸਥਾਪਿਤ ਕਰ ਲਿਆ ਸੀ ਅਤੇ ਲੰਮਾ ਸਮਾਂ ਇਹ ਇੱਥੇ ਸੇਵਾ ਕਰਦੇ ਰਹੇ। ਪਿੰਡ ਵਾਲਿਆਂ ਨਾਲ ਇਹਨਾਂ ਦੇ ਸੰਬੰਧਾਂ ਵਿਚ ਖਟਾਸ ਆਈ ਤਾਂ ਇਹ ਇੱਥੋਂ ਚਲੇ ਗਏ ਅਤੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪਿੰਡ ਵਾਲਿਆਂ ਨੇ ਸੰਭਾਲ ਲਿਆ ਸੀ। ਮੌਜੂਦਾ ਇਮਾਰਤ ਦੀ ਉਸਾਰੀ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਨੇ 1995 ਵਿਚ ਕਰਵਾਈ ਸੀ। ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਅਤੇ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਇੱਥੇ ਪ੍ਰਮੁੱਖਤਾ ਨਾਲ ਮਨਾਇਆ ਜਾਂਦਾ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਚਾਰ ਰਿਹਾਇਸ਼ੀ ਕਮਰੇ ਅਤੇ ਗ੍ਰੰਥੀ ਸਿੰਘ ਦੀ ਰਿਹਾਇਸ਼ ਬਣੀ ਹੋਈ ਹੈ। 11 ਮੈਂਬਰੀ ਸਥਾਨਿਕ ਕਮੇਟੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੀ ਹੈ ਅਤੇ ਸ. ਗੁਰਿੰਦਰ ਸਿੰਘ ਇਸ ਦੇ ਪ੍ਰਧਾਨ ਹਨ।

ਬੂਹੀ : *ਗੁਰਦੁਆਰਾ ਰਾਮਗੜ੍ਹ ਬੌੜਾਂ* ਤੋਂ ਲਗ-ਪਗ 5 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਗੁਰਧਾਮ ਸਰਦਾਰ ਬੰਤ ਸਿੰਘ ਅਕਾਲੀ ਦੀ ਜ਼ਮੀਨ 'ਤੇ ਬਣਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਪੂਰਬ ਦੀ ਯਾਤਰਾ ਦੌਰਾਨ ਰੋਹਟੇ ਤੋਂ

1. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 413.
2. ਪ੍ਰਦੁਮਨ ਸਿੰਘ ਬੱਦੋਂ, *ਗੁਰਧਾਮ ਦੀਦਾਰ,* ਪੰਨਾ 203.

ਬੌੜਾਂ ਰਾਮਗੜ੍ਹ ਜਾਂਦੇ ਹੋਏ ਗੁਰੂ ਤੇਗ ਬਹਾਦਰ ਜੀ ਨੇ ਇਸ ਅਸਥਾਨ 'ਤੇ ਚਰਨ ਪਾਏ ਸਨ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਕਾਰ ਸੇਵਾ ਵਾਲੇ ਬਾਬਾ ਹਰਬੰਸ ਸਿੰਘ ਅਤੇ ਬਾਬਾ ਬਚਨ ਸਿੰਘ ਨੇ ਇਸ ਗੁਰਧਾਮ ਦੀ ਸੇਵਾ ਕਰਵਾਈ ਹੈ ਅਤੇ ਪਿੰਡ ਦੀ ਕਮੇਟੀ ਰਾਹੀਂ ਇਹੀ ਇਸ ਦਾ ਪ੍ਰਬੰਧ ਕਰ ਰਹੇ ਹਨ। ਪਿੰਡ ਸਿੱਖੀ ਵੱਲ ਪ੍ਰੇਰਿਤ ਹੈ।

ਦੋਦੜਾ : ਪਟਿਆਲਾ ਜ਼ਿਲੇ ਵਿਚ ਸਮਾਣੇ ਤੋਂ ਲਗ-ਪਗ 5 ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਕੁਲਾਰਾਂ ਵਾਲੀ ਸੜਕ 'ਤੇ ਸਥਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਇੱਥੇ ਆਏ ਅਤੇ ਇਕ ਪਿੱਪਲ ਦੇ ਰੁੱਖ ਹੇਠਾਂ ਕੁੱਝ ਸਮੇਂ ਲਈ ਰੁਕੇ ਸਨ ਜਿਸ ਦਾ ਜ਼ਿਕਰ ਗੁਰਮੁਖੀ ਸਰੋਤਾਂ ਵਿਚ ਮਿਲਦਾ ਹੈ। ਦੱਸਿਆ ਜਾਂਦਾ ਹੈ ਕਿ ਲਗ-ਪਗ 35 ਸਾਲ ਪਹਿਲਾਂ ਕਾਰ ਸੇਵਾ ਰਾਹੀਂ ਇੱਥੇ ਇਕ ਨਵੀਂ ਇਮਾਰਤ ਦੀ ਉਸਾਰੀ ਸਮੇਂ ਇਹ ਪਿੱਪਲ ਕੱਟ ਦਿੱਤਾ ਗਿਆ ਸੀ। ਪਿੰਡ ਦੀ ਸੰਗਤ ਵੱਲੋਂ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਕੀਤਾ ਜਾਂਦਾ ਹੈ। ਬਾਬਾ ਬਚਨ ਸਿੰਘ ਦੀ ਸਰਪ੍ਰਸਤੀ ਅਧੀਨ ਬਾਬਾ ਬਲਬੀਰ ਸਿੰਘ ਗੁਰਧਾਮ ਦੀ ਸੇਵਾ ਸੰਭਾਲ ਅਤੇ ਕਾਰ ਸੇਵਾ ਵਿਚ ਯੋਗਦਾਨ ਪਾ ਰਹੇ ਹਨ।

ਧੰਗੇੜਾ : ਪਟਿਆਲਾ ਜ਼ਿਲੇ ਵਿਚ ਨਾਭਾ-ਭਾਦਸੋਂ ਸੜਕ 'ਤੇ ਨਾਭਾ ਤੋਂ 12 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਗੁਰੂ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਸਿੰਬੜੋ ਤੋਂ ਗੁਰੂ ਜੀ ਇਸ ਅਸਥਾਨ 'ਤੇ ਆਏ ਸਨ ਅਤੇ ਇੱਥੇ ਮੌਜੂਦ ਇਕ ਟੋਭੇ ਦੇ ਕੰਢੇ 'ਤੇ ਉਹਨਾਂ ਨੇ ਵਿਸ਼ਰਾਮ ਕੀਤਾ ਸੀ। ਅੰਮ੍ਰਿਤ ਵੇਲੇ ਇਸ਼ਨਾਨ ਕਰਨ ਤੋਂ ਪਹਿਲਾਂ ਗੁਰੂ ਜੀ ਨੇ ਕਿੱਕਰ ਦੀ ਦਾਤਨ ਕਰਕੇ ਇੱਥੇ ਲਗਾ ਦਿੱਤੀ ਸੀ ਜਿਹੜੀ ਕਿ ਸਮਾਂ ਪਾ ਕੇ ਇਕ ਵੱਡੇ ਰੁੱਖ ਦਾ ਰੂਪ ਧਾਰਨ ਕਰ ਗਈ। ਇਸ ਰੁੱਖ ਦੀ ਜੜ੍ਹ ਹਰੀ ਰਹੀ ਅਤੇ ਉਪਰੋਂ ਸੁੱਕ ਜਾਣ ਦੇ ਬਾਵਜੂਦ ਵੀ ਨਵੀਆਂ ਟਹਿਣੀਆਂ ਰੁੱਖ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਇਸ ਰੁੱਖ ਦੀ ਆਲੇ-ਦੁਆਲੇ ਦੇ ਇਲਾਕੇ ਵਿਚ ਬਹੁਤ ਸ਼ਰਧਾ-ਮਾਨਤਾ ਹੈ। ਇਸ ਕਿੱਕਰ ਦੇ ਨਾਲ ਲੱਗਦਾ ਟੋਭਾ ਸਰੋਵਰ ਦੇ ਰੂਪ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਇਸ ਅਸਥਾਨ 'ਤੇ ਗੋਕਲ ਨਾਂ ਦਾ ਇਕ ਵਿਅਕਤੀ ਲੰਮਾ ਸਮਾਂ ਸੇਵਾ ਕਰਦਾ ਰਿਹਾ ਹੈ। 1912-13 ਵਿਚ ਇਹ ਇਸ ਅਸਥਾਨ 'ਤੇ ਆਇਆ ਸੀ ਅਤੇ ਫਿਰ ਖੰਡੇ ਦੀ ਪਾਹੁਲ ਲੈ ਕੇ ਤ੍ਰਿਲੋਕ ਸਿੰਘ ਹੋ ਗਿਆ ਸੀ। ਸਾਧੂ ਦੇ ਰੂਪ ਵਿਚ ਸੇਵਾ ਕਰਦਾ ਹੋਇਆ ਬਾਬਾ ਤ੍ਰਿਲੋਕ ਸਿੰਘ 1972 ਵਿਚ ਅਕਾਲ ਚਲਾਣਾ ਕਰ ਗਿਆ ਸੀ ਪਰ ਇਹ ਅਸਥਾਨ ਇਸੇ ਦੇ ਯਤਨਾਂ ਸਦਕਾ ਅਬਾਦ ਹੋਇਆ। ਇਸ ਦੇ ਸਮੇਂ ਇਕ ਹੋਰ ਗੁਰਸਿੱਖ ਭਾਈ ਮਾਨ ਸਿੰਘ ਇਸ ਅਸਥਾਨ 'ਤੇ ਸੇਵਾ ਕਰਿਆ ਕਰਦਾ ਸੀ। ਇਹ ਇਕ ਚੰਗਾ ਪ੍ਰਬੰਧਕ ਸੀ ਅਤੇ ਇਸ ਨੇ ਗੁਰਦੁਆਰਾ ਸਾਹਿਬ ਦੀ ਉਸਾਰੀ ਵਿਚ ਵਿਸ਼ੇਸ਼ ਯੋਗਦਾਨ ਪਾਇਆ।

2004 ਤੋਂ ਬਾਬਾ ਮੱਖਣ ਸਿੰਘ ਇਸ ਗੁਰਧਾਮ ਦਾ ਪ੍ਰਬੰਧ ਕਰ ਰਹੇ ਹਨ। 2005 ਵਿਚ ਇਹਨਾਂ ਨੇ ਨਵੇਂ ਗੁਰਧਾਮ ਦੀ ਉਸਾਰੀ ਅਰੰਭ ਕਰਵਾਈ ਸੀ ਅਤੇ 2009 ਵਿਚ ਸੰਪੂਰਨ ਹੋਣ 'ਤੇ ਮਾਘ ਦੀ ਦਸਵੀਂ ਨੂੰ ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਸੀ। ਲਗ-ਪਗ 2 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ, ਦੀਵਾਨ ਹਾਲ, ਗ੍ਰੰਥੀ ਸਿੰਘ ਦੀ ਰਿਹਾਇਸ਼ ਆਦਿ ਬਣੇ ਹੋਏ ਹਨ। 14 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਇਸ ਵਿਚੋਂ 12 ਏਕੜ ਜ਼ਮੀਨ ਪੇਦਨੀ ਪਿੰਡ ਦੇ ਸ. ਚੰਨਣ ਸਿੰਘ ਨੇ ਗੁਰੂ-ਘਰ ਨੂੰ ਭੇਟ ਕੀਤੀ ਸੀ। ਪਿੰਡ ਦੇ ਵਸਨੀਕ ਗੁਰਧਾਮ ਦੇ ਪ੍ਰਬੰਧ ਵਿਚ ਕਾਰ-ਸੇਵਾ ਵਾਲਿਆਂ ਨੂੰ ਪੂਰਨ ਸਹਿਯੋਗ ਦਿੰਦੇ ਹਨ।

ਨਨਹੇੜੀ : ਪਟਿਆਲਾ ਜ਼ਿਲੇ ਦੀ ਘਨੌਰ ਤਹਿਸੀਲ ਵਿਚ ਘੱਗਰ ਦਰਿਆ ਦੇ ਕੰਢੇ ਵੱਸਿਆ ਹੋਇਆ ਇਹ ਪਿੰਡ ਬਹਾਦਰਗੜ੍ਹ ਤੋਂ ਰਾਏਪੁਰ, ਸੀਲ, ਕਾਮੀ ਕਲਾਂ, ਪਿੱਪਲ ਮੰਘੋਲੀ ਰਾਹੀਂ 24 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਲੋਹਸਿੰਬਲੀ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪਿੰਡ ਨੂੰ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਘੱਗਰ ਦਰਿਆ ਦੇ ਕੰਢੇ 'ਤੇ ਗੁਰੂ ਜੀ ਦੀ ਯਾਦ ਵਿਚ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। 1665 ਵਿਚ ਪੂਰਬ ਦੀ ਯਾਤਰਾ 'ਤੇ ਜਾਂਦੇ ਹੋਏ ਜਦੋਂ ਗੁਰੂ ਜੀ ਇੱਥੇ ਆਏ ਤਾਂ ਘੋਗਾ ਇੱਥੋਂ ਦਾ ਮਸੰਦ ਸੀ। ਪੂਰਬ ਦੀ ਯਾਤਰਾ ਤੋਂ ਵਾਪਸ ਆਉਂਦੇ ਹੋਏ ਵੀ ਗੁਰੂ ਜੀ ਇਸ ਅਸਥਾਨ 'ਤੇ ਆਏ ਸਨ। ਪਟਨਾ ਸਾਹਿਬ ਤੋਂ ਵਾਪਸ ਅਨੰਦਪੁਰ ਸਾਹਿਬ ਆਉਂਦੇ ਹੋਏ ਬਾਲ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਜੀ ਵੀ ਇਸ ਪਿੰਡ ਵਿਖੇ ਆਏ ਸਨ।

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਪਟਿਆਲੇ ਦੇ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਵੱਲੋਂ 2001 ਵਿਚ ਤਿਆਰ ਕੀਤੀ ਗਈ ਹੈ। ਇਕ ਪੁਰਾਤਨ ਖੂਹ ਗੁਰਦੁਆਰਾ ਸਾਹਿਬ ਦੇ ਕੰਪਲੈਕਸ ਵਿਚ ਮੌਜੂਦ ਹੈ ਜਿਸ ਦੀ ਸਫ਼ਾਈ ਕਰਕੇ ਪਾਣੀ ਵਰਤਿਆ ਜਾ ਸਕਦਾ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ ਅਤੇ 1968 ਦੀ ਇਕ ਧਰਮਸ਼ਾਲਾ ਬਣੀ ਹੋਈ ਹੈ। 10 ਏਕੜ ਵਾਹੀ ਯੋਗ ਜ਼ਮੀਨ ਹੈ। ਪਿੰਡ ਦੀ 5 ਮੈਂਬਰੀ ਕਮੇਟੀ ਇਸ ਦਾ ਪ੍ਰਬੰਧ ਦੇਖਦੀ ਹੈ।

ਨਰੜੂ : ਪਟਿਆਲਾ-ਰਾਜਪੁਰਾ ਸੜਕ 'ਤੇ ਧਰੇੜੀ ਜੱਟਾਂ ਦੇ ਟੋਲ ਪਲਾਜ਼ਾ ਤੋਂ ਤਿੰਨ ਕਿਲੋਮੀਟਰ ਬਾਅਦ ਸੱਜੇ ਹੱਥ ਢਾਈ ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਮੌਜੂਦ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇਸ ਪਿੰਡ ਵਿਖੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ ਸ. ਹਰਕੇਸ਼ ਸਿੰਘ ਨੇ ਦੱਸਿਆ ਕਿ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿਖੇ ਆਏ ਸਨ ਪਰ ਜਿੱਥੇ ਗੁਰੂ ਸਾਹਿਬ ਕੁੱਝ ਸਮੇਂ ਲਈ ਰੁਕੇ ਸਨ, ਉੱਥੇ ਕੋਈ ਗੁਰਧਾਮ ਪ੍ਰਗਟ ਨਹੀਂ ਹੋ ਸਕਿਆ। ਗੁਰੂ ਸਾਹਿਬ ਦੀ ਯਾਦ ਵਿਚ ਮੌਜੂਦਾ ਗੁਰਧਾਮ ਨਿਰਮਲੇ ਸੰਤਾਂ ਦਾ ਡੇਰਾ ਸੀ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ। ਨਿਰਮਲੇ ਸੰਤਾਂ ਤੋਂ ਇਸ ਅਸਥਾਨ ਦਾ ਪ੍ਰਬੰਧ ਪਿੰਡ ਵਾਲਿਆਂ ਕੋਲ ਆਇਆ। ਲਗ-ਪਗ 45 ਸਾਲ ਪਹਿਲਾਂ ਇੱਥੇ ਇਕ ਛੋਟਾ ਦਰਬਾਰ ਹਾਲ ਸੀ ਜਿਸ ਦੀ ਜਗ੍ਹਾ 'ਤੇ ਨਵੇਂ ਗੁਰਧਾਮ ਦੀ ਉਸਾਰੀ ਕੀਤੀ ਗਈ। ਹੁਣ ਨਵਾਂ ਦਰਬਾਰ ਹਾਲ ਬਣਾਉਣ ਦੀ ਯੋਜਨਾ ਹੈ। ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਦਾਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਪ੍ਰਮੁੱਖਤਾ ਨਾਲ ਮਨਾਏ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋ ਪੁਰਾਤਨ ਸਰੂਪ ਇੱਥੇ ਸੰਭਾਲ ਕੇ ਰੱਖੇ ਹੋਏ ਹਨ। ਇਹਨਾਂ ਵਿਚੋਂ ਇਕ 793 ਪੱਤਰਿਆਂ ਵਾਲਾ ਹੱਥ-ਲਿਖਤ ਸਰੂਪ ਹੈ। 1937 ਪੰਨਿਆਂ ਵਾਲਾ ਦੂਜਾ ਵੱਡ-ਅਕਾਰੀ ਸਰੂਪ ਸੰ. ਨਾ. 430 (1899) ਵਿਚ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਲਾਹੌਰ ਤੋਂ ਛਪਿਆ ਹੋਇਆ ਹੈ।

ਗੁਰਦੁਆਰਾ ਸਾਹਿਬ ਦੀ ਲਗ-ਪਗ ਅੱਧਾ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ ਅਤੇ ਗ੍ਰੰਥੀ ਸਿੰਘ ਦੀ ਰਿਹਇਸ਼ ਬਣੇ ਹੋਏ ਹਨ। ਇਸ ਤੋਂ ਇਲਾਵਾ 23 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। 5 ਵਿੱਘੇ ਜ਼ਮੀਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਬਣਿਆ ਹੋਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ। ਪੰਜ ਪਿੰਡਾਂ ਦੀ ਸਥਾਨਿਕ ਪੰਜ ਮੈਂਬਰੀ ਕਮੇਟੀ ਬਣੀ ਹੋਈ ਹੈ। ਘੁਮਾਣ, ਰਾਉ ਮਾਜਰਾ, ਲੱਖੋ ਮਾਜਰਾ, ਨੱਥੂ ਮਾਜਰਾ ਅਤੇ ਨਰੜੂ ਪਿੰਡਾਂ ਦੀਆਂ ਵੋਟਾਂ ਰਾਹੀਂ ਚਾਰ ਮੈਂਬਰ ਚੁਣੇ ਜਾਂਦੇ ਹਨ ਅਤੇ ਇਕ ਮੈਂਬਰ ਨਾਮਜ਼ਦ ਕੀਤਾ ਜਾਂਦਾ ਹੈ। ਸ. ਹਰਸਾ ਸਿੰਘ ਮੌਜੂਦਾ ਪੰਜ ਮੈਂਬਰੀ ਕਮੇਟੀ ਦੇ ਪ੍ਰਧਾਨ ਹਨ।

ਪਟਿਆਲਾ: ਪਟਿਆਲਾ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਪੰਜਾਬ ਦਾ ਇਕ ਪ੍ਰਮੁੱਖ ਨਗਰ ਹੈ। ਗੁਰੂ ਜੀ ਨੇ ਇਕ ਤੋਂ ਵਧੇਰੇ ਵਾਰੀ ਇੱਥੋਂ ਦੇ ਲੋਕਾਂ ਨੂੰ ਦਰਸ਼ਨ ਦਿੱਤੇ ਸਨ। ਇਸ ਨਗਰ ਵਿਖੇ ਗੁਰੂ ਜੀ ਨਾਲ ਸੰਬੰਧਿਤ ਦੋ ਪ੍ਰਮੁੱਖ ਇਤਿਹਾਸਿਕ ਅਸਥਾਨ ਮੌਜੂਦ ਹਨ:

1. **ਗੁਰਦੁਆਰਾ ਦੂਖ ਨਿਵਾਰਣ ਸਾਹਿਬ :** ਇਹ ਗੁਰਧਾਮ ਪਟਿਆਲਾ ਨਗਰ ਦੇ ਰੇਲਵੇ ਸਟੇਸ਼ਨ ਅਤੇ ਬੱਸ ਸਟੈਂਡ ਤੋਂ ਲਗ-ਪਗ ਇਕ ਕਿਲੋਮੀਟਰ ਦੀ ਦੂਰੀ 'ਤੇ ਸਰਹਿੰਦ ਨੂੰ ਜਾਣ ਵਾਲੀ ਸੜਕ 'ਤੇ ਸਥਿਤ ਹੈ। ਮਾਲਵੇ ਦੀ ਯਾਤਰਾ ਦੌਰਾਨ ਜਦੋਂ ਗੁਰੂ ਜੀ ਇਸ ਅਸਥਾਨ 'ਤੇ ਆਏ ਤਾਂ ਇੱਥੇ ਲਹਿਲ ਪਿੰਡ ਵੱਸਿਆ ਹੋਇਆ ਸੀ। ਪਿੰਡ ਦੇ ਬਾਹਰਵਾਰ ਟੋਭੇ ਦੇ ਕੰਢੇ ਬੋਹੜ ਦੇ ਰੁੱਖ ਹੇਠਾਂ ਗੁਰੂ ਜੀ ਰੁਕੇ ਸਨ ਅਤੇ ਇੱਥੇ ਹੀ ਪਿੰਡ ਦੀ ਇਕ ਬੀਬੀ ਕਰਮੋ ਆਪਣੇ ਬੀਮਾਰ ਬੱਚੇ ਨੂੰ ਲੈ ਕੇ ਗੁਰੂ ਜੀ ਕੋਲ ਆਈ ਸੀ। ਗੁਰੂ ਜੀ ਦੀ ਕਿਰਪਾ ਸਦਕਾ ਬੱਚਾ ਸਿਹਤਯਾਬ ਹੋ ਗਿਆ। ਇਸ ਘਟਨਾ ਦੀ ਯਾਦ ਦਿਵਾਉਂਦਾ ਇਕ ਹੁਕਮਨਾਮਾ ਗੁਰਦੁਆਰਾ ਸਾਹਿਬ ਵਿਖੇ ਸੰਭਾਲ ਕੇ ਰੱਖਿਆ ਹੋਇਆ ਹੈ। ਡਾ. ਗੰਡਾ ਸਿੰਘ ਦੱਸਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਦੇ ਮਸੰਦ ਭਾਈ ਫ਼ਤਹਿ ਚੰਦ ਦੇ ਪਰਿਵਾਰ ਵਿਚੋਂ ਕਿਸੇ ਗੁਰਸਿੱਖ ਨੇ ਇਸ ਪਿੰਡ ਵਿਖੇ ਗੁਰੂ ਜੀ ਦੇ ਆਉਣ ਦਾ ਬਿਰਤਾਂਤ ਸਿਰਜਿਆ ਹੈ ਜਿਸ ਦੇ ਅਧਾਰ 'ਤੇ ਇਹ ਗੁਰਧਾਮ ਇਸ ਅਸਥਾਨ 'ਤੇ ਸੁਸ਼ੋਭਿਤ ਹੋਇਆ ਦੱਸਿਆ ਜਾਂਦਾ ਹੈ[1]:

> **ੴ ਸਤਿਗੁਰ ਪ੍ਰਸਾਦਿ**
> **ੴ ਸ੍ਰੀ ਅਕਾਲ ਸਹਾਇ**
> **ਸ੍ਰੀ ਗੁਰੂ ਤੇਗ ਬਹਾਦਰ ਸਾਹਿਬ**
> **ਬਾਬਾ ਬਕਾਲਾ**
> **ਸ੍ਰੀ ਗੁਰੂ ਤੇਗ ਬਹਾਦਰ ਜੀ ਸਹਬ ਨੂੰ ਭਾਗ ਰਾਮ ਝਿਉਰ**
> **ਬੇਨਤੀ ਕਰਤ ਭਇ ਜੀ ਲਾਹਲ ਗਾਂਵ ਵਿਚ ਬੀਮਾਰੀ ਜਾਂਦੀ ਨਹੀਂ**
> **ਸਚੇ ਸਹਬ ਸਫਾਬਾਦ ਤੇ ਉਠ ਕੇ ਲਾਹਲ ਗਾਂਵ ਦੇ**
> **ਪਹਾੜ ਓਰ ਕਰੀਬਨ ਸਤ ਅਠ ਸੈ ਤੌਰ ਬੋਹੜ ਦੇ**
> **ਤਾਲੇ ਆਣ ਬਰਾਜਤ ਭਏ ਯੀਹਾ ਟੋਬੜ ਮੇ ਚਰਨ**
> **ਧੋਬਤ ਭਏ ਹੁਕਮ ਹੋਇਆ ਏਥੇ ਜੋ ਕੋਈ ਰੋਗੀ ਸ੍ਰਧਾ**
> **ਸਹਿਤ ਅਸਨਾਨ ਕਰੇਗਾ ਉਸ ਦੇ ਸਭੇ ਰੋਗ ਖੰਡਿਏਗੇ**
> **ਏਥੇ ਥੜਾ ਬਣਾਓ ਲੰਗਰ ਚਲਾਓ ਹੁਕਮ ਹੋਇਆ ਜੋ ਇੱਥੇ**

---

1. ਗੰਡਾ ਸਿੰਘ, *ਸਿੱਖ ਇਤਿਹਾਸਿਕ ਯਾਦਗਾਰਾਂ,* 26 ਜੂਨ 1950, ਪੰਨਾ 37; ਭਾਈ ਰਣਧੀਰ ਸਿੰਘ ਇਸ ਪਟੇ ਦੀ ਭਾਲ ਸੰਬੰਧੀ ਵਰਨਣ ਕਰਦੇ ਹੋਏ ਦੱਸਦੇ ਹਨ ਕਿ ਸੰਤ ਭਾਈ ਅਰਜਨ ਸਿੰਘ ਜੀ ਨੂੰ ਇਕ ਪੁਰਾਣਾ ਮੁਸਲਮਾਨ ਪਟਵਾਰੀ ਲੱਭਾ ਜਿਸ ਦੇ ਪਰਿਵਾਰ ਵਿਚੋਂ ਪੀੜ੍ਹੀਆਂ ਤੋਂ ਪਟਵਾਰੀ ਚਲੇ ਆਉਂਦੇ ਸਨ। ਭਾਲ ਕਰਨ 'ਤੇ 1927-28 ਵਿਚ ਇਸ ਦੇ ਘਰੋਂ ਪੁਰਾਣੇ ਕਾਗਜ਼ਾਂ ਵਿਚੋਂ ਚਾਰ ਪਟੇ ਮਿਲੇ ਜਿਹੜੇ ਕਿ ਟੀਨ ਦੇ ਪੋਲਰੇ ਵਿਚ ਪਾਏ ਹੋਣ ਕਰਕੇ ਖਰਾਬ ਹੋਣੋਂ ਬੱਚ ਗਏ ਸਨ। ਇਹ ਚਾਰ ਪਟੇ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਇਹਨਾਂ ਗੁਰਧਾਮਾਂ ਦੀ ਜਾਣਕਾਰੀ ਪ੍ਰਦਾਨ ਕਰਦੇ ਸਨ – *ਗੁਰਦੁਆਰਾ ਸਾਹਿਬ ਨੰਦਪੁਰ ਕਲੌੜ, ਗੁਰਦੁਆਰਾ ਨਥਾਣਾ ਸਾਹਿਬ, ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰਦੁਆਰਾ ਮੁਕਤਸਰ ਸਾਹਿਬ।* 1930 ਵਿਚ ਭਾਈ ਆਤਮਾ ਸਿੰਘ ਦੁਆਰਾ ਬਣਾਏ ਗਏ ਨਕਸ਼ੇ ਅਨੁਸਾਰ ਗੁਰਦੁਆਰਾ ਸਾਹਿਬ ਦੀ ਇਮਾਰਤ ਅਰੰਭ ਹੋ ਗਈ ਸੀ। ਸੰਤ ਭਾਈ ਅਰਜਨ ਸਿੰਘ ਅਤੇ ਬੁੱਢਾ ਦਲ ਦੇ ਪੁਰਾਣੇ ਜਥੇਦਾਰ ਭਾਈ ਰਾਮ ਸਿੰਘ ਦਾ ਇਸ ਗੁਰਦੁਆਰਾ ਸਾਹਿਬ ਦੀ ਉਸਾਰੀ ਵਿਚ ਵਿਸ਼ੇਸ਼ ਯੋਗਦਾਨ ਹੈ। ਪੁਰਾਣੇ ਬੋਹੜ ਦੇ ਸਹਾਮਣੇ ਜਿਹੜੀ ਛਪੜੀ ਸੀ ਉਸ ਨੂੰ ਅਕਾਲੀਆਂ ਦੀ ਛਪੜੀ ਕਿਹਾ ਜਾਂਦਾ ਸੀ ਉਸ ਨੂੰ ਸਰੋਵਰ ਦੇ ਰੂਪ ਵਿਚ ਤਬਦੀਲ ਕਰ ਦਿੱਤਾ ਗਿਆ। *ਰੰਗਲੇ ਸੱਜਣ,* ਪੰਨੇ 97-101.

ਬਸੰਤ ਪੰਚਮੀ ਨੂੰ ਅਸਨਾਨ ਕਰੇਗਾ ਉਸ ਨੂੰ ਸੂਭ ਤੀਰਥਾਂ
ਕਾ ਫਲ ਪਰਾਪਤ ਹੋਵੈਗਾ ਸੰਗਤ ਬੇਨਤੀ ਕਰਤ ਭਈ ਜੀ
ਇੱਥੇ ਅਬਾਦੀ ਹੁੰਦੀ ਨਹੀਂ ਅਬਾਦੀ ਹੋਵੇ ਜੀ ਹੁਕਮ ਹੋਇਆ
ਇੱਥੇ ਰੌਣਕ ਬਹੁਤ ਹੋਵੇਗੀ ਇੱਥੇ ਗੁਰਸਿਖ ਹੋਸੀ
ਰਾਜਧਾਨ ਸੇਵਾ ਕਰਸੀ ਗੁਰਧਾਮ ਉਗਾ ਹੋਸੀ ਸਭ ਜਾਹਾਨ
ਜੋ ਕੋਈ ਸੇਵ ਕਮਾਵੇ ਮਨ ਬਾਂਛਤ ਫਲ ਪਾਵੈ ਕਰਮਾ ਦੇਵੀ
ਖਤਰਾਣੀ ਚਰਨੀ ਡਿਗੀ ਜੀ ਅਠਰਾਹੇ ਨਾਲ ਬਾਲ ਸਾਂਤ ਹੋ
ਜਾਂਦੇ ਹੈ ਜੀ ਹੁਕਮ ਹੋਇਆ ਇੱਥੇ ਅਸਨਾਨ ਕਰ ਸੋ ਦੂਰ ਹੋਸੀ
ਕੋਈ ਰੋਗ ਨਾ ਰੈਹਸੀ ਇੱਥੇ ਦਿਨ ਖੋੜਸ ਮਾਘ ਸੁਕਲ ਪੰਚਮੀ
ਸਤਾਰਾਂ ਸੈ ਅਠਾਈਸ ਸਭ ਸੰਗਤ ਕੋ ਖੁਸੀ ਕਰਤ ਭਏ
ਜੋ ਹੁਕਮਨਾਮੇ ਕੇ ਦਰਸਨ ਪਾਵੇਗਾ ਸੋ ਮੇਰਾ ਦਰਸਨ ਪਾਵੇਗਾ
ਗੁਰਧਾਮ ਕੋ ਜਾਵੇਗਾ ਸਭ ਸੁਖ ਪਾਵੇਗਾ ਜਮ ਧਾਮ ਨਾ ਜਾਵੇਗਾ। ਸਮਪਤੰ।

ਡਾ. ਗੁਰਬਚਨ ਸਿੰਘ ਨੇ ਅੰਗਰੇਜ਼ੀ ਵਿਚ ਇਸ ਗੁਰਧਾਮ ਦੇ ਇਤਿਹਾਸ ਸੰਬੰਧੀ ਇਕ ਕਿਤਾਬਚਾ ਤਿਆਰ ਕੀਤਾ ਹੈ ਜਿਸ ਵਿਚ ਪਟਿਆਲਾ ਰਿਆਸਤ ਸਮੇਂ ਇਸ ਦੇ ਵਿਕਾਸ ਦਾ ਜ਼ਿਕਰ ਕਰਦੇ ਹੋਏ ਕਿਹਾ ਗਿਆ ਹੈ:

During his reign, Maharaja Amar Singh 1765-1782 laid out a very beautiful garden near the site of Gurdwara Dukh Niwaran Sahib to cherish the memory of the great Guru, it later on came in the custody of the Nihangs. Tradition holds that Maharaja Karam Singh 1813-45, who was baptised here by the Buddha Dal, granted a piece of 40 bighas revenue free grant to this historic place. Albeit, the Nihangs under the chiefship of one Baba Natha Singh left the place after some time as there arose a quarrel with the Zamindars of village Lehal.[1]

ਇਸ ਗੁਰਦੁਆਰਾ ਸਾਹਿਬ ਦੇ ਪਿਛੋਕੜ ਸੰਬੰਧੀ ਜਾਣਕਾਰੀ ਦਿੰਦੇ ਹੋਏ ਸ਼ਮਸ਼ੇਰ ਸਿੰਘ ਅਸ਼ੋਕ ਦੱਸਦੇ ਹਨ ਕਿ ਗੁਰਦੁਆਰੇ ਦੇ ਉਸ ਸਥਾਨ 'ਤੇ ਕੁੱਝ ਜ਼ਮੀਨ ਜੋ ਨਿਹੰਗ ਸਿੰਘ ਛੱਡ ਗਏ ਸਨ, ਪਹਿਲਾਂ ਤਾਂ ਪਿੰਡ ਲਹਿਲ ਦੇ ਲੋਕੀ ਉਸ ਪਰ ਕਬਜ਼ਾ ਕਰਨ ਲੱਗੇ ਪਰ ਨੰਬਰਦਾਰ ਕਿਸ਼ਨ ਸਿੰਘ ਤੇ ਬਿਸ਼ਨ ਸਿੰਘ ਦੇ ਕਹਿਣ 'ਤੇ ਇਸ ਸਥਾਨ 'ਤੇ ਕੁੱਝ ਜ਼ਮੀਨ ਇਸ ਗੁਰ-ਸਥਾਨ ਦੇ ਕਬਜ਼ੇ ਵਿਚ ਹੀ ਰਹੀ। ਫੇਰ ਸੰਮਤ 1922 (1865) ਵਿਚ ਚੌਧਰੀ ਕਾਕੂ ਸਿੰਘ ਦੇ ਕਹਿਣ 'ਤੇ ਨਿਹੰਗਾਂ ਵਾਲੇ ਸਥਾਨ ਉੱਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦਗਾਰ ਵਜੋਂ *ਗੁਰਦੁਆਰਾ ਦੁਖ ਨਿਵਾਰਣ* ਬਣਾਉਣ ਦੀ ਤਜਵੀਜ਼ ਹੋਈ ਜੋ ਪਿੱਛੋਂ ਉਸ ਦੇ ਦਾਮਾਦ ਸਰਦਾਰ ਗੁਰਦਿੱਤ ਸਿੰਘ ਦੇ ਜ਼ੋਰ ਪਾਉਣ 'ਤੇ ਛੇਤੀ ਹੀ ਸਿਰੇ ਚੜ੍ਹ ਗਈ। ਸੰਨ 1930 ਈ. ਵਿਚ ਸਰਦਾਰ ਗੁਰਦਿੱਤ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਸਰਦਾਰ ਆਤਮਾ ਸਿੰਘ, ਬਚਿੱਤਰ ਸਿੰਘ ਆਦਿ ਵੱਲੋਂ ਵਰਤਮਾਨ *ਗੁਰਦੁਆਰਾ ਸਾਹਿਬ ਦੁਖ ਨਿਵਾਰਨ* ਦੀ ਨੀਂਹ ਰੱਖੀ ਗਈ ਤੇ ਨੀਂਹਾਂ ਭਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ।

1. Gurbachan Singh, *Around Gurdwara Sri Dukh Niwaran Sahib Patiala,* p. 5.

ਸੰਤ ਜੁਆਲਾ ਸਿੰਘ, ਸਰਦਾਰ ਹਰਿਚੰਦ ਸਿੰਘ ਜੇਜੀ, ਮਹਾਰਾਣੀ ਸਾਹਿਬਾ ਰਾੜੇਵਾਲਾ ਨੇ ਇਸ ਗੁਰਦੁਆਰੇ ਦੀ ਉਸਾਰੀ ਲਈ ਭਰਪੂਰ ਸਹਾਇਤਾ ਦਿੱਤੀ। ਇਸ ਤਰ੍ਹਾਂ ਲਗਾਤਾਰ ਯਤਨ ਹੋਣ 'ਤੇ ਸੰਨ 1930 ਤੋਂ 1933 ਤੱਕ ਲਗ-ਪਗ ਤਿੰਨ ਸਾਲਾਂ ਵਿਚ ਇਸ ਗੁਰਦੁਆਰੇ ਦੀਆਂ ਦੋ ਮੰਜਲਾਂ ਤਿਆਰ ਹੋ ਗਈਆਂ।[1] ਸ. ਕਾਕੂ ਸਿੰਘ ਲਹਿਲ ਪਿੰਡ ਦੇ ਜੈਲਦਾਰ ਦੱਸੇ ਜਾਂਦੇ ਹਨ। ਇਹਨਾਂ ਸਮੇਤ ਜਿਹੜੇ ਗੁਰਸਿੱਖਾਂ ਨੇ *ਗੁਰਦੁਆਰਾ ਦੁਖ ਨਿਵਾਰਨ ਸਾਹਿਬ* ਦੀ ਇਮਾਰਤ ਦੀ ਉਸਾਰੀ ਲਈ ਜ਼ਮੀਨ ਦਾਨ ਦਿੱਤੀ ਸੀ, ਉਹਨਾਂ ਦਾ ਵੇਰਵਾ ਕੜ੍ਹਾਹ ਪ੍ਰਸ਼ਾਦ ਵਰਤਾਉਣ ਵਾਲੇ ਸਥਾਨ ਦੇ ਨਾਲ ਲੱਗੇ ਸੰਗਮਰਮਰ ਦੇ ਇਕ ਪੱਥਰ ਤੋਂ ਮਿਲਦਾ ਹੈ ਜਿਸ 'ਤੇ ਲਿਖਿਆ ਹੈ ਕਿ 'ਨਿਸਕਾਮ ਸੇਵਕ ਜੈਲਦਾਰ ਕਾਕੂ ਸਿੰਘ ਅਤੇ ਸ. ਗੁਰਦਿੱਤ ਸਿੰਘ ਡੀ.ਐਫ.ਓ. ਨੇ ਇਸ ਪਵਿੱਤਰ ਅਸਥਾਨ ਤੇ ਗੁਰਦੁਆਰਾ ਬਣਾਉਣ ਦੀ ਤਜਵੀਜ ਬਣਾਈ ਅਤੇ ਜਮੀਨ ਅਰਦਾਸ ਕੀਤੀ। ਲਹਿਲ ਨਿਵਾਸੀ ਜਿਨ੍ਹਾਂ ਨੇ ਗੁ: ਸਾਹਿਬ ਨੂੰ ਜਮੀਨ ਦਾਨ ਕੀਤੀ ਸ: ਗੁਰਦਿੱਤ ਸਿੰਘ ਡੀ.ਐਫ.ਓ. ਅਤੇ ਉਹਨਾਂ ਦੇ ਸਪੁੱਤਰਾਂ ਸ. ਇੰਦਰਜੀਤ ਸਿੰਘ ਸ. ਉਜਾਗਰ ਸਿੰਘ ਅਤੇ ਕਰਨਲ ਬਲਦੇਵ ਸਿੰਘ ਚਹਿਲ ਨੇ 17 ਵਿਘੇ 3 ਵਿਸਵੇ, ਸ. ਤਾਰਾ ਸਿੰਘ ਨੰਬਰਦਾਰ 31 ਵਿਘੇ 3 ਵਿਸਵੇ, ਸ. ਗੁਰਚਰਨ ਸਿੰਘ ਨੰਬਰਦਾਰ 1 ਵਿਘਾ 1 ਵਿਸਵਾ, ਸ. ਸੇਵਕਅੰਗ ਸਿੰਘ 1 ਵਿਘਾ 1 ਵਿਸਵਾ। ਇਸ ਜਮੀਨ ਵਿੱਚ ਗੁ. ਸਾਹਿਬ ਦੀ ਇਮਾਰਤ ਸਸ਼ੋਭਿਤ ਹੈ।

1930-33 ਦੌਰਾਨ *ਗੁਰਦੁਆਰਾ ਦੁਖ ਨਿਵਾਰਣ ਸਾਹਿਬ* ਦੀ ਉਸਾਰੀ ਹੋਈ ਇਮਾਰਤ ਦੀ ਥਾਂ 'ਤੇ ਬਾਬਾ ਅਮਰੀਕ ਸਿੰਘ ਨੇ 5 ਮਾਰਚ 1999 ਨੂੰ ਨਵੀਂ ਇਮਾਰਤ ਦੀ ਕਾਰ ਸੇਵਾ ਅਰੰਭ ਕਰਵਾਈ। ਮੌਜੂਦਾ ਸਮੇਂ ਵਿਚ *ਗੁਰਦੁਆਰਾ ਦੁਖ ਨਿਵਾਰਣ ਸਾਹਿਬ* ਪਟਿਆਲਾ ਦਾ ਪ੍ਰਮੁੱਖ ਗੁਰਧਾਮ ਹੈ ਜਿੱਥੇ ਹਰ ਸਮੇਂ ਵੱਡੀ ਗਿਣਤੀ ਵਿਚ ਸੰਗਤ ਹਾਜ਼ਰੀ ਭਰਦੀ ਹੈ। ਯਾਤਰੂਆਂ ਦੀ ਸਹੂਲਤ ਲਈ ਦੀਵਾਨ ਹਾਲ, ਮਾਤਾ ਗੁਜਰੀ ਨਿਵਾਸ, ਸ੍ਰੀ ਗੁਰੂ ਤੇਗ ਬਹਾਦਰ ਨਿਵਾਸ, ਲੰਗਰ, ਲਾਇਬ੍ਰੇਰੀ, ਡਿਸਪੈਂਸਰੀ, ਅਜਾਇਬ ਘਰ, ਜ਼ਮੀਨ-ਦੋਜ ਕਾਰ ਪਾਰਕਿੰਗ, ਮੁਲਾਜ਼ਮਾਂ ਲਈ ਲਗ-ਪਗ 100 ਕਵਾਟਰ ਆਦਿ ਮੌਜੂਦ ਹਨ। ਅਕਾਲੀ ਕੌਰ ਸਿੰਘ ਦੇ ਨਾਂ 'ਤੇ ਸਥਾਪਿਤ ਲਾਇਬ੍ਰੇਰੀ ਵੀ ਸੰਗਤ ਦਾ ਧਿਆਨ ਆਪਣੇ ਵੱਲ ਖਿੱਚਦੀ ਹੈ। 1956 ਤੋਂ ਇਹ ਗੁਰਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

2. **ਗੁਰਦੁਆਰਾ ਮੋਤੀ ਬਾਗ਼, ਪਟਿਆਲਾ :** ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇਹ ਗੁਰਦੁਆਰਾ ਪਟਿਆਲਾ ਸ਼ਹਿਰ ਤੋਂ ਬਾਹਰ ਅਤੇ ਬੱਸ ਸਟੈਂਡ ਤੋਂ ਲਗ-ਪਗ 5 ਕਿਲੋਮੀਟਰ ਦੀ ਦੂਰੀ 'ਤੇ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ ਦੇ ਨੇੜੇ ਸਥਿਤ ਹੈ। ਸੈਫ਼ਾਬਾਦ ਤੋਂ ਗੁਰੂ ਜੀ ਇਸ ਅਸਥਾਨ 'ਤੇ ਆਏ ਸਨ। ਪਟਿਆਲਾ ਰਿਆਸਤ ਵੱਲੋਂ ਇਸ ਦੀ ਸੇਵਾ-ਸੰਭਾਲ ਕਰਨ ਵਿਚ ਵਡਮੁੱਲੀ ਸਹਾਇਤਾ ਪ੍ਰਦਾਨ ਕੀਤੀ ਗਈ। ਇਹ ਗੁਰ ਅਸਥਾਨ ਮਹਾਰਾਜਾ ਕਰਮ ਸਿੰਘ (1798-1845) ਦੇ ਸਮੇਂ ਵਿਚ ਹੀ ਪ੍ਰਗਟ ਹੋ ਗਿਆ ਸੀ ਅਤੇ ਮਹਾਰਾਜਾ ਨਰਿੰਦਰ ਸਿੰਘ (1824-1862) ਨੇ ਇਸ ਦੀ ਉਸਾਰੀ ਕਰਵਾਈ ਸੀ। ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਇਹ ਗੁਰਦੁਆਰਾ 1909 ਬਿ. (ਸੰਨ 1852) ਵਿਚ ਮੇਰੇ ਸਾਹਮਣੇ ਬਣਿਆ ਹੈ ਪਰ ਬਣਨ ਦੀ ਅਚਰਜ ਕਥਾ ਹੈ। ਇਕ ਦਿਨ ਸੰ. 1898 ਬਿ. (ਸੰਨ 1841) ਨੂੰ ਮਹਰਾਜਾ ਕਰਮ ਸਿੰਘ ਨੇ ਏਥੇ ਬਾਂਸ ਉੱਤੇ ਗੜਵਾ ਰਖਵਾ ਕੇ ਫ਼ੌਜ ਨੂੰ ਹੁਕਮ ਦਿੱਤਾ ਕਿ ਨਿਸ਼ਾਨਾ ਮਾਰੋ, ਅਨੇਕ ਸਿੱਖਾਂ ਸਰਦਾਰਾਂ ਨੇ ਬੰਦੂਕਾਂ ਚਲਾਈਆਂ ਕਿਸੇ ਦੀ ਗੋਲੀ ਨਾ ਲੱਗੀ। ਏਥੋਂ ਪੁਟਵਾ ਕੇ ਦੂਜੀ ਜਗ੍ਹਾ ਬਾਂਸ ਗੱਡਿਆ ਤਾਂ ਅਨੇਕ ਗੜਵੇ ਉਡਾਏ ਗਏ। ਮਹਾਰਾਜੇ ਨੇ ਫੇਰ ਏਸ ਥਾਂ ਨਿਸ਼ਾਨਾ ਗਡਵਾਯਾ, ਬੰਦੂਕਾਂ ਚਲਵਾਈਆਂ ਫੇਰ ਭੀ ਕਿਸੇ ਦੀ ਗੋਲੀ ਨਾ ਲੱਗੀ, ਏਸੇ ਤਰ੍ਹਾਂ ਚਾਰ ਵਾਰੀ ਏਥੇ ਅਤੇ ਹੋਰ ਥਾਂ ਨਿਸ਼ਾਨਾ

1. ਸ਼ਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਗੁਰਦੁਆਰੇ,* ਪੰਨਾ 20.

ਰਖਵਾਇਆ, ਏਥੇ ਚਾਰੇ ਵਾਰੀ ਕਿਸੇ ਦੀ ਗੋਲੀ ਨਾ ਲੱਗੀ, ਮਹਾਰਾਜੇ ਨੇ ਏਸ ਜਗ੍ਹਾ ਨੂੰ ਬਰਕਤ ਵਾਲੀ ਸਮਝ ਕੇ ਚੌਤਰਾ ਬਣਵਾ ਦਿੱਤਾ। ਓਦੋਂ ਏਥੇ ਰਾਣੀ ਹੁਕਮਾ ਦਾ ਵੈਰਾਨ ਜਿਹਾ ਬਾਗ ਸੀ। ਕਈ ਪ੍ਰਾਚੀਨ ਸਿੱਖਾਂ ਨੇ ਅਰ ਇਕ ਅੱਸੀ ਬਰਸ ਦੇ ਮੀਏਂ ਨੇ ਗਵਾਹੀ ਦਿੱਤੀ ਕਿ ਏਥੇ ਗੁਰੂ ਤੇਗ ਬਹਾਦਰ ਜੀ ਸੈਫ਼ਾਬਾਦ ਤੋਂ ਸਮਾਣੇ ਨੂੰ ਜਾਂਦੇ ਹੋਏ ਰਹਿ ਕੇ ਗਏ ਹਨ। ਏਸ ਕਰਕੇ ਫੇਰ ਏਥੇ ਮਹਾਰਾਜੇ ਨਰਿੰਦਰ ਸਿੰਘ ਨੇ ਗੱਦੀ 'ਤੇ ਬੈਠ ਕੇ ਅਬਚਲ ਨਗਰ ਤੇ ਅਨੰਦਪੁਰ ਆਦਿਕ ਸਭਨਾਂ ਗੁਰਦੁਆਰਿਆਂ ਤੋਂ ਮੋਹਰਾਂ ਲਗਵਾ ਕੇ ਆਗਯਾ ਲੈ ਕੇ ਏਥੇ ਗੁਰਦੁਆਰਾ ਬਣਵਾ ਕੇ ਲੰਗਰ ਲਾ ਦਿੱਤਾ ਜੋ ਹੁਣ ਹੈ।[1] ਮੌਜੂਦਾ ਸਮੇਂ ਵਿਚ ਸਥਿਤ ਇਸ ਗੁਰਧਾਮ ਦੀ ਕਾਰ ਸੇਵਾ 1985 ਵਿਚ ਬਾਬਾ ਜਗਤਾਰ ਸਿੰਘ ਨੇ ਕਰਵਾਈ ਸੀ। 1956 ਵਿਚ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆ ਗਿਆ ਸੀ। ਇਸ ਦੀ ਕੁੱਝ ਜ਼ਮੀਨ ਅਤੇ ਪੁਰਾਤਨ ਨਿਸ਼ਾਨੀ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ ਦੇ ਕਬਜ਼ੇ ਵਿਚ ਸੀ ਜਿਹੜੀ ਕਿ 19.03.2008 ਨੂੰ ਕਮੇਟੀ ਦੇ ਪ੍ਰਬੰਧ ਅਧੀਨ ਆ ਗਈ। ਗੁਰਦੁਆਰਾ ਸਾਹਿਬ ਕੋਲ 138 ਵਿੱਘੇ ਜ਼ਮੀਨ ਹੈ।

ਪਿਲਖਣੀ : ਰਾਜਪੁਰਾ-ਸਰਹਿੰਦ ਸੜਕ 'ਤੇ ਰਾਜਪੁਰੇ ਤੋਂ ਲਗ-ਪਗ 3 ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ ਜਿੱਥੇ ਇਹਨਾਂ ਦੀ ਯਾਦ ਵਿਚ *ਗੁਰਦੁਆਰਾ ਰਜੋ ਪੁਜੋ ਫਲੋ ਫੁਲੋਹ ਸਾਹਿਬ* ਸਸ਼ੋਭਿਤ ਹੈ। ਬੋਹੜ ਵਰਗਾ ਪਿਲਕਣ ਦਾ ਇਕ ਰੁੱਖ ਹੁੰਦਾ ਹੈ ਜਿਸ ਦੀ ਛਾਂ ਸੰਘਣੀ ਪਰ ਲੱਕੜ ਕੱਚੀ ਹੁੰਦੀ ਹੈ।ਕਿਹਾ ਜਾਂਦਾ ਹੈ ਕਿ ਇਸ ਪਿੰਡ ਵਿਚ ਪਿਲਕਣ ਦੇ ਬਹੁਤ ਸਾਰੇ ਰੁੱਖ ਹੁੰਦੇ ਸਨ ਜਿਸ ਤੋਂ ਇਸ ਦਾ ਨਾਂ ਪਿਲਕਣੀ ਖੇੜ੍ਹੀ ਪੈ ਗਿਆ ਸੀ ਪਰ ਮੌਜੂਦਾ ਸਮੇਂ ਵਿਚ ਇਹ ਪਿੰਡ ਪਿਲਖਣੀ ਵਜੋਂ ਪ੍ਰਸਿੱਧ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਭਾਵੇਂ ਇਹ ਮੁਸਲਮਾਨਾਂ ਦਾ ਪਿੰਡ ਸੀ ਪਰ ਇੱਥੇ ਉਦਾਸੀਆਂ ਦਾ ਡੇਰਾ ਵੀ ਮੌਜੂਦ ਸੀ ਜਿਸ ਤੋਂ ਇੱਥੇ ਹੋਰਨਾਂ ਧਰਮਾਂ ਦੇ ਲੋਕਾਂ ਦੀ ਵੱਸੋਂ ਦਾ ਵੀ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਸੰਮਤ 1728 (ਸੰਨ 1671) ਵਿਚ ਗੁਰੂ ਜੀ ਇਸ ਪਿੰਡ ਵਿਖੇ ਆਏ ਸਨ। ਪਿਲਖਣੀ ਤੋਂ 6 ਕਿਲੋਮੀਟਰ ਦੂਰ ਗੁਰੂ ਜੀ ਦਾ ਉਗਾਣੀ ਪਿੰਡ ਵਿਖੇ ਡੇਰਾ ਸੀ ਜਿਥੋਂ ਭਾਈ ਧਰਮੇ ਦੀ ਬੇਨਤੀ 'ਤੇ ਉਹਨਾਂ ਨੇ ਇਸ ਪਿੰਡ ਵਿਖੇ ਚਰਨ ਪਾਏ ਸਨ। ਪਿੰਡ ਦੇ ਲੋਕਾਂ ਦੀ ਸੇਵਾ ਤੋਂ ਖ਼ੁਸ਼ ਹੋ ਕੇ ਗੁਰੂ ਜੀ ਨੇ ਉਹਨਾਂ ਨੂੰ 'ਰਜੋ ਪੁਜੋ ਫਲੋ ਫੁਲੋਹ' ਦਾ ਅਸ਼ੀਰਵਾਦ ਦਿੱਤਾ ਜਿਸ ਤੋਂ ਇਸ ਗੁਰਧਾਮ ਦਾ ਇਹੀ ਨਾਂ ਪੈ ਗਿਆ। 1947 ਤੋਂ ਪਹਿਲਾਂ ਇੱਥੇ ਇਕ ਕੱਚਾ ਕਮਰਾ ਸੀ। ਵੰਡ ਉਪਰੰਤ ਬਹੁਤ ਸਾਰੇ ਸਿੱਖ ਇਸ ਪਿੰਡ ਵਿਖੇ ਆ ਵੱਸੇ ਸਨ ਜਿਨ੍ਹਾਂ ਨੇ ਇਸ ਨੂੰ ਪੱਕਾ ਕਰਨ ਦੀ ਸੇਵਾ ਕੀਤੀ ਸੀ। ਮੌਜੂਦਾ ਗੁਰਧਾਮ ਦੀ ਉਸਾਰੀ ਬਾਬਾ ਅਮਰੀਕ ਸਿੰਘ ਨੇ 1990 ਵਿਚ ਅਰੰਭ ਕੀਤੀ ਸੀ ਅਤੇ ਲਗ-ਪਗ 2000 ਵਿਚ ਇਮਾਰਤ ਸੰਪੂਰਨ ਹੋਣ 'ਤੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਸੀ। ਲਗ-ਪਗ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ (ਉਸਾਰੀ ਅਧੀਨ), ਬੇਸਮੈਂਟ ਪਾਰਕਿੰਗ, ਆਦਿ ਬਣੇ ਹੋਏ ਹਨ। ਪਿੰਡ ਦੀ 13 ਮੈਂਬਰੀ ਕਮੇਟੀ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰਦੀ ਹੈ।

ਫੱਗਣ ਮਾਜਰਾ : ਪਟਿਆਲਾ-ਸਰਹਿੰਦ ਸੜਕ 'ਤੇ ਪਟਿਆਲਾ ਤੋਂ 12 ਕਿਲੋਮੀਟਰ ਦੀ ਦੂਰੀ 'ਤੇ ਇਸ ਪਿੰਡ ਵਿਚ ਮੁੱਖ ਸੜਕ 'ਤੇ *ਗੁਰਦੁਆਰਾ ਸ੍ਰੀ ਤੋਖਾ ਸਾਹਿਬ ਪਾਤਸ਼ਾਹੀ ਨੌਵੀਂ* ਸਥਿਤ ਹੈ। ਰੀਠ ਖੇੜੀ, ਫੱਗਣ ਮਾਜਰਾ ਅਤੇ ਕਮਿਆਣਾ ਤਿੰਨ ਪਿੰਡਾਂ ਦੀ ਸਾਂਝੀ ਜ਼ਮੀਨ 'ਤੇ ਇਹ ਗੁਰਧਾਮ ਸਥਿਤ ਹੈ। ਪੰਡਿਤ ਰੌਣਕੀ ਰਾਮ ਅਤੇ ਸਾਈ ਬਾਬਾ ਮਸਤ ਵਾਰੇ ਸ਼ਾਹ ਦਾ ਵੀ ਇਸ ਗੁਰਧਾਮ ਦੀ ਉਸਾਰੀ ਵਿਚ ਯੋਗਦਾਨ ਦੱਸਿਆ ਜਾਂਦਾ ਹੈ। ਇਸ ਗੁਰਧਾਮ ਦੀ ਮੌਜੂਦਾ ਇਮਾਰਤ ਲਗ-ਪਗ 60 ਸਾਲ ਪਹਿਲਾਂ ਉਸਾਰੀ ਗਈ ਸੀ ਅਤੇ ਸਥਾਨਿਕ ਕਮੇਟੀ ਇਸ ਦਾ ਪ੍ਰਬੰਧ ਕਰਦੀ ਹੈ।

---

1. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ*, ਭਾਗ ਪਹਿਲਾ, ਫੁੱਟ-ਨੋਟ, ਪੰਨੇ 725-26.

ਬਹਾਦਰਗੜ੍ਹ : ਇਹ ਕਸਬਾ ਪਟਿਆਲਾ-ਰਾਜਪੁਰਾ ਸੜਕ 'ਤੇ ਪਟਿਆਲਾ ਬੱਸ ਸਟੈਂਡ ਤੋਂ ਲਗ-ਪਗ 8 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ ਦੋ ਗੁਰਧਾਮ ਸਥਿਤ ਹਨ - ਇਕ ਕਿਲ੍ਹੇ ਦੇ ਅੰਦਰ ਅਤੇ ਦੂਜਾ ਮੁੱਖ ਗੇਟ ਦੇ ਸਾਹਮਣੇ ਚਾਰ-ਮਾਰਗੀ ਸੜਕ ਦੇ ਦੂਜੇ ਪਾਸੇ ਸੁਸ਼ੋਭਿਤ ਹੈ।

1. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ :** ਇਹ ਗੁਰਦੁਆਰਾ ਬਹਾਦਰਗੜ੍ਹ ਕਿਲ੍ਹੇ ਦੇ ਸਾਹਮਣੇ ਸੁਸ਼ੋਭਿਤ ਹੈ। ਗੁਰੂ ਜੀ ਦੇ ਸਮੇਂ ਇੱਥੇ ਇਕ ਬਾਗ਼ ਸੀ ਜਿੱਥੇ ਉਹਨਾਂ ਲਗ-ਪਗ ਚਾਰ ਮਹੀਨੇ ਨਿਵਾਸ ਕੀਤਾ। ਨਵਾਬ ਸੈਫ਼ਦੀਨ ਪਹਿਲਾਂ ਤੋਂ ਹੀ ਗੁਰੂ ਸਾਹਿਬ ਦਾ ਸ਼ਰਧਾਲੂ ਸੀ, ਉਸ ਨੇ ਕਿਲ੍ਹੇ ਦੇ ਅੰਦਰ ਗੁਰੂ ਜੀ ਲਈ ਇਕ ਨਿਵਾਸ ਤਿਆਰ ਕਰਵਾਇਆ ਸੀ ਅਤੇ ਇਹ ਗੁਰੂ ਜੀ ਨੂੰ ਸਤਿਕਾਰ ਨਾਲ ਉੱਥੇ ਲੈ ਗਿਆ ਸੀ। ਗੁਰੂ ਜੀ ਵਧੇਰੇ ਸਮਾਂ ਬਾਗ਼ ਵਿਚ ਹੀ ਰਹਿੰਦੇ ਸਨ ਅਤੇ ਇੱਥੇ ਹੀ ਸਿੱਖ ਸੰਗਤ ਉਹਨਾਂ ਦੇ ਦਰਸ਼ਨ ਕਰਨ ਲਈ ਆਉਂਦੀ ਸੀ। ਗੁਰੂ ਜੀ ਦੀ ਚਰਨ-ਛੋਹ ਪ੍ਰਾਪਤ ਇਸ ਨਿਵਾਸ ਅਸਥਾਨ 'ਤੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। 1774 ਵਿਚ ਪਟਿਆਲੇ ਦੇ ਮਹਾਰਾਜਾ ਅਮਰ ਸਿੰਘ ਨੇ ਸੈਫ਼ਾਬਾਦ (ਬਹਾਦਰਗੜ੍ਹ) ਦੇ ਕਿਲ੍ਹੇ 'ਤੇ ਕਬਜ਼ਾ ਕੀਤਾ ਤਾਂ ਇਹ ਅਸਥਾਨ ਆਪਣੇ ਆਪ ਇਸ ਰਿਆਸਤ ਦੇ ਅਧੀਨ ਆ ਗਿਆ। ਮਹਾਰਾਜਾ ਕਰਮ ਸਿੰਘ (1798-1845) ਨੇ 1837 ਵਿਚ ਸੈਫ਼ਾਬਾਦ ਦੇ ਕਿਲ੍ਹੇ ਦੀ ਪੁਨਰ-ਉਸਾਰੀ ਅਰੰਭ ਕਰਵਾਈ ਜਿਹੜੀ ਕਿ ਲਗ-ਪਗ ਅੱਠ ਸਾਲ ਵਿਚ ਦਸ ਲੱਖ ਰੁਪਏ ਦੀ ਲਾਗਤ ਨਾਲ ਸੰਪੂਰਨ ਹੋਈ ਅਤੇ ਇਸ ਦਾ ਨਾਂ ਬਹਾਦਰਗੜ੍ਹ ਰੱਖਿਆ ਗਿਆ। ਇਸੇ ਸਮੇਂ ਦੌਰਾਨ ਹੀ ਮਹਾਰਾਜੇ ਨੇ ਗੁਰੂ ਜੀ ਦੇ ਚਰਨ ਛੋਹ ਪ੍ਰਾਪਤ ਅਸਥਾਨ ਦੀ ਸੇਵਾ ਕਰਵਾਈ।[1] 1983 ਤੋਂ ਪਹਿਲਾਂ ਇਸ ਗੁਰਧਾਮ ਦਾ ਪ੍ਰਬੰਧ ਸਥਾਨਿਕ ਕਮੇਟੀ ਕੋਲ ਸੀ, ਇਸ ਤੋਂ ਬਾਅਦ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆ ਗਿਆ।

   ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਹਰਬੰਸ ਸਿੰਘ ਕਾਰ ਸੇਵਾ ਵਾਲਿਆਂ ਦੀ ਸੰਸਥਾ ਦੇ ਬਾਬਾ ਬਖ਼ਸ਼ੀਸ਼ ਸਿੰਘ ਅਤੇ ਬਾਬਾ ਗੁਰਮੇਲ ਸਿੰਘ ਫੁੱਲ ਨੇ 1985 ਵਿਚ ਅਰੰਭ ਕਰਵਾਈ ਜਿਹੜੀ ਕਿ 1990 ਵਿਚ ਸੰਪੂਰਨ ਹੋਈ। ਇਸ ਅਸਥਾਨ 'ਤੇ 16 ਹਾੜ੍ਹ ਨੂੰ ਗੁਰੂ ਤੇਗ ਬਹਾਦਰ ਜੀ ਦਾ ਚਰਨ-ਛੋਹ ਦਿਵਸ ਅਤੇ ਬੈਸਾਖੀ ਪ੍ਰਮੁੱਖਤਾ ਨਾਲ ਮਨਾਈ ਜਾਂਦੀ ਹੈ। ਗਿਆਨੀ ਅਵਤਾਰ ਸਿੰਘ ਜੀ ਇੱਥੇ ਮੁੱਖ ਗ੍ਰੰਥੀ ਦੀ ਸੇਵਾ ਨਿਭਾ ਰਹੇ ਹਨ। ਗੁਰਦੁਆਰਾ ਸਾਹਿਬ ਦੀ 14 ਏਕੜ ਚਾਰਦੀਵਾਰੀ ਵਿਚ ਦਰਬਾਰ ਹਾਲ, ਲੰਗਰ ਹਾਲ, ਸਰੋਵਰ, 12 ਸਟਾਫ਼ ਕਵਾਟਰ, ਸੰਗਤ ਦੇ ਨਿਵਾਸ ਲਈ 20 ਰਿਹਾਇਸ਼ੀ ਕਮਰੇ ਅਤੇ 8 ਹਾਲ, ਪਾਰਕਿੰਗ, ਡੇਰਾ ਕਾਰ ਸੇਵਾ, ਦੀਵਾਨ ਹਾਲ, ਯਾਦਗਾਰ ਬਾਬਾ ਦੂਧਾਧਾਰੀ ਜੀ, ਬੁੰਗਾ ਰਾਜਾ ਰਣਜੀਤ ਸਿੰਘ ਆਦਿ ਬਣੇ ਹੋਏ ਹਨ। 10 ਏਕੜ ਜ਼ਮੀਨ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਨੂੰ ਦਿੱਤੀ ਹੋਈ ਹੈ। ਇਸ ਤੋਂ ਇਲਾਵਾ 36 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ।

---

1. The foundation of the present Pakka fort was laid in 1837 by Maharaja Karam Singh, and it was completed in 8 years at a cost of Rs. 10,00,000. This strong fort is surrounded by two circular walls or ramparts, the outer wall being 110 feet apart from the inner one. The outer wall which is 29 feet high is surrounded by a Pakka ditch 25 feet deep and 58 feet wide. The circumference of the fort is 6,890 feet or 1 mile 536 yards and 2 feet. Maharaja Karam Singh gave the fort its present name in commemoration of the sacred memory of Guru Tegh Bahadur. The Maharaja also built a Gurdwara in front of the fort in memory of the great Guru which stands to the present day. A village has been given in Muafi to this Gurdwara for its maintenance. *Punjab States Gaazetteers, Phulkian States,* vol. xvii, p. 186.

2. ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਕਿਲ੍ਹਾ ਬਹਾਦਰਗੜ੍ਹ : ਇਹ ਨਵਾਬ ਸੈਫ਼ਦੀਨ ਦਾ ਕਿਲ੍ਹਾ ਸੀ। ਜਦੋਂ ਗੁਰੂ ਤੇਗ ਬਹਾਦਰ ਜੀ ਬਹਾਦਰਗੜ੍ਹ ਆਏ ਤਾਂ ਇਹ ਇੱਥੇ ਮੌਜੂਦ ਸੀ। ਭਾਰਤ ਦੇ ਬਾਦਸ਼ਾਹ ਔਰੰਗਜ਼ੇਬ ਦਾ ਨਿਕਟਵਰਤੀ ਇਹ ਨਵਾਬ ਧਾਰਮਿਕ ਵਿਚਾਰਾਂ ਦਾ ਮਾਲਕ ਸੀ ਜਿਸ ਕਰਕੇ ਇਸ ਨੂੰ ਪੀਰ ਸੈਫ਼ਦੀਨ ਵੀ ਕਿਹਾ ਜਾਂਦਾ ਹੈ। ਇਕ ਤੋਂ ਵਧੇਰੇ ਵਾਰੀ ਗੁਰੂ ਜੀ ਦੀ ਪੀਰ ਜੀ ਨਾਲ ਮੁਲਾਕਾਤ ਦਾ ਜ਼ਿਕਰ ਮਿਲਦਾ ਹੈ। ਕਿਲ੍ਹੇ ਦੇ ਬਾਹਰ ਇਕ ਬਾਗ਼ ਸੀ ਜਿੱਥੇ ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਤੇਗ ਬਹਾਦਰ ਜੀ ਨੇ ਨਿਵਾਸ ਕੀਤਾ ਸੀ। ਸਤਿਕਾਰ ਸਹਿਤ ਬੇਨਤੀ ਕਰਕੇ ਇਹ ਗੁਰੂ ਜੀ ਨੂੰ ਆਪਣੇ ਕਿਲ੍ਹੇ ਵਿਚ ਲੈ ਗਿਆ ਸੀ। ਜਿਸ ਅਸਥਾਨ 'ਤੇ ਗੁਰੂ ਜੀ ਨੇ ਨਿਵਾਸ ਕੀਤਾ ਉੱਥੇ ਇਹ ਗੁਰਧਾਮ ਸੁਸ਼ੋਭਿਤ ਹੈ। ਇੱਥੇ ਮੌਜੂਦ ਇਕ ਪੁਰਾਤਨ ਖੂਹ ਅਤੇ ਥੜ੍ਹਾ ਸਾਹਿਬ ਵੀ ਗੁਰੂ ਜੀ ਦੀ ਯਾਦ ਦਿਵਾਉਂਦੇ ਹਨ। ਕਾਰ-ਸੇਵਾ ਉਪਰੰਤ ਇੱਥੇ ਇਕ ਵਿਸ਼ਾਲ ਇਮਾਰਤ ਦੀ ਉਸਾਰੀ ਕੀਤੀ ਗਈ ਹੈ। ਕਿਲ੍ਹੇ ਦੇ ਅੰਦਰ ਪੰਜਾਬ ਪੁਲਿਸ ਦਾ ਇਕ ਟਰੇਨਿੰਗ ਸੈਂਟਰ ਚੱਲ ਰਿਹਾ ਹੈ ਜਿਸ ਕਰਕੇ ਕਿਲ੍ਹੇ ਵਿਖੇ ਇਸ ਅਸਥਾਨ ਦੇ ਦਰਸ਼ਨ ਕਰਨ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਬਕਾਇਦਾ ਰਜਿਸਟ੍ਰੇਸ਼ਨ ਕਰਾਉਣੀ ਪੈਂਦੀ ਹੈ। ਇਸ ਗੁਰਧਾਮ ਦੇ ਸਾਹਮਣੇ ਹੀ ਇਕ ਪੁਰਾਤਨ ਮਸਜਿਦ ਬਣੀ ਹੋਈ ਹੈ।

ਬਹਿਰ ਸਾਹਿਬ : ਇਹ ਨਗਰ ਪੰਜਾਬ ਦੇ ਪਟਿਆਲਾ ਜ਼ਿਲੇ ਵਿਚ ਪੰਜਾਬ-ਹਰਿਆਣਾ ਸਰਹੱਦ ਦੇ ਨੇੜੇ ਸਥਿਤ ਹੈ। ਬਹਿਰ ਜੱਖ ਦੇ ਬੁੱਤ ਹੇਠਾਂ ਲੱਗੇ ਹੋਏ ਪੱਥਰ 'ਤੇ ਇਸ ਦਾ ਸੰਬੰਧ ਮਹਾਂਭਾਰਤ ਨਾਲ ਜੋੜਦੇ ਹੋਏ ਲਿਖਿਆ ਹੋਇਆ ਹੈ, "ਮਹਾਂਭਾਰਤ ਏਵੰ ਪੌਰਾਣਿਕ ਸਾਹਿਤਯ ਮੇਂ ਕੁਰਕਸ਼ੇਤਰ ਕੀ ਸੀਮਾ ਕੇ ਚਾਰੋਂ ਕੋਨੋਂ ਮੇਂ ਚਾਰ ਯਕਸ਼ੋਂ ਕੀ ਉਪਸਥਿਤੀ ਬਤਾਈ ਗਈ ਹੈ। ਅਰੰਤੁਕ ਨਾਮਕ ਯਹ ਯਕਸ਼ ਕੁਰਕਸ਼ੇਤਰ ਕੀ ਉੱਤਰੀ-ਪੱਛਮੀ ਸੀਮਾ ਕਾ ਦਵਾਰਪਾਲ ਹੈ।" ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਇਸ ਨਗਰ ਵਿਖੇ ਆਏ ਸਨ ਅਤੇ ਇਸ ਨਗਰ ਵਿਖੇ ਉਹਨਾਂ ਦੀ ਯਾਦ ਵਿਚ ਇਕ ਗੁਰਧਾਮ ਸੁਸ਼ੋਭਿਤ ਹੈ। ਮੱਲੇ ਨਾਮਕ ਇਕ ਤਰਖਾਣ ਨੇ ਗੁਰੂ ਜੀ ਨੂੰ ਆਪਣੇ ਘਰ ਲਿਜਾ ਕੇ ਬਹੁਤ ਸੇਵਾ ਕੀਤੀ। ਗੁਰੂ ਜੀ ਨੇ ਉਸ ਨੂੰ ਇਲਾਕੇ ਦਾ ਪ੍ਰਚਾਰਕ ਨਿਯੁਕਤ ਕਰ ਦਿੱਤਾ ਸੀ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਗੁਰੂ ਜੀ ਨੇ ਆਮ ਲੋਕਾਂ ਨੂੰ ਤਮਾਕੂ ਛੱਡਣ ਦਾ ਉਪਦੇਸ਼ ਦਿੱਤਾ ਸੀ। *ਇਨਸਾਈਕਲੋਪੀਡੀਆ ਆਫ਼ ਸਿੱਖਿਜ਼ਮ* ਵਿਚ ਦੱਸਿਆ ਗਿਆ ਹੈ ਕਿ ਪਹਿਲਾਂ ਗੁਰੂ ਜੀ ਦੀ ਯਾਦ ਵਿਚ ਮਿੱਟੀ ਦੀ ਇਕ ਛੋਟੀ ਜਿਹੀ ਯਾਦਗਾਰ ਮੌਜੂਦ ਸੀ ਪਰ 1840 ਵਿਚ ਪਟਿਆਲੇ ਦੇ ਮਹਾਰਾਜਾ ਕਰਮ ਸਿੰਘ ਨੇ ਗੁਰਦੁਆਰਾ ਸਾਹਿਬ ਦੇ ਰੂਪ ਵਿਚ ਇਸ ਦੀ ਸੇਵਾ ਕਰਵਾਈ ਸੀ।[1]

ਮੌਜੂਦਾ ਸਮੇਂ ਵਿਚ ਇੱਥੇ ਇਕ ਆਲੀਸ਼ਾਨ ਗੁਰਧਾਮ ਸੁਸ਼ੋਭਿਤ ਹੈ ਜਿਸ ਵਿਚ ਸ਼ਰਧਾਲੂਆਂ ਵਾਸਤੇ ਸਰੋਵਰ, ਲੰਗਰ ਹਾਲ ਅਤੇ ਹੋਰ ਸਹੂਲਤਾਂ ਮੌਜੂਦ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਦੀ ਸੇਵਾ-ਸੰਭਾਲ ਕਰਦੀ ਹੈ।

ਬੁਧਮੋਰ : ਪਟਿਆਲਾ ਜ਼ਿਲੇ ਵਿਚ ਪਟਿਆਲਾ-ਪਿਹੋਵਾ ਸੜਕ 'ਤੇ ਦੇਵੀਗੜ੍ਹ ਤੋਂ ਲਗ-ਪਗ 11 ਕਿਲੋਮੀਟਰ ਦੀ ਦੂਰੀ 'ਤੇ ਸੱਜੇ ਹੱਥ ਇਹ ਪਿੰਡ ਮੌਜੂਦ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ* ਸੁਸ਼ੋਭਿਤ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਇਸ ਪਿੰਡ ਵਿਖੇ ਆਏ ਸਨ ਅਤੇ ਇਹਨਾਂ ਦੀ ਯਾਦ ਵਿਚ ਪਟਿਆਲੇ ਦੇ ਮਹਾਰਾਜਾ ਕਰਮ ਸਿੰਘ ਨੇ ਇਕ ਮੰਜੀ ਸਾਹਿਬ ਦੀ ਉਸਾਰੀ ਕਰਵਾਈ ਸੀ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਮਹਾਰਾਜਾ ਕਰਮ ਸਿੰਘ ਦਾ ਇਕ ਹਾਥੀ ਇੱਥੇ ਜ਼ਮੀਨ ਵਿਚ ਧੱਸ ਗਿਆ ਸੀ ਅਤੇ ਇਸ ਨੇ ਰਾਤ ਸਮੇਂ ਇੱਥੇ ਹੀ ਡੇਰਾ ਕੀਤਾ ਸੀ। ਇਸ ਨੇ ਸੁੱਖਣਾ ਸੁੱਖੀ ਕਿ ਜੇਕਰ ਮੇਰਾ ਹਾਥੀ ਬਾਹਰ ਨਿਕਲ ਆਵੇ ਤਾਂ ਗੁਰੂ ਜੀ ਦੀ ਯਾਦ ਵਿਚ ਇੱਥੇ ਗੁਰਧਾਮ ਦੀ ਉਸਾਰੀ ਕਰਾਵਾਂਗਾ। ਅਗਲੇ ਦਿਨ ਹਾਥੀ ਨੂੰ ਸਲਾਮਤ ਬਾਹਰ ਕੱਢ ਲਿਆ

1. Gurmukh Singh, Bahir Jachchh, in *The Encyclopaedia of Sikhism,* vol. I, ed. by Harbans Singh, p. 254.

ਗਿਆ ਤਾਂ ਮਹਾਰਾਜੇ ਨੇ ਇੱਥੇ ਇਕ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਅਤੇ ਇਸ ਦੇ ਨਾਂ 24 ਏਕੜ ਜ਼ਮੀਨ ਵੀ ਲਵਾ ਦਿੱਤੀ। ਇਸ ਤੋਂ ਇਲਾਵਾ ਚਾਰ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ ਅਤੇ ਇਕ ਪੁਰਾਤਨ ਖੂਹ ਮੌਜੂਦ ਹੈ। 5 ਫੱਗਣ ਨੂੰ ਗੁਰੂ ਜੀ ਦੀ ਯਾਦ ਵਿਚ ਸਮਾਗਮ ਕੀਤਾ ਜਾਂਦਾ ਹੈ। *ਗੁਰਦੁਆਰਾ ਲੰਗਰ ਸਾਹਿਬ ਸ੍ਰੀ ਹਜ਼ੂਰ ਸਾਹਿਬ ਨਾਂਦੇੜ* ਦੇ ਬਾਬਾ ਨਰਿੰਦਰ ਸਿੰਘ ਅਤੇ ਬਾਬਾ ਬਲਵਿੰਦਰ ਸਿੰਘ ਦੀ ਸਰਪ੍ਰਸਤੀ ਅਧੀਨ ਬਾਬਾ ਗੁਰਮੀਤ ਸਿੰਘ ਇਸ ਗੁਰਧਾਮ ਦਾ ਪ੍ਰਬੰਧ ਦੇਖਦੇ ਹਨ। ਪਿੰਡ ਦਾ ਸਰਪੰਚ ਸ. ਸੁਰਿੰਦਰ ਸਿੰਘ ਗਿੱਲ ਇਸ ਗੁਰਧਾਮ ਬਾਰੇ ਚੋਖੀ ਜਾਣਕਾਰੀ ਰੱਖਦਾ ਹੈ, ਇਸ ਦਾ ਪਰਿਵਾਰ ਪਾਕਿਸਤਾਨ ਤੋਂ ਆ ਕੇ ਇਸ ਪਿੰਡ ਵਿਚ ਵੱਸ ਗਿਆ ਸੀ।

ਬੀਬੀਪੁਰ ਖੁਰਦ : ਪਟਿਆਲਾ ਜ਼ਿਲੇ ਵਿਚ ਪਟਿਆਲਾ-ਪਿਹੋਵਾ ਸੜਕ 'ਤੇ ਦੇਵੀਗੜ੍ਹ ਤੋਂ ਲਗ-ਪਗ 10 ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਮੌਜੂਦ ਹੈ। ਦੇਵੀਗੜ੍ਹ ਤੋਂ ਅੱਗੇ *ਗੁਰਦੁਆਰਾ ਸਾਹਿਬ ਧੰਨਾ ਜੀ* ਕੋਲੋਂ ਖੱਬੇ ਹੱਥ ਸੜਕ ਮੁੜਦੀ ਹੈ ਜਿੱਥੋਂ ਲਗ-ਪਗ ਇਕ ਕਿਲੋਮੀਟਰ ਦੀ ਦੂਰੀ 'ਤੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਇਸ ਪਿੰਡ ਵਿਖੇ ਪੁੱਜੇ ਸਨ ਅਤੇ ਪਿੰਡ ਵਾਲਿਆਂ ਨੇ ਉਹਨਾਂ ਦੀ ਬਹੁਤ ਸੇਵਾ ਕੀਤੀ ਸੀ। ਦੋ ਏਕੜ ਜ਼ਮੀਨ 'ਤੇ ਗੁਰੂ ਜੀ ਦੀ ਯਾਦ ਵਿਚ ਸਸ਼ੋਭਿਤ ਇਸ ਗੁਰਧਾਮ ਦੀ ਮੌਜੂਦਾ ਇਮਾਰਤ 1985 ਈਸਵੀ ਵਿਚ ਬਣੀ ਦੱਸੀ ਜਾਂਦੀ ਹੈ ਜਿਸ ਦੀ ਕਾਰ ਸੇਵਾ ਬਾਬਾ ਦੀਵਾਨ ਸਿੰਘ ਅਤੇ ਬਾਬਾ ਖ਼ਜਾਨ ਸਿੰਘ ਅੰਮ੍ਰਿਤਸਰ ਵਾਲਿਆਂ ਨੇ ਕਰਵਾਈ ਸੀ। ਇਸ ਗੁਰਧਾਮ ਦੇ ਨਾਲ ਹੀ ਇਕ ਪੁਰਾਤਨ ਖੂਹ ਅਤੇ ਬੇਰੀ ਮੌਜੂਦ ਹੈ। 25 ਫੱਗਣ ਨੂੰ ਗੁਰੂ ਜੀ ਦੀ ਯਾਦ ਵਿਚ ਸਮਾਗਮ ਕੀਤਾ ਜਾਂਦਾ ਹੈ। ਪਿੰਡ ਦੀ ਸਥਾਨਿਕ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਬੌੜਾਂ ਕਲਾਂ : ਪਟਿਆਲਾ ਜ਼ਿਲੇ ਵਿਚ ਨਾਭਾ-ਭਵਾਨੀਗੜ੍ਹ ਸੜਕ 'ਤੇ ਨਾਭੇ ਤੋਂ 5 ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਸਥਿਤ ਹੈ ਜਿਸ ਨੂੰ ਰਾਮਗੜ੍ਹ ਬੌੜਾਂ ਵੀ ਕਿਹਾ ਜਾਂਦਾ ਹੈ। ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਬਾਉਲੀ ਸਾਹਿਬ ਪਾਤਸ਼ਾਹੀ ਨੌਵੀਂ* ਪ੍ਰਸਿੱਧ ਹੈ। ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ, "ਗੁਰੂ ਜੀ ਦੇ ਚਰਨ ਪਾਉਣ ਵਾਲੀ ਥਾਂ ਦਰਬਾਰ ਬਣਿਆ ਹੋਇਆ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਅਤੇ ਰਹਿਣ ਲਈ ਪੱਕੇ ਮਕਾਨ ਹਨ ਜਿਨ੍ਹਾਂ ਦੀ ਸੇਵਾ ਮਹਾਰਾਜਾ ਹੀਰਾ ਸਿੰਘ ਨਾਭਾਪਤਿ ਨੇ ਕਰਾਈ ਹੈ। ਪੁਜਾਰੀ ਸਿੰਘ ਹੈ। ਗੁਰਦੁਆਰੇ ਨਾਲ ਦੋ ਹਲ (70 ਘਮਾਉਂ) ਜ਼ਮੀਨ ਅਤੇ 60/ – ਸਲਾਨਾ ਰਿਆਸਤ ਵੱਲੋਂ ਗੁਜ਼ਾਰਾ ਹੈ।"[1] ਰਿਆਸਤ ਨਾਭਾ ਦੇ ਮਹਾਰਾਜਾ ਭਰਪੂਰ ਸਿੰਘ ਦੀ ਮਹਾਰਾਣੀ ਸ਼ਿਵ ਕੌਰ ਨੇ ਔਲਾਦ ਦੀ ਪ੍ਰਾਪਤੀ ਲਈ ਇੱਥੇ ਅਰਦਾਸ ਕਰਵਾਈ ਸੀ। 1926 ਵਿਚ ਜਦੋਂ ਇਸ ਦੀ ਅਰਦਾਸ ਪੂਰੀ ਹੋਈ ਤਾਂ ਇਸ ਨੇ ਇੱਥੇ ਇਕ ਬਉਲੀ ਦੀ ਉਸਾਰੀ ਕਰਵਾਈ ਸੀ। ਲੰਗਰ ਦੇ ਨਾਂ ਹਾਲੇ ਵੀ 40 ਕਿਲ੍ਹੇ ਜ਼ਮੀਨ ਦੱਸੀ ਜਾਂਦੀ ਹੈ। ਪੁਰਾਤਨ ਇਮਾਰਤ ਦੇ ਉਪਰ ਹੀ ਕਾਰ ਸੇਵਾ ਰਾਹੀਂ ਨਵੀਂ ਸੁੰਦਰ ਇਮਾਰਤ ਦੀ ਉਸਾਰੀ ਬਾਬਾ ਹਰਬੰਸ ਸਿੰਘ ਦੀ ਸੰਸਥਾ ਦੇ ਬਾਬਾ ਗੁਲਜਾਰ ਸਿੰਘ ਕਰਵਾ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ ਜੀ ਰਾਹੀਂ ਇਸ ਗੁਰਧਾਮ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਮਗਰ : ਪਟਿਆਲਾ ਜ਼ਿਲੇ ਵਿਚ ਇਹ ਪਿੰਡ ਦੇਵੀਗੜ੍ਹ ਤੋਂ ਲਗ-ਪਗ 10 ਕਿਲੋਮੀਟਰ ਅਤੇ ਬਹਾਦਰਗੜ੍ਹ ਤੋਂ ਲਗ-ਪਗ 30 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸੈਫ਼ਾਬਾਦ (ਬਹਾਦਰਗੜ੍ਹ) ਤੋਂ ਗੁਰੂ ਜੀ ਇਸ ਪਿੰਡ ਵਿਖੇ ਆਏ ਦੱਸੇ ਜਾਂਦੇ ਹਨ। ਗੁਰੂ ਜੀ ਦੀ ਯਾਦ ਵਿਚ *ਗੁਰਦੁਆਰਾ ਮਗਰ ਸਾਹਿਬ ਪਾਤਸ਼ਾਹੀ ਨੌਵੀਂ* ਇਸਰਹੇੜੀ ਪਿੰਡ ਦੀ ਜ਼ਮੀਨ 'ਤੇ ਸਥਿਤ ਹੈ ਇਸ ਕਰਕੇ ਗੁਰਦੁਆਰਾ ਸਾਹਿਬ ਦੇ ਨਾਂ ਨਾਲ ਇਸਰਹੇੜੀ ਪਿੰਡ ਦਾ ਨਾਂ ਲੱਗਿਆ ਹੋਇਆ ਹੈ। ਇੱਥੇ ਜਿਸ ਛੱਪੜ ਦੇ ਕੰਢੇ ਗੁਰੂ ਜੀ ਨੇ ਡੇਰਾ ਕੀਤਾ ਸੀ ਉੱਥੇ ਗੁਰਦੁਆਰਾ ਸਾਹਿਬ ਸਸ਼ੋਭਿਤ ਹੈ ਅਤੇ ਛੱਪੜ ਸਰੋਵਰ ਦੇ ਰੂਪ

1. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* 1034.

ਵਿਚ ਤਬਦੀਲ ਹੋ ਗਿਆ ਹੈ। ਜਿਸ ਟਾਹਲੀ ਹੇਠਾਂ ਗੁਰੂ ਜੀ ਨੇ ਡੇਰਾ ਕੀਤਾ ਸੀ, ਉਹ ਨਹੀਂ ਹੈ ਪਰ ਇਕ ਪੁਰਾਤਨ ਜੰਡ ਦਾ ਰੁੱਖ ਹਾਲੇ ਵੀ ਮੌਜੂਦ ਹੈ। 1924 ਵਿਚ ਹੜ੍ਹ ਆ ਜਾਣ 'ਤੇ ਇਹ ਗੁਰਧਾਮ ਢਹਿ ਗਿਆ ਸੀ ਪਰ ਨਿਸ਼ਾਨ ਸਾਹਿਬ ਬਚਿਆ ਰਿਹਾ। ਮੌਜੂਦਾ ਸਮੇਂ ਵਿਚ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਕ ਸਥਾਨਿਕ ਕਮੇਟੀ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਦਾ ਪ੍ਰਬੰਧ ਕਰਦੀ ਹੈ। ਸਥਾਨਿਕ ਕਮੇਟੀ ਵਿਚ ਕਛਵਾ, ਅਲੀਪੁਰ, ਮਗਰ, ਕਛਬੀ, ਇਸਰਹੇੜੀ ਪਿੰਡ ਦੇ ਵਸਨੀਕ ਸ਼ਾਮਲ ਹੁੰਦੇ ਹਨ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਲਗ-ਪਗ 40 ਸਾਲ ਪਹਿਲਾਂ ਦੀ ਬਣੀ ਹੋਈ ਹੈ ਅਤੇ ਮੌਜੂਦਾ ਸਮੇਂ ਵਿਚ ਬਾਬਾ ਅਮਰੀਕ ਸਿੰਘ ਪਟਿਆਲੇ ਵਾਲੇ ਇਸ ਗੁਰਧਾਮ ਵਿਖੇ ਸੇਵਾ ਕਰਵਾ ਰਹੇ ਹਨ। ਗੁਰਦੁਆਰਾ ਸਾਹਿਬ ਸਮੇਤ 33 ਵਿੱਘੇ ਜ਼ਮੀਨ ਇਸ ਗੁਰਦੁਆਰਾ ਸਾਹਿਬ ਦੇ ਨਾਂ ਹੈ। 5 ਵਿੱਘੇ ਜ਼ਮੀਨ 'ਤੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ ਜਿਸ ਵਿਚ ਦਰਬਾਰ ਹਾਲ, ਰਿਹਾਇਸ਼, ਲੰਗਰ, ਦੀਵਾਨ ਹਾਲ, ਸਰੋਵਰ ਅਤੇ ਅੱਖਾਂ ਦਾ ਹਸਪਤਾਲ ਬਣਿਆ ਹੋਇਆ ਹੈ।

ਮਹਿਮਦਪੁਰ ਜੱਟਾਂ : ਪਟਿਆਲਾ ਜ਼ਿਲੇ ਵਿਚ ਇਹ ਪਿੰਡ ਬਹਾਦਰਗੜ੍ਹ-ਘਨੌਰ ਸੜਕ 'ਤੇ ਬਹਾਦਰਗੜ੍ਹ ਤੋਂ ਡੇਢ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਬਾਬਾ ਦੀਵਾਨ ਸਿੰਘ ਜੀ ਨੇ ਮੌਜੂਦਾ ਦਰਬਾਰ ਹਾਲ ਦੀ ਉਸਾਰੀ ਕਰਵਾਈ ਸੀ ਅਤੇ ਮੌਜੂਦਾ ਸਮੇਂ ਵਿਚ ਬਾਬਾ ਬਲਬੀਰ ਸਿੰਘ ਜੀ ਸੇਵਾ ਕਰਵਾ ਰਹੇ ਹਨ। ਲਗ-ਪਗ 1000 ਗਜ਼ ਦੇ ਪਲਾਟ 'ਤੇ ਦਰਬਾਰ ਹਾਲ, ਲੰਗਰ ਹਾਲ ਅਤੇ ਗ੍ਰੰਥੀ ਸਿੰਘ ਦੀ ਰਿਹਾਇਸ਼ ਮੌਜੂਦ ਹੈ। ਸਥਾਨਿਕ ਕਮੇਟੀ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰ ਰਹੀ ਹੈ।

ਰਾਇਪੁਰ ਮੰਡਲਾਂ : ਪਟਿਆਲਾ-ਚੰਡੀਗੜ੍ਹ ਸੜਕ 'ਤੇ ਪੈਂਦੇ ਕਸਬਾ ਬਹਾਦਰਗੜ੍ਹ ਤੋਂ ਇਹ ਪਿੰਡ ਲਗ-ਪਗ 3 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸੈਫ਼ਾਬਾਦ (ਬਹਾਦਰਗੜ੍ਹ) ਤੋਂ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿਖੇ ਆਏ ਸਨ ਅਤੇ ਇਹਨ੍ਹਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਪਹਿਲਾਂ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੁਆਰਾ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਕੀਤਾ ਜਾਂਦਾ ਸੀ ਪਰ 2015 ਤੋਂ ਇਹ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਬਹਾਦਰਗੜ੍ਹ* ਨਾਲ ਅਟੈਚ ਹੈ। ਇਸ ਗੁਰਧਾਮ ਦੀ ਮੌਜੂਦਾ ਇਮਾਰਤ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਨੇ ਤਿਆਰ ਕਰਵਾਈ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ 1000 ਗਜ਼ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਕੁੱਝ ਰਿਹਾਇਸ਼ੀ ਕਮਰੇ ਬਣੇ ਹੋਏ ਹਨ ਅਤੇ 20 ਵਿੱਘੇ (ਲਗ-ਪਗ ਸਾਢੇ ਚਾਰ ਏਕੜ) ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਗੁਰਪੁਰਬਾਂ ਤੋਂ ਇਲਾਵਾ ਹਰ ਮਹੀਨੇ ਸੰਗਰਾਂਦ ਮਨਾਈ ਜਾਂਦੀ ਹੈ।

ਰਾਜਪੁਰਾ : ਪਟਿਆਲਾ ਜ਼ਿਲੇ ਦਾ ਇਹ ਇਕ ਖ਼ੁਸ਼ਹਾਲ ਨਗਰ ਹੈ ਜਿਹੜਾ ਕਿ ਭਾਰਤ ਦੀ ਰਾਜਧਾਨੀ ਦਿੱਲੀ ਵੱਲੋਂ ਸੜਕ ਜਾਂ ਰੇਲ ਰਾਹੀਂ ਪੰਜਾਬ ਆਉਣ ਵਾਲੇ ਯਾਤਰੂਆਂ ਦਾ ਪ੍ਰਵੇਸ਼-ਦੁਆਰ ਵੀ ਕਿਹਾ ਜਾ ਸਕਦਾ ਹੈ। ਕਿਹਾ ਜਾਂਦਾ ਹੈ ਕਿ ਅਕਬਰ ਦੇ ਰਾਜਾ ਟੋਡਰ ਮੱਲ ਨੇ ਇਹ ਨਗਰ ਵਸਾਇਆ ਸੀ। ਵੀਹਵੀਂ ਸਦੀ ਦੇ ਅਰੰਭ ਵਿਚ ਇਸ ਦੀ ਅਬਾਦੀ ਲਗ-ਪਗ 3500 ਸੀ ਜਿਹੜੀ ਕਿ ਭਾਰਤ-ਪਾਕਿਸਤਾਨ ਵੰਡ ਉਪਰੰਤ 1951 ਦੀ ਜਨਗਣਨਾ ਦੌਰਾਨ 23310 ਤੱਕ ਪੁੱਜ ਗਈ ਸੀ। ਪਾਕਿਸਤਾਨ ਦੇ ਬਹਾਵਲਪੁਰ ਤੋਂ ਇੱਥੇ ਵੱਡੀ ਗਿਣਤੀ ਲੋਕ ਆ ਕੇ ਵੱਸ ਗਏ ਸਨ ਅਤੇ ਇਸੇ ਭਾਈਚਾਰੇ ਨਾਲ ਸੰਬੰਧਿਤ ਲੋਕਾਂ ਦੀ ਵਧੇਰੇ ਅਬਾਦੀ ਇਸ ਨਗਰ ਵਿਖੇ ਮੌਜੂਦ ਹੈ। ਗੁਰੂ ਸਾਹਿਬਾਨ ਦੇ ਯਾਦਗਾਰੀ ਅਸਥਾਨ ਇਸ ਨਗਰ ਵਿਖੇ ਮੌਜੂਦ ਹਨ ਜਿਨ੍ਹਾਂ ਵਿਚੋਂ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਰਾਜਪੁਰੇ ਦੇ ਕਿਲ੍ਹੇ ਦੇ ਨੇੜੇ, ਪੁਰਾਣੇ ਥਾਣੇ ਦੇ ਨਾਲ ਅਤੇ ਬੱਸ ਸਟੈਂਡ ਤੋਂ ਲਗ-ਪਗ 500 ਮੀਟਰ ਦੀ ਦੂਰੀ 'ਤੇ ਸਥਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਇਹ ਇਤਿਹਾਸਿਕ ਗੁਰਧਾਮ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਦੇ ਸਮੇਂ

ਹੋਂਦ ਵਿਚ ਆਇਆ ਸੀ। ਉਹਨਾਂ ਨੇ ਇੱਥੇ ਬਜ਼ਾਰ ਬਣਵਾਇਆ ਅਤੇ ਇਸ ਦਾ ਨਾਂ ਵੀ ਉਹਨਾਂ ਦੇ ਨਾਂ 'ਤੇ ਹੀ ਮਹਿੰਦਰਗੰਜ ਵਜੋਂ ਪ੍ਰਸਿੱਧ ਹੈ। ਪਹਿਲਾਂ ਡਿਉੜ੍ਹੀ ਦੇ ਉੱਤੇ ਬਣੇ ਹੋਏ ਚੁਬਾਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ ਜਿਸ ਤੋਂ ਇਸ ਨੂੰ *ਗੁਰਦੁਆਰਾ ਚੁਬਾਰਾ ਸਾਹਿਬ* ਵੀ ਕਿਹਾ ਜਾਂਦਾ ਸੀ। ਡਿਉੜ੍ਹੀ ਦੇ ਅੰਦਰ ਕਮਰੇ ਬਣੇ ਹੋਏ ਸਨ ਜਿਹੜੇ ਕਿ ਯਾਤਰੂਆਂ, ਬਰਾਤੀਆਂ, ਧਾਰਮਿਕ ਅਤੇ ਸਮਾਜਿਕ ਸਮਾਗਮਾਂ ਸਮੇਂ ਵਰਤੇ ਜਾਂਦੇ ਸਨ ਪਰ ਹੁਣ ਇਹ ਪਹਿਲਾਂ ਵਾਲੀ ਸਥਿਤੀ ਵਿਚ ਨਹੀਂ ਹਨ। ਪੁਰਾਤਨ ਡਿਉੜ੍ਹੀ ਹਾਲੇ ਵੀ ਕਾਇਮ ਹੈ ਪਰ ਇਸ ਦੀ ਹਾਲਤ ਨੂੰ ਦੇਖਦੇ ਹੋਏ 2000 ਵਿਚ ਪੰਜੋਖਰਾ ਸਾਹਿਬ ਦੇ ਬਾਬਾ ਮੋਹਰ ਸਿੰਘ ਵੱਲੋਂ ਸੰਗਤ ਦੇ ਸਹਿਯੋਗ ਨਾਲ ਨਵੀਂ ਇਮਾਰਤ ਦੀ ਕਾਰ ਸੇਵਾ ਅਰੰਭ ਕੀਤੀ ਗਈ ਸੀ। 2005 ਵਿਚ ਨਵੇਂ ਦਰਬਾਰ ਹਾਲ ਦੀ ਸੰਪੂਰਨਤਾ ਹੋਣ 'ਤੇ ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਗੁਰਦੁਆਰਾ ਸਾਹਿਬ ਦੀ ਅੱਧਾ ਏਕੜ ਤੋਂ ਵਧੇਰੇ ਜ਼ਮੀਨ 'ਤੇ ਨਵਾਂ ਦਰਬਾਰ ਹਾਲ, ਪੁਰਾਤਨ ਡਿਉੜ੍ਹੀ, ਖੂਹ ਆਦਿ ਮੌਜੂਦ ਹਨ। 10-12 ਦੁਕਾਨਾਂ ਅਤੇ ਲਗ-ਪਗ 55 ਵਿੱਘੇ ਜ਼ਮੀਨ ਵੀ ਗੁਰਦੁਆਰਾ ਸਾਹਿਬ ਦੇ ਨਾਂ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸ. ਭੁਪਿੰਦਰ ਸਿੰਘ ਚੁਣੀ ਹੋਈ ਪੰਜ ਮੈਂਬਰੀ ਕਮੇਟੀ ਦੇ ਪ੍ਰਧਾਨ ਹਨ।

ਰੋਹਟਾ : ਪਟਿਆਲਾ ਜ਼ਿਲੇ ਵਿਚ ਨਾਭਾ ਤੋਂ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸਥਿਤ ਹੈ। ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਗੁਰੂ ਜੀ ਨੇ ਗਿਆਨ ਪ੍ਰਦਾਨ ਕਰਕੇ ਇਲਾਕੇ ਦੀ ਸੰਗਤ ਨੂੰ ਲੋਹੇ ਤੋਂ ਸੋਨੇ ਵਰਗੀ ਬਣਾ ਦਿੱਤਾ ਸੀ:

ਰੋਹਟਾ ਕੇ ਲੋਹਟਾ ਸੇ ਲੋਗਨਿ ਕੋ ਸੋਨਾ ਕਰਿ
ਗੁਣੀ ਕੇ ਗੁਰੂ ਕੋ ਸੇਵ ਗੁਣ ਗਯਾਨ ਹੈ ਪਯੋ।[1]

ਪੂਰਬ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਸਨ ਅਤੇ ਭਾਈ ਝੰਡਾ ਨੇ ਪ੍ਰਸ਼ਾਦੇ ਅਤੇ ਕੀਰਤਨ ਰਾਹੀਂ ਗੁਰੂ ਜੀ ਦੀ ਸੇਵਾ ਕੀਤੀ ਸੀ। ਜੁਲਾਹੇ ਭਾਈਚਾਰੇ ਬਾਲ ਸੰਬੰਧਿਤ ਪ੍ਰੇਮੀ ਸਿੱਖਾਂ ਨੇ ਗੁਰੂ ਜੀ ਦੀ ਯਾਦ ਵਿਚ ਇੱਥੇ ਇਕ ਥੜ੍ਹਾ ਬਣਵਾਇਆ ਸੀ। ਇਸ ਅਸਥਾਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ, "ਇਸ ਪਿੰਡ ਤੋਂ ਇਕ ਫਰਲਾਂਗ ਦੱਖਣ ਪੂਰਵ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਗੁਰੂ ਸਾਹਿਬ ਸੀਂਭੜੋ ਤੋਂ ਇੱਥੇ ਪਧਾਰੇ ਹਨ। ਪਹਿਲਾਂ ਕੇਵਲ ਮੰਜੀ ਸਾਹਿਬ ਸੀ। ਸੰਮਤ 1977 (1920 ਈ.) ਵਿਚ ਪ੍ਰੇਮੀ ਸਿੱਖਾਂ ਦੇ ਉੱਦਮ ਨਾਲ ਸੁੰਦਰ ਦਰਬਾਰ ਬਣਾਇਆ ਹੈ। ਰਿਆਸਤ ਵੱਲੋਂ ਦੋ ਹਲ ਦੀ ਜ਼ਮੀਨ ਮਿਲਣ ਦਾ ਹੁਕਮ ਹੋ ਚੁੱਕਾ ਹੈ।"[2] 1990 ਵਿਚ ਇਸ ਅਸਥਾਨ 'ਤੇ ਕਾਰ ਸੇਵਾ ਅਰੰਭ ਹੋਈ ਸੀ ਅਤੇ ਪੁਰਾਤਨ ਇਮਾਰਤ ਨੂੰ ਨਵੀਂ ਇਮਾਰਤ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਮੌਜੂਦਾ ਸਮੇਂ ਵਿਚ ਵੀ ਇਸ ਗੁਰਧਾਮ ਦੇ ਨਾਂ ਲਗ-ਪਗ 200 ਵਿੱਘੇ ਜ਼ਮੀਨ ਦੱਸੀ ਜਾਂਦੀ ਹੈ ਜਿਹੜੀ ਕਿ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੇ ਲੰਗਰ ਦੇ ਨਾਂ ਲਵਾਈ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਲੰਗ : ਪਟਿਆਲਾ ਜ਼ਿਲੇ ਵਿਚ ਇਹ ਪਿੰਡ ਪਟਿਆਲਾ ਸ਼ਹਿਰ ਤੋਂ ਲਗ-ਪਗ 13 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸ੍ਰੀ ਖਿਰਨੀ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। 1665 ਵਿਚ ਪੂਰਬ ਦੀ ਉਦਾਸੀ 'ਤੇ ਜਾਂਦੇ ਹੋਏ ਗੁਰੂ ਜੀ ਇੱਥੇ ਆਏ ਸਨ ਅਤੇ ਪਿੰਡ ਦੇ ਬਾਹਰ ਖਿਰਨੀ ਦੇ ਇਕ ਰੁੱਖ ਹੇਠਾਂ ਉਹਨਾਂ ਨੇ ਡੇਰਾ ਕੀਤਾ ਸੀ। ਇਹ ਰੁੱਖ ਹਾਲੇ ਵੀ ਮੌਜੂਦ ਹੈ ਜਿਸ ਦੀ ਸਾਂਭ-ਸੰਭਾਲ ਕੀਤੀ ਜਾਂਦੀ ਹੈ। ਪਟਿਆਲਾ

1. ਗਿਆਨੀ ਗਿਆਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼,* ਪੂਰਬਾਰਧ, ਅਧਿਆਇ 34.38
2. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* 1048.

ਦੇ ਮਹਾਰਾਜਾ ਕਰਮ ਸਿੰਘ ਨੇ ਬਹੁਤ ਸਾਰੀ ਜ਼ਮੀਨ ਇਸ ਗੁਰਧਾਮ ਦੇ ਨਾਂ ਲਵਾਈ ਸੀ ਪਰ ਹੁਣ ਉਹ ਮੌਜੂਦ ਨਹੀਂ ਹੈ ਪਰ ਸੰਗਤ ਵੱਲੋਂ ਦਾਨ ਕੀਤੀ 13 ਏਕੜ ਜ਼ਮੀਨ ਮੌਜੂਦ ਹੈ। ਇਸ ਵਿਚ ਉਹ ਜ਼ਮੀਨ ਵੀ ਸ਼ਾਮਲ ਹੈ ਜਿਸ ' ਮਹਾਰਾਜਾ ਕਰਮ ਸਿੰਘ ਨੇ ਸੁੰਦਰ ਗੁਰਧਾਮ ਦੀ ਉਸਾਰੀ ਕਰਵਾਈ ਸੀ। ਇੱਥੋਂ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਬੰਸ ਸਿੰਘ ਨੇ ਦੱਸਿਆ ਕਿ 1997 ਵਿਚ ਇਸ ਗੁਰਧਾਮ ਦੇ ਨਵੇਂ ਦਰਬਾਰ ਹਾਲ ਦੀ ਉਸਾਰੀ ਅਰੰਭ ਹੋਈ ਸੀ ਜਿਹੜੀ ਕਿ 2004 ਵਿਚ ਸੰਪੂਰਨ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦੇ 400 ਸਾਲਾ ਪ੍ਰਕਾਸ਼ ਪੁਰਬ ਮੌਕੇ ਇਹ ਦਰਬਾਰ ਹਾਲ ਸੰਗਤ ਲਈ ਖੋਲ੍ਹ ਦਿੱਤਾ ਗਿਆ ਸੀ। ਗੁਰਬਾਣੀ ਸੰਥਿਆ ਅਤੇ ਗੁਰਬਾਣੀ ਕੀਰਤਨ ਸਿਖਲਾਈ ਲਈ ਵਿਸ਼ੇਸ਼ ਕਲਾਸਾਂ ਲਗਾਈਆਂ ਜਾਂਦੀਆਂ ਹਨ ਅਤੇ ਹੋਰਨਾਂ ਗੁਰਪੁਰਬਾਂ ਦੇ ਨਾਲ-ਨਾਲ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦ ਦਿਹਾੜਾ ਪ੍ਰਮੁੱਖ ਤੌਰ 'ਤੇ ਮਨਾਇਆ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਫ਼ਤਹਿਗੜ੍ਹ ਸਾਹਿਬ

ਇਹ ਨਗਰ ਸਰਹਿੰਦ ਤੋਂ 3 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ ਨੂੰ ਸ਼ਹੀਦ ਕੀਤਾ ਸੀ ਅਤੇ ਇੱਥੇ ਹੀ ਮਾਤਾ ਗੁਜਰੀ ਜੀ ਨੇ ਅਕਾਲ ਚਲਾਣਾ ਕੀਤਾ ਸੀ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਕਾਰਨ ਇਸ ਨਗਰ ਦੇ ਨਵਾਬ ਵਜ਼ੀਰ ਖ਼ਾਨ ਅਤੇ ਉਸ ਦੇ ਅਹਿਲਕਾਰਾਂ ਨੂੰ ਬੁਰੇ ਦਿਨ ਦੇਖਣ ਲਈ ਮਜ਼ਬੂਰ ਹੋਣਾ ਪਿਆ ਸੀ। ਸਾਹਿਬਜ਼ਾਦਾ ਫ਼ਤਿਹ ਸਿੰਘ ਦੇ ਨਾਂ 'ਤੇ ਇਸ ਨਗਰ ਦਾ ਨਾਂ ਰੱਖਿਆ ਗਿਆ ਅਤੇ 1992 ਦੀ ਵੈਸਾਖੀ ਨੂੰ ਇਹ ਨਗਰ ਜ਼ਿਲੇ ਦਾ ਰੂਪ ਧਾਰਨ ਕਰ ਗਿਆ। ਇਸ ਜ਼ਿਲੇ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਇਹਨਾਂ ਅਸਥਾਨਾਂ ਦੇ ਦਰਸ਼ਨ ਹੁੰਦੇ ਹਨ।

ਸੈਂਪਲੀ : ਚੁੰਨੀ-ਮੋਰਿੰਡਾ ਸੜਕ 'ਤੇ ਚੁੰਨੀ ਤੋਂ 2 ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਮੌਜੂਦ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਇਹ ਪਿੰਡ ਪੀਰ ਸੈਂਪਲ ਸ਼ਾਹ ਦੇ ਨਾਂ 'ਤੇ ਵੱਸਿਆ ਹੋਇਆ ਹੈ। ਗੁਰੂ ਤੇਗ ਬਹਾਦਰ ਜੀ ਦੀ ਇਸ ਨਾਲ ਮੁਲਾਕਾਤ ਹੋਈ ਦੱਸੀ ਜਾਂਦੀ ਹੈ। ਬਾਬਾ ਜੈਮਲ ਸਿੰਘ ਜੀ ਨੇ ਸੰਤ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਦੀ ਪ੍ਰੇਰਨਾ ਨਾਲ ਲਗ-ਪਗ 1920 ਵਿਚ ਇਸ ਗੁਰਧਾਮ ਦੀ ਉਸਾਰੀ ਕਰਵਾਈ। ਕੈਲੜੀ ਪਿੰਡ ਤੋਂ ਬਾਬਾ ਜੈਮਲ ਸਿੰਘ ਜੀ ਪਹਿਲਾਂ ਪਮੌਰ ਅਤੇ ਫਿਰ ਸੈਂਪਲੀ ਵਿਖੇ ਆ ਕੇ ਵੱਸ ਗਏ ਸਨ। 16 ਅਕਤੂਬਰ 1990 ਨੂੰ ਇਹਨਾਂ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਬਾਬਾ ਬੰਤਾ ਸਿੰਘ ਜੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਨ ਲੱਗੇ। 17 ਅਗਸਤ 2011 ਨੂੰ ਬਾਬਾ ਬੰਤਾ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਇਸ ਗੁਰਧਾਮ ਦਾ ਪ੍ਰਬੰਧ 11 ਮੈਂਬਰੀ ਕਮੇਟੀ ਅਧੀਨ ਆ ਗਿਆ, ਸ. ਅਮਰਜੀਤ ਸਿੰਘ ਇਸ ਦੇ ਪ੍ਰਧਾਨ ਹਨ।

ਕਲੌੜ : ਫ਼ਤਹਿਗੜ੍ਹ ਸਾਹਿਬ ਜ਼ਿਲੇ ਦਾ ਇਹ ਇਕ ਵੱਡਾ ਪਿੰਡ ਹੈ ਜਿਹੜਾ ਕਿ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਇਸ ਪਿੰਡ ਵਿਖੇ ਆਏ ਸਨ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ* ਸਸ਼ੋਭਿਤ ਹੈ। ਇਸ ਪਿੰਡ ਦੇ ਸ. ਪ੍ਰਦੀਪ ਸਿੰਘ ਨੇ ਗੁਰਦੁਆਰਾ ਸਾਹਿਬ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਘੜੂੰਆਂ ਤੋਂ ਗੁਰੂ ਜੀ ਇਸ ਪਿੰਡ ਵਿਖੇ ਆਏ ਅਤੇ ਇੱਥੋਂ ਅੱਗੇ ਨੰਦਪੁਰ ਚਲੇ ਗਏ ਸਨ। ਪਿੰਡ ਦੇ ਇਕ ਸਿੰਘ ਬਾਬਾ ਮਨੀ ਸਿੰਘ ਬੱਬਰ ਅਕਾਲੀ ਲਹਿਰ ਨਾਲ ਸੰਬੰਧਿਤ ਰਹੇ ਸਨ। ਇਹਨਾਂ ਨੇ ਮਹਾਰਾਜਾ ਪਟਿਆਲਾ ਨੂੰ ਕਹਿ ਕੇ ਇਹ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਲਵਾ ਦਿੱਤੀ ਸੀ। ਇਹਨਾਂ ਤੋਂ ਬਾਅਦ ਬਾਬਾ ਰਿਖੀ ਜੀ ਨੇ ਇਸ ਉੱਚੇ ਥੇਹ ਦੀ ਚਾਰ ਦੀਵਾਰੀ ਕਰਕੇ ਇੱਥੇ ਇਕ ਛੋਟਾ ਜਿਹਾ ਗੁਰਦੁਆਰਾ ਬਣਾਇਆ ਸੀ। ਜਦੋਂ ਵੋਟਾਂ

ਰਾਹੀਂ ਸਰਪੰਚ ਚੁਣਨ ਦਾ ਰਿਵਾਜ ਪਿਆ ਤਾਂ ਪਿੰਡ ਦੇ ਇਕ ਵਿਅਕਤੀ ਨੇ ਵਾਅਦਾ ਕੀਤਾ ਕਿ ਜੇਕਰ ਉਹ ਚੋਣ ਜਿੱਤ ਗਿਆ ਤਾਂ ਗੁਰਦੁਆਰਾ ਸਾਹਿਬ ਦੇ ਨਾਂ ਜ਼ਮੀਨ ਲਵਾਏਗਾ। ਚੋਣ ਜਿੱਤਣ ਉਪਰੰਤ ਉਸ ਨੇ 6 ਵਿੱਘੇ ਜ਼ਮੀਨ ਗੁਰਦੁਆਰੇ ਦੇ ਨਾਂ ਲਵਾ ਕੇ ਆਪਣਾ ਵਚਨ ਨਿਭਾਇਆ। ਬਾਬਾ ਪਿਆਰਾ ਸਿੰਘ ਨਿਹੰਗ ਸਿੰਘ, ਬਾਬਾ ਪ੍ਰੇਮ ਸਿੰਘ ਇਸ ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰਦੇ ਰਹੇ। ਪਿੰਡ ਵਾਲਿਆਂ ਨੇ ਇਸ ਅਸਥਾਨ ਦੀ ਸੇਵਾ ਬਾਬਾ ਹਰਬੰਸ ਸਿੰਘ ਕਾਰ ਸੇਵਾ ਵਾਲਿਆਂ ਦੀ ਸੰਸਥਾ ਨੂੰ ਸੌਂਪ ਦਿੱਤੀ ਸੀ। ਇਸ ਸੰਸਥਾ ਦੇ ਬਾਬਾ ਸੁਜਾਨ ਸਿੰਘ ਨੇ 2007 ਵਿਚ ਇਸ ਗੁਰਧਾਮ ਦੀ ਕਾਰ ਸੇਵਾ ਅਰੰਭ ਕੀਤੀ ਜਿਹੜੀ ਕਿ 2017 ਵਿਚ ਸੰਪੂਰਨ ਹੋਈ। ਬੈਸਾਖੀ, ਪ੍ਰਕਾਸ਼ ਗੁਰਪੁਰਬ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਸ਼ਹੀਦੀ ਦਿਹਾੜਾ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਇੱਥੇ ਪ੍ਰਮੁੱਖਤਾ ਨਾਲ ਮਨਾਏ ਜਾਂਦੇ ਹਨ। ਭਾਈ ਹਰਜਿੰਦਰ ਸਿੰਘ ਇੱਥੇ ਗ੍ਰੰਥੀ ਸਿੰਘ ਦੀ ਸੇਵਾ ਨਿਭਾ ਰਿਹਾ ਹੈ।

ਗੁਰਦੁਆਰਾ ਸਾਹਿਬ ਦੀ 5 ਵਿੱਘੇ 10 ਬਿਸਵੇ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, 6 ਰਿਹਾਇਸ਼ੀ ਕਮਰੇ ਅਤੇ ਗ੍ਰੰਥੀ ਸਿੰਘ ਦੀ ਰਿਹਾਇਸ਼ ਬਣੀ ਹੋਈ ਹੈ ਅਤੇ ਦਰਸ਼ਨੀ ਡਿਉੜ੍ਹੀ ਦਾ ਕਾਰਜ ਚੱਲ ਰਿਹਾ ਹੈ। ਇਸ ਤੋਂ ਇਲਾਵਾ ਸਾਢੇ ਪੰਜ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਪਿੰਡ ਦੀ ਸਥਾਨਿਕ ਕਮੇਟੀ ਵਿਚੋਂ ਸ. ਹਰਨੇਕ ਸਿੰਘ, ਪ੍ਰਧਾਨ; ਸ. ਕਰਮਜੀਤ ਸਿੰਘ, ਸਕੱਤਰ; ਸ. ਪ੍ਰਦੀਪ ਸਿੰਘ, ਕੈਸ਼ੀਅਰ ਤੋਂ ਇਲਾਵਾ ਸ. ਖ਼ੁਸ਼ਪਾਲ ਸਿੰਘ. ਸ. ਬਾਦਲ ਸਿੰਘ, ਸ. ਬਹਾਦਰ ਸਿੰਘ, ਸ. ਅਮਰੀਕ ਸਿੰਘ, ਸ. ਹਰਮਿੰਦਰ ਸਿੰਘ ਆਦਿ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰ ਰਹੇ ਹਨ। ਸਿੰਘ ਸਭਾ ਲਹਿਰ ਦੇ ਗਿਆਨੀ ਦਿੱਤ ਸਿੰਘ ਦਾ ਜਨਮ-ਸਥਾਨ ਹੋਣ ਕਰਕੇ ਇਹ ਪਿੰਡ ਵਧੇਰੇ ਪ੍ਰਸਿੱਧੀ ਪ੍ਰਾਪਤ ਕਰ ਗਿਆ।

ਨੰਦਪੁਰ : ਫ਼ਤਹਿਗੜ੍ਹ ਸਾਹਿਬ ਜ਼ਿਲੇ ਦਾ ਇਹ ਪਿੰਡ ਕਲੌੜ ਦੇ ਨਾਲ ਜੁੜਿਆ ਹੋਇਆ ਹੈ ਜਿਸ ਕਰਕੇ ਇਹਨਾਂ ਨੂੰ ਸਾਂਝੇ ਤੌਰ 'ਤੇ ਨੰਦਪੁਰ-ਕਲੌੜ ਕਿਹਾ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਮਹਾਰਾਜਾ ਕਰਮ ਸਿੰਘ ਦੇ ਸਮੇਂ ਦਾ ਬਣਿਆ ਹੋਇਆ ਇਕ ਗੁਰਧਾਮ ਇੱਥੇ ਨੀਵੇਂ ਥਾਂ ਮੌਜੂਦ ਸੀ। ਨਵਾਂ ਗੁਰਧਾਮ ਉੱਚੇ ਥਾਂ ਸਾਜਿਆ ਗਿਆ। ਭਾਈ ਰਣਧੀਰ ਸਿੰਘ ਦੱਸਦੇ ਹਨ ਕਿ 1927-28 ਵਿਚ ਸੰਤ ਭਾਈ ਅਰਜਨ ਸਿੰਘ ਨੂੰ ਪੁਰਾਣੇ ਮੁਸਲਮਾਨ ਪਟਵਾਰੀਆਂ ਕੋਲੋਂ ਕੁੱਝ ਪਟੇ ਮਿਲੇ ਸਨ ਜਿਨ੍ਹਾਂ ਵਿਚੋਂ ਇਕ ਪਟਾ ਗੁਰਦੁਆਰਾ ਨੰਦਪੁਰ-ਕਲੌੜ ਨਾਲ ਸੰਬੰਧਿਤ ਸੀ। ਇਸ ਦੇ ਅਧਾਰ 'ਤੇ ਖੋਜ ਕਰਦੇ ਹੋਏ ਜਦੋਂ ਇਹ ਇਸ ਅਸਥਾਨ 'ਤੇ ਆਏ ਤਾਂ ਇਕ ਗੁਰਧਾਮ ਨੀਵੇਂ ਥਾਂ ਲੱਭਿਆ ਸੀ। ਮਿੱਟੀ ਦੇ ਗੱਡੇ ਅਤੇ ਟੋਕਰੀਆਂ ਢੋ-ਢੋ ਕੇ ਇਹਨਾਂ ਨੇ ਇਕ ਉੱਚੇ ਥਾਂ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਸੀ। ਪੁਰਾਣਾ ਮੰਜੀ ਸਾਹਿਬ ਥਲੇ ਸੁਭਾਇਮਾਨ ਹੈ ਤੇ ਬੜਾ ਮਹਿਫ਼ੂਜ਼ ਹੈ।[1] ਸਥਾਨਿਕ ਪਰੰਪਰਾ ਦੱਸਦੀ ਹੈ ਕਿ ਸੰਤ ਕਰਤਾਰ ਸਿੰਘ ਜੀ ਨੇ ਇਸ ਗੁਰਧਾਮ ਦੀ ਸੇਵਾ-ਸੰਭਾਲ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਪਾਕਿਸਤਾਨ ਤੋਂ ਇਸ ਪਿੰਡ ਵਿਚ ਆ ਕੇ ਇਹ ਸੰਤਬੇਲਾ, ਨੰਦਪੁਰ ਤੋਂ ਲਗ-ਪਗ 2 ਕਿਲੋਮੀਟਰ ਦੂਰ, ਵਿਖੇ ਨਿਵਾਸ ਕਰਨ ਲੱਗੇ ਸਨ। ਭਜਨ-ਬੰਦਗੀ ਵਾਲੀ ਇਸ ਸ਼ਖ਼ਸੀਅਤ ਨੂੰ ਸੰਤ ਅਜੀਤ ਸਿੰਘ ਨੱਥਮਲਪੁਰ ਵਾਲਿਆਂ ਨੇ ਇਸ ਗੁਰਧਾਮ ਦੀ ਸੇਵਾ ਲਈ ਪ੍ਰੇਰਿਆ। 1934 ਤੋਂ 1948 ਤੱਕ ਇਹ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੇ ਰਹੇ। ਇਹਨਾਂ ਤੋਂ ਬਾਅਦ ਸੰਤ ਜਵਾਲਾ ਸਿੰਘ ਜੀ, ਭਾਈ ਜਸਮੇਰ ਸਿੰਘ ਜੀ, ਸੰਤ ਕ੍ਰਿਪਾਲ ਸਿੰਘ ਜੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੇ ਰਹੇ ਹਨ। ਪਿੰਡ ਦੀ ਲੋਕਲ ਕਮੇਟੀ ਇਹਨਾਂ ਮਹਾਂਪੁਰਖਾਂ ਦੁਆਰਾ ਕੀਤੀ ਜਾਂਦੀ ਸੇਵਾ-ਸੰਭਾਲ ਵਿਚ ਸਹਿਯੋਗ ਕਰਦੀ ਰਹੀ ਹੈ। ਇਸ ਗੁਰਦੁਆਰਾ ਸਾਹਿਬ ਵਿਖੇ ਸੰਭਾਲ ਕੇ ਰੱਖਿਆ ਇਕ ਸੋਟਾ ਗੁਰੂ ਤੇਗ ਬਹਾਦਰ ਜੀ ਦਾ ਦੱਸਿਆ ਜਾਂਦਾ ਹੈ।

---

1. ਭਾਈ ਰਣਧੀਰ ਸਿੰਘ, *ਰੰਗਲੇ ਸੱਜਣ,* ਪੰਨਾ 96.

1997 ਤੋਂ ਇਸ ਗੁਰਧਾਮ ਦੇ ਮੈਨੇਜਰ ਦੀ ਸੇਵਾ ਨਿਭਾ ਰਹੇ ਸ. ਰਣਵੀਰ ਸਿੰਘ ਨੇ ਦੱਸਿਆ ਕਿ ਬਾਬਾ ਹਰਬੰਸ ਸਿੰਘ ਜੀ ਦੀ ਸੰਸਥਾ ਦੇ ਬਾਬਾ ਜਸਵੰਤ ਸਿੰਘ ਜੀ ਨੇ 2002 ਵਿਚ ਇੱਥੇ ਨਵੇਂ ਗੁਰਧਾਮ ਦੀ ਸੇਵਾ ਅਰੰਭ ਕਰਵਾਈ ਸੀ। 2002 ਵਿਚ ਸੰਪੂਰਨ ਹੋਣ 'ਤੇ ਦਰਬਾਰ ਹਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਇਸ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਗੁਰਪੁਰਬ ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ, ਸ਼ਹੀਦੀ ਗੁਰਪੁਰਬ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਪ੍ਰਮੁੱਖਤਾ ਨਾਲ ਮਨਾਏ ਜਾਂਦੇ ਹਨ। ਇਸ ਤੋਂ ਇਲਾਵਾ ਹੋਲਾ ਮੁਹੱਲਾ, ਬੈਸਾਖੀ ਦੇ ਮੌਕੇ ਸਮਾਗਮ ਕੀਤੇ ਜਾਂਦੇ ਹਨ। ਇਕ ਏਕੜ ਤੋਂ ਵਧੇਰੇ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦਫ਼ਤਰ, ਪੁਰਾਤਨ ਖੂਹ ਅਤੇ ਕੁੱਝ ਕਮਰੇ ਬਣੇ ਹੋਏ ਹਨ। ਇਸ ਤੋਂ ਇਲਾਵਾ 22 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਨੌਲੱਖਾ : ਪਟਿਆਲਾ ਤੋਂ ਸਰਹਿੰਦ ਜਾਂਦੇ ਹੋਏ ਮੁੱਖ ਸੜਕ ਤੋਂ ਲਗ-ਪਗ 20 ਕਿਲੋਮੀਟਰ ਬਾਅਦ ਇਸ ਪਿੰਡ ਨੂੰ ਸੜਕ ਮੁੜਦੀ ਹੈ ਅਤੇ ਇਕ ਕਿਲੋਮੀਟਰ ਅੰਦਰ ਵੱਲ ਇਹ ਪਿੰਡ ਸਥਿਤ ਹੈ ਜਿੱਥੇ ਕਿ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਨੌਲੱਖਾ ਸਾਹਿਬ* ਸਸ਼ੋਭਿਤ ਹੈ। ਫ਼ਤਿਹਗੜ੍ਹ ਜ਼ਿਲੇ ਵਿਚ ਪੈਂਦੇ ਇਸ ਗੁਰ-ਅਸਥਾਨ ਬਾਰੇ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ, "ਰਿਆਸਤ ਨਜ਼ਾਮਤ ਪਟਿਆਲਾ, ਤਸੀਲ ਸਰਹਿੰਦ, ਥਾਣਾ ਮੂਲੇਪੁਰ ਵਿਚ ਇੱਕ ਪਿੰਡ ਹੈ। ਇਸ ਦੀ ਵੱਸੋਂ ਦੇ ਨਾਲ ਹੀ ਉੱਤਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਇੱਥੇ ਇਕ ਵਣਜਾਰੇ ਨੇ 9 ਮਨਸੂਰੀ ਟਕੇ ਗੁਰੂ ਜੀ ਦੀ ਭੇਟ ਕੀਤੇ ਤਾਂ ਗੁਰੂ ਜੀ ਨੇ ਫ਼ਰਮਾਇਆ ਕਿ ਇਹ ਤਾਂ ਨੌ ਲੱਖ ਮੋਹਰ ਦੇ ਤੁੱਲ ਹਨ, ਤਦ ਤੋਂ ਇਸ ਥਾਂ ਦਾ ਨਾਮ ਨੌਲੱਖਾ ਪੈ ਗਿਆ, ਅਰ ਫੇਰ ਜੋ ਏਸ ਪਾਸ ਪਿੰਡ ਵਸਿਆ ਉਸ ਦੀ ਭੀ ਇਹੀ ਸੰਗਿਆ ਹੋਈ, ਨਿੱਕਾ ਜਿਹਾ ਮੰਜੀ ਸਾਹਿਬ ਹੈ, ਪਾਸ ਕੁੱਝ ਰਿਹਾਇਸ਼ੀ ਮਕਾਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਤਯ ਪ੍ਰਕਾਸ਼ ਹੁੰਦਾ ਹੈ, ਪੁਜਾਰੀ ਸਿੰਘ ਹੈ। ਗੁਰਦੁਆਰੇ ਨਾਲ 100 ਵਿੱਘੇ ਜ਼ਮੀਨ ਰਿਆਸਤ ਪਟਿਆਲੇ ਵੱਲੋਂ ਹੈ। ਰੇਲਵੇ ਸਟੇਸ਼ਨ ਸਾਧੂਗੜ੍ਹ ਤੋਂ ਸੱਤ ਮੀਲ ਪੱਛਮ ਕੱਚਾ ਰਸਤਾ ਹੈ।"[1] ਪਿੰਡ ਦੀ ਸੰਗਤ ਵੱਲੋਂ ਬਣਾਈ ਗਈ ਪੁਰਾਤਨ ਇਮਾਰਤ ਦੀ ਕਾਰ ਸੇਵਾ 1995-96 ਵਿਚ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੇ ਕਰਵਾਈ ਸੀ। ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਨਾਲ ਹੀ ਖਿਰਨੀ ਦਾ ਇਕ ਪੁਰਾਤਨ ਰੁੱਖ ਅਤੇ ਖੂਹ ਮੌਜੂਦ ਹੈ ਜਿਹੜਾ ਕਿ ਵਰਤੋਂ ਵਿਚ ਨਾ ਹੋਣ ਕਰਕੇ ਢੱਕਿਆ ਹੋਇਆ ਹੈ। 24 ਕਿੱਲੇ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ। ਗੁਰਦੁਆਰਾ ਸਾਹਿਬ ਦੇ ਨਾਲ ਹੀ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਸਕੂਲ ਵੀ ਚਲਾਇਆ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਪਮੌਰ : ਚੁੰਨੀ ਕਲਾਂ-ਮੋਰਿੰਡਾ ਸੜਕ 'ਤੇ ਚੁੰਨੀ ਕਲਾਂ ਤੋਂ 2 ਕਿਲੋਮੀਟਰ ਬਾਅਦ ਇਕ ਕਿਲੋਮੀਟਰ ਸੱਜੇ ਹੱਥ ਪਿੰਡ ਪਮੌਰ ਸਥਿਤ ਹੈ। ਦੱਸਿਆ ਜਾਂਦਾ ਹੈ ਕਿ ਗੁਰੂ ਤੇਗ ਬਹਦਾਰ ਜੀ ਨੇ ਇੱਥੇ ਸਾਈਂ ਫ਼ਜ਼ਲ ਸ਼ਾਹ ਨਾਲ ਵਿਚਾਰ-ਚਰਚਾ ਕੀਤੀ ਸੀ ਅਤੇ ਹਸਨਾ ਨਾਂ ਦੇ ਇਕ ਜੱਟ ਨੇ ਗੁਰੂ ਜੀ ਦੀ ਸੇਵਾ ਕੀਤੀ ਸੀ। ਗੁਰੂ ਜੀ ਨੇ ਇਸ ਨੂੰ 'ਹਸਨਾ ਖੁਲ ਕੇ ਬਸਨਾ' ਦਾ ਅਸ਼ੀਰਵਾਦ ਦਿੱਤਾ ਸੀ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ 1990 ਵਿਚ ਬਾਬਾ ਹਰਬੰਸ ਸਿੰਘ ਕਾਰ ਸੇਵਾ ਵਾਲਿਆਂ ਦੀ ਸੰਸਥਾ ਦੇ ਬਾਬਾ ਸੁਰਮੁਖ ਸਿੰਘ ਜੀ ਨੇ ਤਿਆਰ ਕਰਵਾਈ ਸੀ। ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਗੁਰਪੁਰਬ ਅਤੇ ਇਸ ਅਸਥਾਨ ਦੀ ਲੰਮਾ ਸਮਾਂ ਸੇਵਾ ਕਰਨ ਵਾਲੇ ਬਾਬਾ ਬੰਤਾ ਸਿੰਘ ਦੀ ਬਰਸੀ ਮਨਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ 2 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, 10 ਰਿਹਾਇਸ਼ੀ

1. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* 722.

ਕਮਰੇ ਆਦਿ ਬਣੇ ਹੋਏ ਹਨ। ਲਗ-ਪਗ 8 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਪਿੰਡ ਦੀ 11 ਮੈਂਬਰੀ ਕਮੇਟੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੀ ਹੈ। ਸ. ਬਲਕਾਰ ਸਿੰਘ ਇਸ ਦੇ ਪ੍ਰਧਾਨ ਹਨ।

ਬੱਸੀ ਪਠਾਣਾਂ : ਫ਼ਤਹਿਗੜ੍ਹ ਸਾਹਿਬ-ਮੋਰਿੰਡਾ ਸੜਕ 'ਤੇ ਫ਼ਤਹਿਗੜ੍ਹ ਤੋਂ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਨਗਰ ਦੀ ਸਥਾਪਨਾ ਇਕ ਪਠਾਣ ਮਲਿਕ ਨੇ 1540 ਵਿਚ ਕੀਤੀ ਸੀ ਜਿਹੜਾ ਕਿ ਸ਼ੇਰ ਸ਼ਾਹ ਸੂਰੀ ਦੇ ਸਮੇਂ ਇੱਥੇ ਆ ਵੱਸਿਆ ਸੀ। ਮਹਾਰਾਜਾ ਪਟਿਆਲਾ ਅਧੀਨ ਰਹੇ ਇਸ ਨਗਰ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ* ਸਸ਼ੋਭਿਤ ਹੈ। ਇਸ ਦੇ ਸਾਹਮਣੇ ਹੀ ਪੁਰਾਣੀ ਸੈਂਟਰਲ ਜ਼ੇਲ ਬਣੀ ਹੋਈ ਹੈ। ਜ਼ੇਲ ਦੇ ਸਾਹਮਣੇ ਜਿਹੜਾ ਗੁਰਧਾਮ ਮੌਜੂਦ ਹੈ ਉੱਥੋਂ ਦੀ ਰਵਾਇਤ ਦੱਸਦੀ ਹੈ ਕਿ 70-80 ਸਾਲ ਪਹਿਲਾਂ ਇਹ ਗੁਰਧਾਮ ਛੋਟੀ ਜਿਹੀ ਜਗ੍ਹਾ 'ਤੇ ਸੀ ਇਸ ਦੇ ਆਲੇ-ਦੁਆਲੇ ਦੇ ਘਰ ਖਰੀਦ ਕੇ ਇਸ ਨੂੰ ਖੁੱਲ੍ਹਾ ਕੀਤਾ ਗਿਆ ਹੈ। ਡਾ. ਫੌਜਾ ਸਿੰਘ ਦੱਸਦੇ ਹਨ ਕਿ ਪਹਿਲਾਂ ਇੱਥੇ ਕੱਚਾ ਕੋਠਾ ਹੁੰਦਾ ਸੀ। ਉਸ ਕੋਠੇ ਵਿਚ ਇੱਕ ਬੁੱਢਾ ਤਰਖਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦਾ ਸੀ। ਬਾਅਦ ਵਿਚ ਸਰਦਾਰ ਅੱਛਰਾ ਸਿੰਘ, ਸਰਦਾਰ ਬਲਦੇਵ ਸਿੰਘ ਜਵੰਦਾ, ਸਰਦਾਰ ਕਰਤਾਰ ਸਿੰਘ ਤੇ ਸਰਦਾਰ ਮੰਗਲ ਸਿੰਘ ਨੇ ਬੁੱਢੇ ਤਰਖਾਣ ਕੋਲੋਂ ਸਾਰਾ ਪ੍ਰਬੰਧ ਲੈ ਕੇ ਇੱਥੇ ਪੱਕਾ ਗੁਰਦੁਆਰਾ ਬਣਾ ਦਿੱਤਾ।[1] ਮੌਜੂਦਾ ਸਮੇਂ ਵਿਚ ਲਗ-ਪਗ ਅੱਧਾ ਏਕੜ ਵਿਚ ਦਰਬਾਰ ਹਾਲ, ਲੰਗਰ ਹਾਲ, ਗ੍ਰੰਥੀ ਸਿੰਘ ਦੀ ਰਿਹਾਇਸ਼ ਆਦਿ ਬਣੇ ਹੋਏ ਹਨ। ਸਥਾਨਿਕ 7 ਮੈਂਬਰੀ ਕਮੇਟੀ ਇਸ ਦਾ ਪ੍ਰਬੰਧ ਦੇਖਦੀ ਹੈ।

ਭਗੜਾਣਾ : ਇਹ ਪਿੰਡ ਰਾਜਪੁਰਾ ਤੋਂ ਲਗ-ਪਗ 20 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਪਟਿਆਲੇ ਤੋਂ ਜਖਵਾਲੀ, ਉਗਾਣੀ, ਚੱਕ, ਸਿੰਧੜਾਂ, ਬਡਾਲੀ ਮਾਈ ਕੀ ਆਦਿ ਪਿੰਡਾਂ ਵਿਚੋਂ ਹੋ ਕੇ ਇੱਥੇ ਪੁਜਿਆ ਜਾ ਸਕਦਾ ਹੈ ਅਤੇ ਰਾਜਪੁਰੇ ਵੱਲੋਂ ਵੀ ਸੰਗਤ ਇਸ ਪਿੰਡ ਵਿਖੇ ਦਰਸ਼ਨ ਕਰਨ ਲਈ ਆਉਂਦੀ ਹੈ। ਜਦੋਂ ਗੁਰੂ ਜੀ ਇਸ ਪਿੰਡ ਵਿਖੇ ਪੁੱਜੇ ਤਾਂ ਬਹੁਤ ਸਾਰੇ ਲੋਕ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਏ ਸਨ। ਇਹਨਾਂ ਵਿਚੋਂ ਭਾਈ ਅਮਰੂ ਅਤੇ ਭਾਈ ਦਿਆਲਾ ਦੋ ਮੁਖੀ ਸਿੱਖ ਸਾਹਮਣੇ ਆਏ ਜਿਨ੍ਹਾਂ ਨੇ ਗੁਰੂ ਜੀ ਦੀ ਯਾਦਗਾਰ ਸਥਾਪਿਤ ਕੀਤੀ। ਗੁਰੂ ਜੀ ਦੀ ਚਰਨ-ਛੋਹ ਪ੍ਰਾਪਤ ਇਹ ਅਸਥਾਨ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਂਵੀਂ* ਵਜੋਂ ਪ੍ਰਸਿੱਧ ਹੈ। ਪਟਿਆਲੇ ਦੇ ਮਹਾਰਾਜਾ ਕਰਮ ਸਿੰਘ ਨੇ ਇਸ ਜਗ੍ਹਾ ਇਕ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਸੀ। ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ ਭਗੜਾਣਾ, "ਰਿਆਸਤ ਪਟਿਆਲਾ, ਤਸੀਲ ਥਾਣਾ ਬਸੀ ਵਿਚ ਇਕ ਪਿੰਡ ਹੈ ਜੋ ਰੇਲਵੇ ਸਟੇਸ਼ਨ ਸਾਧੂਗੜ੍ਹ ਤੋਂ ਪੰਜ ਮੀਲ ਪੂਰਵ ਹੈ। ਇਸ ਪਿੰਡ ਤੋਂ ਦੱਖਣ ਵੱਲ ਅੱਧ ਮੀਲ ਦੇ ਕਰੀਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ, ਦਰਬਾਰ ਛੋਟਾ ਜਿਹਾ ਬਣਿਆ ਹੋਇਆ ਹੈ, ਪਾਸ ਰਿਹਾਇਸ਼ੀ ਮਕਾਨ ਬਹੁਤ ਹਨ। ਗੁਰਦੁਆਰੇ ਨਾਲ 250 ਵਿੱਘੇ ਜ਼ਮੀਨ ਰਿਆਸਤ ਵੱਲੋਂ ਹੈ। ਇਸ ਵੇਲੇ ਪੁਜਾਰਣ ਸਿੰਘਣੀ ਹੈ।"[2]

ਸਥਾਨਿਕ ਰਵਾਇਤ ਦੱਸਦੀ ਹੈ ਕਿ ਭਾਈ ਮਦਨ ਸਿੰਘ ਅਤੇ ਭਾਈ ਕੋਠਾ ਸਿੰਘ, ਭਾਈ ਦਿਆਲਾ ਦੇ ਪੁੱਤਰ ਸਨ ਜਿਹੜੇ ਕਿ ਚਮਕੌਰ ਸਾਹਿਬ ਦੇ ਯੁੱਧ ਵਿਚ ਸ਼ਹੀਦ ਹੋ ਗਏ ਸਨ। ਗੁਰਦੁਆਰਾ ਸਾਹਿਬ ਦੇ ਮੁੱਖ ਦਰਬਾਰ ਦੇ ਸਾਹਮਣੇ ਇਹਨਾਂ ਦੀ ਯਾਦ ਵਿਚ ਇਕ ਬੁੰਗਾ ਮੌਜੂਦ ਹੈ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਇੱਥੇ ਮੌਜੂਦ ਸਰੋਵਰ ਵਿਚ ਇਕ ਪੁਰਾਤਨ ਖੂਹ ਮੌਜੂਦ ਹੈ, ਸਰੋਵਰ ਦੀ ਉਸਾਰੀ ਸਮੇਂ ਇਸ ਨੂੰ ਸੁਰੱਖਿਅਤ ਰੱਖ ਲਿਆ ਗਿਆ ਸੀ। ਦੱਸਿਆ ਜਾਂਦਾ ਹੈ ਕਿ ਇਸ ਖੂਹ ਦਾ ਪਾਣੀ ਗੁਰੂ ਤੇਗ ਬਹਾਦਰ ਜੀ ਨੇ ਮਿੱਠਾ ਕੀਤਾ ਸੀ। ਵੱਡੀ ਗੱਲ ਇਹ ਹੈ ਕਿ ਆਸ-ਪਾਸ ਜਿੰਨੇ ਵੀ ਟਿਊਬਵੈਲ ਲੱਗੇ ਹੋਏ ਹਨ, ਸਾਰੇ ਹੀ ਬਹੁਤ ਡੂੰਘੇ ਹਨ ਪਰ ਇਸ ਖੂਹ ਦਾ ਪਾਣੀ ਹਾਲੇ

1. ਫੌਜਾ ਸਿੰਘ, *ਗੁਰੂ ਤੇਗ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ*, ਪੰਨਾ 36.
2. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, 903.

ਵੀ ਲਗ-ਪਗ 25-30 ਫੁੱਟ 'ਤੇ ਹੈ। ਲੰਗਰ ਦੇ ਨਾਂ 40 ਕਿਲ੍ਹੇ ਜ਼ਮੀਨ ਹੈ। ਮੌਜੂਦਾ ਇਮਾਰਤ ਦੀ ਉਸਾਰੀ ਪਟਿਆਲਾ ਦੇ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਨੇ ਕਰਵਾਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਬਹੇੜ : ਪੰਜਾਬ ਦੇ ਫ਼ਤਹਿਗੜ੍ਹ ਜ਼ਿਲੇ ਵਿਚ ਬੱਸੀ ਪਠਾਣਾਂ ਤੋਂ ਇਹ ਗੁਰਦੁਆਰਾ ਲਗ-ਪਗ 5 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪਿੰਡ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਸਥਾਨਿਕ ਪਰੰਪਰਾ ਅਨੁਸਾਰ ਬੱਸੀ ਪਠਾਣਾਂ ਤੋਂ ਗੁਰੂ ਜੀ ਇਸ ਪਿੰਡ ਵਿਖੇ ਆਏ ਸਨ ਅਤੇ ਇੱਥੇ ਉਹਨਾਂ ਨੇ ਇਕ ਮਾਤਾ ਦੇ ਪੁੱਤਰ ਨੂੰ ਸਿਹਤਯਾਬ ਕੀਤਾ ਸੀ। ਇੱਥੋਂ ਗੁਰੂ ਜੀ ਅੱਗੇ ਰੈਲੀ ਪਿੰਡ ਵਿਖੇ ਚਲੇ ਗਏ ਸਨ। ਲਗ-ਪਗ 5 ਕਿੱਲੇ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ। ਪਿੰਡ ਵਾਲਿਆਂ ਨੇ ਇੱਥੇ ਇਕ ਪੁਰਾਤਨ ਖੂਹੀ ਹੋਣ ਦਾ ਜ਼ਿਕਰ ਕੀਤਾ ਹੈ ਜਿਹੜੀ ਕਿ 2015 ਵਿਚ ਉਸਾਰੀ ਗਈ ਨਵੀਂ ਇਮਾਰਤ ਸਮੇਂ ਬੰਦ ਕਰ ਦਿੱਤੀ ਗਈ ਸੀ। ਪਿੰਡ ਦੀ ਸਥਾਨਿਕ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਮਕਾਰੋਂਪੁਰ : ਫ਼ਤਹਿਗੜ੍ਹ ਸਾਹਿਬ ਜ਼ਿਲੇ ਵਿਚ ਮੌਜੂਦ ਇਹ ਗੁਰਧਾਮ ਫ਼ਤਹਿਗੜ੍ਹ ਤੋਂ ਲਗ-ਪਗ 15 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਅਸਥਾਨ ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ ਪਰ ਇੱਥੇ ਸਸ਼ੋਭਿਤ ਗੁਰਧਾਮ *ਗੁਰਦੁਆਰਾ ਸਾਹਿਬ ਪਾਤਿਸ਼ਾਹੀ ਨੌਵੀਂ* ਵਜੋਂ ਪ੍ਰਸਿੱਧ ਹੈ। ਇਸ ਤੋਂ ਇਲਾਵਾ ਪਿੰਡ ਵਿਚ ਸ਼ਹੀਦ ਸਿੰਘਾਂ ਦੇ ਦੋ ਗੁਰਦੁਆਰਾ ਸਾਹਿਬ ਸਥਿਤ ਹਨ। ਦੱਸਿਆ ਜਾਂਦਾ ਹੈ ਕਿ ਇਹ ਦੋ ਗੁਰਦੁਆਰੇ ਪਿੰਡ ਦੇ ਉਹਨਾਂ ਦੋ ਸ਼ਹੀਦ ਸਿੰਘਾਂ ਦੀ ਯਾਦ ਵਿਚ ਬਣੇ ਹੋਏ ਹਨ ਜਿਹੜੇ ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿਚ ਸ਼ਾਮਲ ਹੋ ਕੇ ਸਰਹਿੰਦ ਦੇ ਯੁੱਧ ਵਿਚ ਸ਼ਹੀਦ ਹੋਏ ਸਨ।

ਨੰਦਪੁਰ, ਕਲੌੜ, ਰੈਲੋਂ ਹੁੰਦੇ ਹੋਏ ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਆਏ ਸਨ। ਇਸ ਪਿੰਡ ਦੇ ਵਸਨੀਕ ਮਾਤਾ ਮਾੜੀ ਅਤੇ ਇਸ ਦੇ ਪਤੀ ਬਾਬਾ ਰੂਪ ਚੰਦ ਨੇ ਇਹਨਾਂ ਦੀ ਸੇਵਾ ਕੀਤੀ ਸੀ। ਗੁਰੂ ਜੀ ਦੀ ਬਖ਼ਸ਼ਿਸ਼ ਸਦਕਾ ਇਹਨਾਂ ਦੇ ਘਰ ਸੱਤ ਪੁੱਤਰ ਪੈਦਾ ਹੋਏ ਪਰ ਕੇਵਲ ਇਕ ਪੁੱਤਰ ਦਾ ਵੰਸ਼ ਅੱਗੇ ਚੱਲਿਆ। ਇਸ ਪਰਿਵਾਰ ਦੇ ਵੰਸ਼ਜ ਸ. ਚਰਨਜੀਤ ਸਿੰਘ ਜੀ ਨੇ ਦੱਸਿਆ ਕਿ ਪਿੰਡ ਦੇ ਬਾਹਰ ਜਿਸ ਅਸਥਾਨ 'ਤੇ ਗੁਰੂ ਜੀ ਆ ਕੇ ਬੈਠੇ ਸਨ, ਉੱਥੇ *ਗੁਰਦੁਆਰਾ ਸਾਹਿਬ ਪਾਤਿਸ਼ਾਹੀ ਨੌਵੀਂ* ਸਸ਼ੋਭਿਤ ਹੈ ਜਿਸ ਨੂੰ ਵੱਡਾ ਗੁਰਦੁਆਰਾ ਸਾਹਿਬ ਵੀ ਕਿਹਾ ਜਾਂਦਾ ਹੈ। ਉੱਥੇ ਇਕ ਬੇਰੀ ਦੇ ਹੇਠਾਂ ਗੁਰੂ ਜੀ ਨੇ ਨਿਵਾਸ ਕੀਤਾ ਸੀ ਜਿਹੜੀ ਕਿ ਕੁੱਝ ਸਾਲ ਪਹਿਲਾਂ ਤੱਕ ਮੌਜੂਦ ਸੀ ਅਤੇ ਪਰਿਕਰਮਾ ਖੁੱਲ੍ਹੀ ਕਰਨ ਸਮੇਂ ਕੱਟ ਦਿੱਤੀ ਗਈ ਸੀ। ਮਾਤਾ ਮਾੜੀ ਅਤੇ ਭਾਈ ਰੂਪ ਚੰਦ ਦਾ ਘਰ ਪਿੰਡ ਵਿੱਚ ਸੀ ਅਤੇ ਗੁਰੂ ਸਾਹਿਬ ਇੱਥੇ 17 ਦਿਨ ਰਹੇ ਸਨ ਅਤੇ ਹੁਣ ਇੱਥੇ ਵੀ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ।

ਵੱਡੇ ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ 1995 ਵਿਚ ਬਾਬਾ ਹਰਬੰਸ ਸਿੰਘ ਜੀ ਦੀ ਸੰਸਥਾ ਦੇ ਬਾਬਾ ਬਲਬੀਰ ਸਿੰਘ ਜੀ ਨੇ ਤਿਆਰ ਕਰਵਾਈ ਸੀ। ਗੁਰਪੁਰਬਾਂ ਤੋਂ ਇਲਾਵਾ ਗੁਰੂ ਤੇਗ ਬਹਾਦਰ ਜੀ ਦੇ ਇਸ ਪਿੰਡ ਵਿਚ ਆਗਮਨ ਸੰਬੰਧੀ ਹਾੜ੍ਹ ਦੀ ਪੂਰਨਮਾਸੀ ਮਨਾਈ ਜਾਂਦੀ ਹੈ, ਭਾਰੀ ਜੋੜ-ਮੇਲ ਹੁੰਦਾ ਹੈ। ਲਗ-ਪਗ 2 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ, ਦਫ਼ਤਰ ਆਦਿ ਬਣੇ ਹੋਏ ਹਨ ਅਤੇ 22 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਪਿੰਡ ਵਿਖੇ ਮਾਤਾ ਮਾੜੀ ਦੇ ਘਰ ਦੀ ਜਗ੍ਹਾ 'ਤੇ ਜਿਹੜਾ ਗੁਰਦੁਆਰਾ ਸਾਹਿਬ ਸਸ਼ੋਭਿਤ ਹੈ ਉਹ 1975 ਦਾ ਬਣਿਆ ਹੋਇਆ ਹੈ। ਕਾਰ ਸੇਵਾ ਰਾਹੀਂ ਇਸ ਦੀ ਨਵੀਂ ਇਮਾਰਤ ਉਸਾਰੀ ਕਰਨ ਦੀ ਯੋਜਨਾ ਹੈ। ਇਹਨਾਂ ਦੋਵੇਂ ਗੁਰਧਾਮਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਐਕਟ ਦੀ

ਧਾਰਾ 87 ਅਧੀਨ ਕੀਤਾ ਜਾਂਦਾ ਹੈ। ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਲਗ-ਪਗ 300 ਮੀਟਰ 'ਤੇ ਬਾਬਾ ਰੂਪ ਚੰਦ ਦੀ ਸਮਾਧ ਹੈ ਜਿਸ ਦੀ ਸੇਵਾ-ਸੰਭਾਲ ਇਸ ਦੇ ਪਰਿਵਾਰ ਵੱਲੋਂ ਕੀਤੀ ਜਾਂਦੀ ਹੈ।

ਰੈਲੀ : ਸਰਹਿੰਦ-ਚੰਡੀਗੜ੍ਹ ਸੜਕ 'ਤੇ ਰਾਇਪੁਰ ਨੇੜੇ ਸਥਿਤ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਇਹ ਮੁਸਲਮਾਨਾਂ ਦਾ ਪਿੰਡ ਸੀ ਜਿਸ ਵਿਚ ਨਿਵਾਸ ਕਰਨ ਵਾਲੇ ਕੁਝ ਇਕ ਪਰਿਵਾਰਾਂ ਨੇ ਗੁਰੂ ਜੀ ਦੀ ਯਾਦ ਸੰਭਾਲ ਕੇ ਰੱਖੀ ਹੋਈ ਸੀ। 1947 ਵਿਚ ਮੁਸਲਮਾਨਾਂ ਦੇ ਪਲਾਇਣ ਕਰ ਜਾਣ ਉਪਰੰਤ ਇੱਥੇ ਸਿੱਖ ਪਰਿਵਾਰ ਆ ਵੱਸੇ ਸਨ ਜਿਨ੍ਹਾਂ ਨੇ ਇੱਥੇ ਇਕ ਇਮਾਰਤ ਉਸਾਰੀ ਕਰਵਾਈ ਸੀ। 2020 ਦੇ ਅਖ਼ੀਰ ਵਿਚ ਉਸਾਰੀ ਗਈ ਨਵੀਂ ਇਮਾਰਤ ਦੀ ਪਹਿਲੀ ਮੰਜ਼ਲ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਅਤੇ ਜ਼ਮੀਨੀ ਮੰਜ਼ਲ 'ਤੇ ਲੰਗਰ ਆਦਿ ਲਈ ਹਾਲ ਬਣਾਇਆ ਜਾ ਰਿਹਾ ਹੈ। ਪਿੰਡ ਦੀ 11 ਮੈਂਬਰੀ ਪ੍ਰਬੰਧਕ ਕਮੇਟੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੀ ਹੈ।

ਰੈਲੋਂ (ਰਾਇਲੋਂ) : ਫ਼ਤਹਿਗੜ੍ਹ ਜ਼ਿਲੇ ਵਿਚ ਸਥਿਤ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਬਾਉਲੀ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਜਿਸ ਛੱਪੜੀ ਵਿਚ ਗੁਰੂ ਜੀ ਨੇ ਚਰਨ ਪਾਏ ਸਨ, ਉੱਥੇ ਹੁਣ ਸਰੋਵਰ ਬਣਿਆ ਹੋਇਆ ਹੈ। ਪਹਿਲਾਂ ਇੱਥੇ ਇਕ ਉਦਾਸੀ ਸਾਧੂ ਨਿਵਾਸ ਕਰਦਾ ਸੀ ਜਿਸ ਤੋਂ ਪਿੰਡ ਵਾਲਿਆਂ ਨੇ ਪ੍ਰਬੰਧ ਲੈ ਕੇ ਸੇਵਾ ਅਰੰਭ ਕਰ ਦਿੱਤੀ। ਸਥਾਨਿਕ ਪਰੰਪਰਾ ਅਨੁਸਾਰ ਗੁਰੂ ਜੀ ਨੇ ਇਸ ਪਿੰਡ ਵਿਖੇ ਖ਼ਾਰਸ਼ ਦੀ ਬੀਮਾਰੀ ਦੂਰ ਕਰਨ ਦੇ ਨਾਲ-ਨਾਲ ਪਿੰਡ ਦੀ ਇਕ ਮਾਈ ਆਸੋ ਨੂੰ ਪੁੱਤਰ ਦੀ ਦਾਤ ਬਖ਼ਸ਼ਿਸ਼ ਕੀਤੀ ਸੀ। ਗੁਰੂ ਜੀ ਨੇ ਇੱਥੇ ਸਤਿਸੰਗਤ ਕਰਨ ਅਤੇ ਲੋੜਵੰਦਾਂ ਲਈ ਲੰਗਰ ਦਾ ਪ੍ਰਬੰਧ ਕਰਨ ਦਾ ਆਦੇਸ਼ ਕੀਤਾ। ਗੁਰੂ ਜੀ ਦੇ ਆਦੇਸ਼ ਦੀ ਪੂਰਤੀ ਲਈ ਇਕ ਗੁਰਸਿੱਖ ਭਾਈ ਭਗਤੂ ਨੇ 2 ਵਿੱਘੇ 9 ਵਿਸਵੇ ਜ਼ਮੀਨ ਗੁਰੂ-ਘਰ ਨੂੰ ਅਰਦਾਸ ਕਰਵਾਈ ਜਿੱਥੇ ਸੰਗਤ ਨਾਮ-ਬਾਣੀ ਦੇ ਅਭਿਆਸ ਲਈ ਜੁੜਨ ਲੱਗੀ। ਸੰਤ ਅਰਜਨ ਸਿੰਘ ਨੇ 1933 ਵਿਚ ਇਸ ਅਸਥਾਨ ਦੀ ਸੇਵਾ ਕਰਵਾਈ ਸੀ। ਇਸ ਦੀ ਜਗ੍ਹਾ ਨਵੀਂ ਇਮਾਰਤ ਦੀ ਉਸਾਰੀ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੇ 25-30 ਸਾਲ ਪਹਿਲਾਂ ਕਰਵਾਈ ਸੀ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪਿੰਡ ਦੀ ਕਮੇਟੀ ਦੁਆਰਾ ਕੀਤਾ ਜਾਂਦਾ ਹੈ।

ਬਠਿੰਡਾ

ਪੰਜਾਬ ਦਾ ਇਹ ਪੁਰਾਤਨ ਨਗਰ ਹੈ। ਕਿਹਾ ਜਾਂਦਾ ਹੈ ਕਿ ਭਟਨੇਰ ਦੇ ਰਾਜਾ ਭਾਟੀ ਰਾਉ ਨੇ ਇਸ ਨਗਰ ਦੀ ਸਥਾਪਨਾ ਕੀਤੀ ਸੀ। 1754 ਵਿਚ ਭਾਈ ਭਗਤੂ ਦੇ ਵੰਸ਼ਜ਼ ਭਾਈ ਗੁਰਬਖ਼ਸ਼ ਅਤੇ ਬਾਬਾ ਆਲਾ ਸਿੰਘ ਨੇ ਮਿਲ ਕੇ ਇਸ ਨੂੰ ਜਿੱਤ ਲਿਆ ਸੀ। ਪਟਿਆਲਾ ਦੇ ਮਹਾਰਾਜਾ ਅਮਰ ਸਿੰਘ ਦੇ ਸਮੇਂ ਇਹ ਨਗਰ ਪਟਿਆਲਾ ਰਿਆਸਤ ਦਾ ਹਿੱਸਾ ਬਣਿਆ ਅਤੇ ਭਾਰਤ-ਪਾਕਿ ਵੰਡ ਉਪਰੰਤ 1948 ਵਿਚ ਜ਼ਿਲੇ ਦਾ ਰੂਪ ਧਾਰਨ ਕਰ ਗਿਆ ਸੀ। ਇਸ ਜ਼ਿਲੇ ਵਿਚ ਗੁਰੂ ਤੇਗ ਬਹਾਦਰ ਜੀ ਦੇ ਇਹਨਾਂ ਚਰਨ-ਛੋਹ ਪ੍ਰਾਪਤ ਅਸਥਾਨਾਂ ਦੇ ਦਰਸ਼ਨ ਹੁੰਦੇ ਹਨ।

ਟਾਹਲਾ ਸਾਹਿਬ : ਤਲਵੰਡੀ ਸਾਬੋ-ਮੌੜ ਸੜਕ 'ਤੇ ਤਲਵੰਡੀ ਸਾਬੋ ਤੋਂ ਲਗ-ਪਗ 16 ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਮੌਜੂਦ ਹੈ। ਮੌੜ ਤੋਂ ਇਹ ਲਗ-ਪਗ 6-7 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਮੌੜ ਵਿਖੇ ਗੁਰੂ ਜੀ ਨੇ ਲਗ-ਪਗ 40 ਦਿਨ ਨਿਵਾਸ ਕੀਤਾ ਸੀ ਅਤੇ ਉਹ ਇੱਥੇ ਅਕਸਰ ਆ ਜਾਂਦੇ ਸਨ। ਇਕ ਦਿਨ ਗੁਰੂ ਜੀ ਟਾਹਲੀ ਦੀ ਦਾਤਣ ਕਰ ਰਹੇ ਸਨ ਤਾਂ ਇਹਨਾਂ ਨੇ ਉਹੀ ਦਾਤਣ ਇੱਥੇ ਜ਼ਮੀਨ ਵਿਚ ਗੱਡ ਦਿੱਤੀ ਜਿਸ ਤੋਂ ਟਾਹਲੀ ਦਾ ਰੁੱਖ ਫੁੱਟ ਨਿਕਲਿਆ। ਇੱਥੇ ਪਹਿਲਾਂ ਇਕ ਛੋਟਾ ਕਮਰਾ ਹੁੰਦਾ ਸੀ ਪਰ ਮੌਜੂਦਾ ਇਮਾਰਤ ਲਗ-ਪਗ 25 ਸਾਲ ਪਹਿਲਾਂ ਦੀ ਉਸਾਰੀ ਹੋਈ ਹੈ। ਟਾਹਲੀ ਦਾ ਰੁੱਖ ਹੁਣ ਨਹੀਂ ਹੈ ਪਰ ਇਸ ਦੀ ਲੱਕੜ ਦੇ ਬਣੇ ਹੋਏ ਪਾਵੇ ਸੰਭਾਲ ਕੇ ਰੱਖੇ ਹੋਏ ਹਨ। ਇਸ ਲੱਕੜ ਦੀ ਇਕ ਚੁਗਾਠ ਪੁਰਾਤਨ ਦਰਬਾਰ ਹਾਲ ਦੇ ਦਰਵਾਜ਼ੇ ਨੂੰ ਲੱਗੀ ਹੋਈ ਹੈ। ਜਿਸ ਅਸਥਾਨ 'ਤੇ ਟਾਹਲੀ ਦਾ ਰੁੱਖ ਸੀ ਉੱਥੇ ਹੁਣ ਛੋਟਾ ਨਿਸ਼ਾਨ ਸਾਹਿਬ ਲਗਾਇਆ ਹੋਇਆ ਹੈ। ਲਗ-ਪਗ 2 ਏਕੜ ਜ਼ਮੀਨ 'ਤੇ

ਦਰਬਾਰ ਹਾਲ, ਲੰਗਰ ਹਾਲ, ਸਰੋਵਰ ਆਦਿ ਬਣੇ ਹੋਏ ਹਨ। ਸਰੋਵਰ ਦੇ ਨਾਲ ਹੀ ਇਕ ਪੁਰਾਤਨ ਖੂਹ ਮੌਜੂਦ ਹੈ। ਦਰਬਾਰ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ।

ਇਹ ਪਿੰਡ ਰਾਜਗੜ੍ਹ ਕੁੱਬੇ ਵਿਚੋਂ ਆਬਾਦ ਹੋਇਆ ਹੈ ਅਤੇ ਉੱਥੋਂ ਦਾ ਗ੍ਰੰਥੀ ਸ. ਸੁਖਦੇਵ ਸਿੰਘ ਇੱਥੇ ਸੇਵਾ ਕਰਨ ਲਈ ਆਉਂਦਾ ਹੈ। ਇਸ ਨੇ ਦੱਸਿਆ ਕਿ ਟਾਹਲਾ ਸਾਹਿਬ ਵਿਚ ਲਗ-ਪਗ 50 ਘਰ ਹਨ ਅਤੇ ਇਹ ਸਾਰਾ ਪਿੰਡ ਹੀ ਪਾਠੀਆਂ ਦਾ ਹੈ। ਨੌਜਵਾਨ ਅਤੇ ਬਜ਼ੁਰਗ ਪਾਠ ਕਰਨ ਵਿਚ ਵਿਸ਼ੇਸ਼ ਰੁਚੀ ਰੱਖਦੇ ਹਨ। ਤਿੰਨ ਮੈਂਬਰੀ ਕਮੇਟੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੀ ਹੈ। ਇਸ ਕਮੇਟੀ ਦੀ ਦੇਖ-ਰੇਖ ਅਧੀਨ ਪਿੰਡ ਦਾ ਹਰ ਇਕ ਪਰਿਵਾਰ ਵਾਰੀ ਸਿਰ ਇਕ ਮਹੀਨੇ ਲਈ ਇਸ ਗੁਰਧਾਮ ਦੀ ਸੇਵਾ ਕਰਦਾ ਹੈ ਅਤੇ ਨਾਲ ਹੀ ਉਸ ਮਹੀਨੇ ਵਿਚ ਹੋਣ ਵਾਲੇ ਸਾਰੇ ਖਰਚ ਦੀ ਜ਼ਿੰਮੇਵਾਰੀ ਲੈਂਦਾ ਹੈ।

ਡਿੱਖ : ਬਠਿੰਡਾ ਜ਼ਿਲੇ ਵਿਚ ਬਠਿੰਡਾ-ਬਰਨਾਲਾ ਸੜਕ 'ਤੇ ਪੈਂਦੇ ਰਾਮਪੁਰਾ ਫੂਲ ਤੋਂ ਇਹ ਪਿੰਡ ਲਗ-ਪਗ 13 ਕਿਲੋਮੀਟਰ ਮੌੜ ਵਾਲੇ ਪਾਸੇ ਹੈ। ਗੁਰੂ ਤੇਗ ਬਹਾਦਰ ਜੀ ਦੇ ਇਸ ਪਿੰਡ ਵਿਖੇ ਆਗਮਨ ਸੰਬੰਧੀ ਜਾਣਕਾਰੀ ਦਿੰਦੇ ਹੋਏ *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ* ਵਿਚ ਦੱਸਿਆ ਗਿਆ ਹੈ ਕਿ ਗੁਰੂ ਜੀ ਨੇ ਧੌਲੇ, ਸੋਹੀਵਾਲ, ਢਿਲਵਾਂ ਤੋਂ "ਅਗੇ ਡੇਰਾ ਡਿਖੀ ਕੀਤਾ। ਫਿਰ ਸਿਖ ਨੇ ਕਹਾ: ਜੀ ਡੇਰਾ ਅੰਦਰ ਨਗਰੀ ਵਿਚ ਸਾਡੇ ਘਰ ਕਰੀਏ। ਭਾਉ ਕਰਕੇ ਅੰਦਰ ਲੈ ਗਇਆ। ਉਸ ਦੇ ਉਲਾਦ ਨਹੀਂ ਸੀ। ਗੁਰੂ ਕੇ ਬਚਨ ਕਰਕੇ ਉਸ ਦੇ ਉਲਾਦ ਹੋਈ। ਗੁਰੂ ਕੇ ਬਹੁਤ ਚਿਰ ਰਖੇ। ਸਿਖ ਹੋਏ।"[1] ਸਥਾਨਿਕ ਰਵਾਇਤ ਹੈ ਕਿ ਪਿੰਡ ਦੀ ਇਕ ਮਾਈ ਗੁਰੂ ਜੀ ਲਈ ਦੁੱਧ ਲੈ ਕੇ ਆਈ, ਉਸ ਦੇ ਨਾਲ ਉਸ ਦੀ 4-5 ਸਾਲ ਦੀ ਬੇਟੀ ਵੀ ਸੀ। ਗੁਰੂ ਜੀ ਨੇ ਕੁੱਝ ਮੰਗਣ ਲਈ ਕਿਹਾ ਤਾਂ ਉਸ ਨੇ ਕਿਹਾ ਕਿ ਮੇਰੇ ਘਰ ਕੋਈ ਬੇਟਾ ਨਹੀਂ ਹੈ। ਗੁਰੂ ਜੀ ਨੇ ਉਸ ਦੇ ਘਰ ਚਾਰ ਪੁੱਤਰ ਹੋਣ ਦਾ ਅਸ਼ੀਰਵਾਦ ਦਿੱਤਾ।

ਜਿਸ ਅਸਥਾਨ 'ਤੇ ਆ ਕੇ ਗੁਰੂ ਜੀ ਨੇ ਡੇਰਾ ਕੀਤਾ ਸੀ ਉੱਥੇ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਇਸ ਅਸਥਾਨ 'ਤੇ ਬਾਬਾ ਕ੍ਰਿਪਾਲ ਸਿੰਘ ਜੀ ਕਿਸ਼ਨਗੜ੍ਹ ਛੰਨਾ, ਲੁਧਿਆਣਾ ਵਾਲੇ ਆਏ ਤਾਂ ਉਹਨਾਂ ਨੇ ਇਕ ਟਿੱਬੇ ਵਿਚੋਂ ਇੱਟਾਂ ਅਤੇ ਚੂਨੇ ਦਾ ਬਣਿਆ ਹੋਇਆ ਇਕ ਮੰਜੀ ਸਾਹਿਬ ਲੱਭਿਆ ਜਿੱਥੇ ਉਹਨਾਂ ਨੇ 1996 ਬਿਕਰਮੀ (ਸੰਨ 1939) ਨੂੰ ਨਵੇਂ ਦਰਬਾਰ ਹਾਲ ਦੀ ਉਸਾਰੀ ਕਰਵਾਈ। ਡਾ. ਫੌਜਾ ਸਿੰਘ ਦੱਸਦੇ ਹਨ ਕਿ ਇਸ ਪਿੰਡ ਵਿਚ ਗੜੇਮਾਰੀ ਬਹੁਤ ਹੁੰਦੀ ਸੀ ਅਤੇ 1917 ਵਿਚ ਇਕ ਦਿਨ ਇੱਥੋਂ ਦਾ ਨੰਬਰਦਾਰ ਸ. ਲੀਕਲ ਸਿੰਘ ਕਿਸੇ ਕੰਮ ਮਾਨਸਾ ਗਿਆ ਹੋਇਆ ਸੀ। ਇਹ ਨਾਲ ਦੇ ਜ਼ਿੰਮੀਦਾਰਾਂ ਨਾਲ ਪਿੰਡ ਵਿਚ ਹੁੰਦੀ ਗੜ੍ਹੇਮਾਰੀ ਬਾਰੇ ਗੱਲਾਂ ਕਰ ਰਿਹਾ ਸੀ ਕਿ ਕੋਲ ਬੈਠੇ ਇਕ ਰਮਤੇ ਸਾਧੂ ਨੇ ਉਹਨਾਂ ਦੀ ਵਿਚਾਰ-ਚਰਚਾ ਸੁਣ ਕੇ ਕਿਹਾ ਕਿ ਤੁਹਾਡੇ ਪਿੰਡ ਗੁਰੂ ਤੇਗ ਬਹਾਦਰ ਜੀ ਆਏ ਸਨ, ਤੁਸੀਂ ਉਹਨਾਂ ਦੀ ਮੰਜੀ ਸਾਹਿਬ ਆਬਾਦ ਨਹੀਂ ਕੀਤੀ ਇਸੇ ਲਈ ਗੜ੍ਹੇਮਾਰੀ ਹੁੰਦੀ ਹੈ। ਰਮਤੇ ਸਾਧੂ ਦੀ ਦੱਸੀ ਹੋਈ ਨਿਸ਼ਾਨੀ 'ਤੇ ਪਿੰਡ ਵਾਸੀਆਂ ਨੇ ਟਿੱਬੇ ਦਾ ਰੇਤਾ ਹਟਾਉਣ ਦਾ ਯਤਨ ਕੀਤਾ ਤਾਂ ਹੇਠੋਂ ਪੁਰਾਤਨ ਮੰਜੀ ਸਾਹਿਬ ਪ੍ਰਗਟ ਹੋ ਗਿਆ। ਪਿੰਡ ਵਾਲਿਆਂ ਨੇ ਨਵੇਂ ਦਰਬਾਰ ਸਾਹਿਬ ਦੀ ਉਸਾਰੀ ਕਰਵਾਈ ਸੀ।[2]

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਦੀ ਸੇਵਾ ਬਾਬਾ ਗੁਰਦਿਆਲ ਸਿੰਘ ਨੇ 2001 ਵਿਚ ਕਰਵਾਈ ਸੀ। ਦਰਬਾਰ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਦੇ ਹੇਠਾਂ ਪੁਰਾਤਨ ਮੰਜੀ ਸਾਹਿਬ ਨੂੰ ਟਾਈਲਾਂ ਅਤੇ ਸੰਗਮਰਮਰ ਲਗਾ ਨਵੀਂ ਦਿੱਖ ਪ੍ਰਦਾਨ ਕੀਤੀ ਗਈ ਹੈ। ਲਗ-ਪਗ 3 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਅਜਾਇਬ-ਘਰ ਆਦਿ ਬਣੇ ਹੋਏ ਹਨ। ਇਸ ਤੋਂ ਇਲਾਵਾ 9 ਏਕੜ ਵਾਹੀ ਯੋਗ ਜ਼ਮੀਨ

---

1. *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ*, ਸਾਖੀ 8, ਪੰਨਾ 12.
2. ਫੌਜਾ ਸਿੰਘ, *ਗੁਰੂ ਤੇਗ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ*, ਪੰਨਾ 127.

ਗੁਰਦੁਆਰਾ ਸਾਹਿਬ ਦੇ ਨਾਂ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਕ ਸਥਾਨਿਕ ਕਮੇਟੀ ਰਾਹੀਂ ਇਸ ਗੁਰਧਾਮ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਢੱਡੇ : ਬਠਿੰਡਾ ਜ਼ਿਲੇ ਵਿਚ ਇਹ ਗੁਰਧਾਮ ਡਿੱਖ ਤੋਂ ਲਗ-ਪਗ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਡਿੱਖ ਤੋਂ ਮਾਈਸਰ ਖ਼ਾਨੇ ਜਾਂਦੇ ਹੋਏ ਗੁਰੂ ਤੇਗ ਬਹਾਦਰ ਜੀ ਕੁੱਝ ਸਮੇਂ ਲਈ ਢੱਡੇ ਪਿੰਡ ਦੀ ਢਾਬ ਵਿਖੇ ਰੁਕੇ ਸਨ ਜਿੱਥੇ ਇਹਨਾਂ ਦੀ ਯਾਦ ਵਿਚ *ਗੁਰਦੁਆਰਾ ਗੁਰੂਸਰ ਪਾਤਸਾਹੀ ਨੌਵੀਂ* ਸਸ਼ੋਭਿਤ ਹੈ। ਗੁਰਦੁਆਰਾ ਸਾਹਿਬ ਦੀ ਪੁਰਾਤਨ ਇਮਾਰਤ 1953 ਵਿਚ ਉਸਾਰੀ ਗਈ ਸੀ। ਪੁਰਾਣੇ ਦਰਬਾਰ ਹਾਲ ਦੇ ਨੇੜੇ ਹੀ ਮੌਜੂਦਾ ਇਮਾਰਤ ਬਾਬਾ ਕਸ਼ਮੀਰ ਸਿੰਘ ਜੀ ਯਮੁਨਾ ਨਗਰ ਵਾਲਿਆਂ ਨੇ 2004 ਵਿਚ ਉਸਾਰੀ ਹੈ। ਇਸ ਅਸਥਾਨ 'ਤੇ ਪਿੱਪਲ, ਬੋਹੜ ਅਤੇ ਨਿੰਮ ਇਕੋ ਥਾਂ 'ਤੇ ਉੱਗੇ ਹੋਏ ਹਨ। ਦਰਬਾਰ ਹਾਲ ਸਮੇਤ ਗੁਰਦੁਆਰਾ ਸਾਹਿਬ ਦੀ 64 ਕਨਾਲ ਜ਼ਮੀਨ ਹੈ। ਪੰਜ ਮੈਂਬਰੀ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਤਲਵੰਡੀ ਸਾਬੋ : ਬਠਿੰਡਾ ਜ਼ਿਲੇ ਵਿਚ ਮੌਜੂਦ ਇਸ ਨਗਰ ਨੂੰ ਦਮਦਮਾ ਸਾਹਿਬ ਵੀ ਕਹਿੰਦੇ ਹਨ। ਸਿੱਖਾਂ ਦੇ ਪੰਜਵੇਂ ਤਖ਼ਤ ਵਜੋਂ ਮਾਨਤਾ ਪ੍ਰਾਪਤ ਇਹ ਅਸਥਾਨ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਅਤੇ ਬਾਬਾ ਦੀਪ ਸਿੰਘ ਜੀ ਦੁਆਰਾ ਇੱਥੇ ਚਲਾਈ ਗਈ ਵਿੱਦਿਆ ਦੀ ਟਕਸਾਲ ਸਿੱਖ ਇਤਿਹਾਸ ਦੇ ਗੌਰਵਮਈ ਪੰਨੇ ਹਨ। ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਅਸਥਾਨਾਂ ਦੀ ਸੇਵਾ-ਸੰਭਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬੁੰਗਾ ਮਸਤੂਆਣਾ ਵਾਲਿਆਂ ਵੱਲੋਂ ਕੀਤੀ ਜਾ ਰਹੀ ਹੈ।

1. **ਗੁਰਦੁਆਰਾ ਨਿਵਾਸ ਅਸਥਾਨ ਦਮਦਮਾ ਸਾਹਿਬ :** ਤਲਵੰਡੀ ਸਾਬੋ ਵਿਖੇ ਇਹ ਗੁਰੂ ਗੋਬਿੰਦ ਸਿੰਘ ਜੀ ਦਾ ਨਿਵਾਸ ਅਸਥਾਨ ਹੈ। ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਆਏ ਤਾਂ ਬਚਨ ਕੀਤਾ ਕਿ ਭਵਿੱਖ ਵਿਚ ਇੱਥੇ ਸੁੰਦਰ ਅਸਥਾਨ ਬਣੇਗਾ। *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ* ਵਿਚ ਗੁਰੂ ਜੀ ਦੇ ਇਹਨਾਂ ਬਚਨਾਂ ਦਾ ਵਿਸਤਾਰ ਕਰਦੇ ਹੋਏ ਦੱਸਿਆ ਗਿਆ ਹੈ, 'ਅਗੇ ਡੇਰਾ ਤਲਵੰਡੀ ਹੋਇਆ। ਗੁਰੂ ਜੀ ਜਾਇ ਉਤਰੇ। ਇਕ ਬਡਾ ਬਰਮੀ ਕਾ ਬੁਰਜ ਥੀ, ਤਿਸ ਨੂੰ ਨਮਸਕਾਰ ਕੀਤੀ ! ਸਿਖਾਂ ਬਚਨ ਕੀਤਾ 'ਜੀ ਗਰੀਬ ਨਿਵਾਜ ! ਏਥੇ ਤਾਂ ਕੋਈ ਅਸਥਾਨ ਨਹੀਂ, ਆਪ ਨੇ ਕਾਸ ਨੂੰ ਮੱਥਾ ਟੇਕਿਆ ? ਗੁਰੂ ਜੀ ਬਚਨ ਕੀਤਾ : ਇੱਥੇ ਬਡਾ ਅਸਥਾਨ ਬਣੂਗਾ, ਨੌਂ ਨੇਜੇ ਉਚਾ ਦਮਦਮਾ ਹੋਉ, ਸੁਰਨ ਕੇ ਕਲਸ ਹੋਣਗੇ।'[1] ਗੁਰੂ ਗੋਬਿੰਦ ਸਿੰਘ ਜੀ ਇਸ ਅਸਥਾਨ 'ਤੇ ਆਏ ਤਾਂ ਉਹਨਾਂ ਨੇ ਇਸ ਅਸਥਾਨ 'ਤੇ ਨਿਵਾਸ ਕੀਤਾ ਸੀ। ਮੌਜੂਦਾ ਸਮੇਂ ਵਿਚ ਇਸ ਬਹੁ-ਮੰਜਲੀ ਅੱਠ ਕੋਣੀ ਇਮਾਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ।
2. **ਗੁਰਦੁਆਰਾ ਮੰਜੀ ਸਾਹਿਬ :** ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਬਾਹਰ ਇਸ ਅੱਠ ਕੋਣੇ ਬੁੰਗੇ ਨੂੰ *ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਕਿਹਾ ਜਾਂਦਾ ਹੈ। ਇਹ ਅਸਥਾਨ ਗੁਰੂ ਤੇਗ ਬਹਾਦਰ ਜੀ ਦੇ ਨਿਵਾਸ ਅਸਥਾਨ ਦੀ ਯਾਦ ਦਿਵਾਉਂਦਾ ਹੈ।
3. **ਗੁਰਦੁਆਰਾ ਮੰਜੀ ਸਾਹਿਬ ਗੁਰੂਸਰ ਪਾਤਸ਼ਾਹੀ 9 ਅਤੇ 10 :** ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਲਗ-ਪਗ 150 ਮੀਟਰ ਪਿਛਲੇ ਪਾਸੇ ਇਹ ਅਸਥਾਨ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਦਿਵਾਉਂਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਇਸ ਅਸਥਾਨ 'ਤੇ ਬੈਠ ਕੇ ਨਾਲ ਲੱਗਦੇ ਸਰੋਵਰ ਦੀ ਆਪਣੇ ਦੋਸ਼ਾਲੇ ਨਾਲ ਗਾਰ ਕੱਢੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਢਾਲ ਨਾਲ ਗਾਰ ਕੱਢ ਕੇ ਇਸ ਦੇ ਪਾਣੀ ਨੂੰ ਸਾਫ਼ ਕੀਤਾ ਸੀ। ਇਸ ਸਰੋਵਰ ਨੂੰ ਪੱਕਾ ਕਰਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਗਿਆਨੀ ਠਾਕਰ ਸਿੰਘ ਦੱਸਦੇ ਹਨ,

1. *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ,* ਸਾਖੀ 8, ਪੰਨਾ 20.

"ਇਸ ਤਲਾਬ ਦੀ ਗੁਰੂ-ਘਰ ਦੇ ਪਰਮ ਪ੍ਰੇਮੀ ਸਰਦਾਰ ਬਦਨ ਸਿੰਘ ਰਈਸ ਮਲੌਦ ਨੇ ਪੱਕਾ ਕਰਨ ਦੀ ਸੰਮਤ 1965 (ਸੰਨ 1908) ਵਿਚ ਸੇਵਾ ਕਰਾਈ। ਇਹ ਰਿਆਸਤ ਜ਼ਿਲ੍ਹਾ ਲੁਧਿਆਣੇ ਵਿੱਚ ਹੈ, ਪੁਜਾਰੀ ਸਿੱਖ ਹਨ।"[1] ਜਿਸ ਬੇਰੀ ਹੇਠ ਗੁਰੂ ਸਾਹਿਬਾਨ ਬੈਠੇ ਸਨ ਉਸ ਦੇ ਤਣੇ ਨੂੰ ਭੋਰੇ ਵਿਚ ਸੰਭਾਲ ਕੇ ਰੱਖਿਆ ਹੋਇਆ ਹੈ। ਸੰਤ ਸੇਵਕ ਜਥਾ ਬੁੰਗਾ ਮਸਤੂਆਣਾ ਇਸ ਦੀ ਸੇਵਾ-ਸੰਭਾਲ ਕਰ ਰਿਹਾ ਹੈ। ਇਸ ਅਸਥਾਨ ਨੂੰ *ਗੁਰਦੁਆਰਾ ਮੰਜੀ ਸਾਹਿਬ ਗੁਰੂਸਰ ਪਾਤਸ਼ਾਹੀ 9 ਅਤੇ 10* ਨਾਲ ਯਾਦ ਕੀਤਾ ਜਾਂਦਾ ਹੈ। ਸੰਗਮਰਮਰ ਦੀ ਜਿਸ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ ਉਹ 12 ਜੁਲਾਈ 1968 ਦੀ ਬਣੀ ਹੋਈ ਹੈ।

ਮਾਈਸਰ ਖ਼ਾਨਾ : ਬਠਿੰਡਾ ਜ਼ਿਲੇ ਦਾ ਇਹ ਪਿੰਡ ਮੌੜ-ਬਠਿੰਡਾ ਸੜਕ 'ਤੇ ਮੌੜ ਕਲਾਂ ਦੇ ਇਤਿਹਾਸਿਕ ਗੁਰਧਾਮ ਤੋਂ ਲਗ-ਪਗ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਡਿੱਖ ਤੋਂ ਢੱਡੇ ਹੁੰਦੇ ਹੋਏ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਸਨ। ਗੁਰੂ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ ਜਿਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਕੀਤਾ ਜਾਂਦਾ ਹੈ।

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਲਗ-ਪਗ 15 ਸਾਲ ਪਹਿਲਾਂ ਕਾਰ-ਸੇਵਾ ਰਾਹੀਂ ਤਿਆਰ ਕਰਵਾਈ ਗਈ ਸੀ। ਪੁਰਾਤਨ ਭੋਰਾ ਸਾਹਿਬ ਵੀ ਸੰਭਾਲ ਕੇ ਰੱਖਿਆ ਹੋਇਆ ਹੈ ਜਿੱਥੇ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ ਪਰ ਸੰਗਮਰਮਰ ਲਗਾ ਕੇ ਇਸ ਨੂੰ ਨਵੀਂ ਦਿੱਖ ਪ੍ਰਦਾਨ ਕਰ ਦਿੱਤੀ ਗਈ ਹੈ। ਲਗ-ਪਗ ਡੇਢ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, 8 ਰਿਹਾਇਸ਼ੀ ਕਮਰੇ ਬਣੇ ਹੋਏ ਹਨ ਅਤੇ 6 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਹੋਈ ਹੈ।

ਮੌੜ ਕਲਾਂ : ਬਠਿੰਡਾ ਜ਼ਿਲੇ ਵਿਚ ਇਹ ਨਗਰ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਲਗ-ਪਗ 25 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਭੀਖੀ, ਖਿਆਲਾ ਆਦਿ ਪਿੰਡਾਂ ਦੀ ਯਾਤਰਾ ਕਰਦੇ ਹੋਏ ਇਸ ਪਿੰਡ ਵਿਚ ਪ੍ਰਵੇਸ਼ ਕੀਤੇ ਸਨ। ਉਸ ਸਮੇਂ ਇੱਥੇ ਭਾਰੀ ਜੰਗਲ ਸੀ ਅਤੇ ਗੁਰੂ ਜੀ ਨੇ ਜੰਡ ਦੇ ਇਕ ਰੁੱਖ ਹੇਠਾਂ ਡੇਰਾ ਕੀਤਾ। ਪਿੰਡ ਵਾਲਿਆਂ ਨੇ ਬੇਨਤੀ ਕੀਤੀ ਕਿ ਇੱਥੇ ਇਕ ਦੇਉ ਰਹਿੰਦਾ ਹੈ ਅਤੇ ਜਿਹੜਾ ਇਸ ਰੁੱਖ ਹੇਠਾਂ ਨਿਵਾਸ ਕਰਦਾ ਹੈ, ਉਸ ਨੂੰ ਮਾਰ ਦਿੰਦਾ ਹੈ। ਗੁਰੂ ਜੀ ਨੇ ਬਚਨ ਕੀਤਾ ਕਿ ਅਸੀਂ ਦੇਉ ਨੂੰ ਇੱਥੋਂ ਕੱਢ ਦੇਵਾਂਗੇ। ਗੁਰੂ ਜੀ ਅਤੇ ਉਹਨਾਂ ਦੇ ਸਿੱਖਾਂ ਨੇ ਕਈ ਦਿਨ ਜੰਡ ਦੇ ਰੁੱਖ ਹੇਠਾਂ ਨਿਵਾਸ ਕੀਤਾ ਪਰ ਕਿਸੇ ਦਾ ਕੋਈ ਨੁਕਸਾਨ ਨਹੀਂ ਹੋਇਆ। ਕਿਹਾ ਜਾਂਦਾ ਹੈ ਕਿ ਗੁਰੂ ਜੀ ਦੇ ਆਦੇਸ਼ ਅਨੁਸਾਰ ਉਹ ਦੇਉ ਬਠਿੰਡੇ ਦੇ ਕਿਲ੍ਹੇ ਵਿਚ ਚਲਾ ਗਿਆ ਸੀ ਜਿਸ ਨੂੰ ਉੱਥੋਂ ਗੁਰੂ ਗੋਬਿੰਦ ਸਿੰਘ ਜੀ ਨੇ ਕੱਢ ਕੇ ਸਰਹਿੰਦ ਵੱਲ ਭੇਜ ਦਿੱਤਾ ਸੀ।

ਆਲੇ-ਦੁਆਲੇ ਦੇ ਇਲਾਕੇ ਵਿਚ ਗੁਰੂ ਜੀ ਦੀ ਮਹਿਮਾ ਹੋ ਗਈ। ਜਦੋਂ ਗੁਰੂ ਜੀ ਇੱਥੋਂ ਅੱਗੇ ਚਲੇ ਗਏ ਤਾਂ ਪਿੰਡ ਵਾਲਿਆਂ ਨੇ ਗੁਰੂ ਜੀ ਦੀ ਯਾਦਗਾਰ ਕਾਇਮ ਕਰ ਦਿੱਤੀ ਜਿਹੜੀ ਕਿ *ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਪਾਤਸ਼ਾਹੀ ਨੌਵੀਂ* ਦੇ ਰੂਪ ਵਿਚ ਮੌਜੂਦ ਹੈ। ਮਹੰਤ ਬਸੰਤ ਸਿੰਘ (1924-1978) ਨੇ ਲਗ-ਪਗ 27 ਸਾਲ ਇਸ ਗੁਰਧਾਮ ਦੀ ਸੇਵਾ-ਸੰਭਾਲ ਕੀਤੀ। ਇਸ ਤੋਂ ਪਿੱਛੋਂ ਇਸ ਦਾ ਛੋਟਾ ਭਰਾ ਮਹੰਤ ਪ੍ਰੀਤਮ ਸਿੰਘ ਇਸ ਗੁਰਧਾਮ ਦੀ ਸੇਵਾ ਕਰਦਾ ਰਿਹਾ। 2006 ਵਿਚ ਪਿੰਡ ਵਾਲਿਆਂ ਨੇ ਇਸ ਤੋਂ ਗੁਰਧਾਮ ਦਾ ਪ੍ਰਬੰਧ ਵਾਪਸ ਆਪਣੇ ਹੱਥਾਂ ਵਿਚ ਲੈ ਲਿਆ ਅਤੇ ਹੁਣ 11 ਮੈਂਬਰੀ ਕਮੇਟੀ ਇਸ ਦੀ ਸੇਵਾ-ਸੰਭਾਲ ਕਰਦੀ ਹੈ। ਇਸ ਤੋਂ ਇਲਾਵਾ 51 ਮੈਂਬਰੀ ਸਲਾਹਕਾਰ ਕਮੇਟੀ ਵੀ ਬਣੀ ਹੋਈ ਹੈ ਜਿਸ ਦੀ ਸਹਿਮਤੀ ਨਾਲ ਗੁਰਧਾਮ ਨਾਲ ਸੰਬੰਧਿਤ ਮਹੱਤਵਪੂਰਨ ਫੈਸਲੇ ਲਏ ਜਾਂਦੇ ਹਨ।

1. ਗਿਆਨੀ ਠਾਕਰ ਸਿੰਘ, *ਸ੍ਰੀ ਗੁਰਦੁਆਰੇ ਦਰਸ਼ਨ,* ਪੰਨਾ 177.

12 ਏਕੜ ਵਿਚ ਦਰਬਾਰ ਹਾਲ, ਲੰਗਰ ਹਾਲ, ਸੰਗਤ ਦੀ ਰਿਹਾਇਸ਼ ਲਈ ਲਗ-ਪਗ 20 ਕਮਰੇ ਅਤੇ ਮੁਲਾਜ਼ਮਾਂ ਲਈ ਵੱਖਰੇ 10 ਕਮਰੇ ਬਣੇ ਹੋਏ ਹਨ। ਇਸ ਤੋਂ ਇਲਾਵਾ ਲਗ-ਪਗ 120 ਏਕੜ ਵਾਹੀ ਯੋਗ ਜ਼ਮੀਨ ਹੈ ਜਿਹੜੀ ਕਿ ਠੇਕੇ 'ਤੇ ਦਿੱਤੀ ਹੋਈ ਹੈ। ਪੁਰਾਤਨ ਮੰਜੀ ਸਾਹਿਬ ਸੁਰੱਖਿਅਤ ਹੈ ਅਤੇ ਇਸ ਦੇ ਨੇੜੇ ਹੀ ਇਕ ਦਰਬਾਰ ਹਾਲ ਬਣਿਆ ਹੋਇਆ ਹੈ। ਲਗ-ਪਗ ਇਕ ਏਕੜ ਵਿਚ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਉਸਾਰੀ ਜਾ ਰਹੀ ਹੈ ਜਿਸ ਦੇ ਹੇਠਾਂ ਦੀਵਾਨ ਹਾਲ ਅਤੇ ਉਪਰ ਦਰਬਾਰ ਹਾਲ ਬਣਾਇਆ ਜਾ ਰਿਹਾ ਹੈ। ਗੁਰਪੁਰਬਾਂ ਤੋਂ ਇਲਾਵਾ ਇੱਥੇ ਪੂਰਨਮਾਸੀ ਮਨਾਈ ਜਾਂਦੀ ਹੈ।

ਬਰਨਾਲਾ

ਇਹ ਨਗਰ ਬਾਬਾ ਆਲਾ ਸਿੰਘ ਦੀ ਰਾਜਧਾਨੀ ਸੀ ਅਤੇ ਇਸ ਦੇ ਸਮੇਂ ਹੀ ਇਸ ਨਗਰ ਦਾ ਵਿਕਾਸ ਹੋਇਆ ਸੀ। ਮੌਜੂਦਾ ਸਮੇਂ ਵਿਚ ਇਹ ਇਕ ਖ਼ੁਸ਼ਹਾਲ ਨਗਰ ਹੈ ਜਿਸ ਨੂੰ 2006 ਵਿਚ ਜ਼ਿਲੇ ਦਾ ਰੂਪ ਪ੍ਰਦਾਨ ਕਰ ਦਿੱਤਾ ਗਿਆ। ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਇਹਨਾਂ ਅਸਥਾਨ ਦੇ ਇਸ ਜ਼ਿਲੇ ਵਿਚ ਦਰਸ਼ਨ ਹੁੰਦੇ ਹਨ।

ਸੇਖਾ : ਪੰਜਾਬ ਦੇ ਮੌਜੂਦਾ ਬਰਨਾਲਾ ਜ਼ਿਲ੍ਹੇ ਦਾ ਇਹ ਇਕ ਵੱਡਾ ਪਿੰਡ ਹੈ। ਰਾਜੋ ਮਾਜਰਾ, ਮੂਲੋਵਾਲ ਤੋਂ ਹੁੰਦੇ ਹੋਏ ਜਦੋਂ ਗੁਰੂ ਜੀ ਇਸ ਪਿੰਡ ਵਿਖੇ ਆਏ ਤਾਂ ਉਸ ਸਮੇਂ ਇਸ ਇਲਾਕੇ ਵਿਚ ਜਵੰਧਿਆਂ ਦੇ ਬਾਈ ਪਿੰਡ ਮੌਜੂਦ ਸਨ ਜਿਸ ਕਰ ਕੇ ਇਹਨਾਂ ਨੂੰ ਬਾਹੀਏ ਕਿਹਾ ਜਾਂਦਾ ਸੀ। ਤਿਲੋਕਾ ਇਹਨਾਂ ਦਾ ਮੁਖੀ ਸੀ ਅਤੇ ਇਹ ਬੈਰਾਗੀ ਸਾਧੂ ਦੇ ਸ਼ਰਧਾਲੂ ਸਨ। ਆਪਣੇ ਧਾਰਮਿਕ ਮੁਖੀ ਦੇ ਕਹਿਣ 'ਤੇ ਇਹਨਾਂ ਨੇ ਗੁਰੂ ਜੀ ਦਾ ਸਤਿਕਾਰ ਨਾ ਕੀਤਾ। ਗੁਰੂ ਜੀ ਨੇ ਇਹਨਾਂ ਦਾ ਪਤਨ ਹੋ ਜਾਣ ਦਾ ਬਚਨ ਕੀਤਾ ਤਾਂ ਪਿੰਡ ਦੇ ਕੁੱਝ ਲੋਕ ਮਾਫ਼ੀ ਮੰਗਣ ਲਈ ਆਏ। ਗੁਰੂ ਜੀ ਨੇ ਕਿਹਾ ਕਿ ਅਸੀਂ ਤਾਂ ਪਰਮਾਤਮਾ ਦਾ ਹੁਕਮ ਸੁਣਾਇਆ ਹੈ:

ਸ੍ਰੀ ਗੁਰੁ ਕਹਯੋ ਹੁਕਮ ਹੈ ਐਸੇ। ਮੇਟ ਸਕਹਿ ਕੋ ਇਸ ਨਹਿਂ ਕੈਸੇ।[1]

ਗੁਰੂ ਜੀ ਦਾ ਇਹ ਬਚਨ ਸਦੀਵੀ ਸੱਚ ਹੈ ਕਿ ਹਉਮੈ ਅਤੇ ਨਾਮ ਦਾ ਆਪਸ ਵਿਚ ਵਿਰੋਧ ਹੈ। ਇਕ ਅਧਿਆਤਮਿਕ ਵਿਨਾਸ਼ ਅਤੇ ਦੂਜਾ ਆਤਮਿਕ ਵਿਕਾਸ ਕਰਦਾ ਹੈ। ਗੁਰੂ ਅਮਰਦਾਸ ਜੀ ਦਾ ਬਚਨ ਹੈ:

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥[2]

ਹੰਕਾਰੀ ਵਿਅਕਤੀ ਪਰਮਾਤਮਾ ਦੇ ਹੁਕਮ ਦੀ ਉਲੰਘਣਾ ਕਰ ਕੇ ਅਧਿਆਤਮਿਕ ਪਤਨ ਦਾ ਸ਼ਿਕਾਰ ਹੁੰਦਾ ਹੈ ਅਤੇ ਜਦੋਂ ਉਸ ਅੱਗੇ ਸਮਰਪਣ ਕੀਤਾ ਜਾਂਦਾ ਹੈ ਤਾਂ ਮਨ ਵਿਚ ਸੇਵਾ ਅਤੇ ਨਿਮਰਤਾ ਦੀ ਭਾਵਨਾ ਪੈਦਾ ਹੁੰਦੀ ਹੈ ਜਿਹੜੀ ਕਿ ਅਧਿਆਤਮਿਕ ਉੱਚਤਾ ਪ੍ਰਦਾਨ ਕਰਨ ਵਿਚ ਸਹਾਈ ਹੁੰਦੀ ਹੈ।

ਜਦੋਂ ਜਵੰਧਿਆਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਮਾਫ਼ੀ ਮੰਗਣ ਲਈ ਉਹ ਗੁਰੂ ਜੀ ਦੇ ਪਿੱਛੇ-ਪਿੱਛੇ ਅਗਲੇ ਪਿੰਡ ਹੰਡਿਆਇ ਤੱਕ ਪਹੁੰਚ ਗਏ ਸਨ ਅਤੇ ਉਹਨਾਂ ਤੋਂ ਮਾਫ਼ੀ ਮੰਗ ਕੇ ਭੁੱਲ ਬਖ਼ਸ਼ਵਾ ਲਈ ਸੀ। ਗੁਰੂ ਜੀ ਦੀ ਚਰਨ ਛੋਹ ਪ੍ਰਾਪਤ ਇਸ ਅਸਥਾਨ 'ਤੇ ਇਕ ਕੱਚੀ ਮੰਜੀ ਬਣੀ ਹੋਈ ਸੀ ਜਿਸ ਦੀ ਜਗ੍ਹਾ ਇਕ ਪੱਕਾ ਕਮਰਾ ਬਾਬਾ ਕ੍ਰਿਪਾਲ ਸਿੰਘ ਛੰਨਾ ਵਾਲਿਆਂ ਨੇ 1996 ਬਿਕਰਮੀ (ਸੰਨ 1940) ਵਿਚ ਤਿਆਰ ਕਰਵਾਇਆ ਸੀ। ਮੌਜੂਦਾ ਸਮੇਂ ਵਿਚ ਇੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸਥਿਤ ਹੈ। ਸਥਾਨਿਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਮਹਿੰਦਰ ਸਿੰਘ ਨੇ ਦੱਸਿਆ ਕਿ ਉਸ ਸਮੇਂ ਦਾ ਲੱਗਿਆ ਹੋਇਆ

---

1. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 11, ਅੰਸੂ 34.47.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 560.

ਇਕ ਪੱਥਰ ਹਾਲੇ ਵੀ ਸੰਭਾਲ ਕੇ ਰੱਖਿਆ ਹੋਇਆ ਹੈ। ਬਾਬਾ ਜੀ ਦੁਆਰਾ ਲਵਾਈ ਗਈ ਹਲਟ-ਖੂਹੀ ਹਾਲੇ ਵੀ ਮੌਜੂਦ ਹੈ ਪਰ ਇਸ ਵਿਚ ਪਾਣੀ ਨਹੀਂ ਹੈ।

ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸਰਪ੍ਰਸਤੀ ਅਧੀਨ ਤਿਆਰ ਹੋਈ ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ 25.12.2003 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀ ਗਈ ਸੀ। ਲਗ-ਪਗ ਸਾਢੇ ਚਾਰ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦੀਵਾਨ ਹਾਲ, ਸਰੋਵਰ ਅਤੇ 10 ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। ਸਰੋਵਰ ਅਤੇ ਮੀਂਹ ਦਾ ਪਾਣੀ ਰੀਚਾਰਜ ਕੀਤਾ ਜਾਂਦਾ ਹੈ। ਗੁਰਦੁਆਰਾ ਸਾਹਿਬ ਦੀ 45 ਏਕੜ ਵਾਹੀਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤਾ ਜਾਂਦਾ ਹੈ। ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਜੀਤ ਸਿੰਘ ਨੇ ਦੱਸਿਆ ਕਿ 1982 ਵਿਚ ਇਹ ਗੁਰਧਾਮ ਸਿੱਧੇ ਤੌਰ 'ਤੇ ਸ਼੍ਰੋਮਣੀ ਕਮੇਟੀ ਦੇ ਅਧੀਨ ਸੀ ਅਤੇ 1999 ਵਿਚ ਇੱਥੇ ਦੁਬਾਰਾ ਸਥਾਨਿਕ ਕਮੇਟੀ ਹੋਂਦ ਵਿਚ ਆ ਗਈ ਸੀ।

ਸੋਹੀਵਾਲ : ਬਰਨਾਲਾ-ਬਠਿੰਡਾ ਸੜਕ 'ਤੇ ਇਹ ਪਿੰਡ ਬਰਨਾਲਾ ਤੋਂ ਲਗ-ਪਗ 12 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਪਿੰਡ ਦੇ ਬਾਹਰਵਾਰ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਸੋਹੀਆਣਾ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਕਿਹਾ ਜਾਂਦਾ ਹੈ ਕਿ ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਹੰਡਿਆਇ ਤੋਂ ਧੌਲੇ ਜਾ ਰਹੇ ਸਨ ਕਿ ਉਹਨਾਂ ਦਾ ਘੋੜਾ ਧੌਲੇ ਦੀ ਜੂਹ ਵਿਚ ਨਹੀਂ ਵੜਿਆ। ਗੁਰੂ ਜੀ ਨੇ ਘੋੜੇ ਦੀ ਲਗਾਮ ਛੱਡ ਦਿੱਤੀ ਅਤੇ ਇਹ ਉੱਥੋਂ ਸੋਹੀਵਾਲ ਪਿੰਡ ਦੀ ਜੂਹ ਵਿਚ ਇਸ ਅਸਥਾਨ 'ਤੇ ਆ ਗਿਆ ਸੀ। ਇੱਥੇ ਕਰੀਰ ਦਾ ਇਕ ਪੁਰਾਤਨ ਰੁੱਖ ਮੌਜੂਦ ਹੈ ਜਿਸ ਨਾਲ ਗੁਰੂ ਜੀ ਨੇ ਘੋੜਾ ਬੰਨਿਆ ਸੀ।

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਕਾਰ ਸੇਵਾ ਰਾਹੀਂ ਬਾਬਾ ਮੇਜਰ ਸਿੰਘ ਨੇ 2003 ਵਿਚ ਤਿਆਰ ਕਰਵਾਈ ਸੀ। ਲਗ-ਪਗ 34 ਕਨਾਲਾਂ ਵਿਚ ਦਰਬਾਰ ਹਾਲ, ਲੰਗਰ ਹਾਲ, ਸਰੋਵਰ ਅਤੇ ਲਗ-ਪਗ 13 ਰਿਹਾਇਸ਼ੀ ਕਮਰੇ ਬਣੇ ਹੋਏ ਹਨ। 51 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। 1988 ਵਿਚ ਇਹ ਗੁਰਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ-ਸੰਭਾਲ ਵਿਚ ਆਇਆ ਅਤੇ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਹ ਇਸ ਦਾ ਪ੍ਰਬੰਧ ਕਰ ਰਹੀ ਹੈ।

ਹੰਡਿਆਇਆ : ਬਰਨਾਲਾ ਜ਼ਿਲ੍ਹੇ ਵਿਚ ਇਹ ਨਗਰ ਬਠਿੰਡਾ-ਚੰਡੀਗੜ੍ਹ ਸੜਕ 'ਤੇ ਸਥਿਤ ਹੈ। ਰੇਲ ਅਤੇ ਬੱਸ ਸੇਵਾ ਰਾਹੀਂ ਪੰਜਾਬ ਦੇ ਹਰ ਨਗਰ ਨਾਲ ਜੁੜਿਆ ਹੋਇਆ ਇਹ ਨਗਰ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਗੁਰੂ ਜੀ ਨਾਲ ਸੰਬੰਧਿਤ ਦੋ ਗੁਰਧਾਮ ਇਸ ਪਿੰਡ ਵਿਖੇ ਸਸ਼ੋਭਿਤ ਹਨ:

1. **ਗੁਰਦੁਆਰਾ ਗੁਰੂਸਰ ਪੱਕਾ ਪਾਤਸ਼ਾਹੀ ਨੌਵੀਂ :** 1665 ਵਿਚ ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਸੇਖਾ, ਕੱਟੂ ਫਰਵਾਹੀ ਹੁੰਦੇ ਹੋਏ ਜਦੋਂ ਗੁਰੂ ਜੀ ਇਸ ਪਿੰਡ ਵਿਖੇ ਪੁੱਜੇ ਤਾਂ ਛੱਪੜ ਦੇ ਨੇੜੇ ਪੜਾਅ ਕੀਤਾ ਸੀ। ਇਸ ਨਗਰ ਵਿਖੇ ਗੁਰੂ ਜੀ ਦੀ ਮਹਿਮਾ ਦਾ ਜ਼ਿਕਰ ਕਰਦੇ ਹੋਏ ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਫਰਵਾਹੀ ਤੋਂ ਚੱਲ ਕੇ ਹੰਢਾਏ ਜਾ ਬਿਰਾਜੇ। ਪਹਿਲਾਂ ਤਾਂ ਕਿਸੇ ਨੇ ਸੇਵਾ ਨਾ ਕੀਤੀ ਪਰ ਜਦੋਂ ਇਕ ਪੈਂਚ ਦਾ ਪੁੱਤਰ, ਜਿਸ ਨੂੰ ਤਾਪ ਚੜ੍ਹਦਾ ਸੀ, ਗੁਰੂ ਜੀ ਪਾਸ ਆ ਕੇ ਦੁੱਖ ਸੁਣਾਵਣ ਲੱਗਾ ਤਾਂ ਗੁਰੂ ਜੀ ਨੇ ਸਤਿਨਾਮ ਜਪਾ ਕੇ ਟੋਭੇ ਵਿਚ ਇਸ਼ਨਾਨ ਕਰਾ ਦਿੱਤਾ। ਤਾਪ ਲਹਿ ਗਿਆ। ਏਸੇ ਤਰ੍ਹਾਂ ਜਦ ਅਨੇਕਾਂ ਦੇ ਤਾਪ ਉਤਾਰੇ ਤਾਂ ਫਿਰ ਸਾਰਾ ਨਗਰ ਸੇਵਕ ਹੋ ਗਿਆ। ਓਸ ਤਾਲ ਦਾ ਨਾਮ ਹੁਣ ਗੁਰੂਸਰ ਹੈ।[1] ਇਹ ਢਾਬ ਹੁਣ ਸਰੋਵਰ ਦੇ ਰੂਪ ਵਿਚ ਤਬਦੀਲ ਕਰ ਦਿੱਤੀ ਗਈ ਹੈ।

---

1. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ*, ਭਾਗ ਪਹਿਲਾ, ਪੰਨਾ 682.

ਜਿੱਥੇ ਗੁਰੂ ਜੀ ਨੇ ਪੜਾਅ ਕੀਤਾ ਸੀ, ਉੱਥੇ ਇਹਨਾਂ ਦੀ ਯਾਦ ਵਿਚ *ਗੁਰਦੁਆਰਾ ਸਾਹਿਬ ਗੁਰੂ ਸਰ ਪੱਕਾ ਪਾਤਸ਼ਾਹੀ 9ਵੀਂ* ਸਸ਼ੋਭਿਤ ਹੈ। ਗੁਰੂ ਜੀ ਦੇ ਇਸ ਪਿੰਡ ਵਿਚ ਆਗਮਨ ਦੀ ਯਾਦ ਵਿਚ 27, 28, 29 ਪੋਹ ਨੂੰ ਸਮਾਗਮ ਹੁੰਦਾ ਹੈ। ਪਟਿਆਲੇ ਦੇ ਮਹਾਰਾਜਾ ਕਰਮ ਸਿੰਘ ਨੇ ਆਪਣੇ ਰਾਜ ਸਮੇਂ ਇਸ ਅਸਥਾਨ 'ਤੇ ਇਕ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਸੀ। 1992 ਵਿਚ ਇਸ ਅਸਥਾਨ 'ਤੇ ਬਾਬਾ ਹਰਬੰਸ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਸਰਪ੍ਰਸਤੀ ਅਧੀਨ ਬਾਬਾ ਕਰਨੈਲ ਸਿੰਘ ਨੇ ਕਾਰ ਸੇਵਾ ਅਰੰਭ ਕਰਦੇ ਹੋਏ ਪਹਿਲਾਂ ਦੀਵਾਨ ਹਾਲ ਬਣਾਇਆ ਗਿਆ ਅਤੇ ਫਿਰ 1997 ਵਿਚ ਨਵੇਂ ਦਰਬਾਰ ਹਾਲ ਦੀ ਉਸਾਰੀ ਕਰਵਾਈ ਗਈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਇਸ ਅਸਥਾਨ 'ਤੇ ਪਹਿਲਾਂ ਇਕ ਭੌਰਾ ਸਾਹਿਬ ਅਤੇ ਬਰੋਟਾ ਹੁੰਦਾ ਸੀ ਜਿਹੜਾ ਕਿ ਹੁਣ ਨਹੀਂ ਹੈ। ਇਕ ਪੁਰਾਤਨ ਖੂਹ ਮੌਜੂਦ ਹੈ। ਸਰੋਵਰ ਖਾਲੀ ਕਰਨ ਜਾਂ ਇਸ ਦਾ ਪਾਣੀ ਬਦਲਣ ਸਮੇਂ ਇਸ ਵਿਚ ਮੌਜੂਦ ਪਹਿਲਾਂ ਵਾਲਾ ਪਾਣੀ ਖੂਹ ਵਿਚ ਪਾ ਦਿੱਤਾ ਜਾਂਦਾ ਹੈ।

ਲਗ-ਪਗ 3 ਏਕੜ ਜ਼ਮੀਨ 'ਤੇ ਦਰਬਾਰ ਹਾਲ, ਦੀਵਾਨ ਹਾਲ, ਲੰਗਰ ਹਾਲ, ਸਰੋਵਰ, 7 ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। ਲਗ-ਪਗ 110 ਏਕੜ ਵਾਹੀ ਯੋਗ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

2. **ਗੁਰਦੁਆਰਾ ਗੁਰੂਸਰ ਕੱਚਾ ਪਾਤਸ਼ਾਹੀ ਨੌਵੀਂ :** *ਗੁਰਦੁਆਰਾ ਗੁਰੂਸਰ ਪੱਕਾ* ਤੋਂ ਇਹ ਅਸਥਾਨ ਇਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਜੀ ਇਸ ਅਸਥਾਨ ਤੋਂ ਘੋੜੇ 'ਤੇ ਸਵਾਰ ਹੋ ਕੇ ਧੌਲੇ ਵੱਲ ਜਾਣ ਲੱਗੇ ਤਾਂ ਥੋੜ੍ਹੀ ਦੂਰ ਹੀ ਇਕ ਮਾਈ ਗੁਰੂ ਜੀ ਲਈ ਦੁੱਧ ਲੈ ਕੇ ਆਈ। ਗੁਰੂ ਜੀ ਅਤੇ ਸੰਗਤ ਨੇ ਦੁੱਧ ਛਕਿਆ ਅਤੇ ਅੱਗੇ ਚਲੇ ਗਏ। ਇਸ ਅਸਥਾਨ 'ਤੇ *ਗੁਰਦੁਆਰਾ ਗੁਰੂਸਰ ਕੱਚਾ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਮੌਜੂਦਾ ਇਮਾਰਤ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸਰਪ੍ਰਸਤੀ ਅਧੀਨ ਬਾਬਾ ਬਾਬੂ ਸਿੰਘ ਨੇ ਬਣਵਾਈ ਹੈ। ਪੁਰਾਣੀ ਖੂਹੀ ਹੁਣ ਨਹੀਂ ਹੈ ਪਰ ਜੰਡ ਦੇ ਇਕ ਪੁਰਾਤਨ ਰੁੱਖ ਦੀ ਸਾਂਭ-ਸੰਭਾਲ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਪਿੱਪਲ ਦਾ ਇਕ ਰੁੱਖ ਵੀ ਉੱਗਿਆ ਹੋਇਆ ਹੈ ਪਰ ਹਾਲੇ ਇਹ ਛੋਟਾ ਹੈ। ਲਗ-ਪਗ ਡੇਢ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ ਆਦਿ ਬਣੇ ਹੋਏ ਹਨ। ਸਾਢੇ ਛੇ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਇਹ *ਗੁਰਦੁਆਰਾ ਗੁਰੂਸਰ ਪੱਕਾ* ਨਾਲ ਅਟੈਚ ਹੈ।

ਕੈਲੋਂ ਸਾਹਿਬ : ਸੋਹੀਵਾਲ-ਢਿਲਵਾਂ ਸੜਕ 'ਤੇ *ਗੁਰਦੁਆਰਾ ਸੋਹੀਆਣਾ ਸਾਹਿਬ* ਤੋਂ *ਗੁਰਦੁਆਰਾ ਕੈਲੋਂ ਸਾਹਿਬ ਪਾਤਸ਼ਾਹੀ ਨੌਵੀਂ* 4 ਕਿਲੋਮੀਟਰ ਦੀ ਦੂਰੀ 'ਤੇ ਬਰਨਾਲਾ ਜ਼ਿਲੇ ਵਿਚ ਸਥਿਤ ਹੈ। ਇਹ ਗੁਰਧਾਮ ਢਿਲਵਾਂ ਦੀ ਜੂਹ ਵਿਚ ਪੈਂਦਾ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਇਸ ਦਾ ਪ੍ਰਬੰਧ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਕੀਤਾ ਜਾਂਦਾ ਹੈ। ਮੌਜੂਦਾ ਸਮੇਂ ਵਿਚ ਇਹ ਗੁਰਧਾਮ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਢਿਲਵਾਂ* ਨਾਲ ਅਟੈਚ ਹੈ।

ਪਹਿਲਾਂ ਇੱਥੇ ਇਕ ਛੋਟਾ ਮੰਜੀ ਸਾਹਿਬ ਸੀ ਜਿਸ ਦੀ ਥਾਂ 'ਤੇ ਨਵੀਂ ਇਮਾਰਤ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸਰਪ੍ਰਸਤੀ ਅਧੀਨ ਬਾਬਾ ਬਾਬੂ ਸਿੰਘ ਨੇ 2014 ਵਿਚ ਤਿਆਰ ਕਰਵਾਈ ਸੀ। ਲਗ-ਪਗ 14 ਕਨਾਲਾਂ ਵਿਚ ਦਰਬਾਰ ਹਾਲ, ਲੰਗਰ ਹਾਲ ਆਦਿ ਬਣੇ ਹੋਏ ਹਨ। ਦਸਵੀਂ ਮਨਾਈ ਜਾਂਦੀ ਹੈ। ਇਕ ਪੁਰਾਤਨ ਖੂਹੀ ਅਤੇ ਜੰਡ ਪੁਰਾਤਨ ਨਿਸ਼ਾਨੀਆਂ ਹਨ।

ਕੱਟੂ : ਬਰਨਾਲਾ ਜ਼ਿਲੇ ਦਾ ਇਹ ਪਿੰਡ ਸੇਖੇ ਦੇ ਇਤਿਹਾਸਿਕ ਗੁਰਦੁਆਰਾ ਗੁਰੂਸਰ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਪਿੰਡ ਵਿਚ ਸਸ਼ੋਭਿਤ *ਗੁਰਦੁਆਰਾ ਗੁਰੂਸਰ ਪਾਤਸ਼ਾਹੀ ਨੌਵੀਂ* ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਦੀ ਯਾਦ ਦਿਵਾਉਂਦਾ ਹੈ। ਗੁਰੂ ਜੀ ਦੇ ਇਸ ਪਿੰਡ ਵਿਚ ਆਗਮਨ ਦੀ ਯਾਦ ਵਜੋਂ 24,

25, 26 ਪੋਹ ਨੂੰ ਸਮਾਗਮ ਕੀਤਾ ਜਾਂਦਾ ਹੈ। ਜਦੋਂ ਗੁਰੂ ਜੀ ਇਸ ਅਸਥਾਨ 'ਤੇ ਪੁੱਜੇ ਤਾਂ ਸਥਾਨਿਕ ਲੋਕਾਂ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਨੇ ਸੰਗਤ ਨੂੰ ਸੰਨਿਆਸ ਧਾਰਨ ਕਰਨ ਤੋਂ ਦੂਰ ਰਹਿ ਕੇ ਗ੍ਰਹਿਸਤੀ ਜੀਵਨ ਰਾਹੀਂ ਪਰਮਾਤਮਾ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸਰਪ੍ਰਸਤੀ ਅਧੀਨ ਬਾਬਾ ਘੁਪਾ ਸਿੰਘ ਨੇ ਇਸ ਅਸਥਾਨ 'ਤੇ 2010 ਵਿਚ ਕਾਰ ਸੇਵਾ ਕਰਵਾਈ ਸੀ। ਲਗ-ਪਗ 5 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦੀਵਾਨ ਹਾਲ, ਸਰੋਵਰ, 10 ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। ਗੁਰਦੁਆਰਾ ਸਾਹਿਬ ਦੀ 54 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਢਿਲਵਾਂ : ਬਰਨਾਲਾ ਜ਼ਿਲ੍ਹੇ ਦਾ ਇਹ ਪਿੰਡ ਚੰਡੀਗੜ੍ਹ-ਬਠਿੰਡਾ ਚਹੁੰ-ਮਾਰਗੀ ਸੜਕ 'ਤੇ ਤਪਾ ਮੰਡੀ ਤੋਂ ਲਗ-ਪਗ 6 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਕਾਂਸਟੀਚਿਐਂਟ ਕਾਲਜ ਮੌਜੂਦ ਹੋਣ ਕਰ ਕੇ ਇਹ ਪਿੰਡ ਉਚੇਰੀ-ਵਿੱਦਿਆ ਦੇ ਖੇਤਰ ਵਿਚ ਚੰਗਾ ਨਾਂ ਕਮਾ ਰਿਹਾ ਹੈ। ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਹੋਣ ਕਰ ਕੇ ਇਹ ਨਗਰ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। 2 ਮਾਘ ਨੂੰ ਗੁਰੂ ਜੀ ਦਾ ਇਸ ਅਸਥਾਨ 'ਤੇ ਆਗਮਨ ਪੁਰਬ ਮਨਾਇਆ ਜਾਂਦਾ ਹੈ।

ਮਹੰਤ ਈਸ਼ਰ ਸਿੰਘ ਲੰਮਾ ਸਮਾਂ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਰਹੇ ਹਨ ਅਤੇ ਇਹਨਾਂ ਤੋਂ ਬਾਅਦ ਇਹਨਾਂ ਦੇ ਪੁੱਤਰ ਮਹੰਤ ਅਮਰ ਸਿੰਘ ਇਹ ਸੇਵਾ ਨਿਭਾਉਂਦੇ ਰਹੇ ਜਿਨ੍ਹਾਂ ਨੇ ਇਹ ਗੁਰਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਸੀ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਹਰਬੰਸ ਸਿੰਘ ਕਾਰ ਸੇਵਾ ਵਾਲਿਆਂ ਦੀ ਸਰਪ੍ਰਸਤੀ ਅਧੀਨ 1995 ਵਿਚ ਬਾਬਾ ਮਹਿੰਦਰ ਸਿੰਘ ਨੇ ਕਰਵਾਈ ਸੀ। ਲਗ-ਪਗ 5 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, 10 ਰਿਹਾਇਸ਼ੀ ਕਮਰੇ, ਸਰੋਵਰ ਆਦਿ ਬਣੇ ਹੋਏ ਹਨ। ਗੁਰਦੁਆਰਾ ਸਾਹਿਬ ਦੇ ਨਾਂ 50 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਂਦਾ ਹੈ।

ਦੁਲਮਸਰ : ਇਹ ਅਸਥਾਨ ਢਿਲਵਾਂ ਤੋਂ ਭਗਤਪੁਰਾ ਦੇ ਰਾਹ ਵਿਚ ਢਿਲਵਾਂ ਤੋਂ ਲਗ-ਪਗ 6 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਪਿੰਡ ਮੌੜ-ਨਾਭਾ ਦੇ ਕੋਠਿਆਂ ਵਿਚ ਮੌਜੂਦ *ਗੁਰਦੁਆਰਾ ਦੁਲਮਸਰ ਸਾਹਿਬ ਪਾਤਸ਼ਾਹੀ ਨੌਵੀਂ* ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ* ਵਿਚ ਦੱਸਿਆ ਗਿਆ ਹੈ ਕਿ ਢਿਲਵਾਂ ਤੋਂ ਗੁਰੂ ਜੀ ਇੱਥੇ ਸੁਚੇਤਾ ਕਰਨ ਲਈ ਆਉਂਦੇ ਸਨ।[1] ਮੌਜੂਦਾ ਗੁਰਧਾਮ ਦੀ ਉਸਾਰੀ 1997 ਵਿਚ ਦਿੱਲੀ ਤੋਂ ਬਾਬਾ ਤਰਸੇਮ ਸਿੰਘ ਅਤੇ ਬਾਬਾ ਲਾਡੀ ਨੇ ਕਰਵਾਈ ਸੀ। ਇਹਨਾਂ ਤੋਂ ਇਲਾਵਾ ਬਾਬਾ ਮੇਜਰ ਸਿੰਘ ਵੀ ਇੱਥੇ ਸੇਵਾ ਕਰਾਉਂਦੇ ਰਹੇ ਹਨ। ਲਗ-ਪਗ 2 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ, 5 ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। ਇੱਥੇ ਮੌਜੂਦ ਢਾਬ ਸਰੋਵਰ ਵਿਚ ਤਬਦੀਲ ਹੋ ਗਈ ਹੈ ਪਰ ਇਕ ਪੁਰਾਤਨ ਖੂਹੀ ਹਾਲੇ ਵੀ ਸੰਭਾਲ ਕੇ ਰੱਖੀ ਹੋਈ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੀ 8 ਏਕੜ ਵਾਹੀ ਯੋਗ ਜ਼ਮੀਨ ਹੈ। ਪਿੰਡ ਦੀ 11 ਮੈਂਬਰੀ ਕਮੇਟੀ ਇਸ ਦੀ ਸੇਵਾ-ਸੰਭਾਲ ਕਰਦੀ ਹੈ।

ਧੌਲਾ : ਬਰਨਾਲਾ ਜ਼ਿਲ੍ਹੇ ਵਿਚ ਇਹ ਪਿੰਡ ਹੰਡਿਆਇ ਤੋਂ ਲਗ-ਪਗ 5 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਮਾਨਸਾ-ਬਰਨਾਲਾ ਸੜਕ 'ਤੇ ਇਹ ਮੁਸਲਮਾਨਾਂ ਦਾ ਪਿੰਡ ਸੀ ਜਿੱਥੇ ਤੰਮਾਕੂ ਦੀ ਖੇਤੀ ਕੀਤੀ ਜਾਂਦੀ ਸੀ। ਹੰਡਿਆਇਆ-ਧੌਲਾ ਦੀ ਜ਼ਮੀਨ 'ਤੇ *ਗੁਰਦੁਆਰਾ ਅੜੀਸਰ ਸਾਹਿਬ* ਉਹ ਅਸਥਾਨ ਹੈ ਜਿਹੜਾ ਕਿ ਗੁਰੂ ਤੇਗ

1. ਗੁਰੂ ਜੀ ਸੁਚੇਤਾ ਦੁੱਲਮੀ ਕੀ ਕਰਦੇ ਤੀਸਰ ਪਹਿਰ ਢਾਬਿ। *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ,* ਸਾਖੀ 7, ਪੰਨਾ 12.

ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਹੰਡਿਆਏ ਤੋਂ ਗੁਰੂ ਜੀ ਇਸ ਅਸਥਾਨ 'ਤੇ ਆਏ ਤਾਂ ਗੁਰੂ ਜੀ ਦਾ ਘੋੜਾ ਧੌਲੇ ਤੋਂ ਸੋਹੀਵਾਲ ਪਿੰਡ ਵੱਲ ਚਲਾ ਗਿਆ ਸੀ। ਗੁਰੂ ਜੀ ਦੀ ਯਾਦ ਵਿਚ ਇਸ ਅਸਥਾਨ 'ਤੇ *ਗੁਰਦੁਆਰਾ ਅੜੀਸਰ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਬਾਬੂ ਸਿੰਘ ਕਾਰ ਸੇਵਾ ਵਾਲਿਆਂ ਵੱਲੋਂ 1995-96 ਵਿਚ ਤਿਆਰ ਕੀਤੀ ਦੱਸੀ ਜਾਂਦੀ ਹੈ। ਲਗ-ਪਗ ਤਿੰਨ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ 10 ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ।

ਪੰਧੇਰ : ਬਰਨਾਲਾ ਜ਼ਿਲੇ ਦਾ ਇਹ ਪਿੰਡ ਮਾਨਸਾ ਜ਼ਿਲੇ ਵਿਚ ਪੈਂਦੇ ਅਲੀਸ਼ੇਰ ਤੋਂ ਲਗ-ਪਗ 6 ਕਿਲੋਮੀਟਰ ਦੀ ਦੂਰੀ 'ਤੇ ਹੈ। ਅਲੀਸ਼ੇਰ ਤੋਂ ਨਹਿਰ ਦੇ ਕੰਢੇ-ਕੰਢੇ 4 ਕਿਲੋਮੀਟਰ ਬਾਅਦ ਪੁੱਲ ਟੱਪ ਕੇ ਇਹ ਪਿੰਡ ਆਉਂਦਾ ਹੈ ਦੂਜਾ ਰਾਹ ਮੌਜੋ ਖੁਰਦ ਰਾਹੀਂ ਹੈ। ਦੋਵੇਂ ਪਾਸਿਉਂ ਦੂਰੀ ਲਗ-ਪਗ ਇਕੋ ਜਿਹੀ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਢਿਲਵਾਂ ਤੋਂ ਚੱਲ ਕੇ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿਖੇ ਆਏ ਸਨ। ਕੁੱਝ ਸਰੋਤਾਂ ਵਿਚ ਮਾਈਸਰ ਖ਼ਾਨੇ ਜਾਂ ਮੌੜ ਤੋਂ ਗੁਰੂ ਜੀ ਦਾ ਇਸ ਪਿੰਡ ਵਿਖੇ ਆਉਣਾ ਦੱਸਦੇ ਹਨ ਪਰ ਢਿਲਵਾਂ ਤੋਂ ਆਉਣਾ ਵਧੇਰੇ ਯੋਗ ਜਾਪਦਾ ਹੈ। ਦੁਪਹਿਰ ਬਾਅਦ ਜਦੋਂ ਗੁਰੂ ਜੀ ਇਸ ਪਿੰਡ ਵਿਖੇ ਪੁੱਜੇ ਤਾਂ ਗੁਰਸਿੱਖਾਂ ਨੇ ਪਿੰਡ ਦੇ ਲੋਕਾਂ ਨੂੰ ਰਾਤ ਸਮੇਂ ਨਿਵਾਸ ਕਰਨ ਵਾਲੀ ਜਗ੍ਹਾ ਪੁੱਛੀ ਤਾਂ ਉਹਨਾਂ ਕਿਹਾ ਕਿ ਬਾਹਰੋਂ ਆਉਣ ਵਾਲੇ ਘੁਮਿਆਰਾਂ ਕੋਲ ਹੀ ਡੇਰਾ ਕਰਦੇ ਹਨ। ਗੁਰਸਿੱਖਾਂ ਜਦੋਂ ਇਹ ਗੱਲ ਗੁਰੂ ਜੀ ਨੂੰ ਦੱਸੀ ਤਾਂ ਉਹ ਅਗਲੇ ਪਿੰਡ ਅਲੀਸ਼ੇਰ ਚਲੇ ਗਏ। ਜਦੋਂ ਪੰਧੇਰ ਵਾਸੀਆਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਮਾਫ਼ੀ ਮੰਗਣ ਲਈ ਗੁਰੂ ਜੀ ਦੇ ਪਿੱਛੇ ਪੰਧੇਰ ਚਲੇ ਗਏ। ਗੁਰੂ ਜੀ ਨੂੰ ਭੇਟ ਕਰਨ ਲਈ ਇਹ ਆਪਣੇ ਨਾਲ ਗੁੜ ਅਤੇ ਹੋਰ ਵਸਤਾਂ ਲੈ ਕੇ ਗਏ ਸਨ। ਰਸਤੇ ਵਿਚ ਇਹਨਾਂ ਨੂੰ ਇਕ ਬੰਦਾ ਮਿਲਿਆ ਜਿਹੜਾ ਗੁਰੂ ਜੀ ਦੇ ਦਰਸ਼ਨ ਕਰ ਕੇ ਵਾਪਸ ਆ ਰਿਹਾ ਸੀ। ਇਹਨਾਂ ਨੇ ਉਸ ਨੂੰ ਪੁੱਛਿਆ ਕਿ ਗੁਰੂ ਜੀ ਦਰਸ਼ਨੀ-ਭੇਟਾ ਕੀ ਲੈਂਦੇ ਹਨ? ਤਾਂ ਉਸ ਨੇ ਕਿਹਾ ਕਿ ਗੁਰੂ ਜੀ ਕੁੱਝ ਨਹੀਂ ਮੰਗਦੇ ਪਰ ਆਪਣੀ ਖ਼ੁਸ਼ੀ ਨਾਲ ਜੋ ਕੁੱਝ ਮਰਜੀ ਭੇਟ ਕਰ ਦਿਉ। ਮੈਂ ਤਾਂ ਐਵੇਂ ਹੀ ਮੱਥਾ ਟੇਕ ਆਇਆ ਹਾਂ। ਰਾਹਗੀਰ ਦੀ ਗੱਲ ਸੁਣ ਕੇ ਪੰਧੇਰ ਪਿੰਡ ਦੇ ਵਸਨੀਕਾਂ ਨੇ ਗੁਰੂ ਜੀ ਨੂੰ ਭੇਟ ਕਰਨ ਲਈ ਲਿਜਾਇਆ ਜਾ ਰਿਹਾ ਗੁੜ ਆਪਸ ਵਿਚ ਵੰਡ ਕੇ ਖਾ ਲਿਆ ਅਤੇ ਟਕੇ ਰਾਹ ਵਿਚ ਹੀ ਦੱਬ ਦਿੱਤੇ। ਖ਼ਾਲੀ ਹੱਥ ਹੀ ਇਹਨਾਂ ਨੇ ਗੁਰੂ ਜੀ ਨੂੰ ਮੱਥਾ ਟੇਕ ਦਿੱਤਾ। ਗੁਰੂ ਜੀ ਨੇ ਆਪਣੇ ਸੁਭਾਅ ਅਨੁਸਾਰ ਸਭ ਨੂੰ ਮਾਫ਼ ਕਰ ਕੇ ਅਸ਼ੀਰਵਾਦ ਪ੍ਰਦਾਨ ਕੀਤਾ।[1] ਪੰਧੇਰ ਵਾਸੀਆਂ ਨੇ ਵਾਪਸ ਆ ਕੇ ਉਸ ਅਸਥਾਨ 'ਤੇ ਗੁਰੂ ਜੀ ਦੀ ਯਾਦਗਾਰ ਕਾਇਮ ਕਰ ਦਿੱਤੀ ਜਿੱਥੇ ਉਹ ਕੁੱਝ ਸਮੇਂ ਲਈ ਰੁਕੇ ਸਨ।

ਪੰਧੇਰ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਪ੍ਰਚਾਰ-ਯਾਤਰਾ ਸੰਬੰਧੀ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ, "ਰਾਜ ਨਾਭਾ, ਨਜਾਮਤ ਫੂਲ, ਥਾਣਾ ਧਨੌਲਾ ਵਿਚ ਭੰਦੇਰ ਜੱਟਾਂ ਦਾ ਵਸਾਇਆ ਇਕ ਪਿੰਡ, ਜੋ ਰੇਲਵੇ ਸਟੇਸ਼ਨ ਬਰਨਾਲੇ ਤੋਂ ਪੰਦਰਾਂ ਮੀਲ ਦੱਖਣ ਹੈ। ਇਸ ਥਾਂ ਸ੍ਰੀ ਗੁਰੂ ਤੇਗ ਬਹਾਦਰ ਮੌੜ ਪਿੰਡ ਤੋਂ ਚੱਲ ਕੇ ਆਏ ਹਨ। ਲੋਕਾਂ ਨੂੰ ਸ਼ਰਧਾਹੀਨ ਜਾਣ ਕੇ ਡੇਰਾ ਨਹੀਂ ਕੀਤਾ। ਜਿੱਥੇ ਕੁੱਝ ਸਮਾਂ ਘੋੜਾ ਠਹਿਰਾਇਆ ਹੈ, ਉੱਥੇ ਹੁਣ ਗੁਰਦੁਆਰਾ ਹੈ, ਪਾਸ ਰਹਿਣ ਦੇ ਮਕਾਨ ਹਨ। ਰਿਆਸਤ ਨਾਭਾ ਵੱਲੋਂ 183 ਵਿੱਘੇ ਜ਼ਮੀਨ ਹੈ। ਪੁਜਾਰੀ ਸਿੰਘ ਹੈ। ਇਸ ਪਿੰਡ ਨੂੰ ਪੰਧੇਰ ਭੀ ਆਖਦੇ ਹਨ। ਭੰਦੇਰ ਤੋਂ ਚੱਲ ਕੇ ਗੁਰੂ ਸਾਹਿਬ ਨੇ ਡੇਰਾ ਅਲੀ ਸ਼ੇਰ ਕੀਤਾ"[2] ਭਾਈ ਸਾਹਿਬ ਜਿਹੜੇ ਮੌੜ ਪਿੰਡ ਵੱਲ ਇਸ਼ਾਰਾ ਕਰ ਰਹੇ ਹਨ, ਉਹ ਢਿਲਵਾਂ ਮੌੜ ਜਾਪਦਾ ਹੈ।

ਡਾ. ਫੌਜਾ ਸਿੰਘ ਇਸ ਅਸਥਾਨ 'ਤੇ ਗੁਰਧਾਮ ਪ੍ਰਗਟ ਹੋਣ ਦਾ ਵੇਰਵਾ ਦਿੰਦੇ ਹੋਏ ਦੱਸਦੇ ਹਨ, "ਇਹ ਗੁਰਦੁਆਰਾ ਸਾਹਿਬ ਘੁਮਿਆਰਾਂ ਦੇ ਘਰ ਵਿਚ ਬਣਿਆ ਹੋਇਆ ਹੈ। ਇਸ ਦੇ ਉੱਤਰ ਵੱਲ 20 ਗਜ਼ 'ਤੇ ਉਸ ਵੇਲੇ

1. *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ,* ਸਾਖੀ 10, ਪੰਨਾ 13.
2. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* 695.

ਦਾ ਇਕ ਖੂਹ ਵੀ ਹੈ। ਗੁਰੂ ਸਾਹਿਬ ਦੇ ਪਿੱਛੋਂ ਥੋੜ੍ਹੇ ਸਮੇਂ ਵਿਚ ਹੀ ਗੁਰਦੁਆਰਾ ਪ੍ਰਗਟ ਹੋ ਗਿਆ ਸੀ। ਹੁਣ ਇਸ ਗੁਰਦੁਆਰੇ ਦਾ ਪ੍ਰਬੰਧ ਮੁਖਤਿਆਰ ਸਿੰਘ ਦੇ ਹੱਥ ਵਿਚ ਹੈ ਜੋ ਸ਼੍ਰੋਮਣੀ ਕਮੇਟੀ ਵੱਲੋਂ ਇਸ ਦੇ ਮੈਨੇਜਰ ਨਿਯੁਕਤ ਕੀਤੇ ਗਏ ਹਨ। ਇਨ੍ਹਾਂ ਦਾ ਖ਼ਾਨਦਾਨ ਗੁਰਦੁਆਰੇ ਦੀ ਸੇਵਾ ਪਿਛਲੀਆਂ ਚਾਰ ਪੀੜ੍ਹੀਆਂ ਤੋਂ ਕਰਦਾ ਆ ਰਿਹਾ ਹੈ। 1926 ਈਸਵੀ ਵਿਚ ਇਨ੍ਹਾਂ ਨੇ ਰਾਜ਼ੀਨਾਮੇ ਨਾਲ ਗੁਰਦੁਆਰੇ ਦਾ ਕਬਜ਼ਾ ਸ਼੍ਰੋਮਣੀ ਕਮੇਟੀ ਨੂੰ ਦੇ ਦਿੱਤਾ ਸੀ। ਜਿੱਥੇ ਗੁਰੂ ਸਾਹਿਬ ਥੋੜਾ ਚਿਰ ਘੋੜੇ ਤੋਂ ਉਤਰ ਕੇ ਖੜ੍ਹੇ ਸਨ, ਉੱਥੇ ਹੁਣ ਮੰਜੀ ਸਾਹਿਬ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ।"[1] ਸੰਤ ਅਤਰ ਸਿੰਘ ਮਸਤੂਆਣਾ ਵਾਲਿਆਂ ਨੇ ਵੀ ਇਸ ਗੁਰਧਾਮ ਦੀ ਸੇਵਾ ਕਰਵਾਈ ਹੈ ਪਰ ਮੌਜੂਦਾ ਇਮਾਰਤ ਬਾਬਾ ਹਰਬੰਸ ਸਿੰਘ ਕਾਰ-ਸੇਵਾ ਦਿੱਲੀ ਵਾਲਿਆਂ ਵੱਲੋਂ 1998 ਵਿਚ ਤਿਆਰ ਕੀਤੀ ਗਈ ਹੈ। ਸੰਗਤ ਦੇ ਸਹਿਯੋਗ ਨਾਲ ਬਾਬਾ ਬਚਨ ਸਿੰਘ ਮੌਜੂਦਾ ਪ੍ਰਬੰਧ ਦੇਖ ਰਹੇ ਹਨ।

ਇਸ ਗੁਰਦੁਆਰਾ ਸਾਹਿਬ ਦੇ ਨਾਂ 55 ਏਕੜ ਵਾਹੀਯੋਗ ਜ਼ਮੀਨ ਹੈ ਅਤੇ ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਦਾ ਦਰਬਾਰ ਹਾਲ (40×60), ਲੰਗਰ ਹਾਲ, 18 ਕਮਰੇ ਆਦਿ ਬਣੇ ਹੋਏ ਹਨ। ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਯਤਨ ਕੀਤੇ ਜਾਂਦੇ ਹਨ ਅਤੇ ਕੀਰਤਨ ਸਿਖਾਉਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਹੋਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ। ਪਿੰਡ ਦੀ ਪੰਜ ਮੈਂਬਰੀ ਕਮੇਟੀ ਉਤਸ਼ਾਹ ਪੂਰਵਕ ਸੇਵਾ ਨਿਭਾਉਂਦੀ ਹੈ।

ਫਰਵਾਹੀ : ਬਰਨਾਲੇ ਜ਼ਿਲੇ ਵਿਚ ਇਹ ਪਿੰਡ ਬਰਨਾਲੇ ਤੋਂ ਲਗ-ਪਗ 7 ਕਿਲੋਮੀਟਰ ਅਤੇ *ਗੁਰਦੁਆਰਾ ਗੁਰੂਸਰ ਕੱਚਾ* ਤੋਂ ਲਗ-ਪਗ 9 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸੇਖੇ ਕੱਟੂ ਤੋਂ ਚੱਲ ਕੇ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿਖੇ ਆਏ ਸਨ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। 24 ਪੋਹ ਨੂੰ ਗੁਰੂ ਜੀ ਦਾ ਇਸ ਪਿੰਡ ਵਿਖੇ ਆਗਮਨ ਦਿਵਸ ਮਨਾਇਆ ਜਾਂਦਾ ਹੈ। ਭਾਈ ਸੋਭਾ ਸਿੰਘ ਨੇ 60 ਸਾਲ ਇਸ ਗੁਰਧਾਮ ਦੀ ਸੇਵਾ ਕੀਤੀ ਸੀ ਜਿਸ ਦਾ ਵਰਨਨ ਕਰਦੇ ਹੋਏ ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ "ਭਾਈ ਸੋਭਾ ਸਿੰਘ ਪੂਰੇ ਭਾਂਡੇ ਸੰਤ ਸੰਮਤ 1807 ਬਿਕ੍ਰਮੀ (ਸੰਨ 1750) ਵਿਚ ਓਥੇ ਆ ਕੇ ਸੱਠ ਬਰਸ ਰਹੇ ਜਿਨ੍ਹਾਂ ਦਾ ਚੇਲਾ ਥੰਮਣ ਸਿੰਘ ਸਾਰੇ ਦੇਸ ਦਾ ਪੂਜਯ ਹੋਯਾ।"[2] ਬਾਬਾ ਥੰਮਣ ਸਿੰਘ ਇਸ ਪਿੰਡ ਦੀ ਵੱਡੀ ਧਾਰਮਿਕ ਸ਼ਖ਼ਸੀਅਤ ਹੋਏ ਹਨ ਜਿਨ੍ਹਾਂ ਨੂੰ ਭਾਈ ਸੋਭਾ ਸਿੰਘ ਦਮਦਮਾ ਸਾਹਿਬ ਤੋਂ ਸਿੰਘ ਸਜਾ ਕੇ ਲਿਆਏ ਸਨ।

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਲਗ-ਪਗ 100 ਸਾਲ ਪਹਿਲਾਂ ਦੀ ਬਣੀ ਹੋਈ ਹੈ ਜਿਸ ਦੀ ਉਸਾਰੀ ਮਹੰਤ ਆਤਮਾ ਸਿੰਘ ਨੇ ਕਰਵਾਈ ਸੀ। ਲਗ-ਪਗ 4 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ ਅਤੇ 8 ਰਿਹਾਇਸ਼ੀ ਕਮਰੇ ਬਣੇ ਹੋਏ ਹਨ। 40 ਫੁੱਟ ਚੌੜਾ ਅਤੇ 80 ਫੁੱਟ ਲੰਮਾ ਨਵਾਂ ਦਰਬਾਰ ਹਾਲ ਉਸਾਰੀ ਅਧੀਨ ਹੈ। 31 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਇਕ ਪੁਰਾਤਨ ਖਜੂਰ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਭਗਤਪੁਰਾ ਮੌੜ : ਬਰਨਾਲਾ ਜ਼ਿਲੇ ਦਾ ਇਹ ਪਿੰਡ ਢਿਲਵਾਂ ਤੋਂ 8 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਪਿੰਡ ਦੇ ਲਗ-ਪਗ ਡੇਢ ਕਿਲੋਮੀਟਰ ਬਾਹਰਵਾਰ ਮੌੜ ਨਾਭੇ ਦੇ ਕੋਠਿਆਂ ਵਾਲੀ ਸੜਕ 'ਤੇ ਢਿਲਵਾਂ ਤੋਂ ਲਗ-ਪਗ ਸਾਢੇ ਛੇ ਕਿਲੋਮੀਟਰ ਦੀ ਦੂਰੀ 'ਤੇ *ਗੁਰਦੁਆਰਾ ਦਾਤਣਸਰ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਢਿਲਵਾਂ ਨਿਵਾਸ ਦੌਰਾਨ ਗੁਰੂ ਜੀ ਇਸ ਅਸਥਾਨ 'ਤੇ ਆਏ ਸਨ। ਇਕ ਪੁਰਾਣਾ ਕਰੀਰ ਗੁਰੂ ਜੀ ਦੇ ਵੇਲੇ ਦਾ ਦੱਸਿਆ ਜਾਂਦਾ ਹੈ। ਗੁਰਧਾਮ ਦੀ ਮੌਜੂਦਾ ਇਮਾਰਤ 2004 ਦੀ ਬਣੀ ਹੋਈ ਹੈ।

---

1. ਫੌਜਾ ਸਿੰਘ, *ਗੁਰੂ ਤੇਗ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ*, ਪੰਨਾ 109.
2. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਭਾਗ ਪਹਿਲਾ, ਪੰਨਾ 18.

ਗੁਰਦੁਆਰਾ ਸਾਹਿਬ ਦੀ ਲਗ-ਪਗ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ, 8 ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। ਇਸ ਤੋਂ ਇਲਾਵਾ ਇਕ ਏਕੜ ਵਾਹੀਯੋਗ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ। ਜਥੇਦਾਰ ਬਾਬਾ ਹਰਬੰਸ ਸਿੰਘ ਕਾਰ ਸੇਵਾ ਚੈਰੀਟੇਬਲ ਟਰੱਸਟ ਵੱਲੋਂ ਬਾਬਾ ਮੇਜਰ ਸਿੰਘ ਪਿੰਡ ਦੀ ਸੰਗਤ ਦੇ ਸਹਿਯੋਗ ਨਾਲ ਇਸ ਅਸਥਾਨ ਦੀ ਸੇਵਾ-ਸੰਭਾਲ ਕਰਵਾ ਰਹੇ ਹਨ।

ਭੈਣੀ ਮਹਿਰਾਜ : ਕਾਂਝਲੇ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪਿੰਡ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇਕ ਸੁੰਦਰ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਇਕ ਪੁਰਾਤਨ ਢਾਬ ਦੇ ਕੰਢੇ ਗੁਰੂ ਜੀ ਕੁੱਝ ਸਮੇਂ ਲਈ ਰੁਕੇ ਸਨ ਅਤੇ ਇੱਥੇ ਉਹਨਾਂ ਦੇ ਘੋੜੇ ਨੂੰ ਦਰਦ ਉੱਠਿਆ, ਜੰਡ ਦੇ ਪੱਤੇ ਚਾਰੇ ਤਾਂ ਠੀਕ ਹੋ ਗਿਆ। ਲਗ-ਪਗ 60 ਸਾਲ ਪਹਿਲਾਂ ਮਸਤੂਆਣਾ ਸਾਹਿਬ ਤੋਂ ਭਾਈ ਤੀਰਥ ਸਿੰਘ ਜੀ ਇਸ ਅਸਥਾਨ 'ਤੇ ਆਏ ਸਨ, ਜਿਨ੍ਹਾਂ ਨੇ ਇਸ ਨੂੰ ਆਬਾਦ ਕੀਤਾ ਸੀ। ਇਹਨਾਂ ਤੋਂ ਪਹਿਲਾਂ ਇੱਥੇ ਇਕ ਥੜ੍ਹਾ ਸਾਹਿਬ ਮੌਜੂਦ ਸੀ ਅਤੇ ਨਾਲ ਹੀ ਤਿੰਨ ਕਮਰੇ ਬਣੇ ਹੋਏ ਸਨ ਜਿਨ੍ਹਾਂ ਵਿਚੋਂ ਇਕ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ। ਭਾਈ ਤੀਰਥ ਸਿੰਘ ਜੀ ਨੇ ਇਸ ਅਸਥਾਨ 'ਤੇ ਦਰਬਾਰ ਹਾਲ ਬਣਾਇਆ ਸੀ ਜਿਸ ਦੀ ਜਗ੍ਹਾ 'ਤੇ 2005 ਵਿਚ ਨਵੇਂ ਦਰਬਾਰ ਹਾਲ ਦੀ ਉਸਾਰੀ ਅਰੰਭ ਕਰਵਾਈ ਗਈ ਅਤੇ 2008 ਵਿਚ ਸੰਪੂਰਨ ਹੋਣ 'ਤੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਪਿੰਡ ਦੀ 17 ਮੈਂਬਰੀ ਕਮੇਟੀ ਹੈ ਜਿਸ ਦੀ ਸਲਾਹ ਅਤੇ ਯਤਨਾਂ ਸਦਕਾ ਸਮੂਹ ਕਾਰਜ ਕੀਤੇ ਜਾਂਦੇ ਹਨ। ਗੁਰਦੁਆਰਾ ਸਾਹਿਬ ਦੀ 8 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ।

ਰੂੜੇ ਕੇ ਕਲਾਂ : ਬਰਨਾਲਾ ਜ਼ਿਲੇ ਦੇ ਇਸ ਪਿੰਡ ਵਿਚ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਗੁਰੂਸਰ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਪਿੰਡ ਦੇ ਭਾਈ ਧੀਰ ਸਿੰਘ ਨੇ ਪੁਰਾਤਨ ਗੁਰਧਾਮ ਦੀ ਉਸਾਰੀ ਕਰਵਾਈ ਸੀ ਪਰ ਪਿੰਡ ਦੀ ਸਥਾਨਿਕ ਕਮੇਟੀ ਨੇ 2011 ਵਿਚ ਇਕ ਨਵੇਂ ਗੁਰਧਾਮ ਦੀ ਉਸਾਰੀ ਕਰਵਾਈ ਹੈ ਜਿਸ ਦਾ ਪ੍ਰਬੰਧ ਪਿੰਡ ਦੀ 11 ਮੈਂਬਰੀ ਕਮੇਟੀ ਵੱਲੋਂ ਕੀਤਾ ਜਾ ਰਿਹਾ ਹੈ। ਲਗ-ਪਗ ਡੇਢ ਏਕੜ ਵਿਚ ਦਰਬਾਰ ਹਾਲ, ਲੰਗਰ ਹਾਲ ਅਤੇ ਡਿਉੜ੍ਹੀ ਆਦਿ ਬਣੇ ਹੋਏ ਹਨ।

ਮਾਨਸਾ

ਪੰਜਾਬ ਦੇ ਮਾਲਵਾ ਜ਼ਿਲੇ ਵਿਚ ਪੈਂਦਾ ਇਹ ਨਗਰ ਬਠਿੰਡਾ-ਦਿੱਲੀ ਰੇਲ ਮਾਰਗ ਨਾਲ ਜੁੜਿਆ ਹੋਇਆ ਹੈ। ਪਹਿਲਾਂ ਇਹ ਨਗਰ ਬਠਿੰਡਾ ਜ਼ਿਲੇ ਵਿਚ ਮੌਜੂਦ ਸੀ ਪਰ 1992 ਦੀ ਵੈਸਾਖੀ ਮੌਕੇ ਇਸ ਨੂੰ ਨਵੇਂ ਜ਼ਿਲੇ ਵਜੋਂ ਸਥਾਪਿਤ ਕਰ ਦਿੱਤਾ ਗਿਆ। ਇਸ ਜ਼ਿਲੇ ਵਿਚ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਇਹਨਾਂ ਅਸਥਾਨਾਂ ਦੇ ਦਰਸ਼ਨ ਹੁੰਦੇ ਹਨ।

ਅਲੀ ਸ਼ੇਰ : ਇਹ ਗੁਰਧਾਮ ਪੰਜਾਬ ਦੇ ਮੌਜੂਦਾ ਮਾਨਸਾ ਜ਼ਿਲੇ ਵਿਚ ਸਥਿਤ ਹੈ। ਪੰਧੇਰ ਤੋਂ ਗੁਰੂ ਜੀ ਇੱਥੇ ਆਏ ਸਨ। ਗੁਰੂ ਜੀ ਇੱਥੇ ਨਿਵਾਸ ਕਰ ਰਹੇ ਸਨ ਕਿ ਪੰਧੇਰ ਪਿੰਡ ਦੇ ਵਸਨੀਕ ਆਪਣੀ ਭੁੱਲ ਬਖ਼ਸ਼ਵਾਉਣ ਲਈ ਆਏ। ਜਿੱਥੇ ਗੁਰੂ ਜੀ ਨੇ ਨਿਵਾਸ ਕੀਤੇ ਉੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਇਸ ਪਿੰਡ ਅਤੇ ਗੁਰਧਾਮ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ, "ਰਿਆਸਤ ਪਟਿਆਲਾ, ਨਜ਼ਾਮਤ ਬਰਨਾਲਾ, ਥਾਣਾ ਮਾਨਸਾ ਵਿਚ ਇਕ ਪਿੰਡ, ਜੋ ਭੰਦੇਰ ਤੋਂ ਤਿੰਨ ਕੋਹ ਦੱਖਣ ਹੈ। ਇਸ ਥਾਂ ਸਤਿਗੁਰੂ ਤੇਗ ਬਹਾਦਰ ਜੀ ਨੇ ਚਰਣ ਪਾਏ ਹਨ। ਗੁਰਦੁਆਰਾ ਬਣਿਆ ਹੋਇਆ ਹੈ। ਰਿਆਸਤ ਵੱਲੋਂ 25 ਰੁਪਯੇ ਸਾਲਾਨਾ ਮਿਲਦੇ ਹਨ। ਰੇਲਵੇ ਸਟੇਸ਼ਨ ਮਾਨਸਾ ਤੋਂ 11 ਮੀਲ ਉੱਤਰ ਵੱਲ ਹੈ।"[1]

1. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 64.

ਕਰੀਰ ਦਾ ਇਕ ਰੁੱਖ ਗੁਰਦੁਆਰਾ ਸਾਹਿਬ ਦੇ ਦਰਬਾਰ ਹਾਲ ਦੇ ਪਿੱਛੇ ਮੌਜੂਦ ਹੈ ਜਿਸ ਨਾਲ ਗੁਰੂ ਜੀ ਨੇ ਘੋੜਾ ਬੰਨਿਆ ਸੀ। ਗੁਰਦੁਆਰਾ ਸਾਹਿਬ ਦੇ ਬਾਹਰ ਇਕ ਪੁਰਤਾਨ ਢਾਬ ਅਤੇ ਖੂਹ ਸੰਭਾਲ ਕੇ ਰੱਖੇ ਹੋਏ ਹਨ। ਇਸ ਗੁਰਦੁਆਰਾ ਸਾਹਿਬ ਦੇ ਨਾਂ 16 ਏਕੜ ਵਾਹੀ ਯੋਗ ਜ਼ਮੀਨ ਹੈ ਅਤੇ ਇਸ ਤੋਂ ਇਲਾਵਾ ਤਿੰਨ ਏਕੜ ਵਿਚ ਦਰਬਾਰ ਹਾਲ, ਸਰੋਵਰ ਆਦਿ ਬਣੇ ਹੋਏ ਹਨ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਲਗ-ਪਗ 14 ਸਾਲ ਪਹਿਲਾਂ 2007 ਵਿਚ ਤਿਆਰ ਹੋਈ ਹੈ ਜਿਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਐਕਟ 1925 ਦੀ ਧਾਰਾ 87 ਅਧੀਨ ਇਕ ਸਥਾਨਿਕ ਕਮੇਟੀ ਰਾਹੀਂ ਕੀਤਾ ਜਾਂਦਾ ਹੈ। ਇਸ ਅਸਥਾਨ 'ਤੇ ਸੇਵਾ ਕਰਨ ਵਾਲੇ ਬਾਬਾ ਜੀਵਣ ਸਿੰਘ ਨੇ ਇਹ ਗੁਰਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਸੀ।

ਇਸ ਗੁਰਦੁਆਰਾ ਸਾਹਿਬ ਤੋਂ ਲਗ-ਪਗ ਇਕ ਕਿਲੋਮੀਟਰ ਦੀ ਦੂਰੀ 'ਤੇ ਪੰਧੇਰ ਨੂੰ ਜਾਂਦੀ ਸੜਕ 'ਤੇ ਇਕ ਹੋਰ ਗੁਰਧਾਮ *ਗੁਰਦੁਆਰਾ ਵਣ ਸਾਹਿਬ ਪਾਤਸ਼ਾਹੀ ਨੌਵੀਂ* ਦੀ ਉਸਾਰੀ ਕੀਤੀ ਹੋਈ ਹੈ ਜਿਸ ਬਾਰੇ ਦੱਸਿਆ ਜਾਂਦਾ ਹੈ ਕਿ ਇੱਥੇ ਇਕ ਟਿੱਬਾ ਹੁੰਦਾ ਸੀ ਅਤੇ ਜਦੋਂ ਗੁਰੂ ਜੀ ਪੰਧੇਰ ਤੋਂ ਇੱਥੇ ਆਏ ਤਾਂ ਉਹਨਾਂ ਨੇ ਇਸ 'ਤੇ ਚੜ੍ਹ ਕੇ ਝਿੜੀ ਵਾਲੀ ਢਾਬ ਨੂੰ ਦੇਖਿਆ ਸੀ। ਲਗ-ਪਗ 20 ਸਾਲ ਪਹਿਲਾਂ ਇਸ ਗੁਰਧਾਮ ਦੀ ਉਸਾਰੀ ਕੀਤੀ ਗਈ ਹੈ।

ਸਮਾਉਂ : ਮਾਨਸਾ ਜ਼ਿਲੇ ਵਿਚ ਭੀਖੀ ਦੇ ਇਤਿਹਾਸਿਕ ਗੁਰਦੁਆਰੇ ਤੋਂ 3 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪਿੰਡ ਵਿਖੇ ਸੁਸ਼ੋਭਿਤ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਖੀਵੇ ਤੋਂ ਚੱਲ ਕੇ ਗੁਰੂ ਜੀ ਇੱਥੇ ਆਏ ਤਾਂ ਵਣ ਦੇ ਰੁੱਖ ਹੇਠ ਡੇਰਾ ਕੀਤਾ। ਨੇੜੇ ਹੀ ਖੇਤ ਵਿਚ ਇਕ ਕਿਸਾਨ ਹੱਲ ਚਲਾ ਰਿਹਾ ਸੀ, ਇਹ ਵੀ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਇਆ। *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ* ਵਿਚ ਦੱਸਿਆ ਗਿਆ ਹੈ ਕਿ ਦਰਸ਼ਨ ਕਰਨ ਲਈ ਆਏ ਇਸ ਜ਼ਿੰਮੀਦਾਰ ਨੇ ਆਪਣੀ ਸਮਰੱਥਾ ਅਨੁਸਾਰ ਰੋਟੀ ਅਤੇ ਲੱਸੀ ਗੁਰੂ ਜੀ ਨੂੰ ਭੇਟ ਕਰ ਦਿੱਤੀ। ਭੇਟ ਕੀਤੇ ਪਦਾਰਥਾਂ ਨੂੰ ਇਸ ਨੇ ਗੁਰਸਿੱਖਾਂ ਨਾਲ ਰਲ ਕੇ ਛਕਿਆ। ਗੁਰੂ ਜੀ ਨੇ ਇਸ ਨੂੰ ਅਸ਼ੀਰਵਾਦ ਦਿੰਦੇ ਹੋਏ ਕਿਹਾ 'ਤੇਰੇ ਘਰ ਦੁਧ ਸਦਾ ਹੋਵੇਗਾ'।[1] ਗਿਆਨੀ ਗਿਆਨ ਸਿੰਘ ਇਸ ਅਸਥਾਨ 'ਤੇ ਪਸ਼ੌਰ ਦੀ ਸੰਗਤ ਦਾ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਉਣਾ ਦੱਸਦੇ ਹੋਏ ਕਹਿੰਦੇ ਹਨ ਕਿ ਗੁਰੂ ਜੀ ਖੀਵੇ ਤੋਂ ਤੁਰੇ ਤਾਂ ਪਸ਼ੌਰ ਦੀ ਸੰਗਤ ਅਨੰਦਪੁਰੋਂ ਹੋ ਕੇ ਏਥੇ ਪੁੱਜੀ। ਮੇਵੇ, ਰੁਪਯੇ, ਅਸ਼ਰਫੀਆਂ ਭੇਟ ਕੀਤੀਆਂ। ਗੁਰੂ ਜੀ ਏਥੇ ਹੀ ਵਣ ਦੇ ਇਕ ਰੁੱਖ ਹੇਠ ਬੈਠ ਗਏ। ਸੰਗਤ ਦੀ ਯਥਾ ਯੋਗ ਭਾਵਨਾ ਪੂਰੀ ਕੀਤੀ ਅਤੇ ਏਸ ਦੇਸ ਦਾ ਮੇਵਾ ਪੀਲੂ ਪ੍ਰਸਾਦਿ ਦੇ ਕੇ ਵਿਦਾ ਕੀਤਾ।[2]

ਵਣ ਦਾ ਇਕ ਪੁਰਾਤਨ ਰੁੱਖ ਅਤੇ ਖੂਹੀ ਇਸ ਅਸਥਾਨ ਦੀਆਂ ਪੁਰਾਤਨ ਨਿਸ਼ਾਨੀਆਂ ਸਨ ਜਿਹੜੀਆਂ ਕਿ 1995 ਵਿਚ ਨਵੀਂ ਇਮਾਰਤ ਦੀ ਉਸਾਰੀ ਅਰੰਭ ਹੋਣ 'ਤੇ ਮਿਟਾ ਦਿੱਤੀਆਂ ਗਈਆਂ ਹਨ। 2000 ਵਿਚ ਨਵੇਂ ਦਰਬਾਰ ਹਾਲ ਦੀ ਉਸਾਰੀ ਕਰਕੇ ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਸੀ ਪਰ 2014 ਤੋਂ ਇਸ ਨੂੰ ਭੀਖੀ ਦੇ ਗੁਰਦੁਆਰਾ ਸਾਹਿਬ ਨਾਲ ਅਟੈਚ ਕਰ ਦਿੱਤਾ ਗਿਆ ਹੈ। 24 ਏਕੜ ਵਾਹੀ ਯੋਗ ਜ਼ਮੀਨ ਹੈ ਅਤੇ ਲਗ-ਪਗ ਢਾਈ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ, ਦਫ਼ਤਰ ਅਤੇ ਕੁੱਝ ਰਿਹਾਇਸ਼ੀ ਕਮਰੇ ਬਣੇ ਹੋਏ ਹਨ।

ਸੰਘਰੇੜੀ : ਮਾਨਸਾ ਜ਼ਿਲੇ ਵਿਚ ਇਹ ਪਿੰਡ ਗੋਬਿੰਦਪੁਰੇ ਦੇ ਇਤਿਹਾਸਿਕ ਗੁਰਧਾਮ ਤੋਂ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਪਿੰਡ ਦੇ 90 ਸਾਲਾ ਵਸਨੀਕ ਬਾਬਾ ਬਲਦੇਵ ਸਿੰਘ ਪਿੰਡ ਦੀ ਮੋਹੜੀ ਗੱਡਣ ਵਾਲੇ ਸਿੰਘਾ ਤੋਂ

1. *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ,* ਸਾਖੀ 14, ਪੰਨਾ 15.
2. ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਪੰਨਾ 104.

ਪੰਜਵੀਂ ਪੀੜ੍ਹੀ ਵਿਚ ਮੌਜੂਦ ਹਨ। ਪਿੰਡ ਦੇ ਇਤਿਹਾਸ ਦੀ ਭਾਵਪੂਰਤ ਜਾਣਕਾਰੀ ਰੱਖਣ ਵਾਲੇ ਇਸ ਬਜ਼ੁਰਗ ਨੇ ਦੱਸਿਆ ਕਿ ਇਹ ਪਿੰਡ ਉਹਨਾਂ ਦੇ ਬਜ਼ੁਰਗ ਸਿੰਘਾ ਨੇ ਵਸਾਇਆ ਸੀ ਜਿਹੜਾ ਕਿ ਸਿੰਧ ਤੋਂ ਇੱਥੇ ਆ ਵੱਸਿਆ ਸੀ। ਗੋਬਿੰਦਪੁਰੇ ਤੋਂ ਜਦੋਂ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿਖੇ ਆਏ ਤਾਂ ਸਾਡੇ ਬਜ਼ੁਰਗ ਸਿੰਘਾ ਨੇ ਉਹਨਾਂ ਦੀ ਸੇਵਾ ਕੀਤੀ ਸੀ। ਜਦੋਂ ਗੁਰੂ ਜੀ ਇੱਥੇ ਢਾਬ ਦੇ ਕੰਢੇ ਆ ਕੇ ਬੈਠੇ ਤਾਂ ਇੱਥੋਂ ਦੇ ਵਸਨੀਕ ਜੱਲਾ ਰੰਘੜ ਨੇ ਉਹਨਾਂ ਨੂੰ ਤੰਗ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਗੁਰੂ ਜੀ ਦੇ ਅਸ਼ੀਰਵਾਦ ਸਦਕਾ ਸਿੰਘਾ ਨੇ ਉਸ ਨੂੰ ਕਾਬੂ ਕਰ ਲਿਆ ਸੀ। ਗੁਰੂ ਜੀ ਦੀ ਬਖ਼ਸ਼ਿਸ਼ ਸਦਕਾ ਉਸ ਨੇ ਇਸ ਪਿੰਡ ਦੀ ਮੋਹੜੀ ਗੱਡੀ ਅਤੇ ਇਸ ਦਾ ਨਾਂ ਸੰਘਰੇੜੀ ਪੈ ਗਿਆ। ਬਾਬਾ ਲਾਭ ਸਿੰਘ ਤਰਨਤਾਰਨ ਵਾਲਿਆਂ ਵੱਲੋਂ 2001 ਵਿਚ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਦੀ ਨਵੀਂ ਇਮਾਰਤ ਤਿਆਰ ਕੀਤੀ ਗਈ ਹੈ ਪਰ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਬਣਿਆ ਹੋਇਆ ਪੁਰਾਤਨ ਮੰਜੀ ਸਾਹਿਬ ਹਾਲੇ ਵੀ ਮੌਜੂਦ ਹੈ। ਗੁਰਦੁਆਰਾ ਸਾਹਿਬ ਦੇ ਨਾਲ ਹੀ ਪੁਰਤਾਨ ਢਾਬ ਅਤੇ ਬਾਬਾ ਬਲਦੇਵ ਸਿੰਘ ਦੇ ਤਾਏ ਰੁਘੜੇ ਦੁਆਰਾ ਲਵਾਇਆ ਪੁਰਾਤਨ ਖੂਹ ਵੀ ਮੌਜੂਦ ਹੈ। ਸਾਢੇ ਨੌਂ ਏਕੜ ਵਾਹੀਯੋਗ ਜ਼ਮੀਨ ਹੈ ਅਤੇ 2 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਪੁਰਾਤਨ ਮੰਜੀ ਸਾਹਿਬ ਅਤੇ 2 ਰਿਹਾਇਸ਼ੀ ਕਮਰੇ ਬਣੇ ਹੋਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 85 ਅਧੀਨ ਇਸ ਦਾ ਪ੍ਰਬੰਧ ਕਰਦੀ ਹੈ। ਇਹ ਗੁਰਧਾਮ *ਤਖ਼ਤ ਸ੍ਰੀ ਦਮਦਮਾ ਸਾਹਿਬ* ਨਾਲ ਅਟੈਚ ਹੈ।

ਸੀਤਲਸਰ ਸਾਹਿਬ : ਮਾਨਸਾ ਜ਼ਿਲੇ ਵਿਚ ਇਹ ਉਸ ਗੁਰਧਾਮ ਦਾ ਨਾਂ ਹੈ ਜਿਹੜਾ ਗੁਰੂ ਤੇਗ ਬਹਾਦਰ ਜੀ ਦੇ ਨਾਂ 'ਤੇ ਝੁਨੀਰ ਦੇ ਨੇੜੇ ਖਿਆਲੀ ਚਹਿਲਾਂ ਵਾਲੀ ਦੀ ਹੱਦ 'ਤੇ ਸੁਸ਼ੋਭਿਤ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਕੋਟ ਧਰਮੂ ਵਿਖੇ ਨਿਵਾਸ ਕਰ ਰਹੇ ਸਨ ਕਿ ਰਾਤ ਨੂੰ ਉਹਨਾਂ ਦਾ ਘੋੜਾ ਚੋਰੀ ਹੋ ਗਿਆ। ਚਹਿਲਾਂ ਵਾਲੀ ਪਿੰਡ ਦੀ ਹੱਦ 'ਤੇ ਚੋਰ ਫੜੇ ਗਏ। ਗਿਆਨੀ ਗਿਆਨ ਸਿੰਘ ਦੱਸਦੇ ਹਨ, "ਕਈ ਦਿਨ ਤਲਵੰਡੀ ਰਹਿ ਕੇ ਓਥੋਂ ਅੱਗੇ ਕੋਟ ਧਰਮੂ ਦੇ ਕੋਟ ਜਾ ਰਹੇ। ਲੋਕਾਂ ਨੇ ਸੇਵਾ ਤਾਂ ਬਹੁਤ ਕੀਤੀ ਪਰ ਇਕ ਚੋਰ ਨੇ ਗੁਰੂ ਜੀ ਦਾ ਘੋੜਾ ਚੁਰਾ ਲੀਤਾ, ਜੋ ਓਥੋਂ ਤਿੰਨ ਕੋਹ ਉਤੋਂ ਇਕ ਢਾਬ ਵਿਚੋਂ ਜਿਸ ਨੂੰ 'ਸੀਤਲਸਰ' ਆਖਦੇ ਹਨ, ਪਾਣੀ ਪੀਣ ਲੱਗਾ ਫੜਿਆ ਗਿਆ। ਗੁਰੂ ਸਾਹਿਬ ਜੀ ਦੇ ਰੋਬਰੂ ਆ ਕੇ ਓਹ ਚੋਰ ਆਪੇ ਸੂਲੀ ਚੜ੍ਹ ਕੇ ਮਰ ਗਿਆ। ਤਾਂ ਹੀ ਓਸ ਗੁਰਦੁਆਰੇ ਦਾ ਨਾਮ ਸੂਲੀਸਰ ਹੈ।"[1] ਕਿਹਾ ਜਾਂਦਾ ਹੈ ਕਿ ਗੁਰੂ ਜੀ ਵੀ ਇਸ ਅਸਥਾਨ 'ਤੇ ਆਏ ਸਨ ਅਤੇ ਉਹਨਾਂ ਨੇ ਇੱਥੇ ਮੌਜੂਦ ਢਾਬ ਦਾ ਸੀਤਲ ਜਲ ਪੀਤਾ ਸੀ ਜਿਸ ਤੋਂ ਇਸ ਅਸਥਾਨ ਦਾ ਨਾਂ ਸੀਤਲਸਰ ਪੈ ਗਿਆ।

ਡਾ. ਫੌਜਾ ਸਿੰਘ 1976 ਵਿਚ ਦੱਸਦੇ ਹਨ ਕਿ "ਉਹ ਕੱਚਾ ਬੁਰਜ ਜਿਸ ਵਿਚ ਗੁਰੂ ਸਾਹਿਬ ਨੇ ਦੁਪਹਿਰਾ ਕੱਟਿਆ ਸੀ, 50 ਸਾਲ ਪਹਿਲਾਂ ਤੱਕ ਮੌਜੂਦ ਸੀ। ਬਾਅਦ ਵਿਚ ਇਹ ਢਹਿ ਗਿਆ। ਲੋਕਾਂ ਨੇ ਬਾਅਦ ਵਿਚ ਢਾਬ ਦੀ ਜ਼ਮੀਨ ਵਲ ਲਈ। ਉਸ ਬੁਰਜ ਦਾ ਹੁਣ ਕੋਈ ਨਿਸ਼ਾਨ ਬਾਕੀ ਨਹੀਂ ਹੈ। ਕੋਈ ਗੁਰਦੁਆਰਾ ਆਦਿ ਵੀ ਨਹੀਂ ਬਣਿਆ। ਸ. ਮੇਹਰ ਸਿੰਘ ਨਾਜ਼ਮ ਕੋਟ ਦੂੰਨੇ ਵਾਲਿਆਂ ਨੇ ਇੱਥੇ ਇਕ ਵਾਰ ਗੁਰਦੁਆਰਾ ਬਣਾਉਣ ਦਾ ਯਤਨ ਕੀਤਾ ਸੀ ਪਰ ਇਹ ਨੇਪਰੇ ਨਾ ਚੜਿਆ।"[2]

ਮੌਜੂਦਾ ਸਮੇਂ ਵਿਚ ਚਹਿਲਾਂ ਵਾਲੀ ਦੇ ਬਾਹਰਵਾਰ *ਗੁਰਦੁਆਰਾ ਸੀਤਲਸਰ ਸਾਹਿਬ* ਮੌਜੂਦ ਹੈ ਜਿਹੜਾ ਕਿ ਪਹਿਲਾਂ ਵਾਲੀ ਜਗ੍ਹਾ ਤੋਂ ਕੁੱਝ ਦੂਰੀ 'ਤੇ ਝੁਨੀਰ-ਮਾਨਸਾ ਸੜਕ ਦੇ ਨੇੜੇ ਉਸਾਰਿਆ ਗਿਆ ਹੈ। ਫੱਤੇ ਪਿੰਡ ਵਾਲੇ ਬਾਬਾ ਦਰਸ਼ਨ ਸਿੰਘ ਇਸ ਦੀ ਕਾਰ ਸੇਵਾ ਕਰਵਾ ਰਹੇ ਹਨ। ਇਕ ਦਰਬਾਰ ਹਾਲ, ਸਰੋਵਰ ਅਤੇ ਕੁੱਝ ਕਮਰੇ ਇੱਥੇ ਬਣੇ ਹੋਏ ਹਨ।

---

1. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ*, ਭਾਗ ਪਹਿਲਾ, ਪੰਨਾ 688.
2. ਫੌਜਾ ਸਿੰਘ, ਗੁਰੂ ਤੇਗ ਬਹਾਦਰ: *ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ ਚਿੰਨ੍ਹ*, ਪੰਨਾ 139.

ਕੋਟ ਧਰਮੂ : ਮਾਨਸਾ-ਸਿਰਸਾ ਸੜਕ 'ਤੇ ਮਾਨਸਾ ਤੋਂ ਲਗ-ਪਗ 12 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। 1665 ਵਿਚ ਪੂਰਬ ਦੀ ਉਦਾਸੀ ਸਮੇਂ ਗੁਰੂ ਜੀ ਨੇ ਇਸ ਪਿੰਡ ਵਿਖੇ ਨਿਵਾਸ ਕੀਤਾ ਸੀ। *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ* ਵਿਚ ਇੱਥੋਂ ਦੀ ਘਟਨਾ ਦਾ ਵਰਨਨ ਕਰਦੇ ਹੋਏ ਦੱਸਿਆ ਗਿਆ ਹੈ ਕਿ ਜਦੋਂ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿਖੇ ਪੁੱਜੇ ਤਾਂ ਰਾਤ ਨੂੰ ਦੋ ਚੋਰਾਂ ਨੇ ਗੁਰੂ ਜੀ ਦਾ ਘੋੜਾ ਚੁਰਾ ਲਿਆ। ਜਦੋਂ ਉਹ ਘੋੜਾ ਲਿਜਾਣ ਲੱਗੇ ਤਾਂ ਉਹਨਾਂ ਮਹਿਸੂਸ ਕੀਤਾ ਕਿ ਉਹਨਾਂ ਨੂੰ ਕੁੱਝ ਦਿਖਾਈ ਨਹੀਂ ਦੇ ਰਿਹਾ। ਸਿੱਖਾਂ ਨੇ ਫੜ ਕੇ ਇਹਨਾਂ ਨੂੰ ਅਗਲੇ ਦਿਨ ਗੁਰੂ ਜੀ ਅੱਗੇ ਪੇਸ਼ ਕੀਤਾ ਗਿਆ ਤਾਂ ਗੁਰੂ ਜੀ ਨੇ ਪੁੱਛਿਆ ਕਿ ਤੁਸੀਂ ਰਾਤ ਨੂੰ ਚੋਰੀ ਕਿਉਂ ਕਰ ਰਹੇ ਸੀ? ਜੋ ਚਾਹੀਦਾ ਹੈ ਹੁਣ ਲੈ ਜਾਵੋ। ਸ਼ਰਮ ਦੇ ਮਾਰੇ ਪਛਤਾਵਾ ਕਰਦੇ ਹੋਏ ਇਹਨਾਂ ਵਿਚੋਂ ਇਕ ਨੇ ਜੰਡ ਦੇ ਰੁੱਖ ਦੇ ਇਕ ਸੁਕੇ ਟਾਹਣੇ ਨਾਲ ਆਪਣਾ ਪੇਟ ਪਾੜ ਲਿਆ। ਪੰਡਿਤ ਤਾਰਾ ਸਿੰਘ ਨਰੋਤਮ ਦੱਸਦੇ ਹਨ ਕਿ ਕੋਟ ਧਰਮੂ ਵਿਖੇ ਇਕ ਚੋਰ ਨੇ ਗੁਰੂ ਜੀ ਕਾ ਘੋੜਾ ਚੁਰਾਇਆ। ਥੋਹੜੀ ਦੂਰ ਲੇ ਜਾ ਕਰ ਅੰਧਾ ਹੋ ਗਿਆ। ਦਿਨ ਚੜ੍ਹੇ ਪਕੜਾ ਗਿਆ। ਉਸਨੇ ਗੁਰੂ ਜੀ ਕੋ ਕਹਿਆ ਮੈਂ ਆਪ ਕੀ ਅਵਗਿਆ ਕਰੀ ਹੈ, ਮੁਝੇ ਦੰਡ ਦੇਵੋ। ਗੁਰੂ ਜੀ ਨੇ ਕਿਹਾ ਤੂੰ ਆਪ ਹੀ ਦੰਡ ਲੇ। ਸੁਣਕੇ ਵੋਹ ਜੰਡ ਕੇ ਬ੍ਰਿਛ ਪਰ ਚੜ੍ਹ ਤਿਸਕੀ ਡਾਲੀ ਊਪਰ ਸੇ ਤੋੜ ਤੀਖੀ ਲੱਕੜੀ ਮੈ ਪੇਟ ਟਿਕਾਇ ਸੂਲੀ ਚੜ੍ਹ ਕੇ ਮਰ ਗਿਆ। ਇਸ ਲੀਏ ਉਸ ਕਾ ਨਾਮ ਸੂਲੀਸਰ ਹੈ।[1]

ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਚੋਰ ਸੀਤਲਸਰ ਦੀ ਚੂਹ ਵਿਚੋਂ ਫੜਿਆ ਗਿਆ ਸੀ ਜਿੱਥੇ ਇਕ ਗੁਰਧਾਮ ਇਸ ਘਟਨਾ ਦੀ ਯਾਦ ਦਿਵਾਉਂਦਾ ਹੈ। *ਮਾਲਵਾ ਇਤਿਹਾਸ* ਵਿਚ ਇਸ ਘਟਨਾ ਦਾ ਵਰਨਨ ਕਰਦੇ ਹੋਏ ਦੱਸਿਆ ਗਿਆ ਹੈ ਕਿ ਜਦੋਂ ਚੋਰ ਨੂੰ ਫੜ ਕੇ ਗੁਰੂ ਜੀ ਅੱਗੇ ਪੇਸ਼ ਕੀਤਾ ਗਿਆ ਤਾਂ ਉਸ ਨੇ ਬੇਨਤੀ ਕੀਤੀ "ਸਚੇ ਪਾਤਿਸ਼ਾਹ ਮੇਰੀ ਕੀਤੀ ਦਾ ਫਲ ਮੈਨੂੰ ਸਜ਼ਾ ਦੇਵੋ ਤਾਂ ਸਤਿਗੁਰਾਂ ਫਰਮਾਇਆ ਸਿੱਖਾ ਤੈਨੂੰ ਮਾਫ਼ ਕੀਤਾ। ਪਰ ਚੋਰ ਆਪਣੇ ਆਪ ਜੰਡ ਬਿਰਛ ਦੇ ਸੁੱਕੇ ਡਾਹਣ ਨਾਲ ਪੇਟ ਪਾੜ ਕੇ ਮਰ ਗਿਆ ਸੀ ਜਿਸ ਕਰਕੇ ਨਾਉਂ ਸੂਲੀਸਰ ਪ੍ਰਸਿੱਧ ਹੋਇਆ ਹੈ।"[2] ਇਹ ਘਟਨਾ ਗੁਰੂ ਸਾਹਿਬ ਦੇ ਚਰਨ-ਛੋਹ ਪ੍ਰਾਪਤ ਇਸ ਅਸਥਾਨ ਨਾਲ ਪੱਕੇ ਤੌਰ 'ਤੇ ਜੁੜ ਗਈ ਜਿਸ ਤੋਂ ਇਸ ਦਾ ਨਾਂ *ਗੁਰਦੁਆਰਾ ਸੂਲੀਸਰ ਸਾਹਿਬ ਪਾਤਸ਼ਾਹੀ ਨੌਵੀਂ* ਪੈ ਗਿਆ। 117 ਏਕੜ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ ਜਿਹੜੀ ਕਿ ਪਟਿਆਲਾ ਰਿਆਸਤ ਨੇ ਇਸ ਗੁਰਧਾਮ ਦੇ ਨਾਂ ਲਵਾਈ ਹੈ। ਇਸ ਵਿਚੋਂ 98 ਏਕੜ ਜ਼ਮੀਨ ਸੰਬੰਧੀ ਪਿਛਲੇ ਮਹੰਤ ਨਾਲ ਕੇਸ ਚੱਲ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਖ਼ਿਆਲਾ ਕਲਾਂ : ਮਾਨਸਾ ਜ਼ਿਲੇ ਦਾ ਇਹ ਪਿੰਡ ਮਾਨਸਾ-ਸੁਨਾਮ ਸੜਕ 'ਤੇ ਮਾਨਸਾ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਪਿੰਡ ਦੇ ਦੋ ਗੁਰਧਾਮ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਸਸ਼ੋਭਿਤ ਹਨ:

1. **ਗੁਰਦੁਆਰਾ ਸ੍ਰੀ ਬੇਰੀ ਸਾਹਿਬ ਪਾਤਸ਼ਾਹੀ ਨੌਵੀਂ :** *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ* ਅਨੁਸਾਰ ਭਿੱਖੀ ਤੋਂ ਚੱਲ ਕੇ ਗੁਰੂ ਜੀ ਨੇ ਅਗਲਾ ਡੇਰਾ ਖ਼ਿਆਲਾ ਕਲਾਂ ਵਿਖੇ ਕੀਤਾ। ਇੱਥੇ ਇਕ ਬ੍ਰਾਹਮਣ ਕਿਸਾਨ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਇਆ। ਗੁਰੂ ਜੀ ਨੇ ਉਸ ਨੂੰ ਅੱਗ ਲਿਆਉਣ ਲਈ ਕਿਹਾ। ਅੱਗ ਦੇ ਨਾਲ-ਨਾਲ ਗੁਰੂ ਜੀ ਲਈ ਇਹ ਦੁੱਧ ਦਾ ਮਟਕਾ ਵੀ ਭਰ ਲਿਆਇਆ। ਗੁਰੂ ਜੀ ਨੇ ਇਸ ਨੂੰ ਅਸ਼ੀਰਵਾਦ ਦਿੰਦੇ ਹੋਏ ਕਿਹਾ, "ਤੇਰੇ ਭਾਂਡੇ ਦੁਧ ਭੀ ਰਹੂ ਸਦਾ।"[3] ਇਸ ਬ੍ਰਾਹਮਣ ਦਾ ਨਾਂ ਗੁੱਜਰ ਰਾਮ ਸੀ ਅਤੇ ਇਸ ਪਰਿਵਾਰ ਦੇ ਵੰਸ਼ਜ਼ ਹਾਲੇ ਵੀ ਇਸ ਪਿੰਡ ਦੇ ਵਸਨੀਕ ਹਨ ਅਤੇ ਦਾੜ੍ਹੀ ਕੇਸ ਰੱਖਦੇ ਹਨ। ਇਸੇ ਪਰਿਵਾਰ ਦੇ ਸ. ਜਨਕ ਸਿੰਘ ਗੁਰਦੁਆਰਾ

---

1. ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰੁ ਤੀਰਥ ਸੰਗ੍ਰਹਿ,* ਪੰਨਾ 98.
2. ਵਿਸਾਖਾ ਸਿੰਘ, *ਮਾਲਵਾ ਇਤਿਹਾਸ,* ਭਾਗ ਪਹਿਲਾ, ਪੰਨਾ 92.
3. *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ,* ਸਾਖੀ 15, ਪੰਨਾ 16.

ਪ੍ਰਬੰਧਕ ਕਮੇਟੀ ਦੇ ਮੈਂਬਰ ਹਨ। ਜਿਸ ਛੰਨੇ ਵਿਚ ਬ੍ਰਾਹਮਣ ਕਿਸਾਨ ਬਾਬਾ ਗੁੱਜਰ ਰਾਮ ਨੇ ਗੁਰੂ ਜੀ ਨੂੰ ਦੁੱਧ ਪਿਆਇਆ ਸੀ, ਉਹ ਹਾਲੇ ਵੀ ਗੁਰਦੁਆਰਾ ਸਾਹਿਬ ਦੇ ਨੇੜੇ ਬਾਬਾ ਗੁੱਜਰ ਰਾਮ ਦੇ ਵੰਸ਼ਜ਼ ਪੰਡਿਤ ਰਾਮ ਸਿੰਘ ਪੁੱਤਰ ਹਰੀ ਰਾਮ ਦੇ ਘਰ ਵਿਚ ਸੰਭਾਲ ਕੇ ਰੱਖਿਆ ਹੋਇਆ ਹੈ। ਜਿਸ ਬੇਰੀ ਹੇਠਾਂ ਗੁਰੂ ਜੀ ਆ ਕੇ ਬੈਠੇ ਸਨ ਉਹ ਹਾਲੇ ਵੀ ਮੌਜੂਦ ਹੈ। ਲੋਹੇ ਦੇ ਲੰਮੇ ਪਾਈਪਾਂ ਅਤੇ ਇੱਟਾਂ ਦੇ ਥਮਲੇ ਨਾਲ ਇਸ ਬੇਰੀ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਨੂੰ ਬੇਰ ਲੱਗਦੇ ਹਨ, ਸੰਗਤਾਂ ਪ੍ਰਸਾਦਿ ਸਮਝ ਕੇ ਛਕਦੀਆਂ ਹਨ। ਇਕ ਪੁਰਾਤਨ ਖੂਹ ਵੀ ਮੌਜੂਦ ਹੈ ਜਿਸ ਦਾ ਪਾਣੀ ਤਾਂ ਵਰਤਿਆ ਨਹੀਂ ਜਾਂਦਾ ਪਰ ਸਾਂਭ-ਸੰਭਾਲ ਕੀਤੀ ਜਾਂਦੀ ਹੈ।

ਗੁਰਦੁਆਰਾ ਸ੍ਰੀ ਬੇਰੀ ਸਾਹਿਬ ਜੀ ਪਾਤਸ਼ਾਹੀ ਨੌਵੀਂ ਦਾ ਪੁਰਾਤਨ ਦਰਬਾਰ ਹਾਲ ਜਥੇਦਾਰ ਜੀਤ ਸਿੰਘ ਨੇ ਲਗ-ਪਗ 50 ਸਾਲ ਪਹਿਲਾਂ ਤਿਆਰ ਕਰਵਾਇਆ ਸੀ ਜਿਸ ਦੀ ਜਗ੍ਹਾ 'ਤੇ ਨਵੀਂ ਇਮਾਰਤ ਦੀ ਉਸਾਰੀ ਕੀਤੀ ਗਈ ਹੈ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸੰਸਥਾ ਵੱਲੋਂ 2012-13 ਵਿਚ ਅਰੰਭ ਕਰਕੇ 2020 ਵਿਚ ਸੰਪੂਰਨ ਕੀਤੀ ਸੀ। ਸਾਢੇ ਛੇ ਕਨਾਲ ਜ਼ਮੀਨ 'ਤੇ ਦਰਬਾਰ ਹਾਲ (85 ਫੁੱਟ ਲੰਬਾ ਅਤੇ 38 ਫੁੱਟ ਚੌੜਾ), ਪੁਰਾਤਨ ਖੂਹ, ਲੰਗਰ ਹਾਲ, ਬੇਰੀ ਆਦਿ ਮੌਜੂਦ ਹਨ। 12 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਪਿੰਡ ਦੀਆਂ 10 ਪੱਤੀਆਂ ਹਨ ਅਤੇ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਲਈ ਹਰ ਇਕ ਪੱਤੀ ਵਿਚੋਂ 2-2 ਮੈਂਬਰ ਲਏ ਜਾਂਦੇ ਹਨ। ਇਹ ਵੀਹ ਮੈਂਬਰ ਦੋ ਹੋਰ ਮੈਂਬਰ ਨਾਮਜ਼ਦ ਕਰਦੇ ਹਨ। ਇਸ ਤਰ੍ਹਾਂ 22 ਮੈਂਬਰੀ ਕਮੇਟੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੀ ਹੈ।

2. **ਗੁਰਦੁਆਰਾ ਤੀਰਸਰ ਸਾਹਿਬ ਪਾਤਸ਼ਾਹੀ ਨੌਵੀਂ :** *ਗੁਰਦੁਆਰਾ ਸ੍ਰੀ ਬੇਰੀ ਸਾਹਿਬ ਪਾਤਸ਼ਾਹੀ ਨੌਵੀਂ* ਤੋਂ ਇਕ ਕਿਲੋਮੀਟਰ ਦੀ ਦੂਰੀ 'ਤੇ ਇਹ ਗੁਰਧਾਮ ਖ਼ਿਆਲਾ ਖੁਰਦ ਵਿਖੇ ਸੁਸ਼ੋਭਿਤ ਹੈ ਜਿਸ ਨੂੰ *ਗੁਰਦੁਆਰਾ ਤੀਰਸਰ ਸਾਹਿਬ ਪਾਤਸ਼ਾਹੀ ਨੌਵੀਂ* ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਬਖ਼ਸ਼ਿਸ਼ ਸਦਕਾ ਇੱਥੇ ਇਕ ਮਿੱਠਾ ਖੂਹ ਲੱਗਿਆ। ਗੁਰੂ ਜੀ ਗੁਰਦੁਆਰਾ ਬੇਰੀ ਸਾਹਿਬ ਵਾਲੇ ਅਸਥਾਨ 'ਤੇ ਨਿਵਾਸ ਕਰ ਰਹੇ ਸਨ ਕਿ ਸੰਗਤ ਨੇ ਬੇਨਤੀ ਕਿ ਇਲਾਕੇ ਵਿਚ ਪਾਣੀ ਖਾਰਾ ਹੈ, ਮਿੱਠੇ ਜਲ ਦੀ ਕ੍ਰਿਪਾ ਕਰੋ। ਇਸ ਅਸਥਾਨ ਤੋਂ ਇਕ ਤੀਰ ਛੱਡਦੇ ਹੋਏ ਗੁਰੂ ਜੀ ਨੇ ਕਿਹਾ ਕਿ ਜਿਸ ਅਸਥਾਨ 'ਤੇ ਇਹ ਤੀਰ ਡਿੱਗੇ ਉੱਥੇ ਖੂਹ ਪੁੱਟੋ। ਖੂਹ ਪੁੱਟਿਆ ਤਾਂ ਇਸ ਦਾ ਪਾਣੀ ਮਿੱਠਾ ਨਿਕਲਿਆ ਜਿਸ ਤੋਂ ਇਸ ਅਸਥਾਨ ਨੂੰ ਮਿੱਠੇ ਖੂਹ ਨਾਲ ਵੀ ਯਾਦ ਕੀਤਾ ਜਾਂਦਾ ਹੈ। ਜਿਸ ਅਸਥਾਨ 'ਤੇ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ ਉਸ ਦੇ ਨੇੜੇ ਹੀ 2008 ਵਿਚ ਪਿੰਡ ਵਾਲਿਆਂ ਨੇ ਨਵੇਂ ਦਰਬਾਰ ਹਾਲ ਦੀ ਉਸਾਰੀ ਕਰਵਾਈ ਹੈ। ਗੁਰਦੁਆਰਾ ਸਾਹਿਬ ਵਿਖੇ ਜਿਸ ਤੀਰ ਦੇ ਸੰਗਤ ਨੂੰ ਦਰਸ਼ਨ ਕਰਵਾਏ ਜਾਂਦੇ ਹਨ ਉਹ ਨਵੀਂ ਇਮਾਰਤ ਦੀਆਂ ਨੀਹਾਂ ਵਿਚੋਂ ਮਿਲਿਆ ਦੱਸਿਆ ਜਾਂਦਾ ਹੈ। ਲਗ-ਪਗ 5 ਕਨਾਲਾਂ ਜ਼ਮੀਨ 'ਤੇ ਦਰਬਾਰ ਹਾਲ (40 ਫੁੱਟ ਚੌੜਾ ਅਤੇ 65 ਫੁੱਟ ਲੰਮਾ), ਲੰਗਰ ਹਾਲ, 5 ਰਿਹਾਇਸ਼ੀ ਕਮਰੇ, ਭੋਰਾ ਸਾਹਿਬ ਆਦਿ ਬਣੇ ਹੋਏ ਹਨ। ਸਵਾ ਦੋ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਹੈ। ਪੁਰਾਤਨ ਖੂਹ ਨੂੰ ਗੁਰੂ ਜੀ ਦੀ ਨਿਸ਼ਾਨੀ ਸਮਝ ਕੇ ਸੰਭਾਲਿਆ ਹੋਇਆ ਹੈ। ਸਥਾਨਿਕ 11 ਮੈਂਬਰੀ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਖੀਵਾ ਕਲਾਂ: ਮਾਨਸਾ ਜ਼ਿਲੇ ਵਿਚ ਪੈਂਦਾ ਇਹ ਪਿੰਡ ਸਮਾਉਂ ਦੇ ਇਤਿਹਾਸਿਕ ਗੁਰਧਾਮ ਤੋਂ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਭੁਪਾਲ ਤੋਂ ਗੁਰੂ ਜੀ ਇਸ ਅਸਥਾਨ 'ਤੇ ਆਏ ਸਨ। ਇਸ ਪਿੰਡ ਦਾ ਵੱਡਾ ਚਹਿਲ ਗੋਤ ਦਾ ਖੀਵਾ ਦੱਸਿਆ ਜਾਂਦਾ ਹੈ ਜਿਸ ਦੇ ਨਾਂ 'ਤੇ ਵੱਸੇ ਹੋਏ ਇਸ ਪਿੰਡ ਤੋਂ ਤਿੰਨ ਖੀਵੇ ਹੋਰ ਨਿਕਲੇ ਹਨ - ਖੀਵਾ ਸਜਾਦੇ ਵਾਲਾ, ਖੀਵਾ ਦਿਆਲੂ ਵਾਲਾ, ਖੀਵਾ ਮੀਹਾਂ ਸਿੰਘ ਵਾਲਾ। ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ* ਤੋਂ ਪਤਾ ਲੱਗਦਾ ਹੈ ਕਿ ਸਿੰਘਾ ਨਾਂ ਦੇ ਇਕ ਕਿਸਾਨ ਨੇ

ਗੁਰੂ ਜੀ ਦੇ ਲੰਗਰ ਲਈ ਲੱਕੜੀ ਅਤੇ ਭਾਂਡਿਆਂ, ਜਾਨਵਰਾਂ ਲਈ ਘਾਹ-ਪੱਠੇ ਆਦਿ ਦੀ ਸੇਵਾ ਕੀਤੀ ਸੀ। ਭਾਈ ਸੰਤੋਖ ਸਿੰਘ ਦੱਸਦੇ ਹਨ:

ਕੂਚ ਭੁਪਾਲਾ ਤੇ ਕਰਯੋ ਤੇਗ ਬਹਾਦਰ ਰਾਇ।
ਆਇਓ 'ਖੀਵਾ' ਗ੍ਰਾਮ ਪੁਨ ਉਤਰੇ ਸਹਿਜ ਸੁਭਾਇ।
ਗ੍ਰਾਮ ਬਿਸਾਲ ਬਸਤਿ ਸੋ ਅਹੈ।
ਸਿੰਘਾ ਰਾਹਿਕ ਇਕ ਤਹਿਂ ਰਹੈ।[1]

ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਖੀਵਾ ਪਿੰਡ ਭੁਪਾਲ ਤੋਂ ਪੰਜ ਕੋਹ ਦੀ ਦੂਰੀ 'ਤੇ ਹੈ। ਜਦੋਂ ਗੁਰੂ ਜੀ ਨੇ ਇੱਥੇ ਡੇਰਾ ਕੀਤਾ ਬਹੁਤ ਸਾਰੀ ਸੰਗਤ ਦਰਸ਼ਨ ਕਰਨ ਲਈ ਆਈ। ਇਕ ਸ਼ਰਧਾਲੂ ਨੇ ਬਹੁਤ ਸਾਰਾ ਪ੍ਰਸਾਦਿ ਗੁਰੂ ਜੀ ਨੂੰ ਭੇਟ ਕੀਤਾ ਪਰ ਵਰਤਾਵਾ ਉਸੇ ਨੂੰ ਪ੍ਰਸਾਦਿ ਭੇਟ ਕਰਨਾ ਭੁੱਲ ਗਿਆ, ਨਾ ਹੀ ਉਸ ਨੇ ਮੰਗਿਆ। ਗੁਰੂ ਸਾਹਿਬ ਨੇ ਉਸ ਨੂੰ ਦੂਹਰਾ ਛਾਂਦਾ ਦਵਾ ਕੇ ਬਚਨ ਕੀਤਾ ਕਿ ਤੇਰੀ ਸੰਤਾਨ ਨੂੰ ਦੋਹਰੀ ਇੱਜ਼ਤ ਮਿਲੇਗੀ ਸੋ ਹੁਣ ਓਹੀ ਬਚਨ ਸੁਫਲਾ ਹੈ।[2]

ਜਿਸ ਅਸਥਾਨ 'ਤੇ ਗੁਰੂ ਜੀ ਨੇ ਡੇਰਾ ਕੀਤਾ ਸੀ, ਉੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਪਹਿਲਾਂ ਇਸ ਅਸਥਾਨ ਦਾ ਪ੍ਰਬੰਧ ਕਿਸੇ ਮਹੰਤ ਕੋਲ ਸੀ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆ ਗਿਆ ਜਿਹੜੀ ਕਿ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ। ਮੌਜੂਦਾ ਇਮਾਰਤ 1995 ਵਿਚ ਤਿਆਰ ਹੋਈ। ਲਗ-ਪਗ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ ਦੀ ਸੁੰਦਰ ਇਮਾਰਤ ਅਤੇ ਲੰਗਰ ਹਾਲ ਆਦਿ ਬਣੇ ਹੋਏ ਹਨ। ਗੁਰਦੁਆਰਾ ਸਾਹਿਬ ਦੀ 15 ਏਕੜ ਜ਼ਮੀਨ ਵਾਹੀਯੋਗ ਹੈ।

ਗੋਬਿੰਦਪੁਰਾ : ਮਾਨਸਾ ਜ਼ਿਲੇ ਦਾ ਇਹ ਪਿੰਡ ਬੁਢਲਾਡੇ ਬੱਸ ਸਟੈਂਡ ਤੋਂ ਦਾਤੇਵਾਸ ਰਾਹੀਂ ਲਗ-ਪਗ 13 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਅਸਥਾਨ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਦਿਵਾਉਂਦਾ ਹੈ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਚਰਨ ਕਮਲ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ* ਸਸ਼ੋਭਿਤ ਹੈ। ਕਿਹਾ ਜਾਂਦਾ ਹੈ ਕਿ ਇਕ ਸਿਦਕੀ ਸਿੱਖ ਭਾਈ ਗੁਲਾਬ ਸਿੰਘ ਨੂੰ ਹਾਕਮ ਨਬੀ ਬਖ਼ਸ਼ ਦੀ ਕੈਦ ਤੋਂ ਰਿਹਾਅ ਕਰਵਾ ਕੇ ਗੁਰੂ ਗੋਬਿੰਦ ਸਿੰਘ ਜੀ ਗੋਬਿੰਦਪੁਰੇ ਲਿਆਏ ਸਨ ਅਤੇ ਉਸ ਨੂੰ ਇੱਥੇ ਮੌਜੂਦ ਢਾਬ ਵਿਚ ਇਸ਼ਨਾਨ ਕਰਵਾਇਆ ਸੀ। ਪਹਿਲਾਂ ਇੱਥੇ ਦੋਵੇਂ ਗੁਰੂ ਸਾਹਿਬਾਨ ਦੀ ਯਾਦ ਵਿਚ ਦੋ ਮੰਜੀ ਸਾਹਿਬ ਬਣੇ ਦੱਸੇ ਜਾਂਦੇ ਹਨ ਪਰ ਹੁਣ ਇਕੋ ਦਰਬਾਰ ਹਾਲ ਹੈ।

ਕਿਹਾ ਜਾਂਦਾ ਹੈ ਕਿ ਇੱਥੇ ਬੋਲੇ ਗੋਤ ਦੇ ਜੱਟ ਵੱਸਦੇ ਸਨ। ਜਦੋਂ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਤਾਂ ਉਹਨਾਂ ਕੋਈ ਪ੍ਰਵਾਹ ਨਾ ਕੀਤੀ। ਇਸ ਗੋਤ ਦੇ ਇਕ ਬਜ਼ੁਰਗ ਦੀ ਲੜਕੀ ਧੂਰਕੋਟ ਦੇ ਧਾਲੀਵਾਲਾਂ ਦੇ ਘਰ ਵਿਆਹੀ ਹੋਈ ਸੀ ਅਤੇ ਜਿਸ ਦਾ ਗੋਦ ਲਿਆ ਲੜਕਾ ਆਪਣੇ ਨਾਨੇ ਕੋਲ ਰਹਿੰਦਾ ਸੀ। ਇਹ ਬਾਲਕ ਆਪਣੇ ਨਾਨੇ ਨੂੰ ਲੈ ਕੇ ਗੁਰੂ ਜੀ ਦੇ ਸੇਵਾ ਵਿਚ ਹਾਜ਼ਰ ਹੋਇਆ ਅਤੇ ਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਦੱਸਿਆ ਜਾਂਦਾ ਹੈ ਕਿ ਗੁਰੂ ਸਾਹਿਬਾਨ ਦੀ ਯਾਦ ਵਿਚ ਮੰਜੀ ਸਾਹਿਬ ਦੀ ਸੇਵਾ 1970 ਵਿਚ ਬਾਬਾ ਮਨਜੀਤ ਸਿੰਘ ਭੀਖੀ ਵਾਲਿਆਂ ਨੇ ਕਰਵਾਈ ਸੀ। ਇਹਨਾਂ ਤੋਂ ਬਾਅਦ ਧਮਤਾਨ ਸਾਹਿਬ ਵਾਲੇ ਬਾਬਾ ਖ਼ਜ਼ਾਨ ਸਿੰਘ ਲਗ-ਪਗ 28 ਸਾਲ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੇ ਰਹੇ ਹਨ। ਅਪ੍ਰੈਲ 2019 ਵਿਚ ਪਟਿਆਲੇ ਦੇ ਬਾਬਾ ਅਮਰੀਕ ਸਿੰਘ ਨੇ ਮੌਜੂਦਾ ਦਰਬਾਰ ਹਾਲ ਦੀ ਸੇਵਾ ਕਰਵਾਈ ਜਿਸ ਦੇ ਪ੍ਰਕਾਸ਼ ਅਸਥਾਨ ਵਾਲੇ ਸਥਾਨ ਦੇ ਹੇਠਾਂ ਉਸ ਅਸਥਾਨ 'ਤੇ ਇਕ ਭੋਰਾ

1. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 11, ਅੰਸੂ 37.1-2.
2. ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਪੰਨਾ 104.

ਬਣਾਇਆ ਗਿਆ ਹੈ ਜਿੱਥੇ ਗੁਰੂ ਤੇਗ ਬਹਾਦਰ ਜੀ ਆ ਕੇ ਬਿਰਾਜਮਾਨ ਹੋਏ ਸਨ। ਇਸ ਦੇ ਕਿਨਾਰੇ ਪਾਣੀ ਦੀ ਢਾਬ ਸੀ ਜਿਹੜੀ ਕਿ ਸਰੋਵਰ ਵਿਚ ਤਬਦੀਲ ਕਰ ਦਿੱਤੀ ਗਈ ਹੈ। ਇਕ ਪੁਰਾਤਨ ਖੂਹ ਦਰਬਾਰ ਹਾਲ ਦੇ ਨੇੜੇ ਹੀ ਮੌਜੂਦ ਹੈ। ਲਗ-ਪਗ ਦੋ ਏਕੜ ਵਿਚ ਦਰਬਾਰ ਹਾਲ, ਲੰਗਰ ਹਾਲ, ਸਰੋਵਰ ਅਤੇ ਕੁੱਝ ਰਿਹਾਇਸ਼ੀ ਕਮਰੇ ਬਣੇ ਹੋਏ ਹਨ। ਇਸ ਤੋਂ ਇਲਾਵਾ 13 ਕਨਾਲਾਂ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ ਜਿਸ 'ਤੇ ਖੇਤੀ ਹੁੰਦੀ ਹੈ। ਪਿੰਡ ਦੇ ਸਹਿਯੋਗ ਸਦਕਾ ਬਾਬਾ ਅਮਰੀਕ ਸਿੰਘ ਦੀ ਸਰਪ੍ਰਸਤੀ ਅਧੀਨ ਬੋਹਾ ਦੇ ਬਾਬਾ ਦਰਸ਼ਨ ਸਿੰਘ ਇਸ ਅਸਥਾਨ ਦੀ ਸੇਵਾ-ਸੰਭਾਲ ਕਰ ਰਹੇ ਹਨ।

ਜੋਗਾ : ਪੰਜਾਬ ਦੇ ਮਾਨਸਾ ਜ਼ਿਲੇ ਵਿਚ ਮੌਜੂਦ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਜਦੋਂ ਗੁਰੂ ਜੀ ਇਸ ਪਿੰਡ ਵਿਖੇ ਪੁੱਜੇ ਤਾਂ ਇੱਥੇ ਇਕ ਥੇਹ ਸੀ। *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ* ਤੋਂ ਪਤਾ ਲੱਗਦਾ ਹੈ ਕਿ ਜੁਗਰਾਜ ਨਾਂ ਦਾ ਇਕ ਵਿਅਕਤੀ ਇਸ ਅਸਥਾਨ 'ਤੇ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਇਆ ਅਤੇ ਉਹਨਾਂ ਨੂੰ ਇੱਥੇ ਹੀ ਡੇਰਾ ਕਰਨ ਲਈ ਕਿਹਾ। ਗੁਰੂ ਜੀ ਨੇ ਬਚਨ ਕੀਤਾ, "ਐਤ ਥੇਹ ਪਿੰਡ ਵਸਾਇ ਲੈ ਅਜੀਤ ਕਲਰੀ ਹੈ।"[1] ਜੁਗਰਾਜ ਨੇ ਇਸ ਅਸਥਾਨ ਨੂੰ ਵਸਾ ਕੇ ਇਸ ਦਾ ਨਾਂ ਆਪਣੇ ਪੁੱਤਰ ਦੇ ਨਾਂ 'ਤੇ ਜੋਗਾ ਰੱਖਿਆ। ਗੁਰੂ ਜੀ ਦੀ ਯਾਦ ਵਿਚ ਬਣਾਏ ਗਏ ਅਸਥਾਨ 'ਤੇ ਸਮਾਂ ਪਾ ਕੇ ਇਕ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਗਈ। ਭਾਈ ਕਾਨ੍ਹ ਸਿੰਘ ਨਾਭਾ ਇਸ ਅਸਥਾਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਦੇ ਹਨ, "ਪਟਿਆਲੇ ਦੀ ਨਜਾਮਤ ਬਰਨਾਲਾ, ਤਸੀਲ ਥਾਣਾ ਮਾਨਸਾ ਵਿਚ ਇਕ ਪਿੰਡ, ਜੋ ਰੇਲਵੇ ਸਟੇਸ਼ਨ ਤਪੇ ਤੋਂ ਨੌਂ ਮੀਲ ਨੈਰਤ ਕੋਣ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਾਲਵੇ ਨੂੰ ਕ੍ਰਿਤਾਰਥ ਕਰਦੇ ਹੋਏ ਇਸ ਥਾਂ ਵਿਰਾਜੇ ਹਨ। ਗੁਰਦੁਆਰੇ ਨਾਲ 23 ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ। ਪੁਜਾਰੀ ਸਿੰਘ ਹੈ।"[2]

ਇਸ ਅਸਥਾਨ 'ਤੇ ਗੁਰੂ ਜੀ ਦਾ ਪੁਰਾਤਨ ਮੰਜੀ ਸਾਹਿਬ ਮੌਜੂਦ ਸੀ ਜਿਸ ਦੀ ਜਗ੍ਹਾ 'ਤੇ ਨਵੀਂ ਇਮਾਰਤ ਲਗ-ਪਗ 70 ਸਾਲ ਪਹਿਲਾਂ ਪਿੰਡ ਵਾਲਿਆਂ ਦੇ ਤਿਆਰ ਕਰਵਾਈ ਸੀ। 2014 ਵਿਚ ਕਾਰ ਸੇਵਾ ਵਾਲਿਆਂ ਨੇ ਇਸ ਅਸਥਾਨ 'ਤੇ ਇਕ ਨਵੇਂ ਗੁਰਧਾਮ ਦੀ ਉਸਾਰੀ ਅਰੰਭ ਕੀਤੀ ਜਿਸ ਨੂੰ ਪਿੰਡ ਦੀ ਸਥਨਾਕ ਕਮੇਟੀ ਨੇ ਸੰਪੂਰਨ ਕਰਵਾਇਆ ਸੀ। ਇਸ ਗੁਰਦੁਆਰਾ ਸਾਹਿਬ ਦੀ 14 ਕਨਾਲ 10 ਮਰਲੇ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, 7 ਰਿਹਾਇਸ਼ੀ ਕਮਰੇ, ਲਾਇਬ੍ਰੇਰੀ ਆਦਿ ਬਣੇ ਹੋਏ ਹਨ। ਸਾਢੇ ਬਾਈ ਏਕੜ ਜ਼ਮੀਨ ਵਾਹੀ ਯੋਗ ਹੈ ਜਿਹੜੀ ਠੇਕੇ 'ਤੇ ਦਿੱਤੀ ਜਾਂਦੀ ਹੈ। 1961 ਵਿਚ ਗੁਰਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਗੁਰਧਾਮ ਦੀ ਸੇਵਾ-ਸੰਭਾਲ ਅਰੰਭ ਕੀਤੀ ਸੀ ਅਤੇ ਹੁਣ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਹ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਧਲੇਵਾਂ : ਮਾਨਸਾ ਜ਼ਿਲੇ ਵਿਚ ਪੈਂਦੇ ਇਸ ਪਿੰਡ ਨੂੰ ਢਲੇਓ ਜਾਂ ਧਲੇਓ ਵੀ ਕਿਹਾ ਜਾਂਦਾ ਹੈ। ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਦੀ ਇਕ ਬਜ਼ੁਰਗ ਬਾਬਾ ਤੁਲਸੀ ਦਾਸ ਨਾਲ ਵਿਚਾਰ-ਚਰਚਾ ਹੋਈ ਸੀ ਜਿਹੜੇ ਗੁਰੂ ਸਾਹਿਬ ਦੇ ਚਰਨਾਂ ਵਿਚ ਹੀ ਅਕਾਲ ਚਲਾਣਾ ਕਰ ਗਏ ਸਨ। ਗੁਰੂ ਜੀ ਨੇ ਆਪਣੇ ਹੱਥੀਂ ਇਸ ਦਾ ਅੰਤਿਮ ਸੰਸਕਾਰ ਕੀਤਾ ਸੀ। ਇਸ ਅਸਥਾਨ 'ਤੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸਰਪ੍ਰਸਤੀ ਅਧੀਨ ਬਾਬਾ ਰਤਨ ਸਿੰਘ ਨੇ 2010 ਵਿਚ ਪਿੰਡ ਦੀ ਸੰਗਤ ਦੇ ਸਹਿਯੋਗ ਨਾਲ ਇਸ ਗੁਰਧਾਮ ਦੀ ਕਾਰ ਸੇਵਾ ਕਰਵਾਈ ਸੀ। ਇਸ ਗੁਰਦੁਆਰਾ ਸਾਹਿਬ ਦੀ 8 ਏਕੜ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ ਅਤੇ ਲਗ-

---

1. *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ*, ਸਾਖੀ 11, ਪੰਨਾ 14.
2. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 401.

ਪਗ 2 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ, ਪਾਰਕਿੰਗ ਅਤੇ 7 ਰਿਹਾਇਸ਼ੀ ਕਮਰੇ ਬਣੇ ਹੋਏ ਹਨ। ਪਿੰਡ ਦੀ 11 ਮੈਂਬਰੀ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ। ਇਕ ਪੋਹ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਯਾਦ ਵਿਚ ਸਮਾਗਮ ਕੀਤਾ ਜਾਂਦਾ ਹੈ।

ਬਛੋਆਣਾ : ਇਹ ਪਿੰਡ ਬੁਢਲਾਡੇ ਤੋਂ 7 ਕਿਲੋਮੀਟਰ ਦੀ ਦੂਰੀ 'ਤੇ ਵੱਸਿਆ ਹੋਇਆ ਹੈ। *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ* ਵਿਚ ਗੁਰੂ ਜੀ ਦੇ ਇਸ ਪਿੰਡ ਵਿਖੇ ਆਗਮਨ ਦਾ ਵਰਨਨ ਕਰਦੇ ਹੋਏ ਦੱਸਿਆ ਗਿਆ ਹੈ, "ਅਗੇ ਡੇਰਾ ਬਛੋਆਣੇ ਹੋਇਆ। ਪਿਪਲੁ ਕੀ ਛਾਉਂ ਡੇਰਾ ਹੋਇਆ। ਤਲਾਉ ਦੇ ਕਿਨਾਰੇ ਵਡੀ ਢਾਬ ਹੈਗੀ। ਗੁਰੂ ਜੀ ਨੇ ਡੇਰਾ ਸਤ ਦਿਨ ਰਖਿਆ। ਗੁਰੂ ਜੀ ਨਾਲ ਬਹੁਤ ਸੰਗਤਾਂ ਸਨਿ ਜੀ। ਲਸੀ ਨੂੰ ਮਹੀ ਬਹੁਤ ਸਨ। ਇਕ ਬੂਰੀ ਮਹਿ ਬਹੁਤ ਉਮਦੀ ਸੀ। ਗੁਰੂ ਜੀ ਨੂੰ ਸਿਖਾਂ ਨੇ ਕਹਿਆ; 'ਏਥੇ ਚੰਗੀ ਲੇਹੀ (ਚਰਾਗਾਹ) ਹੈ। ਮਹੀ ਨੇ ਦੁਧ ਬਹੁਤ ਦਿਤਾ।' ਗੁਰੂ ਸਾਹਿਬ ਨੇ ਕਹਿਆ; 'ਇਹ ਲੇਹੀ ਸਦਾ ਲਵੇਰੀ ਹੈ।' ਓਦੋਂ ਓਥੇ ਰੰਘੜ ਸਨ ਬਸਦੇ।"[1] 1754 ਵਿਚ ਬਾਬਾ ਆਲਾ ਸਿੰਘ ਨੇ ਮੁਸਲਮਾਨ ਰੰਘੜਾਂ ਤੋਂ ਇਹ ਪਿੰਡ ਖੋਹ ਕੇ ਕੈਥਲ ਦੀ ਸਿੱਖ ਰਿਆਸਤ ਦੇ ਹਵਾਲੇ ਕਰ ਦਿੱਤਾ ਸੀ ਜਿਹੜਾ ਕਿ ਰਾਜਾ ਉਦੈ ਸਿੰਘ ਤੋਂ ਬਾਅਦ ਅੰਗਰੇਜ਼ਾਂ ਅਧੀਨ ਆ ਗਿਆ ਸੀ।

ਮਾਲਵੇ ਦੀ ਪ੍ਰਚਾਰ-ਯਾਤਰਾ ਸਮੇਂ ਬਰ੍ਹੇ ਤੋਂ ਬੁਢਲਾਡਾ ਹੁੰਦੇ ਹੋਏ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿਖੇ ਪੁੱਜੇ ਸਨ। ਕਰੀਰ ਦੇ ਇਕ ਰੁੱਖ ਨਾਲ ਗੁਰੂ ਜੀ ਨੇ ਘੋੜਾ ਬੰਨਿਆ ਸੀ ਅਤੇ ਆਲੇ-ਦੁਆਲੇ ਪਿੱਪਲਾਂ ਦੇ ਰੁੱਖਾਂ ਦੀ ਸੰਘਣੀ ਛਾਂ ਗਰਮੀ ਤੋਂ ਰਾਹਤ ਦਿਵਉਂਦੀ ਸੀ। ਜਿਸ ਅਸਥਾਨ 'ਤੇ ਗੁਰੂ ਜੀ ਨੇ ਨਿਵਾਸ ਕੀਤਾ ਸੀ ਪਹਿਲਾਂ ਉੱਥੇ ਇਕ ਥੜ੍ਹੇ ਦੀ ਉਸਾਰੀ ਕੀਤੀ ਗਈ ਅਤੇ ਫਿਰ ਇਕ ਛੋਟਾ ਜਿਹਾ ਕਮਰਾ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਜਿੱਥੇ ਸੰਗਤ ਜੁੜਨ ਲੱਗੀ। ਹੌਲੀ-ਹੌਲੀ ਇਸ ਕਮਰੇ ਦਾ ਵਿਸਥਾਰ ਹੁੰਦਾ ਗਿਆ। ਮੌਜੂਦਾ ਇਮਾਰਤ ਤੋਂ ਪਹਿਲਾਂ ਇੱਥੇ ਸਥਿਤ ਪੁਰਾਤਨ ਗੁਰਧਾਮ ਦੇ ਦਰਵਾਜ਼ੇ ਹਾਲੇ ਵੀ ਉੱਥੇ ਦੇਖੇ ਜਾ ਸਕਦੇ ਹਨ। ਗੁਰੂ ਜੀ ਦੀ ਯਾਦ ਵਿਚ ਸਸ਼ੋਭਿਤ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਦੇ ਨਾਂ 48 ਏਕੜ 5 ਕਨਾਲਾਂ ਵਾਹੀ ਯੋਗ ਜ਼ਮੀਨ ਲੱਗੀ ਹੋਈ ਹੈ। ਇਕ ਟੱਕ ਇਸ ਜ਼ਮੀਨ ਦਾ ਬਿਉਰਾ ਇਕ ਬੋਰਡ 'ਤੇ ਲਿਖ ਕੇ ਲਗਾਇਆ ਹੋਇਆ ਹੈ। ਇਸ ਤੋਂ ਇਲਾਵਾ ਲਗ-ਪਗ ਤਿੰਨ ਏਕੜ ਵਿਚ ਦਰਬਾਰ ਹਾਲ, ਲੰਗਰ ਹਾਲ, ਦੀਵਾਨ ਹਾਲ, ਡਿਉੜ੍ਹੀ ਆਦਿ ਬਣੇ ਹੋਏ ਹਨ। 23.11.2012 ਨੂੰ ਨਵੇਂ ਦਰਬਾਰ ਦੀ ਉਸਾਰੀ ਸੰਪੂਰਨ ਹੋਣ 'ਤੇ ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਬਰ੍ਹੇ : ਮਾਨਸਾ ਜ਼ਿਲੇ ਦਾ ਇਹ ਪਿੰਡ ਬੁਢਲਾਡੇ ਤੋਂ 6 ਕਿਲੋਮੀਟਰ ਦੂਰ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਤੇਗ ਬਹਾਦਰ ਜੀ ਕੋਟ ਧਰਮੂ ਤੋਂ ਇੱਥੇ ਆਏ ਸਨ ਅਤੇ ਇੱਥੇ ਉਹਨਾਂ ਨੇ ਚੁਮਾਸਾ ਕੱਟਿਆ ਸੀ। ਜਿਸ ਅਸਥਾਨ 'ਤੇ ਗੁਰੂ ਜੀ ਨੇ ਨਿਵਾਸ ਕੀਤਾ ਸੀ ਉੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ, "ਇਸ ਪਿੰਡ (ਬਰ੍ਹੇ) ਤੋਂ ਪੱਛਮ ਇਕ ਫਰਲਾਂਗ ਪੁਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ, ਗੁਰੂ ਜੀ ਇੱਥੇ ਚੌਮਾਸਾ ਠਹਿਰੇ ਹਨ। ਗੁਰਦੁਆਰਾ ਅਤੇ ਰਿਹਾਇਸ਼ੀ ਮਕਾਨ ਬਣੇ ਹੋਏ ਹਨ, ਨਾਲ 210 ਘੁਮਾਉਂ ਦੇ ਕਰੀਬ ਜ਼ਮੀਨ ਰਿਆਸਤ ਪਟਿਆਲੇ ਵੱਲੋਂ ਹੈ, ਪੁਜਾਰੀ ਸਿੰਘ ਹੈ।"[2] ਸਥਾਨਿਕ ਪਰੰਪਰਾ ਦੱਸਦੀ ਹੈ ਕਿ ਪੱਛਮ ਦਿਸ਼ਾ ਵੱਲ ਇੱਥੇ ਇਕ ਪੁਰਾਤਨ ਪਿੰਡ ਸ਼ੇਰਗੜ੍ਹ ਗਿੱਲ ਸੀ ਅਤੇ ਗੁਰੂ ਜੀ ਨੇ ਪੂਰਬ ਵੱਲ ਨਵਾਂ ਪਿੰਡ ਵਸਾਉਣ ਲਈ ਕਿਹਾ। ਇਸ ਪਿੰਡ ਦਾ ਨਾਂ ਗੁਰੂ ਜੀ ਨੇ ਬਰ੍ਹੇ (ਬਰੇਹ)

1. *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ,* ਸਾਖੀ 24, ਪੰਨਾ 15.

2. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 843.

ਰੱਖਿਆ ਸੀ, ਹੁਣ ਇਹੀ ਪਿੰਡ ਮੌਜੂਦ ਹੈ। ਚੁਮਾਸੇ ਦੌਰਾਨ ਬਾਰਸ਼ ਨੂੰ ਦੇਖਦੇ ਹੋਏ ਗੁਰੂ ਜੀ ਨੇ ਪਿੰਡ ਵਾਸੀਆਂ ਨੂੰ ਮੋਠ ਬਾਜਰਾ ਬੀਜਣ ਲਈ ਕਿਹਾ। ਜਿਸ ਇਲਾਕੇ ਵਿਚ ਮੀਂਹ ਬਹੁਤ ਘੱਟ ਪੈਂਦਾ ਸੀ ਉੱਥੇ ਇਸ ਸਾਲ ਮੀਂਹ ਪੈਣ ਕਾਰਨ ਫਸਲ ਬਹੁਤ ਚੰਗੀ ਹੋਈ। ਗੁਰੂ ਜੀ ਦੇ ਘੋੜਿਆਂ, ਮੱਝਾਂ ਅਤੇ ਹੋਰਨਾਂ ਜਾਨਵਰਾਂ ਨੇ ਵੀ ਰੱਜ ਕੇ ਇਹੀ ਫ਼ਸਲ ਖਾਧੀ। ਇਸ ਨਗਰ ਵਿਖੇ ਗੁਰੂ ਜੀ ਦੀ ਆਮਦ ਅਤੇ ਬਰਕਤਾਂ ਦਾ ਵਰਨਨ ਕਰਦੇ ਹੋਏ ਭਾਈ ਸੰਤੋਖ ਸਿੰਘ ਦੱਸਦਾ ਹੈ:

> **ਤਹਿਂ ਤੇ ਚਢਿ ਸ਼੍ਰੀ ਸਤਿਗੁਰੂ ਬਰੇ ਗ੍ਰਾਮ ਮਹਿਂ ਆਇ।**
> **ਕਰਯੋ ਨਿਵਾਸ ਸੁ ਥਾਨ ਸੁਠ ਮਿਲੇ ਲੋਕ ਸਮੁਦਾਇ॥**
> **ਕਰਿ ਸੇਵਾ ਦਿਨ ਕੁਛਕ ਟਿਕਾਏ। ਹੁਤੋ ਚੁਮਾਸਾ ਘਨ ਬਰਖਾਏ।**
> **ਤਹਾਂ ਮੋਠ ਕੋ ਖੇਤ ਬਿਜਾਇ। ਚਾਰਤਿ ਭਏ ਤੁਰੰਗਨਿ ਪਾਇ॥**[1]

ਇਸ ਗੁਰਧਾਮ ਦੀ ਮੌਜੂਦਾ ਇਮਾਰਤ 1992 ਵਿਚ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸਰਪ੍ਰਸਤੀ ਅਧੀਨ ਸੰਪੂਰਨ ਹੋਈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਕ ਪੁਰਾਤਨ ਖੂਹ ਗੁਰਦੁਆਰਾ ਸਾਹਿਬ ਦੀ ਪਰਿਕਰਮਾ ਦੇ ਨਾਲ ਹੀ ਮੌਜੂਦ ਹੈ। ਗੁਰਦੁਆਰਾ ਸਾਹਿਬ ਦੇ ਨਾਂ ਲਗ-ਪਗ 80 ਏਕੜ ਜ਼ਮੀਨ 'ਤੇ ਖੇਤੀ ਹੁੰਦੀ ਹੈ। ਇਸ ਤੋਂ ਇਲਾਵਾ 5 ਏਕੜ ਜ਼ਮੀਨ 'ਤੇ ਦਰਬਾਰ ਹਾਲ, ਦੀਵਾਨ ਹਾਲ, ਸਰੋਵਰ, ਲੰਗਰ ਹਾਲ, ਬਾਗ਼-ਬਗੀਚੇ ਅਤੇ 20 ਕਮਰੇ ਆਦਿ ਬਣੇ ਹੋਏ ਹਨ। 1965 ਵਿਚ ਇਸ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਲਈ ਬਣਾਈ ਗਈ ਕਮੇਟੀ ਦੇ ਪ੍ਰਧਾਨ ਸ. ਗੁਰਦੇਵ ਸਿੰਘ ਮੱਲ ਸਿੰਘ ਵਾਲਾ ਸਨ ਜਿਹੜੇ ਕਿ 1987 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਆਉਣ ਤੱਕ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਰਹੇ। 1925 ਦੇ ਐਕਟ ਦੀ ਧਾਰਾ 87 ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਇਸ ਦੇ ਪ੍ਰਬੰਧ ਲਈ ਇਕ ਸਥਾਨਿਕ ਕਮੇਟੀ ਦਾ ਗਠਨ ਕੀਤਾ ਗਿਆ ਹੈ, ਸ. ਸੁਖਪਾਲ ਸਿੰਘ ਬਰ੍ਹੇ ਇਸ ਦੇ ਪ੍ਰਧਾਨ ਹਨ।

ਬੁਢਲਾਡਾ : ਬਠਿੰਡਾ-ਦਿੱਲੀ ਰੇਲ ਮਾਰਗ 'ਤੇ ਇਹ ਇਕ ਪ੍ਰਮੁੱਖ ਰੇਲਵੇ ਸਟੇਸ਼ਨ ਹੈ। ਸੜਕ ਮਾਰਗ ਰਾਹੀਂ ਇਹ ਪੰਜਾਬ ਦੇ ਵਿਭਿੰਨ ਨਗਰਾਂ ਨਾਲ ਜੁੜਿਆ ਹੋਇਆ ਹੈ। ਬਰ੍ਹੇ ਤੋਂ ਲਗ-ਪਗ 6 ਕਿਲੋਮੀਟਰ ਦੀ ਦੂਰੀ 'ਤੇ ਬੱਸ ਸਟੈਂਡ ਦੇ ਸਾਹਮਣੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਇਸ ਅਸਥਾਨ ਦੇ ਗੁਰੂ ਸਾਹਿਬ ਦੀ ਚਰਨ-ਛੋਹ ਪ੍ਰਾਪਤ ਹੋਣ ਸੰਬੰਧੀ ਬਹੁਤੇ ਸਰੋਤ ਚੁੱਪ ਹਨ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਬਰ੍ਹੇ ਤੋਂ ਬੱਛੋਆਣੇ ਜਾਂਦੇ ਹੋਏ ਗੁਰੂ ਜੀ ਇਸ ਅਸਥਾਨ 'ਤੇ ਕੁੱਝ ਸਮੇਂ ਲਈ ਰੁਕੇ ਸਨ। ਇਸ ਗੁਰਧਾਮ ਦੀ ਨਵੀਂ ਇਮਾਰਤ ਦੀ ਕਾਰ-ਸੇਵਾ ਬਾਬਾ ਅਮਰੀਕ ਸਿੰਘ ਪਟਿਆਲੇ ਵਾਲਿਆਂ ਵੱਲੋਂ ਕਰਵਾਈ ਗਈ ਹੈ। ਇਸ ਦਾ ਪ੍ਰਬੰਧ ਪਹਿਲਾਂ ਬਾਬਾ ਖ਼ਜ਼ਾਨ ਸਿੰਘ ਕਰਦੇ ਸਨ ਅਤੇ ਇਹਨਾਂ ਤੋਂ ਬਾਅਦ ਬਾਬਾ ਦਰਸ਼ਨ ਸਿੰਘ ਬੋਹਾ ਵਾਲੇ ਇਹ ਸੇਵਾ ਨਿਭਾ ਰਹੇ ਹਨ।

ਭੁਪਾਲ : ਪੰਜਾਬ ਦੇ ਮਾਨਸਾ ਜ਼ਿਲੇ ਵਿਚ ਇਹ ਪਿੰਡ ਗੁਰੂ ਜੀ ਦੀ ਯਾਦ ਦਿਵਾਉਂਦਾ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿਚੋਂ ਲੰਘੇ ਸਨ। ਗੁਰੂ ਜੀ ਦੀ ਯਾਦ ਵਿਚ ਇਸ ਪਿੰਡ ਵਿਖੇ ਦੋ ਗੁਰਧਾਮ ਸੁਸ਼ੋਭਿਤ ਹਨ:

1. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ :** ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿਖੇ ਪੁੱਜੇ ਸਨ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਜਦੋਂ ਗੁਰੂ ਜੀ ਇਸ ਪਿੰਡ ਵਿਖੇ ਆਏ ਤਾਂ ਉਹਨਾਂ ਗੁਰੂ ਜੀ ਦੀ ਕੋਈ ਸੇਵਾ ਨਾ ਕੀਤੀ ਅਤੇ ਗੁਰੂ ਜੀ ਇੱਥੋਂ ਅੱਗੇ ਚਲੇ ਗਏ। ਜਿਸ ਅਸਥਾਨ 'ਤੇ ਗੁਰੂ ਜੀ ਕੁੱਝ ਸਮੇਂ ਲਈ ਰੁਕੇ ਸਨ ਉੱਥੇ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ* ਸੁਸ਼ੋਭਿਤ ਹੈ। ਪੁਰਾਣੇ ਮੰਜੀ ਸਾਹਿਬ ਵਾਲੇ

---

1. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 11, ਅੰਸੂ 41.1-2.

ਅਸਥਾਨ 'ਤੇ ਛੋਟਾ ਨਿਸ਼ਾਨ ਸਾਹਿਬ ਲੱਗਿਆ ਹੋਇਆ ਹੈ। ਇਸ ਦੇ ਸਾਹਮਣੇ ਹੀ ਮੌਜੂਦਾ ਦਰਬਾਰ ਹਾਲ ਦੀ ਉਸਾਰੀ ਬਾਬਾ ਹਰਬੰਸ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਸੰਸਥਾ ਦੇ ਬਾਬਾ ਅਜਾਇਬ ਸਿੰਘ ਨੇ 1994 ਵਿਚ ਅਰੰਭ ਕਰਕੇ 1999 ਵਿਚ ਸੰਪੂਰਨ ਕਰਵਾਈ ਸੀ। ਲਗ-ਪਗ ਢਾਈ ਏਕੜ ਜ਼ਮੀਨ 'ਤੇ ਦਰਬਾਰ ਹਾਲ, ਦੀਵਾਨ ਹਾਲ, ਲੰਗਰ ਹਾਲ, ਪੁਰਾਤਨ ਖੂਹ ਅਤੇ ਕੁੱਝ ਰਿਹਾਇਸ਼ੀ ਕਮਰੇ ਬਣੇ ਹੋਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਕ ਸਥਾਨਿਕ ਕਮੇਟੀ ਰਾਹੀਂ ਇਸ ਦਾ ਪ੍ਰਬੰਧ ਕੀਤਾ ਜਾਂਦਾ ਹੈ, ਸ. ਬਲਵੰਤ ਸਿੰਘ ਇਸ ਦੇ ਪ੍ਰਧਾਨ ਹਨ। ਗੁਰਪੁਰਬਾਂ ਤੋਂ ਇਲਾਵਾ ਸੰਗਰਾਂਦ, ਪੂਰਨਮਾਸੀ ਮਨਾਈ ਜਾਂਦੀ ਹੈ।

2. **ਗੁਰਦੁਆਰਾ ਅਟਕਸਰ ਸਾਹਿਬ ਪਾਤਸ਼ਾਹੀ ਨੌਵੀਂ :** ਭੁਪਾਲ ਪਿੰਡ ਦੇ ਬਾਹਰਵਾਰ ਇਹ ਉਹ ਅਸਥਾਨ ਹੈ ਜਿੱਥੇ ਪਿੰਡ ਦੇ ਬੀਰਨ (ਵੀਰਨ) ਦਾਸ ਨੇ ਗੁਰੂ ਜੀ ਨੂੰ ਰੋਕਿਆ ਸੀ। ਪਿੰਡ ਵਾਲਿਆਂ ਨੇ ਗੁਰੂ ਜੀ ਦੀ ਕੋਈ ਸੇਵਾ ਨਹੀਂ ਕੀਤੀ ਸੀ ਅਤੇ ਜਦੋਂ ਉਹਨਾਂ ਨੂੰ ਗੁਰੂ ਜੀ ਦੇ ਇਕ ਧਰਮਾਤਮਾ ਪੁਰਖ ਹੋਣ ਦਾ ਅਹਿਸਾਸ ਹੋਇਆ ਤਾਂ ਉਹਨਾਂ ਨੇ ਪਿੰਡ ਦੇ ਇਕ ਵਿਅਕਤੀ ਬੀਰਨ ਦਾਸ ਨੂੰ ਛੇਤੀ ਨਾਲ ਭੇਜਿਆ ਕਿ ਉਹ ਗੁਰੂ ਜੀ ਨੂੰ ਰੋਕੇ ਅਤੇ ਉਹ ਪਿੱਛੋਂ ਆਉਂਦੇ ਹਨ। ਪਿੰਡ ਦੇ ਲਗ-ਪਗ ਦੋ ਕਿਲੋਮੀਟਰ ਬਾਹਰ ਇਸ ਨੇ ਬੇਨਤੀ ਕਰਕੇ ਗੁਰੂ ਜੀ ਨੂੰ ਰੋਕ ਲਿਆ ਪਰ ਪਿੰਡ ਵਾਲੇ ਨਾ ਆਏ। ਗੁਰੂ ਜੀ ਬੀਰਨ ਦਾਸ ਨੂੰ ਪਰਿਵਾਰ ਦੇ ਵੱਧਣ-ਫੁੱਲਣ ਦਾ ਅਸ਼ੀਰਵਾਦ ਦੇ ਕੇ ਅੱਗੇ ਚਲੇ ਗਏ। ਇਸ ਅਸਥਾਨ 'ਤੇ ਗੁਰੂ ਜੀ ਦੀ ਯਾਦ ਵਿਚ *ਗੁਰਦੁਆਰਾ ਅਟਕਸਰ ਸਾਹਿਬ* ਬਣਿਆ ਹੋਇਆ ਹੈ। ਮੌਜੂਦਾ ਸਮੇਂ ਵਿਚ ਬਾਬਾ ਠਾਕਰ ਸਿੰਘ ਇਸ ਦੀ ਸੇਵਾ-ਸੰਭਾਲ ਕਰ ਰਹੇ ਹਨ। ਇਹਨਾਂ ਨੇ ਦੱਸਿਆ ਕਿ 1986 ਵਿਚ 15 ਸਾਲ ਦੀ ਉਮਰ ਵਿਚ ਜਦੋਂ ਇਹ ਇੱਥੇ ਆਏ ਸਨ ਤਾਂ ਇਕ ਛੋਟਾ ਜਿਹਾ ਮੰਜੀ ਸਾਹਿਬ ਸੀ ਪਰ ਸੰਗਤ ਦੇ ਸਹਿਯੋਗ ਨਾਲ ਹੁਣ ਇਹ ਆਬਾਦ ਹੋ ਗਿਆ ਹੈ। ਲਗ-ਪਗ ਅੱਧਾ ਏਕੜ ਜ਼ਮੀਨ 'ਤੇ ਦਰਬਾਰ ਹਾਲ, ਰਿਹਾਇਸ਼, ਦੋ ਭੋਰੇ, ਸਰੋਵਰ ਆਦਿ ਬਣੇ ਹੋਏ ਹਨ। ਸੁੱਕੇ ਹੋਏ ਵਣ ਦੇ ਰੁੱਖ ਦਾ ਮੁੱਢ ਸੰਭਾਲ ਕੇ ਰੱਖਿਆ ਹੋਇਆ ਹੈ। ਦੱਸਿਆ ਜਾਂਦਾ ਹੈ ਕਿ ਇਸ ਰੁੱਖ ਨਾਲ ਗੁਰੂ ਜੀ ਨੇ ਘੋੜਾ ਬੰਨ੍ਹਿਆ ਸੀ।

ਭੀਖੀ : ਮਾਨਸਾ ਜ਼ਿਲੇ ਵਿਚ ਇਹ ਨਗਰ ਮਾਨਸਾ-ਸੁਨਾਮ ਸੜਕ 'ਤੇ ਮਾਨਸਾ ਤੋਂ ਲਗ-ਪਗ 17 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਖੀਵਾ, ਸਮਾਉਂ ਤੋਂ ਹੁੰਦੇ ਹੋਏ ਗੁਰੂ ਜੀ ਇਸ ਨਗਰ ਵਿਖੇ ਆਏ ਸਨ। ਇਸ ਇਲਾਕੇ ਦਾ ਇਹ ਇਕ ਵੱਡਾ ਪਿੰਡ ਸੀ ਜਿੱਥੇ ਕੁੱਝ ਦਿਨ ਨਿਵਾਸ ਕਰ ਕੇ ਗੁਰੂ ਜੀ ਨੇ ਇਲਾਕੇ ਦੀ ਸੰਗਤ ਨੂੰ ਗੁਰਮਤਿ ਦੀ ਸਿੱਖਿਆ ਪ੍ਰਦਾਨ ਕੀਤੀ ਸੀ। ਇਸ ਪਿੰਡ ਦਾ ਚੌਧਰੀ ਦੇਸੂ ਸਖੀ ਸਰਵਰ ਦਾ ਪੁਜਾਰੀ ਸੀ ਪਰ ਗੁਰੂ ਜੀ ਦੇ ਦਰਸ਼ਨ ਕਰਨ ਉਪਰੰਤ ਸਾਰੇ ਪੁਰਾਤਨ ਵਿਚਾਰ ਅਤੇ ਸੰਸਕਾਰ ਛੱਡ ਕੇ ਗੁਰਸਿੱਖ ਹੋ ਗਿਆ। *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ* ਵਿਚ ਦੱਸਿਆ ਗਿਆ ਹੈ ਕਿ ਗੁਰੂ ਜੀ ਨੇ ਇਸ ਨੂੰ ਪੰਜ ਤੀਰ ਬਖ਼ਸ਼ਿਸ਼ ਕਰਦੇ ਹੋਏ ਕਿਹਾ, "ਤੈਨੂੰ ਸਰਦਾਰ ਬੀਰ ਬਖਸੇ। ਜਿਸ ਤਰਫਿ ਮੁਹੁ ਕਰੇਂਗਾ ਤੇਰੀ ਜੀਤ ਹੋਵੈਗੀ। ਸਿਖੀ ਰਖੇਂਗਾ ਤਾਂ ਰਾਜੁ ਕਰੇਂਗਾ। ਸਿਖੀ ਥੋਂ ਭਰਮ ਕਰੇਂਗਾ ਤਾਂ ਤੇਰਾ ਕੁਹੁ ਨਹੀਂ ਰਹੇਗਾ।"[1] ਇਸੇ ਵਿਚਾਰ ਦੀ ਪੁਸ਼ਟੀ ਗਿਆਨੀ ਗਿਆਨ ਸਿੰਘ ਕਰਦੇ ਹੋਏ ਦੱਸਦੇ ਹਨ ਕਿ ਸਖੀ ਸਰਵਰ ਤੋਂ ਸਿੱਖ ਬਣੇ ਚੌਧਰੀ ਦੇਸੂ ਨੂੰ ਪੰਜ ਤੀਰ ਬਖ਼ਸ਼ਿਸ਼ ਕਰਦੇ ਹੋਏ ਗੁਰੂ ਤੇਗ ਬਹਾਦਰ ਜੀ ਨੇ ਬਚਨ ਕੀਤਾ, "ਏਹ ਪੰਜੇ ਬੀਰ ਹਨ। ਧੂਪ ਦੇ ਕੇ ਅਦਬ ਨਾਲ ਰੱਖ ਛੱਡ। ਜਿੱਥੇ ਕੋਈ ਕੰਮ ਪਏ ਏਨ੍ਹਾਂ ਅੱਗੇ ਬੇਨਤੀ ਕਰੀਂ ਸਭ ਕਾਰਜ ਰਾਸ ਆਵੇਗਾ ਤੇ ਜਦੋਂ ਤੱਕ ਤੂੰ ਅਰ ਤੇਰੀ ਸੰਤਾਨ ਏਨ੍ਹਾਂ ਦੀ ਮੰਨਤ ਕਰੇਗੀ, ਬੇਅਦਬੀ ਨਾ ਕਰੇਗੇ, ਤਦੋਂ ਤੱਕ ਤੇਰਾ ਰਾਜ ਭਾਗ ਅਟੱਲ ਬਣਿਆ ਰਹੇਗਾ।"[2] ਗੁਰੂ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ।

1. *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ,* ਸਾਖੀ 14, ਪੰਨਾ 15.
2. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ,* ਭਾਗ ਪਹਿਲਾ, ਪੰਨਾ 684.

ਇਹ ਪਿੰਡ ਪਟਿਆਲਾ ਰਿਆਸਤ ਅਧੀਨ ਪੈਂਦਾ ਸੀ ਅਤੇ ਮਹਾਰਾਜਾ ਕਰਮ ਸਿੰਘ ਨੇ ਇੱਥੇ ਇਕ ਸੁੰਦਰ ਗੁਰਧਾਮ ਦੀ ਉਸਾਰੀ ਕਰਵਾਈ ਸੀ। ਮੌਜੂਦਾ ਇਮਾਰਤ ਦੀ ਕਾਰ-ਸੇਵਾ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸਰਪ੍ਰਸਤੀ ਅਧੀਨ 1994 ਵਿਚ ਸੰਪੂਰਨ ਹੋਈ। ਨਿਤਨੇਮ ਤੋਂ ਇਲਾਵਾ ਸਵੇਰੇ ਮੁੱਖ ਵਾਕ ਅਤੇ ਸ਼ਾਮ ਵੇਲੇ ਭਾਈ ਸੰਤੋਖ ਸਿੰਘ ਜੀ ਦੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਦੀ ਕਥਾ ਹੁੰਦੀ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ 5 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ ਆਦਿ ਬਣੇ ਹੋਏ ਹਨ। 109 ਏਕੜ ਜ਼ਮੀਨ ਵਾਹੀ ਯੋਗ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਗੁਰਧਾਮ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਭੈਣੀ ਬਾਘਾ : ਮਾਨਸਾ ਕੈਂਚੀਆਂ ਤੋਂ ਬਠਿੰਡਾ ਵੱਲ 5 ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਸਥਿਤ ਹੈ। ਇਸ ਪਿੰਡ ਵਿਖੇ ਦੋ ਗੁਰਦੁਆਰਾ ਸਾਹਿਬ ਸਸ਼ੋਭਿਤ ਹਨ:

1. **ਗੁਰਦੁਆਰਾ ਰਕਾਬਸਰ ਸਾਹਿਬ :** ਮੁੱਖ ਸੜਕ ਤੋਂ ਇਕ ਕਿਲੋਮੀਟਰ ਅੰਦਰ ਵੱਲ *ਗੁਰਦੁਆਰਾ ਰਕਾਬਸਾਰ ਸਾਹਿਬ* ਸਸ਼ੋਭਿਤ ਹੈ ਜਿੱਥੇ ਭੀਖੀ, ਖ਼ਿਆਲਾ ਤੋਂ ਹੁੰਦੇ ਹੋਏ ਅੱਗੇ ਮੌੜ ਕਲਾਂ ਨੂੰ ਜਾਂਦੇ ਸਮੇਂ ਗੁਰੂ ਜੀ ਦੇ ਘੋੜੇ ਦੀ ਕਾਠੀ ਦੀ ਰਕਾਬ ਟੁੱਟ ਗਈ ਸੀ। ਕਾਰੀਗਰ ਤੋਂ ਰਕਾਬ ਗੰਢਵਾ ਕੇ ਗੁਰੂ ਜੀ ਅੱਗੇ ਚਲੇ ਗਏ ਸਨ। ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ ਪਹਿਲਾਂ ਇੱਥੇ ਦਰਖ਼ਤਾਂ ਦੀ ਝਿੜੀ ਹੁੰਦੀ ਸੀ ਜਿੱਥੇ ਮੰਜੀ ਸਾਹਿਬ ਸਥਾਪਿਤ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਪੱਕਾ ਕਮਰਾ ਬਣਿਆ ਹੋਇਆ ਸੀ। ਭਾਈ ਦਾਨ ਸਿੰਘ ਨੇ 24 ਵਿੱਘੇ ਜ਼ਮੀਨ ਦਾਨ ਕੀਤੀ।[1]

   ਮੌਜੂਦਾ ਇਮਾਰਤ 40 ਸਾਲ ਪਹਿਲਾਂ ਦੀ ਬਣੀ ਹੋਈ ਹੈ। ਨੀਂਹ ਪੱਥਰ ਰੱਖਣ ਸਮੇਂ ਇਸ ਦੀ ਅਰਦਾਸ ਬੱਬਰ ਖ਼ਾਲਸਾ ਜਥੇਬੰਦੀ ਦੇ ਜਥੇਦਾਰ ਤਲਵਿੰਦਰ ਸਿੰਘ ਨੇ ਕੀਤੀ ਸੀ। ਨੀਵਾਂ ਅਤੇ ਪੁਰਾਣਾ ਦਰਬਾਰ ਸਾਹਿਬ ਹਾਲੇ ਵੀ ਮੌਜੂਦ ਹੈ ਜਿਸ ਦਾ ਰਸਤਾ ਨਵੇਂ ਦਰਬਾਰ ਹਾਲ ਵਿਚੋਂ ਹੈ। ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ 1985-86 ਦੌਰਾਨ ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆ ਗਿਆ ਸੀ ਜਿਹੜੀ ਕਿ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਦਾ ਪ੍ਰਬੰਧ ਕਰਦੀ ਹੈ। ਲਗ-ਪਗ 4 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ ਬਣੇ ਹੋਏ ਹਨ ਅਤੇ 38 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ।

2. **ਗੁਰਦੁਆਰਾ ਪਿੱਪਲੀਸਰ ਸਾਹਿਬ :** *ਗੁਰਦੁਆਰਾ ਰਕਾਬਸਰ ਸਾਹਿਬ* ਤੋਂ ਇਕ ਕਿਲੋਮੀਟਰ ਦੀ ਦੂਰੀ 'ਤੇ ਇਹ ਅਸਥਾਨ ਮੌਜੂਦ ਹੈ। ਕਿਹਾ ਜਾਂਦਾ ਹੈ ਕਿ ਇੱਥੋਂ ਚੱਲ ਕੇ ਗੁਰੂ ਤੇਗ ਬਹਾਦਰ ਜੀ ਪਿੰਡ ਦੇ ਬਾਹਰਵਾਰ ਜਿਸ ਅਸਥਾਨ 'ਤੇ ਇਕ ਪਿੱਪਲ ਹੇਠਾਂ ਕੁੱਝ ਸਮੇਂ ਲਈ ਰੁਕੇ ਸਨ ਉੱਥੇ *ਗੁਰਦੁਆਰਾ ਪਿੱਪਲੀਸਰ ਸਾਹਿਬ* ਸਸ਼ੋਭਿਤ ਹੈ। ਲਗ-ਪਗ ਅੱਧਾ ਏਕੜ ਜ਼ਮੀਨ 'ਤੇ 1960 ਵਿਚ ਇਹ ਗੁਰਧਾਮ ਬਣਾਇਆ ਗਿਆ ਹੈ। *ਗੁਰਦੁਆਰਾ ਰਕਾਬਸਰ ਸਾਹਿਬ* ਦੀ ਕਮੇਟੀ ਹੀ ਇਸ ਦਾ ਪ੍ਰਬੰਧ ਕਰਦੀ ਹੈ।

ਰੱਲਾ : ਮਾਨਸਾ-ਬਰਨਾਲਾ ਸੜਕ 'ਤੇ ਇਹ ਪਿੰਡ ਮਾਨਸਾ ਤੋਂ 15 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਇਸ ਪਿੰਡ ਵਿਖੇ ਆਏ ਸਨ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਭਾਈ ਰਣਧੀਰ ਸਿੰਘ ਦੱਸਦੇ ਹਨ ਕਿ ਇਸ ਅਸਥਾਨ 'ਤੇ ਚਰਨ ਛੋਹ ਨਾਲ ਪਾਵਨ ਹੋਈ ਟੇਕਰੀ ਦਾ ਅਦਬ-ਸਤਿਕਾਰ ਬਹਾਲ ਰੱਖਣ ਹਿਤ ਸੰਤ ਮਸਤ ਰਾਮ ਜੀ ਨੇ ਲੋਕਾਂ ਨੂੰ ਪਰੇਰ ਕੇ ਉਸ ਥਾਂ ਗੁਰਦੁਆਰਾ ਬਣਵਾ ਦਿੱਤਾ। ਜਿਉਂਦੇ ਜੀਅ ਖ਼ੁਦ ਸੇਵਾ-ਸੰਭਾਲ ਕਰਦੇ ਰਹੇ ਅਤੇ ਬਾਅਦ ਵਿਚ ਇਨ੍ਹਾਂ ਦੇ ਚੇਲੇ ਚਾਟੜੇ ਇਹ ਸੇਵਾ ਨਿਭਾਉਂਦੇ ਰਹੇ।[2] ਇਹਨਾਂ ਤੋਂ ਇਸ ਗੁਰਧਾਮ ਦਾ ਪ੍ਰਬੰਧ ਪਿੰਡ ਦੀ ਸਥਾਨਿਕ ਕਮੇਟੀ ਕੋਲ ਆਇਆ।

---

1. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 1016.
2. ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ,* ਪੰਨਾ 404.

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸੰਸਥਾ ਵੱਲੋਂ 2007 ਵਿਚ ਤਿਆਰ ਕਰਵਾਈ ਗਈ ਸੀ। ਲਗ-ਪਗ 2 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, 7 ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। ਗੁਰਦੁਆਰਾ ਸਾਹਿਬ ਦੀ 23 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। 1966 ਵਿਚ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਆਇਆ ਜਿਹੜੀ ਕਿ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਦਾ ਪ੍ਰਬੰਧ ਕਰਦੀ ਹੈ।

ਇਸ ਗੁਰਦੁਆਰਾ ਸਾਹਿਬ ਵਿਖੇ ਸੰਮਤ 1883 (ਸੰਨ 1826) ਦਾ ਇਕ ਹੱਥ ਲਿਖਤ ਸਰੂਪ ਸੰਭਾਲ ਕੇ ਰੱਖਿਆ ਹੋਇਆ ਹੈ ਜਿਸ ਦੇ ਮਹੀਨੇ ਵਿਚ ਇਕ ਵਾਰੀ ਸੰਗਤ ਨੂੰ ਦਰਸ਼ਨ ਕਰਵਾਏ ਜਾਂਦੇ ਹਨ।

ਰੋਪੜ (ਰੂਪਨਗਰ)

ਰੋਪੜ ਪੰਜਾਬ ਦਾ ਇਕ ਪ੍ਰਸਿੱਧ ਨਗਰ ਹੈ ਜਿਹੜਾ ਕਿ ਸਰਹਿੰਦ ਤੋਂ ਅਨੰਦਪੁਰ ਸਾਹਿਬ ਜਾਣ ਵਾਲੀ ਸੜਕ 'ਤੇ ਸਰਹਿੰਦ ਤੋਂ ਲਗ-ਪਗ 45 ਕਿਲੋਮੀਟਰ ਦੀ ਦੂਰੀ 'ਤੇ ਵੱਸਿਆ ਹੋਇਆ ਹੈ। ਗੁਰੂ ਹਰਿਗੋਬਿੰਦ ਜੀ, ਗੁਰੂ ਹਰਿਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਵਧੇਰੇ ਸਮਾਂ ਮਾਲਵੇ ਵਿਚ ਬਸਰ ਹੋਇਆ ਅਤੇ ਇਹਨਾਂ ਦੇ ਸਮੇਂ ਹੀ ਕੀਰਤਪੁਰ ਸਾਹਿਬ ਅਤੇ ਅਨੰਦਪੁਰ ਸਾਹਿਬ ਆਦਿ ਨਗਰ ਆਬਾਦ ਹੋਏ ਸਨ। ਇਹ ਨਗਰ ਇਹਨਾਂ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਹੈ। ਇਸ ਨਗਰ ਵਿਖੇ ਸਥਿਤ *ਗੁਰਦੁਆਰਾ ਭੱਠਾ ਸਾਹਿਬ* ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਦਿਵਾਉਂਦਾ ਹੈ। ਇਸ ਜ਼ਿਲੇ ਵਿਚ ਗੁਰੂ ਤੇਗ ਬਹਾਦਰ ਜੀ ਦੇ ਚਰਨ ਛੋਹ ਪ੍ਰਾਪਤ ਅਸਥਾਨ ਵੀ ਮੌਜੂਦ ਹਨ ਜਿਹੜੇ ਕਿ ਸੰਗਤ ਵਿਚ ਸ਼ਰਧਾ, ਭਾਵਨਾ ਅਤੇ ਸਮਰਪਣ ਦੀ ਭਾਵਨਾ ਪੈਦਾ ਕਰਨ ਵਿਚ ਯੋਗਦਾਨ ਪਾਉਂਦੇ ਹਨ।

ਅਨੰਦਪੁਰ ਸਾਹਿਬ : ਕਹਿਲੂਰ ਰਿਆਸਤ ਵਿਚ ਪੈਂਦੇ ਇਸ ਨਗਰ ਦਾ ਪਹਿਲਾ ਨਾਂ ਮਾਖੋਵਾਲ ਸੀ। 1665 ਵਿਚ ਥੇਹ ਦੇ ਰੂਪ ਵਿਚ ਮੌਜੂਦ ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਨੇ ਨਵੇਂ ਨਗਰ ਦੀ ਸਥਾਪਨਾ ਕੀਤੀ ਸੀ। ਮੋੜ੍ਹੀ ਗੱਡ ਕੇ ਗੁਰੂ ਜੀ ਨੇ ਇਸ ਦਾ ਨਾਂ ਚੱਕ ਨਾਨਕੀ ਰੱਖਿਆ। ਇਸ ਨਗਰ ਦੀ ਸੋਭਾ ਦਾ ਵਰਨਨ ਕਰਦੇ ਹੋਏ ਕਵਿ ਸੈਨਾਪਤਿ ਲਿਖਦਾ ਹੈ - ਮਾਖੋਵਾਲ ਸੁਹਾਵਨਾ ਸਤਿਗੁਰ ਕੋ ਅਸਥਾਨ।[1] 1705 ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨਗਰ ਨੂੰ ਛੱਡਣ ਤੋਂ ਪਹਿਲਾਂ ਇਸ ਦੀ ਸੇਵਾ-ਸੰਭਾਲ ਕਰਨ ਦੀ ਜ਼ਿੰਮੇਵਾਰੀ ਬਾਬਾ ਗੁਰਬਖ਼ਸ਼ ਦਾਸ ਜੀ ਉਦਾਸੀ ਨੂੰ ਸੌਂਪ ਦਿੱਤੀ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪੜਪੋਤਰਾ, ਬਾਬਾ ਸੂਰਜ ਮੱਲ ਜੀ ਦਾ ਪੋਤਰਾ ਅਤੇ ਬਾਬਾ ਦੀਪ ਚੰਦ ਜੀ ਦਾ ਪੁੱਤਰ ਬਾਬਾ ਗੁਲਾਬ ਚੰਦ ਵੀ ਇੱਥੇ ਆ ਕੇ ਨਿਵਾਸ ਕਰਨ ਲੱਗਿਆ ਸੀ। ਇਸ ਨਾਲ ਸਿਧਾਂਤਕ ਮੱਤਭੇਦ ਹੋ ਜਾਣ ਕਰਕੇ ਬਾਬਾ ਗੁਰਬਖ਼ਸ਼ ਦਾਸ ਉਦਾਸੀ ਇਸ ਨਗਰ ਨੂੰ ਛੱਡ ਕੇ ਚਲੇ ਗਏ ਸਨ। ਬਾਬਾ ਸੂਰਜ ਮੱਲ ਜੀ ਦੇ ਵੰਸ਼ਜ਼ ਬਾਬਾ ਸ਼ਯਾਮ ਸਿੰਘ ਦੀ ਔਲਾਦ ਇਸ ਨਗਰ ਵਿਖੇ ਵੱਸਦੀ ਹੈ। ਸੋਢੀ ਪਰਿਵਾਰ ਤੋਂ ਹੀ ਇਹਨਾਂ ਗੁਰਧਾਮਾਂ ਦੀ ਸੇਵਾ-ਸੰਭਾਲ ਦਾ ਕਾਰਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਆਇਆ।[2]

1. ਸੈਨਾਪਤਿ, *ਸ੍ਰੀ ਗੁਰ ਸੋਭਾ,* ਅਧਿਆਇ 2.7.
2. Anandpur & Kiratpur Gurdwaras Under Panthic Control - Says a SGPC Press Communique: A telegram has today been received in the office of Shiromani Gurdwara Parbandhak Committee, from Anandpur Sahib to the effect that Tika Ram Narain Singh and Sodhi Moti Singh have handed over all personal claims about the Gurdwaras there and the registered Management Committee formed for the shrines of Anandpur and Kiratpur since 1913 has also retired, yielding place to the Shiromani Gurdwara Parbandhak Committee. *The Khalsa Advocate,* 16 March 1923, p. 3.

ਖ਼ਾਲਸਾ ਪੰਥ ਦੀ ਸਿਰਜਨਾ ਅਤੇ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਇਹ ਅਸਥਾਨ ਸਿੱਖ ਪੰਥ ਵਿਚ ਵਿਸ਼ੇਸ਼ ਮਹੱਤਵ ਰੱਖਦਾ ਹੈ। *ਗੁਰਦੁਆਰਾ ਗੁਰੂ ਕੇ ਮਹਿਲ ਭੋਰਾ ਸਾਹਿਬ, ਗੁਰਦੁਆਰਾ ਥੜ੍ਹਾ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਅਕਾਲ ਬੁੰਗਾ, ਮਸੰਦਾਂ ਦਾ ਖੂਹ, ਗੁਰਦੁਆਰਾ ਦੁਮਾਲਗੜ੍ਹ ਸਾਹਿਬ, ਗੁਰਦੁਆਰਾ ਸ਼ਹੀਦੀ ਬਾਗ਼, ਗੁਰਦੁਆਰਾ ਮਾਤਾ ਜੀਤ ਕੌਰ ਜੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਕਿਲ੍ਹਾ ਅਨੰਦਗੜ੍ਹ, ਕਿਲ੍ਹਾ ਲੋਹਗੜ੍ਹ, ਕਿਲ੍ਹਾ ਹੋਲਗੜ੍ਹ, ਕਿਲ੍ਹਾ ਫ਼ਤਹਿਗੜ੍ਹ, ਕਿਲ੍ਹਾ ਤਾਰਾਗੜ੍ਹ* ਆਦਿ ਅਜਿਹੇ ਮਹੱਤਵਪੂਰਨ ਅਸਥਾਨ ਹਨ ਜਿਹੜੇ ਸਿੱਖਾਂ ਲਈ ਸਦੀਵੀ ਪ੍ਰੇਰਨਾ ਦਾ ਸਰੋਤ ਹਨ। ਗੁਰੂ ਤੇਗ ਬਹਾਦਰ ਜੀ ਨਾਲ ਇਹ ਅਸਥਾਨ ਇਸ ਨਗਰ ਵਿਖੇ ਮੌਜੂਦ ਹਨ:

1. **ਗੁਰਦੁਆਰਾ ਗੁਰੂ ਕੇ ਮਹਿਲ ਭੋਰਾ ਸਾਹਿਬ :** ਅਨੰਦਪੁਰ ਸਾਹਿਬ ਵਿਖੇ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ 300 ਮੀਟਰ ਦੀ ਦੂਰੀ 'ਤੇ ਇਹ ਗੁਰਧਾਮ ਸਥਿਤ ਹੈ। ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਨਿਵਾਸ ਕਰਦੇ ਸਨ, ਤਪ-ਸਾਧਨਾ ਕਰਨ ਲਈ ਇਹਨਾਂ ਨੇ ਇੱਥੇ ਇਕ ਭੋਰਾ ਬਣਾਇਆ ਹੋਇਆ ਸੀ ਜਿਸ ਤੋਂ ਇਸ ਗੁਰਧਾਮ ਦਾ ਨਾਂ *ਗੁਰਦੁਆਰਾ ਗੁਰੂ ਕੇ ਮਹਿਲ, ਭੋਰਾ ਸਾਹਿਬ* ਪ੍ਰਸਿੱਧ ਹੋ ਗਿਆ। ਪਹਿਲਾਂ ਇਹ ਛੋਟਾ ਜਿਹਾ ਅਸਥਾਨ ਸੀ ਪਰ ਫਿਰ ਨਾਲ ਲੱਗਦੇ ਸੋਢੀਆਂ ਦੇ ਮਕਾਨ ਖਰੀਦ ਕੇ ਇਸ ਦਾ ਚੌਗਿਰਦਾ ਖੁੱਲ੍ਹਾ ਕੀਤਾ ਗਿਆ। ਇਸ ਅਸਥਾਨ 'ਤੇ ਮਿਸਤਰੀ ਦੀ ਸੇਵਾ ਨਿਭਾਉਣ ਵਾਲੇ ਸ. ਚੰਨਣ ਸਿੰਘ ਨੇ ਦੱਸਿਆ ਕਿ ਪਹਿਲਾਂ ਇੱਥੇ ਪੁਰਾਣੇ ਘਰ ਸਨ। ਦਰਬਾਰ ਸਾਹਿਬ ਨੂੰ ਜਾਣ ਲਈ ਸਿੱਧਾ ਰਸਤਾ ਨਹੀਂ ਸੀ। ਸੋਢੀ ਜਗਤ ਸਿੰਘ, ਸੋਢੀ ਮਨੋਹਰ ਸਿੰਘ ਆਦਿ ਪਰਿਵਾਰਾਂ ਤੋਂ ਜਗ੍ਹਾ ਖਰੀਦ ਕੇ ਇਹ ਰਸਤਾ ਖੁੱਲ੍ਹਾ ਅਤੇ ਸਿੱਧਾ ਕੀਤਾ ਗਿਆ। ਲਗ-ਪਗ 1955 ਵਿਚ ਕਾਰ ਸੇਵਾ ਅਰੰਭ ਹੋਣ ਤੋਂ ਪਹਿਲਾਂ ਇੱਥੇ ਭੋਰਾ ਸਾਹਿਬ ਪ੍ਰਗਟ ਨਹੀਂ ਸੀ। ਪਹਿਲਾਂ ਇੱਥੇ ਛੋਟਾ ਜਿਹਾ ਦਰਬਾਰ ਸਾਹਿਬ ਸੀ। ਬਾਬਾ ਸੇਵਾ ਸਿੰਘ ਜੀ ਨੇ ਜਦੋਂ ਇੱਥੇ ਨਵੇਂ ਦਰਬਾਰ ਸਾਹਿਬ ਦੀ ਉਸਾਰੀ ਅਰੰਭ ਕਰਵਾਈ ਤਾਂ ਨੀਹਾਂ ਪੁੱਟਦੇ ਸਮੇਂ ਹੇਠੋਂ ਭੋਰਾ ਸਾਹਿਬ ਨਿਕਲਿਆ। ਬਾਬਾ ਜੀ ਨੇ ਇਸ ਭੋਰਾ ਸਾਹਿਬ ਦੀਆਂ ਕੰਧਾਂ 'ਤੇ ਕੇਵਲ ਪੱਥਰ ਲਵਾਇਆ ਹੈ, ਭੋਰਾ ਸਾਹਿਬ ਉਹੀ ਪੁਰਾਣਾ ਹੈ ਜਿਹੜਾ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਬਣਾਇਆ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਸਾਹਿਬ ਛੱਡ ਜਾਣ ਤੋਂ ਬਾਅਦ ਦੁਸ਼ਮਣ ਦੀਆਂ ਫ਼ੌਜਾਂ ਨੇ ਇਸ ਨੂੰ ਢਾਹ ਦਿੱਤਾ ਸੀ ਅਤੇ ਫਿਰ ਇਸ ਵਿਚ ਮਿੱਟੀ ਭਰ ਦਿੱਤੀ ਗਈ ਸੀ। ਬਾਬਾ ਅਵਤਾਰ ਸਿੰਘ ਨੇ ਇਸ ਗੁਰਧਾਮ ਨੂੰ ਸੁੰਦਰ ਦਿੱਖ ਪ੍ਰਦਾਨ ਕਰਨ ਦੀ ਸੇਵਾ ਨਿਭਾਈ। ਇਸ ਗੁਰਦੁਆਰਾ ਸਾਹਿਬ ਦੇ ਚੌਗਿਰਦੇ ਵਿਚ ਸੋਢੀਆਂ ਦੇ ਦੋ ਖੂਹ ਮੌਜੂਦ ਹਨ। ਬਸੰਤ ਪੰਚਮੀ ਦੇ ਮੌਕੇ ਇੱਥੇ ਤਿੰਨ ਦਿਨਾਂ ਦਾ ਸਮਾਗਮ ਹੁੰਦਾ ਹੈ ਅਤੇ 19 ਜੂਨ ਨੂੰ ਸ੍ਰੀ ਅਨੰਦਪੁਰ ਸਾਹਿਬ ਜੀ ਦਾ ਸਥਾਪਨਾ ਦਿਵਸ ਮਨਾਇਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ ਪੁਰਬ ਮੌਕੇ ਬਸੰਤ ਪੰਚਮੀ ਤੋਂ ਇਕ ਦਿਨ ਪਹਿਲਾਂ ਨਗਰ ਕੀਰਤਨ ਕੱਢਿਆ ਜਾਂਦਾ ਹੈ ਜਿਹੜਾ ਕਿ *ਗੁਰਦੁਆਰਾ ਗੁਰੂ ਕਾ ਲਾਹੌਰ* ਪਹੁੰਚਣ ਤੋਂ ਪਹਿਲਾਂ *ਗੁਰਦੁਆਰਾ ਸਿਹਰਾ ਸਾਹਿਬ* ਪੜਾਉ ਕਰਦਾ ਹੈ। ਵਿਅਹ ਪੁਰਬ ਮੌਕੇ ਮਠਿਆਈਆਂ ਦਾ ਲੰਗਰ ਲਾਇਆ ਜਾਂਦਾ ਹੈ।
2. **ਗੁਰਦੁਆਰਾ ਥੜ੍ਹਾ ਸਾਹਿਬ :** *ਗੁਰਦੁਆਰਾ ਗੁਰੂ ਕੇ ਮਹਿਲ, ਭੋਰਾ ਸਾਹਿਬ* ਦੇ ਦਰਸ਼ਨ ਕਰਨ ਲਈ ਜਾਂਦਿਆਂ ਸੱਜੇ ਹੱਥ *ਗੁਰਦੁਆਰਾ ਥੜ੍ਹਾ ਸਾਹਿਬ* ਮੌਜੂਦ ਹੈ। ਸੁੰਦਰ ਇਮਾਰਤ ਦੇ ਰੂਪ ਵਿਚ ਮੌਜੂਦ ਇਹ ਪੁਰਾਤਨ ਗੁਰਦੁਆਰਾ 1675 ਵਿਚ ਕਸ਼ਮੀਰੀ ਪੰਡਿਤਾਂ ਦੀ ਗੁਰੂ ਜੀ ਅੱਗੇ ਆਪਣੇ ਧਰਮ ਦੀ ਰਾਖੀ ਲਈ ਬੇਨਤੀ ਕਰਨ ਦੀ ਯਾਦ ਦਿਵਾਉਂਦਾ ਹੈ। ਮੌਜੂਦਾ ਸਮੇਂ ਵਿਚ ਕਸ਼ਮੀਰੀ ਪੰਡਿਤਾਂ 'ਤੇ ਫਿਰ ਜ਼ੁਲਮ ਹੋਏ ਤਾਂ 1995 ਵਿਚ ਇਹ ਦੁਬਾਰਾ ਇਸੇ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਨੂੰ ਰਾਖੀ ਹਿਤ ਬੇਨਤੀ ਕਰਨ ਲਈ ਇੱਥੇ ਆਏ ਸਨ। ਇਸ ਬੇਨਤੀ ਦੀ ਯਾਦ ਵਿਚ ਇੱਥੇ ਲੱਗੇ ਹੋਏ ਪੱਥਰ 'ਤੇ ਦੇਵਨਾਗਰੀ ਭਾਸ਼ਾ ਵਿਚ ਲਿਖਿਆ ਹੋਇਆ ਹੈ:

ਕਸ਼ਮੀਰੀ ਪੰਡਿਤੋਂ ਕੀ ਅਰਦਾਸ ਹੈ ਭਾਰਤੀਯ ਸੰਸਕ੍ਰਿਤੀ ਕੇ ਪ੍ਰਕਾਸ਼ ਪੁੰਜ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ, ਹਮ ਦੇਸ਼ ਕੇ ਕੋਨੇ ਕੋਨੇ ਸੇ ਅਨੰਦਪੁਰ ਸਾਹਿਬ ਆਏ ਹੁਏ ਕਸ਼ਮੀਰੀ ਪੰਡਿਤ ਆਪ ਕੀ ਪੁਨਯ ਸਮ੍ਰਿਤੀ ਕੋ ਪ੍ਰਣਾਮ ਕਰਤੇ ਹੈਂ। ਯਦਿ ਸੰਨ 1675 ਈ. ਮੇਂ ਹਮਾਰੇ ਪੂਰਵਜ ਪੰਡਿਤ ਕਿਰਪਾ ਰਾਮ ਦੱਤ ਕੇ ਨੇਤ੍ਰਤਵ ਮੇਂ 500 ਕਸ਼ਮੀਰੀ ਪੰਡਿਤੋਂ ਕੀ ਫਰਿਯਾਦ ਸੁਨ ਕਰ ਆਪ ਨੇ ਬੇਮਿਸਾਲ ਬਲਿਦਾਨ ਨ ਦਿਯਾ ਹੋਤਾ ਤੋ ਆਜ ਹਮ ਅਸਤਿਤਵ ਮੇਂ ਨ ਹੋਤੇ। ਹੈ ਜਗਤ ਗੁਰੂ ਆਜ ਏਕ ਵਾਰ ਫਿਰ ਹਮਾਰਾ ਅਸਤਿਤਵ ਖਤਰੇ ਮੇਂ ਪੜ ਗਯਾ ਹੈ। ਭਾਰਤੀਯ ਰਾਜਨੀਤੀ ਕਾ ਉਦਾਰਿਤ ਔਰ ਸਦ ਧਰਮ ਨਿਰਪੇਖਤਾ ਕਾ ਲਾਭ ਉਠਾ ਕਰ ਮਜਹਬੀ ਜੁਨੂਨ ਔਰ ਜੁਲਮ ਜਬਰ ਕੀ ਵਿਨਾਸ਼ਕਾਰੀ ਸ਼ਕਤੀਔਂ ਨੇ ਸਮੁਚੀ ਕਸ਼ਮੀਰੀ ਪੰਡਿਤ ਜਾਤਿ ਕੋ ਅਪਨੀ ਮਾਤ੍ਰ ਭੂਮੀ ਪਰ ਹਜਾਰੋਂ ਨਿਰਦੋਸ਼ ਲੋਗੋਂ ਕਾ ਰਕਤ ਬਹਾ ਰਹਾ ਹੈ। ਪੂਜਾ ਸਥਾਨ ਕਸ਼ਤਿਗ੍ਰਸਤ ਹੁਏ ਹੈਂ। ਜਮੀਨੇਂ ਹੜਪ ਲੀ ਗਈ ਹੈਂ। ਹਜਾਰੋਂ ਕੇ ਘਰ-ਘੌਂਸਲੇ, ਸਪਨੇ ਜਲਾ ਡਾਲੇ ਗਏ ਹੈਂ। ਇਧਰ ਜਲਾਵਤਨੀ ਮੇਂ ਭੀ ਸਰਕਾਰ ਕੀ ਖਾਮੋਸ਼ੀ ਕੇ ਸਾਏ ਮੇਂ ਆਜ ਕੀ ਤਾਰੀਖ ਤਕ ਲਗਭਗ 7000 ਲੋਗ ਦਿਵੰਗਤ ਹੋ ਚੁਕੇ ਹੈਂ। ਹੇ ਸੱਚੇ ਸਤਿਗੁਰੂ! ਹਮ ਸਬ ਤਰਫ ਸੇ ਨਿਰਾਸ਼ ਹੋ ਕਰ ਆਪ ਕੇ ਦਰਬਾਰ ਮੇਂ ਆਸ਼ਾ, ਵਿਸ਼ਵਾਸ ਔਰ ਸ਼ਰਧਾ ਕੇ ਸਾਥ ਆਏ ਹੈਂ। ਆਪ ਕਾ ਆਸ਼ੀਰਵਾਦ ਔਰ ਆਪ ਕੀ ਦਿਵਯ ਪ੍ਰੇਰਣਾ ਹਮੇਂ ਇਸ ਮਹਾਂ ਵਿਪਦਾ ਸੇ ਉਭਾਰ ਸਕਤੇ ਹੈਂ। ਹਮ ਬਲ, ਸਾਹਸ ਔਰ ਪ੍ਰਾਕਰਮ ਕੇ ਵਰਦਾਨ ਕੀ ਕਾਮਨਾ ਕਰਤੇ ਹੈਂ। ਕਿ ਇਸ ਦੇਸ਼ ਕੀ ਸੋਈ ਹੁਈ ਮਾਨਵਤਾ ਕੋ ਸੰਸਾਰ ਕੀ ਸੁੱਖ ਸ਼ਾਂਤੀ ਔਰ ਕਲਿਯਾਣ ਕੇ ਲਿਏ ਜਗਾ ਕਰ ਨਿਰੰਤਰ ਸਾਧਨਾ ਮਾਰਗ ਪਰ ਅਗਰਸਰ ਕਰੇਂ। ਪੁੰਨ (ਪੁਨਨ) ਕਸ਼ਮੀਰੀ ਕੀ ਔਰ ਸੇ ਆਯੋਜਿਤ ਗੁਰੂ ਤੇਗ ਬਹਾਦਰ ਕਰਤਮਯਤਾ ਯਾਤਰਾ ਕੇ ਅਵਸਰ ਪਰ ਪ੍ਰਸਤੁਤ 16.4.1995.

ਪਹਿਲਾਂ ਇਸ ਅਸਥਾਨ 'ਤੇ ਇਕ ਉੱਚਾ ਥੜ੍ਹਾ ਸੀ ਜਿਸ ਦੇ ਉੱਤੇ ਦਰਬਾਰ ਸਾਹਿਬ ਬਣਿਆ ਹੋਇਆ ਸੀ। ਉੱਤੇ ਜਾਣ ਲਈ ਪੌੜੀਆਂ ਬਣੀਆਂ ਹੋਈਆਂ ਸਨ। ਇਸ ਨੂੰ ਜ਼ਮੀਨੀ ਪੱਧਰ ਤੱਕ ਸਾਫ਼ ਕਰਕੇ ਨਵਾਂ ਦਰਬਾਰ ਸਾਹਿਬ ਬਣਾਇਆ ਗਿਆ ਹੈ।

3. **ਗੁਰਦੁਆਰਾ ਦਮਦਮਾ ਸਾਹਿਬ, ਅਨੰਦਪੁਰ ਸਾਹਿਬ :** *ਗੁਰਦੁਆਰਾ ਥੜ੍ਹਾ ਸਾਹਿਬ* ਦੇ ਨਾਲ ਹੀ ਇਹ ਅਸਥਾਨ ਮੌਜੂਦ ਹੈ। 1675 ਵਿਚ ਦਿੱਲੀ ਜਾਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਨੇ ਇਸੇ ਅਸਥਾਨ 'ਤੇ ਗੋਬਿੰਦ ਰਾਇ ਜੀ ਨੂੰ ਗੁਰਿਆਈ ਦੀ ਰਸਮ ਕੀਤੀ ਸੀ। ਇਹ ਅਸਥਾਨ *ਗੁਰਦੁਆਰਾ ਦਮਦਮਾ ਸਾਹਿਬ* ਦੇ ਨਾਂ ਨਾਲ ਪ੍ਰਸਿੱਧ ਹੈ। 1956 ਵਿਚ ਮਾਰਚ ਤੋਂ ਪਹਿਲਾਂ ਹੋਈਆਂ ਬਰਸਾਤਾਂ ਦੌਰਾਨ ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਢਹਿ ਗਈ ਸੀ ਜਿਸ ਦੀ ਪੁਨਰ-ਉਸਾਰੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 10000 (ਦਸ ਹਜ਼ਾਰ) ਰੁਪਏ ਦੀ ਰਾਸ਼ੀ ਅਲਾਟ ਕੀਤੀ ਸੀ।[1] ਮੌਜੂਦਾ ਇਮਾਰਤ ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ ਵਾਲਿਆਂ ਨੇ ਤਿਆਰ ਕਰਵਾਈ ਹੈ।

ਸਦਾਬਰਤ : ਰੋਪੜ-ਅਨੰਦਪੁਰ ਸੜਕ 'ਤੇ ਰੋਪੜ ਤੋਂ 3 ਕਿਲੋਮੀਟਰ ਦੀ ਦੂਰੀ ਇਹ ਪਿੰਡ ਸਥਿਤ ਹੈ। ਇਸ ਅਸਥਾਨ ਨੂੰ ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਹਰਿਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਸਮੂਹ ਗੁਰੂ ਸਾਹਿਬਾਨ ਦੀ ਯਾਦ ਵਿਚ ਇੱਥੇ ਗੁਰਦੁਆਰਾ ਗੁਰੂ ਗੜ੍ਹ ਸਾਹਿਬ ਸਸ਼ੋਭਿਤ ਹੈ। ਇਸ ਅਸਥਾਨ ਬਾਰੇ ਜਾਣਕਾਰੀ ਦਿੰਦੇ ਹੋਏ *ਰੋਪੜ ਜ਼ਿਲਾ ਗਜ਼ਟੀਅਰ* ਵਿਚ ਦੱਸਿਆ ਗਿਆ ਹੈ:

---

1. *ਗੁਰਦੁਆਰਾ ਗਜ਼ਟ*, ਅੰਮ੍ਰਿਤਸਰ, ਮਾਰਚ 1956, ਪੰਨਾ 33.

The place where now Gurdwara Sada Barat stands was an important halting place for the merchants and other travellers coming from and going to hilly areas. It is said that even Guru Nanak stayed at this place while returning from Kiratpur Sahib after meeting Baba Buddhan Shah there. Later on, Guru Hargobind halted at this place while proceeding from Kartarpur to Kiratpur Sahib. Thereafter, Guru Har Rai and Guru Har Kishan, Guru Tegh Bahadur and Guru Gobind Singh also frequently visited the place. Keeping in view the importance of the place, Raja Bhup Singh, the ruler of Ropar started Langar which served day and night to the visiters, and as such this place came to be known as Gurdwara Sada Barat.[1]

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਅਵਤਾਰ ਸਿੰਘ ਕਾਰ ਸੇਵਾ ਵਾਲਿਆਂ ਨੇ 25-30 ਸਾਲ ਪਹਿਲਾਂ ਤਿਆਰ ਕਰਵਾਈ ਸੀ। ਲਗ-ਪਗ ਛੇ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਤਿਆਰ ਕਰਵਾਈ ਗਈ ਬਾਉਲੀ ਸਾਹਿਬ ਅਤੇ ਸਰਕਾਰੀ ਮਿਡਲ ਸਕੂਲ ਮੌਜੂਦ ਹੈ। ਇਸ ਤੋਂ ਇਲਾਵਾ ਤਿੰਨ ਏਕੜ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਗੁਰਪੁਰਬਾਂ ਤੋਂ ਇਲਾਵਾ ਮਾਘੀ, ਮੱਸਿਆ ਇਸ ਅਸਥਾਨ 'ਤੇ ਮਨਾਈ ਜਾਂਦੀ ਹੈ। ਇਹ ਗੁਰਧਾਮ *ਗੁਰਦੁਆਰਾ ਭੱਠਾ ਸਾਹਿਬ ਪਾਤਸ਼ਾਹੀ 10ਵੀਂ* ਨਾਲ ਅਟੈਚ ਹੈ।

ਘਨੌਲੀ : ਰੋਪੜ-ਅਨੰਦਪੁਰ ਸੜਕ 'ਤੇ ਇਹ ਨਗਰ ਰੋਪੜ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਦਿੱਲੀ ਵਿਖੇ ਸ਼ਹੀਦੀ ਦੇਣ ਲਈ ਜਾਂਦੇ ਹੋਏ ਗੁਰੂ ਤੇਗ ਬਹਾਦਰ ਜੀ 12 ਜੁਲਾਈ 1675 ਨੂੰ ਇੱਥੇ ਆਏ ਸਨ। 1930 ਤੋਂ ਬਾਅਦ ਇਹ ਗੁਰਧਾਮ ਪ੍ਰਗਟ ਹੋਇਆ ਅਤੇ 1955 ਵਿਚ ਇਸ ਦੀ ਥਾਂ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਗਈ। 1990 ਵਿਚ ਬਾਬਾ ਲਾਭ ਸਿੰਘ, ਬਾਬਾ ਸੇਵਾ ਸਿੰਘ ਅਨੰਦਗੜ੍ਹ ਵਾਲਿਆਂ ਨੇ ਇਸ ਦੀ ਮੌਜੂਦਾ ਇਮਾਰਤ ਦੀ ਉਸਾਰੀ ਕਰਵਾਈ ਸੀ। ਲਗ-ਪਗ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਗ੍ਰੰਥੀ ਸਿੰਘ ਦੀ ਰਿਹਾਇਸ਼, ਲਾਇਬ੍ਰੇਰੀ ਆਦਿ ਬਣੇ ਹੋਏ ਹਨ। ਇਕ ਪੁਰਾਤਨ ਖੂਹ ਵੀ ਇੱਥੇ ਮੌਜੂਦ ਹੈ। ਪਿੰਡ ਦੀ 11 ਮੈਂਬਰੀ ਕਮੇਟੀ ਇਸ ਦੀ ਸੇਵਾ-ਸੰਭਾਲ ਕਰ ਰਹੀ ਹੈ। ਸ. ਗਿਆਨ ਸਿੰਘ, ਪ੍ਰਧਾਨ ਅਤੇ ਸ. ਲਾਭ ਸਿੰਘ ਸਕੱਤਰ ਵਜੋਂ ਸੇਵਾ ਕਰ ਰਹੇ ਹਨ।

ਦੁੱਗਰੀ : ਰੋਪੜ-ਮੋਰਿੰਡਾ ਸੜਕ 'ਤੇ ਪੈਂਦੇ ਪਿੰਡ ਬੂਰ ਮਾਜਰਾ ਤੋਂ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਗੁਰੂ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਬੋਹੜ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਇੱਥੇ ਮੌਜੂਦ ਇਕ ਪੁਰਾਤਨ ਲਿਖਤ ਨੂੰ ਗੁਰੂ ਤੇਗ ਬਹਾਦਰ ਜੀ ਦਾ ਹੁਕਮਨਾਮਾ ਦੱਸਿਆ ਜਾਂਦਾ ਹੈ ਜਿਸ 'ਤੇ ਸੰਮਤ 1726 (ਸੰਨ 1669) ਲਿਖਿਆ ਹੋਇਆ ਹੈ। ਇਤਿਹਾਸਿਕ ਸਰੋਤ ਦੱਸਦੇ ਹਨ ਕਿ ਇਸ ਸਮੇਂ ਗੁਰੂ ਜੀ ਪੂਰਬ ਦੀ ਯਾਤਰਾ 'ਤੇ ਸਨ ਜਿਸ ਕਰਕੇ ਇਹ ਲਿਖਤ ਗੁਰੂ ਸਾਹਿਬ ਦੇ ਸਮੇਂ ਦੀ ਸਿੱਧ ਨਹੀਂ ਹੁੰਦੀ। 25 ਜੁਲਾਈ 1931 ਨੂੰ ਭਾਈ ਧੰਨਾ ਸਿੰਘ ਇਸ ਪਿੰਡ ਵਿਖੇ ਪੁੱਜੇ ਸਨ, ਇਹਨਾਂ ਨੇ ਇੱਥੇ ਮੌਜੂਦ ਗੁਰਧਾਮ ਦਾ ਨਾਂ *ਗੁਰਦੁਆਰਾ ਦਮਦਮਾ ਸਾਹਿਬ* ਲਿਖਿਆ ਹੈ। ਇਸ ਦੇ ਨਾਲ ਹੀ ਇਹ ਲਿਖਦੇ ਹਨ ਕਿ ਬੋਹੜ ਦੀ ਮਾਨਤਾ ਹੈ

1. B. R. Sharma, ed., *Punjab District Gazetteers,* Rupnagar, p. 456.

ਅਤੇ ਇੱਥੇ ਬੱਚੇ ਰਾਜੀ ਹੁੰਦੇ ਹਨ। ਜਦੋਂ ਇਹ ਇੱਥੇ ਪੁੱਜੇ ਤਾਂ ਉਸ ਸਮੇਂ ਸ. ਕਰਤਾਰ ਸਿੰਘ ਅਤੇ ਸ. ਹਰਨਾਮ ਸਿੰਘ ਇੱਥੋਂ ਦੇ ਸੇਵਾਦਾਰ ਸਨ।[1] ਗੁਰੂ ਤੇਗ ਬਹਾਦਰ ਜੀ ਇਸ ਇਲਾਕੇ ਵਿਚ ਪ੍ਰਚਾਰ-ਯਾਤਰਾ ਕਰਦੇ ਰਹੇ ਹਨ ਅਤੇ ਸੰਭਵ ਹੈ ਕਿ ਪਹਿਲਾਂ ਗੁਰੂ ਤੇਗ ਬਹਾਦਰ ਜੀ ਨੇ ਇਸ ਪਿੰਡ ਵਿਖੇ ਚਰਨ ਪਾਏ ਹੋਣ ਅਤੇ ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਅਸਥਾਨ ਨੂੰ ਪਵਿੱਤਰ ਕੀਤਾ ਹੋਵੇ। ਹੁਕਮਨਾਮੇ ਦੀ ਹੱਥ-ਲਿਖਤ ਦੀ ਅਸਲ ਕਾਪੀ ਸ. ਹਰਜੀਤ ਸਿੰਘ ਨੰਬਰਦਾਰ ਦੇ ਘਰ ਸੰਭਾਲ ਕੇ ਰੱਖੀ ਹੋਈ ਹੈ ਜਿਹੜੇ ਕਿ 1997 ਵਿਚ ਅਕਾਲ ਚਲਾਣਾ ਕਰ ਗਏ ਸਨ ਅਤੇ ਜਾਪਦਾ ਹੈ ਕਿ ਇਸ ਲਿਖਤ ਦੇ ਸਾਹਮਣੇ ਆਉਣ ਤੋਂ ਬਾਅਦ ਹੀ ਇਸ ਗੁਰਧਾਮ ਦਾ ਨਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਂ 'ਤੇ ਰੱਖਿਆ ਗਿਆ। ਇਹਨਾਂ ਨੂੰ ਇਹ ਲਿਖਤ ਕਿੱਥੋਂ, ਕਦੋਂ ਅਤੇ ਕਿਵੇਂ ਪ੍ਰਾਪਤ ਹੋਈ, ਇਹ ਹੋਰ ਵਧੇਰੇ ਖੋਜ ਦਾ ਵਿਸ਼ਾ ਹੈ।

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਦੀ ਸੇਵਾ ਪਿੰਡ ਵਾਲਿਆਂ ਨੇ 1978 ਵਿਚ ਅਰੰਭ ਕਰਵਾਈ ਸੀ, 1983 ਵਿਚ ਸੰਪੂਰਨ ਹੋਣ 'ਤੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਗੁਰਦੁਆਰਾ ਸਾਹਿਬ ਦੀ ਲਗ-ਪਗ ਸਵਾ ਏਕੜ ਜ਼ਮੀਨ 'ਤੇ ਦਰਬਾਰ ਹਾਲ, ਪੁਰਾਣੇ ਬੋਹੜ, ਸਰੋਵਰ, ਮੰਜੀ ਸਾਹਿਬ, ਸ਼ਹੀਦਾਂ ਦਾ ਅਸਥਾਨ ਅਤੇ ਕੁੱਝ ਰਿਹਾਇਸ਼ੀ ਕਮਰੇ ਮੌਜੂਦ ਹਨ। ਬੁੱਢਾ ਦਲ ਦੇ ਬਾਬਾ ਜਤਿੰਦਰ ਸਿੰਘ ਜੀ ਸੰਗਤ ਦੇ ਸਹਿਯੋਗ ਨਾਲ ਇਸ ਦਾ ਪ੍ਰਬੰਧ ਦੇਖਦੇ ਹਨ।

ਭਰਤਗੜ੍ਹ : ਇਹ ਨਗਰ ਅਨੰਦਪੁਰ ਸਾਹਿਬ-ਰੋਪੜ ਸੜਕ 'ਤੇ ਅਨੰਦਪੁਰ ਸਾਹਿਬ ਤੋਂ ਲਗ-ਪਗ 20 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। 1675 ਵਿਚ ਦਿੱਲੀ ਵਿਖੇ ਸ਼ਹਾਦਤ ਦੇਣ ਲਈ ਜਾਂਦੇ ਸਮੇਂ ਗੁਰੂ ਤੇਗ ਬਹਾਦਰ ਜੀ ਨੇ ਇਸ ਅਸਥਾਨ 'ਤੇ ਪੜਾਅ ਕੀਤਾ ਸੀ। ਗੁਰੂ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਪੁਰਾਤਨ ਮੰਜੀ ਸਾਹਿਬ ਵਾਲੇ ਅਸਥਾਨ 'ਤੇ 1932 ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ ਤਿਆਰ ਕੀਤੀ ਗਈ ਸੀ ਜਿਸ ਦੀਆਂ ਚੁਗਾਠਾਂ ਦੀ ਸੇਵਾ ਸਰਦਾਰ ਸੂਰਤ ਸਿੰਘ ਅਤੇ ਇਸ ਦੇ ਪਰਿਵਾਰ ਨੇ 1933 ਵਿਚ ਕਰਵਾਈ ਸੀ। ਇਸ ਦੀਆਂ ਪੁਰਾਤਨ ਛੱਤਾਂ, ਦਰਵਾਜ਼ੇ ਆਦਿ ਹਾਲੇ ਵੀ ਕਾਇਮ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। 1993 ਵਿਚ ਇਸ ਦੇ ਸਾਹਮਣੇ ਹੀ ਨਵੇਂ ਦਰਬਾਰ ਹਾਲ ਦਾ ਨੀਂਹ ਪੱਥਰ ਰੱਖਿਆ ਗਿਆ ਜਿਹੜਾ ਕਿ ਵੀਹ ਸਾਲ ਬਾਅਦ 2003 ਵਿਚ ਸੰਪੂਰਨ ਹੋਇਆ। ਗੁਰਦੁਆਰਾ ਸਾਹਿਬ ਦੀ 6 ਏਕੜ ਜ਼ਮੀਨ 'ਤੇ ਨਵਾਂ ਅਤੇ ਪੁਰਾਣਾ ਦਰਬਾਰ ਹਾਲ, ਲੰਗਰ ਹਾਲ, 50 ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। ਇੱਥੇ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਪ੍ਰਮੁੱਖਤਾ ਨਾਲ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਜੁਲਾਈ ਮਹੀਨੇ ਦੇ ਦੂਜੇ ਸ਼ਨੀਵਾਰ ਇਸ ਨਗਰ ਵਿਖੇ ਗੁਰੂ ਜੀ ਦਾ ਆਗਮਨ ਦਿਵਸ ਮਨਾਇਆ ਜਾਂਦਾ ਹੈ, ਰਾਤ ਨੂੰ 8 ਤੋਂ 12 ਵਜੇ ਤੱਕ ਸਮਾਗਮ ਕੀਤਾ ਜਾਂਦਾ ਹੈ। ਬਾਬਾ ਹਰਭਜਨ ਸਿੰਘ ਜੀ ਦੀ ਸਰਪ੍ਰਸਤੀ ਅਧੀਨ ਭਾਈ ਗੁਰਜੰਟ ਸਿੰਘ ਜੀ ਇਸ ਅਸਥਾਨ ਦੀ ਸੇਵਾ-ਸੰਭਾਲ ਕਰ ਰਹੇ ਹਨ।

---

1. ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ,* ਪੰਨਾ 201; ਇਹ ਪਿੰਡ ਚਮਕੌਰ ਸਾਹਿਬ ਤੋਂ ਪੂਰਬ ਦੇ ਪਾਸੇ 3 ਮੀਲ ਦੂਰ ਹੈ, ਇੱਥੇ ਸ੍ਰੀ ਦਸਮੇਸ਼ ਜੀ ਦਾ ਗੁਰਦੁਆਰਾ ਮੰਜੀ ਸਾਹਿਬ ਹੈ।ਪ੍ਰਦੁਮਨ ਸਿੰਘ ਬੱਦੋਂ, *ਗੁਰਧਾਮ ਦੀਦਾਰ,* ਪੰਨਾ 15; ਵਿਸਾਖਾ ਸਿੰਘ ਲਿਖਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਚਮਕੌਰ ਨੂੰ ਜਾਂਦੇ ਹੋਏ ਇੱਥੇ ਬਿਰਾਜੇ ਸਨ। ਇੱਥੇ ਮੰਜੀ ਸਾਹਿਬ ਨਾਮ ਦਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਭੀ ਹੈ, ਜੋ ਸੋਹਣੀ ਅਮਾਰਤ ਬਣੀ ਹੈ ਜਿਸ ਦੀ ਸੇਵਾ ਨਗਰ ਦੀ ਸੰਗਤ ਅਧਿਕ ਪ੍ਰੇਮ ਨਾਲ ਕਰ ਰਹੀ ਹੈ। *ਮਾਲਵਾ ਇਤਿਹਾਸ,* ਪੰਨਾ 76.


ਮਲਿਕਪੁਰ : ਰੋਪੜ-ਅਨੰਦਪੁਰ ਸੜਕ 'ਤੇ ਇਹ ਪਿੰਡ ਰੋਪੜ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਮੁੱਖ ਸੜਕ 'ਤੇ *ਗੁਰਦੁਆਰਾ ਸਿੰਘ ਸਭਾ* ਸਸ਼ੋਭਿਤ ਹੈ ਜਿਹੜਾ ਕਿ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਇੱਥੇ ਸੇਵਾ ਨਿਭਾ ਰਹੇ ਮਾਸਟਰ ਚੈਂਚਲ ਸਿੰਘ ਅਤੇ ਹੋਰਨਾਂ ਪ੍ਰਬੰਧਕਾਂ ਨੇ ਦੱਸਿਆ ਕਿ ਪਾਕਿਸਤਾਨ ਬਣਨ ਤੋਂ ਪਹਿਲਾਂ ਰੰਘੜ ਭਾਈਚਾਰੇ ਨਾਲ ਸੰਬੰਧਿਤ ਵੱਡੀ ਗਿਣਤੀ ਮੁਸਲਮਾਨ ਇੱਥੇ ਨਿਵਾਸ ਕਰਦੇ ਸਨ ਜਿਸ ਕਰਕੇ ਇਸ ਪਿੰਡ ਦਾ ਨਾਂ ਮਲਿਕਪੁਰ ਰੰਘੜਾਂ ਕਰਕੇ ਪ੍ਰਸਿੱਧ ਸੀ। ਇਹ ਅਸਥਾਨ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਹੈ ਪਰ ਰੰਘੜਾਂ ਦਾ ਜ਼ੋਰ ਹੋਣ ਕਰਕੇ ਲੰਮਾ ਸਮਾਂ ਇੱਥੇ ਗੁਰੂ ਸਾਹਿਬ ਦਾ ਅਸਥਾਨ ਪ੍ਰਗਟ ਨਹੀਂ ਹੋ ਸਕਿਆ। ਅੰਗਰੇਜ਼ਾਂ ਦੇ ਸਮੇਂ ਗਿਆਨੀ ਪ੍ਰੀਤਮ ਸਿੰਘ ਨੇ ਕੁੱਝ ਜ਼ਮੀਨ ਦਾਨ ਕੀਤੀ ਜਿਸ ਤੇ ਇਕ ਕਮਰਾ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਫਿਰ ਲਗ-ਪਗ 50 ਸਾਲ ਪਹਿਲਾਂ ਮੌਜੂਦਾ ਗੁਰਧਾਮ ਬਣਾਇਆ ਗਿਆ ਅਤੇ ਹੁਣ ਇਕ ਨਵੇਂ ਦਰਬਾਰ ਹਾਲ ਦੀ ਉਸਾਰੀ ਕੀਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਦੀ ਪੌਣਾ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ ਆਦਿ ਬਣੇ ਹੋਏ ਹਨ ਅਤੇ ਪਿੰਡ ਦੀ ਸਥਾਨਿਕ ਕਮੇਟੀ ਇਸ ਦਾ ਪ੍ਰਬੰਧ ਕਰਦੀ ਹੈ।



ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ, ਅੰਮ੍ਰਿਤਸਰ ਦਾ ਅੰਦਰੂਨੀ ਦ੍ਰਿਸ਼



ਗੁਰਦੁਆਰਾ ਵਿਆਹ ਅਸਥਾਨ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ, ਕਰਤਾਰਪੁਰ



ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਬਾਬਾ ਬਕਾਲਾ



ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਬਾਬਾ ਬਕਾਲਾ



ਗੁਰਦੁਆਰਾ ਭੋਰਾ ਸਾਹਿਬ, ਬਾਬਾ ਬਕਾਲਾ



ਗੁਰਦੁਆਰਾ ਥੜ੍ਹਾ ਸਾਹਿਬ, ਅੰਮ੍ਰਿਤਸਰ



ਗੁਰਦੁਆਰਾ ਕੋਠਾ ਸਾਹਿਬ, ਵੱਲਾ



ਗੁਰਦੁਆਰਾ ਸਾਹਿਬ ਗੁਰੂ ਕਾ ਬਾਗ਼ ਪਾਤਸ਼ਾਹੀ ਨੌਵੀਂ, ਘੁੱਕੇਵਾਲੀ



ਗੁਰਦੁਆਰਾ ਗੁਰੂ ਕੇ ਮਹਿਲ, ਭੋਰਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ




ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਭਰਤਗੜ੍ਹ



ਗੁਰਦੁਆਰਾ ਨਿੰਮ ਸਾਹਿਬ ਪਾਤਸ਼ਾਹੀ ਨੌਵੀਂ, ਆਕੜ



ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ, ਬਹਾਦਰਗੜ੍ਹ



ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਪਟਿਆਲਾ



ਗੁਰਦੁਆਰਾ ਮੋਤੀ ਬਾਗ਼, ਪਟਿਆਲਾ



ਗੁਰਦੁਆਰਾ ਗੁਰੂਸਰ ਪੱਕਾ ਪਾਤਸ਼ਾਹੀ ਨੌਵੀਂ, ਹੰਡਿਆਇਆ



ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਢਿਲਵਾਂ




ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਭੀਖੀ



ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਪਾਤਸ਼ਾਹੀ ਨੌਵੀਂ, ਮੌੜ



ਗੁਰਦੁਆਰਾ ਮੰਜੀ ਸਾਹਿਬ ਗੁਰੂਸਰ ਪਾਤਸ਼ਾਹੀ ਨੌਵੀਂ ਅਤੇ ਦਸਵੀਂ, ਤਲਵੰਡੀ ਸਾਬੋ



ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਸੰਘਰੇੜੀ

(ਹਰਿਆਣਾ)

ਉੱਤਰੀ ਭਾਰਤ ਦਾ ਇਹ ਸੂਬਾ 1966 ਤੋਂ ਪਹਿਲਾਂ ਪੰਜਾਬ ਦਾ ਹਿੱਸਾ ਸੀ। ਪੰਜਾਬ ਨਾਲ ਸਮਾਜਿਕ, ਧਾਰਮਿਕ, ਸੱਭਿਆਚਾਰਿਕ, ਮੌਸਮੀ ਅਤੇ ਭਾਸ਼ਾਈ ਸਾਂਝ ਰੱਖਣ ਵਾਲੇ ਇਸ ਸੂਬੇ ਦੀਆਂ ਸਿੱਖ ਧਰਮ ਨਾਲ ਬਹੁਤ ਡੂੰਘੀਆਂ ਸਾਂਝਾਂ ਹਨ। ਇਸ ਸੂਬੇ ਦੇ ਵਿਭਿੰਨ ਨਗਰਾਂ ਵਿਚ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਅਸਥਾਨ ਮੌਜੂਦ ਹਨ ਜਿਨ੍ਹਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਐਕਟ ਦੀ ਧਾਰਾ 1925 ਅਧੀਨ ਕੀਤਾ ਜਾਂਦਾ ਹੈ।

ਅਜਰਾਣਾ ਕਲਾਂ : ਹਰਿਆਣਾ ਦੇ ਕੁਰਕਸ਼ੇਤਰ ਜ਼ਿਲੇ ਵਿਚ ਲਖਨੌਰ ਸਾਹਿਬ ਤੋਂ 26 ਕਿਲੋਮੀਟਰ ਅਤੇ ਥਾਨੇਸਰ ਦੇ *ਗੁਰਦੁਆਰਾ ਪਾਤਸ਼ਾਹੀ ਨੌਵੀਂ* ਤੋਂ 15 ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਸਥਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਪਿਛਲੇ 35 ਸਾਲ ਤੋਂ ਇੱਥੇ ਸੇਵਾ ਕਰ ਰਹੇ ਬਾਬਾ ਸਰਦੂਲ ਸਿੰਘ ਜੀ ਨੇ ਦੱਸਿਆ ਕਿ ਬਾਬਾ ਕਰਤਾਰ ਸਿੰਘ ਜੀ 70 ਸਾਲ ਇੱਥੇ ਸੇਵਾ ਕਰਦੇ ਰਹੇ ਹਨ ਅਤੇ ਇਹਨਾਂ ਦਾ ਪਰਿਵਾਰ ਹਾਲੇ ਵੀ ਇਸੇ ਪਿੰਡ ਵਿਖੇ ਮੌਜੂਦ ਹੈ। ਗੁਰਦੁਆਰਾ ਸਾਹਿਬ ਦੇ ਨਾਂ 8 ਏਕੜ ਵਾਹੀ ਯੋਗ ਜ਼ਮੀਨ ਵੀ ਇਸੇ ਪਰਿਵਾਰ ਕੋਲ ਹੈ।

ਗੁਰਦੁਆਰਾ ਸਾਹਿਬ ਦੀ 6 ਕਨਾਲ ਜ਼ਮੀਨ 'ਤੇ ਦਰਬਾਰ ਹਾਲ, ਦੀਵਾਨ ਹਾਲ ਆਦਿ ਬਣੇ ਹੋਏ ਹਨ। ਪਹਿਲਾਂ ਇੱਥੇ ਇਕ ਪੁਰਾਣੀ ਗੁੰਮਟੀ ਹੁੰਦੀ ਸੀ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ ਪਰ 2011 ਵਿਚ ਬਾਬਾ ਜਗਤਾਰ ਸਿੰਘ ਜੀ ਦੀ ਸਰਪ੍ਰਸਤੀ ਅਧੀਨ ਬਾਬਾ ਗੁਰਮੀਤ ਸਿੰਘ ਜੀ ਨੇ ਨਵੀਂ ਇਮਾਰਤ ਤਿਆਰ ਕਰਵਾਈ। ਆਲੇ-ਦੁਆਲੇ ਦੇ ਘਰ ਖਰੀਦ ਕੇ ਚੌਗਿਰਦਾ ਖੁੱਲ੍ਹਾ ਕੀਤਾ ਗਿਆ, ਸ਼ਹੀਦੀ ਗੁਰਪੁਰਬ ਪਾਤਸ਼ਾਹੀ ਨੌਵੀਂ ਅਤੇ ਵੈਸਾਖੀ ਮਨਾਈ ਜਾਂਦੀ ਹੈ।

ਸਿਆਣਾ ਸੈਦਾਂ : ਕੁਰਕਸ਼ੇਤਰ ਜ਼ਿਲੇ ਵਿਚ ਪਿਹੋਵਾ-ਚੀਕਾ ਸੜਕ 'ਤੇ ਇਹ ਪਿੰਡ ਪਿਹੋਵੇ ਤੋਂ ਲਗ-ਪਗ 6 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਪਿੰਡ ਵਿਚ ਦੋ ਗੁਰਧਾਮ ਸਥਿਤ ਹਨ - *ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ* ਅਤੇ *ਗੁਰਦੁਆਰਾ ਜੋੜਾ ਸਾਹਿਬ ਪਾਤਸ਼ਾਹੀ ਦਸਵੀਂ।* ਗੁਰਦੁਆਰਾ ਜੋੜਾ ਸਹਿਬ ਪਿੰਡ ਦੇ ਅੰਦਰ ਬਣਿਆ ਹੋਇਆ ਹੈ ਅਤੇ ਇੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਜੋੜੇ ਸੰਭਾਲ ਕੇ ਰੱਖੇ ਹੋਏ ਹਨ। ਪਿੰਡ ਦੇ ਬਾਹਰਵਾਰ ਪਿਹੋਵਾ-ਚੀਕਾ ਸੜਕ 'ਤੇ ਪਿਹੋਵਾ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ *ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ* ਸਸ਼ੋਭਿਤ ਹੈ। ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ "ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਥਾਂ ਨੂੰ ਚਰਣਾਂ ਨਾਲ ਪਵਿਤ੍ਰ ਕੀਤਾ ਸੀ।"[1] ਗੁਰੂ ਗੋਬਿੰਦ ਸਿੰਘ ਜੀ ਨੇ ਵੀ ਪਹਿਲਾਂ ਇਸ ਅਸਥਾਨ 'ਤੇ ਡੇਰਾ ਕੀਤਾ ਸੀ ਅਤੇ ਸੰਗਤ ਦੀ ਬੇਨਤੀ 'ਤੇ ਪਿੰਡ ਵਿਖੇ ਚਰਨ ਪਾਏ ਸਨ। ਭਾਈ ਸੰਤੋਖ ਸਿੰਘ ਦੱਸਦੇ ਹਨ ਕਿ ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਦਾ ਇਕ ਹਮਦਰਦ ਅਤੇ ਸਨੇਹੀ ਮੁਸਲਮਾਨ ਸ਼ਾਹ ਮੀਰਾ ਭੀਖ ਨਿਵਾਸ ਕਰਦਾ ਸੀ ਜਿਹੜਾ ਕਿ ਗੋਬਿੰਦ ਰਾਇ ਜੀ ਦੇ ਦਰਸ਼ਨ ਕਰਨ ਲਈ ਪਟਨਾ ਸਾਹਿਬ ਵੀ ਗਿਆ ਸੀ। ਇਹ ਪੀਰ ਜੀ ਕਦੇ ਘੁੜਾਮ ਅਤੇ ਕਦੇ ਸਿਆਣਾ ਪਿੰਡ ਵਿਖੇ

---

1. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 189.

ਨਿਵਾਸ ਕਰਦੇ ਸਨ।[1] ਇਹਨਾਂ ਨੂੰ ਮਿਲਣ ਲਈ ਗੁਰੂ ਜੀ ਸਿਆਣਾ ਪਿੰਡ ਵਿਖੇ ਆਏ ਸਨ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ 1962 ਵਿਚ ਬਾਬਾ ਹਰਬੰਸ ਸਿੰਘ ਕਾਰ ਸੇਵਾ ਵਾਲਿਆਂ ਵੱਲੋਂ ਤਿਆਰ ਕਰਵਾਈ ਗਈ ਸੀ। ਗੁਰੂ ਸਾਹਿਬ ਦੇ ਸਮੇਂ ਦਾ ਇੱਥੇ ਇਕ ਪੁਰਾਤਨ ਖੂਹ ਦੱਸਿਆ ਜਾਂਦਾ ਹੈ ਜਿਹੜਾ ਕਿ ਨਵੀਂ ਇਮਾਰਤ ਦੀ ਉਸਾਰੀ ਸਮੇਂ ਬੰਦ ਕਰ ਦਿੱਤਾ ਗਿਆ ਸੀ। 15 ਏਕੜ ਪੰਚਾਇਤੀ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ ਜਿਸ ਵਿਚੋਂ ਢਾਈ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਅਤੇ ਰਿਹਾਇਸ਼ ਦੀ ਸਹੂਲਤ ਹੈ। ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਦਾ ਪ੍ਰਬੰਧ ਕਰਦੀ ਹੈ।

ਸੁਡਲ : ਮੌਜੂਦਾ ਹਰਿਆਣਾ ਦੇ ਯਮੁਨਾ ਨਗਰ ਜ਼ਿਲੇ ਵਿਚ ਪੈਂਦੇ ਜਗਾਧਰੀ ਨਗਰ ਤੋਂ ਲਗ-ਪਗ 8 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪਿੰਡ ਵਿਖੇ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਇਸ ਦੇ ਨਾਲ ਹੀ ਸੁਢੈਲ ਪਿੰਡ ਸਥਿਤ ਹੈ ਜਿਹੜਾ ਕਿ ਇਸ ਤੋਂ ਪਹਿਲਾਂ ਦਾ ਵੱਸਿਆ ਹੋਇਆ ਹੈ। ਇਹਨਾਂ ਦੋਵਾਂ ਪਿੰਡਾਂ ਨੂੰ ਸਾਂਝੇ ਤੌਰ 'ਤੇ ਸੁਡਲ-ਸੁਢੈਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜੂਨ 1931 ਵਿਚ ਭਾਈ ਧੰਨਾ ਸਿੰਘ ਨੇ ਇਸ ਗੁਰਧਾਮ ਦੇ ਦਰਸ਼ਨ ਕੀਤੇ ਸਨ ਉਸ ਸਮੇਂ ਭਾਈ ਪੂਰਨ ਸਿੰਘ ਇੱਥੋਂ ਦੇ ਸੇਵਾਦਾਰ ਸਨ। ਇਹਨਾਂ ਤੋਂ ਇਲਾਵਾ ਭਾਈ ਹੁਸ਼ਿਆਰ ਸਿੰਘ, ਭਾਈ ਗੁਪਾਲ ਸਿੰਘ, ਭਾਈ ਅਨੂਪ ਸਿੰਘ, ਭਾਈ ਬਰਿਆਮ ਸਿੰਘ, ਭਾਈ ਮਨਫੂਲ ਸਿੰਘ ਆਦਿ ਇਸ ਗੁਰਧਾਮ ਨਾਲ ਜੁੜੇ ਹੋਏ ਸਨ।[2]

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ। ਸਥਾਨਿਕ 5 ਮੈਂਬਰੀ ਕਮੇਟੀ ਦੇ ਮੌਜੂਦਾ ਪ੍ਰਧਾਨ ਸ. ਸਵਰਨ ਸਿੰਘ 100 ਸਾਲ ਪੂਰੇ ਕਰ ਚੁੱਕੇ ਹਨ। 1982 ਤੋਂ ਇਹ ਇਸ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰ ਰਹੇ ਹਨ। ਇਹਨਾਂ ਨੇ ਦੱਸਿਆ ਕਿ ਇਹਨਾਂ ਤੋਂ ਪਹਿਲਾਂ ਇਹਨਾਂ ਦੇ ਪਿਤਾ ਸ. ਰਣਧੀਰ ਸਿੰਘ 1955 ਤੋਂ ਲੈ ਕੇ 1982 ਤੱਕ ਇਸ ਗੁਰਧਾਮ ਦੀ ਸੇਵਾ ਸੰਭਾਲ ਕਰਦੇ ਰਹੇ ਹਨ। ਉਹਨਾਂ ਦੇ ਯਤਨਾਂ ਸਦਕਾ ਹੀ ਇਹ ਗੁਰਧਾਮ ਭਾਈ ਪੂਰਨ ਸਿੰਘ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਆਇਆ ਸੀ। ਸ. ਸਵਰਨ ਸਿੰਘ ਨੇ ਇਕ ਪੁਰਾਤਨ ਗਿਰਦਾਵਰੀ ਦਿਖਾਈ ਜਿਸ ਅਨੁਸਾਰ ਗੁਰਦੁਆਰਾ ਸਾਹਿਬ ਦੀ ਇਹ ਜ਼ਮੀਨ ਮਹਿਤਾਬ ਕੌਰ ਦੀ ਪੱਤੀ ਵਿਚ ਪੈਂਦੀ ਸੀ ਅਤੇ 12 ਜੂਨ 1887 ਤੋਂ ਪਹਿਲਾਂ ਦੀ ਮਾਫੀ ਚੱਲੀ ਆਉਂਦੀ ਹੈ।

ਪਹਿਲਾਂ ਇੱਥੇ ਦੋ ਕਮਰੇ ਸਨ ਜਿਨ੍ਹਾਂ ਵਿਚੋਂ ਇਕ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ ਅਤੇ ਦੂਜੇ ਵਿਚ ਗ੍ਰੰਥੀ ਸਿੰਘ ਦੀ ਰਿਹਾਇਸ਼ ਸੀ। 1969 ਵਿਚ ਇੱਥੇ ਇਕ ਨਵਾਂ ਦਰਬਾਰ ਹਾਲ ਬਣਾਇਆ ਗਿਆ ਅਤੇ 2013 ਵਿਚ ਇਸ ਇਮਾਰਤ ਦਾ ਨਵੀਨੀਕਰਨ ਕੀਤਾ ਗਿਆ। 2008 ਵਿਚ ਲੰਗਰ ਹਾਲ ਅਤੇ ਕੁੱਝ ਨਵੇਂ ਰਿਹਾਇਸ਼ੀ ਕਮਰਿਆਂ ਦੀ ਉਸਾਰੀ ਕੀਤੀ ਗਈ। ਮੌਜੂਦਾ ਸਮੇਂ ਵਿਚ ਗੁਰਦੁਆਰਾ ਸਾਹਿਬ ਦੀ 4 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦਰਸ਼ਨੀ ਡਿਉੜ੍ਹੀ, 7 ਰਿਹਾਇਸ਼ੀ ਕਮਰੇ, ਤਿੰਨ ਸਟਾਫ਼ ਕਵਾਟਰ ਆਦਿ ਬਣੇ ਹੋਏ ਹਨ। ਗੁਰਦੁਆਰਾ ਸਾਹਿਬ ਦੇ ਨਾਂ 38 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ।

---

1. ਸ਼ਾਹ ਭੀਖ ਜੋ ਪਟਣੇ ਗਯੋ। ਤੀਨ ਮਾਸ ਕੇ ਦਰਸਤਿ ਭਯੋ।
ਨਿਕਟਿ ਗ੍ਰਾਮ ਤਿਸ ਬਸਬੇ ਕੇਰਾ। ਜਹਾਂ ਪ੍ਰਿਥੋਦਕ ਤੀਰਥ ਹੇਰਾ॥10॥
ਤਹਿਂ ਤੇ ਤੀਨ ਕੋਸ ਤਿਸ ਜਾਨਹਿਂ। ਗ੍ਰਾਮ ਸਿਆਣਾ ਨਾਮ ਬਖਾਨਹਿਂ।
ਕਬ ਤਹਿਂ ਰਹੈ ਕਬਹਿ ਕੁੜਹਾਮ। ਸਿਮਰਤਿ ਨਿਤ ਖੁਦਾਇ ਨਾਮ॥11॥
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 12, ਅੰਸੂ 56.10-11.
2. ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ,* ਪੰਨਾ 173.

ਸੋਨੀਪਤ : ਹਰਿਆਣਾ ਦਾ ਇਹ ਪ੍ਰਮੁੱਖ ਨਗਰ ਰੇਲ ਅਤੇ ਸੜਕੀ ਆਵਾਜਾਈ ਨਾਲ ਜੁੜਿਆ ਹੋਇਆ ਹੈ। ਇਸ ਨਗਰ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ* ਸੁਸ਼ੋਭਿਤ ਹੈ। ਸੋਨੀਪਤ ਦੀ ਜਟਵਾੜਾ ਸਬਜ਼ੀ ਮੰਡੀ ਦੇ ਸਾਹਮਣੇ ਰਾਜ ਮੁਹੱਲਾ ਵਿਖੇ ਇਹ ਗੁਰਧਾਮ ਸਥਿਤ ਹੈ। ਇਸ ਪੁਰਾਤਨ ਮੁਹੱਲੇ ਦੀਆਂ ਤੰਗ ਗਲੀਆਂ ਵਿਚ ਸਥਿਤ ਇਸ ਗੁਰਧਾਮ ਤੱਕ ਪਹੁੰਚਣ ਲਈ ਪੈਦਲ ਜਾਂ ਦੋ ਪਹੀਆ ਸਾਧਨ 'ਤੇ ਹੀ ਜਾਣਾ ਪੈਂਦਾ ਹੈ। ਕਾਰ ਆਦਿ ਚਾਰ ਪਹੀਆ ਸਾਧਨ ਬਾਹਰ ਸਬਜ਼ੀ ਮੰਡੀ ਕੋਲ ਹੀ ਖੜ੍ਹੇ ਕਰਕੇ ਅੱਧਾ ਕਿਲੋਮੀਟਰ ਮੁਹੱਲੇ ਦੇ ਅੰਦਰ ਜਾਣਾ ਪੈਂਦਾ ਹੈ। ਇੱਥੇ ਦੋ ਗੁਰਧਾਮ ਸਥਿਤ ਹਨ – *ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਧਰਮਸਾਲ* ਅਤੇ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ।* ਇਹਨਾਂ ਦੋਵਾਂ ਅਸਥਾਨਾਂ ਦਾ ਸੰਬੰਧ ਗੁਰੂ ਤੇਗ ਬਹਾਦਰ ਜੀ ਨਾਲ ਹੈ। ਕਿਹਾ ਜਾਂਦਾ ਹੈ ਕਿ ਦਿੱਲੀ ਜਾਂਦੇ ਹੋਏ ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਭਾਈ ਮਿਸਰਾ ਸਿੰਘ ਦੇ ਘਰ ਰੁਕੇ ਸਨ। ਜਿਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਰੁਕੇ ਸਨ ਉੱਥੇ ਹੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਧਰਮਸਾਲ ਸਥਾਪਿਤ ਹੈ, ਅਸਲ ਅਸਥਾਨ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਹੈ। ਪਹਿਲਾਂ ਇੱਥੇ ਇਕ ਪੁਰਾਤਨ ਮਕਾਨ ਸੀ ਜਿਸ ਦੀ ਜਗ੍ਹਾ *ਗੁਰਦੁਆਰਾ ਗੁਰੂ ਨਾਨਕ ਦੇਵ ਜੀ ਧਰਮਸਾਲ* ਬਣਾਈ ਗਈ ਹੈ। ਇਸ ਅਸਥਾਨ ਸੰਬੰਧੀ ਬੀਬੀ ਚੁਨੀਆ ਦੀ ਇਕ ਵਸੀਅਤ ਤੋਂ ਪਤਾ ਲੱਗਦਾ ਹੈ ਕਿ ਇਹ ਬ੍ਰਾਹਮਣ ਪਿਛੋਕੜ ਤੋਂ ਸਿੱਖ ਸਜੇ ਸਰਦਾਰ ਹਰਦੇਵ ਸਿੰਘ ਦੀ ਪਤਨੀ ਅਤੇ ਸਰਦਾਰ ਹੁਕਮ ਸਿੰਘ ਦੀ ਪੁੱਤਰੀ ਸੀ। ਇਸ ਦੇ ਘਰ ਕੋਈ ਔਲਾਦ ਨਹੀਂ ਸੀ ਅਤੇ ਇਹ ਆਪਣੇ ਪੇਕੇ ਘਰ ਹੀ ਰਹਿੰਦੀ ਸੀ ਜਿੱਥੇ ਗੁਰੂ ਨਾਨਕ ਧਰਮਸਾਲ ਸਥਿਤ ਹੈ। ਇਸ ਦੇ ਪਤੀ ਸ. ਹਰਦੇਵ ਸਿੰਘ ਇੱਥੇ ਹੀ ਸੇਵਾ ਕਰਦੇ ਸਨ। ਜਿਹੜੀ ਜ਼ਮੀਨ ਅਤੇ ਘਰ ਚੁਨਿਆ ਦੇ ਨਾਂ ਸੀ ਉਹ ਇਸ ਨੇ 12 ਅਪ੍ਰੈਲ 1929 ਨੂੰ 77 ਸਾਲ ਦੀ ਉਮਰ ਵਿਚ ਗੁਰਦੁਆਰਾ ਸਾਹਿਬ ਦੇ ਨਾਂ ਵਸੀਅਤ ਕਰਵਾ ਦਿੱਤੇ ਸਨ। 16 ਜੂਨ 1939 ਨੂੰ ਕਮੇਟੀ ਨੇ ਇਸ ਦੀ ਜਾਇਦਾਦ ਦੀ ਗੁਰਦੁਆਰਾ ਸਾਹਿਬ ਦੇ ਨਾਂ ਰਜਿਸਟਰੀ ਕਰਵਾ ਦਿੱਤੀ ਸੀ। ਉਸ ਸਮੇਂ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਇਹ ਮੈਂਬਰਾਂ ਸਨ – ਚੰਦਰ ਸਿੰਘ ਵਲਦ ਨਾਨੂ ਸਿੰਘ, ਸ਼ਾਮ ਸਿੰਘ ਵਲਦ ਜੀਤ ਸਿੰਘ, ਧੰਨਾ ਵਲਦ ਤੁੱਲਾ, ਕੇਦਾਰ ਸਿੰਘ ਵਲਦ ਪ੍ਰਾਣ ਸਿੰਘ, ਕੁੰਦਨ ਲਾਲ ਵਲਦ ਕੌਰ ਸੈਨ, ਨਾਨੂ ਵਲਦ ਗੰਗਾ ਦਯਾਲ, ਚੰਦਗੀ ਵਲਦ ਤਿਰਖਾ, ਬਲਵੰਤ ਸਿੰਘ ਵਲਦ ਕਾਲੂ, ਲਾਲਾ ਵਲਦ ਮੁਰਾਰੀ ਅਤੇ ਮਨੋਹਰ ਲਾਲ ਵਗੈਰਾਹ। ਇਸ ਕਮੇਟੀ ਵਿਚ ਚੰਦਰ ਸਿੰਘ ਪ੍ਰਧਾਨ ਅਤੇ ਸ਼ਾਮ ਸਿੰਘ ਮੀਤ ਪ੍ਰਧਾਨ ਸਨ।

ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਧਰਮਸਾਲ ਦੇ ਸਾਹਮਣੇ ਹੀ 1976 ਵਿਚ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ* ਦੀ ਨਵੀਂ ਦੋ-ਮੰਜ਼ਲਾ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ। ਮੌਜੂਦਾ ਸਮੇਂ ਵਿਚ ਇੱਥੇ ਪਹਿਲੀ ਮੰਜ਼ਲ 'ਤੇ ਇਕ ਵੱਡਾ ਦਰਬਾਰ ਹਾਲ ਬਣਾਇਆ ਗਿਆ ਹੈ ਜਿਸ ਵਿਚ ਪੁਰਾਤਨ ਸ਼ਸਤਰ ਸੰਭਾਲ ਕੇ ਰੱਖੇ ਹੋਏ ਹਨ ਜਿਹੜੇ ਕਿ ਇੱਥੇ ਮੌਜੂਦ ਪੁਰਾਤਨ ਇਮਾਰਤ ਨੂੰ ਢਾਹੁਣ ਸਮੇਂ ਕੰਧਾਂ ਵਿਚੋਂ ਮਿਲੇ ਦੱਸੇ ਜਾਂਦੇ ਹਨ। ਇਹਨਾਂ ਸ਼ਸਤਰਾਂ ਵਿਚ ਦੋ ਤਲਵਾਰਾਂ, ਚਾਰ ਚੱਕਰ ਅਤੇ ਇਕ ਢਾਲ ਸ਼ਾਮਲ ਹੈ। ਮਹੀਨੇ ਦੇ ਹਰ ਤੀਜੇ ਐਤਵਾਰ ਜਾਂ ਕਿਸੇ ਵਿਸ਼ੇਸ਼ ਸਮਾਗਮ ਮੌਕੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਪੁਰਬ ਵੀ ਇਸੇ ਅਸਥਾਨ 'ਤੇ ਹੀ ਮਨਾਇਆ ਜਾਂਦਾ ਹੈ।

ਚੁਨੀਆ ਦੀ ਜਿਹੜੀ ਜ਼ਮੀਨ ਸ਼ਹਿਰ ਦੇ ਬਾਹਰਵਾਰ ਸੀ, ਹੁਣ ਉਹ ਸੋਨੀਪਤ ਦੇ ਸੈਕਟਰ 15-ਏ ਵਿਚ ਆ ਗਈ ਹੈ। ਪਹਿਲਾਂ ਇੱਥੇ *ਗੁਰਦੁਆਰਾ ਗੁਰੂ ਤੇਗ ਬਹਾਦਰ ਜੀ* ਦੀ ਇਕ ਛੋਟੀ ਜਿਹੀ ਇਮਾਰਤ ਦੇ ਰੂਪ ਵਿਚ ਮੌਜੂਦ ਸੀ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ ਪਰ 2006 ਵਿਚ ਇਸ ਦੇ ਸਾਹਮਣੇ ਹੀ ਨਵਾਂ ਦਰਬਾਰ ਹਾਲ ਬਣਾਉਣ ਦਾ ਕਾਰਜ ਅਰੰਭਿਆ ਗਿਆ ਜਿਹੜਾ ਕਿ 2010 ਵਿਚ ਸੰਪੂਰਨ ਹੋਇਆ। 10,000 ਸੁਕੇਅਰ ਫੁੱਟ ਜਗ੍ਹਾ 'ਤੇ ਦਰਬਾਰ ਹਾਲ, ਲੰਗਰ ਹਾਲ, 8 ਰਿਹਾਇਸ਼ੀ ਕਮਰੇ ਅਤੇ ਪਾਰਕਿੰਗ ਆਦਿ ਬਣੇ ਹੋਏ

ਹਨ। 11,000 ਸੁਕੇਅਰ ਫੁੱਟ ਜਗ੍ਹਾ ਸਰਕਾਰ ਦੇ ਕਬਜ਼ੇ ਵਿਚ ਹੈ ਜਿਸ ਸੰਬੰਧੀ ਅਦਾਲਤ ਵਿਚ ਕੇਸ ਚੱਲ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਪ੍ਰਬੰਧ ਲਈ ਟਰੱਸਟ ਬਣਿਆ ਹੋਇਆ ਹੈ ਜਿਸ ਦੀ 11 ਮੈਂਬਰੀ ਕਮੇਟੀ ਦੋਵੇਂ ਗੁਰਧਾਮਾਂ ਦਾ ਪ੍ਰਬੰਧ ਅਤੇ ਸੇਵਾ-ਸੰਭਾਲ ਕਰਦੀ ਹੈ। 85 ਸਾਲ ਦੇ ਸ. ਭਗਵੰਤ ਸਿੰਘ ਜੱਬਲ ਇਸ ਦੇ ਪ੍ਰਧਾਨ ਹਨ।

ਕੜ੍ਹਾ : ਕੁਰਕਸ਼ੇਤਰ ਜ਼ਿਲੇ ਵਿਚ ਚੀਕਾ-ਪਿਹੋਵਾ ਸੜਕ 'ਤੇ ਇਹ ਪਿੰਡ ਪਿਹੋਵਾ ਤੋਂ 12 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਮੁੱਖ ਸੜਕ ਤੋਂ ਲਗ-ਪਗ ਅੱਧਾ ਕਿਲੋਮੀਟਰ ਅੰਦਰ ਪਿੰਡ ਦੇ ਬਾਹਰਵਾਰ *ਗੁਰਦੁਆਰਾ ਤ੍ਰਿਵੇਣੀ ਸਾਹਿਬ* ਸੁਸ਼ੋਭਿਤ ਹੈ। ਇਸ ਪਿੰਡ ਨੂੰ ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। ਪਹਿਲੇ ਤਿੰਨ ਗੁਰੂ ਸਾਹਿਬਾਨ ਦੀ ਯਾਦ ਵਿਚ ਇੱਥੇ ਤਿੰਨ ਮੰਜੀਆਂ ਬਣੀਆਂ ਹੋਈਆਂ ਸਨ ਜਿਨ੍ਹਾਂ ਦੇ ਉੱਤੇ ਨਿਸ਼ਾਨ ਸਾਹਿਬ ਲੱਗੇ ਹੋਏ ਸਨ ਪਰ ਨਵੇਂ ਦਰਬਾਰ ਹਾਲ ਦੀ ਉਸਾਰੀ ਸਮੇਂ ਇਕ ਵੱਡੇ ਦਰਬਾਰ ਹਾਲ ਦੇ ਰੂਪ ਵਿਚ ਇਕੱਠੀਆਂ ਕਰ ਦਿੱਤੀਆਂ ਗਈਆਂ। ਪਹਿਲਾਂ ਬਾਬਾ ਜੀਵਨ ਸਿੰਘ ਜੀ ਦਿੱਲੀ ਵਾਲਿਆਂ ਨੇ ਇਸ ਦੀ ਸੇਵਾ ਕਰਵਾਈ ਸੀ ਅਤੇ ਮੌਜੂਦਾ ਸਮੇਂ ਵਿਚ ਬਾਬਾ ਜਗਤਾਰ ਸਿੰਘ ਜੀ ਤਰਨਤਾਰਨ ਵਾਲੇ ਇਹ ਸੇਵਾ ਨਿਭਾ ਰਹੇ ਹਨ।

ਗੁਰੂ ਤੇਗ ਬਹਾਦਰ ਜੀ ਜਦੋਂ ਇਸ ਪਿੰਡ ਵਿਖੇ ਪੁੱਜੇ ਤਾਂ ਸੰਗਤ ਨੇ ਉਹਨਾਂ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਨੇ ਇਮਲੀ ਦੇ ਰੁੱਖ ਹੇਠਾਂ ਡੇਰਾ ਕੀਤਾ ਜਿਹੜਾ ਕਿ ਸਮੇਂ ਨਾਲ ਸੁੱਕ ਗਿਆ ਸੀ ਪਰ ਇਸ ਦੇ ਤਣੇ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਖੂਹ ਮੌਜੂਦਾ ਇਮਾਰਤ ਵਿਚ ਆ ਚੁੱਕਾ ਹੈ ਜਿਹੜੀ ਕਿ ਲੰਮਾ ਸਮਾਂ ਪਹਿਲਾਂ ਦੀ ਬਣੀ ਹੋਈ ਜਾਪਦੀ ਹੈ। ਇਸ ਗੁਰਦੁਆਰਾ ਸਾਹਿਬ ਦੇ ਨਾਂ 35 ਏਕੜ ਜ਼ਮੀਨ ਹੈ ਜਿਸ ਵਿਚੋਂ 4-5 ਏਕੜ 'ਤੇ ਦਰਬਾਰ ਹਾਲ, ਦੀਵਾਨ ਹਾਲ, ਲੰਗਰ, ਰਿਹਾਇਸ਼ ਦਾ ਪ੍ਰਬੰਧ ਹੈ। ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਦਾ ਪ੍ਰਬੰਧ ਕਰਦੀ ਹੈ।

ਕੁਰਕਸ਼ੇਤਰ : ਹਿੰਦੂ ਧਰਮ ਨਾਲ ਸੰਬੰਧਿਤ ਇਹ ਪ੍ਰਮੁੱਖ ਨਗਰ ਅੰਬਾਲਾ-ਦਿੱਲੀ ਰੇਲਵੇ ਸੈਕਸ਼ਨ 'ਤੇ ਅੰਬਾਲਾ ਤੋਂ ਲਗ-ਪਗ 50 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਇਸ ਨਗਰ ਦਾ ਸੰਬੰਧ ਸਿੱਖ ਧਰਮ ਨਾਲ ਜੁੜਦਾ ਹੈ। ਪੂਰਬ ਦੀ ਪਹਿਲੀ ਉਦਾਸੀ ਦੌਰਾਨ ਜਦੋਂ ਗੁਰੂ ਜੀ ਇਸ ਨਗਰ ਵਿਖੇ ਆਏ ਤਾਂ ਇਕ ਤਲਾਬ ਦੇ ਕਿਨਾਰੇ ਡੇਰਾ ਕੀਤਾ। ਮੱਸਿਆ ਦੇ ਦਿਨ ਸੂਰਜ ਗ੍ਰਹਿਣ ਲੱਗਿਆ ਹੋਣ ਕਰ ਕੇ ਅੱਗ ਨਾ ਬਾਲਣ ਦੀ ਪਰੰਪਰਾ ਹਿੰਦੂ ਧਰਮ ਵਿਚ ਪ੍ਰਚਲਿਤ ਹੈ ਜਿਸ ਨੂੰ ਭਰਮ ਜਾਣਦੇ ਹੋਏ ਗੁਰੂ ਜੀ ਨੇ ਤੋੜ ਦਿੱਤਾ ਸੀ। ਇਸੇ ਅਸਥਾਨ 'ਤੇ ਗੁਰੂ ਜੀ ਨੇ ਮਾਸ ਖਾਣ ਜਾਂ ਨਾ ਖਾਣ ਦੀ ਫੋਕੀ ਬਹਿਸ ਵਿਚ ਨਾ ਪੈਣ ਦਾ ਸੰਦੇਸ਼ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਅਮਰਦਾਸ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਹਰਿਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਇਹ ਅਸਥਾਨ ਸਿੱਖ ਧਰਮ ਵਿਚ ਵਿਸ਼ੇਸ਼ ਸਥਾਨ ਗ੍ਰਹਿਣ ਕਰ ਗਿਆ।

1665 ਵਿਚ ਮਾਲਵੇ ਦੀ ਯਾਤਰਾ ਕਰਦੇ ਹੋਏ ਗੁਰੂ ਤੇਗ ਬਹਾਦਰ ਜੀ ਪੂਰਬ ਦੀ ਪ੍ਰਚਾਰ-ਯਾਤਰਾ ਕਰਨ ਜਾ ਰਹੇ ਸਨ ਤਾਂ ਇਸ ਨਗਰ ਵਿਖੇ ਪੁੱਜੇ। ਗੁਰੂ ਜੀ ਨੇ ਇਸ ਨਗਰ ਵਿਖੇ ਇਕ ਬਉਲੀ ਲਵਾ ਕੇ ਪਾਣੀ ਦੀ ਘਾਟ ਨੂੰ ਦੂਰ ਕੀਤਾ ਸੀ। ਸ਼ੇਖ਼ਚਿੱਲੀ ਦੇ ਮਕਬਰੇ ਕੋਲ ਗੁਰੂ ਜੀ ਦੀ ਯਾਦ ਵਿਚ *ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ* ਸੁਸ਼ੋਭਿਤ ਹੈ। ਜੂਨ 1931 ਵਿਚ ਭਾਈ ਧੰਨਾ ਸਿੰਘ ਇਸ ਅਸਥਾਨ ਦੇ ਹਾਲਾਤ ਬਿਆਨ ਕਰਦਾ ਹੋਇਆ ਦੱਸਦਾ ਹੈ ਕਿ ਗੁਰਦੁਆਰਾ ਨੌਵੇਂ ਪਿਤਾ ਜੀ ਦਾ ਸਥਾਨ ਤੀਰਥ ਉੱਤੇ ਹੈ। ਇਸ ਜਗ੍ਹਾ ਨੌਵੇਂ ਪਿਤਾ ਜੀ ਗ੍ਰਹਿਣ ਦੇ ਮੇਲੇ ਪੁਰ ਆਏ ਤੇ ਸਤਿਨਾਮ ਦਾ ਉਪਦੇਸ਼ ਦਿੱਤਾ ਸੀ। ਇਸ ਗੁਰਦੁਆਰੇ ਨੂੰ 70-80 ਵਿੱਘੇ ਜ਼ਮੀਨ ਹੈ ਅਤੇ ਅੰਬਾਂ, ਬੇਰੀਆਂ ਅਤੇ ਅਮਰੂਦਾਂ ਦਾ ਇਕ ਬਾਗ਼ ਵੀ ਹੈ। ਗਰੰਥੀ ਭਾਈ ਖੜਕ ਸਿੰਘ ਜੀ ਹੈ ਜੋ ਕਿ ਗ੍ਰਿਹਸਤੀ ਹੈ। ਲੰਗਰ ਤੇ ਰਿਹਾਇਸ਼ ਹੈ। ਇਹ ਗੁਰਦੁਆਰਾ ਸ਼ਹਿਰ ਤੋਂ ਉੱਤਰ ਦੀ ਤਰਫ਼ 3 ਫਰਲਾਂਗ 'ਤੇ ਹੈ ਤੇ ਨਿਸ਼ਾਨ ਸਾਹਿਬ ਜੀ ਝੂਲ ਰਹੇ ਹਨ।[1]

1. ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ*, ਪੰਨਾ 180.

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਇਹ ਗੁਰਧਾਮ ਕੁਰਕਸ਼ੇਤਰ ਦੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ* ਨਾਲ ਅਟੈਚ ਹੈ। ਇੱਥੋਂ ਇਹ ਸਾਢੇ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਲਗ-ਪਗ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ ਆਦਿ ਬਣੇ ਹੋਏ ਹਨ ਅਤੇ 13 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ।

ਕੈਥਲ : ਹਰਿਆਣਾ ਸੂਬੇ ਦਾ ਇਹ ਨਗਰ ਸਿੱਖ ਰਿਆਸਤ ਦੀ ਰਾਜਧਾਨੀ ਰਿਹਾ ਹੈ। ਅਠਾਰ੍ਹਵੀਂ ਸਦੀ ਵਿਚ ਸਿੱਖ ਰਿਆਸਤ ਦਾ ਅੰਗ ਬਣੇ ਇਸ ਨਗਰ ਵਿਖੇ ਸਿੱਖ ਅਧਿਐਨ ਦਾ ਮਹੱਤਵਪੂਰਨ ਕਾਰਜ ਸਾਹਮਣੇ ਆਇਆ। ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਹਰਿਰਾਇ ਜੀ ਦੇ ਸ਼ਰਧਾਲੂ ਭਾਈ ਭਗਤੂ ਦੀ ਵੰਸ਼ ਵਿਚੋਂ ਭਾਈ ਦੇਸੂ ਸਿੰਘ ਨੇ ਇਸ ਨਗਰ ਨੂੰ ਜਿੱਤ ਕੇ ਆਪਣੀ ਰਿਆਸਤ ਕਾਇਮ ਕੀਤੀ ਸੀ। ਇਸ ਦੇ ਪੋਤਰੇ ਭਾਈ ਉਦੈ ਸਿੰਘ ਨੇ ਪ੍ਰਸਿੱਧ ਨਿਰਮਲੇ ਵਿਦਵਾਨ ਭਾਈ ਸੰਤੋਖ ਸਿੰਘ ਨੂੰ ਸਿੱਖ ਇਤਿਹਾਸ ਲਿਖਣ ਲਈ ਸਰਪ੍ਰਸਤੀ ਪ੍ਰਦਾਨ ਕੀਤੀ ਜਿਸ ਦੇ ਸਿੱਟੇ ਵਜੋਂ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਸਿਰਲੇਖ ਅਧੀਨ ਗੁਰੂ ਮਹਿਮਾ ਸੰਬੰਧੀ ਪ੍ਰਸਿੱਧ ਰਚਨਾ ਸਾਹਮਣੇ ਆਈ ਜਿਸ ਦੀ ਕਥਾ ਗੁਰਦੁਆਰਾ ਸਾਹਿਬਾਨ ਵਿਖੇ ਨਿਰੰਤਰ ਕੀਤੀ ਜਾਂਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਦੋ ਗੁਰਧਾਮ ਇੱਥੇ ਸਥਿਤ ਹਨ।

1. **ਗੁਰਦੁਆਰਾ ਨਿੰਮ ਸਾਹਿਬ ਪਾਤਸ਼ਾਹੀ ਨੌਵੀਂ, ਕੈਥਲ :** ਮਾਲਵ-ਬਾਂਗਰ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਤੇਗ ਬਹਾਦਰ ਜੀ ਇਸ ਨਗਰ ਵਿਖੇ ਆਏ ਸਨ। ਠੰਡਾਰ ਤੀਰਥ ਨੇੜੇ ਨਿੰਮ ਦੇ ਇਕ ਰੁੱਖ ਹੇਠਾਂ ਉਹਨਾਂ ਨੇ ਡੇਰਾ ਕੀਤਾ ਸੀ ਅਤੇ ਇੱਥੇ ਹੀ ਸੰਗਤ ਉਹਨਾਂ ਦੇ ਦਰਸ਼ਨ ਕਰਨ ਲਈ ਆਉਂਦੀ ਸੀ। ਨਿੰਮ ਦੇ ਜਿਸ ਰੁੱਖ ਹੇਠਾਂ ਗੁਰੂ ਜੀ ਨੇ ਡੇਰਾ ਕੀਤਾ ਸੀ ਉੱਥੇ *ਗੁਰਦੁਆਰਾ ਨਿੰਮ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ, "ਇਸ ਗੁਰਦੁਆਰੇ ਦੇ ਨਾਂ 10 ਵਿੱਘੇ ਜ਼ਮੀਨ ਹੈ। ਇਸ ਥਾਂ ਗੁਰੂ ਸਾਹਿਬ ਦੇ ਵੇਲੇ ਦਾ ਇਕ ਨਿੰਮ ਦਾ ਬਿਰਛ ਹੈ, ਜਿਸ ਦੇ ਪੱਤੇ ਖਵਾ ਕੇ ਸਤਿਗੁਰੂ ਨੇ ਰੋਗੀ ਦਾ ਤਾਪ ਦੂਰ ਕੀਤਾ ਸੀ।"[1] ਬਾਬਾ ਹਰਬੰਸ ਸਿੰਘ ਅਤੇ ਬਾਬਾ ਫੌਜਾ ਸਿੰਘ ਨੇ 1974 ਵਿਚ ਇਸ ਗੁਰਧਾਮ ਦੀ ਸੇਵਾ ਕਰਵਾਈ ਸੀ। ਇਹ ਗੁਰਧਾਮ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਨਾਲ ਅਟੈਚ ਹੈ ਜਿਸ ਦਾ ਪ੍ਰਬੰਧ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾ ਰਿਹਾ ਹੈ। ਸਥਾਨਿਕ ਕਮੇਟੀ ਨਾ ਹੋਣ ਕਰਕੇ ਇਸ ਦਾ ਸਿੱਧਾ ਪ੍ਰਬੰਧ ਸ਼੍ਰੋਮਣੀ ਕਮੇਟੀ ਅਧੀਨ ਹੈ। ਲਗ-ਪਗ ਸਾਢੇ ਚਾਰ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦੀਵਾਨ ਹਾਲ ਅਤੇ ਸਰੋਵਰ ਆਦਿ ਬਣੇ ਹੋਏ ਹਨ। ਇਸ ਤੋਂ ਇਲਾਵਾ ਇਸ ਅਸਥਾਨ 'ਤੇ ਡੇਰਾ ਕਾਰ ਸੇਵਾ ਮੌਜੂਦ ਹੈ ਜਿਸ ਦਾ ਪ੍ਰਬੰਧ ਪਹਿਲਾਂ ਬਾਬਾ ਫੌਜਾ ਸਿੰਘ ਕਰਦੇ ਸਨ ਅਤੇ ਫਿਰ ਬਾਬਾ ਪਾਲਾ ਸਿੰਘ ਲਗ-ਪਗ 45 ਸਾਲ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਹੋਏ 10 ਜੂਨ 2021 ਨੂੰ ਅਕਾਲ ਚਲਾਣਾ ਕਰ ਗਏ ਹਨ।
2. **ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਕੈਥਲ :** ਕੈਥਲ ਵਿਖੇ ਨਿੰਮ ਦੇ ਇਕ ਰੁੱਖ ਹੇਠਾਂ ਠੰਡਾਰ ਤੀਰਥ ਵਿਖੇ ਗੁਰੂ ਤੇਗ ਬਹਾਦਰ ਜੀ ਨੇ ਡੇਰਾ ਕੀਤਾ ਸੀ ਅਤੇ ਦਰਸ਼ਨ ਕਰਨ ਲਈ ਆਉਣ ਵਾਲੀ ਸੰਗਤ ਵਿਚੋਂ ਇਕ ਤਰਖਾਣ ਸ਼ਰਧਾਲੂ ਨੇ ਗੁਰੂ ਜੀ ਨੂੰ ਆਪਣੇ ਘਰ ਵਿਖੇ ਚਰਨ ਪਾਉਣ ਦੀ ਬੇਨਤੀ ਕੀਤੀ। ਸਤਿਕਾਰ ਸਹਿਤ ਇਸ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ ਜਿਸ ਤੋਂ ਖ਼ੁਸ਼ ਹੋ ਕੇ ਗੁਰੂ ਜੀ ਨੇ ਬਚਨ ਕੀਤਾ, "ਧੰਨ ਸਿਖੀ। ਏਥੇ ਸਿਖੀ ਦਾ ਨਿਵਾਸ ਹੋਊ। ਕਥਾ ਕੀਰਤਨ ਹੋਊ ਸਦਾ।"[2] ਭਾਈ ਸੰਤੋਖ ਸਿੰਘ ਗੁਰੂ ਜੀ ਦੇ ਕੈਥਲ ਜਾਣ ਦਾ ਜ਼ਿਕਰ

1. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* 349.
2. *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ,* ਸਾਖੀ 36, ਪੰਨਾ 35.

ਕਰਦੇ ਹੋਏ ਦੱਸਦੇ ਹਨ ਕਿ ਜਦੋਂ ਗੁਰੂ ਜੀ ਨੇ ਬਹਿਰ ਜੱਖ ਤੋਂ ਚੱਲ ਕੇ ਢੰਡਾਰ ਤੀਰਥ 'ਤੇ ਡੇਰਾ ਕੀਤਾ ਤਾਂ ਉਹਨਾਂ ਨਾਲ ਇਕ ਤਰਖਾਣ ਸਿੱਖ ਵੀ ਮੌਜੂਦ ਸੀ। ਇਸ ਨੇ ਗੁਰੂ ਜੀ ਨੂੰ ਦੱਸਿਆ ਕਿ ਅੱਗੇ ਕੈਥਲ ਨਗਰ ਹੈ ਤਾਂ ਗੁਰੂ ਜੀ ਨੇ ਪੁੱਛਿਆ ਕਿ ਇਸ ਨਗਰ ਵਿਚ ਕੋਈ ਸਿੱਖ ਪਰਿਵਾਰ ਵੀ ਨਿਵਾਸ ਕਰਦਾ ਹੈ ਤਾਂ ਇਸ ਨੇ ਕਿ ਇੱਥੇ ਸਿੱਖਾਂ ਦੇ ਤਿੰਨ ਘਰ ਹਨ। ਇਹਨਾਂ ਵਿਚੋਂ ਦੋ ਘਰ ਬਾਣੀਆਂ ਅਤੇ ਇਕ ਘਰ ਤਰਖਾਣ ਦਾ ਹੈ। ਇਹ ਤਰਖਾਣ ਗੁਰੂ ਜੀ ਨੂੰ ਆਪਣੇ ਭਾਈਚਾਰੇ ਨਾਲ ਸੰਬੰਧਿਤ ਤਰਖਾਣ ਸਿੱਖ ਦੇ ਘਰ ਲੈ ਗਿਆ ਜਿਸ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਨੇ ਇਸ ਦੀਆਂ ਸਮੂਹ ਮਨੋਕਾਮਨਾ ਪੂਰੀਆਂ ਹੋਣ ਦਾ ਅਸ਼ੀਰਵਾਦ ਦੇ ਕੇ ਅੱਗੇ ਚਲੇ ਗਏ ਪਰ ਜਿਸ ਅਸਥਾਨ 'ਤੇ ਗੁਰੂ ਜੀ ਨੇ ਨਿਵਾਸ ਕੀਤਾ ਸੀ ਉੱਥੇ ਪਰਮਾਤਮਾ ਦੀ ਉਸਤਤਿ ਵਿਚ ਸ਼ਬਦ ਕੀਰਤਨ ਅਰੰਭ ਹੋ ਗਿਆ।[1] ਇਸ ਤਰਖਾਣ ਦਾ ਪਰਿਵਾਰ ਹਾਲੇ ਵੀ ਇਸ ਨਗਰ ਵਿਖੇ ਮੌਜੂਦ ਹੈ ਜਿਸ ਵਿਚੋਂ ਸ੍ਰੀ ਜੈਪਾਲ ਜੀ ਨਾਲ ਮੁਲਾਕਾਤ ਹੋਈ ਤਾਂ ਉਹਨਾਂ ਦੱਸਿਆ ਕਿ ਜਦੋਂ ਗੁਰੂ ਜੀ ਨੇ ਸਾਡੇ ਪੂਰਵਜ ਰੋਡਾ ਬਾਢੀ[2] ਦੇ ਘਰ ਚਰਨ ਪਾਏ ਤਾਂ ਉਹਨਾਂ ਨੇ ਗੁਰੂ ਜੀ ਦੀ ਯਥਾਯੋਗ ਸੇਵਾ ਕੀਤੀ ਸੀ। ਉਮਰ ਜ਼ਿਆਦਾ ਹੋ ਜਾਣ ਉਪਰੰਤ ਵੀ ਉਹਨਾਂ ਦੇ ਘਰ ਕੋਈ ਔਲਾਦ ਨਹੀਂ ਸੀ, ਗੁਰੂ ਜੀ ਨੇ ਮਾਤਾ ਜੀ ਦੀ ਸੇਵਾ ਤੋਂ ਖ਼ੁਸ਼ ਹੋ ਕੇ ਘਰ ਵਿਚ ਚਿਰਾਗ ਪੈਦਾ ਹੋਣ ਦਾ ਅਸ਼ੀਰਵਾਦ ਦਿੱਤਾ ਸੀ। ਜਿੱਥੇ ਗੁਰੂ ਜੀ ਨੇ ਨਿਵਾਸ ਕੀਤਾ ਸੀ ਉਹ ਅਸਥਾਨ ਉਸੇ ਸਮੇਂ ਤੋਂ ਹੀ ਪੂਜਾ ਅਸਥਾਨ ਬਣ ਗਿਆ ਸੀ। ਗੁਰੂ ਜੀ ਦੀ ਬਖ਼ਸ਼ਿਸ਼ ਸਦਕਾ ਸਾਡਾ ਪਰਿਵਾਰ ਬਹੁਤ ਵਧਿਆ। ਇਹਨਾਂ ਨੇ ਆਪਣੇ ਪੂਰਵਜਾਂ ਦੇ ਇਹ ਨਾਂ ਦੱਸੇ ਹਨ - ਸ੍ਰੀ ਸੌਂਧਾ ਰਾਮ, ਪੜਦਾਦਾ ਜੀ; ਸ੍ਰੀ ਰਿਖੀ ਰਾਮ, ਦਾਦਾ ਜੀ; ਸ੍ਰੀ ਮੰਗਤ ਰਾਮ, ਪਿਤਾ ਜੀ; ਸ੍ਰੀ ਜੀਵਨ ਰਾਮ ਅਤੇ ਸ੍ਰੀ ਵਿਕਰਮ ਸਿੰਘ, ਪੁੱਤਰ।

ਕੈਥਲ ਵਿਖੇ ਜਿਸ ਤਰਖਾਣ ਦੇ ਘਰ ਗੁਰੂ ਜੀ ਨੇ ਨਿਵਾਸ ਕੀਤਾ ਸੀ ਸਮਾਂ ਪਾ ਕੇ ਉਹ ਅਸਥਾਨ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਵਜੋਂ ਪ੍ਰਸਿੱਧ ਹੋ ਗਿਆ। ਇਸ ਗੁਰਦੁਆਰਾ ਸਾਹਿਬ ਦੇ ਨਾਲ ਹੀ ਨਿਵਾਸ ਕਰਨ ਵਾਲੇ ਸ. ਜਗਰੂਪ ਸਿੰਘ ਦਾ ਜਨਮ 1936 ਵਿਚ ਹੋਇਆ ਸੀ। ਇਹਨਾਂ ਨੇ ਦੱਸਿਆ ਕਿ ਇਹਨਾਂ ਦੇ ਪਿਤਾ ਸ. ਸੰਤ ਸਿੰਘ 1971 ਵਿਚ 80 ਸਾਲ ਦੇ ਹੋ ਕੇ ਅਕਾਲ ਚਲਾਣਾ ਕੀਤੇ ਸਨ, ਇਹ ਇਸ ਅਸਥਾਨ 'ਤੇ ਮਹੰਤ ਦੀ ਸੇਵਾ ਨਿਭਾਉਂਦੇ ਸਨ।[3] ਕੈਥਲ ਦੇ ਰਾਜੇ ਭਾਈ ਲਾਲ ਸਿੰਘ ਨੇ ਇਸ ਅਸਥਾਨ 'ਤੇ ਗੁਰੂ ਜੀ ਦੀ ਯਾਦ ਵਿਚ ਇਕ ਗੁਰਧਾਮ ਦੀ ਉਸਾਰੀ ਕਰਵਾਈ ਸੀ। 1947 ਵਿਚ ਪਾਕਿਸਤਾਨ ਬਣਨ ਉਪਰੰਤ ਜਿਹੜੇ ਸਿੱਖ ਇੱਥੇ ਆ ਕੇ ਵੱਸ ਗਏ ਸਨ, ਉਹਨਾਂ ਨੇ ਇਸ ਦੀ ਸੇਵਾ-ਸੰਭਾਲ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਛੋਟੀਆਂ ਇੱਟਾਂ ਦੀ ਬਣੀ ਹੋਈ ਇਸ ਇਮਾਰਤ ਦੀ ਕਾਰ ਸੇਵਾ 1974 ਵਿਚ ਬਾਬਾ ਜੀਵਨ ਸਿੰਘ ਪਿਹੋਵੇ ਵਾਲਿਆਂ ਅਤੇ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੇ ਕਰਵਾਈ ਸੀ। ਮੌਜੂਦਾ ਸਮੇਂ ਵਿਚ ਇਸ ਇਮਾਰਤ ਦੀ ਕਾਰ ਸੇਵਾ ਦੁਬਾਰਾ ਅਰੰਭ ਕੀਤੀ ਗਈ ਹੈ। 21 ਮਾਰਚ 1921 ਨੂੰ ਨਵੇਂ ਦਰਬਾਰ ਹਾਲ ਦਾ ਨੀਂਹ ਪੱਥਰ ਰੱਖ ਕੇ ਗੁਰੂ ਤੇਗ ਬਹਾਦਰ ਸੇਵਾ ਦਲ ਵੱਲੋਂ ਇਹ ਕਾਰਜ ਅਰੰਭ ਕਰ ਦਿੱਤਾ ਗਿਆ ਹੈ। ਲਗ-ਪਗ ਅੱਧਾ ਏਕੜ ਜ਼ਮੀਨ 'ਤੇ

---

1. ਕਿਤਿਕ ਦਿਵਸ ਬਸਿ ਕਰਿ ਤਿਸ ਪੁਰੀ। ਬਹੁਰ ਚਲਨਿ ਕੀ ਮਨਸਾ ਕਰੀ। ਜਿਸ ਤਿਖਾਨ ਘਰ ਮਹਿਂ ਤਬਿ ਬਾਸੇ। ਅਬਿ ਗੁਰਦਵਾਰੋ ਤਹਾਂ ਪ੍ਰਕਾਸ਼ੇ॥41॥ ਸ਼ਬਦ ਕੀਰਤਨ ਹੋਤਿ ਹਮੇਸ਼। ਰਹੈਂ ਸਿੰਘ ਪੂਜੈਂ ਸੁ ਵਿਸ਼ੇਸ਼। ਤਿਸ ਕੈਂਥਲਪੁਰਿ ਮਹਿਂ ਕਵਿ ਬਸੈ। ਗੁਰ ਜਸੁ ਕਰਤਿ ਰਹਯੋ ਅਘ ਨਸੈ॥42॥ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 11, ਅੰਸੂ 43.41-42.
2. ਇਸ ਨਾਂ ਦਾ ਜ਼ਿਕਰ ਹੋਰਨਾਂ ਸਰੋਤਾਂ ਵਿਚ ਮਿਲਦਾ ਹੈ। Gurmukh Singh, Historical Sikh Shrines, p. 296; Harbans Singh, Ed.-in-chief, *The Encyslopaedia of Sikhism,* vol. II, p. 413.
3. ਧੰਨਾ ਸਿੰਘ ਚਹਿਲ ਪਟਿਆਲਵੀ ਨੇ 28 ਜੂਨ 1931 ਨੂੰ ਇਸ ਅਸਥਾਨ ਦੀ ਯਾਤਰਾ ਕੀਤੀ ਸੀ ਇਹ ਵੀ ਦੱਸਦੇ ਹਨ ਕਿ ਉਸ ਸਮੇਂ ਇਸ ਗੁਰਧਾਮ ਦੇ ਮਹੰਤ ਸੰਤ ਸਿੰਘ ਸਨ। *ਗੁਰ ਤੀਰਥ ਸਾਈਕਲ ਯਾਤਰਾ,* ਪੰਨਾ 179.

ਉਸਾਰੀ ਅਧੀਨ ਨਵਾਂ ਦਰਬਾਰ ਹਾਲ, ਲੰਗਰ ਹਾਲ, ਦਫ਼ਤਰ ਅਤੇ 10 ਰਿਹਾਇਸ਼ੀ ਕਮਰੇ ਮੌਜੂਦ ਹਨ। ਗੁਰਦੁਆਰਾ ਸਾਹਿਬ ਦੀ ਲਗ-ਪਗ 18 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ ਅਤੇ ਇਸ ਦੀ 12 ਏਕੜ ਜ਼ਮੀਨ 'ਤੇ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਚੱਲ ਰਿਹਾ ਹੈ। ਇਸ ਗੁਰਧਾਮ ਤੋਂ 300 ਮੀਟਰ ਦੀ ਦੂਰੀ 'ਤੇ ਉਹ ਹਵੇਲੀ ਮੌਜੂਦ ਹੈ ਜਿਹੜੀ ਕਿ ਕੈਥਲ ਦੇ ਰਾਜੇ ਭਾਈ ਉਦੇ ਸਿੰਘ ਨੇ ਭਾਈ ਸੰਤੋਖ ਸਿੰਘ ਨੂੰ ਦਿੱਤੀ ਸੀ ਜਿੱਥੇ ਉਹਨਾਂ ਨੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਦੀ ਰਚਨਾ ਕੀਤੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਮੌਜੂਦਾ ਸਮੇਂ ਵਿਚ ਇੱਥੇ ਲੋਕਲ ਕਮੇਟੀ ਨਾ ਹੋਣ ਕਰਕੇ ਇਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾ ਰਿਹਾ ਹੈ, ਸ. ਰੁਪੰਦਰ ਸਿੰਘ ਮੈਨੇਜਰ ਅਤੇ ਭਾਈ ਸਾਹਿਬ ਸਿੰਘ ਗ੍ਰੰਥੀ ਸਿੰਘ ਦੀ ਸੇਵਾ ਨਿਭਾ ਰਹੇ ਹਨ।

ਖਟਕੜ : ਹਰਿਆਣਾ ਦੇ ਜੀਂਦ ਜ਼ਿਲੇ ਵਿਚ ਖਰਕ ਭੂਰਾ ਤੋਂ 15 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਅਸਥਾਨ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਖਰਕ ਭੂਰਾ ਤੋਂ ਆ ਕੇ ਗੁਰੂ ਜੀ ਨੇ ਪਿੰਡ ਦੇ ਬਾਹਰਵਾਰ ਇਕ ਟੋਭੇ ਦੇ ਕੰਢੇ ਡੇਰਾ ਕੀਤਾ ਸੀ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਪਿੰਡ ਦੇ ਦਲ ਨਾਮਕ ਚੌਧਰੀ ਨੇ ਕੁੱਝ ਬੰਦੇ ਨਾਲ ਲੈ ਕੇ ਗੁਰੂ ਜੀ ਦੇ ਘੋੜੇ ਚੋਰੀ ਕਰਨ ਦਾ ਯਤਨ ਕੀਤਾ ਤਾਂ ਅੰਨ੍ਹਾ ਹੋ ਗਿਆ ਅਤੇ ਜਦੋਂ ਇਹਨਾਂ ਨੇ ਘੋੜਿਆਂ ਨੂੰ ਵਾਪਸ ਉਹਨਾਂ ਦੇ ਸਥਾਨਾਂ 'ਤੇ ਬੰਨ੍ਹ ਦਿੱਤਾ ਤਾਂ ਦਿਖਾਈ ਦੇਣ ਲੱਗ ਪਿਆ। ਅਗਲੇ ਦਿਨ ਸਵੇਰੇ ਚੌਧਰੀ ਨੇ ਸਾਥੀਆਂ ਸਮੇਤ ਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਮਾਫ਼ੀ ਮੰਗੀ। ਗੁਰੂ ਜੀ ਨੇ ਮਾਫ਼ ਕਰਦੇ ਹੋਏ ਇਹਨਾਂ ਨੂੰ ਪਰਮਾਤਮਾ ਦਾ ਨਾਮ ਸਿਮਰਨ ਅਤੇ ਲੋਕਾਂ ਦੀ ਸੇਵਾ ਕਰਨ ਦੀ ਪ੍ਰੇਰਨਾ ਕੀਤੀ।

ਪਿੰਡ ਵਾਲਿਆਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਇਲਾਕੇ ਦਾ ਪਾਣੀ ਖਾਰਾ ਅਤੇ ਵਰਤੋਂ ਯੋਗ ਨਹੀਂ ਹੈ। ਇਹਨਾਂ ਦੀ ਬੇਨਤੀ ਪ੍ਰਵਾਨ ਕਰਕੇ ਗੁਰੂ ਜੀ ਨੇ ਇਕ ਤੀਰ ਚਲਾਉਂਦੇ ਹੋਏ ਕਿਹਾ ਕਿ ਜਿੱਥੋਂ ਤੱਕ ਤੀਰ ਗਿਆ ਹੈ ਉੱਥੋਂ ਤੱਕ ਖੂਹ ਦਾ ਪਾਣੀ ਮਿੱਠਾ ਨਿਕਲੇਗਾ। ਗੁਰਦੁਆਰਾ ਸਾਹਿਬ ਦੇ ਕੰਪਲੈਕਸ ਵਿਚ ਮੌਜੂਦ ਇਕ ਖੂਹ ਦਾ ਪਾਣੀ ਹਾਲੇ ਵੀ ਵਰਤਿਆ ਜਾਂਦਾ ਹੈ ਪਰ ਹੋਰਨਾਂ ਖੂਹਾਂ ਦਾ ਪਾਣੀ ਖਾਰਾ ਹੋਣ ਕਰਕੇ ਵਰਤੋਂ ਯੋਗ ਨਹੀਂ ਹੈ। ਵਰਤੋਂ ਘੱਟ ਹੋਣ ਕਰਕੇ ਇਹਨਾਂ ਖੂਹਾਂ ਦੇ ਪਾਣੀ ਦਾ ਪੱਧਰ ਨੀਵਾਂ ਨਹੀਂ ਹੈ। ਗੁਰਦੁਆਰਾ ਸਾਹਿਬ ਵਾਲੇ ਖੂਹ ਦਾ ਪਾਣੀ ਵੀ 45-50 ਫੁੱਟ 'ਤੇ ਮੌਜੂਦ ਹੈ। ਪਿੰਡ ਵਿਚ ਹੁਣ ਸਰਕਾਰ ਵੱਲੋਂ ਵੀ ਪਾਣੀ ਦਾ ਪ੍ਰਬੰਧ ਕੀਤਾ ਗਿਆ ਹੈ।

ਰਵਿਦਾਸੀਆ ਭਾਈਚਾਰੇ ਨਾਲ ਸੰਬੰਧਿਤ ਸ. ਪ੍ਰਕਾਸ਼ ਸਿੰਘ ਇਸੇ ਪਿੰਡ ਦੇ ਹਨ ਜਿਹੜੇ ਕਿ ਰਾਜ ਮਿਸਤਰੀ ਦਾ ਕੰਮ ਕਰਦੇ ਹਨ। ਇਹ ਦੱਸਦੇ ਹਨ ਕਿ ਇਹ ਉਸ ਪਰਿਵਾਰ ਵਿਚੋਂ ਹਨ ਜਿਸ ਦੀ ਪੂਰਵਜ ਇਕ ਬੀਬੀ ਨੂੰ ਗੁਰੂ ਤੇਗ ਬਹਾਦਰ ਜੀ ਨੇ ਤਿੰਨ ਪੁੱਤਰਾਂ ਦੀ ਬਖ਼ਸ਼ਿਸ਼ ਕੀਤੀ ਸੀ ਅਤੇ ਇਹਨਾਂ ਤਿੰਨਾਂ ਦੇ ਨਾਂ 'ਤੇ ਪਿੰਡ ਵਿਚ ਤਿੰਨ ਮੁਹੱਲੇ ਹਨ - ਬਗੜਮ (ਵੱਡਾ) ਮੁਹੱਲਾ, ਵਿਚਲਾ ਮੁਹੱਲਾ, ਛੰਨਾ (ਛੋਟਾ) ਮੁਹੱਲਾ। ਗੁਰੂ ਜੀ ਦੀ ਬਖ਼ਸ਼ਿਸ਼ ਸਦਕਾ ਵਧੇ ਇਹ ਪਰਿਵਾਰ ਹੀ ਗੁਰਦੁਆਰਾ ਸਾਹਿਬ ਵਿਖੇ ਸਭ ਤੋਂ ਵਧੇਰੇ ਸੇਵਾ ਕਰਦੇ ਹਨ। ਪਿੰਡ ਦੇ ਹੋਰਨਾਂ ਲੋਕਾਂ ਵਿਚ ਵੀ ਗੁਰੂ-ਘਰ ਪ੍ਰਤੀ ਸਤਿਕਾਰ ਕਾਇਮ ਹੈ।

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਹਰਬੰਸ ਸਿੰਘ ਕਾਰ ਸੇਵਾ ਵਾਲਿਆਂ ਦੀ ਸੰਸਥਾ ਵੱਲੋਂ ਬਾਬਾ ਗੋਪਾਲ ਸਿੰਘ ਕੈਥਲ ਵਾਲਿਆਂ ਰਾਹੀਂ ਤਿਆਰ ਕਰਵਾਈ ਗਈ ਹੈ। ਪਹਿਲਾਂ ਇਕ ਛੋਟਾ ਜਿਹਾ ਮੰਜੀ ਸਾਹਿਬ ਸੀ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਤੋਂ ਇਲਾਵਾ 4-5 ਵਿਅਕਤੀ ਹੀ ਸੰਗਤ ਕਰ ਸਕਦੇ ਸਨ। 2009 ਵਿਚ ਤਿਆਰ ਹੋਈ ਮੌਜੂਦਾ ਇਮਾਰਤ ਵਿਚ 40-50 ਦੇ ਲਗ-ਪਗ ਸੰਗਤ ਇਕੱਤਰ ਹੋ ਸਕਦੀ ਹੈ। ਗੁਰਦੁਆਰਾ ਸਾਹਿਬ ਦੀ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਮੁਲਾਜ਼ਮਾਂ ਲਈ ਕੁੱਝ ਰਿਹਾਇਸ਼ੀ

ਕਮਰੇ ਆਦਿ ਬਣੇ ਹੋਏ ਹਨ। ਇਸ ਗੁਰਦੁਆਰਾ ਸਾਹਿਬ ਦੀ 47 ਏਕੜ ਜ਼ਮੀਨ ਵਾਹੀ ਯੋਗ ਹੈ ਜਿਸ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪ ਹੀ ਖੇਤੀ ਕੀਤੀ ਜਾਂਦੀ ਹੈ। ਇਹ ਗੁਰਧਾਮ ਜੀਂਦ ਦੇ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਨਾਲ ਅਟੈਚ ਹੈ।

ਖਰਕ ਭੂਰਾ : ਜੀਂਦ ਜ਼ਿਲੇ ਵਿਚ ਧਮਤਾਨ ਸਾਹਿਬ ਵਿਖੇ ਸਥਿਤ ਨੌਵੀਂ ਪਾਤਸ਼ਾਹੀ ਦੇ ਇਤਿਹਾਸਿਕ ਗੁਰਧਾਮ ਤੋਂ 35 ਕਿਲੋਮੀਟਰ ਦੀ ਦੂਰੀ 'ਤੇ ਖਰਕ ਭੂਰਾ ਪਿੰਡ ਵਿਖੇ *ਗੁਰਦੁਆਰਾ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਧਮਤਾਨ ਸਾਹਿਬ ਤੋਂ ਨਰਵਾਣਾ ਰਾਹੀਂ ਜੀਂਦ ਜਾਂਦੇ ਹੋਏ ਖੇੜੀ ਮਸਾਨੀਆਂ ਤੋਂ ਖੱਬੇ ਹੱਥ ਦੋ ਕਿਲੋਮੀਟਰ ਅੰਦਰ ਪਿੰਡ ਦੇ ਦੂਜੇ ਪਾਸੇ ਟੋਭੇ ਦੇ ਕੰਢੇ ਸਸ਼ੋਭਿਤ ਇਹ ਗੁਰਧਾਮ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਪਿੰਡ ਵਿਚ ਹੋਰ ਟੋਭੇ ਵੀ ਮੌਜੂਦ ਹਨ ਪਰ ਜਿਹੜਾ ਟੋਭਾ ਗੁਰਦੁਆਰਾ ਸਾਹਿਬ ਅਤੇ ਸਟੇਡੀਅਮ ਦੇ ਵਿਚਕਾਰ ਸਥਿਤ ਹੈ, ਉਸ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇੱਥੇ ਨਹਾਉਣ ਨਾਲ ਖਾਜ, ਖੁਜਲੀ ਅਤੇ ਚਮੜੀ ਦੇ ਰੋਗ ਦੂਰ ਹੁੰਦੇ ਹਨ।

ਗੁਰੂ ਤੇਗ ਬਹਾਦਰ ਜੀ ਦੇ ਇਸ ਪਿੰਡ ਵਿਖੇ ਆਉਣ ਦੀ ਨਿਸ਼ਾਨੀ 'ਤੇ ਪਟਿਆਲਾ ਰਿਆਸਤ ਵੱਲੋਂ ਇੱਥੇ 1911 ਵਿਚ ਇਕ ਗੁਰਧਾਮ ਦੀ ਉਸਾਰੀ ਕਰਵਾਈ ਗਈ ਸੀ।[1] ਇਸ ਦੀ ਜਗ੍ਹਾ 'ਤੇ ਨਵੀਂ ਇਮਾਰਤ ਬਾਬਾ ਹਰਬੰਸ ਸਿੰਘ ਕਾਰ ਸੇਵਾ ਵਾਲਿਆਂ ਦੀ ਸੰਸਥਾ ਵੱਲੋਂ ਬਾਬਾ ਗੋਪਾਲ ਸਿੰਘ ਰਾਹੀਂ 2011 ਵਿਚ ਤਿਆਰ ਕਰਵਾਈ ਗਈ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਇਸ ਦੇ ਨਾਲ ਹੀ 150 ਸਾਲ ਪੁਰਾਣੀ ਇਕ ਇਮਾਰਤ ਮੌਜੂਦ ਹੈ ਜਿੱਥੇ ਪਹਿਲਾਂ ਲੰਗਰ ਚੱਲਦਾ ਸੀ ਪਰ ਹੁਣ ਇੱਥੇ ਗ੍ਰੰਥੀ ਸਿੰਘ ਦੀ ਰਿਹਾਇਸ਼ ਹੈ। ਇਸ ਪੁਰਾਤਨ ਇਮਾਰਤ ਦੇ ਨਾਲ ਹੀ ਇਮਲੀ ਦਾ ਇਕ ਪੁਰਾਤਨ ਰੁੱਖ ਮੌਜੂਦ ਹੈ ਜਿਹੜਾ ਕਿ ਗੁਰੂ ਜੀ ਦੇ ਸਮੇਂ ਦਾ ਦੱਸਿਆ ਜਾਂਦਾ ਹੈ। ਲਗ-ਪਗ ਪੌਣਾ ਏਕੜ ਵਿਚ ਸਥਿਤ ਇਸ ਗੁਰਧਾਮ ਦੇ ਗ੍ਰੰਥੀ ਭਾਈ ਰਵਿੰਦਰ ਸਿੰਘ ਨੇ ਦੱਸਿਆ ਕਿ ਭਾਵੇਂ ਪਿੰਡ ਦੀ ਵਧੇਰੇ ਵੱਸੋਂ ਗੈਰ-ਸਿੱਖ ਹੈ ਪਰ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀ ਭਰਦੀ ਹੈ। ਟੋਭੇ ਵਿਚ ਇਸ਼ਨਾਨ ਕਰਨ ਨਾਲ ਚਮੜੀ ਦੇ ਰੋਗ ਦੂਰ ਹੋਣ ਦੇ ਵਿਸ਼ਵਾਸ ਕਾਰਨ ਦਿੱਲੀ ਤੱਕ ਦੀ ਸੰਗਤ ਇੱਥੇ ਇਸ਼ਨਾਨ ਕਰਨ ਲਈ ਆਉਂਦੀ ਹੈ। ਇਹ ਗੁਰਦੁਆਰਾ ਸਾਹਿਬ ਜੀਂਦ ਦੇ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਨਾਲ ਅਟੈਚ ਹੈ।

ਗੜ੍ਹੀ ਨਜ਼ੀਰ : ਕੈਥਲ ਜ਼ਿਲੇ ਵਿਚ ਇਹ ਪਿੰਡ ਸਮਾਣੇ ਤੋਂ ਲਗ-ਪਗ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸਮਾਣੇ ਤੋਂ ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਆਏ ਸਨ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਗੜ੍ਹੀ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਗੜ੍ਹੀ ਨਜ਼ੀਰ ਦੇ ਨਾਂ 'ਤੇ ਇਸ ਗੁਰਧਾਮ ਦੀ ਪ੍ਰਸਿੱਧੀ ਦਾ ਕਾਰਨ ਇਹ ਦੱਸਿਆ ਜਾਂਦਾ ਹੈ ਕਿ ਇਹ ਗੜ੍ਹੀ ਇਕ ਮੁਸਲਮਾਨ ਮੁਹੰਮਦ ਬਖ਼ਸ਼ ਦੀ ਸੀ ਜਿਸ ਨੇ ਸੈਫ਼ਾਬਾਦ ਵਿਖੇ ਗੁਰੂ ਜੀ ਦੇ ਦਰਸ਼ਨ ਕੀਤੇ ਸਨ ਅਤੇ ਇਹ ਉਹਨਾਂ ਦੀ ਧਾਰਮਿਕ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਸੀ। ਸਿੱਖ ਸਰੋਤਾਂ ਤੋਂ ਜਾਣਕਾਰੀ ਮਿਲਦੀ ਹੈ ਕਿ 1675 ਵਿਚ ਜਦੋਂ ਗੁਰੂ ਜੀ ਦਿੱਲੀ ਵਿਖੇ ਸ਼ਹਾਦਤ ਦੇਣ ਲਈ ਜਾ ਰਹੇ ਸਨ ਤਾਂ ਕੁੱਝ ਸਮੇਂ ਲਈ ਸਮਾਣਾ ਵਿਖੇ ਰੁਕੇ ਸਨ। ਮੁਹੰਮਦ ਬਖ਼ਸ਼ ਨੂੰ ਜਦੋਂ ਇਹ ਪਤਾ ਲੱਗਿਆ ਕਿ ਸ਼ਾਹੀ ਸਵਾਰ ਗੁਰੂ ਜੀ ਨੂੰ ਲੱਭ ਰਹੇ ਹਨ ਤਾਂ ਇਹ ਗੁਰੂ ਜੀ ਨੂੰ ਆਪਣੀ ਗੜ੍ਹੀ ਵਿਖੇ ਲੈ ਗਿਆ ਸੀ।[2] ਗੜ੍ਹੀ ਵਾਲੇ ਸਥਾਨ 'ਤੇ ਗੁਰੂ ਸਾਹਿਬ ਦੀ ਯਾਦ ਵਿਚ ਸੁੰਦਰ ਗੁਰਧਾਮ ਸਸ਼ੋਭਿਤ ਹੈ। ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਕ ਸਥਾਨਿਕ ਕਮੇਟੀ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਦਾ ਪ੍ਰਬੰਧ ਕਰਦੀ ਹੈ। ਇਸ ਗੁਰਧਾਮ ਦੀ

1. *ਪਟਯਾਲਾ ਗਜ਼ਟ,* 12.04.1911, ਪੰਨਾ 7.
2. ਤਾਰਾ ਸਿੰਘ ਨਰੋਤਮ, *ਸ੍ਰੀ ਗੁਰੁ ਤੀਰਥ ਸੰਗ੍ਰਹਿ,* ਪੰਨੇ 122-23; ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ,* ਭਾਗ ਪਹਿਲਾ, ਪੰਨੇ 726-28; Harbans Singh, Ed.-in-chief, *The Encyslopaedia of Sikhism,* vol. II, p. 56.

ਸੇਵਾ ਸੰਭਾਲ ਵਿਚ ਕਾਰ ਸੇਵਾ ਵਾਲੇ ਵਿਸ਼ੇਸ਼ ਯੋਗਦਾਨ ਪਾ ਰਹੇ ਹਨ। 1972 ਵਿਚ ਬਾਬਾ ਜੀਵਨ ਸਿੰਘ ਜੀ ਨੇ ਇਸ ਗੁਰਧਾਮ ਦੀ ਸੇਵਾ ਸੰਭਾਲ ਵਿਚ ਯੋਗਦਾਨ ਪਾਉਣਾ ਅਰੰਭ ਕੀਤਾ ਸੀ। ਇਹਨਾਂ ਤੋਂ ਬਾਅਦ ਬਾਬਾ ਬਖ਼ਸ਼ੀਸ ਸਿੰਘ ਜੀ, ਬਾਬਾ ਗੁਰਮੇਲ ਸਿੰਘ ਜੀ, ਬਾਬਾ ਹਰਬੰਸ ਸਿੰਘ ਜੀ ਅਤੇ ਮੌਜੂਦਾ ਸਮੇਂ ਵਿਚ ਬਾਬਾ ਬਚਨ ਸਿੰਘ ਜੀ ਦੀ ਸਰਪ੍ਰਸਤੀ ਅਧੀਨ ਬਾਬਾ ਬਲਬੀਰ ਸਿੰਘ ਜੀ ਇਹ ਸੇਵਾ ਨਿਭਾਅ ਰਹੇ ਹਨ। 10 ਏਕੜ ਜ਼ਮੀਨ ਹੈ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ 1980 ਵਿਚ ਤਿਆਰ ਕੀਤੀ ਗਈ ਸੀ ਜਿਸ ਵਿਚ ਸੰਗਤ ਦੀ ਸਹੂਲਤ ਲਈ ਲੰਗਰ, ਰਿਹਾਇਸ਼ ਦਾ ਯੋਗ ਪ੍ਰਬੰਧ ਹੈ।

ਡੁੱਢੀ (ਡਿਉਢੀ) : ਕੁਰਕਸ਼ੇਤਰ ਜ਼ਿਲੇ ਵਿਚ ਲਾਡਵਾ-ਕੁਰਕਸ਼ੇਤਰ ਸੜਕ 'ਤੇ ਲਾਡਵਾ ਤੋਂ ਢਾਈ ਕਿਲੋਮੀਟਰ ਬਾਅਦ ਖੱਬੇ ਹੱਥ ਬਰਹਨ, ਡੁੱਢਾ ਆਦਿ ਪਿੰਡਾਂ ਰਾਹੀਂ ਡੁੱਢੀ ਪਿੰਡ 13 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ ਗੁਰਦੁਆਰਾ *ਗੁਰਦੁਆਰਾ ਡੁੱਢੀ ਸਾਹਿਬ* ਸਸ਼ੋਭਿਤ ਹੈ। ਜੂਨ 1931 ਵਿਚ ਭਾਈ ਧੰਨਾ ਸਿੰਘ ਦੱਸਦਾ ਹੈ ਕਿ ਇਸ ਪਿੰਡ ਵਿਚ ਨੌਵੇਂ ਪਿਤਾ ਜੀ ਦਾ ਛੋਟਾ ਜਿਹਾ ਗੁਰਦੁਆਰਾ ਹੈ ਜੋ ਕਿ ਮਹਾਰਾਜ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਦੀ ਦੇਹ ਨਹੀਂ ਹੈ। ਮੰਜੀ ਸਾਹਿਬ ਜਾਂ ਨਿਸ਼ਾਨ ਸਾਹਿਬ ਜੀ ਦੇ ਦਰਸ਼ਨ ਹੁੰਦੇ ਹਨ। ਇਸ ਗੁਰਧਾਮ ਦਾ ਸੇਵਕ ਬਾਬਾ ਚਤਰ ਸਿੰਘ ਸੂਰਮਾ ਸਿੰਘ ਹੈ ਜਿਸ ਦੀ ਉਮਰ 80 ਸਾਲ ਹੈ। ਇਹ ਬਿਹੰਗਮ ਹੈ, ਇਕੱਲਾ ਰਹਿੰਦਾ ਹੈ ਅਤੇ ਲੋਕ ਇਸ ਨੂੰ ਤੰਗ ਕਰਦੇ ਹਨ।[1]

ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਇਸ ਗੁਰਧਾਮ ਦੀ ਕਾਰ ਸੇਵਾ ਪਟਿਆਲੇ ਵਾਲੇ ਬਾਬਾ ਅਮਰੀਕ ਸਿੰਘ ਕਰਵਾ ਰਹੇ ਹਨ। ਇੱਥੋਂ ਦੇ ਮੈਨੇਜਰ ਸ. ਸਰੂਪ ਸਿੰਘ ਨੇ ਦੱਸਿਆ ਕਿ ਪਹਿਲਾਂ ਇੱਥੇ ਇਕ ਪੁਰਾਤਨ ਥੇਹ ਹੁੰਦਾ ਸੀ ਜਿਸ 'ਤੇ ਪੁਰਾਤਨ ਮੰਜੀ ਸਾਹਿਬ ਬਣਿਆ ਹੋਇਆ ਸੀ। ਨਵੇਂ ਗੁਰਧਾਮ ਦੀ ਉਸਾਰੀ ਲਈ ਥੇਹ ਚੁੱਕਿਆ ਗਿਆ ਤਾਂ ਹੇਠੋਂ ਮਿੱਟੀ ਦੇ ਭਾਂਡੇ ਅਤੇ ਹੱਡੀਆਂ ਨਿਕਲੀਆਂ। ਜਗ੍ਹਾ ਘੱਟ ਹੋਣ ਕਰਕੇ ਜ਼ਮੀਨੀ ਮੰਜ਼ਲ 'ਤੇ ਲੰਗਰ ਹਾਲ ਅਤੇ ਪਹਿਲੀ ਮੰਜ਼ਲ 'ਤੇ 120 ਫੁੱਟ ਲੰਮੇ ਅਤੇ 80 ਫੁੱਟ ਚੌੜੇ ਦਰਬਾਰ ਹਾਲ ਦੀ ਉਸਾਰੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਇੱਥੇ 4 ਰਿਹਾਇਸ਼ੀ ਕਮਰੇ ਹਨ ਜਿਨ੍ਹਾਂ ਦੀ ਜਗ੍ਹਾ ਨਵੀਂ ਰਿਹਾਇਸ਼ ਉਸਾਰੇ ਜਾਣ ਦੀ ਯੋਜਨਾ ਹੈ। ਗੁਰਦੁਆਰਾ ਸਾਹਿਬ ਦੀ 4 ਏਕੜ 8 ਮਰਲੇ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। 2 ਫਰਵਰੀ ਨੂੰ ਗੁਰੂ ਤੇਗ ਬਹਾਦਰ ਜੀ ਦੇ ਇਸ ਅਸਥਾਨ 'ਤੇ ਆਗਮਨ ਪੁਰਬ ਦੀ ਯਾਦ ਵਿਚ ਸਮਾਗਮ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਨੌਵੇਂ ਪਾਤਸ਼ਾਹ ਦਾ ਸ਼ਹੀਦੀ ਦਿਵਸ ਅਤੇ ਸੰਗਰਾਂਦ ਮਨਾਈ ਜਾਂਦੀ ਹੈ।

ਗੁਰਦੁਆਰਾ ਡੁੱਢੀ ਸਾਹਿਬ ਤੋਂ ਡੇਢ ਕਿਲੋਮੀਟਰ ਦੀ ਦੂਰੀ 'ਤੇ ਸਲੇਮਪੁਰ ਪਿੰਡ ਦੀ ਜੂਹ ਵਿਚ ਇਕ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਕਿਹਾ ਜਾਂਦਾ ਹੈ ਕਿ ਗੁਰੂ ਜੀ ਡੁੱਢੀ ਪਿੰਡ ਦੀ ਜ਼ਮੀਨ 'ਤੇ ਲੱਗੇ ਹੋਏ ਇਕ ਖੂਹ 'ਤੇ ਪਾਣੀ ਪੀਣ ਲਈ ਜਾ ਰਹੇ ਸਨ ਤਾਂ ਪਿੰਡ ਦੇ ਇਕ ਬੰਦੇ ਨੇ ਇਸ ਵਿਚ ਗੋਬਰ ਸੁੱਟ ਦਿੱਤਾ ਸੀ। ਇਸ ਖੂਹ ਵਾਲੀ ਜਗ੍ਹਾ 'ਤੇ ਹੁਣ ਇਕ ਕਬਰ ਬਣੀ ਹੋਈ ਹੈ ਜਿਸ ਦੇ ਨਾਲ ਇਕ ਪਿੱਪਲ ਦਾ ਰੁੱਖ ਖੜ੍ਹਾ ਹੈ। ਗੁਰੂ ਜੀ ਦੇ ਘੋੜਿਆਂ ਅਤੇ ਨਾਲ ਚੱਲ ਰਹੀ ਸੰਗਤ ਨੇ ਇੱਥੋਂ ਕੁੱਝ ਦੂਰੀ 'ਤੇ ਸਲੇਮਪੁਰ ਪਿੰਡ ਦੀ ਜ਼ਮੀਨ 'ਤੇ ਲੱਗੇ ਹੋਏ ਖੂਹ ਤੋਂ ਪਾਣੀ ਪੀਤਾ ਸੀ। ਇਹ ਖੂਹ ਗੁਰਦੁਆਰਾ ਸਾਹਿਬ ਦੇ ਕੰਪਲੈਕਸ ਵਿਚ ਪਿਛਲੇ ਪਾਸੇ ਸੰਭਾਲ ਕੇ ਰੱਖਿਆ ਹੋਇਆ ਹੈ। ਬਾਬਾ ਜਗਤਾਰ ਸਿੰਘ ਜੀ ਤਰਨਤਾਰਨ ਵਾਲਿਆਂ ਦੀ ਸਰਪ੍ਰਸਤੀ ਅਧੀਨ ਬਾਬਾ ਗੁਰਮੀਤ ਸਿੰਘ ਸ਼ਾਹਬਾਦ ਮਾਰਕੰਡਾ ਵਾਲੇ ਇਸ ਗੁਰਧਾਮ ਦੀ ਨਵੀਂ ਇਮਾਰਤ ਦੀ ਕਾਰ ਸੇਵਾ ਕਰਵਾ ਰਹੇ ਹਨ। ਗੁਰਦੁਆਰਾ ਸਾਹਿਬ ਦੀ ਲਗ-ਪਗ ਡੇਢ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ ਅਤੇ 7 ਰਿਹਾਇਸ਼ੀ ਕਮਰੇ ਬਣੇ ਹੋਏ ਹਨ।

1. ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ*, ਪੰਨਾ 176.

ਚੀਕਾ : ਇਹ ਨਗਰ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਹੈ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਪਾਤਸ਼ਾਹੀ ਛੇਵੀਂ ਅਤੇ ਨੌਵੀਂ* ਸਸ਼ੋਭਿਤ ਹੈ। ਡਰੋਲੀ ਤੋਂ ਨਾਨਕਮਤਾ ਜਾਂਦੇ ਹੋਏ ਗੁਰੂ ਹਰਿਗੋਬਿੰਦ ਸਾਹਿਬ ਇੱਥੇ ਆਏ ਸਨ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਚੱਕ ਨਾਨਕੀ (ਅਨੰਦਪੁਰ ਸਾਹਿਬ) ਤੋਂ ਸ਼ਹਾਦਤ ਦੇਣ ਲਈ ਦਿੱਲੀ ਜਾਂਦੇ ਸਮੇਂ ਗੁਰੂ ਜੀ ਇਸ ਨਗਰ ਵਿਖੇ ਆਏ ਸਨ। ਉਸ ਸਮੇਂ ਭਾਈ ਗਲੋਰਾ ਇਸ ਇਲਾਕੇ ਦਾ ਮਸੰਦ ਸੀ ਜਿਹੜਾ ਕਿ ਹਾਂਸੀ ਤੋਂ ਹਿਸਾਰ ਤੱਕ ਬਾਂਗਰ ਦੇਸ਼ ਵਿਚ ਗੁਰਮਤਿ ਪ੍ਰਚਾਰ ਕਰਿਆ ਕਰਦਾ ਸੀ। ਗੁਰੂ ਜੀ ਨੇ ਦੋ ਦਿਨ ਇੱਥੇ ਨਿਵਾਸ ਕੀਤਾ ਸੀ। ਦੂਰੋਂ-ਦੂਰੋਂ ਸੰਗਤ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਣ ਲੱਗੀ। ਜਦੋਂ ਗੁਰੂ ਜੀ ਇੱਥੋਂ ਰਵਾਨਾ ਹੋਣ ਲੱਗੇ ਤਾਂ ਸੰਗਤ ਨੇ ਵੀ ਉਹਨਾਂ ਦੇ ਨਾਲ ਜਾਣ ਦੀ ਇੱਛਾ ਪ੍ਰਗਟ ਕੀਤੀ। ਗੁਰੂ ਜੀ ਨੇ ਸੰਗਤ ਨੂੰ ਅਸੀਸ ਦਿੰਦੇ ਇਸੇ ਅਸਥਾਨ 'ਤੇ ਸਤਿਸੰਗ ਕਰਨ ਦਾ ਉਪਦੇਸ਼ ਦਿੱਤਾ। ਭਾਈ ਉਦੇ ਸਿੰਘ ਨੇ 175 ਵਿੱਘੇ ਜ਼ਮੀਨ ਇਸ ਗੁਰਧਾਮ ਦੇ ਨਾਂ ਲਵਾਈ ਸੀ। ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਐਕਟ 1925 ਅਧੀਨ ਇਸ ਦੀ ਸੇਵਾ-ਸੰਭਾਲ ਕੀਤੀ ਜਾਂਦੀ ਸੀ ਪਰ ਹੁਣ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰ ਰਹੀ ਹੈ।

ਜੀਂਦ : ਹਰਿਆਣਾ ਦਾ ਇਹ ਪ੍ਰਮੁੱਖ ਨਗਰ ਖਟਕੜ ਕਲਾਂ ਤੋਂ 14 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। 1763 ਵਿਚ ਸਰਹਿੰਦ ਦੇ ਗਵਰਨਰ ਜ਼ੈਨ ਖ਼ਾਨ ਨੂੰ ਮਾਰ ਕੇ ਸਿੱਖਾਂ ਨੇ ਪੰਜਾਬ ਵਿਚ ਆਪਣੀਆਂ ਰਿਆਸਤਾਂ ਕਾਇਮ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਫੂਲਕੀਆਂ ਰਿਆਸਤ ਦੇ ਰਾਜਾ ਗਜਪਤ ਸਿੰਘ ਨੇ ਜੀਂਦ ਨੂੰ ਜਿੱਤ ਕੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ। ਰਾਜਾ ਗਜਪਤ ਸਿੰਘ ਤੋਂ ਬਾਅਦ ਰਾਜਾ ਭਾਗ ਸਿੰਘ, ਰਾਜਾ ਪ੍ਰਤਾਪ ਸਿੰਘ, ਰਾਜਾ ਫਤਹਿ ਸਿੰਘ, ਰਾਜਾ ਸੰਗਤ ਸਿੰਘ, ਰਾਜਾ ਸਰੂਪ ਸਿੰਘ, ਰਾਜਾ ਰਘਬੀਰ ਸਿੰਘ, ਰਾਜਾ ਰਣਬੀਰ ਸਿੰਘ ਨੇ ਇਸ ਰਿਆਸਤ 'ਤੇ ਰਾਜ ਕੀਤਾ। ਇਹ ਸਿੱਖ ਰਾਜੇ ਗੁਰੂ-ਘਰ ਪ੍ਰਤੀ ਸ਼ਰਧਾ ਅਤੇ ਸਤਿਕਾਰ ਰੱਖਦੇ ਸਨ ਅਤੇ ਇਹਨਾਂ ਨੇ ਗੁਰਧਾਮਾਂ ਦੀ ਸਾਂਭ-ਸੰਭਾਲ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਜੀਂਦ ਨਗਰ ਨੂੰ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਹੈ ਜਿਸ ਦੀ ਸੇਵਾ-ਸੰਭਾਲ ਵਿਚ ਰਾਜਾ ਸਰੂਪ ਸਿੰਘ ਨੇ ਵਿਸ਼ੇਸ਼ ਯੋਗਦਾਨ ਪਾਇਆ।

ਗੁਰੂ ਨਾਨਕ ਦੇਵ ਜੀ ਦੂਜੀ ਉਦਾਸੀ ਦੌਰਾਨ ਇਸ ਨਗਰ ਵਿਖੇ ਆਏ ਸਨ ਅਤੇ ਗੁਰੂ ਤੇਗ ਬਹਾਦਰ ਜੀ ਧਮਤਾਨ, ਖਰਕ ਭੂਰਾ ਅਤੇ ਖਟਕੜ ਤੋਂ ਦਿੱਲੀ ਜਾਂਦੇ ਹੋਏ ਇਸ ਨਗਰ ਵਿਖੇ ਪੁੱਜੇ ਸਨ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਇਸ ਗੁਰਧਾਮ ਦੀ ਸਾਂਭ-ਸੰਭਾਲ ਵਿਚ ਰਾਜਾ ਸਰੂਪ ਸਿੰਘ (1812-1864) ਦਾ ਮਹੱਤਵਪੂਰਨ ਯੋਗਦਾਨ ਹੈ। 1837 ਵਿਚ ਜੀਂਦ ਦੀ ਰਾਜਗੱਦੀ 'ਤੇ ਬੈਠਣ ਉਪਰੰਤ ਇਸ ਨੇ ਇਸ ਗੁਰਧਾਮ ਦੀ ਨਵੀਂ ਇਮਾਰਤ ਤਿਆਰ ਕਰਵਾਈ ਸੀ। ਇਸ ਤੋਂ ਬਾਅਦ ਇਸ ਦਾ ਪੁੱਤਰ ਰਾਜਾ ਰਘਬੀਰ ਸਿੰਘ ਨੂੰ ਰਾਜਗੱਦੀ ਪ੍ਰਾਪਤ ਹੋਈ। ਇਸ ਦੇ ਅੰਗਰੇਜ਼ ਸਰਕਾਰ ਨਾਲ ਬਹੁਤ ਵਧੀਆ ਸੰਬੰਧ ਸਨ ਜਿਸ ਨੇ ਇਸ ਨੂੰ *ਰਾਜਾ-ਇ-ਰਾਜਗਾਨ* ਦੀ ਉਪਾਧੀ ਪ੍ਰਦਾਨ ਕੀਤੀ ਸੀ। 860 ਏਕੜ ਜ਼ਮੀਨ ਇਸ ਨੇ ਇਸ ਗੁਰਧਾਮ ਦੇ ਨਾਂ ਲਵਾਈ ਸੀ। ਇਸ ਦੇ ਸਮੇਂ ਇੱਥੇ ਇਕ ਗੁਸਾਈ ਸਾਧੂ ਸੇਵਾ ਕਰਦਾ ਸੀ ਜਿਸ ਦੇ ਅਕਾਲ ਚਲਾਣੇ ਉਪਰੰਤ ਇਸ ਨੇ ਇਕ ਗ੍ਰੰਥੀ ਸਿੰਘ ਨੂੰ ਇਸ ਗੁਰਧਾਮ ਦੀ ਸੇਵਾ-ਸੰਭਾਲ ਲਈ ਨਿਯੁਕਤ ਕੀਤਾ ਸੀ। 1947 ਤੋਂ ਬਾਅਦ ਇਸ ਗੁਰਧਾਮ ਦਾ ਪ੍ਰਬੰਧ ਪੈਪਸੂ ਅਧੀਨ ਆ ਗਿਆ ਅਤੇ 1956 ਵਿਚ ਇਸ ਰਿਆਸਤ ਦੇ ਪੰਜਾਬ ਵਿਚ ਸ਼ਾਮਲ ਹੋ ਜਾਣ ਤੋਂ ਬਾਅਦ 1957 ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਇਸ ਗੁਰਧਾਮ ਦਾ ਪ੍ਰਬੰਧ ਕਰਨ ਲੱਗੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ. ਤ੍ਰਿਲੋਚਨ ਸਿੰਘ ਮੈਨੇਜਰ ਦੀ ਨਿਗਰਾਨੀ ਅਧੀਨ 1969 ਵਿਚ ਇਸ ਗੁਰਧਾਮ ਦੀ ਨਵੀਂ ਇਮਾਰਤ ਦੀ ਉਸਾਰੀ ਅਰੰਭ ਕਰਵਾਈ ਗਈ ਅਤੇ 1975 ਵਿਚ ਸੰਪੂਰਨ ਹੋਣ 'ਤੇ

ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਸੀ। ਇਸ ਗੁਰਦੁਆਰਾ ਸਾਹਿਬ ਦੀ 5 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦਫ਼ਤਰ, 38 ਰਿਹਾਇਸ਼ੀ ਕਮਰੇ, 12 ਸਟਾਫ਼ ਕਵਾਟਰ ਆਦਿ ਬਣੇ ਹੋਏ ਹਨ। ਸ਼੍ਰੋਮਣੀ ਕਮੇਟੀ ਵੱਲੋਂ ਨਿਯੁਕਤ 45 ਮੁਲਾਜ਼ਮ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੇ ਹਨ। ਇਸ ਗੁਰਧਾਮ ਦੀ 780 ਏਕੜ ਜ਼ਮੀਨ ਵਾਹੀ ਯੋਗ ਹੈ ਜਿਸ 'ਤੇ ਕਮੇਟੀ ਵੱਲੋਂ ਖੇਤੀ ਕੀਤੀ ਜਾਂਦੀ ਹੈ, 70-75 ਬੰਦੇ ਇਹ ਕੰਮ ਕਰਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖਟਕੜ ਅਤੇ ਖਰਕ ਭੂਰਾ ਵਿਖੇ ਮੌਜੂਦ ਇਤਿਹਾਸਿਕ ਗੁਰਧਾਮਾਂ ਦਾ ਪ੍ਰਬੰਧ ਵੀ ਇਸ ਗੁਰਦੁਆਰਾ ਸਾਹਿਬ ਰਾਹੀਂ ਕੀਤਾ ਜਾਂਦਾ ਹੈ।

ਝਗੁੜੀ : ਹਰਿਆਣੇ ਦੀ ਲਾਡਵਾ-ਯਮੁਨਾ ਨਗਰ ਸੜਕ 'ਤੇ ਲਾਡਵੇ ਤੋਂ ਰਾਦੌਰ ਰਾਹੀਂ 20 ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਮੌਜੂਦ ਹੈ। ਯਮੁਨਾ ਨਗਰ ਜ਼ਿਲੇ ਦਾ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਝੀਵਰਹੇੜੀ ਤੋਂ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿਖੇ ਆਏ ਸਨ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ ਇਕ ਮੰਜੀ ਸਾਹਿਬ ਮੌਜੂਦ ਸੀ ਜਿਸ ਬਾਰੇ ਜਾਣਕਾਰੀ ਦਿੰਦੇ ਹੋਏ ਡਾ. ਫੌਜਾ ਸਿੰਘ ਦੱਸਦੇ ਹਨ ਕਿ ਇਸ ਪਿੰਡ ਦੀ ਫਿਰਨੀ ਅੰਦਰ ਉੱਤਰ ਵੱਲ ਇਕ ਥੜ੍ਹਾ ਬਣਿਆ ਹੋਇਆ ਹੈ। ਇਸ ਦੇ ਪਾਸ ਇਕ ਛੋਟਾ ਜਿਹਾ ਬੋਹੜ ਦਾ ਦਰਖਤ ਹੈ। ਪਿੰਡ ਵਾਲੇ ਉਸ ਥੜ੍ਹੇ ਨੂੰ 'ਗੁਰ ਮੰਜੀ ਸਾਹਿਬ' ਕਹਿੰਦੇ ਹਨ।... ਇਸ ਥੜ੍ਹੇ ਦੇ ਆਲੇ ਦੁਆਲੇ ਇਕ ਕਨਾਲ ਜ਼ਮੀਨ ਮੁਰੱਬਾਬੰਦੀ ਵੇਲੇ ਪਿੰਡ ਦੀ ਪੰਚਾਇਤ ਨੇ ਛੱਡ ਦਿੱਤੀ ਸੀ। ਇਹ ਜ਼ਮੀਨ 'ਗੁਰ ਮੰਜੀ ਸਾਹਿਬ' ਦੇ ਨਾਂ ਹੈ ਅਤੇ ਮਾਲ ਦੇ ਰਿਕਾਰਡ ਵਿਚ ਵੀ ਦਰਜ ਹੈ। ਪਿੰਡ ਵਿਚ ਕੋਈ ਸਿੱਖ ਨਾ ਹੋਣ ਕਰਕੇ ਇੱਥੇ ਗੁਰਦੁਆਰਾ ਪ੍ਰਗਟ ਨਹੀਂ ਹੋ ਸਕਿਆ।[1]

ਮੌਜੂਦਾ ਸਮੇਂ ਵਿਚ ਇਸ ਪਿੰਡ ਵਿਖੇ ਦੋ ਸਿੱਖ ਭਰਾ ਰਹਿੰਦੇ ਹਨ - ਸ. ਤ੍ਰਿਲੋਕ ਸਿੰਘ ਅਤੇ ਸ. ਜਸਮੇਰ ਸਿੰਘ। ਇਹ ਦੋਵੇਂ ਭਰਾ ਸ. ਜਗਤ ਸਿੰਘ ਦੇ ਪੁੱਤਰ ਹਨ ਜਿਹੜੇ ਕਿ ਪਾਕਿਸਤਾਨ ਤੋਂ ਇੱਥੇ ਆ ਕੇ ਵੱਸ ਗਏ ਸਨ। ਸ. ਤ੍ਰਿਲੋਕ ਸਿੰਘ ਖੇਤੀ ਕਰਦੇ ਹਨ ਅਤੇ ਇਹਨਾਂ ਦਾ ਭਰਾ ਰੇਲਵੇ ਵਿਚੋਂ ਰਿਟਾਇਰ ਹੋ ਕੇ ਹੁਣ ਇੱਥੇ ਹੀ ਆ ਗਿਆ ਹੈ। ਇਸੇ ਪਿੰਡ ਦੇ ਜੰਮਪਲ ਸ. ਤ੍ਰਿਲੋਕ ਸਿੰਘ ਦੀ ਉਮਰ 65 ਸਾਲ ਹੈ। ਇਹਨਾਂ ਨੇ ਦੱਸਿਆ ਕਿ ਜਦੋਂ ਉਹ ਇੱਥੇ ਆਏ ਤਾਂ ਇਕ ਥੜ੍ਹਾ ਸਾਹਿਬ ਇੱਥੇ ਮੌਜੂਦ ਸੀ ਜਿਸ ਦੀ ਜਗ੍ਹਾ 'ਤੇ ਲਗ-ਪਗ 5 ਸਾਲ ਪਹਿਲਾਂ ਇਕ ਗੁਰਧਾਮ ਦੀ ਉਸਾਰੀ ਕੀਤੀ ਗਈ। ਲਗ-ਪਗ 100 ਗਜ਼ ਜਗ੍ਹਾ 'ਤੇ ਉਸਾਰੇ ਹੋਏ ਇਸ ਗੁਰਧਾਮ ਦਾ ਨਾਂ *ਗੁਰਦੁਆਰਾ ਥੜ੍ਹਾ ਸਾਹਿਬ ਪਾਤਸ਼ਾਹੀ ਨੌਂਵੀਂ* ਹੈ, ਨਿਸ਼ਾਨ ਸਾਹਿਬ ਲੱਗਿਆ ਹੋਇਆ ਹੈ। ਪਿੰਡ ਦੇ ਲੋਕ ਵੀ ਇਸ ਗੁਰਧਾਮ ਪ੍ਰਤੀ ਸ਼ਰਧਾ ਰੱਖਦੇ ਹਨ, ਸੁੱਖਣਾ ਸੁੱਖਦੇ ਹਨ। ਨੇੜੇ ਹੀ 2 ਕਿਲੋਮੀਟਰ ਦੀ ਦੂਰੀ 'ਤੇ ਇਸਮਾਇਲਪੁਰ ਪਿੰਡ ਹੈ ਜਿੱਥੋਂ ਦੀ ਸੰਗਤ ਇੱਥੇ ਹਾਜ਼ਰੀ ਭਰਦੀ ਹੈ। ਸੰਗਤ ਨਾ ਹੋਣ ਕਰਕੇ ਇੱਥੇ ਗ੍ਰੰਥੀ ਸਿੰਘ ਨਹੀਂ ਰੱਖਿਆ ਹੋਇਆ ਅਤੇ ਲੋੜ ਪੈਣ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵੀ ਇਸਮਾਇਲਪੁਰ ਤੋਂ ਹੀ ਲਿਆਉਣੀ ਪੈਂਦੀ ਹੈ। ਸੰਗਤ ਵਿਚੋਂ ਜਦੋਂ ਕੋਈ ਅਖੰਡ ਪਾਠ ਜਾਂ ਕੀਰਤਨ ਕਰਵਾਉਂਦਾ ਹੈ ਤਾਂ ਇੱਥੇ ਰੌਣਕ ਹੁੰਦੀ ਹੈ।

ਝੀਵਰ ਹੇੜੀ : ਹਰਿਆਣਾ ਦੇ ਯਮੁਨਾ ਨਗਰ ਜ਼ਿਲੇ ਵਿਚ ਇਹ ਪਿੰਡ ਲਾਡਵਾ-ਮੁਸਤਫ਼ਾਬਾਦ ਸੜਕ 'ਤੇ ਲਾਡਵੇ ਤੋਂ 16 ਕਿਲੋਮੀਟਰ ਦੀ ਦੂਰ 'ਤੇ ਸਥਿਤ ਹੈ। ਲਾਡਵੇ ਤੋਂ ਝੀਵਰਹੇੜੀ ਦੇ *ਗੁਰਦੁਆਰਾ ਥੜ੍ਹਾ ਸਾਹਿਬ ਪਾਤਸ਼ਾਹੀ ਨੌਂਵੀਂ* ਤੱਕ ਜਾਂਦੀ ਸੜਕ ਦਾ ਨਾਂ ਗੁਰੂ ਤੇਗ ਬਹਾਦਰ ਸਾਹਿਬ ਮਾਰਗ ਰੱਖਿਆ ਹੋਇਆ ਹੈ। ਗੁਰੂ ਤੇਗ ਬਹਾਦਰ ਜੀ ਦੀ ਇਸ ਅਸਥਾਨ 'ਤੇ ਇਕ ਸਾਧੂ ਭਿਖਾਰੀ ਦਾਸ ਨਾਲ ਵਿਚਾਰ-ਚਰਚਾ ਹੋਈ ਸੀ। ਰਵਾਇਤ ਦੱਸਦੀ ਹੈ ਕਿ ਇਹ ਗੰਗਾ ਇਸ਼ਨਾਨ ਕਰਨ ਲਈ ਜਾਂਦਾ ਸੀ ਅਤੇ ਗੁਰੂ ਜੀ ਨੇ ਇਸ ਨੂੰ ਮਾਲਾ, ਖੜਾਵਾਂ ਅਤੇ ਚਿੱਪੀ ਦੇ ਕੇ ਇਹਨਾਂ ਨੂੰ ਵੀ

---

1. ਫੌਜਾ ਸਿੰਘ, *ਗੁਰੂ ਤੇਗ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ*, ਪੰਨਾ 201.

ਇਸ਼ਨਾਨ ਕਰਾਉਣ ਲਈ ਕਿਹਾ। ਗੰਗਾ ਇਸ਼ਨਾਨ ਦੌਰਾਨ ਇਹ ਤਿੰਨੇ ਵਸਤਾਂ ਇਸ ਦੇ ਹੱਥੋਂ ਛੁੱਟ ਕੇ ਨਦੀ ਵਿਚ ਰੁੜ ਗਈਆਂ ਸਨ ਅਤੇ ਜਦੋਂ ਇਸ ਨੇ ਇਹ ਜਾਣਕਾਰੀ ਵਾਪਸ ਆ ਕੇ ਗੁਰੂ ਜੀ ਨੂੰ ਦਿੱਤੀ ਤਾਂ ਗੁਰੂ ਜੀ ਨੇ ਉਹ ਵਸਤਾਂ ਨੇੜੇ ਹੀ ਇਕ ਖੂਹੀ ਵਿਚੋਂ ਪ੍ਰਗਟ ਕਰ ਦਿੱਤੀਆਂ ਸਨ।[1] ਗੁਰੂ ਜੀ ਨੇ ਇਸ ਨੂੰ ਤਨ ਦੀ ਸਫ਼ਾਈ ਨਾਲੋਂ ਮਨ ਦੀ ਸਫ਼ਾਈ ਕਰਨ 'ਤੇ ਜ਼ੋਰ ਦਿੱਤਾ ਸੀ। ਗੁਰਦੁਆਰਾ ਸਾਹਿਬ ਵਿਖੇ ਇਕ ਚਿੱਪੀ ਅਤੇ ਦੋ ਟੁਕੜਿਆਂ ਵਿਚ ਇਕ ਸਲੋਤਰ (ਮੋਟਾ ਡੰਡਾ) ਸੰਭਾਲ ਕੇ ਰੱਖਿਆ ਹੋਇਆ ਹੈ। ਇਹ ਚਿੱਪੀ ਗੁਰੂ ਜੀ ਦੀ ਅਤੇ ਸਲੋਤਰ ਭਿਖਾਰੀ ਦਾਸ ਦਾ ਦੱਸਿਆ ਜਾਂਦਾ ਹੈ। ਗੁਰਦੁਆਰਾ ਸਾਹਿਬ ਦੇ ਨਾਲ ਹੀ ਪਿੱਪਲ ਦਾ ਇਕ ਪੁਰਾਤਨ ਰੁੱਖ ਸੰਭਾਲ ਕੇ ਰੱਖਿਆ ਹੋਇਆ ਹੈ।

ਜੂਨ 1931 ਵਿਚ ਇਸ ਗੁਰਧਾਮ ਦੇ ਹਾਲਾਤ ਦਾ ਵਿਖਿਆਨ ਕਰਦੇ ਹੋਏ ਭਾਈ ਧੰਨਾ ਸਿੰਘ ਦੱਸਦੇ ਹਨ ਕਿ ਏਹ ਗੁਰਦੁਆਰਾ ਉਦਾਸੀ ਮਹੰਤਾਂ ਪਾਸ ਹੈ ਜੋ ਕਿ ਗ੍ਰਿਹਸਤੀ ਹੈ ਤੇ ਮਰ ਚੁੱਕਾ ਹੈ।... ਜਿਸ ਵਕਤ ਨੌਵੇਂ ਪਿਤਾ ਜੀ ਇਸ ਜਗ੍ਹਾ ਆਏ ਸਨ ਤਾਂ ਇਕ ਬੋਹੜ ਦੇ ਦਰਖ਼ਤ ਹੇਠਾਂ ਇਕ ਸੰਤ ਬੈਠੇ ਸਨ। ਜੋ ਕਿ ਬੋਹੜ ਦਾ ਦਰਖ਼ਤ ਅੱਜ ਤੱਕ ਖੜ੍ਹਾ ਹੈ ਤਾਂ ਨੌਵੇਂ ਪਿਤਾ ਜੀ ਉਸ ਸੰਤ ਤੋਂ ਕੋਈ 40-50 ਕਰਮਾਂ ਦੇ ਫਾਸਲੇ 'ਤੇ ਬੋਹੜ ਦੀ ਛਾਂ ਛੱਡ ਕੇ ਧੁੱਪੇ ਹੀ ਬੈਠ ਗਏ ਸਨ ਤਾਂ ਉਸ ਮਹਾਤਮਾ ਨੇ ਆਪਣੇ ਚੇਲੇ ਨੂੰ ਕਿਹਾ ਕਿ ਓਹ ਜੋ ਮਹਾਤਮਾ ਜੀ ਧੁੱਪੇ ਬੈਠੇ ਹਨ ਉਹਨਾਂ ਨੂੰ ਛਾਵੇਂ ਬੁਲਾ ਲਿਆ ਤਾਂ ਜਿਸ ਵਕਤ ਸੰਤਾਂ ਦਾ ਚੇਲਾ ਗੁਰੂ ਜੀ ਨੂੰ ਆ ਕੇ ਕਹਿਣ ਲੱਗਾ ਕਿ ਸੰਤੋ ਛਾਵੇਂ ਚੱਲ ਕੇ ਬੈਠੋ ਤਾਂ ਗੁਰੂ ਜੀ ਨੇ ਕਿਹਾ ਕਿ ਭਾਈ ਜੀ ਕਰਤਾ ਨੇ ਸਾਨੂੰ ਛਾਂ ਦੇਣੀ ਹੋਈ ਤਾਂ ਐਥੇ ਹੀ ਛਾਂ ਦੇ ਦੇਵੇਗਾ, ਤਾਂ ਉਸੀ ਵਕਤ ਜ਼ਮੀਨ ਵਿਚੋਂ ਪਿੱਪਲ ਦੀ ਇਕ ਟਾਹਣੀ ਨਿਕਲ ਆਈ ਜਿਸ ਦੀ ਕਿ ਗੁਰੂ ਜੀ ਉੱਤੇ ਛਾਉਂ ਹੋ ਗਈ। ਜੋ ਕਿ ਅੱਜ ਕਲ ਇਕ ਬੜਾ ਭਾਰੀ ਪਿੱਪਲ ਖੜ੍ਹਾ ਹੋਇਆ ਹੈ। ਇਹ ਪਿੱਪਲ, ਬਰੋਟਾ ਤੇ ਗੁਰਦੁਆਰਾ ਨਦੀ ਸਰੂਸਤੀ (ਸਰਸਵਤੀ) ਦੇ ਕੰਢੇ 'ਤੇ ਹੈ। ਇਸ ਜਗਾ ਗੁਰਦੁਆਰਾ ਨਹੀਂ ਹੈ ਜੋ ਕਿ ਮੰਜੀ ਸਾਹਿਬ ਹੀ ਹੈ ਤੇ ਨਿਸ਼ਾਨ ਸਾਹਿਬ ਪਿੱਪਲ ਦੇ ਉੱਤੇ ਝੂਲ ਰਿਹਾ ਹੈ। ਮਹੰਤਨੀ ਦੇ ਰਹਿਣ ਵਾਸਤੇ ਮਕਾਨਾਂ ਵਿਚ ਮਹਾਰਾਜ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਰੱਖੇ ਹੋਏ ਹਨ।[2]

ਸਰਦਾਰ ਅਜੀਤ ਸਿੰਘ ਲਾਡਵਾ ਦੇ ਯਤਨਾਂ ਸਦਕਾ ਇੱਥੇ ਮੌਜੂਦ ਪੁਰਾਤਨ ਮੰਜੀ ਸਾਹਿਬ ਦੀ ਜਗ੍ਹਾ 'ਤੇ ਨਵੇਂ ਗੁਰਧਾਮ ਦੀ ਉਸਾਰੀ ਕੀਤੀ ਗਈ। ਇਸ ਨੇ ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਅਤੇ ਲੰਗਰ ਲਈ ਜ਼ਮੀਨ ਵੀ ਦਾਨ ਦਿੱਤੀ ਸੀ। ਮੌਜੂਦਾ ਸਮੇਂ ਵਿਚ 5 ਏਕੜ ਜ਼ਮੀਨ 'ਤੇ ਗੁਰਦੁਆਰਾ ਸਾਹਿਬ ਦੀ ਚਾਰਦੀਵਾਰੀ ਹੈ ਜਿਸ ਵਿਚ ਦਰਬਾਰ ਹਾਲ. ਦੀਵਾਨ ਹਾਲ, ਲੰਗਰ ਹਾਲ, ਸਰੋਵਰ, ਸਟਾਫ਼ ਕਵਾਟਰਾਂ ਸਮੇਤ 18 ਰਿਹਾਇਸ਼ੀ ਕਮਰੇ, ਉਸਾਰੀ ਅਧੀਨ ਨਵਾਂ ਦਰਬਾਰ ਹਾਲ, ਅਜਾਇਬ ਘਰ, ਲਾਇਬਰੇਰੀ, ਸਾਧੂ ਭਿਖਾਰੀ ਦਾਸ ਦੀ ਯਾਦ ਵਿਚ ਗੁਰ-ਅਸਥਾਨ ਆਦਿ ਬਣੇ ਹੋਏ ਹਨ। ਗੁਰਦੁਆਰਾ ਸਾਹਿਬ ਦੀ 33 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਹੋਈ ਹੈ। 17 ਮਈ 1935 ਨੂੰ ਪੰਜਾਬ ਸਰਕਾਰ ਨੇ ਨੋਟੀਫ਼ਿਕੇਸ਼ਨ 75 ਜੀ. ਰਾਹੀਂ ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਕਰ ਦਿੱਤਾ ਸੀ ਪਰ 2014 ਤੋਂ ਇਹ ਗੁਰਧਾਮ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

ਦੌਲਤਪੁਰ ਮਾਲੀਅਨ : ਇਸ ਇਲਾਕੇ ਵਿਚ ਦੌਲਤਪੁਰ ਨਾਂ ਦੇ ਹੋਰ ਪਿੰਡ ਵੀ ਮੌਜੂਦ ਹਨ ਪਰ ਜਿਹੜਾ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਨਾਲ ਸੰਬੰਧਿਤ ਹੈ ਉਸ ਨੂੰ ਦੌਲਤਪੁਰ ਮਾਲੀਅਨ ਕਿਹਾ ਜਾਂਦਾ ਹੈ। ਅੰਬਾਲਾ-ਸਹਾਰਨਪੁਰ ਰੇਲਵੇ ਲਾਈਨ 'ਤੇ ਮੁਸਤਫ਼ਾਬਾਦ ਰੇਲਵੇ ਸਟੇਸ਼ਨ ਤੋਂ ਸਾਢੇ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸਰਸਵਤੀ ਨਦੀ ਕਿਨਾਰੇ ਕੁਟੀਆ ਬਣੀ ਹੋਈ ਹੈ ਜਿੱਥੇ ਕਿ ਗੁਰੂ ਤੇਗ ਬਹਾਦਰ ਜੀ ਦਾ ਚਰਨ ਛੋਹ ਪ੍ਰਾਪਤ ਅਸਥਾਨ ਹੈ। ਬਾਬਾ ਟਹਿਲ ਸਿੰਘ, ਬਾਬਾ ਕਪੂਰ ਸਿੰਘ, ਬਾਬਾ ਸ਼ਾਮ ਸਿੰਘ, ਬਾਬਾ ਤੁਨਿਆ ਰਾਮ ਦੀਆਂ ਇੱਥੇ ਸਾਮਾਧਾਂ ਬਣੀਆਂ ਹੋਈਆਂ ਹਨ।

---

1. ਫੌਜਾ ਸਿੰਘ, *ਗੁਰੂ ਤੇਗ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ*, ਪੰਨਾ 202.
2. ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ*, ਪੰਨਾ 173.

ਸ. ਅਮਰੀਕ ਸਿੰਘ ਪੁੱਤਰ ਸ. ਜੀਵਨ ਸਿੰਘ ਇੱਥੋਂ ਨੇੜੇ ਹੀ ਪਿੰਡ ਫਰੀਦਪੁਰ ਵਿਖੇ ਰਹਿੰਦੇ ਹਨ ਜਿਹੜੇ ਕਿ ਇਸ ਅਸਥਾਨ ਸੰਬੰਧੀ ਕਾਫੀ ਜਾਣਕਾਰੀ ਰੱਖਦੇ ਹਨ ਅਤੇ ਇਹਨਾਂ ਕੋਲ ਇਸ ਅਸਥਾਨ ਨਾਲ ਸੰਬੰਧਿਤ ਬਹੁਤ ਸਾਰੇ ਮਹੱਤਵਪੂਰਨ ਕਾਗਜ਼ ਵੀ ਮੌਜੂਦ ਹਨ। ਇਹਨਾਂ ਵਿਚ ਬਾਬਾ ਖੁਦਾ ਸਿੰਘ ਦੀ ਗੱਦੀ ਦੇ ਵਾਰਸ ਬਾਬਾ ਨੰਦ ਸਿੰਘ ਦਾ 24.03.1964 ਦਾ ਇਕ ਹਲਫ਼ਨਾਮਾ ਵੀ ਮੌਜੂਦ ਹੈ ਜਿਸ ਵਿਚ ਇਸ ਅਸਥਾਨ ਦੇ ਗੱਦੀਦਾਰਾਂ ਦਾ ਜ਼ਿਕਰ ਕਰਦੇ ਹੋਏ ਦੱਸਿਆ ਗਿਆ ਹੈ ਕਿ ਇਹ ਅਸਥਾਨ ਨਿਰਮਲੇ ਸੰਤਾਂ ਦੀ ਸੇਵਾ-ਸੰਭਾਲ ਵਿਚ ਸੀ। ਇਸ ਬਿਆਨ ਅਨੁਸਾਰ ਬਾਬਾ ਖੁਦਾ ਸਿੰਘ ਦੇ ਵਰੋਸਾਏ ਹੋਏ ਇਹ ਮਹੰਤ ਇੱਥੋਂ ਦੇ ਸੇਵਾਦਾਰ ਸਨ:

1. ਮਹੰਤ ਹਰੀ ਸਿੰਘ (ਡਾ. ਫੌਜਾ ਸਿੰਘ ਨੇ ਇਹਨਾਂ ਦਾ ਨਾਂ ਮਹੰਤ ਹੀਰਾ ਸਿੰਘ ਨਿਰਮਲਾ ਲਿਖਿਆ ਹੈ।)
2. ਮਹੰਤ ਟਹਿਲ ਸਿੰਘ
3. ਮਹੰਤ ਕਪੂਰ ਸਿੰਘ
4. ਮਹੰਤ ਅਮਰ ਸਿੰਘ

ਸਿੱਖ ਸਰੋਤਾਂ ਵਿਚ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਬਾਬਾ ਖੁਦਾ ਸਿੰਘ ਨਿਰਮਲਾ ਸੰਪ੍ਰਦਾਇ ਨਾਲ ਸੰਬੰਧਿਤ ਸਨ। ਇਹਨਾਂ ਦਾ ਜਨਮ 1777 ਵਿਚ ਕੁਰਕਸ਼ੇਤਰ ਜ਼ਿਲੇ ਦੇ ਸ਼ਯਾਮਗੜ੍ਹ ਪਿੰਡ ਵਿਖੇ ਭਾਈ ਨੱਥਾ ਸਿੰਘ ਦੇ ਘਰ ਹੋਇਆ ਸੀ। ਅੰਮ੍ਰਿਤਸਰ ਜ਼ਿਲੇ ਵਿਚ ਪੈਂਦੇ ਨੌਰੰਗਾਬਾਦ ਦੇ ਰਹਿਣ ਵਾਲੇ ਬਾਬਾ ਬੀਰ ਸਿੰਘ ਦੇ ਇਹ ਚੇਲੇ ਬਣੇ। 1861 ਵਿਚ ਇਹ ਲਾਹੌਰ ਵਿਖੇ ਅਕਾਲ ਚਲਾਣਾ ਕਰ ਗਏ ਸਨ ਅਤੇ ਨੌਰੰਗਾਬਾਦ ਵਿਖੇ ਇਹਨਾਂ ਦੀ ਯਾਦਗਾਰ ਬਣੀ ਹੋਈ ਹੈ।

ਮੌਜੂਦਾ ਸਮੇਂ ਵਿਚ ਇਹ ਅਸਥਾਨ ਸਰਸਵਤੀ ਕੁਟੀਆ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਪਿੰਡ ਦਾ ਸਾਬਕਾ ਸਰਪੰਚ ਰਾਮ ਕਿਸ਼ਨ ਇੱਥੋਂ ਦੀ 11 ਮੈਂਬਰੀ ਕਮੇਟੀ ਦਾ ਪ੍ਰਧਾਨ ਹੈ। ਇਹਨਾਂ ਨੇ ਦੱਸਿਆ ਕਿ ਬਾਬਾ ਕਪੂਰ ਸਿੰਘ ਇਹਨਾਂ ਦੇ ਦਾਦੇ ਦੇ ਤਾਏ ਦਾ ਲੜਕਾ ਸੀ ਅਤੇ ਇਸ ਨਿਰਮਲ ਕੁਟੀਆ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਂ 'ਤੇ ਜ਼ਮੀਨ ਹੋਣ ਬਾਰੇ ਵੀ ਇਹਨਾਂ ਨੇ ਜਾਣਕਾਰੀ ਦਿੱਤੀ ਹੈ।

ਫਰਵਰੀ 2016 ਵਿਚ ਇਸ ਅਸਥਾਨ 'ਤੇ ਝਗੜਾ ਹੋਣ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਇੱਥੋਂ ਚੁੱਕ ਕੇ ਯਮੁਨਾ ਨਗਰ ਦੇ ਡੇਰਾ ਸੰਤ ਪੁਰਾ ਵਿਖੇ ਪਹੁੰਚਾ ਦਿੱਤਾ ਗਿਆ ਸੀ। ਦੌਲਤਪੁਰ ਮਾਲੀਅਨ, ਭਗਵਾਨਪੁਰਾ, ਸਾਰਨ ਅਤੇ ਉਚਾ ਚੰਦਨ ਪਿੰਡਾਂ ਦੀ ਜ਼ਮੀਨ ਅਤੇ ਇਤਿਹਾਸਿਕ ਸਰੋਤਾਂ ਦੇ ਹਵਾਲੇ ਇਸ ਅਸਥਾਨ ਦਾ ਸੰਬੰਧ ਸਿੱਖੀ ਨਾਲ ਸਿੱਧ ਕਰਦੇ ਹਨ ਅਤੇ ਆਲੇ-ਦੁਆਲੇ ਵੱਸਦੀ ਸਿੱਖ ਸੰਗਤ ਇਸ ਦੀ ਪ੍ਰਾਪਤੀ ਲਈ ਨਿਰੰਤਰ ਯਤਨਸ਼ੀਲ ਹੈ।

ਧਮਤਾਨ : ਹਰਿਆਣਾ ਦੇ ਜੀਂਦ ਜ਼ਿਲੇ ਵਿਚ ਨਰਵਾਣਾ ਤੋਂ ਲਗ-ਪਗ 20 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਨਗਰ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਇਸ ਨੂੰ ਸ੍ਰੀ ਹਜ਼ੂਰ ਸਾਹਿਬ ਦੀ ਡਿਉੜ੍ਹੀ ਵੀ ਕਿਹਾ ਜਾਂਦਾ ਹੈ। ਮਕੋਰਤ ਸਾਹਿਬ ਤੋਂ ਗੁਰੂ ਤੇਗ ਬਹਾਦਰ ਜੀ ਇਸ ਨਗਰ ਵਿਖੇ ਆਏ ਸਨ। ਇਕ ਤੋਂ ਵਧੇਰੇ ਵਾਰੀ ਗੁਰੂ ਜੀ ਨੇ ਇਸ ਨਗਰ ਵਿਖੇ ਦਰਸ਼ਨ ਦਿੱਤੇ ਸਨ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਧਮਧਾਨ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਇਸ ਨਗਰ ਵਿਖੇ ਨਿਵਾਸ ਦੌਰਾਨ ਹੀ ਇਹਨਾਂ ਨੇ ਭਾਈ ਸੰਗਤੀਆ ਨੂੰ ਭਾਈ ਫੇਰੂ ਦੀ ਉਪਾਧੀ ਬਖ਼ਸ਼ਿਸ਼ ਕੀਤੀ ਅਤੇ ਭਾਈ ਰਾਮਦੇਵ ਨੂੰ ਭਾਈ ਮੀਹਾਂ ਦੀ ਉਪਾਧੀ ਦੇ ਕੇ ਸਿੱਖੀ ਪ੍ਰਚਾਰ ਲਈ ਭੇਜਿਆ ਸੀ ਜਿਸ ਤੋਂ ਉਦਾਸੀਆਂ ਦੀ ਮੀਹਾਂਸ਼ਾਹੀ ਸੰਪਰਦਾਇ ਚੱਲੀ। ਇੱਥੇ ਨਿਵਾਸ ਦੌਰਾਨ ਗੁਰੂ ਜੀ ਨੇ ਨਵੇਂ ਮਕਾਨ ਬਣਾਉਣੇ ਅਰੰਭ ਕਰ ਦਿੱਤੇ ਸਨ ਅਤੇ ਇੱਥੇ ਹੀ ਕੱਤਕ ਦੀ ਪੂਰਨਮਾਸੀ ਨੂੰ ਇਹਨਾਂ ਨੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਸੀ। ਬਾਂਗੜ ਇਲਾਕੇ ਦੇ ਇਸ ਨਗਰ ਵਿਖੇ ਭਾਈ ਦੱਗੋ ਗੁਰੂ-ਘਰ ਦਾ ਪ੍ਰਚਾਰਕ ਸੀ ਜਿਸ ਨੂੰ ਧਰਮਸਾਲ ਅਤੇ ਖੂਹ ਲਵਾਉਣ ਲਈ ਗੁਰੂ ਜੀ ਨੇ ਮਾਇਆ ਦਿੱਤੀ ਸੀ। ਗੁਰੂ ਜੀ ਦੀ ਪਹਿਲੀ ਗ੍ਰਿਫ਼ਤਾਰੀ ਵੀ ਇੱਥੋਂ ਹੀ ਹੋਈ

ਦੱਸੀ ਜਾਂਦੀ ਹੈ। ਗੁਰੂ ਤੇਗ ਬਹਾਦਰ ਜੀ ਦੀਆਂ ਬਾਂਗਰ ਅਤੇ ਪੂਰਬ ਦੀਆਂ ਪ੍ਰਚਾਰ-ਯਾਤਰਾਵਾਂ ਦੌਰਾਨ ਧਮਤਾਨ ਗੁਰਮਤਿ ਪ੍ਰਚਾਰ ਦੇ ਇਕ ਪ੍ਰਮੁੱਖ ਨਗਰ ਵਜੋਂ ਉੱਭਰ ਕੇ ਸਾਹਮਣੇ ਆਉਂਦਾ ਹੈ।

ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਇਹ ਅਸਥਾਨ ਗੁਰੂ ਜੀ ਦੇ ਸਮੇਂ ਹੀ ਪ੍ਰਗਟ ਹੋ ਗਿਆ ਸੀ। ਇਸ ਅਸਥਾਨ 'ਤੇ ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਨੇ ਇਕ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਸੀ ਜਿਸ ਵਿਚੋਂ ਪੁਰਾਤਨ ਡਿਉੜ੍ਹੀ ਸਾਹਿਬ ਹਾਲੇ ਵੀ ਕਾਇਮ ਹੈ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਨੇਜਰ ਸ. ਸੁਰਜੀਤ ਸਿੰਘ ਸਹਾਈਵਾਲਾ ਦੇ ਸਮੇਂ 1980 ਵਿਚ ਅਰੰਭ ਹੋਈ ਅਤੇ 1.4.1984 ਨੂੰ ਤਿਆਰ ਹੋਈ ਨਵੀਂ ਇਮਾਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਇਹ ਸਾਰੀ ਇਮਾਰਤ ਧਮਤਾਨ ਪਿੰਡ ਦੇ ਕਾਰੀਗਰਾਂ ਦੁਆਰਾ ਹੀ ਤਿਆਰ ਕੀਤੀ ਦੱਸੀ ਜਾਂਦੀ ਹੈ। 10 ਏਕੜ ਜ਼ਮੀਨ 'ਤੇ ਦਰਬਾਰ ਹਾਲ. ਲੰਗਰ ਹਾਲ, ਦੀਵਾਨ ਹਾਲ, ਸਰੋਵਰ, ਪੁਰਾਤਨ ਸਰਾਂ ਦੇ 20 ਅਤੇ ਨਵੀਂ ਸਰਾਂ ਦੇ 50 ਰਿਹਾਇਸ਼ੀ ਕਮਰੇ, ਮੁਲਾਜ਼ਮਾਂ ਦੇ 12 ਕਵਾਟਰ ਆਦਿ ਬਣੇ ਹੋਏ ਹਨ। ਮੌਜੂਦਾ ਸਮੇਂ ਵਿਚ ਗੁਰਦੁਆਰਾ ਸਾਹਿਬ ਵਿਖੇ ਨਵੀਆਂ ਇਮਾਰਤਾਂ ਦੀ ਉਸਾਰੀ ਅਤੇ ਪੁਰਾਣੀਆਂ ਇਮਾਰਤਾਂ ਦੀ ਮੁਰੰਮਤ ਭਾਈ ਅਮਰੀਕ ਸਿੰਘ ਕਾਰ ਸੇਵਾ ਵਾਲੇ ਕਰਵਾ ਰਹੇ ਹਨ। ਇਸ ਤੋਂ ਇਲਾਵਾ 680 ਏਕੜ ਜ਼ਮੀਨ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਖੇਤੀ ਕੀਤੀ ਜਾਂਦੀ ਹੈ। 100 ਤੋਂ ਵਧੇਰੇ ਮੁਲਾਜ਼ਮ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਅਤੇ ਖੇਤੀ ਦੇ ਕੰਮਾਂ ਵਿਚ ਲੱਗੇ ਹੋਏ ਹਨ। 1947 ਤੋਂ ਬਾਅਦ ਇਸ ਗੁਰਧਾਮ ਦਾ ਪ੍ਰਬੰਧ ਪੈਪਸੂ ਦੇ ਅਧੀਨ ਸੀ ਅਤੇ ਇਸ ਸਮੇਂ ਮਹੰਤ ਅੱਘੜ ਸਿੰਘ ਇੱਥੇ ਸੇਵਾ ਨਿਭਾ ਰਿਹਾ ਸੀ। 1956 ਵਿਚ ਪੈਪਸੂ ਦੇ ਪੰਜਾਬ ਵਿਚ ਸ਼ਾਮਲ ਹੋ ਜਾਣ ਉਪਰੰਤ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਆ ਗਿਆ।

ਇਸ ਗੁਰਧਾਮ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕ੍ਰਿਪਾਨ ਤੋਂ ਇਲਾਵਾ ਸਿੰਘਾਂ ਦੇ ਪੁਰਾਤਨ ਸ਼ਸਤਰ ਅਤੇ ਕੁੱਝ ਹੱਥ-ਲਿਖਤ ਪੋਥੀਆਂ ਸੰਭਾਲ ਕੇ ਰੱਖੀਆਂ ਹੋਈਆਂ ਹਨ ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ-ਲਿਖਤ ਬਾਣੀਆਂ ਵਾਲੀਆਂ ਪੋਥੀਆਂ ਤੋਂ ਇਲਾਵਾ *ਦਸਮ ਗ੍ਰੰਥ, ਜਨਮਸਾਖੀ ਭਾਈ ਬਾਲਾ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਥ ਪ੍ਰਕਾਸ਼, ਗੁਰੂ ਗਿਰਾਰਥ ਕੋਸ਼* ਆਦਿ ਹੱਥ-ਲਿਖਤ ਪੋਥੀਆਂ ਵੀ ਸ਼ਾਮਲ ਹਨ। ਮਹਾਰਾਜਾ ਕਰਮ ਸਿੰਘ ਦੁਆਰਾ ਗੁਰਦੁਆਰਾ ਸਾਹਿਬ ਦੀ ਤਿਆਰ ਕਰਵਾਈ ਪੁਰਾਤਨ ਡਿਉੜ੍ਹੀ ਅਤੇ ਇਹਨਾਂ ਦੀ ਪੁਰਾਤਨ ਕੋਠੀ ਵੀ ਵਿਰਾਸਤ ਦੀ ਯਾਦ ਦਿਵਾਉਂਦੀ ਹੈ।

ਗੁਰਦੁਆਰਾ ਧਮਤਾਨ ਸਾਹਿਬ ਪਾਤਸ਼ਾਹੀ ਨੌਵੀਂ ਤੋਂ 800 ਮੀਟਰ ਦੀ ਦੂਰੀ 'ਤੇ ਬੀਗਾ ਪੱਤੀ ਵਿਖੇ ਉਹ ਅਸਥਾਨ ਮੌਜੂਦ ਹੈ ਜਿੱਥੇ ਭਾਈ ਦੱਗੋ ਨੇ ਗੁਰੂ ਤੇਗ ਬਹਾਦਰ ਜੀ ਦੁਆਰਾ ਦਿੱਤੀ ਗਈ ਮਾਇਆ ਨਾਲ ਖੂਹ ਲਵਾਇਆ ਸੀ। ਇਹ ਖੂਹ ਹੁਣ ਬੰਦ ਪਿਆ ਹੈ ਅਤੇ ਇਸ ਅਸਥਾਨ ਦੀ ਸਾਂਭ-ਸੰਭਾਲ ਭਾਈ ਦੱਗੋ ਦੀ ਭੈਣ ਦੇ ਪਰਿਵਾਰ ਵਿਚੋਂ ਸ. ਸ਼ਮਸ਼ੇਰ ਸਿੰਘ ਅਤੇ ਇਸ ਦੀ ਪਤਨੀ ਸ੍ਰੀਮਤੀ ਰਾਜੋ ਵੱਲੋਂ ਕੀਤੀ ਜਾਂਦੀ ਹੈ। ਇਹਨਾਂ ਦਾ ਇਕ ਪੁੱਤਰ ਸ੍ਰੀ ਰਾਜਵੀਰ ਸਰਕਾਰੀ ਡਾਕਟਰ ਅਤੇ ਦੂਜਾ ਸ੍ਰੀ ਕਰਮਵੀਰ ਸਕੂਲ ਅਧਿਆਪਕ ਹੈ। ਇਹ ਪਰਿਵਾਰ ਇਸ ਅਸਥਾਨ 'ਤੇ ਆਉਣ ਵਾਲੀ ਸੰਗਤ ਦੀ ਸੇਵਾ ਕਰਨ ਵਿਚ ਖ਼ੁਸ਼ੀ ਮਹਿਸੂਸ ਕਰਦਾ ਹੈ।

ਪਿਹੋਵਾ : ਹਿੰਦੂ ਧਰਮ ਨਾਲ ਸੰਬੰਧਿਤ ਇਹ ਤੀਰਥ ਅਸਥਾਨ ਸਰਸਵਤੀ ਨਦੀ ਦੇ ਕੰਢੇ ਵੱਸਿਆ ਹੋਇਆ ਹੈ। ਪੰਜਾਬ ਦੇ ਲੋਕਾਂ ਵਿਚ ਇਹ ਨਗਰ 'ਭੇਵਾ' ਨਾਂ ਨਾਲ ਵੀ ਪ੍ਰਸਿੱਧ ਹੈ। ਹਿੰਦੂ ਧਰਮ ਨਾਲ ਸੰਬੰਧਿਤ ਸ਼ਰਧਾਲੂ ਇੱਥੇ ਪਿੱਤਰ ਪੂਜਾ ਲਈ ਆਉਂਦੇ ਹਨ। ਇਸ ਨਗਰ ਵਿਚ ਦੋ ਗੁਰਧਾਮ ਸਥਿਤ ਹਨ ਜਿਨ੍ਹਾਂ ਨੂੰ ਇਕ ਤੋਂ ਵਧੇਰੇ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਹਨ। ਗੁਰੂ ਨਾਨਕ ਦੇਵ ਜੀ ਤੋਂ ਇਸ ਅਸਥਾਨ ਦਾ ਸੰਬੰਧ ਸਿੱਖ ਧਰਮ ਨਾਲ ਜੁੜਦਾ ਹੈ। ਇਹਨਾਂ ਦੀ ਯਾਦ ਵਿਚ ਪੁਰਾਣਾ *ਗੁਰਦੁਆਰਾ ਬਉਲੀ ਸਾਹਿਬ* ਸਰਸਵਤੀ ਨਦੀ ਤੋਂ ਲਗ-ਪਗ ਇਕ

ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਜਦੋਂ ਗੁਰੂ ਨਾਨਕ ਦੇਵ ਜੀ ਇਸ ਨਗਰ ਵਿਖੇ ਆਏ ਤਾਂ ਇੱਥੇ ਚੇਤਰ ਵਦੀ ਚੌਦਸ ਦਾ ਮੇਲਾ ਲੱਗਿਆ ਹੋਇਆ ਸੀ ਜਿਸ ਵਿਚ ਪਿੱਤਰ-ਪੂਜਾ ਕਰਵਾਈ ਜਾਂਦੀ ਸੀ। ਗੁਰੂ ਸਾਹਿਬ ਨੇ ਲੋਕਾਂ ਨੂੰ ਅਜਿਹੇ ਵਹਿਮਾਂ-ਭਰਮਾਂ ਤੋਂ ਦੂਰ ਰਹਿਣ ਲਈ ਕਿਹਾ ਸੀ। ਜਿਸ ਅਸਥਾਨ 'ਤੇ ਗੁਰੂ ਜੀ ਨੇ ਨਿਵਾਸ ਕੀਤਾ, ਉੱਥੇ ਇਕ ਬਉਲੀ ਬਣੀ ਹੋਈ ਹੈ ਜਿਹੜੀ ਕਿ ਪਾਣੀ ਦੀ ਪੂਰਤੀ ਅਤੇ ਬਰਾਬਰੀ ਦੀ ਭਾਵਨਾ ਦਾ ਪ੍ਰਤੀਕ ਹੈ। ਕੈਥਲ ਦੇ ਰਾਜਾ ਉਦੈ ਸਿੰਘ ਨੇ ਇਸ ਗੁਰਧਾਮ ਦੀ ਸੇਵਾ ਕਰਵਾਈ ਸੀ। ਮੁੱਖ ਦਰਬਾਰ ਹਾਲ ਦੇ ਹੇਠਾਂ ਭੋਰੇ ਵਿਚ ਗੁਰੂ ਨਾਨਕ ਦੇਵ ਜੀ ਦਾ ਤਪ ਅਸਥਾਨ ਵੀ ਬਣਾਇਆ ਹੋਇਆ ਹੈ।

ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਇਹ ਗੁਰਧਾਮ ਸਰਸਵਤੀ ਨਦੀ ਦੇ ਕੰਢੇ 'ਤੇ ਸਸ਼ੋਭਿਤ ਹੈ। ਗੁਰੂ ਤੇਗ ਬਹਾਦਰ ਜੀ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਹਰਿਗੋਬਿੰਦ ਜੀ ਨੇ ਇਸ ਅਸਥਾਨ ਨੂੰ ਪਵਿੱਤਰ ਕੀਤਾ ਸੀ, ਗੁਰੂ ਗੋਬਿੰਦ ਸਿੰਘ ਜੀ ਦੇ ਵੀ ਇਸ ਨਗਰ ਵਿਖੇ ਆਉਣ ਦਾ ਵਰਨਨ ਮਿਲਦਾ ਹੈ। ਕੈਥਲ ਦੇ ਰਾਜਾ ਉਦੈ ਸਿੰਘ ਦੁਆਰਾ ਇਸ ਗੁਰਧਾਮ ਦੀ ਸੇਵਾ ਵਿਚ ਪਾਏ ਯੋਗਦਾਨ ਬਾਰੇ ਜਾਣਕਾਰੀ ਦਿੰਦੇ ਹੋਏ ਸ਼ਮਸ਼ੇਰ ਸਿੰਘ ਅਸ਼ੋਕ ਦੱਸਦਾ ਹੈ ਕਿ ਇਹ ਗੁਰ-ਅਸਥਾਨ ਭਾਈ ਉਦੇ ਸਿੰਘ ਜੀ ਰਈਸ ਕੈਥਲ ਨੇ ਬੜੇ ਉਤਸ਼ਾਹ ਨਾਲ ਬਣਾਇਆ ਸੀ। ਫੇਰ ਕਿਸੇ ਪ੍ਰੇਮੀ ਸਿੱਖ ਨੇ ਗੁਰੂ ਕੇ ਲੰਗਰ ਆਦਿ ਦੇ ਖਰਚ ਲਈ 300 ਵਿੱਘੇ ਜ਼ਮੀਨ ਪਿੰਡ ਜਰਾਸੀ (ਛੋਟੀ) ਵਿਖੇ ਲਗਵਾਈ ਸੀ, ਜੋ ਪਿੱਛੋਂ ਪ੍ਰਬੰਧਕਾਂ ਦੀ ਅਣਗਹਿਲੀ ਕਾਰਨ ਖੁੱਸ ਗਈ। ਹੁਣ ਕੇਵਲ ਉਸ ਜ਼ਮੀਨ ਵਿਚੋਂ ਪੰਜ ਸੱਤ ਕਿੱਲੇ ਜ਼ਮੀਨ ਮਲਕੀਅਤੀ ਗੁਰਦੁਆਰਾ ਦੀ ਬਾਕੀ ਹੈ।[1] ਮੌਜੂਦਾ ਸਮੇਂ ਵਿਚ 12 ਏਕੜ ਜ਼ਮੀਨ ਇਸ ਗੁਰਦੁਆਰਾ ਸਾਹਿਬ ਦੇ ਨਾਂ ਹੈ।

1970 ਵਿਚ ਬਾਬਾ ਜੀਵਨ ਸਿੰਘ ਕਾਰ ਸੇਵਾ ਵਾਲਿਆਂ ਨੇ ਮੌਜੂਦਾ ਇਮਾਰਤ ਦੀ ਉਸਾਰੀ ਕਰਵਾਈ ਸੀ। *ਗੁਰਦੁਆਰਾ ਬਉਲੀ ਸਾਹਿਬ* ਦੇ ਦਰਸ਼ਨ ਕਰਨ ਲਈ ਆਉਣ ਵਾਲੀ ਸੰਗਤ ਇੱਥੇ ਵੀ ਦਰਸ਼ਨ ਕਰਨ ਲਈ ਆਉਂਦੀ ਹੈ। ਸ. ਤੇਜਿੰਦਰਪਾਲ ਸਿੰਘ ਸਿਆਹ ਪੋਸ਼, ਭਾਈ ਜਗਤਾਰ ਸਿੰਘ, ਸ. ਗੁਰਸ਼ੇਰ ਸਿੰਘ ਇਸ ਅਸਥਾਨ ਦੀ ਸੇਵਾ ਸੰਭਾਲ ਵਿਚ ਯੋਗਦਾਨ ਪਾ ਰਹੇ ਹਨ। ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਇਸ ਗੁਰਧਾਮ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਬਦਰਪੁਰ : ਹਰਿਆਣਾ ਦੇ ਕੁਰਕਸ਼ੇਤਰ ਜ਼ਿਲੇ ਵਿਚ ਲਾਡਵਾ-ਹਿਨੌਰੀ ਸੜਕ 'ਤੇ ਲਾਡਵਾ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਮੁੱਖ ਸੜਕ ਤੋਂ ਅੱਧਾ ਕਿਲੋਮੀਟਰ ਅੰਦਰ ਵੱਲ ਇਸ ਪਿੰਡ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਬਨੀ ਅਤੇ ਬਦਰਪੁਰ ਦੋ ਵੱਖ-ਵੱਖ ਪਿੰਡ ਹਨ ਅਤੇ ਨੇੜੇ-ਨੇੜੇ ਹੋਣ ਕਰਕੇ ਇਹਨਾਂ ਨੂੰ ਇਕੱਠੇ ਹੀ ਬਨੀ-ਬਦਰਪੁਰ ਕਹਿ ਕੇ ਬੁਲਾਇਆ ਜਾਂਦਾ ਹੈ। ਇਹਨਾਂ ਦੋਵਾਂ ਪਿੰਡਾਂ ਦੀ ਸਾਂਝੀ ਜ਼ਮੀਨ 'ਤੇ ਸਥਿਤ ਗੁਰੂ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹੋਏ ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਜਦੋਂ ਗੁਰੂ ਜੀ ਇੱਥੇ ਪੁੱਜੇ ਤਾਂ ਦਰਸ਼ਨ ਕਰਨ ਲਈ ਵੱਡੀ ਗਿਣਤੀ ਵਿਚ ਸੰਗਤ ਹਾਜ਼ਰ ਹੋਈ ਅਤੇ ਬਹੁਤ ਸਾਰੀ ਮਾਇਆ ਭੇਟਾ ਕੀਤੀ ਜਿਹੜੀ ਕਿ ਗੁਰੂ ਜੀ ਨੇ ਉਸ ਪਿੰਡ ਦੇ ਪੰਚਾਂ ਨੂੰ ਦਿੰਦੇ ਹੋਏ ਆਦੇਸ਼ ਕੀਤਾ ਕਿ ਇਸ ਧਨ ਨਾਲ ਖੂਹ, ਧਰਮਸਾਲ, ਰੁੱਖ ਆਦਿ ਲਗਾ ਕੇ ਮੁਸਾਫ਼ਰਾਂ ਲਈ ਸੁੱਖ-ਸੁਵਿਧਾ ਪ੍ਰਦਾਨ ਕੀਤੀ ਜਾਵੇ। ਗੁਰੂ ਜੀ ਦੁਆਰਾ ਲਵਾਇਆ ਗਿਆ ਖੂਹ ਅਤੇ ਗੁਰਦੁਆਰਾ ਕਾਇਮ ਹਨ।[2] ਇਸ ਗੁਰਧਾਮ ਸੰਬੰਧੀ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ, "ਜ਼ਿਲਾ

1. ਸ਼ਮਸ਼ੇਰ ਸਿੰਘ ਅਸ਼ੋਕ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪਹੋਏ ਤੇ ਕੈਥਲ ਦੇ ਗੁਰਦੁਆਰਿਆਂ ਦਾ ਇਤਿਹਾਸ, *ਗੁਰਦੁਆਰਾ ਗਜ਼ਟ*, ਅਕਤੂਬਰ 1975, ਪੰਨਾ 32.
2. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਭਾਗ ਪਹਿਲਾ, ਪੰਨਾ 692.

ਕਰਨਾਲ, ਤਹਿਸੀਲ ਥਨੇਸਰ, ਥਾਣਾ ਲਾਡਵਾ ਵਿਚ ਇਸ ਨਾਮ ਦੇ ਦੋ ਪਿੰਡ ਨੇੜੇ-ਨੇੜੇ ਹਨ। ਇਨ੍ਹਾਂ ਦੇ ਵਿਚਕਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਰਾਜੇ ਅਤੇ ਇਕ ਜਿਮੀਦਾਰ ਨੂੰ ਧਨ ਦਾ ਬਾਦਰਾ (ਥੈਲਾ) ਦੇ ਕੇ ਖੂਹ ਅਤੇ ਬਾਗ਼ ਲਾਉਣ ਦਾ ਹੁਕਮ ਦਿੱਤਾ। ਪਹਿਲਾਂ ਇਸ ਪਿੰਡ ਦਾ ਨਾਮ 'ਬਣੀ' ਸੀ। ਗੁਰਦੁਆਰਾ ਅਤੇ ਰਹਿਣ ਦੇ ਮਕਾਨ ਬਣੇ ਹੋਏ ਹਨ। ਦੋਹਾਂ ਪਿੰਡਾਂ ਵਿਚ 250 ਵਿੱਘੇ ਜ਼ਮੀਨ ਗੁਰਦੁਆਰੇ ਦੇ ਨਾਮ ਹੈ। ਪੁਜਾਰੀ ਨਿਰਮਲੇ ਸਿੰਘ ਹਨ। ਹੋਲੇ ਨੂੰ ਮੇਲਾ ਹੁੰਦਾ ਹੈ।"[1]

ਇਕ ਪੁਰਾਤਨ ਖੂਹ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਲੱਗਿਆ ਹੋਇਆ ਹੈ ਜਿਹੜਾ ਕਿ ਗੁਰੂ ਜੀ ਦੇ ਸਮੇਂ ਦਾ ਦੱਸਿਆ ਜਾਂਦਾ ਹੈ। ਜਿਸ ਅਸਥਾਨ 'ਤੇ ਗੁਰੂ ਜੀ ਬਿਰਾਜਮਾਨ ਹੋਏ ਸਨ, ਉੱਥੇ ਇਹਨਾਂ ਦੀ ਯਾਦ ਵਿਚ ਇਕ ਮੰਜੀ ਸਾਹਿਬ ਦੀ ਉਸਾਰੀ ਕਰਵਾਈ ਗਈ ਸੀ। 2005 ਵਿਚ ਗੋਇੰਦਵਾਲ ਸਾਹਿਬ ਦੇ ਬਾਬਾ ਸੁਬੇਗ ਸਿੰਘ ਗੋਇੰਦਵਾਲ ਸਾਹਿਬ ਨੇ ਇੱਥੇ ਇਕ ਨਵੀਂ ਇਮਾਰਤ ਤਿਆਰ ਕਰਵਾਈ ਸੀ ਪਰ ਇਸ ਦੇ ਭੋਰੇ ਵਿਚ ਪੁਰਾਤਨ ਮੰਜੀ ਸਾਹਿਬ ਨੂੰ ਸੰਭਾਲ ਲਿਆ ਗਿਆ। ਇਸ ਦੇ ਉਪਰ ਹੀ ਜ਼ਮੀਨੀ ਮੰਜ਼ਲ 'ਤੇ ਦਰਬਾਰ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਸਥਾਨ ਹੈ। ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਗ੍ਰੰਥੀ ਸਿੰਘ ਦੀ ਰਿਹਾਇਸ਼ ਸਮੇਤ 5 ਰਿਹਾਇਸ਼ੀ ਕਮਰੇ ਬਣੇ ਹੋਏ ਹਨ। 34 ਏਕੜ ਵਾਹੀਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। 2014 ਤੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰ ਰਹੀ ਹੈ। ਸ. ਦਲਜੀਤ ਸਿੰਘ ਗ੍ਰੰਥੀ ਸਿੰਘ ਦੀ ਸੇਵਾ ਨਿਭਾ ਰਹੇ ਹਨ।

ਬਾਰਨਾ : ਹਰਿਆਣਾ ਦੀ ਕੁਰਕਸ਼ੇਤਰ-ਪਿਹੋਵਾ ਸੜਕ 'ਤੇ ਕੁਰਕਸ਼ੇਤਰ ਦੇ *ਗੁਰਦੁਆਰਾ ਪਾਤਸ਼ਾਹੀ ਛੇਵੀਂ* ਤੋਂ 12 ਕਿਲੋਮੀਟਰ ਬਾਅਦ ਖੱਬੇ ਹੱਥ 2 ਕਿਲੋਮੀਟਰ 'ਤੇ ਬਾਰਨਾ ਪਿੰਡ ਸਥਿਤ ਹੈ। ਇਸ ਪਿੰਡ ਵਿਚ ਲੋਕ ਹੁੱਕੇ, ਤੰਮਾਕੂ ਆਦਿ ਦੀ ਬਹੁਤ ਵਰਤੋਂ ਕਰਦੇ ਸਨ। ਗੁਰੂ ਤੇਗ ਬਹਾਦਰ ਸਾਹਿਬ ਜੀ ਇਕ ਪ੍ਰੇਮੀ ਸਿੱਖ ਭਾਈ ਸੁਧਾ ਜੀ ਦੇ ਪ੍ਰੇਮ ਕਰਕੇ ਇਕ ਦਿਨ ਏਥੇ ਰਹੇ।[2] ਜਦੋਂ ਇਸ ਪਿੰਡ ਵਿਖੇ ਪੁੱਜੇ ਤਾਂ ਪਹਿਲਾਂ ਤੋਂ ਇੱਥੇ ਰਹਿ ਰਹੇ ਇਕ ਸਿੱਖ ਨੇ ਇਹਨਾਂ ਦੀ ਸੇਵਾ ਕੀਤੀ ਸੀ। ਅਗਲੇ ਦਿਨ ਜਦੋਂ ਗੁਰੂ ਜੀ ਇੱਥੋਂ ਅੱਗੇ ਜਾਣ ਲੱਗੇ ਤਾਂ ਸਿੱਖ ਨੂੰ ਅਸ਼ੀਰਵਾਦ ਦਿੰਦੇ ਹੋਏ ਬਚਨ ਕੀਤਾ ਕਿ ਤੰਮਾਕੂ ਦਾ ਸੇਵਨ ਨਹੀਂ ਕਰਨਾ ਅਤੇ ਆਪਣੀ ਸੰਤਾਨ ਨੂੰ ਵੀ ਇਸ ਤੋਂ ਦੂਰ ਰੱਖਣਾ। ਇਸ ਤੋਂ ਦੂਰ ਰਹਿ ਕੇ ਤੇਰੀ ਸੰਤਾਨ ਸਰਬ ਪ੍ਰਕਾਰ ਦੀ ਸੁੱਖ-ਸੰਪਤੀ ਭੋਗੇਗੀ।[3] ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ, "ਇਸ ਪਿੰਡ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਪਹੋਏ ਤੋਂ ਕੁਰਕਸ਼ੇਤਰ ਜਾਂਦੇ ਹੋਏ ਇੱਥੇ ਬਿਰਾਜੇ ਹਨ। ਗੁਰਦੁਆਰਾ ਸੁੰਦਰ ਉੱਚਾ ਬਣਿਆ ਹੋਇਆ ਹੈ। ਇਸ ਦੀ ਸੇਵਾ ਭਾਈ ਉਦਯ ਸਿੰਘ ਕੈਥਲਪਤਿ ਨੇ ਕਰਾਈ ਸੀ। ਪੁਜਾਰੀ ਅਕਾਲੀ ਸਿੰਘ ਹੈ, ਨਾਲ 10 ਵਿਘੇ ਜ਼ਮੀਨ ਪਿੰਡ ਵੱਲੋਂ ਹੈ।"[4] ਜੂਨ 1931 ਵਿਚ ਪਟਿਆਲੇ ਦੇ ਇਕ ਨੌਜਵਾਨ ਖੋਜੀ ਭਾਈ ਧੰਨਾ ਸਿੰਘ ਇਸ ਦੇ ਹਾਲਾਤ ਬਿਆਨ ਕਰਦੇ ਹੋਏ ਦੱਸਦੇ ਹਨ ਕਿ ਗੁਰਦੁਆਰਾ ਬਹੁਤ ਅੱਛਾ ਬਣਿਆ ਹੋਇਆ ਹੈ ਜੋ ਕਿ ਛੋਟੀ ਇੱਟ ਦਾ ਹੈ। ਇਸ ਗੁਰਦੁਆਰੇ ਨੂੰ ਕਿਤੇ ਭੀ ਲੱਕੜੀ ਲੱਗੀ ਹੋਈ ਨਹੀਂ ਹੈ। ਇਸ ਜਗ੍ਹਾ ਨੌਵੇਂ ਪਿਤਾ ਜੀ ਨੇ ਇਕ ਜੱਟ ਨੂੰ ਤੰਮਾਕੂ ਪੀਣ ਤੋਂ ਹਟਾਇਆ ਸੀ।[5]

---

1. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 835.
2. ਗਿਆਨੀ ਠਾਕਰ ਸਿੰਘ, *ਸ੍ਰੀ ਗੁਰਦੁਆਰੇ ਦਰਸ਼ਨ,* ਪੰਨਾ 181.
3. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ,* ਭਾਗ ਪਹਿਲਾ, ਪੰਨਾ 691.
4. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* 856.
5. ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ,* ਪੰਨਾ 176.

ਇਸ ਅਸਥਾਨ ਨਾਲ ਜੁੜੀ ਹੋਈ ਇਕ ਹੋਰ ਸਾਖੀ ਵਿਚ ਦੱਸਿਆ ਜਾਂਦਾ ਹੈ ਕਿ ਪਿੰਡ ਦੇ ਵਸਨੀਕ ਭਾਈ ਸੁੱਧਾ ਅਤੇ ਉਸ ਦੀ ਬੇਔਲਾਦ ਪਤਨੀ ਗੁਰੂ ਜੀ ਨੂੰ ਆਪਣੇ ਘਰ ਲੈ ਗਏ ਸਨ। ਇਹਨਾਂ ਨੇ ਗੁਰੂ ਜੀ ਦੀ ਸੇਵਾ ਕੀਤੀ ਅਤੇ ਨਾਲ ਹੀ ਆਪਣੇ ਹੱਥ ਨਾਲ ਤਿਆਰ ਕੀਤਾ ਕੱਪੜਾ ਗੁਰੂ ਜੀ ਨੂੰ ਭੇਟ ਕੀਤਾ। ਗੁਰੂ ਜੀ ਦੀ ਬਖ਼ਸ਼ਿਸ਼ ਨਾਲ ਇਹਨਾਂ ਦੇ ਘਰ ਇਕ ਪੁੱਤਰ ਪੈਦਾ ਹੋਇਆ ਤਾਂ ਇਹਨਾਂ ਨੇ ਗੁਰੂ ਜੀ ਦੇ ਨਿਵਾਸ ਅਸਥਾਨ 'ਤੇ ਉਹਨਾਂ ਦੀ ਯਾਦਗਾਰ ਸਥਾਪਿਤ ਕੀਤੀ, ਕੈਥਲ ਦੇ ਰਾਜੇ ਨੇ ਇਸ ਦੀ ਪੁਨਰ-ਉਸਾਰੀ ਕਰਵਾਈ ਸੀ। 1970 ਵਿਚ ਇਸ ਅਸਥਾਨ 'ਤੇ ਨਵੀਂ ਇਮਾਰਤ ਉਸਾਰੀ ਗਈ।[1]

ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਬਾਰਨਾ ਸਾਹਿਬ ਪਾਤਸ਼ਾਹੀ ਨੌਂਵੀਂ* ਸਸ਼ੋਭਿਤ ਹੈ ਜਿਸ ਦੀ ਮੌਜੂਦਾ ਇਮਾਰਤ ਦੀ ਕਾਰ ਸੇਵਾ ਬਾਬਾ ਜਗਤਾਰ ਸਿੰਘ ਜੀ ਦੀ ਸਰਪ੍ਰਸਤੀ ਅਧੀਨ ਬਾਬਾ ਸੁਰਜੀਤ ਸਿੰਘ ਜੀ ਨੇ 2004 ਵਿਚ ਕਰਵਾਈ ਸੀ। ਪੁਰਾਤਨ ਮੰਜੀ ਸਾਹਿਬ ਵਾਲੇ ਅਸਥਾਨ 'ਤੇ ਹੀ ਬਣਾਏ ਗਏ ਨਵੇਂ ਥੜ੍ਹਾ ਸਾਹਿਬ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਤੋਂ ਇਲਾਵਾ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਮਨਾਇਆ ਜਾਂਦਾ ਹੈ। ਹਰ ਮਹੀਨੇ ਸੰਗਰਾਂਦ ਵਾਲੇ ਦਿਨ ਸੰਗਤ ਜੁੜਦੀ ਹੈ। ਮੌਜੂਦਾ ਗ੍ਰੰਥੀ ਭਾਈ ਬਿਕ੍ਰਮ ਸਿੰਘ ਨੇ ਦੱਸਿਆ ਕਿ ਭਾਈ ਸ਼ੇਰ ਸਿੰਘ ਨੇ 32 ਸਾਲ ਇਸ ਗੁਰਧਾਮ ਦੀ ਸੇਵਾ-ਸੰਭਾਲ ਕੀਤੀ ਹੈ ਅਤੇ ਇਹਨਾਂ ਤੋਂ ਬਾਅਦ ਇਹਨਾਂ ਦੇ ਭਰਾ ਭਾਈ ਕੇਹਰ ਸਿੰਘ ਇਸ ਅਸਥਾਨ 'ਤੇ ਸੇਵਾ ਕਰਦੇ ਰਹੇ ਹਨ।

ਗੁਰਦੁਆਰਾ ਸਾਹਿਬ ਦੀ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਦੀਵਾਨ ਹਾਲ, ਲੰਗਰ ਹਾਲ, ਪਾਠੀਆਂ ਲਈ ਤਿੰਨ ਕਮਰੇ ਅਤੇ ਗ੍ਰੰਥੀ ਸਿੰਘ ਦੀ ਰਿਹਾਇਸ਼ ਬਣੀ ਹੋਈ ਹੈ। ਢਾਈ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਪਿੰਡ ਦੀ 9 ਮੈਂਬਰੀ ਕਮੇਟੀ ਵੱਲੋਂ ਇਸ ਗੁਰਧਾਮ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਬਾਲੂ : ਕੈਥਲ ਜ਼ਿਲੇ ਵਿਚ ਇਹ ਪਿੰਡ ਕੈਥਲ-ਜੀਂਦ ਸੜਕ 'ਤੇ ਕੈਥਲ ਤੋਂ 20 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਕਿਸਾਨ ਪਿੰਡ ਤੋਂ ਸੜਕ ਮੁੜਦੀ ਹੈ ਅਤੇ ਮੁੱਖ ਸੜਕ ਤੋਂ ਚਾਰ ਕਿਲੋਮੀਟਰ ਅੰਦਰ ਵੱਲ ਇਸ ਪਿੰਡ ਦੀ ਗਾਦੜ ਪੱਤੀ, ਪ੍ਰਜਾਪਤ ਮੁਹੱਲੇ ਵਿਖੇ *ਗੁਰਦੁਆਰਾ ਗੁਰੂ ਤੇਗ ਬਹਾਦਰ ਜੀ* ਸਸ਼ੋਭਿਤ ਹੈ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਪ੍ਰੀਤਮ ਸਿੰਘ ਇਸੇ ਭਾਈਚਾਰੇ ਵਿਚੋਂ ਹਨ। ਇਹਨਾਂ ਨੇ ਦੱਸਿਆ ਕਿ ਕੈਥਲ ਤੋਂ ਜੀਂਦ ਜਾਂਦੇ ਹੋਏ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਸਨ ਅਤੇ ਇਕ ਕੱਚੇ ਕੋਠੇ ਵਿਚ ਉਹਨਾਂ ਨੇ ਕੁੱਝ ਸਮਾਂ ਗੁਜ਼ਰਿਆ ਸੀ। ਸਾਡੇ ਬਜ਼ੁਰਗਾਂ ਨੇ ਗੁਰੂ ਜੀ ਦੀ ਯਥਾਯੋਗ ਸੇਵਾ ਕੀਤੀ ਸੀ ਅਤੇ ਇਸ ਕੱਚੇ ਕੋਠੇ ਦੀ ਲੰਮਾ ਸਮਾਂ ਸੇਵਾ-ਸੰਭਾਲ ਕਰਦੇ ਰਹੇ। ਜਿੱਥੇ ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਉਸਾਰੀ ਗਈ ਹੈ ਪਹਿਲਾਂ ਇਸ ਅਸਥਾਨ 'ਤੇ ਹੀ ਇਕ ਕੱਚਾ ਕੋਠਾ ਸੀ ਅਤੇ ਇਸ ਦੇ ਸਾਹਮਣੇ ਹੀ ਸਾਡਾ ਪਰਿਵਾਰ ਨਿਵਾਸ ਕਰਦਾ ਸੀ। 1997 ਵਿਚ ਸਾਡਾ ਪਰਿਵਾਰ ਇੱਥੋਂ ਬਾਹਰ ਚਲਾ ਗਿਆ ਅਤੇ ਸਾਰੇ ਪਲਾਟ 'ਤੇ ਨਵੇਂ ਗੁਰਧਾਮ ਦੀ ਉਸਾਰੀ ਕਰ ਦਿੱਤੀ ਗਈ। ਪਹਿਲਾਂ ਇਹਨਾਂ ਦੇ ਪਿਤਾ ਸ. ਚਤਰ ਸਿੰਘ ਅਤੇ ਦਾਦਾ ਸ. ਖ਼ਜ਼ਾਨ ਸਿੰਘ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਸਨ। ਇਸ ਇਲਾਕੇ ਦੇ ਹੜਕਿਆਲ ਗੋਤ ਨਾਲ ਸੰਬੰਧਿਤ ਸਮੂਹ ਘੁਮਿਆਰ ਇੱਥੇ ਹੀ ਮੱਥਾ ਟੇਕਦੇ ਅਤੇ ਸੇਵਾ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਅਤੇ ਵਜ਼ੀਰ ਖੇੜਾ ਪਿੰਡ ਤੋਂ ਗ੍ਰੰਥੀ ਸ. ਸ਼ੇਰ ਸਿੰਘ ਇੱਥੇ ਨਿਤਨੇਮ ਦੀ ਸੇਵਾ ਨਿਭਾਉਂਦਾ ਹੈ। ਲਗ-ਪਗ 200 ਗਜ਼ ਜਗ੍ਹਾ 'ਤੇ ਬਣੇ ਹੋਏ ਇਸ ਗੁਰਧਾਮ ਦਾ ਪ੍ਰਬੰਧ ਸੱਤ ਮੈਂਬਰੀ ਸਥਾਨਿਕ ਕਮੇਟੀ ਕਰਦੀ ਹੈ। ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਅਤੇ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ ਪ੍ਰਮੁੱਖਤਾ ਨਾਲ ਮਨਾਇਆ ਜਾਂਦਾ ਹੈ। ਆਲੇ-ਦੁਆਲੇ ਦੇ ਖਸਤਾ-ਹਾਲ ਘਰਾਂ ਵਿਚ ਰਹਿਣ ਵਾਲੇ ਪ੍ਰਜਾਪਤ ਭਾਵੇਂ ਆਰਥਿਕ ਪੱਖੋਂ ਕਮਜ਼ੋਰ ਹਨ ਪਰ ਜਦੋਂ ਕੋਈ ਸ਼ਰਧਾਲੂ ਬਾਹਰੋਂ ਇੱਥੇ ਦਰਸ਼ਨ

1. Gurmukh Singh, *Historical Sikh Shrines,* p. 292.

ਕਰਨ ਲਈ ਆਉਂਦਾ ਹੈ ਤਾਂ ਇਹਨਾਂ ਦੇ ਮਨ ਵਿਚ ਸੇਵਾ ਲਈ ਉਤਸ਼ਾਹ ਪੈਦਾ ਹੋ ਜਾਂਦਾ ਹੈ।

ਬੂੜੀਆ : ਯਮੁਨਾ ਨਗਰ ਜ਼ਿਲੇ ਦਾ ਇਹ ਇਕ ਪੁਰਾਤਨ ਨਗਰ ਹੈ ਜਿਸ ਦਾ ਜ਼ਿਕਰ ਮੁਗ਼ਲ ਇਤਿਹਾਸਕਾਰਾਂ ਦੀਆਂ ਲਿਖਤਾਂ ਵਿਚ ਵੀ ਆਉਂਦਾ ਹੈ। ਮਿਸਲਾਂ ਦੇ ਸਮੇਂ ਸਿੱਖ ਸਰਦਾਰਾਂ ਨੇ ਇੱਥੇ ਇਕ ਕਿਲ੍ਹਾ ਬਣਵਾਇਆ ਜਿਹੜਾ ਕਿ ਹਾਲੇ ਵੀ ਮੌਜੂਦ ਹੈ।

ਧਾਰਮਿਕ ਤੌਰ 'ਤੇ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੋਂ ਇਸ ਨਗਰ ਦਾ ਸੰਬੰਧ ਸਿੱਖ ਧਰਮ ਨਾਲ ਜੋੜਿਆ ਜਾਂਦਾ ਹੈ ਜਿਨ੍ਹਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ* ਸਥਿਤ ਹੈ। ਇਸ ਅਸਥਾਨ 'ਤੇ ਇਮਾਰਤ ਦੀ ਉਸਾਰੀ ਬੂੜੀਆ ਰਿਆਸਤ ਦੀ ਬੀਬੀ ਹੁਕਮ ਕੌਰ ਨੇ ਕਰਵਾਈ ਸੀ। ਇਸ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਵਾਲਾ ਇਕ ਪੱਥਰ ਮੌਜੂਦ ਹੈ ਜਿਸ 'ਤੇ ਲਿਖਿਆ ਹੋਇਆ ਹੈ, "ਏਸ ਗੁਰਦੁਆਰਾ ਸਾਹਿਬ ਦੀ ਸੇਵਾ ਰਿਆਸਤ ਬੂੜੀਏ ਦੀ ਸ੍ਰੀ ਮਾਈ ਸਾਹਿਬ ਹੁਕਮ ਕੌਰ ਜੀ ਢਿਲਵਾ ਵਾਲੀ (ਮਾਤਾ ਸ੍ਰੀਮਾਨ ਸ: ਜਗਜਿੰਦ ਸਿੰਘ ਜੀ ਪਿਤਾ ਦਾਸ ਲਛਮਨ ਸਿੰਘ ਰਈਸ ਬੂੜੀਆ) ਨੇ ਬੜੇ ਪ੍ਰੇਮ ਨਾਲ ਅਪਨੇ ਗੁਜਾਰੇ ਵਿਚੋਂ ਕਰਵਾਈ। ਗੁਰਦੁਵਾਰਾ ਸਾਹਿਬ ਦੀ ਤਾਮੀਰ ਪੂਰੀ ਹੁੰਦਿਆਂ ਹੀ ਭਾਦ੍ਰੋ ਸੰ: 1977 ਬਿਕ੍ਰਮੀ (1920 ਈਸਵੀ) ਵਿਚ ਅਪਨੇ ਪਰਿਵਾਰ ਨੂੰ ਫਲਿਆ ਫੁਲਿਆ ਛਡ ਕੇ 69 ਸਾਲ ਦੀ ਅਵਸਤਾ ਵਿਚ ਵਾਹਿਗੁਰੂ ਦਾ ਜਾਪ ਕਰਦੇ ਹੋਏ ਪ੍ਰਲੋਕ ਗਵਨ ਕਰ ਗਏ।" ਗੁਰਦੁਆਰਾ ਸਾਹਿਬ ਦੇ ਚੌਗਿਰਦੇ ਵਿਚ ਹੀ ਬੂੜੀਆ ਰਿਆਸਤਾਂ ਦੇ ਸਰਦਾਰਾਂ ਦੀਆਂ ਯਾਦਗਾਰਾਂ ਬਣੀਆਂ ਹੋਈਆਂ ਹਨ ਜਿਨ੍ਹਾਂ ਨੂੰ ਸ਼ਾਹੀ ਸਮਾਧਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਮਰਦੋਂ : ਅੰਬਾਲਾ ਜ਼ਿਲੇ ਦਾ ਇਹ ਪਿੰਡ ਲਖਨੌਰ ਤੋਂ ਭੇਵੇ ਵਾਲੀ ਸੜਕ 'ਤੇ ਲਖਨੌਰ ਸਾਹਿਬ ਤੋਂ 3 ਕਿਲੋਮੀਟਰ ਦੀ ਦੂਰੀ 'ਤੇ ਟਾਂਗਰੀ ਨਦੀ ਦੇ ਕੰਢੇ ਸਥਿਤ ਹੈ। ਅੰਬਾਲੇ ਤੋਂ 15 ਕਿਲੋਮੀਟਰ ਦੀ ਦੂਰੀ 'ਤੇ ਪੈਂਦੇ ਇਸ ਪਿੰਡ ਵਿਖੇ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ *ਗੁਰਦੁਆਰਾ ਮਰਦੋਂ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ* ਸਸ਼ੋਭਿਤ ਹੈ। ਪੂਰਬ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਸਨ। ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ ਇਸ ਪਿੰਡ ਤੋਂ ਉੱਤਰ-ਪੂਰਬ ਵੱਲ ਇਕ ਫਰਲਾਂਗ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਲਖਨੌਰ ਤੋਂ ਇੱਥੇ ਲੋਕਾਂ ਦਾ ਉੱਧਾਰ ਕਰਨ ਲਈ ਆਏ ਸਨ। ਪਹਿਲਾਂ ਇੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭੀ ਚਰਨ ਪਾਏ ਸਨ। ਨੌਵੇਂ ਗੁਰੂ ਜੀ ਦਾ ਦਰਬਾਰ ਬਣਿਆ ਹੋਇਆ ਹੈ। ਦਸਮ ਪਾਤਸ਼ਾਹ ਜੀ ਦਾ ਕੇਵਲ ਮੰਜੀ ਸਾਹਿਬ ਹੀ ਹੈ। ਪਾਸ ਕੱਚੇ ਰਿਹਾਇਸ਼ੀ ਮਕਾਨ ਹਨ। ਅਕਾਲੀ ਸਿੰਘ ਸੇਵਾ ਕਰਦੇ ਹਨ। ਗੁਰਦੁਆਰੇ ਨਾਲ 600 ਵਿੱਘੇ ਦੇ ਕਰੀਬ ਜ਼ਮੀਨ ਪਟਿਆਲਾ ਰਿਆਸਤ ਵੱਲੋਂ ਹੈ।[1]

ਇੱਥੇ ਮੌਜੂਦ ਦਰਬਾਰ ਹਾਲ ਦੀ ਪੁਰਾਤਨ ਇਮਾਰਤ ਦੀ ਪੁਨਰ-ਉਸਾਰੀ 90 ਸਾਲ ਬਾਅਦ 2010 ਵਿਚ ਬਾਬਾ ਜਗਤਾਰ ਸਿੰਘ ਤਰਨਤਾਰਨ ਵਾਲਿਆਂ ਦੀ ਸਰਪ੍ਰਸਤੀ ਅਧੀਨ ਬਾਬਾ ਗੁਰਮੀਤ ਸਿੰਘ ਸ਼ਾਹਬਾਦ ਮਾਰਕੰਡਾ ਵਾਲਿਆਂ ਨੇ ਕਰਵਾਈ ਸੀ। ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਬਣੇ ਹੋਏ ਦੋ ਅਸਥਾਨ ਇਕ ਦਰਬਾਰ ਹਾਲ ਵਿਚ ਤਬਦੀਲ ਕਰ ਦਿੱਤੇ ਗਏ ਹਨ। ਲਗ-ਪਗ 8 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦਫ਼ਤਰ, ਸਟਾਫ਼ ਕਵਾਟਰਾਂ ਸਮੇਤ 15 ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। 70 ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਇਸ ਗੁਰਧਾਮ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ਼ਹੀਦ ਸਿੰਘਾਂ ਦੀ ਯਾਦ ਵਿਚ ਦੋ ਭੋਰੇ ਬਣਾਏ ਗਏ ਹਨ। ਇੱਥੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਪੁਰਬ, ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਅਤੇ ਬੈਸਾਖੀ ਪ੍ਰਮੁੱਖਤਾ ਨਾਲ ਮਨਾਏ ਜਾਂਦੇ ਹਨ। ਮਾਘ ਮਹੀਨੇ ਦੀ ਮੱਸਿਆ ਮੌਕੇ 3 ਦਿਨਾਂ ਜੋੜ ਮੇਲਾ ਲੱਗਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ

1. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 954.

ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਮੁਨਿਅਰਪੁਰ : ਹਰਿਆਣਾ ਦੇ ਕੁਰਕਸ਼ੇਤਰ ਜ਼ਿਲੇ ਵਿਚ ਕੁਰਕਸ਼ੇਤਰ ਤੋਂ 15 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਕੁਰਕਸ਼ੇਤਰ ਤੋਂ ਗੁਰੂ ਜੀ ਇਸ ਪਿੰਡ ਵਿਖੇ ਆਏ ਸਨ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। *ਗੁਰਦੁਆਰਾ ਭੁੱਢੀ ਸਾਹਿਬ ਪਾਤਸ਼ਾਹੀ ਨੌਵੀਂ* ਤੋਂ ਇਹ ਅਸਥਾਨ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਕੁਰਕਸ਼ੇਤਰ ਵਾਲੇ ਬਾਬਾ ਚਰਨ ਸਿੰਘ ਸਿੰਘ ਕਾਰ ਸੇਵਾ ਵਾਲਿਆਂ ਨੇ 1990 ਵਿਚ ਤਿਆਰ ਕਰਵਾਈ ਸੀ। ਮੌਜੂਦਾ ਸਮੇਂ ਵਿਚ ਬਾਬਾ ਅਮਰੀਕ ਸਿੰਘ ਇੱਥੋਂ ਦਾ ਪ੍ਰਬੰਧ ਦੇਖਦੇ ਹਨ। ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦੀਵਾਨ ਹਾਲ, 4 ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। ਇਸ ਤੋਂ ਇਲਾਵਾ 2 ਏਕੜ ਜ਼ਮੀਨ 'ਤੇ ਖੇਤੀ ਹੁੰਦੀ ਹੈ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸ. ਗੁਰਸੇਵਕ ਸਿੰਘ ਨੇ ਦੱਸਿਆ ਕਿ ਇੱਥੇ ਮੱਸਿਆ ਮੌਕੇ ਸੰਗਤ ਜੁੜਦੀ ਹੈ। ਆਲੇ ਦੁਆਲੇ ਦੇ ਬਾਰਾਂ ਪਿੰਡ - ਗਾਦਲੀ, ਘੜਾਮੀ, ਦੌਲਤਪੁਰ, ਕਿਸ਼ਨਗੜ੍ਹ, ਸੋਢੀ, ਬੋਢੀ, ਮਥਾਨਾ, ਸੌਂਟੀ, ਬੀੜ ਸੌਂਟੀ, ਗਿਰਧਾਰਪੁਰ, ਦੱਬਖੇੜਾ, ਖੇੜੀ ਗਾਦੀਆਂ - ਵਾਰੋ-ਵਾਰੀ ਮੱਸਿਆ ਮੌਕੇ ਇਕੱਤਰ ਹੋਣ ਵਾਲੀ ਸੰਗਤ ਦੇ ਸਮੂਹ ਪ੍ਰਬੰਧ ਕਰਦੇ ਹਨ।

ਰਹੇੜਾ ਮਾਜਰਾ : ਹਰਿਆਣਾ ਦੇ ਜੀਂਦ ਜ਼ਿਲੇ ਵਿਚ ਸਥਿਤ ਇਹ ਪਿੰਡ ਕੈਥਲ-ਜੀਂਦ ਸੜਕ 'ਤੇ ਕੈਥਲ ਤੋਂ ਲਗ-ਪਗ 30 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਪਿੰਡ ਵਿਚੋਂ ਗੁਰੂ ਤੇਗ ਬਹਾਦਰ ਜੀ ਦੇ ਲੰਘਣ ਦੇ ਹਵਾਲੇ ਤਾਂ ਮਿਲਦੇ ਹਨ ਪਰ ਇਹਨਾਂ ਦੀ ਯਾਦ ਵਿਚ ਇੱਥੇ ਕੋਈ ਗੁਰਧਾਮ ਸਥਿਤ ਨਹੀਂ ਹੈ। 1931 ਵਿਚ ਇਸ ਅਸਥਾਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਧੰਨਾ ਸਿੰਘ ਚਹਿਲ ਪਟਿਆਲਵੀ ਦੱਸਦੇ ਹਨ ਕਿ ਇਸ ਪਿੰਡ ਦੇ ਵਿਚਾਲੇ ਨੌਵੇਂ ਪਿਤਾ ਜੀ ਦਾ ਗੁਰਦੁਆਰਾ ਹੈ ਪਰ ਖੋਜ ਕਰਨ 'ਤੇ ਪਤਾ ਲੱਗਿਆ ਕਿ ਇਸ ਪਿੰਡ ਵਿਚ ਗੁਰਦੁਆਰਾ ਨਹੀਂ ਹੈ। ਹਾਂ ਇਕ ਨਿਰਮਲੇ ਸੰਤਾਂ ਦਾ ਡੇਰਾ ਜ਼ਰੂਰ ਹੈ ਜੋ ਕਿ ਪਿੰਡ ਦੇ ਵਿਚ ਹੈ, ਮਹੰਤ ਫੂਲ ਸਿੰਘ ਜੀ ਹੈ। ਇਸ ਡੇਰੇ ਨੂੰ 200 ਬਿਗੇ ਜ਼ਮੀਨ ਹੈ ਜੋ ਕਿ ਮਾਫੀ ਹੈ। ਪਹਿਲੇ ਰਿਆਸਤਾਂ ਕੀ ਤਰਫ ਸੇ ਜਗੀਰਾਂ ਭੀ ਸਨ ਪਰ ਅਜ ਕਲ ਬੰਦ ਹੈ। ਅਕਾਲੀ ਲਹਿਰ ਤੋਂ ਪਹਿਲਾਂ ਏਹ ਨੌਵੇਂ ਪਿਤਾ ਜੀ ਦਾ ਗੁਰਦੁਆਰਾ ਸੀ ਪਰ ਜਿਸ ਵਕਤ ਸਿੱਖਾਂ ਨੂੰ ਗੁਰਦੁਆਰਾ ਮਿਲਨੇ ਲੱਗਾ ਤਾਂ ਇਹ ਗੁਰਦੁਆਰੇ ਤੋਂ ਨਿਰਮਲੇ ਸੰਤਾਂ ਦਾ ਡੇਰਾ ਬਣ ਗਿਆ।[1] ਇਸ ਤਰ੍ਹਾਂ ਦਾ ਹੀ ਵਿਚਾਰ ਪ੍ਰਗਟ ਕਰਦੇ ਹੋਏ ਫੌਜਾ ਸਿੰਘ ਦੱਸਦੇ ਹਨ ਕਿ ਰਹੇੜਾ ਮਾਜਰਾ ਪਹਿਲਾਂ ਕੈਥਲ ਰਿਆਸਤ ਵਿਚ ਹੁੰਦਾ ਸੀ ਇਸ ਵਾਸਤੇ ਹੋ ਸਕਦਾ ਹੈ ਕਿ ਭਾਈ ਸਾਹਿਬ ਲਾਲ ਸਿੰਘ ਜਾਂ ਭਾਈ ਉਦੈ ਸਿੰਘ ਜੀ ਨੇ ਇਸ ਦੇ ਨਾਂ 35 ਕਿੱਲੇ ਜ਼ਮੀਨ ਲਵਾਈ ਹੋਏ ਜਿਹੜੀ ਕਿ ਨਿਰਮਲ ਅਖਾੜੇ ਕੋਲ ਹੈ। ਇਸ ਦੀ ਪੁਸ਼ਟੀ ਮਾਲ ਰਿਕਾਰਡ ਤੋਂ ਹੁੰਦੀ ਹੈ। ਪਹਿਲਾਂ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ ਪਰ ਹੁਣ ਉਹ ਪ੍ਰਕਾਸ਼ ਨਹੀਂ ਕਰਦੇ। ਨਿਰਮਲੇ ਮਹੰਤਾਂ ਨੇ ਜ਼ਮੀਨ ਦੇ ਲਾਲਚ ਕਰਕੇ ਇੱਥੇ ਗੁਰਦੁਆਰਾ ਪ੍ਰਸਿੱਧ ਨਹੀਂ ਹੋਣ ਦਿੱਤਾ।[2]

ਰੋਹਤਕ : ਦਿੱਲੀ-ਬਠਿੰਡਾ ਰੇਲ ਮਾਰਗ ਨਾਲ ਜੁੜਿਆ ਹੋਇਆ ਹਰਿਆਣਾ ਦਾ ਇਹ ਇਕ ਪ੍ਰਮੁੱਖ ਨਗਰ ਹੈ ਜਿਹੜਾ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਜੀਂਦ, ਲਾਖਨ ਮਾਜਰਾ ਤੋਂ ਹੁੰਦੇ ਹੋਏ ਗੁਰੂ ਤੇਗ ਬਹਾਦਰ ਜੀ ਇਸ ਨਗਰ ਵਿਚ ਪੁੱਜੇ ਸਨ ਅਤੇ ਇਹਨਾਂ ਦੀ ਯਾਦ ਵਿਚ ਇੱਥੇ ਦੋ ਗੁਰਧਾਮ ਸਥਿਤ ਹਨ:

1. **ਗੁਰਦੁਆਰਾ ਬੰਗਲਾ ਸਾਹਿਬ ਪਾਤਸ਼ਾਹੀ ਨੌਵੀਂ :** ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਇਸ ਅਸਥਾਨ 'ਤੇ ਇਕ ਛੋਟਾ ਜਿਹਾ ਗੁਰਧਾਮ ਸਥਿਤ ਸੀ ਜਿਸ ਦੀ ਸਾਂਭ-ਸੰਭਾਲ ਇਕ ਉਦਾਸੀ ਸੰਤ ਕਰਦਾ ਸੀ। ਇਸ ਸੰਤ ਨਾਲ ਵਿਵਾਦ ਹੋ ਜਾਣ ਕਰਕੇ ਸਥਾਨਿਕ ਸੰਗਤ ਨੇ ਇਸ ਤੋਂ ਗੁਰਧਾਮ ਦਾ ਪ੍ਰਬੰਧ ਆਪਣੇ ਹੱਥਾਂ ਵਿਚ

---

1. ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ*, ਪੰਨਾ 179.
2. ਫੌਜਾ ਸਿੰਘ, *ਗੁਰੂ ਤੇਗ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ*, ਪੰਨਾ 184.

ਲੈ ਲਿਆ। ਸਿੱਖ ਸੰਗਤ ਘੱਟ ਹੋਣ ਕਰਕੇ ਇਹ ਗੁਰਧਾਮ ਬਹੁਤਾ ਵਿਕਾਸ ਨਾ ਕਰ ਸਕਿਆ ਪਰ 1947 ਵਿਚ ਭਾਰਤ-ਪਾਕਿਸਤਾਨ ਵੰਡ ਉਪਰੰਤ ਪਾਕਿਸਤਾਨ ਤੋਂ ਬਹੁਤ ਸਾਰੇ ਪੰਜਾਬੀ ਅਤੇ ਗੁਰੂ ਨਾਨਕ ਨਾਮ-ਲੇਵਾ ਸੰਗਤ ਇਸ ਨਗਰ ਵਿਖੇ ਆ ਵੱਸੀ ਜਿਸ ਨੇ ਇਸ ਗੁਰਧਾਮ ਦੀ ਸੁੰਦਰ ਇਮਾਰਤ ਬਣਾਉਣ ਦੇ ਨਾਲ-ਨਾਲ ਲੋੜ ਅਨੁਸਾਰ ਹੋਰ ਇਮਾਰਤਾਂ ਦੀ ਉਸਾਰੀ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਬਾਬਾ ਹਰਬੰਸ ਸਿੰਘ ਕਾਰ ਸੇਵਾ ਵਾਲਿਆਂ ਦੀ ਸੰਸਥਾ ਵੱਲੋਂ ਬਾਬਾ ਪਿਆਰਾ ਸਿੰਘ ਰਾਹੀਂ 1997 ਵਿਚ ਇਸ ਗੁਰਧਾਮ ਦੀ ਨਵੀਂ ਇਮਾਰਤ ਉਸਾਰੀ ਗਈ। ਲਗ-ਪਗ ਇਕ ਏਕੜ ਜ਼ਮੀਨ 'ਤੇ ਪੁਰਾਣਾ ਦਰਬਾਰ ਹਾਲ, ਨਵਾਂ ਦਰਬਾਰ ਹਾਲ, 4 ਰਿਹਾਇਸ਼ੀ ਕਮਰੇ, 5 ਸਟਾਫ਼ ਕਵਾਟਰ ਆਦਿ ਬਣੇ ਹੋਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

2. **ਗੁਰਦੁਆਰਾ ਮਾਈ ਸਾਹਿਬ :** ਰੋਹਤਕ ਦੇ ਮੁੱਖ ਬਜ਼ਾਰ ਵਿਚੋਂ ਹੋ ਕੇ ਕਲਾਲਾਂ ਮੁਹੱਲੇ ਦੇ ਤੰਗ ਕਿਲ੍ਹਾ ਰੋਡ 'ਤੇ *ਗੁਰਦੁਆਰਾ ਬੰਗਲਾ ਸਾਹਿਬ* ਤੋਂ 2 ਕਿਲੋਮੀਟਰ ਦੀ ਦੂਰੀ 'ਤੇ ਇਹ ਗੁਰਧਾਮ ਸਥਿਤ ਹੈ। ਇਕ ਮਾਈ ਦੀ ਭਾਵਨਾ ਪੂਰੀ ਕਰਨ ਲਈ ਗੁਰੂ ਜੀ ਇੱਥੇ ਆਏ ਸਨ। ਇਸ ਮਾਈ ਦਾ ਨਾਂ ਜਿਨਭਰੀ ਦੱਸਿਆ ਜਾਂਦਾ ਹੈ। ਮਾਈਆਂ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੀਆਂ ਹਨ। ਜਿਨ੍ਹਾਂ ਮਾਈਆਂ ਨੇ ਹੁਣ ਤੱਕ ਇਸ ਗੁਰਧਾਮ ਦੀ ਸੇਵਾ-ਸੰਭਾਲ ਕੀਤੀ ਹੈ ਉਨ੍ਹਾਂ ਵਿਚੋਂ ਪ੍ਰਮੁੱਖ ਤੌਰ 'ਤੇ ਬੀਬੀ ਜੀਵਨ ਕੌਰ ਅਤੇ ਬੀਬੀ ਹਰਬੰਸ ਕੌਰ ਦਾ ਨਾਂ ਸ਼ਾਮਲ ਹੈ। ਪਿਛਲੇ 20 ਸਾਲ ਤੋਂ ਬੀਬੀ ਨੀਲਮ ਦੂਆ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰ ਰਹੀ ਹੈ। 130 ਗਜ਼ ਦੇ ਪਲਾਟ 'ਤੇ ਪੁਰਾਤਨ ਅਸਥਾਨ ਦੀ ਨਵ-ਉਸਾਰੀ ਹੋ ਚੁੱਕੀ ਹੈ ਅਤੇ ਇਸ ਦਾ ਕੁੱਝ ਕੰਮ ਬਾਕੀ ਹੈ ਜਿਹੜਾ ਕਿ ਨਿਰੰਤਰ ਜਾਰੀ ਹੈ। ਮਾਈਆਂ ਨੇ ਨੇੜੇ ਹੀ ਇਕ ਘਰ ਕਿਰਾਏ 'ਤੇ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ।

ਲਖਨੌਰ : ਅੰਬਾਲਾ ਛਾਉਣੀ ਤੋਂ ਲਗ-ਪਗ 8 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਨਗਰ ਗੁਰੂ ਗੋਬਿੰਦ ਸਿੰਘ ਜੀ ਦਾ ਨਾਨਕਾ ਪਿੰਡ ਸੀ। ਗੁਰੂ ਤੇਗ ਬਹਾਦਰ ਜੀ ਪੂਰਬ ਦੀ ਯਾਤਰਾ ਤੋਂ ਚੱਕ ਨਾਨਕੀ (ਅਨੰਦਪੁਰ ਸਾਹਿਬ) ਵਾਪਸ ਆ ਰਹੇ ਸਨ ਤਾਂ ਉਹ ਇਸ ਅਸਥਾਨ 'ਤੇ ਵੀ ਆਏ ਸਨ।[1] ਗੁਰੂ ਤੇਗ ਬਹਾਦਰ ਜੀ ਇੱਥੋਂ ਨਵੇਂ ਵਸਾਏ ਨਗਰ ਮਾਖੋਵਾਲ (ਅਨੰਦਪੁਰ ਸਾਹਿਬ) ਚਲੇ ਗਏ ਸਨ। ਗੁਰੂ ਪਰਿਵਾਰ ਦੇ ਇੱਥੋਂ ਚਲੇ ਜਾਣ ਤੋਂ ਬਾਅਦ ਇਸ ਦੀ ਸੇਵਾ-ਸੰਭਾਲ ਪਰਿਵਾਰ ਅਤੇ ਪ੍ਰੇਮੀ ਸਿੱਖਾਂ ਕੋਲ ਹੀ ਰਹੀ। ਬਾਬਾ ਹਰਬਖਸ਼ ਸਿੰਘ ਨੇ ਲਗ-ਪਗ 60 ਸਾਲ ਇਸ ਅਸਥਾਨ 'ਤੇ ਸੇਵਾ ਕੀਤੀ। ਭਾਵੇਂ ਕਿ ਅਫ਼ਗਾਨਿਸਤਾਨ ਤੋਂ ਹੋਣ ਵਾਲੇ ਹਮਲਿਆਂ ਦਾ ਅਸਰ ਇਸ ਨਗਰ 'ਤੇ ਵੀ ਪਿਆ ਪਰ ਮਿਸਲਾਂ ਦੇ ਸਮੇਂ ਇਸ ਨੂੰ ਮੁੜ ਅਬਾਦ ਕੀਤਾ ਗਿਆ। ਅੰਗਰੇਜ਼ਾਂ ਤੋਂ ਪਹਿਲਾਂ ਇਹ ਇਲਾਕਾ ਨਿਸ਼ਾਨਵਾਲੀ ਮਿਸਲ ਦੇ ਸਰਦਾਰ ਗੁਰਬਖ਼ਸ਼ ਸਿੰਘ ਦੇ ਅਧੀਨ ਸੀ। 1783 ਵਿਚ ਇਸ ਦੇ ਅਕਾਲ ਚਲਾਣੇ ਉਪਰੰਤ ਇਸ ਇਲਾਕੇ ਦਾ ਪ੍ਰਬੰਧ ਇਸ ਦੀ ਵਿਧਵਾ ਸਰਦਾਰਨੀ ਦਇਆ ਕੌਰ ਕੋਲ ਆ ਗਿਆ ਜਿਸ ਨੇ 1823 ਤੱਕ ਇਸ ਦਾ ਸਫ਼ਲ ਪ੍ਰਬੰਧ ਚਲਾਇਆ।[2] ਬਿਰਧ ਅਵਸਥਾ ਕਾਰਨ ਇਸ ਦੇ ਹੱਥੋਂ ਪ੍ਰਬੰਧ ਚਲਾ ਗਿਆ ਜਿਹੜਾ ਕਿ ਅੰਗਰੇਜ਼ਾਂ

1. ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਪੰਨਾ 124; ਫੌਜਾ ਸਿੰਘ, *ਗੁਰੂ ਤੇਗ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ,* ਪੰਨਾ 192.
2. After the death of Lal Singh, his colleague, Gurbaksh Singh, became sole Sirdar. He died childless, and his widow, Dya Kour, succeeded in 1783, She was temporarily ejected by Ranjit Singh, but was restored by General Ochterlony; and held the estate till 1823, when it lapsed to Government. She was an excellent ruler, and her estate was one of the best managed in the protected territory. Lepel H. Griffin, The Rajas of the Punjab, p. 93, f.n.

ਅਧੀਨ ਆ ਗਿਆ। ਸਿੱਖ ਵਿਰਾਸਤ ਨਾਲ ਜੁੜੇ ਹੋਏ ਅੰਗਰੇਜ਼ਾਂ ਦੇ ਸਮੇਂ ਵੀ ਇਸ ਪਿੰਡ ਦੀ ਦੇਖ-ਭਾਲ ਹੁੰਦੀ ਰਹੀ, ਸਿੱਖ ਰਾਜੇ ਇੱਥੇ ਵਿਸ਼ੇਸ਼ ਤੌਰ 'ਤੇ ਸਹਾਇਤਾ ਭੇਜਦੇ ਰਹੇ। ਸ਼ਮਸ਼ੇਰ ਸਿੰਘ ਅਸ਼ੋਕ ਦੱਸਦੇ ਹਨ ਕਿ ਮਾਰਚ 1849 ਵਿਚ ਅੰਗਰੇਜ਼ਾਂ ਦਾ ਪੰਜਾਬ 'ਤੇ ਕਬਜ਼ਾ ਹੋ ਜਾਣ ਉਪਰੰਤ ਮਹਾਰਾਜਾ ਪਟਿਆਲਾ ਨੇ ਆਪਣੇ ਕੁੱਝ ਇਲਾਕੇ ਦਾ ਤਬਾਦਲਾ ਕਰ ਕੇ ਇਸ ਪਿੰਡ ਸਮੇਤ ਆਲੇ-ਦੁਆਲੇ ਦਾ ਇਲਾਕਾ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ ਸੀ ਜਿਸ ਕਾਰਨ ਲਗ-ਪਗ ਇਕ ਸਦੀ ਤੱਕ *ਗੁਰੂ ਦਰਬਾਰ ਲਖਨੌਰ* ਦਾ ਪ੍ਰਬੰਧ ਮਹਾਰਾਜਾ ਪਟਿਆਲਾ ਦੀ ਮਨਸ਼ਾ ਮੁਤਾਬਕ ਧਰਮ-ਅਰਥ ਅਧੀਨ ਚਲਦਾ ਰਿਹਾ।[1] 1956 ਵਿਚ ਪੈਪਸੂ ਦੇ ਪੰਜਾਬ ਵਿਚ ਸ਼ਾਮਲ ਹੋਣ ਪਿੱਛੋਂ ਇਹ ਗੁਰਦੁਆਰਾ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆ ਗਿਆ ਸੀ।

ਮਾਤਾ ਗੁਜਰੀ ਜੀ ਦਾ ਖੂਹ ਅਤੇ ਗੁਰੂ-ਪਰਿਵਾਰ ਨਾਲ ਹੋਰ ਵਸਤਾਂ ਇੱਥੇ ਸੰਭਾਲ ਕੇ ਰੱਖੀਆਂ ਹੋਈਆਂ ਹਨ ਜਿਨ੍ਹਾਂ ਵਿਚ ਮਾਤਾ ਗੁਜਰੀ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪਲੰਘ, ਲੱਕੜ ਦੀਆਂ ਪਰਾਤਾਂ, ਦਸਮੇਸ਼ ਪਿਤਾ ਜੀ ਦੇ ਤੀਰ, ਬਰਛੀ, ਜਮਦਾੜ, ਢਾਲ ਆਦਿ ਸ਼ਾਮਲ ਹਨ। ਬਾਬਾ ਬਚਨ ਸਿੰਘ ਜੀ ਦੀ ਸਰਪ੍ਰਸਤੀ ਅਧੀਨ ਬਾਬਾ ਦੀਵਾਨ ਸਿੰਘ ਜੀ ਇਸ ਦੀ ਸੇਵਾ ਕਰਵਾ ਰਹੇ ਹਨ।

ਲਾਖਨ ਮਾਜਰਾ : ਹਰਿਆਣਾ ਦੇ ਰੋਹਤਕ ਜ਼ਿਲੇ ਵਿਚ ਸਥਿਤ ਇਹ ਨਗਰ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਸਥਾਨਿਕ ਪਰੰਪਰਾ ਅਨੁਸਾਰ ਸਤੰਬਰ ਮਹੀਨੇ ਵਿਚ ਦਿੱਲੀ ਜਾਂਦੇ ਹੋਏ ਗੁਰੂ ਜੀ ਜੀਂਦ ਤੋਂ ਇਸ ਨਗਰ ਵਿਖੇ ਆਏ ਸਨ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਜਦੋਂ ਗੁਰੂ ਜੀ ਇਸ ਅਸਥਾਨ 'ਤੇ ਆਏ ਤਾਂ ਇਕ ਟੋਭੇ ਦੇ ਕੰਢੇ ਡੇਰਾ ਕੀਤਾ ਜਿਹੜਾ ਕਿ ਹਾਲੇ ਤੱਕ ਮੌਜੂਦ ਹੈ। ਗੁਰੂ ਜੀ ਦੀ ਯਾਦ ਵਿਚ ਇੱਥੇ ਇਕ ਛੋਟਾ ਜਿਹਾ ਮੰਜੀ ਸਾਹਿਬ ਮੌਜੂਦ ਸੀ ਪਰ ਇਲਾਕੇ ਵਿਚ ਸਿੱਖ ਸੰਗਤ ਨਾ ਹੋਣ ਕਰਕੇ ਇਸ ਦਾ ਬਹੁਤਾ ਵਿਕਾਸ ਨਾ ਹੋ ਸਕਿਆ। ਜੀਂਦ ਰਿਆਸਤ ਵੱਲੋਂ ਇਸ ਦੀ ਸਾਂਭ-ਸੰਭਾਲ ਦੇ ਯਤਨ ਕੀਤੇ ਜਾਂਦੇ ਰਹੇ, ਇਕ ਗ੍ਰੰਥੀ ਸਿੰਘ ਦੀ ਤਨਖ਼ਾਹ ਅਤੇ ਧੂਪ-ਬੱਤੀ ਦਾ ਖਰਚ ਰਿਆਸਤ ਵੱਲੋਂ ਦਿੱਤਾ ਜਾਂਦਾ ਰਿਹਾ। 1932 ਵਿਚ ਇਸ ਗੁਰਦੁਆਰਾ ਸੰਬੰਧੀ ਜਾਣਕਾਰੀ ਦਿੰਦੇ ਹੋਏ ਸ. ਹਰਨਾਮ ਸਿੰਘ ਦੱਸਦਾ ਹੈ ਕਿ ਇੱਥੇ ਇਕ ਛੋਟਾ ਬੁਰਜ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਇਸ ਬੁਰਜ ਵਿਚ ਕੇਵਲ ਇਕ ਗ੍ਰੰਥੀ ਸਿੰਘ ਹੀ ਬੈਠ ਸਕਦਾ ਹੈ, ਨਾਲ ਇਕ ਛੋਟਾ ਜਿਹਾ ਕਮਰਾ ਭੀ ਹੈ। ਇਹ ਇਮਾਰਤ ਸਿੱਖ ਰਾਜ ਦੇ ਵੇਲੇ ਦੀ ਬਣੀ ਹੋਈ ਦਸੀਦੀ ਹੈ। ਉਦਾਸੀ ਮਤਿ ਦੀ ਇਕ ਪੰਜਾਬਣ ਮਾਈ ਨੇ ਲਗ-ਪਗ ਸੱਤਰ ਸਾਲ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੀ ਰਹੀ, ਗੁਜ਼ਾਰੇ ਲਈ ਇਸ ਨੂੰ ਜੀਂਦ ਰਿਆਸਤ ਵੱਲੋਂ ਰਸਦ ਆਦਿ ਲੱਗੀ ਹੋਈ ਸੀ। 1908 ਵਿਚ ਚਲਾਣਾ ਕਰ ਜਾਣ ਉਪਰੰਤ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਹੋ ਸਕਿਆ। ਸੰਗਤਾਂ ਦੇ ਉਦਮ ਨਾਲ ਕੋਈ ਡੇਢ ਕੁ ਮਹੀਨੇ ਤੋਂ ਇੱਥੇ ਦੁਬਾਰਾ ਪ੍ਰਕਾਸ਼ ਹੋਣ ਲੱਗਿਆ ਹੈ। ਗ੍ਰੰਥੀ ਸਿੰਘ ਦੇ ਗੁਜ਼ਾਰੇ ਲਈ ਇਕ ਥਾਣੇਦਾਰ ਨੇ ਚੰਦਾ ਇਕੱਠਾ ਕਰਕੇ ਗੁਰਦੁਆਰੇ ਦੇ ਨਾਂ 16 ਵਿੱਘੇ ਜ਼ਮੀਨ ਖਰੀਦੀ ਪਰ ਗੁਜ਼ਾਰਾ ਮੁਸ਼ਕਲ ਨਾਲ ਹੀ ਹੁੰਦਾ ਸੀ।[2]

ਇਸ ਅਸਥਾਨ ਦਾ ਵਧੇਰੇ ਵਿਸਤਾਰ 1947 ਦੀ ਭਾਰਤ-ਪਾਕਿ ਵੰਡ ਉਪਰੰਤ ਹੋਇਆ। ਪਾਕਿਸਤਾਨ ਤੋਂ ਰੋਹਤਕ ਅਤੇ ਇਸ ਇਲਾਕੇ ਵਿਚ ਆ ਵੱਸੀ ਸੰਗਤ ਨੇ ਇਸ ਗੁਰਧਾਮ ਦੀ ਸੇਵਾ-ਸੰਭਾਲ ਲਈ ਵਿਸ਼ੇਸ਼ ਯਤਨ ਕੀਤੇ। ਪਹਿਲਾਂ ਜਥੇਦਾਰ ਦੀਵਾਨ ਸਿੰਘ ਅਤੇ ਫਿਰ ਜਥੇਦਾਰ ਲੱਧਾ ਸਿੰਘ ਨੇ ਇੱਥੇ ਨਵੀਂ ਇਮਾਰਤ ਦੀ ਉਸਾਰੀ ਵਿਚ ਯੋਗਦਾਨ ਪਾਇਆ। ਮੌਜੂਦਾ ਇਮਾਰਤ ਦਾ ਨੀਂਹ ਪੱਥਰ 1967 ਵਿਚ ਰੱਖਿਆ ਗਿਆ ਜਿਸ ਦਾ ਵੇਰਵਾ ਇਕ ਪੱਥਰ ਤੋਂ ਇਸ ਤਰ੍ਹਾਂ ਮਿਲਦਾ ਹੈ, '੧ਓ ਗੁਰਦੁਆਰਾ ਮੰਜੀ ਸਾਹਿਬ ਲਾਖਨ ਮਾਜਰਾ, ਯਾਦਗਾਰ ਸ੍ਰੀ ਗੁਰੂ ਤੇਗ

1. ਸ਼ਮਸ਼ੇਰ ਸਿੰਘ ਅਸ਼ੋਕ, *ਗੁਰੂ ਦਰਬਾਰ ਲਖਨੌਰ ਸਾਹਿਬ,* ਪੰਨਾ 13.
2. *ਗੁਰਦੁਆਰਾ ਗਜ਼ਟ,* ਸਤੰਬਰ 1932, ਪੰਨੇ 10-12.


ਬਹਾਦਰ ਸਾਹਿਬ, ਇਸ ਹਰੀ ਮੰਦਰ ਦੀ ਨੀਂਹ ਗਿਆਨੀ ਹਰੀ ਸਿੰਘ ਜੀ ਮਾਡਲ ਟਾਊਨ ਦਿੱਲੀ ਵਾਲਿਆਂ ਨੇ ਆਪਣੇ ਹੱਥਾਂ ਨਾਲ 24 ਅਪਰੈਲ ਸੰ: 1967 ਮੁਤਾਬਕ ਵੈਸਾਖ 12 ਸੰਮਤ 2024 ਬਿ: ਦਿਨ ਸੋਮਵਾਰ ਸਵੇਰੇ ਦਸ ਵਜੇ ਰੱਖੀ।' 1975 ਵਿਚ ਸੰਪੂਰਨ ਹੋਈ ਇਸ ਇਮਾਰਤ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਅੱਧਾ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ ਆਦਿ ਬਣੇ ਹੋਏ ਹਨ। 17 ਏਕੜ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ ਜਿਸ ਵਿਚੋਂ 13 ਏਕੜ 'ਤੇ ਖੇਤੀ ਕੀਤੀ ਜਾਂਦੀ ਹੈ। ਇਸ ਗੁਰਧਾਮ ਦੇ ਪਿਛਲੇ ਪਾਸੇ ਪੁਰਾਤਨ ਟੋਭਾ ਹੈ ਜਿਸ ਦੇ ਦੂਜੇ ਪਾਸੇ ਵੱਡਾ ਦੀਵਾਨ ਹਾਲ ਹੈ। ਹੋਲੇ ਮਹੱਲੇ ਮੌਕੇ ਇੱਥੇ ਵੱਡਾ ਦੀਵਾਨ ਲੱਗਦਾ ਹੈ। ਪੂਰਨਮਾਸੀ ਮਨਾਉਣ ਲਈ ਦਿੱਲੀ ਤੱਕ ਦੀਆਂ ਸੰਗਤਾਂ ਹਾਜ਼ਰੀ ਭਰਦੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਲੰਗਰਛਨੀ : ਅੰਬਾਲਾ ਜ਼ਿਲੇ ਵਿਚ ਇਹ ਪਿੰਡ ਅੰਬਾਲਾ-ਸ਼ਾਹਬਾਦ ਸੜਕ 'ਤੇ ਅੰਬਾਲਾ ਕੈਂਟ ਤੋਂ 12 ਕਿਲੋਮੀਟਰ ਬਾਅਦ ਮੋਹੜੀ, ਖਾਨਪੁਰ, ਕੇਸਰੀ ਆਦਿ ਪਿੰਡਾਂ ਰਾਹੀਂ 8 ਕਿਲੋਮੀਟਰ ਅੰਦਰ ਵੱਲ ਸਥਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ* ਸੁਸ਼ੋਭਿਤ ਹੈ। ਗੁਰਦੁਆਰਾ ਐਕਟ 1925 ਦੇ ਲੜੀ ਨੰ. 224 'ਤੇ ਅੰਬਾਲਾ ਜ਼ਿਲੇ ਦੀ ਅੰਬਾਲਾ ਤਹਿਸੀਲ ਵਿਚ ਪੈਂਦੇ ਇਸ ਪਿੰਡ ਵਿਖੇ ਗੁਰਦੁਆਰਾ ਛੰਨੀ ਦਾ ਜ਼ਿਕਰ ਆਇਆ ਹੈ। ਡਾ. ਫੌਜਾ ਸਿੰਘ ਦੱਸਦੇ ਹਨ ਕਿ ਪਹਿਲਾਂ ਇਹ ਨਿਰਮਲੇ ਸਾਧੂਆਂ ਦਾ ਟਿਕਾਣਾ ਸੀ। 1938 ਵਿਚ ਸ. ਕਾਕੂ ਸਿੰਘ, ਪਿੰਡ ਦਾਦੂ ਮਾਜਰਾ ਨੇ ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਵਾਈ ਸੀ। ਗੁਰਦੁਆਰੇ ਦੇ ਨਾਂ 5 ਕਿੱਲੇ ਜ਼ਮੀਨ ਹੈ।[1] ਸਥਾਨਿਕ ਪਰੰਪਰਾ ਦੱਸਦੀ ਹੈ ਕਿ ਜਦੋਂ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿਖੇ ਆਏ ਤਾਂ ਪਿੰਡ ਵਾਸੀਆਂ ਨੇ ਇਹਨਾਂ ਦੀ ਸੇਵਾ ਕੀਤੀ ਸੀ ਜਿਸ ਤੋਂ ਖੁਸ਼ ਹੋ ਕੇ ਗੁਰੂ ਜੀ ਨੇ ਇੱਥੇ ਅਨਾਜ ਦੀ ਥੁੜ ਨਾ ਹੋਣ ਦਾ ਬਚਨ ਕੀਤਾ ਸੀ।


ਗੁਰਦੁਆਰਾ ਸਾਹਿਬ ਦੇ ਨਾਲ ਹੀ ਇਕ ਪੁਰਾਤਨ ਨਿੰਮ ਖੜ੍ਹਾ ਹੈ। ਪੁਰਾਤਨ ਮੰਜੀ ਸਾਹਿਬ ਵਾਲੀ ਥਾਂ 'ਤੇ ਪਿੰਡ ਦੀ ਸੰਗਤ ਨੇ 2006 ਵਿਚ ਇਕ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਸੀ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਸੀ। ਪ੍ਰਕਾਸ਼ ਗੁਰਪੁਰਬ ਪਾਤਸ਼ਾਹੀ ਪਹਿਲੀ ਅਤੇ ਨੌਵੀਂ, ਸ਼ਹੀਦੀ ਗੁਰਪੁਰਬ ਪਾਤਸ਼ਾਹੀ ਨੌਵੀਂ ਅਤੇ ਬੈਸਾਖੀ ਇੱਥੇ ਪ੍ਰਮੁੱਖਤਾ ਨਾਲ ਮਨਾਏ ਜਾਂਦੇ ਹਨ। ਤਿੰਨ ਕਨਾਲ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਗ੍ਰੰਥੀ ਸਿੰਘ ਦੀ ਰਿਹਾਇਸ਼ ਆਦਿ ਬਣੇ ਹੋਏ ਹਨ। ਸਾਢੇ ਪੰਜ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਪੰਜ ਮੈਂਬਰੀ ਸਥਾਨਿਕ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

---

1. ਫੌਜਾ ਸਿੰਘ, *ਗੁਰੂ ਤੇਗ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ*, ਪੰਨਾ 206.



ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਥਾਨੇਸਰ (ਕੁਰਕਸ਼ੇਤਰ)



ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਕੈਥਲ



ਗੁਰਦੁਆਰਾ ਮੰਜੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਜੀਂਦ




ਗੁਰਦੁਆਰਾ ਥੜਾ ਸਾਹਿਬ ਪਾਤਸ਼ਾਹੀ ਨੌਵੀਂ, ਝੀਵਰਹੇੜੀ



ਗੁਰਦੁਆਰਾ ਧਮਤਾਨ ਸਾਹਿਬ ਪਾਤਸ਼ਾਹੀ ਨੌਵੀਂ, ਧਮਤਾਨ



ਗੁਰਦੁਆਰਾ ਬਨੀ-ਬਦਰਪੁਰ ਦੇ ਭੋਰੇ ਵਿਚ ਸਥਿਤ ਪੁਰਾਤਨ ਮੰਜੀ ਸਾਹਿਬ



ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ, ਪਿਹੋਵਾ



ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਬਨੀ-ਬਦਰਪੁਰ



ਗੁਰਦੁਆਰਾ ਸਾਹਿਬ ਗੁਰੂ ਤੇਗ ਬਹਾਦਰ ਜੀ, ਬਾਲੂ



ਗੁਰਦੁਆਰਾ ਸ੍ਰੀ ਮਰਦੋਂ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ, ਮਰਦੋਂ



ਗੁਰਦੁਆਰਾ ਬੰਗਲਾ ਸਾਹਿਬ, ਰੋਹਤਕ



ਗੁਰਦੁਆਰਾ ਤ੍ਰਿਵੇਣੀ ਸਾਹਿਬ ਪਾਤਸ਼ਾਹੀ ਪਹਿਲੀ, ਛੇਵੀਂ, ਨੌਵੀਂ ਅਤੇ ਦਸਵੀਂ, ਪਿੰਡ ਕਰ੍ਹਾ



ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ, ਸਿਆਣਾ ਸੈਦਾਂ

(ਉੱਤਰ ਪ੍ਰਦੇਸ਼)

ਉੱਤਰ ਪ੍ਰਦੇਸ਼ ਭਾਰਤ ਦਾ ਸਭ ਤੋਂ ਵੱਡਾ ਰਾਜ ਹੈ ਜਿਹੜਾ ਕਿ ਭਾਰਤ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰਦਾ ਹੈ। ਇੱਥੋਂ ਦੇ 15 ਨਗਰਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ ਛੋਹ ਪ੍ਰਾਪਤ ਅਸਥਾਨ ਦੇਖਣ ਨੂੰ ਮਿਲਦੇ ਹਨ। ਹਰ ਨਗਰ, ਕਸਬੇ ਅਤੇ ਪਿੰਡ ਦੇ ਲੋਕ ਆਪੋ ਆਪਣੀ ਸਮਰੱਥਾ ਅਨੁਸਾਰ ਇਹਨਾਂ ਦੀ ਸਾਂਭ-ਸੰਭਾਲ ਵਿਚ ਯੋਗਦਾਨ ਪਾ ਰਹੇ ਹਨ। ਗੰਗਾ, ਯਮੁਨਾ, ਗੋਮਤੀ, ਸਰਯੂ, ਤਾਪਸੀ ਆਦਿ ਨਦੀਆਂ ਦੇ ਕੰਢੇ 'ਤੇ ਹਿੰਦੂ ਧਰਮ ਦੇ ਪ੍ਰਮੁੱਖ ਤੀਰਥਾਂ ਦੇ ਨੇੜੇ ਸੁਸ਼ੋਭਿਤ ਇਹ ਗੁਰਧਾਮ ਪਰਮਾਤਮਾ ਦੇ ਮਾਰਗ 'ਤੇ ਚੱਲਣ ਦਾ ਸੰਦੇਸ਼ ਅਤੇ ਪ੍ਰੇਰਨਾ ਪੈਦਾ ਕਰਦੇ ਹਨ।

ਅਯੁੱਧਿਆ : ਭਾਰਤ ਦਾ ਇਹ ਇਕ ਪੁਰਾਤਨ ਨਗਰ ਹੈ। ਸ੍ਰੀ ਰਾਮਚੰਦਰ ਜੀ ਦੇ ਜਨਮ ਨਾਲ ਸੰਬੰਧਿਤ ਹੋਣ ਕਰ ਕੇ ਇਹ ਨਗਰ ਹਿੰਦੂ ਧਰਮ ਵਿਚ ਵਿਸ਼ੇਸ਼ ਸਥਾਨ ਗ੍ਰਹਿਣ ਕਰ ਗਿਆ ਹੈ। ਸਿੱਖ ਧਰਮ ਨਾਲ ਇਸ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੈ। ਪੂਰਬ ਦੀ ਉਦਾਸੀ ਸਮੇਂ ਗੁਰੂ ਜੀ ਇਸ ਨਗਰ ਵਿਖੇ ਗਏ ਸਨ ਅਤੇ ਉਹਨਾਂ ਨੇ ਆਮ ਲੋਕਾਂ ਨੂੰ ਕਰਮਕਾਂਡ ਛੱਡ ਕੇ ਪਰਮਾਤਮਾ ਨਾਲ ਜੁੜਨ ਦਾ ਉਪਦੇਸ਼ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਇਸ ਨਗਰ ਵਿਖੇ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਆਉਣ ਦਾ ਜ਼ਿਕਰ ਮਿਲਦਾ ਹੈ। ਸਰਯੂ ਨਦੀ ਦੇ ਕੰਢੇ ਬ੍ਰਹਮ ਕੁੰਡ ਵਿਖੇ ਗੁਰੂ ਸਾਹਿਬਾਨ ਦੀ ਯਾਦ ਵਿਚ ਗੁਰਧਾਮ ਮੌਜੂਦ ਹਨ ਜਿਨ੍ਹਾਂ ਦੀ ਹਾਲਤ ਸੰਬੰਧੀ ਯਾਤਰੂ ਬਿਆਨ ਕਰਦੇ ਹਨ ਕਿ ਏਥੇ ਸ੍ਰੀ ਗੁਰੂ ਨਾਨਕ ਦੇਵ, ਸ੍ਰੀ ਗੁਰੂ ਤੇਗ ਬਹਾਦਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਅਸਥਾਨ ਨਾਲ-ਨਾਲ ਹਨ, ਦੋ ਤਾਂ ਮੰਜੀ ਸਾਹਿਬ ਦੀ ਸ਼ਕਲ ਵਿਚ ਹੀ ਹਨ ਇਕ ਥਾਂ ਇਮਾਰਤ ਹੈ। ਨਿਹੰਗ ਸਿੰਘ ਪੁਜਾਰੀ ਹੈ।[1] ਤਿੰਨ ਗੁਰੂ ਸਾਹਿਬਾਨ ਦੀ ਯਾਦ ਵਿਚ ਇੱਥੇ *ਗੁਰਦੁਆਰਾ ਬ੍ਰਹਮਕੁੰਡ ਸਾਹਿਬ* ਸੁਸ਼ੋਭਿਤ ਹੈ ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:

1. **ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ :** ਪੂਰਬ ਦੀ ਉਦਾਸੀ ਦੌਰਾਨ ਨਦੀ ਦੇ ਰਸਤੇ ਰਾਹੀਂ ਗੁਰੂ ਨਾਨਕ ਦੇਵ ਜੀ ਇਸ ਨਗਰ ਵਿਖੇ ਸਰਯੂ ਨਦੀ ਦੇ ਕੰਢੇ 'ਤੇ ਪੁੱਜੇ ਸਨ। ਇੱਥੇ ਇਹਨਾਂ ਨੇ ਬੇਲ ਦੇ ਇਕ ਪੁਰਾਤਨ ਰੁੱਖ ਹੇਠਾਂ ਡੇਰਾ ਲਾਇਆ ਜਿਹੜਾ ਕਿ ਹਾਲੇ ਵੀ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਰੁੱਖ ਦੇ ਹੇਠਾਂ ਬੈਠ ਕੇ ਗੁਰੂ ਜੀ ਨੇ ਸਥਾਨਿਕ ਧਾਰਮਿਕ ਆਗੂਆਂ ਨਾਲ ਵਿਚਾਰ-ਚਰਚਾ ਕੀਤੀ ਸੀ। ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਗੁਰੂ ਨਾਨਕ ਦੇਵ ਜੀ* ਸੁਸ਼ੋਭਿਤ ਹੈ। ਇਸ ਗੁਰਧਾਮ ਦੇ ਕੰਪਲੈਕਸ ਵਿਚ ਹੀ ਇਕ ਪੁਰਾਤਨ ਖੂਹ ਮੌਜੂਦ ਹੈ ਜਿਸ ਨੂੰ *ਗੁਰੂ ਨਾਨਕ ਦੁੱਖ ਭੰਜਣੀ ਕੂਪ* ਕਿਹਾ ਜਾਂਦਾ ਹੈ।
2. **ਤਪ ਅਸਥਾਨ ਗੁਰੂ ਤੇਗ ਬਹਾਦਰ ਜੀ :** ਪੂਰਬ ਦੀ ਯਾਤਰਾ ਦੌਰਾਨ ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਆਏ ਤਾਂ ਉਹਨਾਂ ਇੱਥੇ ਕੁੱਝ ਦਿਨ ਤਪ ਕੀਤਾ ਸੀ। ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਸਥਿਤ ਗੁਰਧਾਮ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇਕ ਭੌਰਾ ਬਣਿਆ ਹੋਇਆ ਹੈ ਜਿਸ ਨੂੰ *ਤਪ ਅਸਥਾਨ ਗੁਰੂ ਤੇਗ ਬਹਾਦਰ ਜੀ* ਕਿਹਾ ਜਾਂਦਾ ਹੈ। ਇਸ ਦੇ ਨਾਲ ਹੀ ਗੁਰੂ ਜੀ ਦੀ ਯਾਦ ਵਿਚ ਇਕ ਯਾਤਰੀ ਹਾਲ ਵੀ ਬਣਿਆ ਹੋਇਆ ਹੈ। ਇਸ ਅਸਥਾਨ 'ਤੇ ਗੁਰੂ ਜੀ ਨੇ ਇਕ ਬ੍ਰਾਹਮਣ ਨੂੰ ਆਪਣੀਆਂ ਖੜਾਵਾਂ ਦਿੱਤੀਆਂ ਸਨ ਜਿਹੜੀਆਂ ਕਿ ਹਾਲੇ ਵੀ ਸੰਭਾਲ ਕੇ ਰੱਖੀਆਂ ਹੋਈਆਂ ਹਨ।
3. **ਕੌਤਕ ਅਸਥਾਨ ਪਾਤਸ਼ਾਹੀ 10 :** ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਸੁਸ਼ੋਭਿਤ ਅਸਥਾਨ ਦੇ ਸਾਹਮਣੇ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ *ਕੌਤਕ ਅਸਥਾਨ ਪਾਤਸ਼ਾਹੀ 10*

1. ਹਜ਼ੂਰੀ ਸਪੈਸ਼ਲ ਟ੍ਰੇਨ, *ਖ਼ਾਲਸਾ ਸਮਾਚਾਰ,* 10.4.1930, ਪੰਨਾ 3.

ਸਸ਼ੋਭਿਤ ਹੈ। ਇਸੇ ਅਸਥਾਨ 'ਤੇ ਹੀ ਗੁਰੂ ਸਾਹਿਬਾਨ ਨਾਲ ਸੰਬੰਧਿਤ ਸਮੂਹ ਨਿਸ਼ਾਨੀਆਂ ਸੰਭਾਲ ਕੇ ਰੱਖੀਆਂ ਹੋਈਆਂ ਹਨ। ਗੁਰੂ ਤੇਗ ਬਹਾਦਰ ਜੀ ਦੀਆਂ ਖੜਾਵਾਂ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਜੀ ਦੇ ਪੁਰਾਤਨ ਸਰੂਪ, ਮਾਤਾ ਗੁਜਰੀ ਜੀ ਦਾ ਚਕਲਾ ਅਤੇ ਕੁੱਝ ਪੁਰਾਤਨ ਸ਼ਸਤਰ ਸੰਗਤਾਂ ਦੇ ਦਰਸ਼ਨਾਂ ਲਈ ਰੱਖੇ ਹੋਏ ਹਨ।

ਲਗ-ਪਗ 4 ਏਕੜ ਜ਼ਮੀਨ 'ਤੇ ਉਕਤ ਸਾਰੇ ਗੁਰਧਾਮ ਅਤੇ ਮਹੰਤ ਜੀ ਦੀ ਰਿਹਾਇਸ਼ ਮੌਜੂਦ ਹੈ। ਇਸ ਅਸਥਾਨ 'ਤੇ ਸਭ ਤੋਂ ਪਹਿਲਾਂ ਮਹੰਤ ਗੁਲਾਬ ਸਿੰਘ ਨੇ 1802 ਵਿਚ ਗੁਰੂ ਸਾਹਿਬਾਨ ਦੀ ਯਾਦ ਵਿਚ ਇਕ ਇਮਾਰਤ ਦੀ ਉਸਾਰੀ ਅਰੰਭ ਕਰਵਾਈ ਸੀ। ਇਹਨਾਂ ਦੇ ਉੱਤਰਾਧਿਕਾਰੀ ਮਹੰਤ ਸ਼ਤਰੂਜੀਤ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਉਸਾਰੀ ਸੰਪੂਰਨ ਕਰਵਾ ਕੇ 1919 ਵਿਚ ਇਸ ਨੂੰ ਰਜਿਸਟਰ ਕਰਵਾਇਆ ਸੀ। ਇਸੇ ਸਾਲ ਇਹਨਾਂ ਦੇ ਅਕਾਲ ਚਲਾਣੇ ਉਪਰੰਤ ਮਹੰਤ ਜਸਵੰਤ ਸਿੰਘ ਨੇ 1919 ਤੋਂ 1931 ਤੱਕ ਇਸ ਅਸਥਾਨ ਦੀ ਸੇਵਾ ਕੀਤੀ। ਇਹਨਾਂ ਤੋਂ ਬਾਅਦ 1999 ਤੱਕ ਮਹੰਤ ਨਰਾਇਣ ਸਿੰਘ ਅਤੇ ਫਿਰ ਇਹਨਾਂ ਦੇ ਪੁੱਤਰ ਮਹੰਤ ਹਰਭਜਨ ਸਿੰਘ ਨੇ 2003 ਤੱਕ ਇਸ ਅਸਥਾਨ ਦੀ ਸੇਵਾ ਨਿਭਾਈ। ਮੌਜੂਦਾ ਸਮੇਂ ਵਿਚ ਮਹੰਤ ਬਲਜੀਤ ਸਿੰਘ ਜੀ ਇਸ ਅਸਥਾਨ 'ਤੇ ਸੇਵਾ ਨਿਭਾ ਰਹੇ ਹਨ। ਇਹਨਾਂ ਦੇ ਭਰਾ ਭਾਈ ਬਲਜੀਤ ਸਿੰਘ ਵੀ ਇਸ ਅਸਥਾਨ ਦੀ ਸੇਵਾ-ਸੰਭਾਲ ਵਿਚ 1981 ਤੋਂ ਯੋਗਦਾਨ ਪਾ ਰਹੇ ਹਨ।

ਅਹਰੌਰਾ : ਮਿਰਜ਼ਾਪੁਰ ਜ਼ਿਲੇ ਵਿਚ ਬਨਾਰਸ ਤੋਂ ਲਗ-ਪਗ 50 ਕਿਲੋਮੀਟਰ ਦੀ ਦੂਰੀ 'ਤੇ ਇਹ ਨਗਰ ਸਥਿਤ ਹੈ। ਪੂਰਬ ਦੀ ਯਾਤਰਾ ਸਮੇਂ ਮਿਰਜ਼ਾਪੁਰ ਤੋਂ ਚੁਨਾਰ[1] ਹੋ ਕੇ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਸਨ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਬਾਗ਼ ਸ੍ਰੀ ਗੁਰੂ ਤੇਗ ਬਹਾਦਰ ਜੀ* ਸਸ਼ੋਭਿਤ ਹੈ। ਗੁਰੂ ਜੀ ਦੀ ਪ੍ਰੇਰਨਾ ਸਦਕਾ ਭਾਈ ਸਾਧੋ ਨੇ ਇੱਥੇ ਇਕ ਪੌਦਾ ਲਗਾਇਆ ਸੀ ਜਿਹੜਾ ਕਿ ਹੌਲੀ-ਹੌਲੀ ਇਕ ਬਾਗ਼ ਦਾ ਰੂਪ ਧਾਰਨ ਕਰ ਗਿਆ। ਗੁਰੂ ਜੀ ਦੁਆਰਾ ਇੱਥੇ ਬਾਗ਼ ਲਗਾਏ ਜਾਣ ਕਰਕੇ ਇਹ ਅਸਥਾਨ ਗੁਰੂ ਬਾਗ਼ ਵਜੋਂ ਪ੍ਰਸਿੱਧ ਹੋ ਗਿਆ। ਇਸ ਅਸਥਾਨ ਨੂੰ *ਬਾਗ਼ ਸ੍ਰੀ ਗੁਰੂ ਤੇਗ ਬਹਾਦਰ ਜੀ ਅਕਾਲੀ ਸੰਗਤ* ਵੀ ਕਿਹਾ ਜਾਂਦਾ ਹੈ।

ਇਸ ਅਸਥਾਨ ਦੀ ਮੌਜੂਦਾ ਇਮਾਰਤ ਦੀ ਉਸਾਰੀ ਵਿਚ ਸੰਤ ਬਾਬਾ ਨਿਹਾਲ ਸਿੰਘ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ 1940 ਵਿਚ ਇਹ ਮੌਜੂਦਾ ਪਾਕਿਸਤਾਨ ਦੇ ਲਾਲਾ ਮੂਸਾ ਤੋਂ ਇੱਥੇ ਆ ਕੇ ਵੱਸ ਗਏ ਸਨ ਅਤੇ 1960 ਵਿਚ ਇਹਨਾਂ ਨੇ ਗੁਰੂ ਜੀ ਨਾਲ ਸੰਬੰਧਿਤ ਪੁਰਾਤਨ ਅਸਥਾਨ 'ਤੇ ਇਕ ਨਵੇਂ ਗੁਰਧਾਮ ਦੀ ਉਸਾਰੀ ਕਰਵਾਈ ਸੀ। 1975 ਵਿਚ ਇਹ ਇੱਥੋਂ ਬਰੇਲੀ ਚਲੇ ਗਏ ਸਨ ਅਤੇ ਇਸੇ ਸਾਲ 30 ਅਕਤੂਬਰ 1975 ਨੂੰ ਉੱਥੇ ਅਕਾਲ ਚਲਾਣਾ ਕਰ ਗਏ ਸਨ। ਇਸ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਇਕ ਹੱਥ-ਲਿਖਤ ਸਰੂਪ ਸੰਭਾਲ ਕੇ ਰੱਖਿਆ ਹੋਇਆ ਹੈ। ਗੁਰੂ ਤੇਗ

1. ਮਿਰਜ਼ਾਪੁਰ ਤੋਂ ਅਹਰੌਰਾ ਜਾਂਦੇ ਹੋਏ 35 ਕਿਲੋਮੀਟਰ ਦੀ ਦੂਰੀ 'ਤੇ ਚੁਨਾਰ ਨਗਰ ਹੈ ਜਿੱਥੇ ਸਥਿਤ ਚੁਨਾਰ ਦੇ ਕਿਲ੍ਹੇ ਦਾ ਮਾਹਰ ਕਾਰੀਗਰ ਭਾਈ ਰਾਮ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਇਕ ਤੋਪ ਤਿਆਰ ਕਰਕੇ ਇਸ ਨੇ ਉਹਨਾਂ ਨੂੰ ਭੇਟ ਕੀਤੀ ਸੀ। ਸੁੱਖਾ ਸਿੰਘ ਦੱਸਦਾ ਹੈ – ਗੜ ਚਿਨਾਲ ਰਾਜਤ ਜਿਹ ਥਾਨੈ। ਕਾਸੀ ਦੇਸ ਦੁਰਗੇਸ ਬਖਾਨੈ। ਤਿਹ ਪੁਰ ਕੋ ਬਾਸੀ ਬਰ ਬੀਰਾ। ਰਾਮ ਸਿੰਘ ਪੰਕਜ ਪਗ ਤੀਰਾ॥284॥ ਯੋ ਪ੍ਰਭ ਜੁ ਜਬ ਬਚਨ ਉਚਾਰੇ। ਤੌਨੇ ਸਿਖਯ ਕਾਨ ਨਿਜ ਧਾਰੇ। ਤਤਛਿਨ ਗਯੋ ਤੌਨ ਹੀ ਜਾਈ। ਧਰੀ ਬਨਾਇ ਤੋਪ ਜਿਤ ਆਈ॥285॥ *ਗੁਰ ਬਿਲਾਸ ਪਾਤਸ਼ਾਹੀ 10*, ਪੰਨਾ 113; ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਭੰਗਾਣੀ ਦੇ ਯੁੱਧ ਵਿਚ "ਭਾਈ ਰਾਮਾ ਤ੍ਰਖਾਣ ਸਿੱਖ ਚੰਡਾਲ ਗੜੀਆ ਦੋ ਤੋਪਾਂ ਗੱਡੇ 'ਤੇ ਲਦਵਾ ਕੇ ਗੁਰੂ ਜੀ ਪਾਸ ਲੈ ਆਯਾ।" *ਤਵਾਰੀਖ਼ ਗੁਰੂ ਖ਼ਾਲਸਾ*, ਭਾਗ ਪਹਿਲਾ – ਪੰਨਾ 834; ਇਸੇ ਕਿਲ੍ਹੇ ਵਿਚ ਹੀ ਮਹਾਰਾਣੀ ਜਿੰਦਾ ਨੂੰ ਕੈਦ ਕੀਤਾ ਗਿਆ ਸੀ ਜਿਥੋਂ ਇਹ ਭੱਜ ਕੇ ਨੇਪਾਲ ਚਲੀ ਗਈ ਸੀ।

ਬਹਾਦਰ ਜੀ ਦਾ ਪ੍ਰਕਾਸ਼ ਪੁਰਬ ਇੱਥੇ ਪ੍ਰਮੁੱਖਤਾ ਨਾਲ ਮਨਾਇਆ ਜਾਂਦਾ ਹੈ। ਨੌਂ ਮੈਂਬਰੀ ਪ੍ਰਬੰਧਕ ਕਮੇਟੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੀ ਹੈ। ਗੁਰਦੁਆਰਾ ਸਾਹਿਬ ਦੀ ਅੱਧਾ ਏਕੜ ਜ਼ਮੀਨ 'ਤੇ ਦਰਬਾਰ ਹਾਲ ਅਤੇ ਸੇਵਾਦਾਰਾਂ ਲਈ ਤਿੰਨ ਕਮਰੇ ਬਣੇ ਹੋਏ ਹਨ। ਇਕ ਵਿੱਘੇ ਵਿਚ ਬਾਗ਼ ਲੱਗਿਆ ਹੋਇਆ ਹੈ। 1939 ਦਾ ਲੱਗਿਆ ਹੋਇਆ ਇਕ ਪੱਥਰ ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਦੇ ਆਗਮਨ ਅਤੇ ਸੋਭਾ ਦਾ ਵਰਨਨ ਹਿੰਦੀ ਭਾਸ਼ਾ ਵਿਚ ਇਸ ਤਰ੍ਹਾਂ ਕਰਦਾ ਹੈ:

ਸ੍ਰੀ ਗੁਰੁਦੇਵ ਮਹਾਰਾਜ ਹਰਿਨਾਮ ਦਾਤਾ, ਤੇਗ ਜੁ ਬਹਾਦਰ ਹੈਂ ਨਵਮ ਗਾਦੀ ਨਾਥ ਜੂ।
ਪੂਰਬ ਕੀ ਔਰ ਜਬ ਤੀਰਥ ਕਰਨ ਆਯੇ, ਸੰਗਤ ਸਮੇਤ ਕੀਨਹੋਂ ਦਾਸਨ ਸਨਾਥ ਜੂ।
ਗੰਗਾ ਔਰ ਯਮੁਨਾ ਸੁਸੰਗਮ ਨਹਾਨ ਕਰਿ, ਪਹੁੰਚੇ ਪ੍ਰਯਾਗ ਜਾਗੇ ਭਾਗ ਹੈ ਅਨਾਥ ਜੂ।
ਤਟ ਤ੍ਰਿਬੇਣੀ ਬੇਨੀ ਮਾਧੋ ਕੀ ਦਰਸ਼ ਕਰਿ, ਦੀਨਹੋ ਸਰਬਸਵ ਦਾਨ ਛਾਯੋ ਯਸ਼ ਗਾਥ ਜੂ॥1॥
ਪੁਨ: ਦਿਕ ਪੂਰਬ ਕੀ ਔਰ ਤੀਰਥਰਾਜ ਹੂੰ ਤੇ, ਮਿਰਜਾਪੁਰ ਹੋਕਰ ਚੁਨਾਰ ਮੇਂ ਨਿਵਾਸੇ ਹੈਂ।
ਮਨ ਮੇਂ ਅਨੇਕ ਦਾਸ ਚਾਹਤ ਕਰਨ ਦਰਸ਼, ਉਨਕੋ ਸਨਾਥ ਕੀਨਹੋ ਪਾਵਨ ਅਵਾਸੇ ਹੈਂ।
ਆਯੇ ਥੇ ਪ੍ਰਤਿਸ਼ਠਾ ਸੇ ਅਹਰੌਰਾ ਪ੍ਰਸਿਧ ਗ੍ਰਾਮ, ਪ੍ਰੇਮ ਮੇਂ ਸਮਾਯ ਰਹੇ ਬਾਗ਼ ਗੁਰੂ ਖਾਸੇ ਹੈਂ।
ਤ੍ਵਵ ਖਾਲਸਾ ਕੀ ਪ੍ਰੀਤਿ ਰੀਤਿ ਚੀਨਹ ਸੰਗਤ ਮੇਂ, ਭੁਇਲੀ ਪਧਾਰ ਨਾਮ ਦਾਨ ਕੋ ਪ੍ਰਕਾਸ਼ੇ ਹੈਂ॥2॥

ਦੋਹਰਾ:

ਸ਼ੁਭ ਅਹਰੌਰਾ ਬਾਗ਼ ਸੇ ਮਿਰਜ਼ਾਪੁਰ ਪੁਨਿ ਹੋਯ।
ਕਾਸ਼ੀ ਨੀਚੀ ਬਾਗ਼ ਮੇਂ ਸਦਗੁਰੂ ਠਹਰੇ ਸੋਯ॥3॥

ਦੋਹਰਾ:

ਤੇਗ ਬਹਾਦੁਰ ਨਵਮ ਗੁਰੂ ਰਚਿਤ ਯਹਾਂ ਜੋ ਬਾਗ਼,
ਤਹੰ ਅਕਾਲੀ ਸੰਗਤ ਕਰਤ ਗੁਰੂ ਕੀਰਤਨ ਜਪ ਜਾਗ॥4॥

ਦੋਹਰਾ:

ਪੂਰਬ ਕੀ ਗਾਥਾ ਸੁਭਗ ਕਥੀ ਗੁਰੂ ਇਤਿਹਾਸ,
ਰਚਿ ਸ਼ੁਚਿ ਕਵਿ ਹਰਿ ਭਜਨ ਮਿਰਗ ਰਾਜ ਉਚਾਰੀ ਖਾਸ॥5॥

ਗੁਰਦੁਆਰਾ ਸਾਹਿਬ ਤੋਂ ਇਲਾਵਾ ਇਸ ਪੱਥਰ 'ਤੇ ਸ੍ਰੀਮਾਨ ਸੰਤ ਕਵਿਰਾਜ ਹਰਭਜਨ ਸਿੰਘ ਜੀ ਨਿਰਮਲ ਨੈਪਾਲੀ ਖਪਰਾ (ਕਾਸ਼ੀ); ਸ੍ਰੀ ਮਾਨ ਸੰਤ ਨਿਹਾਲ ਸਿੰਘ ਜੀ ਉਪਦੇਸ਼ਕ, ਲਾਲਾ ਮੂਸਾ ਗੁਜਰਾਤ (ਪੰਜਾਬ); ਸ੍ਰੀਮਾਨ ਪੰ. ਹਰੀਰਾਮ ਸਿੰਘ ਜੀ ਸ਼ਾਸਤਰੀ ਨਿਰਮਲ ਕਨਖਲ (ਹਰਿਦੁਆਰ), (ਇਹ ਰਾਮ ਸਿੰਘ ਝਾੜੂਵਾਲੇ ਦੇ ਨਾਂ ਨਾਲ ਪ੍ਰਸਿੱਧ ਸਨ, ਇਹਨਾਂ ਦੇ ਅਕਾਲ ਚਲਾਣੇ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਤਖ਼ਤ ਸ੍ਰੀ ਅਨੰਦਪੁਰ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਸਨ।); ਸ੍ਰੀ ਮਾਨ ਅਕਾਲੀ ਹਰੀ ਸਿੰਘ ਜੀ ਮਦੁੱਡੀ, ਦਰਭੰਗਾ (ਬਿਹਾਰ) ਦੇ ਨਾਂ ਲਿਖੇ ਹੋਏ ਹਨ।

ਆਗਰਾ : ਜਮਨਾ ਨਦੀ ਦੇ ਕੰਢੇ ਭਾਰਤ ਦਾ ਇਹ ਇਕ ਪ੍ਰਮੁੱਖ ਨਗਰ ਹੈ ਜਿਹੜਾ ਕਿ ਸੁਲਤਾਨਾਂ ਅਤੇ ਮੁਗ਼ਲਾਂ ਦੇ ਸਮੇਂ ਭਾਰਤ ਦੀ ਰਾਜਧਾਨੀ ਰਿਹਾ। ਪੂਰਬ ਦੀ ਯਾਤਰਾ ਦੌਰਾਨ ਗੁਰੂ ਤੇਗ ਬਹਾਦਰ ਜੀ ਇਸ ਨਗਰ ਵਿਖੇ ਪੁੱਜੇ ਸਨ। ਗੁਰੂ ਜੀ ਦੀ ਯਾਦ ਵਿਚ ਇੱਥੇ ਤਿੰਨ ਗੁਰਧਾਮ ਸਥਿਤ ਹਨ:

1. **ਗੁਰਦੁਆਰਾ ਮਾਈਥਾਨ :** ਇਹ ਗੁਰਦੁਆਰਾ ਆਗਰੇ ਦੀ ਸੰਘਣੀ ਵੱਸੋਂ ਦੇ ਇਕ ਮੁਹੱਲੇ ਵਿਖੇ ਸਸ਼ੋਭਿਤ ਹੈ। ਇਸ ਨਗਰ ਦੀ ਇਕ ਮਾਈ ਜੱਸੀ ਗੁਰੂ-ਘਰ ਦੀ ਸ਼ਰਧਾਲੂ ਸੀ। ਇਸ ਨੇ ਗੁਰੂ ਸਾਹਿਬ ਨੂੰ ਭੇਟ ਕਰਨ ਲਈ ਕੱਪੜੇ ਦਾ ਇਕ ਥਾਨ ਤਿਆਰ ਕੀਤਾ। ਜਦੋਂ ਗੁਰੂ ਤੇਗ ਬਹਾਦਰ ਜੀ ਇਸ ਨਗਰ ਵਿਖੇ ਪੁੱਜੇ ਤਾਂ ਮਾਈ ਨੂੰ ਦਰਸ਼ਨ ਦੇਣ ਲਈ ਉਸ ਦੇ ਘਰ ਗਏ। ਗੁਰੂ ਜੀ ਨੇ ਮਾਈ ਜੱਸੀ ਦੁਆਰਾ ਤਿਆਰ ਕੀਤਾ ਕੱਪੜੇ ਦਾ ਥਾਨ ਪ੍ਰਾਪਤ ਕੀਤਾ ਜਿਸ ਤੋਂ ਇਸ ਅਸਥਾਨ ਦਾ ਨਾਂ *ਗੁਰਦੁਆਰਾ ਮਾਈਥਾਨ* ਪ੍ਰਸਿੱਧ ਹੋ ਗਿਆ। ਮਾਈ ਦਾ ਘਰ ਆਗਰੇ ਦੇ ਇਕ ਪੁਰਾਣੇ ਮੁਹੱਲੇ ਵਿਚ ਸਥਿਤ ਸੀ ਜਿੱਥੇ ਹੁਣ ਸੰਘਣੀ ਵੱਸੋਂ ਹੈ। ਹੁਣ ਇਹ ਮੁਹੱਲਾ ਮਾਈਥਾਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਅਸਥਾਨ 'ਤੇ ਖੂਹ ਲਵਾਉਣ ਲਈ ਗੁਰੂ ਜੀ ਨੇ ਆਪ ਟੱਕ ਲਾਇਆ ਸੀ ਜਿਸ ਦਾ ਪਾਣੀ ਮਿੱਠਾ ਨਿਕਲਿਆ। ਮਿੱਠੇ ਜਲ ਵਾਲਾ ਇਹ ਪੁਰਾਤਨ ਖੂਹ ਹਾਲੇ ਵੀ ਇੱਥੇ ਮੌਜੂਦ ਹੈ।

ਸੰਮਤ 1975 (ਸੰਨ 1918) ਵਿਚ ਇਸ ਅਸਥਾਨ ਦੀ ਸੇਵਾ ਰਾਇ ਬਹਾਦਰ ਸਰਦਾਰ ਬੂਟਾ ਸਿੰਘ ਰਵਾਲਪਿੰਡੀ ਵਾਲੇ ਠੇਕੇਦਾਰ ਨੇ ਕਰਵਾਈ ਸੀ।[1] ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ 2014 ਵਿਚ ਤਿਆਰ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਇਸ ਇਮਾਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਲਗ-ਪਗ ਸਵਾ ਏਕੜ ਜ਼ਮੀਨ 'ਤੇ ਜ਼ਮੀਨੀ ਮੰਜ਼ਲ 'ਤੇ ਦਰਬਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਇਸ ਦੇ ਉਪਰ ਪਹਿਲੀ ਮੰਜ਼ਲ 'ਤੇ ਇਕ ਵੱਡਾ ਦਰਬਾਰ ਹਾਲ ਬਣਾਇਆ ਗਿਆ ਹੈ ਜਿਸ ਵਿਚ ਵਿਸ਼ੇਸ਼ ਮੌਕਿਆਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਦੂਜੀ ਮੰਜ਼ਲ 'ਤੇ ਇਕ ਹਾਲ ਅਤੇ ਸੁੱਖ ਆਸਣ ਅਸਥਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਹੱਥ-ਲਿਖਤ ਬੀੜ ਵੀ ਇੱਥੇ ਸੰਭਾਲ ਕੇ ਰੱਖੀ ਹੋਈ ਹੈ। ਇਸ ਤੋਂ ਇਲਾਵਾ ਅੰਗਰੇਜ਼ਾਂ ਦੇ ਸਮੇਂ ਤਿਆਰ ਕੀਤਾ ਗਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਇੰਚ ਦਾ ਸਰੂਪ ਵੀ ਇੱਥੇ ਮੌਜੂਦ ਹੈ।

ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਯਾਤਰੀਆਂ ਦੇ ਨਿਵਾਸ ਲਈ 12 ਕਮਰੇ ਅਤੇ ਤਿੰਨ ਹਾਲ ਤਿਆਰ ਕੀਤੇ ਗਏ ਹਨ। ਲੰਗਰ ਹਾਲ ਅਤੇ ਪਾਰਕਿੰਗ ਲਈ ਵੱਖਰੇ ਤੌਰ 'ਤੇ ਪ੍ਰਬੰਧ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਇਕ ਵੱਡੇ ਹਾਲ ਕਮਰੇ ਵਿਚ ਕੀਤਾ ਹੋਇਆ ਹੈ ਅਤੇ ਸੰਗਤ ਦੀਆਂ ਲੋੜਾਂ ਅਨੁਸਾਰ ਇਕ ਹੋਰ ਬਹੁ-ਮੰਜ਼ਲਾ ਹਾਲ ਦੀ ਉਸਾਰੀ ਕੀਤੀ ਹੋਈ ਹੈ। 'ਸਿੰਘ ਸਭਾ' ਦੇ ਪ੍ਰਭਾਵ ਅਧੀਨ 1944 ਵਿਚ ਇੱਥੇ ਸਿੰਘ ਸਭਾ ਦੀ ਵੀ ਸਥਾਪਨਾ ਹੋਈ। ਆਗਰਾ ਸਿੱਖ ਸੰਗਤ ਦੀ ਚੁਣੀ ਹੋਈ 11 ਮੈਂਬਰੀ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ। ਸ. ਕੰਵਲਦੀਪ ਸਿੰਘ ਇਸ ਕਮੇਟੀ ਦੇ ਪ੍ਰਧਾਨ ਹਨ ਅਤੇ ਗਿਆਨੀ ਕੁਲਵਿੰਦਰ ਸਿੰਘ ਗ੍ਰੰਥੀ ਸਿੰਘ ਦੀ ਸੇਵਾ ਨਿਭਾ ਰਹੇ ਹਨ।

2. **ਗੁਰਦੁਆਰਾ ਗੁਰੂ ਕਾ ਤਾਲ :** ਇਹ ਗੁਰਦੁਆਰਾ ਆਗਰੇ ਦੇ ਬਾਹਰਵਾਰ ਮੁੱਖ ਸੜਕ 'ਤੇ ਸਸ਼ੋਭਿਤ ਹੈ। ਸਿਕੰਦਰਾ ਤੋਂ ਲਗ-ਪਗ 2 ਕਿਲੋਮੀਟਰ ਦੀ ਦੂਰੀ 'ਤੇ ਹੋਣ ਕਰ ਕੇ ਇਸ ਨੂੰ ਇਸ ਨਗਰ ਨਾਲ ਵੀ ਜੋੜ ਕੇ ਦੇਖਿਆ ਜਾਂਦਾ ਹੈ। ਇਸ ਅਸਥਾਨ ਨਾਲ ਇਕ ਸਾਖੀ ਜੁੜੀ ਹੋਈ ਹੈ ਕਿ ਇੱਥੋਂ ਦੇ ਇਕ ਨੇੜਲੇ ਪਿੰਡ ਕਕਰੇਠਾ ਵਿਖੇ ਰਹਿਣ ਵਾਲੇ ਇਕ ਮੁਸਲਮਾਨ ਹਸਨ ਅਲੀ ਦੀਆਂ ਦੋ ਧੀਆਂ ਵਿਆਹੁਣਯੋਗ ਸਨ। ਇਸ ਨੂੰ ਉਹਨਾਂ ਦੇ ਵਿਆਹ ਦੀ ਚਿੰਤਾ ਸੀ। ਇਕ ਦਿਨ ਇਹ ਪਸ਼ੂ ਚਰਾ ਰਿਹਾ ਸੀ ਕਿ ਗੁਰੂ ਤੇਗ ਬਹਾਦਰ ਜੀ ਇਸ ਕੋਲ ਪੁੱਜੇ ਅਤੇ ਭੁੱਖ ਦਾ ਹਵਾਲਾ ਦੇ ਕੇ ਖਾਣ ਲਈ ਕੁੱਝ ਲਿਆਉਣ ਲਈ ਕਿਹਾ। ਗੁਰੂ ਜੀ ਨੇ ਇਸ ਨੂੰ ਆਪਣੀ ਕੀਮਤੀ ਮੁੰਦਰੀ ਅਤੇ ਸ਼ਾਲ ਦੇ ਕੇ ਬਜ਼ਾਰ ਭੇਜਿਆ ਤਾਂ ਕਿ ਇਹਨਾਂ ਵਸਤਾਂ ਨੂੰ ਵੇਚ ਕੇ ਖਾਣ ਲਈ ਕੁੱਝ ਲੈ ਆਵੇ। ਜਦੋਂ ਹਸਨ ਅਲੀ ਦੁਕਾਨ 'ਤੇ ਪੁੱਜਾ ਅਤੇ ਇਸ ਨੇ ਉਹ ਕੀਮਤੀ ਵਸਤਾਂ ਵੇਚਣੀਆਂ ਚਾਹੀਆਂ ਜਿਨ੍ਹਾਂ ਨੂੰ ਦੇਖ ਕੇ ਦੁਕਾਨਦਾਰ ਹੈਰਾਨ ਰਹਿ ਗਿਆ। ਚੋਰੀ ਦੀ

1. ਗਿਆਨੀ ਠਾਕਰ ਸਿੰਘ, *ਸ੍ਰੀ ਗੁਰਦੁਆਰੇ ਦਰਸ਼ਨ,* ਪੰਨਾ 182.

ਸ਼ੰਕਾ ਜਾਣ ਕੇ ਉਸ ਨੇ ਪੁਲਿਸ ਕੋਲ ਰਿਪੋਰਟ ਦਰਜ ਕਰਵਾ ਦਿੱਤੀ ਅਤੇ ਅਖ਼ੀਰ ਇਹ ਗੱਲ ਗੁਰੂ ਤੇਗ ਬਹਾਦਰ ਜੀ ਤੱਕ ਪੁੱਜ ਗਈ ਜਿਹੜੇ ਕਿ ਸਮੇਂ ਦੀ ਹਕੂਮਤ ਦੇ ਜਬਰ ਅਤੇ ਜ਼ੁਲਮ ਵਿਰੁੱਧ ਗ੍ਰਿਫ਼ਤਾਰੀ ਦੇਣ ਲਈ ਆਗਰੇ ਗਏ ਸਨ। ਗ੍ਰਿਫ਼ਤਾਰੀ ਦੇਣ ਤੋਂ ਪਹਿਲਾਂ ਗੁਰੂ ਜੀ ਨੇ ਹਸਨ ਅਲੀ ਨੂੰ ਕਿਹਾ ਕਿ ਉਹ ਉਹਨਾਂ ਦੀ ਗ੍ਰਿਫ਼ਤਾਰੀ ਲਈ ਰੱਖੀ ਗਈ ਇਨਾਮ ਦੀ ਰਾਸ਼ੀ ਲੈ ਕੇ ਆਪਣੀਆਂ ਧੀਆਂ ਦੇ ਵਿਆਹ ਕਰ ਲਵੇ।

ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ ਇਕ ਸੁੰਦਰ ਗੁਰਧਾਮ *ਗੁਰਦੁਆਰਾ ਦੁਖ ਨਿਵਾਰਨ ਗੁਰੂ ਕਾ ਤਾਲ* ਸੁਸ਼ੋਭਿਤ ਹੈ। ਇਸ ਕੰਪਲੈਕਸ ਵਿਖੇ ਜਿਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਨੇ ਗ੍ਰਿਫ਼ਤਾਰ ਹੋਣ ਤੋਂ ਪਹਿਲਾਂ ਕੌਤਕ ਕੀਤਾ ਸੀ ਉੱਥੇ *ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ* ਮੌਜੂਦ ਹੈ। 1971 ਵਿਚ ਬਾਬਾ ਸਾਧੂ ਸਿੰਘ ਜੀ ਮੋਨੀ ਸੰਗਤ ਦੀ ਬੇਨਤੀ 'ਤੇ ਧੂਲੀਆ, ਮਹਾਰਾਸ਼ਟਰ, ਤੋਂ ਇੱਥੇ ਆਏ ਸਨ। ਜਦੋਂ ਇਹ ਇੱਥੇ ਆਏ ਤਾਂ ਗੁਰਦੁਆਰਾ ਸਾਹਿਬ ਦੀ ਇਕ ਪੁਰਾਤਨ ਇਮਾਰਤ ਅਤੇ ਇਕ ਤਾਲ ਇੱਥੇ ਮੌਜੂਦ ਸੀ ਜਿਸ ਦੀ ਸਾਂਭ-ਸੰਭਾਲ ਲਈ ਇਹਨਾਂ ਨੇ ਭਰਪੂਰ ਯਤਨ ਕੀਤੇ। ਪੰਜਾਬ ਤੋਂ ਹਜ਼ੂਰ ਸਾਹਿਬ ਨੂੰ ਜਾਂਦੀ ਮੁੱਖ ਸੜਕ 'ਤੇ ਹੋਣ ਕਰਕੇ ਸੰਗਤ ਦੀ ਸਹੂਲਤ ਲਈ ਇਹਨਾਂ ਨੇ ਸੁਚਾਰੂ ਪ੍ਰਬੰਧ ਕੀਤੇ। ਮੌਜੂਦਾ ਸਮੇਂ ਵਿਚ ਇਹ ਅਸਥਾਨ 35 ਏਕੜ ਜ਼ਮੀਨ 'ਤੇ ਮੌਜੂਦ ਹੈ ਜਿਸ ਵਿਚ *ਗੁਰਦੁਆਰਾ ਮੰਜੀ ਸਾਹਿਬ*, ਇਕ ਵੱਡਾ ਦਰਬਾਰ ਹਾਲ, ਭਾਈ ਨੰਦ ਲਾਲ ਦੀਵਾਨ ਹਾਲ, ਪੁਰਾਤਨ ਖੂਹ, ਭੌਰਾ ਸਾਹਿਬ, ਲੰਗਰ ਹਾਲ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਮਤਿ ਸੰਗੀਤ ਵਿਦਿਆਲਯ, ਡਿਸਪੈਂਸਰੀ, ਦਫ਼ਤਰ, 48 ਕਮਰੇ ਭਾਈ ਗੁਰਦਾਸ ਜੀ ਯਾਤਰੀ ਨਿਵਾਸ, 48 ਕਮਰੇ ਸੰਤ ਬਾਬਾ ਸਾਧੂ ਸਿੰਘ ਜੀ ਮੋਨੀ ਏ.ਸੀ. ਯਾਤਰੀ ਨਿਵਾਸ, ਸੰਗਤ ਦੇ ਨਿਵਾਸ ਲਈ 5 ਵੱਡੇ ਹਾਲ, 20 ਹੋਰ ਰਿਹਾਇਸ਼ੀ ਕਮਰੇ, ਲਗ-ਪਗ 150 ਕਮਰੇ ਸੇਵਾਦਾਰਾਂ ਲਈ, 7 ਦੁਕਾਨਾਂ ਆਦਿ ਦੇ ਨਾਲ-ਨਾਲ ਟਰੱਕਾਂ, ਬੱਸਾਂ ਅਤੇ ਕਾਰਾਂ ਲਈ ਪਾਰਕਿੰਗ ਬਣੀ ਹੋਈ ਹੈ। ਮੌਜੂਦਾ ਸਮੇਂ ਵਿਚ ਬਾਬਾ ਪ੍ਰੀਤਮ ਸਿੰਘ ਇਸ ਅਸਥਾਨ ਦੀ ਸੇਵਾ-ਸੰਭਾਲ ਕਰ ਰਹੇ ਹਨ ਅਤੇ ਗਿਆਨੀ ਹਰਬੰਸ ਸਿੰਘ ਮੁੱਖ ਗ੍ਰੰਥੀ ਦੀ ਸੇਵਾ ਨਿਭਾ ਰਹੇ ਹਨ। ਗੁਰੂ ਕਾ ਤਾਲ, ਪੁਰਾਤਨ ਖੂਹ ਅਤੇ ਲੈਮੀਨੇਸ਼ਨ ਕੀਤੀਆਂ ਹੋਈਆਂ ਪੁਰਾਤਨ ਇਮਾਰਤਾਂ ਸੰਗਤਾਂ ਦੀ ਖਿੱਚ ਦਾ ਕੇਂਦਰ ਹਨ।

3. **ਗੁਰਦੁਆਰਾ ਮਿੱਠਾ ਖੂਹ ਸਾਹਿਬ :** *ਗੁਰਦੁਆਰਾ ਦੁਖ ਨਿਵਾਰਨ ਗੁਰੂ ਕਾ ਤਾਲ* ਦੇ ਨਾਲ ਹੀ ਇਹ *ਗੁਰਦੁਆਰਾ ਮਿੱਠਾ ਖੂਹ ਸਾਹਿਬ* ਮੌਜੂਦ ਹੈ। ਪਹਿਲਾਂ ਇਹ ਕਕਰੇਠਾ ਪਿੰਡ ਦੀ ਜ਼ਮੀਨ ਸੀ ਅਤੇ ਜਦੋਂ ਇੱਥੇ ਪਲਾਟ ਕੱਟੇ ਗਏ ਤਾਂ ਇਸ ਦਾ ਨਾਂ ਮਹਾਰਿਸ਼ੀਪੁਰਮ ਪੈ ਗਿਆ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਗੁਰਦੁਆਰਾ ਸਾਹਿਬ ਦੇ ਨਾਲ ਲੱਗਦੇ ਗੁਰੂ ਕਾ ਤਾਲ ਤੋਂ ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਆਏ ਸਨ ਅਤੇ ਉਹਨਾਂ ਨੇ ਸੰਗਤ ਦੀ ਬੇਨਤੀ 'ਤੇ ਇੱਥੇ ਮੌਜੂਦ ਖੂਹ ਦਾ ਪਾਣੀ ਮਿੱਠਾ ਕੀਤਾ ਸੀ। ਪਿਛਲੀ ਸਦੀ ਦੌਰਾਨ ਬਾਬਾ ਸੁਰਿੰਦਰ ਸਿੰਘ ਨੇ ਇਸ ਅਸਥਾਨ ਦੀ ਸੰਭਾਲ ਲਈ ਯਤਨ ਕੀਤੇ ਸਨ ਅਤੇ ਉਹਨਾਂ ਨੇ ਹੀ ਇਸ ਨੂੰ ਮੌਜੂਦਾ ਰੂਪ ਪ੍ਰਦਾਨ ਕੀਤਾ ਹੈ। ਇਹਨਾਂ ਦੀ ਯਾਦਗਾਰ ਵੀ ਇੱਥੇ ਮੌਜੂਦ ਹੈ। ਇਹਨਾਂ ਤੋਂ ਬਾਅਦ ਭਾਈ ਹਰਜੋਤ ਸਿੰਘ ਇਸ ਅਸਥਾਨ ਦੀ ਸੇਵਾ-ਸੰਭਾਲ ਕਰ ਰਹੇ ਹਨ। ਇਕ ਏਕੜ ਤੋਂ ਵਧੇਰੇ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਇਤਿਹਾਸਿਕ ਖੂਹ ਅਤੇ ਸੇਵਾਦਾਰਾਂ ਦੀ ਰਿਹਾਇਸ਼ ਸਮੇਤ 8 ਰਿਹਾਇਸ਼ੀ ਕਮਰੇ ਬਣੇ ਹੋਏ ਹਨ। 5 ਮੈਂਬਰੀ ਟਰੱਸਟ ਇਸ ਅਸਥਾਨ ਦਾ ਪ੍ਰਬੰਧ ਕਰਦਾ ਹੈ।

ਇਟਾਵਾ : ਜਮਨਾ ਦਰਿਆ ਦੇ ਕੰਢੇ ਉੱਤਰ ਪ੍ਰਦੇਸ਼ ਦਾ ਇਕ ਪੁਰਾਤਨ ਨਗਰ ਹੈ। ਇੱਟਾਂ ਬਣਾਉਣ ਕਰ ਕੇ ਇਸ ਦਾ ਨਾਂ ਇਟਾਵਾ ਪ੍ਰਸਿੱਧ ਹੋਇਆ। ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਬਾਬਾ ਸ੍ਰੀ ਚੰਦ ਜੀ ਦਾ ਇਸ ਨਗਰ ਵਿਖੇ ਆਗਮਨ ਦਾ ਜ਼ਿਕਰ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਪੂਰਬ ਦੀਆਂ ਯਾਤਰਾਵਾਂ ਸਮੇਂ ਇਸ ਨਗਰ ਵਿਖੇ ਆਏ ਸਨ। ਇਸ ਨਗਰ ਵਿਖੇ ਇਕ ਪੁਰਾਤਨ *ਪੂਰਬੀ ਟੋਲਾ ਉਦਾਸੀ ਅਖਾੜਾ*

ਬਣਿਆ ਹੋਇਆ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਅਤੇ ਬਾਬਾ ਸ੍ਰੀ ਚੰਦ ਜੀ ਤੋਂ ਇਲਾਵਾ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਅਤੇ ਤਸਵੀਰਾਂ ਲੱਗੀਆਂ ਹੋਈਆਂ ਹਨ। ਇਸ ਅਸਥਾਨ 'ਤੇ ਸੇਵਾ ਕਰਨ ਵਾਲੇ ਉਦਾਸੀ ਮਹੰਤਾਂ ਦੀਆਂ ਤਸਵੀਰਾਂ ਵੀ ਲੱਗੀਆਂ ਹੋਈਆਂ ਹਨ ਜਿਨ੍ਹਾਂ 'ਤੇ ਇਹਨਾਂ ਦੇ ਸੇਵਾ-ਕਾਲ ਦਾ ਵੀ ਜ਼ਿਕਰ ਮਿਲਦਾ ਹੈ। ਲੰਮਾ ਸਮਾਂ ਇੰਤਜ਼ਾਰ ਕਰਨ ਉਪਰੰਤ ਵੀ ਇਸ ਡੇਰੇ ਦਾ ਮਹੰਤ ਮਿਲ ਨਹੀਂ ਸਕਿਆ ਅਤੇ ਨਾ ਹੀ ਉੱਥੇ ਮੌਜੂਦ ਸੇਵਾਦਾਰਾਂ ਨੇ ਉਸ ਨੂੰ ਮਿਲਾਉਣ ਦਾ ਕੋਈ ਯਤਨ ਕੀਤਾ। ਬੱਸ ਇੰਨਾ ਹੀ ਦੱਸਿਆ ਗਿਆ ਕਿ ਗਣੇਸ਼ ਦਾਸ ਜੀ ਵੱਡੇ ਮਹੰਤ ਹਨ ਜਿਹੜੇ ਇੱਥੋਂ ਦਾ ਪ੍ਰਬੰਧ ਕਰਦੇ ਹਨ। ਇੱਥੇ ਸੇਵਾ ਕਰਨ ਵਾਲੇ ਮਹੰਤਾਂ ਦੀਆਂ ਜਿਹੜੀਆਂ ਤਸਵੀਰਾਂ ਨਜ਼ਰ ਆਈਆਂ ਉਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ:

ਬਾਬਾ ਬਿਧੀ ਚੰਦ ਜੀ (ਸੰਸਥਾਪਕ), 1690-1715
ਬਾਬਾ ਭਗਤ ਰਾਮ ਜੀ, 1830-1885
ਮਹੰਤ ਸੁਖਰਾਮ ਦਾਸ ਜੀ, 1885-1900
ਮਹੰਤ ਜਯਰਾਮ ਦਾਸ ਜੀ, 1900-1920
ਮਹੰਤ ਪਰਮਾਨੰਦ ਜੀ, 1920-1946
ਮਹੰਤ ਓਮਕਾਰਾ ਨੰਦ ਜੀ, 1946-1976
ਮਹੰਤ ਬਾਬਾ ਠਾਕੁਰ ਦਾਸ ਜੀ, 1976-1980
ਮਹੰਤ ਗਣੇਸ਼ ਦਾਸ ਜੀ, ਮੌਜੂਦਾ ਮਹੰਤ

ਇਸ ਅਸਥਾਨ 'ਤੇ ਮੌਜੂਦ ਇਕ ਸਾਧੂ ਨੇ ਦੱਸਿਆ ਕਿ ਗੁਰਮੁਖੀ ਦਾ ਇਕ ਪੁਰਾਤਨ ਹੱਥ ਲਿਖਤ ਸਰੂਪ ਇਸ ਅਸਥਾਨ 'ਤੇ ਮੌਜੂਦ ਸੀ ਜਿਹੜਾ ਕਿ ਮਰਯਾਦਾ ਦਾ ਪਾਲਣ ਨਾ ਹੋਣ ਕਰਕੇ ਸਿੱਖ ਚੁੱਕ ਕੇ ਲੈ ਗਏ ਸਨ। ਇਕ ਗਠੜੀ ਖੋਲ੍ਹ ਕੇ ਦਿਖਾਈ ਤਾਂ ਇਸ ਵਿਚ ਹਿੰਦੂ ਧਰਮ ਦੇ ਗ੍ਰੰਥਾਂ ਦੇ ਨਾਲ-ਨਾਲ ਦੋ ਭਾਗਾਂ ਵਿਚ ਹਿੰਦੀ ਭਾਸ਼ਾ ਵਿਚ ਛਪੀਆਂ ਹੋਈਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅਧੂਰੀਆਂ ਪੋਥੀਆਂ ਵੀ ਮੌਜੂਦ ਸਨ। ਇਕ ਪੁਰਾਤਨ ਖੂਹ ਵੀ ਇੱਥੇ ਮੌਜੂਦ ਹੈ। ਭਾਵੇਂ ਕਿ ਉਦਾਸੀ ਮਹੰਤ ਇੱਥੇ ਗੁਰੂ ਸਾਹਿਬਾਨ ਦੇ ਆਉਣ ਬਾਰੇ ਕੋਈ ਵੀ ਜਾਣਕਾਰੀ ਨਹੀਂ ਦਿੰਦੇ ਪਰ ਡੇਰੇ ਦੀ ਪਰੰਪਰਾ ਵਿਚ ਮੌਜੂਦ ਨਿਸ਼ਾਨੀਆਂ ਇਸ ਅਸਥਾਨ 'ਤੇ ਗੁਰੂ ਸਾਹਿਬਾਨ ਦੇ ਆਉਣ ਦਾ ਦ੍ਰਿਸ਼ਟਾਂਤ ਪ੍ਰਗਟ ਕਰਦੀਆਂ ਹਨ।

ਪੂਰਬੀ ਟੋਲਾ ਉਦਾਸੀ ਅਖਾੜਾ ਤੋਂ ਢਾਈ ਕਿਲੋਮੀਟਰ ਦੀ ਦੂਰੀ 'ਤੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਦੁਖ ਨਿਵਾਰਣ ਸਾਹਿਬ ਪਾਤਸ਼ਾਹੀ ਨੌਵੀਂ* ਸਥਿਤ ਹੈ। ਸਥਾਨਿਕ ਸਿੱਖ ਸੰਗਤ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਸ ਨਗਰ ਵਿਖੇ ਆਗਮਨ ਦੀ ਯਾਦ ਵਿਚ ਇੱਥੇ ਇਹ ਗੁਰਦੁਆਰਾ ਸਾਹਿਬ ਸਥਾਪਿਤ ਕੀਤਾ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ 1990 ਵਿਚ ਸੰਤ ਬਾਬਾ ਕਰਤਾਰ ਸਿੰਘ ਠੱਠੇ ਵਾਲਿਆਂ ਅਤੇ ਭਾਈ ਸੰਤ ਸਿੰਘ ਮਸਕੀਨ ਜੀ ਨੇ ਇਸ ਗੁਰਦੁਆਰਾ ਸਾਹਿਬ ਦੀ ਨੀਂਹ ਰੱਖੀ ਸੀ। ਇਹ ਜ਼ਮੀਨ ਸ. ਨਿਰੰਜਨ ਸਿੰਘ ਦੀ ਪਤਨੀ ਸ੍ਰੀਮਤੀ ਕਲਾਵਤੀ ਦੇ ਨਾਂ ਸੀ ਜਿਸ ਨੇ 1982 ਵਿਚ ਇਹ ਗੁਰਦੁਆਰਾ ਸਾਹਿਬ ਦੇ ਨਾਂ ਭੇਟ ਕਰ ਦਿੱਤੀ ਸੀ। ਲਗ-ਪਗ 1000 ਗਜ਼ ਜ਼ਮੀਨ 'ਤੇ ਦਰਬਾਰ ਹਾਲ ਅਤੇ 11 ਰਿਹਾਇਸ਼ੀ ਕਮਰੇ ਬਣੇ ਹੋਏ ਹਨ ਜਿਨ੍ਹਾਂ ਵਿਚੋਂ ਕੁੱਝ ਇਕ ਕਮਰਿਆਂ ਵਿਚ ਗ੍ਰੰਥੀ ਸਿੰਘਾਂ ਅਤੇ ਸੇਵਾਦਾਰਾਂ ਦੀ ਰਿਹਾਇਸ਼ ਹੈ। 9 ਮੈਂਬਰੀ ਸਥਾਨਿਕ ਕਮੇਟੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੀ ਹੈ ਅਤੇ ਮੌਜੂਦਾ ਸਮੇਂ ਵਿਚ ਸ. ਤਰਨਪਾਲ ਸਿੰਘ ਇਸ ਦੇ ਪ੍ਰਧਾਨ ਹਨ। ਇਸ ਗੁਰਦੁਆਰਾ ਸਾਹਿਬ ਵਿਖੇ ਲਾਹੌਰ ਦੇ ਭਾਈ ਲੱਧਾ ਸਿੰਘ ਕੁਕੜੇਜਾ ਤੋਂ 1906 ਵਿਚ ਛਪੀ ਹੋਈ ਭਾਈ *ਬਾਲੇ*

ਵਾਲੀ ਜਨਮਸਾਖੀ ਮੌਜੂਦ ਹੈ ਜਿਹੜੀ ਕਿ *ਪੂਰਬੀ ਟੋਲਾ ਉਦਾਸੀ ਅਖਾੜਾ* ਦੀ ਪ੍ਰਤੀਤ ਹੁੰਦੀ ਹੈ। ਇਸ ਜਨਮ ਸਾਖੀ 'ਤੇ ਇਹ ਸ਼ਬਦ ਲਿਖੇ ਹੋਏ ਹਨ, "ਯਹ ਜਨਮਸਾਖੀ ਬਾਬਾ ਹਰ ਪ੍ਰਸ਼ਾਦ ਚੇਲਾ ਸ੍ਰੀਮਾਨ 108 ਬਾਬਾ ਜੈਰਾਮ ਦਾਸ ਜੀ ਕੇ ਤਿਨ ਕੀ ਹੈ ਬਾਬਾ ਹਰ ਪ੍ਰਸ਼ਾਦ ਕੇ ਗੁਰੂ ਭਾਈ ਤੀਨ ਪਰਮਾਨੰਦ ਵ ਗੋਪਾਲ ਦਾਸ ਵ... ਗੈਰ: ਹੈ ਬਾਬਾ ਹਰਪ੍ਰਸ਼ਾਦ ਖ਼ੁਦ ਇਟਾਵਹ ਸਾਕਿਨ (ਵਸਨੀਕ) ਪੁਰਬਿਆ ਟੋਲਾਹ ਕੇ ਹੈ।" ਕੁੱਝ ਜਗ੍ਹਾ ਛੱਡ ਕੇ ਅਗਲੀ ਪੰਕਤੀ ਵਿਚ ਲਿਖਿਆ ਹੈ, "ਇਨਸਪੈਕਟਰ ਸਾਹਿਬ ਬਹਾਦੁਰ ਸੇਕਿੰਡ ਸਰਕਿਲ ਆਗਰਾ ਕੀ ਮਾਰਫ਼ਤ ਸਮਨ ਆਨਾ ਚਾਹੀਏ।" ਸਭ ਤੋਂ ਹੇਠਾਂ ਪੂਰਬੀ ਟੋਲੇ ਦਾ ਪਤਾ ਲਿਖਿਆ ਹੋਇਆ, "ਉਦਾਸੀਨ ਸੰਗਤ ਬਾਬਾ ਭਗਤ ਰਾਮ, ਪੁਰਬੀਆ ਟੋਲਾ, ਇਟਾਵਾ, 6.8.50." ਇਸ ਤੋਂ ਇਲਾਵਾ ਇੱਥੇ 1887 ਦੇ ਪੱਥਰ ਛਾਪੇ ਦਾ *ਗੁਰਬਿਲਾਸ ਪਾਤਸ਼ਾਹੀ ਛੇਵੀਂ* ਸੰਭਾਲ ਕੇ ਰੱਖਿਆ ਹੋਇਆ ਹੈ। ਇਹ ਗ੍ਰੰਥ ਵੀ ਬਾਬਾ ਭਗਤ ਰਾਮ ਜੀ ਨੇ ਤਿੰਨ ਰੁਪਏ ਦਾ ਲਾਹੌਰ ਤੋਂ ਮੰਗਵਾਇਆ ਸੀ। ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਛਪਿਆ ਹੋਇਆ ਇਕ ਪੁਰਾਤਨ ਸਰੂਪ ਮੌਜੂਦ ਹੈ ਜਿਸ ਵਿਚ 1918 ਦੀਆਂ ਪਈਆਂ ਹੋਈਆਂ ਕੁੱਝ ਪਰਚੀਆਂ ਦੱਸਦੀਆਂ ਹਨ ਕਿ ਇਸ ਇਲਾਕੇ ਵਿਚ ਸਪਤਾਹਿਕ ਪਾਠ ਦੀ ਪਰੰਪਰਾ ਚੱਲਦੀ ਰਹੀ ਹੈ।

ਉਕਤ ਵਿਚਾਰ ਤੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਸ ਗੁਰਦੁਆਰਾ ਸਾਹਿਬ ਵਿਖੇ ਮੌਜੂਦ ਉਕਤ ਗ੍ਰੰਥਾਂ ਦਾ ਸੰਬੰਧ ਭਗਤ ਰਾਮ ਜੀ ਨਾਲ ਹੈ ਜਿਹੜੇ ਕਿ 1830-1885 ਤੱਕ ਪੂਰਬੀ ਟੋਲੇ ਦੇ ਉਦਾਸੀ ਅਖਾੜੇ ਵਿਖੇ ਸੇਵਾ ਕਰਦੇ ਰਹੇ ਹਨ। ਸੰਭਵ ਹੈ ਕਿ ਉਕਤ ਸਾਰੇ ਗ੍ਰੰਥ ਡੇਰੇ ਤੋਂ ਇਸ ਅਸਥਾਨ 'ਤੇ ਆਏ ਹੋਣ। ਪੂਰਬੀਆ ਟੋਲੇ ਵਿਖੇ ਸਥਾਪਿਤ ਪੁਰਾਤਨ ਉਦਾਸੀ ਡੇਰੇ ਦੀ ਪੁਰਾਤਨ ਪਰੰਪਰਾ ਤੋਂ ਸਹਿਜੇ ਹੀ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਇਸੇ ਡੇਰੇ ਵਿਚ ਆਏ ਸਨ।

ਕੜਾ : ਪੁਰਾਤਨ ਲਿਖਤਾਂ ਵਿਚ ਦੱਸਿਆ ਗਿਆ ਹੈ ਕਿ ਕੜਾ ਪਿੰਡ ਨੂੰ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਹ ਪਿੰਡ ਕਿਸ ਅਸਥਾਨ 'ਤੇ ਮੌਜੂਦ ਹੈ? ਇਸ ਸੰਬੰਧੀ ਵਿਦਵਾਨਾਂ ਦੇ ਵਿਭਿੰਨ ਵਿਚਾਰ ਹਨ। ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ, "ਜਮਨਾ ਕਿਨਾਰੇ ਇਕ ਪਿੰਡ, ਜਿਸ ਥਾਂ ਥਨੇਸਰ ਅਤੇ ਬਨੀ-ਬਦਰਪੁਰ ਵੱਲੋਂ ਆ ਕੇ ਨੌਵੇਂ ਸਤਿਗੁਰੂ ਵਿਰਾਜੇ ਹਨ। ਇਸ ਥਾਂ ਮਲੂਕਦਾਸ ਨਾਮਕ ਵੈਸ਼ਨਵ ਦਾ ਮਾਸ ਖਾਣ ਬਾਬਤ ਭ੍ਰਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਦੂਰ ਕੀਤਾ।"[1] ਭਾਈ ਸਾਹਿਬ ਦੇ ਅਨੁਸਾਰ ਇਹ ਪਿੰਡ ਹਰਿਆਣਾ ਵਿਚ ਪੈਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਤੋਂ ਬਿਨ੍ਹਾਂ ਬਹੁਤੇ ਸਿੱਖ ਵਿਦਵਾਨਾਂ ਨੇ ਇਹ ਪਿੰਡ ਉੱਤਰ-ਪ੍ਰਦੇਸ਼ ਵਿਚ ਅਲਾਹਾਬਾਦ ਦੇ ਨੇੜੇ ਦੱਸਿਆ ਹੈ। ਭਾਈ ਸੰਤੋਖ ਸਿੰਘ ਦੱਸਦੇ ਹਨ ਕਿ ਪੂਰਬ ਦੀ ਯਾਤਰਾ ਦੌਰਾਨ ਗੁਰੂ ਜੀ ਇਸ ਪਿੰਡ ਵਿਖੇ ਆਏ ਸਨ ਜਿਹੜਾ ਕਿ ਤ੍ਰਿਵੇਣੀ (ਅਲਾਹਾਬਾਦ) ਦੇ ਨੇੜੇ ਹੈ:

ਕੜੇ ਸੁ ਮਾਨਿਕਪੁਰ ਕੇ ਰਾਹੂ।
ਗਮਨੇ ਸਤਿਗੁਰੁ ਬੇਪਰਵਾਹੂ।[2]

ਅਲਾਹਾਬਾਦ ਦੇ ਨੇੜੇ ਇਸ ਪਿੰਡ ਦੀ ਜਾਣਕਾਰੀ ਦਿੰਦੇ ਹੋਏ ਸਰੂਪ ਦਾਸ ਭੱਲਾ ਆਪਣੀ ਰਚਨਾ *ਮਹਿਮਾ ਪ੍ਰਕਾਸ਼* ਵਿਚ ਦੱਸਦਾ ਹੈ:

ਗੰਗਾ ਜਮੁਨਾ ਗੋਮਤੀ ਮਿਸਰਤ ਅਉ ਨੀਮਖਾਰ।
ਸਭ ਤੀਰਥ ਸਤਗੁਰ ਗਏ ਕੀਨਾ ਭਗਤ ਬਿਹਾਰ।

---

1. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 313.
2. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 11, ਅੰਸੂ 47.2.

ਪੁਨ ਕੜੇ ਮਾਨਕਪੁਰ ਕਾ ਮਗ ਲੀਨਾ।
ਮਲੂਕ ਦਾਸ ਤਹਾ ਸਾਧ ਪ੍ਰਬੀਨਾ।[1]

ਮੇਜਰ ਗੁਰਮੁਖ ਸਿੰਘ ਨੇ ਗੁਰਧਾਮਾਂ ਸੰਬੰਧੀ ਸਰਵੇਖਣ ਦੌਰਾਨ ਭਾਈ ਸੰਤੋਖ ਸਿੰਘ ਦੇ ਤੱਥ ਦੀ ਪੁਸ਼ਟੀ ਕੀਤੀ ਹੈ। ਇਸ ਨਗਰ ਸੰਬੰਧੀ ਪੈ ਰਹੇ ਭੁਲੇਖਿਆਂ ਬਾਰੇ ਦੱਸਦੇ ਹੋਏ ਇਹ ਕਹਿੰਦੇ ਹਨ:

> Our old sources on historical Gurdwaras do include Kara or Kara Manakpur as they call it, in the itinerary of Guru Tegh Bahadur's journey to the eastern states, but they have failed to mention it's correct location. They write that the Guru after crossing the Yamuna near Sudhail (in Yamuna Nagar district of Haryana) went to Kara Manakpur where he met Sant Maluk das and then he went to Mathura, whereas Kara is on the banks of the Ganges and is in Allahabad district.[2]

ਉੱਤਰ-ਪ੍ਰਦੇਸ਼ ਦੇ ਕੋਸ਼ਾਂਬੀ ਜ਼ਿਲੇ ਵਿਚ ਲਖਨਊ-ਅਲਾਹਾਬਾਦ ਸੜਕ 'ਤੇ ਲਖਨਊ ਤੋਂ 134 ਕਿਲੋਮੀਟਰ ਦੀ ਦੂਰੀ 'ਤੇ ਪ੍ਰਤਾਪਗੜ੍ਹ ਜ਼ਿਲੇ ਦੇ ਪਿੰਡ ਮਾਣਿਕਪੁਰ ਤੋਂ ਸੱਜੇ ਹੱਥ ਗੰਗਾ ਦਰਿਆ ਦੇ ਦੂਜੇ ਪਾਸੇ 13 ਕਿਲੋਮੀਟਰ ਦੂਰ ਕੜਾ ਪਿੰਡ ਮੌਜੂਦ ਹੈ ਜਿਹੜਾ ਕਿ ਕਿਸੇ ਸਮੇਂ ਵਿਚ ਇਕ ਵੱਡਾ ਨਗਰ ਸੀ।[3] ਹਿੰਦੂ ਧਰਮ ਅਤੇ ਇਸਲਾਮ ਨਾਲ ਸੰਬੰਧਿਤ ਪੁਰਾਤਨ ਅਸਥਾਨ ਹੋਣ ਕਰਕੇ ਇਸ ਨੂੰ ਕੜਾਧਾਮ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਕਿਸੇ ਸਮੇਂ ਕੜਾ ਇਕ ਵਿਸ਼ਾਲ ਨਗਰ ਸੀ ਅਤੇ ਗੰਗਾ ਰਾਹੀਂ ਵਪਾਰ ਹੋਣ ਕਰਕੇ ਵਪਾਰੀ ਇਸੇ ਨਗਰ ਵਿਚ ਰੁਕਦੇ ਸਨ। ਸੰਤ ਮਲੂਕ ਦਾਸ ਜੀ ਦੇ ਪਿਤਾ ਸੁੰਦਰ ਦਾਸ ਪੰਜਾਬ ਨਾਲ ਸੰਬੰਧਿਤ ਵਪਾਰੀ ਸਨ ਅਤੇ ਇਸ ਇਲਾਕੇ ਵਿਚ ਵਪਾਰ ਕਰਨ ਲਈ ਆਉਣ ਸਮੇਂ ਇਹ ਇੱਥੇ ਹੀ ਨਿਵਾਸ ਕਰਦੇ ਸਨ। ਵਿਆਹ ਉਪਰੰਤ ਇਹ ਇਸੇ ਨਗਰ ਵਿਖੇ ਵੱਸ ਗਏ ਅਤੇ ਇੱਥੇ ਹੀ ਮਲੂਕ ਦਾਸ (1631-1739) ਦਾ ਜਨਮ ਹੋਇਆ ਸੀ। ਬਚਪਨ ਤੋਂ ਹੀ ਮਲੂਕ ਦਾਸ ਅਧਿਆਤਮਿਕ ਬਿਰਤੀ ਦੇ ਧਾਰਨੀ ਸਨ ਅਤੇ ਛੋਟੀ ਉਮਰ ਵਿਚ ਹੀ ਆਮ ਲੋਕਾਂ ਵਿਚ ਇਹਨਾਂ ਦੇ ਅਧਿਆਤਮਿਕ ਪੁਰਖ ਹੋਣ ਦੀ ਚਰਚਾ ਅਰੰਭ ਹੋ ਗਈ ਸੀ। 108 ਸਾਲ ਦੀ ਉਮਰ ਵਿਚ ਸੁਰਗਵਾਸ ਹੋ ਜਾਣ ਉਪਰੰਤ ਇਹਨਾਂ ਦੀ ਇੱਥੇ ਹੀ ਯਾਦਗਾਰ ਸਥਾਪਿਤ ਕਰ ਦਿੱਤੀ ਗਈ। ਹੋਰਨਾਂ ਨਗਰਾਂ ਵਿਚ ਵੀ ਸੰਤ ਮਲੂਕ ਦਾਸ ਦੇ ਆਸ਼ਰਮ ਹਨ ਪਰ ਕੜਾ ਵਿਖੇ ਲਗ-ਪਗ 2 ਏਕੜ ਵਿਚ ਮੌਜੂਦ ਮੁੱਖ ਆਸ਼ਰਮ ਵਿਖੇ ਇਹ ਸੰਤ ਸੇਵਾ ਕਰਦੇ ਰਹੇ ਹਨ - ਰਾਮ ਸਨੇਹੀ ਦਾਸ, ਠਾਕੁਰ ਦਾਸ, ਗੋਪਾਲ ਦਾਸ, ਕੁੰਜ ਬਿਹਾਰੀ ਦਾਸ, ਰਾਮ ਸੇਵਕ ਦਾਸ, ਸ਼ਿਵ ਪ੍ਰਸਾਦ ਦਾਸ, ਨੰਦ ਸੁਮੇਰ ਦਾਸ, ਅਯੋਧਿਯਾ ਪ੍ਰਸਾਦ, ਲਕਸ਼ਮੀ ਨਾਰਾਯਣ ਦਾਸ, ਨੰਦ ਲਾਲ, ਪੰਨਾ ਲਾਲ, ਯੋਗੀ ਰਾਜ ਨਾਨਕ ਚੰਦ ਦੇਵ। ਮੌਜੂਦਾ ਸਮੇਂ ਵਿਚ ਸੰਜੇ ਕੱਕੜ ਇੱਥੋਂ ਦੇ ਮੁੱਖ ਸੇਵਾਦਾਰ ਹਨ। ਸ਼ਿਵਾਕਾਂਤ ਪਾਂਡੇ 40 ਸਾਲ ਤੋਂ ਇੱਥੇ ਸੇਵਾ ਨਿਭਾ ਰਹੇ ਹਨ ਜਿਹੜੇ ਕਿ ਇਸ ਅਸਥਾਨ ਬਾਰੇ ਭਰਪੂਰ ਜਾਣਕਾਰੀ ਰੱਖਦੇ ਹਨ। ਇਹ ਦੱਸਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਦੀ ਇਸੇ ਆਸ਼ਰਮ ਵਿਚ

1. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਭਾਗ ਦੂਜਾ, ਖੰਡ-2, ਸਾਖੀਆਂ ਪਾਤਸ਼ਾਹੀ ਨੌਵੀਂ, ਸਾਖੀ 8, ਪੰਨਾ 661.
2. Gurmukh Singh, *Historical Sikh Shrins,* pp. 316-17.
3. Kara was once a place of great importance and till the foundation of Allahabad was the seat of government of a large province. Of its foundation nothing is known, but it is certain that it was a large city in early Hindu days. H.R. Nevill, Allahabad: A Gazetteer, District Gazetteers of the United Provinces of Agra and Oudh, vol. XXIII p. 248

ਸੰਤ ਮਲੂਕ ਦਾਸ ਨਾਲ ਵਿਚਾਰ-ਚਰਚਾ ਹੋਈ ਸੀ। ਸੰਤ ਮਲੂਕ ਦਾਸ ਦੇ ਬਹੁਤ ਸਾਰੇ ਵਿਚਾਰ ਗੁਰਬਾਣੀ ਨਾਲ ਮੇਲ ਖਾਂਦੇ ਹਨ ਜਿਵੇਂ:

- ਨਾ ਵਹ ਰੀਝੈ ਜਪ ਤਪ ਕੀਨਹੇ ਨਾ ਆਤਮ ਕੋ ਜਾਰੇ।
  ਨਾ ਵਹ ਰੀਝੈ ਧੋਤੀ ਟਾਂਗੇ ਨਾ ਬਹੁ ਕਾਯ ਪਖਾਰੇ।
  ਦਯਾ ਕਰੈ ਧਰਮ ਮਨ ਰਾਖੈ ਘਰ ਮੇਂ ਰਹੈ ਉਦਾਸੀ।
  ਅਪਨਾ ਸਾ ਦੁਖ ਸਬ ਕਾ ਜਾਨੈ ਤਾਹਿ ਮਿਲੈ ਅਵਿਨਾਸੀ।
- ਆਤਮ ਰਾਮ ਨ ਚੀਨਹੀ ਪੂਜਤ ਫਿਰੈ ਪਸਾਨ।
  ਕੈਸਹੁ ਮੁਕਤਿ ਨ ਹੋਯਗੀ ਕੋਟਿਕ ਸੁਨੋ ਪੁਰਾਨ।
  ਜੇਤੇ ਦੇਖੇ ਆਤਮਾ ਤੇਤੇ ਸਾਲਿਗਰਾਮ।
  ਬੋਲਨ ਹਾਰਾ ਪੂਜੀਯੇ ਪੱਥਰ ਸੇ ਕਯਾ ਕਾਮ।
- ਅਜਗਰ ਕਰੇ ਨ ਚਾਕਰੀ। ਪੰਛੀ ਕਰੇ ਨ ਕਾਮ।
  ਦਾਸ ਮਲੂਕਾ ਕਹਿ ਗਏ। ਸਬ ਕੇ ਦਾਤਾ ਰਾਮ।

ਸਮੂਹ ਗੁਰਮੁਖੀ ਸਰੋਤ ਇਹ ਮੰਨਦੇ ਹਨ ਕਿ ਇਸ ਨਗਰ ਵਿਖੇ ਗੁਰੂ ਜੀ ਸੰਤ ਮਲੂਕ ਦਾਸ ਨੂੰ ਮਿਲੇ ਸਨ ਜਿਹੜਾ ਕਿ ਲੰਮੇਰੀ ਉਮਰ ਵਾਲਾ ਇਕ ਵੈਸ਼ਣਵ ਸਾਧੂ ਸੀ। ਹਿੰਦੂ ਅਤੇ ਮੁਸਲਮਾਨ ਇਸ ਦਾ ਸਤਿਕਾਰ ਕਰਦੇ ਸਨ। ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰ ਕੇ ਇਸ ਦੇ ਮਨ ਵਿਚ ਸ਼ੰਕਾ ਪੈਦਾ ਹੋਈ ਕਿ ਗੁਰੂ ਨਾਨਕ ਦੇਵ ਜੀ ਦੇ ਇਹ ਉੱਤਰਾਧਿਕਾਰੀ ਧਰਮਾਤਮਾ ਪੁਰਖ ਸ਼ਾਹੀ ਲਿਬਾਸ ਕਿਉਂ ਧਾਰਨ ਕਰਦੇ ਹਨ? ਆਪਣੇ ਨਾਲ ਸ਼ਸਤਰ ਕਿਉਂ ਰੱਖਦੇ ਹਨ? ਅਤੇ ਸ਼ਿਕਾਰ ਕਿਉਂ ਖੇਡਦੇ ਹਨ? ਵੈਸ਼ਣਵ ਸਾਧੂ ਨੂੰ ਗੁਰੂ ਜੀ ਨੇ ਸਮਝਾਇਆ ਕਿ ਪ੍ਰਭੂ-ਭਾਵਨਾ ਨਾਲ ਜੁੜ ਕੇ ਕੀਤੇ ਗਏ ਕਾਰਜ ਕਲਿਆਣਕਾਰੀ ਹੁੰਦੇ ਹਨ। ਗੁਰੂ ਜੀ ਨਾਲ ਵਿਚਾਰ-ਚਰਚਾ ਕਰ ਕੇ ਇਸ ਦੇ ਸਮੂਹ ਸ਼ੰਕੇ ਦੂਰ ਹੋ ਗਏ। *ਮਹਿਮਾ ਪ੍ਰਕਾਸ਼* ਵਿਚ ਦੱਸਿਆ ਗਿਆ ਹੈ:

ਨਿਜ ਮੁਨਿ ਮਨ ਮੋ ਕੀਨ ਬਿਚਾਰਾ। ਮਿਟੀ ਸੰਕ ਭਈ ਬੁਧ ਉਜਾਰਾ।
ਸੰਤਨ ਰਹਨੀ ਅਨਕ ਪ੍ਰਕਾਰਾ। ਯਹ ਕਲਜੁਗ ਮੋ ਗੁਰ ਅਵਤਾਰਾ।[1]

ਮੌਜੂਦਾ ਸਮੇਂ ਵਿਚ ਇੱਥੇ ਕੋਈ ਸਿੱਖ ਸੰਗਤ ਨਹੀਂ ਹੈ ਪਰ ਮਲੂਕ ਦਾਸ ਦੀ ਸਮਾਧ ਹਾਲੇ ਵੀ ਇੱਥੇ ਮੌਜੂਦ ਹੈ ਜਿੱਥੇ ਵਿਭਿੰਨ ਧਰਮਾਂ ਦੇ ਲੋਕ ਹਾਜ਼ਰੀ ਭਰਦੇ ਹਨ।

ਕਾਨਪੁਰ : ਉੱਤਰ-ਪ੍ਰਦੇਸ਼ ਦਾ ਇਹ ਨਗਰ ਭਾਰਤੀ ਰੇਲਵੇ ਦਾ ਇਕ ਪ੍ਰਮੁੱਖ ਸਟੇਸ਼ਨ ਹੈ। ਵੀਹਵੀਂ ਸਦੀ ਦੇ ਅਰੰਭ ਵਿਚ ਇਸ ਨਗਰ ਵਿਖੇ ਸਿੰਘ ਸਭਾ ਦਾ ਬਹੁਤ ਜ਼ੋਰ ਸੀ ਜਿਸ ਦੇ ਪ੍ਰਭਾਵ ਅਧੀਨ ਇੱਥੇ ਕਈ ਗੁਰਧਾਮਾਂ ਦੀ ਉਸਾਰੀ ਅਤੇ ਸੇਵਾ-ਸੰਭਾਲ ਅਰੰਭ ਹੋਈ। 1947 ਵਿਚ ਭਾਰਤ-ਪਾਕਿਸਤਾਨ ਵੰਡ ਉਪਰੰਤ ਬਹੁਤ ਸਾਰੇ ਪੰਜਾਬੀ ਅਤੇ ਸਿੱਖ ਪਰਿਵਾਰ ਇਸ ਨਗਰ ਵਿਖੇ ਆ ਵੱਸੇ ਸਨ ਜਿਸ ਕਰ ਕੇ ਕੁੱਝ ਨਵੇਂ ਗੁਰਧਾਮਾਂ ਅਤੇ ਵਿੱਦਿਅਕ ਅਦਾਰਿਆਂ ਦੀ ਉਸਾਰੀ ਹੋਈ। ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਇੱਥੇ ਦੋ ਗੁਰਧਾਮ ਮੌਜੂਦ ਹਨ।

1. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ :** ਕਾਨਪੁਰ ਦੇ ਸਰਾਫ਼ਾ ਚੌਕ, ਧੋਬੀ ਮੁਹਾਲ (ਮੁਹੱਲਾ), ਮੈਸਟਨ ਰੋਡ 'ਤੇ ਇਹ ਗੁਰਧਾਮ ਸਥਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਸਸ਼ੋਭਿਤ ਇਸ ਗੁਰਧਾਮ

1. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਭਾਗ ਦੂਜਾ, ਖੰਡ-2, ਸਾਖੀਆਂ ਪਾਤਸ਼ਾਹੀ ਨੌਵੀਂ, ਸਾਖੀ 8, ਪੰਨਾ 663.

ਵਿਖੇ ਪਹਿਲਾਂ ਇਕ ਛੋਟੀ ਜਿਹੀ ਯਾਦਗਾਰ ਮੌਜੂਦ ਸੀ ਜਿਸ ਨੂੰ ਸੰਗਤ ਦੇ ਸਹਿਯੋਗ ਨਾਲ ਇਕ ਸੁੰਦਰ ਗੁਰਧਾਮ ਵਿਚ ਤਬਦੀਲ ਕਰ ਦਿੱਤਾ ਗਿਆ। 1919 ਵਿਚ ਕਾਨਪੁਰ ਵਿਖੇ ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ ਹੋਈ ਅਤੇ 1920 ਵਿਚ ਹੋਈ ਨਵੀਂ ਚੋਣ ਦੌਰਾਨ ਸ. ਇੰਦਰ ਸਿੰਘ ਇਸ ਦੇ ਪ੍ਰਧਾਨ ਬਣੇ। ਸ. ਰਾਵਲ ਸਿੰਘ ਕੇਸਰੀ ਦੱਸਦੇ ਹਨ ਕਿ ਇਹ ਲੰਮਾ ਸਮਾਂ ਇਸ ਸਭਾ ਦੇ ਪ੍ਰਧਾਨ ਰਹੇ ਅਤੇ ਇਹਨਾਂ ਦੇ ਸਮਾਂ ਹੀ "*ਗੁਰਦੁਆਰਾ ਧੋਬੀ ਮੁਹਾਲ* (ਜੋ ਉਸ ਵੇਲੇ ਇਕ ਖੁੱਲ੍ਹੀ ਜਗ੍ਹਾ ਦੀ ਸ਼ਕਲ ਵਿਚ ਸੀ) ਸਰਦਾਰ ਜੀਵਣ ਸਿੰਘ ਪੁਲਿਸ ਇੰਸਪੈਕਟਰ ਦੀ ਕੋਸ਼ਿਸ਼ ਨਾਲ ਗੁਰਦੁਆਰੇ ਲਈ ਪ੍ਰਾਪਤ ਹੋ ਗਿਆ। ਹਾਲਾਂ ਕਿ ਕੁੱਝ ਹਿੰਦੂਆਂ ਵੱਲੋਂ ਇਸ ਦੀ ਵਿਤੋਂ ਵੱਧ ਵਿਰੋਧਤਾ ਕੀਤੀ ਗਈ ਪ੍ਰੰਤੂ ਸ. ਜੀਵਣ ਸਿੰਘ ਜੀ, ਰਾਏ ਸਾਹਿਬ ਗੋਪੀ ਨਾਥ ਤੇ ਹੋਰ ਸ਼ਰਧਾਲੂ ਲੋਕਾਂ ਦੀ ਸਹਾਇਤਾ ਨਾਲ ਉਨ੍ਹਾਂ ਦੀ ਵਿਰੋਧਤਾ ਦਾ ਕੋਈ ਅਸਰ ਨਾ ਹੋਇਆ ਆਖਰ ਇਸ ਅਸਥਾਨ 'ਤੇ ਬਾਕਾਇਦਾ ਗੁਰਦੁਆਰਾ ਸਥਾਪਿਤ ਹੋ ਗਿਆ।"[1] ਇਸ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਵਿਚ ਸੰਤ ਪ੍ਰਦੁਮਨ ਸਿੰਘ ਦਾ ਵਿਸ਼ੇਸ਼ ਯੋਗਦਾਨ ਹੈ। ਇਹ ਲਗ-ਪਗ 40 ਸਾਲ ਇਸ ਅਸਥਾਨ ਦੀ ਸੇਵਾ ਕਰਦੇ ਰਹੇ ਹਨ।[2] 2020 ਵਿਚ ਇਸ ਨੂੰ ਨਵੀਂ ਦਿੱਖ ਪ੍ਰਦਾਨ ਕੀਤੀ ਗਈ ਹੈ। ਇਸ ਗੁਰਧਾਮ ਦੀ ਤਿੰਨ ਮੰਜ਼ਲਾਂ ਇਮਾਰਤ ਵਿਚ ਦਰਬਾਰ ਹਾਲ, ਲੰਗਰ ਹਾਲ ਅਤੇ ਰਾਗੀ ਸਿੰਘਾਂ ਦੀ ਰਿਹਾਇਸ਼ ਬਣੀ ਹੋਈ ਹੈ। 100 ਮੈਂਬਰੀ ਕਮੇਟੀ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਲਾਰਡ ਹਨ। ਬਜ਼ਾਰ ਦੇ ਭੀੜ ਵਾਲੇ ਇਲਾਕੇ ਵਿਚ ਇਹ ਗੁਰਧਾਮ ਸਥਿਤ ਹੈ ਅਤੇ ਕੇਵਲ ਦੋ ਪਹੀਆ ਸਵਾਰੀ 'ਤੇ ਹੀ ਇੱਥੇ ਤੱਕ ਪੁੱਜਿਆ ਜਾ ਸਕਦਾ ਹੈ।

2. **ਗੁਰਦੁਆਰਾ ਸੰਕਟ ਹਰਣ ਦੁੱਖ ਨਿਵਾਰਣ :** ਕਾਨਪੁਰ ਵਿਖੇ ਗੰਗਾ ਦੇ ਸਰਸੱਈਆ ਘਾਟ 'ਤੇ ਗੁਰੂ ਤੇਗ ਬਹਾਦਰ ਜੀ ਦੇ ਚਰਨ ਛੋਹ ਪ੍ਰਾਪਤ ਅਸਥਾਨ 'ਤੇ ਇਹ ਗੁਰਦੁਆਰਾ ਸਾਹਿਬ ਸਸ਼ੋਭਿਤ ਹੈ। 1931 ਵਿਚ ਭਾਈ ਧੰਨਾ ਸਿੰਘ ਚਹਿਲ ਪਟਿਆਲੀ ਅਤੇ 1951 ਵਿਚ ਸ. ਰਾਵਲ ਸਿੰਘ ਕੇਸਰੀ ਲਿਖਦੇ ਹਨ ਕਿ ਇਸ ਨਗਰ ਵਿਖੇ ਸਰਸੱਈਆ ਘਾਟ 'ਤੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦਾ ਅਸਥਾਨ ਹੈ ਜਿਸ ਦੀ ਸਾਂਭ-ਸੰਭਾਲ ਇਕ ਉਦਾਸੀ ਸਾਧੂ ਕੋਲ ਹੈ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ।[3]

ਇਸ ਗੁਰਦੁਆਰਾ ਸਾਹਿਬ ਨਾਲ ਸੰਬੰਧਿਤ ਕਾਗਜ਼ਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਈਸਟ ਇੰਡੀਆ ਕੰਪਨੀ ਦੇ ਸਮੇਂ ਲਾਲਾ ਜਗਨਨਾਥ ਠੰਠੀ ਮੱਲ ਨੇ ਸਰਸੱਈਆ ਘਾਟ ਦੀ ਸਾਂਭ-ਸੰਭਾਲ ਲਈ ਇਕ ਟਰੱਸਟ ਬਣਾਇਆ ਸੀ ਜਿਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਇਹ ਅਸਥਾਨ ਵੀ ਸ਼ਾਮਲ ਸੀ। ਇਸ ਅਸਥਾਨ 'ਤੇ ਇਕ ਪਲੰਘ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ ਜਿਹੜਾ ਕਿ ਹਾਲੇ ਵੀ ਗੁਰਦੁਆਰਾ ਸਾਹਿਬ ਵਿਖੇ ਸੰਭਾਲ ਕੇ ਰੱਖਿਆ ਹੋਇਆ ਹੈ। 1984 ਦੀ ਘਟਨਾ ਉਪਰੰਤ ਇਹ ਗੁਰਦੁਆਰਾ ਬੰਦ ਹੋ ਗਿਆ ਸੀ ਪਰ ਸ. ਇੰਦਰਜੀਤ ਸਿੰਘ ਨੇ ਇਸ ਦੀ ਸਾਂਭ-ਸੰਭਾਲ ਲਈ ਵਿਸ਼ੇਸ਼ ਯਤਨ ਅਰੰਭ ਕੀਤੇ। ਮੌਜੂਦਾ ਸਮੇਂ ਵਿਚ ਇਸ ਗੁਰਧਾਮ ਦਾ ਸਮੁੱਚਾ ਪ੍ਰਬੰਧ ਇਹਨਾਂ ਵੱਲੋਂ ਸੰਗਤ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਇਹਨਾਂ ਨੇ ਨਾਲ ਲੱਗਦੀ ਕੁੱਝ ਹੋਰ ਜ਼ਮੀਨ ਖਰੀਦ ਕੇ 2007 ਵਿਚ ਇੱਥੇ ਇਕ ਨਵੇਂ ਗੁਰਧਾਮ ਦੀ ਉਸਾਰੀ ਭ ਕਰਵਾਈ ਸੀ। 400 ਗਜ਼ ਜ਼ਮੀਨ 'ਤੇ ਦਰਬਾਰ ਸੰਪੂਰਨ ਕਰਕੇ ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਹੈ।

---

1. ਰਾਵਲ ਸਿੰਘ ਕੇਸਰੀ, *ਕਾਨਪੁਰ ਤੇ ਲਖਨਊ ਦੇ ਪ੍ਰਸਿੱਧ ਸਿੱਖਾਂ ਦੀ ਜਾਣ-ਪਛਾਣ*, ਪੰਨਾ 4.
2. ਫੌਜਾ ਸਿੰਘ, *ਗੁਰੂ ਤੇਗ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ*, ਪੰਨੇ 226-27; Gurmukh Singh, Historical Sikh Shrines, p. 316
3. ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ*, ਪੰਨਾ 141; ਰਾਵਲ ਸਿੰਘ ਕੇਸਰੀ, *ਕਾਨਪੁਰ ਤੇ ਲਖਨਊ ਦੇ ਪ੍ਰਸਿੱਧ ਸਿੱਖਾਂ ਦੀ ਜਾਣ-ਪਛਾਣ*, ਪੰਨਾ 3.

ਗੜ੍ਹ ਮੁਕਤੇਸ਼ਵਰ : ਉੱਤਰ ਪ੍ਰਦੇਸ਼ ਦੇ ਹਾਪੁੜ ਜ਼ਿਲੇ ਵਿਚ ਹਾਪੁੜ-ਮੁਰਾਦਾਬਾਦ ਸੜਕ 'ਤੇ ਹਾਪੁੜ ਤੋਂ 33 ਕਿਲੋਮੀਟਰ ਦੀ ਦੂਰੀ 'ਤੇ ਗੰਗਾ ਨਦੀ ਦੇ ਨੇੜੇ ਇਹ ਇਕ ਪੁਰਾਤਨ ਨਗਰ ਹੈ ਜਿੱਥੇ ਹਰ ਸਾਲ ਕੱਤਕ ਦੀ ਪੂਰਨਮਾਸੀ ਨੂੰ ਗੜ੍ਹ-ਗੰਗਾ ਦਾ ਮੇਲਾ ਲੱਗਦਾ ਹੈ। ਨੱਕਾ ਕੂਆਂ ਦੇ ਨਾਂ ਨਾਲ ਵੀ ਇਹ ਇਲਾਕਾ ਪ੍ਰਸਿੱਧ ਹੈ। ਨੱਕਾ ਕੂਆਂ ਚਾਰ ਕੋਨਿਆਂ ਵਾਲਾ ਖੂਹ ਹੈ ਜਿਸ ਦੇ ਚਾਰੇ ਪਾਸੇ ਪਾਣੀ ਤੱਕ ਜਾਣ ਲਈ ਬਉਲੀ ਵਾਂਗ ਪਉੜੀਆਂ ਬਣੀਆਂ ਹੋਈਆਂ ਹਨ। ਹੁਣ ਇਕ ਕੋਨਾ ਬੰਦ ਹੈ ਅਤੇ ਤਿੰਨ ਪਾਸੇ ਪਹਿਲਾਂ ਵਾਂਗ ਖੁੱਲ੍ਹੇ ਹਨ, ਸਥਾਨਿਕ ਲੋਕ ਇਸ ਦੀ ਪੂਜਾ ਕਰਦੇ ਹਨ। ਇਹ ਖੂਹ ਪੁਰਾਤਨ ਹੈ ਅਤੇ ਸ਼ਿਵ ਜੀ ਦੇ ਮੰਦਰ ਦੀ ਚਾਰ ਦੀਵਾਰੀ ਦੇ ਅੰਦਰ ਹੈ ਜਿਸ ਦੀ ਕੰਧ ਦੇ ਦੂਜੇ ਪਾਸੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਪਾਤਸ਼ਾਹੀ ਨੌਵੀਂ* ਸਸ਼ੋਭਿਤ ਹੈ। ਜਦੋਂ ਗੁਰੂ ਜੀ ਇੱਥੇ ਆਏ ਤਾਂ ਗੰਗਾ ਨਦੀ ਦੀ ਧਾਰਾ ਇਸ ਅਸਥਾਨ ਤੱਕ ਵੱਗਦੀ ਸੀ ਜਿਹੜੀ ਕਿ ਹੁਣ 4 ਕਿਲੋਮੀਟਰ ਦੂਰ ਚਲੀ ਗਈ ਹੈ। ਪੂਰਬ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਇਸ ਅਸਥਾਨ 'ਤੇ ਆਏ ਸਨ ਅਤੇ ਉਹਨਾਂ ਦੀ ਯਾਦ ਵਿਚ ਇੱਥੇ ਇਕ ਥੜ੍ਹਾ ਸਾਹਿਬ ਦੀ ਉਸਾਰੀ ਕੀਤੀ ਗਈ ਸੀ। ਕੱਤਕ ਦੀ ਪੂਰਨਮਾਸੀ ਵਾਲੇ ਦਿਨ ਇਸ ਨਗਰ ਵਿਖੇ ਭਾਰੀ ਮੇਲਾ ਲੱਗਦਾ ਹੈ ਜਿਸ ਵਿਚ ਨਾਨਕਸ਼ਾਹੀ ਸੰਗਤ ਵੀ ਵੱਡੀ ਗਿਣਤੀ ਵਿਚ ਹਿੱਸਾ ਲੈਂਦੀ ਹੈ। ਜਦੋਂ ਇੱਥੇ ਗੁਰਧਾਮ ਮੌਜੂਦ ਨਹੀਂ ਸੀ ਤਾਂ ਕੈਂਪ ਆਦਿ ਲਗਾ ਕੇ ਦੀਵਾਨ ਸਜਾਏ ਜਾਂਦੇ ਸਨ। ਨਾਨਕਪੰਥੀਆਂ ਨੂੰ ਗੁਰੂ-ਘਰ ਨਾਲ ਜੋੜਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਯਤਨ ਕੀਤੇ ਜਾਂਦੇ ਰਹੇ ਹਨ।[1]

ਸਥਾਨਿਕ ਪਰੰਪਰਾ ਅਨੁਸਾਰ ਗੁਰੂ ਜੀ ਦੀ ਇੱਥੇ ਯਾਦਗਾਰ ਮੌਜੂਦ ਸੀ ਜਿਹੜੀ ਕਿ ਮੌਜੂਦਾ ਅਸਥਾਨ ਤੋਂ 8 ਫੁੱਟ ਡੂੰਘੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਗੁਰਧਾਮ ਦਾ ਨਵਾਂ ਦਰਬਾਰ ਹਾਲ ਬਣਾਉਣ ਦੀ ਸੇਵਾ ਦਿੱਲੀ ਵਾਲੇ ਬਾਬਾ ਹਰਬੰਸ ਸਿੰਘ ਕਾਰ ਸੇਵਾ ਵਾਲਿਆਂ ਨੂੰ ਸੌਂਪ ਦਿੱਤੀ ਜਿਨ੍ਹਾਂ ਨੇ ਆਪਣੇ ਇਕ ਸੇਵਕ ਬਾਬਾ ਨਿਸ਼ਾਨ ਸਿੰਘ ਰਾਹੀਂ 1983 ਵਿਚ ਇੱਥੇ ਕਾਰ ਸੇਵਾ ਅਰੰਭ ਕਰਵਾਈ ਜਿਹੜੀ ਕਿ 1990 ਤੱਕ ਚੱਲੀ। ਨਵੇਂ ਦਰਬਾਰ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣ ਉਪਰੰਤ ਕਾਰ ਸੇਵਾ ਵਾਲੇ ਇੱਥੋਂ ਚਲੇ ਗਏ। ਗੁਰਦੁਆਰਾ ਸਾਹਿਬ ਦੀ ਲਗ-ਪਗ ਇਕ ਏਕੜ ਚਾਰਦੀਵਾਰੀ ਵਿਚ ਪੁਰਾਤਨ ਮੰਜੀ ਸਾਹਿਬ ਵਾਲੇ ਅਸਥਾਨ ਨੂੰ ਉੱਚਾ ਚੁੱਕ ਕੇ ਜ਼ਮੀਨੀ ਮੰਜ਼ਲ 'ਤੇ ਦੀਵਾਨ ਹਾਲ ਅਤੇ ਪਹਿਲੀ ਮੰਜ਼ਲ 'ਤੇ ਦਰਬਾਰ ਹਾਲ ਬਣਾਇਆ ਗਿਆ ਹੈ। ਦੀਵਾਨ ਹਾਲ ਦੇ ਨਾਲ ਹੀ ਗ੍ਰੰਥੀ, ਸੇਵਾਦਾਰ, ਸਫ਼ਾਈ ਸੇਵਾਦਾਰ ਅਤੇ ਪ੍ਰਚਾਰਕ ਲਈ ਚਾਰ ਕਮਰੇ ਬਣੇ ਹੋਏ ਹਨ ਜਿਹੜੇ ਪੁਨਰ-ਉਸਾਰੀ ਦੀ ਮੰਗ ਕਰਦੇ ਹਨ। ਇਹ ਗੁਰਧਾਮ ਸਿੱਖ ਮਿਸ਼ਨ ਹਾਪੁੜ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹੈ ਅਤੇ ਹੁਣ ਇਹੀ ਇੱਥੋਂ ਦਾ ਪ੍ਰਬੰਧ ਕਰ ਰਹੀ ਹੈ।

ਸਿੱਖਾਂ ਦੇ ਨਾਲ-ਨਾਲ ਗੈਰ ਸਿੱਖਾਂ ਵਿਚ ਵੀ ਇਸ ਗੁਰਧਾਮ ਪ੍ਰਤੀ ਸ਼ਰਧਾ ਹੈ। ਇੱਥੇ ਲੱਗੇ ਹੋਏ ਇਕ ਪੱਥਰ ਤੋਂ ਪਤਾ ਲੱਗਦਾ ਹੈ ਕਿ ਇਸ ਗੁਰਦੁਆਰਾ ਸਾਹਿਬ ਦੇ ਨਾਲ ਲੱਗਦੀ ਡੇਢ ਕਨਾਲ ਜ਼ਮੀਨ ਪੰਡਿਤ ਸ਼ਿਵ ਰਾਮ ਦੀ ਪਤਨੀ ਸ਼ਾਰਦਾ ਦੇਵੀ ਦੇ ਨਾਂ ਸੀ ਜਿਸ ਨੇ 1986 ਵਿਚ ਇਹ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਲਗਵਾ ਦਿੱਤੀ ਸੀ। ਪ੍ਰਕਾਸ਼ ਗੁਰਪੁਰਬ ਗੁਰੂ ਨਾਨਕ ਦੇਵ ਜੀ ਅਤੇ ਸ਼ਹੀਦੀ ਗੁਰਪੁਰਬ ਗੁਰੂ ਤੇਗ ਬਹਾਦਰ ਜੀ ਤੋਂ ਇਲਾਵਾ ਇੱਥੇ ਮੱਸਿਆ ਪ੍ਰਮੁੱਖ ਤੌਰ 'ਤੇ ਮਨਾਈ ਜਾਂਦੀ ਹੈ ਜਿਸ ਦਾ ਪ੍ਰਬੰਧ ਸਿੱਖ ਮਿਸ਼ਨ ਹਾਪੁੜ ਵੱਲੋਂ ਕੀਤਾ ਜਾਂਦਾ ਹੈ।।

ਜੌਨਪੁਰ : ਬਨਾਰਸ ਤੋਂ ਲਗ-ਪਗ 65 ਕਿਲੋਮੀਟਰ ਦੀ ਦੂਰੀ 'ਤੇ ਇਹ ਨਗਰ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਇਸ ਨਗਰ ਦਾ ਇਕ ਸਿੱਖ ਭਾਈ ਗੁਰਬਖ਼ਸ਼ ਬਹੁਤ ਸੁਰੀਲਾ ਕੀਰਤਨ ਕਰਦਾ ਸੀ। ਜਦੋਂ ਗੁਰੂ ਜੀ ਨੇ ਪੂਰਬ ਦੀ ਯਾਤਰਾ ਸਮੇਂ ਬਨਾਰਸ ਵਿਖੇ ਡੇਰਾ ਕੀਤਾ ਤਾਂ ਇਹ ਜੌਨਪੁਰ ਦੀ ਸੰਗਤ ਨਾਲ ਗੁਰੂ ਜੀ ਦੇ ਦਰਸ਼ਨ ਕਰਨ ਲਈ ਗਿਆ ਅਤੇ ਉਹਨਾਂ ਦੀ ਹਜ਼ੂਰੀ ਵਿਚ ਕੀਰਤਨ ਕੀਤਾ। ਗੁਰੂ ਜੀ ਨੇ ਕੀਰਤਨ ਪ੍ਰਤੀ ਇਸ ਦੀ ਸ਼ਰਧਾ

1. *ਗੁਰਦੁਆਰਾ ਗਜ਼ਟ,* ਨਵੰਬਰ 1933, ਪੰਨੇ 53-55

ਅਤੇ ਦ੍ਰਿੜ੍ਹਤਾ ਨੂੰ ਦੇਖਦੇ ਹੋਏ ਇਸ ਨੂੰ ਇਕ ਮ੍ਰਿਦੰਗ ਬਖ਼ਸ਼ਿਸ਼ ਕੀਤਾ। ਉਸ ਸਮੇਂ ਤੋਂ ਹੀ ਜੌਨਪੁਰ ਦੀ ਸੰਗਤ ਨੂੰ ਮ੍ਰਿਦੰਗਾਵਲੀ ਵਾਲੀ ਸੰਗਤ ਕਿਹਾ ਜਾਂਦਾ ਹੈ।

ਪੂਰਬ ਦੀ ਯਾਤਰਾ ਤੋਂ ਪੰਜਾਬ ਵਾਪਸ ਆਉਂਦੇ ਹੋਏ ਗੁਰੂ ਤੇਗ ਬਹਾਦਰ ਜੀ ਜੌਨਪੁਰ ਗਏ ਸਨ ਅਤੇ ਇੱਥੇ ਉਹਨਾਂ ਨੇ ਕੁੱਝ ਦਿਨ ਨਿਵਾਸ ਕੀਤਾ ਸੀ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਵਾਪਸੀ ਸਮੇਂ ਗੁਰੂ ਜੀ ਗੋਮਤੀ ਨਦੀ ਦੇ ਕੰਢੇ ਚਾਚਕਪੁਰ ਵਿਖੇ ਰੁਕੇ ਸਨ ਅਤੇ ਸੰਗਤ ਉਹਨਾਂ ਨੂੰ ਰਾਸਮੰਡਲ ਵਾਲੇ ਅਸਥਾਨ 'ਤੇ ਲੈ ਆਈ ਸੀ। ਗੁਰੂ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਤਪ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਜੀ* ਸਸ਼ੋਭਿਤ ਹੈ ਜਿਸ ਨੂੰ ਬੜੀ ਸੰਗਤ ਵੀ ਕਿਹਾ ਜਾਂਦਾ ਹੈ। ਬਲੋਚ ਟੋਲਾ, ਰਾਸ ਮੰਡਲ ਵਿਖੇ ਸਥਿਤ ਇਸ ਗੁਰਧਾਮ ਵਿਖੇ ਪਹਿਲਾਂ ਕੁੱਝ ਨਿਸ਼ਾਨੀਆਂ ਮੌਜੂਦ ਸਨ। 1947 ਵਿਚ ਭਾਰਤ-ਪਾਕਿ ਵੰਡ ਉਪਰੰਤ ਪਾਕਿਸਤਾਨ ਤੋਂ ਸਿੱਖ ਇੱਥੇ ਆ ਕੇ ਵੱਸ ਗਏ ਸਨ ਜਿਨ੍ਹਾਂ ਨੇ ਇਸ ਗੁਰਧਾਮ ਦੀ ਸੇਵਾ-ਸੰਭਾਲ ਵੱਲ ਵਿਸ਼ੇਸ਼ ਧਿਆਨ ਦਿੱਤਾ। ਮੌਜੂਦਾ ਸਮੇਂ ਵਿਚ ਇਸ ਗੁਰਦੁਆਰਾ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਜੀ ਦਾ ਤਪ ਅਸਥਾਨ ਅਤੇ ਇਕ ਤੀਰ ਸਾਹਿਬ ਸੰਭਾਲ ਕੇ ਰੱਖਿਆ ਹੋਇਆ ਹੈ। ਮ੍ਰਿਦੰਗ ਦੀ ਸੰਭਾਲ ਨਹੀਂ ਹੋ ਸਕੀ। ਇਸ ਤੋਂ ਇਲਾਵਾ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਹੱਥ-ਲਿਖਤ ਸਰੂਪ ਮੌਜੂਦ ਹੈ। ਲਗ-ਪਗ 5 ਬਿਸਵੇ ਥਾਂ 'ਤੇ ਦਰਬਾਰ ਹਾਲ, ਲੰਗਰ ਹਾਲ ਅਤੇ ਅੱਠਵੀਂ ਕਲਾਸ ਤੱਕ ਸਕੂਲ ਚਲਾਇਆ ਜਾ ਰਿਹਾ ਹੈ। ਭਾਈ ਜੀਓਪਾਲ ਸਿੰਘ ਇਸ ਅਸਥਾਨ 'ਤੇ ਗੁਰ-ਮਰਯਾਦਾ ਦਾ ਧਿਆਨ ਰੱਖਦੇ ਹਨ ਅਤੇ ਨਿਤਨੇਮ ਦੀ ਸੇਵਾ ਨਿਭਾਉਂਦੇ ਹਨ।

ਚਾਚਕਪੁਰ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ 'ਤੇ ਇਕ ਥੜ੍ਹਾ ਸਾਹਿਬ ਬਣਿਆ ਹੋਇਆ ਹੈ ਜਿਸ ਦੇ ਨਾਲ ਹੀ ਇਕ ਖੂਹ ਵੀ ਹੈ। ਕਿਹਾ ਜਾਂਦਾ ਹੈ ਕਿ ਰਾਸਮੰਡਲ ਵਿਖੇ ਨਿਵਾਸ ਦੌਰਾਨ ਗੁਰੂ ਜੀ ਇਸ ਅਸਥਾਨ 'ਤੇ ਇਸ਼ਨਾਨ ਕਰਨ ਲਈ ਆ ਜਾਂਦੇ ਸਨ। ਇਸ਼ਨਾਨ ਕਰਨ ਉਪਰੰਤ ਗੁਰੂ ਜੀ ਇੱਥੇ ਹੀ ਕੁੱਝ ਸਮਾਂ ਤਪ ਕਰਿਆ ਕਰਦੇ ਸਨ। ਗੁਰੂ ਜੀ ਦੀ ਯਾਦ ਵਿਚ ਇੱਥੇ ਹੀ ਪਹਿਲਾਂ ਤਪ ਅਸਥਾਨ ਗੁਰੂ ਤੇਗ ਬਹਾਦਰ ਜੀ ਬਣਿਆ ਸੀ ਜਿਹੜਾ ਕਿ ਸਮੇਂ ਨਾਲ ਵੀਰਾਨ ਹੋ ਗਿਆ ਹੈ। ਇੱਥੇ ਕੋਈ ਅਬਾਦੀ ਨਹੀਂ ਪਰ ਇਕ ਆਇਤਾਕਾਰ ਥੜ੍ਹਾ ਹਾਲੇ ਵੀ ਇੱਥੇ ਮੌਜੂਦ ਹੈ। ਰਾਸ ਮੰਡਲ ਗੁਰਦੁਆਰਾ ਸਾਹਿਬ ਵਾਲੇ ਇਸ ਅਸਥਾਨ ਦੀ ਸੇਵਾ-ਸੰਭਾਲ ਵੀ ਕਰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੋਂ ਬਾਅਦ ਲਗਾਤਾਰ ਪੰਜ ਐਤਵਾਰ ਇੱਥੇ ਕੀਰਤਨ ਕੀਤਾ ਜਾਂਦਾ ਹੈ।

ਨਿਜ਼ਾਮਾਬਾਦ : ਆਜ਼ਮਗੜ੍ਹ ਜ਼ਿਲੇ ਵਿਚ ਸਥਿਤ ਇਹ ਨਗਰ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਹ ਨਗਰ ਤਮਸਾ ਨਦੀ ਦੇ ਕੰਢੇ ਵੱਸਿਆ ਹੋਇਆ ਹੈ ਅਤੇ ਇੱਥੇ ਹੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ *ਗੁਰਦੁਆਰਾ ਗੁਰੂ ਨਾਨਕ ਘਾਟ* ਸਸ਼ੋਭਿਤ ਹੈ। ਕਾਯਸਥ ਪਰਿਵਾਰ ਦੇ ਸ. ਚਰਨਦੀਪ ਸਿੰਘ ਗੌੜ ਨਾਲ ਮੁਲਾਕਾਤ ਹੋਈ ਤਾਂ ਉਹਨਾਂ ਦੱਸਿਆ ਕਿ ਜਦੋਂ ਗੁਰੂ ਨਾਨਕ ਦੇਵ ਜੀ ਇਸ ਨਦੀ ਦੇ ਕੰਢੇ ਬੈਠੇ ਸਨ ਤਾਂ ਉਹਨਾਂ ਦੇ ਪਰਿਵਾਰ ਦੀ ਇਕ ਪੂਰਵਜ ਇਸਤਰੀ ਦਾ ਪੁੱਤਰ ਮਰ ਗਿਆ ਸੀ ਜਿਸ ਦਾ ਨਾਂ ਰਾਮ ਨਿਵਾਸ ਕਾਯਸਥ ਸੀ। ਇਸ ਇਸਤਰੀ ਨੇ ਗੁਰੂ ਜੀ ਨੂੰ ਆਪਣਾ ਪੁੱਤਰ ਜਿਉਂਦਾ ਕਰਨ ਦੀ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਕਿਹਾ ਕਿ ਜੰਮਣ-ਮਰਣਾ ਪਰਮਾਤਮਾ ਦੇ ਹੱਥ ਹੈ ਪਰ ਜਦੋਂ ਉਸ ਨੇ ਗੁਰੂ ਜੀ ਅੱਗੇ ਵਾਰ-ਵਾਰ ਦੁਹਾਈ ਪਾਈ ਤਾਂ ਉਹਨਾਂ ਨੇ ਇਸੇ ਨਦੀ ਦਾ ਜਲ ਮਿਰਤਕ ਬੱਚੇ 'ਤੇ ਛਿੜਕਿਆ ਤਾਂ ਉਹ ਦੁਬਾਰਾ ਜਿਉਂਦਾ ਹੋ ਗਿਆ। ਮੇਰੇ ਸਮੇਤ ਇਸ ਪਿੰਡ ਦੇ ਸਮੂਹ ਕਾਯਸਥ ਪਰਿਵਾਰ ਉਸੇ ਜਿਉਂਦੇ ਹੋਏ ਬੱਚੇ ਦੀ ਔਲਾਦ ਹਨ। ਪਿੰਡ ਵਿਚ ਵੱਸਦੇ ਕਾਯਸਥ ਪਰਿਵਾਰਾਂ ਨੇ ਸਿੱਖੀ ਧਾਰਨ ਕਰ ਲਈ ਸੀ ਪਰ ਹੁਣ ਇਹਨਾਂ ਵਿਚ ਸਿੱਖੀ ਸਰੂਪ ਨਜ਼ਰ ਨਹੀਂ ਆਉਂਦਾ। ਇਹ ਸਮੂਹ ਪਰਿਵਾਰ ਗੁਰੂ ਜੀ ਪ੍ਰਤੀ ਸ਼ਰਧਾ ਰੱਖਦੇ ਹਨ ਅਤੇ ਨਿਰੰਤਰ ਗੁਰੂ-ਘਰ ਦੀ ਸੇਵਾ ਕਰਦੇ ਹਨ।

ਇਸ ਗੁਰਧਾਮ ਤੋਂ ਅੱਧਾ ਕਿਲੋਮੀਟਰ ਦੀ ਦੂਰੀ 'ਤੇ ਨਗਰ ਦੇ ਵਿਚਕਾਰ *ਗੁਰਦੁਆਰਾ ਚਰਨ ਪਾਦੁਕਾ ਸਾਹਿਬ ਪਾਤਸ਼ਾਹੀ ਪਹਿਲੀ ਅਤੇ ਨੌਵੀਂ* ਸਸ਼ੋਭਿਤ ਹੈ ਜਿਹੜਾ ਕਿ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਸੋਲਵੀਂ ਸਦੀ ਦੌਰਾਨ ਇਸ ਅਸਥਾਨ ਦੀ ਉਸਾਰੀ ਅਤਰੋਲਿਆ ਦੇ ਰਾਜੇ ਨੇ ਕਰਵਾਈ ਸੀ। ਇਹ ਨਗਰ ਨਿਜ਼ਾਮਾਬਾਦ ਤੋਂ ਲਗ-ਪਗ 40 ਕਿਲੋਮੀਟਰ ਦੂਰ ਹੈ। ਇਸ ਘਟਨਾ ਦੀ ਜਾਣਕਾਰੀ ਦਿੰਦੇ ਹੋਏ ਸ. ਮਨਮੋਹਨ ਸਿੰਘ ਸਲੂਜਾ ਲਿਖਦੇ ਹਨ, "ਅਤਰੋਲਿਆ ਦੇ ਰਾਜਾ ਦਾ ਪੁੱਤਰ ਬੀਮਾਰ ਪੈ ਗਿਆ। ਉਸ ਦੇ ਬਚਣ ਦੀ ਉਮੀਦ ਬਹੁਤ ਘੱਟ ਸੀ। ਰਾਜਾ ਨੇ ਕੁੱਝ ਧਨ ਇਸ ਖ਼ਿਆਲ ਨਾਲ ਨਿਰਧਾਰਿਤ ਕਰ ਦਿੱਤਾ ਕਿ ਅਗਰ ਮੇਰਾ ਪੁੱਤਰ ਸਿਹਤਯਾਬ ਹੋ ਗਿਆ ਤਾਂ ਕਿਸੇ ਚੰਗੇ ਕੰਮ 'ਤੇ ਖਰਚ ਕਰਾਂਗਾ। ਪੁੱਤਰ ਸਿਹਤਯਾਬ ਹੋਇਆ ਤਾਂ ਉਸ ਦੇ ਮੁਨਸ਼ੀ ਹਨੂੰਮਾਨ ਪ੍ਰਸ਼ਾਦ, ਜਿਹੜਾ ਕਿ ਨਿਜ਼ਾਮਾਬਾਦ ਦਾ ਰਹਿਣ ਵਾਲਾ ਸੀ, ਨੇ ਸਲਾਹ ਦਿੱਤੀ ਕਿ ਇਹ ਧਨ ਗੁਰੂ ਮਹਾਰਾਜ ਦੇ ਇਤਿਹਾਸਿਕ ਗੁਰਦੁਆਰੇ ਨੂੰ ਬਨਵਾਉਣ ਵਿਚ ਖਰਚ ਕਰੇ। ਰਾਜੇ ਨੇ ਗੁਰੂ ਮਹਾਰਾਜ ਦੀ ਯਾਦ ਵਿਚ ਇਸ ਗੁਰਦੁਆਰੇ ਦਾ ਨਿਰਮਾਣ ਕਰਵਾਇਆ। ਮਹਿਲ ਦੀ ਤਰ੍ਹਾਂ ਬਣਿਆ ਹੋਇਆ ਇਹ ਗੁਰਦੁਆਰਾ ਭਵਨ-ਕਲਾ ਦਾ ਇਕ ਚੰਗਾ ਨਮੂਨਾ ਸੀ ਜਿਹੜਾ ਸਮੇਂ ਦੇ ਨਾਲ ਸਮਾਪਤ ਹੁੰਦਾ ਗਿਆ ਅਤੇ ਖੰਡਰ ਬਾਕੀ ਰਹਿ ਗਏ।"[1]

ਇਸ ਗੁਰਧਾਮ ਵਿਖੇ ਬਾਬਾ ਕ੍ਰਿਪਾਲ ਦਾਸ, ਬਾਬਾ ਸਾਧੂ ਸਿੰਘ ਅਤੇ ਬਾਬਾ ਸੁਮੇਰ ਸਿੰਘ ਨੇ ਲੰਮਾ ਸਮਾਂ ਸੇਵਾ ਕੀਤੀ ਹੈ। 1903 ਵਿਚ ਅੰਮ੍ਰਿਤਸਰ ਵਿਖੇ ਬਾਬਾ ਸੁਮੇਰ ਸਿੰਘ ਜੀ ਅਕਾਲ ਚਲਾਣਾ ਕਰ ਗਏ ਸਨ। ਇਸ ਤੋਂ ਬਾਅਦ ਕਾਯਸਥ ਭਾਈਚਾਰੇ ਵਿਚੋਂ ਸਿੱਖ ਸਜੇ ਪਰਿਵਾਰ ਇੱਥੇ ਸੇਵਾ ਕਰਨ ਲੱਗੇ, 70 ਸਾਲ ਇਹਨਾਂ ਨੇ ਇੱਥੇ ਸੇਵਾ ਕੀਤੀ। ਆਜ਼ਮਗੜ੍ਹ ਦੇ ਸ. ਜਗਦੀਸ਼ ਸਿੰਘ ਸਲੂਜਾ ਨੇ ਦੱਸਿਆ ਕਿ 1973 ਤੋਂ ਆਜ਼ਮਗੜ੍ਹ ਦੀ ਸੰਗਤ ਇੱਥੇ ਸੇਵਾ ਕਰਨ ਲਈ ਆਉਂਦੀ ਰਹੀ ਪਰ ਗੁਰਧਾਮ ਦੀ ਹਾਲਤ ਵਿਚ ਕੋਈ ਸੁਧਾਰ ਨਾ ਹੋ ਸਕਿਆ। ਅਜਿਹਾ ਸਮਾਂ ਵੀ ਦੇਖਣ ਨੂੰ ਮਿਲਿਆ ਕਿ ਦਰਬਾਰ ਹਾਲ ਤੱਕ ਪਹੁੰਚਣਾ ਵੀ ਮੁਸ਼ਕਲ ਹੋ ਗਿਆ ਸੀ। 1976 ਵਿਚ ਆਗਰਾ ਦੇ ਬਾਬਾ ਸਾਧੂ ਸਿੰਘ ਮੋਨੀ ਜੀ ਦੇ ਸੇਵਾ ਸੰਭਾਲਣ ਤੱਕ ਇਹ ਅਸਥਾਨ ਬਿਲਕੁਲ ਵੀਰਾਨ ਸੀ। ਬਨਾਰਸ ਦੀ ਇਕ ਮਾਤਾ ਗੁਰਦੇਵ ਕੌਰ ਵੀ ਇੱਥੇ ਸੇਵਾ ਕਰਨ ਲਈ ਆਉਣ ਲੱਗੀ ਪਰ ਇਸ ਦੀ ਬਾਬਾ ਸਾਧੂ ਸਿੰਘ ਮੋਨੀ ਨਾਲ ਬਹੁਤੀ ਸਾਂਝ ਪੈਦਾ ਨਹੀਂ ਹੋ ਸਕੀ ਅਤੇ ਗੁਰਧਾਮ ਦੀ ਉਸਾਰੀ ਉਪਰੰਤ ਬਾਬਾ ਜੀ ਇੱਥੋਂ ਚਲੇ ਗਏ ਸਨ। ਮੌਜੂਦਾ ਸਮੇਂ ਵਿਚ ਆਗਰਾ ਦੇ ਬਾਬਾ ਪ੍ਰੀਤਮ ਸਿੰਘ ਜੀ ਦੀ ਸਰਪ੍ਰਸਤੀ ਵਿਚ ਸ. ਸਤਨਾਮ ਸਿੰਘ ਇੱਥੇ ਦੀ ਸੇਵਾ-ਸੰਭਾਲ ਕਰ ਰਹੇ ਹਨ।

ਮਹੰਤ ਸੁਮੇਰ ਸਿੰਘ ਦੇ ਸਮੇਂ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੱਥ-ਲਿਖਤ ਸਰੂਪ ਤਿਆਰ ਕੀਤੇ ਜਾਂਦੇ ਸਨ। 1976 ਵਿਚ ਜਦੋਂ ਇਸ ਗੁਰਧਾਮ ਦੀ ਸੇਵਾ-ਸੰਭਾਲ ਅਰੰਭ ਕੀਤੀ ਗਈ ਤਾਂ ਇੱਥੇ 115 ਹੱਥ-ਲਿਖਤ ਸਰੂਪ ਸਾਹਮਣੇ ਆਏ ਸਨ। ਇਹਨਾਂ ਵਿਚੋਂ ਬਹੁਤੇ ਸਰੂਪ ਬਿਰਧ ਹੋ ਚੁੱਕੇ ਸਨ ਜਾਂ ਲੰਮਾ ਸਮਾਂ ਸੰਭਾਲ ਨਾ ਹੋਣ ਕਰਕੇ ਵਰਤੋਂ ਯੋਗ ਨਹੀਂ ਰਹੇ, ਉਹ ਅਗਨ ਭੇਟ ਕਰ ਦਿੱਤੇ ਗਏ। ਮੌਜੂਦਾ ਸਮੇਂ ਵਿਚ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 25 ਅਤੇ ਸ੍ਰੀ ਦਸਮ ਗ੍ਰੰਥ ਜੀ ਦੇ 6 ਹੱਥ-ਲਿਖਤ ਸਰੂਪ ਮੌਜੂਦ ਹਨ। ਇਹਨਾਂ ਤੋਂ ਇਲਾਵਾ ਉਰਦੂ ਭਾਸ਼ਾ ਵਿਚ ਤਿਆਰ ਕੀਤਾ ਗਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਸਰੂਪ ਵੀ ਇੱਥੇ ਮੌਜੂਦ ਹੈ ਜਿਸ ਦੇ ਮੁੱਢਲੇ ਪੰਨੇ 'ਤੇ ਲਿਖਿਆ ਹੋਇਆ ਹੈ, "ਤਸਦੀਕ। ਮੈ ਤਸਦੀਕ ਕਰਤਾ ਹੂੰ ਕਿ ਯੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ (ਬਖਤੇ ਉਰਦੂ) ਅਸਲ ਗੁਰਮੁਖੀ ਗ੍ਰੰਥ ਸਾਹਿਬ ਕੇ ਬਿਲਕੁਲ ਮੁਤਾਬਿਕ ਹੈ ਮੈਨੇ ਇਸੇ ਸ਼ੁਰੂ ਸੇ ਆਖੀਰ ਤਕ ਬੜੇ ਗੋਰ ਸੇ ਲਫਜ਼ ਬ ਲਫਜ਼ ਮੁਕਾਬਲਾ ਕਰਕੇ ਸਹੀ ਕੀਆ ਹੈ।"

ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਖੜਾਵਾਂ ਇੱਥੇ ਸੰਭਾਲ ਕੇ ਰੱਖੀਆਂ ਹੋਈਆਂ ਹਨ। ਕਿਹਾ ਜਾਂਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਜਦੋਂ ਇਸ ਅਸਥਾਨ 'ਤੋਂ ਜਾਣ ਲੱਗੇ ਤਾਂ ਸੰਗਤ ਦੀ ਬੇਨਤੀ 'ਤੇ

1. ਮਨਮੋਹਨ ਸਿੰਘ ਸਲੂਜਾ, *ਇਤਿਹਾਸਿਕ ਗੁਰਦੁਆਰਾ ਚਰਨ ਪਾਦੁਕਾ ਸਾਹਿਬ,* ਅਜੀਤ, 2.12.1986.

ਆਪਣੀਆਂ ਖੜਾਵਾਂ ਇੱਥੇ ਛੱਡ ਗਏ ਸਨ। ਗੁਰੂ ਨਾਨਕ ਦੇਵ ਜੀ ਦੀਆਂ ਖੜਾਵਾਂ ਪਟਨਾ ਸਾਹਿਬ ਦੇ ਮਹੰਤ ਬਾਬਾ ਸੁਮੇਰ ਸਿੰਘ ਜੀ ਨੇ ਸ੍ਰੀ ਲੰਕਾ ਤੋਂ ਇੱਥੇ ਲਿਆਂਦੀਆਂ ਦੱਸੀਆਂ ਜਾਂਦੀਆਂ ਹਨ। ਗੁਰੂ ਤੇਗ ਬਹਾਦਰ ਜੀ ਦੇ ਸਮੇਂ ਦਾ ਇਕ ਖੂਹ ਵੀ ਇਸ ਅਸਥਾਨ 'ਤੇ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਖੂਹ ਦੇ ਨਾਲ ਹੀ ਗੁਰੂ ਤੇਗ ਬਹਦਾਰ ਜੀ ਦਾ ਤਪ ਅਸਥਾਨ ਹੈ ਜਿਸ ਨੂੰ *ਗੁਰਦੁਆਰਾ ਅਕਾਲ ਬੁੰਗਾ ਸਾਹਿਬ* ਕਿਹਾ ਜਾਂਦਾ ਹੈ। ਮਨਮੋਹਨ ਸਿੰਘ ਸਲੂਜਾ ਦੱਸਦੇ ਹਨ ਕਿ ਇੱਥੇ ਖੁਦਾਈ ਕਰਨ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਤਪ ਅਸਥਾਨ 9 ਫੁੱਟ ਅੰਦਰੋਂ 21 ਮਈ 1978 ਨੂੰ ਮਿਲਿਆ। ਮਾਤਾ ਗੁਰਦੇਵ ਕੌਰ ਨੂੰ ਫਿਰ ਆਦੇਸ਼ ਹੋਇਆ ਕਿ ਅਕਾਲ ਬੁੰਗੇ ਦੇ ਵਿਹੜੇ ਵਿਚ ਇਕ ਖਾਸ ਅਸਥਾਨ 'ਤੇ ਖੁਦਾਈ ਕਰਵਾਈ ਜਾਵੇ। 30 ਫੁੱਟ ਗਹਿਰੀ ਖੁਦਾਈ ਕਰਨ ਤੋਂ ਬਾਅਦ ਗੁਪਤ ਖੂਹ ਵਿਚੋਂ ਪੰਜ ਬੰਦੂਕਾਂ, ਚਾਰ ਤਲਵਾਰਾਂ, ਇਕ ਕਟਾਰ, ਇਕ ਧਨੁੱਖ ਤੇ ਕੁੱਝ ਛੋਟੇ ਸ਼ਸਤਰ ਵੀ ਮਿਲੇ ਹਨ। ਇਸ ਤੋਂ ਬਾਅਦ ਹੋਰ ਖੁਦਾਈ ਕਰਾਉਣ 'ਤੇ ਸੀਤਲ ਮਿੱਠਾ ਜਲ ਨਿਕਲਿਆ।[1]

ਗੁਰੂ ਸਾਹਿਬਾਨ ਤੋਂ ਇਲਾਵਾ ਇੱਥੇ ਬਾਬਾ ਸ੍ਰੀ ਚੰਦ ਜੀ ਦਾ ਤਪ ਅਸਥਾਨ ਵੀ ਮੌਜੂਦ ਹੈ। ਗੁਰੂ ਨਾਨਕ ਦੇਵ ਜੀ ਦੇ ਚਰਨ ਛੋਹ ਪ੍ਰਾਪਤ ਅਸਥਾਨਾਂ ਦੀ ਯਾਤਰਾ ਕਰਦੇ ਹੋਏ ਬਾਬਾ ਸ੍ਰੀ ਚੰਦ ਜੀ ਵੀ ਇੱਥੇ ਆਏ ਸਨ ਜਿਨ੍ਹਾਂ ਦੁਆਰਾ ਇੱਥੇ 17 ਦਿਨ ਤਪ ਕੀਤਾ ਦੱਸਿਆ ਜਾਂਦਾ ਹੈ।

ਪ੍ਰਯਾਗਰਾਜ : ਉੱਤਰ ਪ੍ਰਦੇਸ਼ ਦਾ ਇਹ ਇਕ ਪ੍ਰਮੁੱਖ ਨਗਰ ਹੈ। ਹਿੰਦੂ ਧਰਮ ਦੇ ਇਸ ਪ੍ਰਸਿੱਧ ਤੀਰਥ 'ਤੇ ਗੰਗਾ ਅਤੇ ਜਮਨਾ ਦਾ ਸੰਗਮ ਹੁੰਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਸਰਸਵਤੀ ਨਦੀ ਵੀ ਗੁਪਤ ਰੂਪ ਵਿਚ ਆ ਕੇ ਇੱਥੇ ਮਿਲਦੀ ਹੈ। ਪਹਿਲਾਂ ਇਸ ਨਗਰ ਦਾ ਨਾਂ ਪ੍ਰਯਾਗ ਸੀ ਪਰ ਬਾਦਸ਼ਾਹ ਅਕਬਰ ਨੇ ਇਸ ਦਾ ਨਾਂ ਬਦਲ ਕੇ ਅਲਾਹਾਬਾਦ ਰੱਖ ਦਿੱਤਾ ਸੀ। 2018 ਵਿਚ ਉੱਤਰ ਪ੍ਰਦੇਸ਼ ਦੀ ਸਰਕਾਰ ਨੇ ਇਸ ਦਾ ਨਾਂ ਬਦਲ ਕੇ ਫਿਰ ਪ੍ਰਯਾਗਰਾਜ ਕਰ ਦਿੱਤਾ ਹੈ।

1666 ਵਿਚ ਪੂਰਬ ਦੀ ਯਾਤਰਾ ਦੌਰਾਨ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਸਨ। ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਵੀ ਇਸ ਅਸਥਾਨ ਨੂੰ ਪਵਿੱਤਰ ਕੀਤਾ ਸੀ ਅਤੇ ਉਸੇ ਸਮੇਂ ਤੋਂ ਹੀ ਇੱਥੇ ਸਿੱਖ ਸੰਗਤ ਕਾਇਮ ਹੋ ਗਈ ਸੀ। ਗੁਰੂ ਤੇਗ ਬਹਾਦਰ ਜੀ ਨੇ ਵੀ ਇੱਥੇ ਮੁਹੱਲਾ ਅੱਹਯਾਪੁਰ ਵਿਖੇ ਆਪਣੇ ਇਕ ਸ਼ਰਧਾਲੂ ਸੂਰਜ ਮੱਲ ਸੇਠ ਦੇ ਘਰ ਨਿਵਾਸ ਕੀਤਾ। ਓਸੇ ਦੀ ਬੰਸ ਵਿਚੋਂ ਮਹਾਂਦੇਵ ਨਾਮ ਸੇਠ ਉੱਘਾ ਹੋਇਆ ਹੈ ਜਿਸ ਨੇ ਗੁਰੂ ਜੀ ਦੀ ਚੰਗੀ ਸੇਵਾ ਕੀਤੀ ਸੀ।[2] ਗੁਰੂ ਜੀ ਦੀ ਯਾਦ ਵਿਚ ਇਸ ਅਸਥਾਨ 'ਤੇ ਨਿਰੰਤਰ ਹਾਜ਼ਰੀ ਭਰਨ ਵਾਲੀ ਸੰਗਤ ਨੂੰ ਪੱਕੀ ਸੰਗਤ ਕਿਹਾ ਜਾਂਦਾ ਸੀ ਅਤੇ ਇਹ ਨਾਂ ਇਸ ਗੁਰਧਾਮ ਨਾਲ ਪੱਕੇ ਤੌਰ 'ਤੇ ਜੁੜ ਗਿਆ। ਹੁਣ ਇਸ ਅਸਥਾਨ ਨੂੰ *ਗੁਰਦੁਆਰਾ ਪੱਕੀ ਸੰਗਤ* ਕਿਹਾ ਜਾਂਦਾ ਹੈ। ਪੂਰਬ ਦੀ ਯਾਤਰਾ ਸਮੇਂ ਗੁਰੂ ਤੇਗ ਬਹਾਦਰ ਜੀ ਦਾ ਇਸ ਅਸਥਾਨ 'ਤੇ ਆਗਮਨ ਦਾ ਵਰਨਨ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਦੱਸਦੇ ਹਨ:

ਮੁਰ ਪਿਤ ਪੂਰਬਿ ਕਿਯਸਿ ਪਯਾਨਾ। ਭਾਤਿ ਭਾਤਿ ਕੇ ਤੀਰਥਿ ਨ੍ਹਾਨਾ।
ਜਬ ਹੀ ਜਾਤਿ ਤ੍ਰਿਬੇਣੀ ਭਏ। ਪੁੰਨ ਦਾਨ ਦਿਨ ਕਰਤ ਬਿਤਏ।[3]

ਮੌਜੂਦਾ ਸਮੇਂ ਵਿਚ ਇਸ ਅਸਥਾਨ ਦਾ ਪ੍ਰਬੰਧ ਨਿਰਮਲਾ ਸੰਪ੍ਰਦਾਇ ਕੋਲ ਹੈ। ਪਹਿਲਾਂ ਇੱਥੇ ਬਾਬਾ ਪ੍ਰੀਤਮ ਸਿੰਘ ਸੇਵਾ ਕਰਦੇ ਸਨ ਜਿਹੜੇ ਕਿ 1972 ਵਿਚ ਅਕਾਲ ਚਲਾਣਾ ਕਰ ਗਏ ਸਨ। ਇਹਨਾਂ ਨੇ 24 ਸਾਲ ਇਸ

1. ਮਨਮੋਹਨ ਸਿੰਘ ਸਲੂਜਾ, ਇਤਿਹਾਸਿਕ ਗੁਰਦੁਆਰਾ ਚਰਨ ਪਾਦੁਕਾ ਸਾਹਿਬ, *ਅਜੀਤ*, 2.12.1986.
2. ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ*, 113.
3. *ਬਚਿਤ੍ਰ ਨਾਟਕ*, ਅਧਿਆਇ 7.1.

ਅਸਥਾਨ ਦੀ ਸੇਵਾ-ਸੰਭਾਲ ਕੀਤੀ ਹੈ। 1965 ਵਿਚ ਇਹਨਾਂ ਨੇ ਪੁਰਾਤਨ ਅਸਥਾਨ 'ਤੇ ਇਕ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਸੀ। ਇੱਥੇ ਲੱਗੇ ਹੋਏ ਇਕ ਪੁਰਾਤਨ ਪੱਥਰ 'ਤੇ ਲਿਖਿਆ ਹੋਇਆ ਹੈ, "ੴ ਸਤਿਗੁਰ ਪ੍ਰਸਾਦਿ। ਤਪ ਅਸਥਾਨ (ਪੱਕੀ ਸੰਗਤ), ਸ੍ਰੀ ਗੁਰੂ ਤੇਗ ਬਹਾਦਰ ਜੀ ਪਾ. 9, ਮੁਹੱਲਾ ਅੱਹਯਾਪੁਰ ਅਲ੍ਹਾਬਾਦ, ਸੇਵਾ ਕਰਾਈ, ਸ੍ਰਦਾਰ ਤੇ ਸਰਦਾਰਨੀ ਹੁਕਮ ਸਿੰਘ ਸੋਢੀ, ਨੇ ਆਪਣੇ ਸਵਰਗਵਾਸੀ ਸੁਪੁੱਤਰ, ਪ੍ਰਿਤਪਾਲ ਸਿੰਘ ਸੋਢੀ ਦੀ ਯਾਦ ਵਿਚ, ਮਿਤੀ 10-2-1965"।

ਮਹੰਤ ਪ੍ਰੀਤਮ ਸਿੰਘ ਤੋਂ ਬਾਅਦ 1986 ਤੱਕ ਮਹੰਤ ਦੀਦਾਰ ਸਿੰਘ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਰਹੇ। ਇਹ ਨਿਰਮਲ ਸੰਪ੍ਰਦਾਇ ਨਾਲ ਸੰਬੰਧਿਤ ਸਨ ਅਤੇ ਇਹਨਾਂ ਨੇ ਵੀ ਇੱਥੇ ਕੁੱਝ ਨਵੀਆਂ ਇਮਾਰਤਾਂ ਦੀ ਉਸਾਰੀ ਕਰਵਾਈ ਸੀ। ਮੌਜੂਦਾ ਸਮੇਂ ਵਿਚ ਮਹੰਤ ਗਿਆਨ ਸਿੰਘ ਜੀ ਇਸ ਅਸਥਾਨ ਦਾ ਪ੍ਰਬੰਧ ਸੁਚੱਜੇ ਤਰੀਕੇ ਨਾਲ ਕਰ ਰਹੇ ਹਨ। ਤਰਨਤਾਰਨ ਜ਼ਿਲੇ ਨਾਲ ਸੰਬੰਧਿਤ ਇਹ ਮਹੰਤ 2003 ਤੋਂ ਇਸ ਅਸਥਾਨ ਦੀ ਸੇਵਾ-ਸੰਭਾਲ ਕਰ ਰਹੇ ਹਨ। ਇਹਨਾਂ ਦੇ ਸਮੇਂ ਵਿਚ ਜਿੱਥੇ ਪੁਰਾਤਨ ਇਮਾਰਤ ਦਾ ਨਵੀਨੀਕਰਨ ਕੀਤਾ ਗਿਆ ਉੱਥੇ ਸੰਗਤ ਲਈ ਨਵੀਂ ਰਿਹਾਇਸ਼ ਵੀ ਤਿਆਰ ਕੀਤੀ ਗਈ ਹੈ। ਗੁਰੂ ਤੇਗ ਬਹਾਦਰ ਜੀ ਦੇ ਤਪ ਅਸਥਾਨ ਅਤੇ ਖੂਹ ਨੂੰ ਨਵੀਂ ਦਿੱਖ ਪ੍ਰਦਾਨ ਕੀਤੀ ਗਈ ਹੈ। ਇਕ ਪੁਰਾਤਨ ਕ੍ਰਿਪਾਨ ਵੀ ਇੱਥੇ ਗੁਰੂ ਤੇਗ ਬਹਾਦਰ ਜੀ ਦੇ ਤਪ ਅਸਥਾਨ 'ਤੇ ਸੰਭਾਲ ਕੇ ਰੱਖੀ ਹੋਈ ਹੈ। ਸਥਾਨਿਕ ਸੰਗਤ ਇੱਥੇ ਵੱਡੀ ਗਿਣਤੀ ਵਿਚ ਹਾਜ਼ਰੀ ਭਰਦੀ ਹੈ। ਲਗ-ਪਗ ਇਕ ਏਕੜ ਵਿਚ ਬਣੇ ਹੋਏ ਇਸ ਗੁਰਧਾਮ ਵਿਖੇ ਦੋ ਪਹੀਆ ਸਵਾਰੀ 'ਤੇ ਹੀ ਅਸਾਨੀ ਨਾਲ ਜਾਇਆ ਜਾ ਸਕਦਾ ਹੈ, ਪਾਰਕਿੰਗ ਨਾ ਹੋਣ ਕਰਕੇ ਚਾਰ ਪਹੀਆ ਸਵਾਰੀ ਵਾਲਿਆਂ ਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ।

ਬਨਾਰਸ : ਬਨਾਰਸ ਹਿੰਦੂ ਧਰਮ ਦਾ ਇਕ ਪ੍ਰਸਿੱਧ ਨਗਰ ਹੈ ਜਿਸ ਨੂੰ ਵਾਰਾਣਸੀ ਵੀ ਕਿਹਾ ਜਾਂਦਾ ਹੈ। ਧਾਰਮਿਕ ਵਿੱਦਿਆ ਦਾ ਕੇਂਦਰ ਹੋਣ ਕਰ ਕੇ ਇਸ ਨੂੰ ਕਾਸ਼ੀ ਵੀ ਕਿਹਾ ਜਾਂਦਾ ਹੈ। ਹਿੰਦੂ ਧਰਮ ਗ੍ਰੰਥ ਅਤੇ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨਗਰ ਵਿਖੇ ਪੰਜ ਸਿੱਖਾਂ ਨੂੰ ਭੇਜਿਆ ਸੀ ਜਿਨ੍ਹਾਂ ਨੂੰ ਨਿਰਮਲੇ ਕਿਹਾ ਗਿਆ। ਜਿੱਥੇ ਰਹਿ ਕੇ ਇਹਨਾਂ ਨਿਰਮਲੇ ਸਾਧੂਆਂ ਨੇ ਵਿੱਦਿਆ ਗ੍ਰਹਿਣ ਕੀਤੀ ਉਹ ਅਸਥਾਨ ਚੇਤਨ ਮੱਠ ਨਾਲ ਪ੍ਰਸਿੱਧ ਹੈ। ਇਹਨਾਂ ਨਿਰਮਲੇ ਸਾਧੂਆਂ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਨੇ ਇਸ ਨਗਰ ਵਿਖੇ ਚਰਨ ਪਾਏ ਸਨ। ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਅਸਥਾਨਾਂ ਦਾ ਵੇਰਵਾ ਇਸ ਤਰ੍ਹਾਂ ਹੈ:

1. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਬੜੀ ਸੰਗਤ, ਨੀਚੀ ਬਾਗ਼ :** ਜਦੋਂ ਗੁਰੂ ਤੇਗ ਬਹਾਦਰ ਜੀ ਇਸ ਨਗਰ ਵਿਖੇ ਆਏ ਤਾਂ ਇੱਥੇ ਪਹਿਲਾਂ ਤੋਂ ਹੀ ਸਿੱਖ ਸੰਗਤ ਮੌਜੂਦ ਸੀ। ਗੁਰੂ ਨਾਨਕ ਦੇਵ ਜੀ ਦੇ ਸਮੇਂ ਇੱਥੇ ਸੰਗਤ ਸਥਾਪਿਤ ਹੋ ਗਈ ਸੀ ਅਤੇ ਜਦੋਂ ਭਾਈ ਗੁਰਦਾਸ ਜੀ ਨੇ ਇੱਥੇ ਲੰਮਾ ਸਮਾਂ ਨਿਵਾਸ ਦੌਰਾਨ ਸਿੱਖੀ ਪ੍ਰਚਾਰ ਕੀਤਾ ਤਾਂ ਇਹ ਸੰਗਤ ਸੰਗਠਿਤ ਰੂਪ ਵਿਚ ਸਾਹਮਣੇ ਆਈ। ਬਨਾਰਸ ਦੇ ਸਭ ਤੋਂ ਵੱਧ ਭੀੜ ਵਾਲੇ ਬਜ਼ਾਰ ਵਿਚ ਆਸਭੈਰੋ ਮੁਹੱਲੇ ਵਿਖੇ ਸਸ਼ੋਭਿਤ ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ, "ਮਹੱਲਾ ਆਸਭੈਰੋ ਵਿਚ 'ਵਡੀ ਸੰਗਤਿ' ਹੈ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੰਮਤ 1722 ਵਿਚ ਪਧਾਰੇ ਹਨ ਅਤੇ ਸੱਤ ਮਹੀਨੇ ਤੇਰਾਂ ਦਿਨ ਨਿਵਾਸ ਕੀਤਾ ਹੈ। ਜਿਸ ਗੁਫ਼ਾ ਵਿਚ ਏਕਾਂਤ ਧਯਾਨਪਰਾਇਣ ਰਹਿੰਦੇ ਸਨ, ਉਹ ਵਿਦਯਮਾਨ ਹੈ। ਪਟਨੇ ਤੋਂ ਪੰਜਾਬ ਨੂੰ ਆਉਂਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭੀ ਇਸ ਥਾਂ ਵਿਰਾਜੇ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਚੋਲਾ ਅਤੇ ਨੌਵੇਂ ਅਰ ਦਸਵੇਂ ਗੁਰੂ ਜੀ ਦੇ ਜੋੜੇ ਇੱਥੇ ਸਨਮਾਨ ਨਾਲ ਰੱਖੇ ਹੋਏ ਹਨ, ਜਿਨ੍ਹਾਂ ਦਾ ਦਰਸ਼ਨ ਸੰਕ੍ਰਾਂਤਿ ਵਾਲੇ ਦਿਨ ਕਰਾਇਆ ਜਾਂਦਾ ਹੈ। ਪੋਹ ਸੁਦੀ 7, ਅਸੂ ਵਦੀ 10 ਅਤੇ ਵੈਸਾਖੀ ਦੇ ਮੇਲੇ ਹੁੰਦੇ ਹਨ। ਮਹਾਰਾਜਾ ਨਰੇਂਦ੍ਰ ਸਿੰਘ ਪਟਿਆਲਾਪਤਿ ਨੇ ਸੰਮਤ 1911 ਵਿਚ ਬਹੁਤ ਧਨ ਖਰਚ ਕੇ ਇਕ ਸ਼ੀਸ਼ ਮਹਿਲ ਬਣਵਾਇਆ ਅਤੇ ਦੋ ਰੁਪਯੇ ਰੋਜ ਦਾ ਲੰਗਰ ਲਗਾਇਆ।

ਗੁਰਦੁਆਰੇ ਨੂੰ ਆਮਦਨ ਕੁੱਝ ਮਕਾਨਾਂ ਦੇ ਕਿਰਾਏ ਦੀ ਅਤੇ ਕੁੱਝ ਲੋਚੂਪੁਰਾ ਪਿੰਡ ਵਿਚੋਂ ਆਉਂਦੀ ਹੈ। ਪੁਜਾਰੀ ਭਾਈ ਈਸਰ ਸਿੰਘ ਜੀ ਨਿਹੰਗ ਹਨ ਜਿਨ੍ਹਾਂ ਨੇ ਉੱਦਮ ਕਰ ਕੇ ਲੋਕਾਂ ਦੇ ਹੱਥ ਗਈ ਗੁਰਦੁਆਰ ਦੀ ਜਾਯਦਾਦ ਨੂੰ ਮੁੜ ਸਤਿਗੁਰੂ ਦੇ ਨਾਉਂ ਵੱਡੇ ਯਤਨ ਨਾਲ ਅਦਾਲਤ ਤੋਂ ਕਰਵਾਇਆ ਹੈ।"[1] ਦਸੰਬਰ 1930 ਵਿਚ ਭਾਈ ਧੰਨਾ ਸਿੰਘ ਦੱਸਦੇ ਹਨ ਕਿ ਗੁਰਦੁਆਰੇ ਨੂੰ ਮਹਾਰਾਜਾ ਪਟਿਆਲਾ ਜੀ ਦੀ ਤਰਫ ਸੇ 100 ਰੁਪਏ ਸਾਲ ਦਾ ਲੰਗਰ ਵਾਸਤੇ ਆਉਂਦਾ ਹੈ ਤੇ ਦੁਕਾਨਾਂ ਦਾ ਕਿਰਾਇਆ ਤੇ ਕੁਛ ਜਗੀਰ ਭੀ, ਅੱਛੀ ਆਮਦਨੀ ਹੈ।[2]

ਸਥਾਨਿਕ ਪਰੰਪਰਾ ਦੱਸਦੀ ਹੈ ਕਿ ਜਦੋਂ ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਆਏ ਤਾਂ ਇਹਨਾਂ ਨੇ ਇੱਥੇ ਭਾਈ ਕਲਿਆਣਾ ਦੇ ਘਰ ਵਿਚ ਨਿਵਾਸ ਕੀਤਾ ਸੀ। ਇਸ ਘਰ ਵਿਚ ਇਕ ਭੋਰਾ ਸੀ ਜਿੱਥੇ ਗੁਰੂ ਜੀ ਨਿਤਨੇਮ ਅਨੁਸਾਰ ਇਸ਼ਨਾਨ ਕਰਕੇ ਭਜਨ-ਬੰਦਗੀ ਕਰਿਆ ਕਰਦੇ ਸਨ ਅਤੇ ਸੰਗਤ ਨੂੰ ਉਪਦੇਸ਼ ਦਿੰਦੇ ਸਨ ਕਿ ਪਰਮਾਤਮਾ ਦਾ ਨਾਮ ਹੀ ਸਭ ਨੂੰ ਪਵਿੱਤਰ ਕਰਨ ਵਾਲਾ ਹੈ। ਇਕ ਦਿਨ ਭਾਈ ਕਲਿਆਣਾ ਨੇ ਕਿਹਾ ਕਿ ਗੁਰੂ ਜੀ ਅੱਜ ਗ੍ਰਹਿਣ ਹੈ ਅਤੇ ਲੋਕ ਗੰਗਾ ਵਿਚ ਇਸ਼ਨਾਨ ਕਰਦੇ ਹਨ। ਕਿਰਪਾ ਕਰੋ ਅਸੀਂ ਵੀ ਗੰਗਾ ਇਸ਼ਨਾਨ ਕਰ ਆਈਏ। ਗੁਰੂ ਜੀ ਨੇ ਕਿਹਾ ਕਿ ਗੰਗਾ ਨੂੰ ਬੇਨਤੀ ਕਰੋ ਕਿ ਸਾਨੂੰ ਇੱਥੇ ਹੀ ਇਸ਼ਨਾਨ ਕਰਵਾ ਦੇਵੇ। ਭਾਈ ਕਲਿਆਣੇ ਨੇ ਕਿਹਾ ਕਿ ਗੰਗਾ ਤਾਂ ਇੱਥੋਂ ਕੁੱਝ ਦੂਰ ਹੈ ਅਤੇ ਇੱਥੇ ਗੰਗਾ ਕਿਵੇਂ ਆ ਸਕਦੀ ਹੈ। ਗੁਰੂ ਜੀ ਨੇ ਘਰ ਵਿਚ ਲੱਗੀ ਹੋਈ ਇਕ ਸਿਲ ਪੁੱਟਣ ਲਈ ਕਿਹਾ ਜਿਸ ਵਿਚੋਂ ਨਿਰਮਲ ਜਲ ਦੀ ਧਾਰਾ ਵਹਿ ਨਿਕਲੀ। ਸਾਰਿਆਂ ਨੇ ਉੱਥੇ ਹੀ ਇਸ਼ਨਾਨ ਕੀਤਾ। ਸਿਲ ਨੂੰ ਵਾਪਸ ਉੱਥੇ ਹੀ ਰੱਖ ਦਿੱਤਾ ਤਾਂ ਗੰਗਾ ਗੁਰੂ ਜੀ ਦੇ ਚਰਨਾਂ ਨੂੰ ਛੂਹ ਕੇ ਵਾਪਸ ਚਲੀ ਗਈ। ਇਸ ਅਸਥਾਨ 'ਤੇ ਇਕ ਖੂਹ ਹਾਲੇ ਵੀ ਮੌਜੂਦ ਹੈ ਜਿਸ ਨੂੰ ਬਉਲੀ ਸਾਹਿਬ ਕਿਹਾ ਜਾਂਦਾ ਹੈ। ਇਹ ਬਉਲੀ ਸਾਹਿਬ ਦਰਬਾਰ ਹਾਲ ਦੇ ਅੰਦਰ ਮੌਜੂਦ ਹੈ। ਗੁਰੂ ਜੀ ਇੱਥੋਂ ਅੱਗੇ ਜਾਣ ਲੱਗੇ ਤਾਂ ਆਪਣਾ ਇਕ ਚੋਲਾ ਅਤੇ ਖੜਾਵਾਂ ਸੰਗਤਾਂ ਨੂੰ ਦਰਸ਼ਨ ਲਈ ਸੌਂਪ ਦਿੱਤੀਆਂ।

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ 1950 ਦੀ ਬਣੀ ਹੋਈ ਹੈ। ਪਹਿਲਾਂ ਇੱਥੇ ਮਹਾਰਾਜਾ ਪਟਿਆਲਾ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਸੇਵਾ ਕਰਵਾਈ ਸੀ। ਉਦਾਸੀ ਮਹੰਤ ਲੰਮਾ ਸਮਾਂ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਰਹੇ ਸਨ। ਗੁਰਦੁਆਰਾ ਸਾਹਿਬ ਦੀ ਡਿਉੜ੍ਹੀ ਦੇ ਨਾਲ ਹੀ ਦੁਕਾਨਾਂ ਵਿਚੋਂ ਹੋ ਕੇ ਇਕ ਅਸਥਾਨ ਹਾਲੇ ਵੀ ਗੁਰਦੁਆਰਾ ਸਾਹਿਬ ਦੇ ਕੋਲ ਮੌਜੂਦ ਹੈ ਜਿੱਥੇ ਬਾਬਾ ਸ੍ਰੀ ਚੰਦ ਜੀ ਦੀ ਮੂਰਤੀ ਲੱਗੀ ਹੋਈ ਹੈ ਅਤੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਵੀ ਮੌਜੂਦ ਹੈ। ਇਕ ਨਿਹੰਗ ਸਿੰਘ ਇਸ ਅਸਥਾਨ ਦੀ ਨਿਰੰਤਰ ਸੇਵਾ-ਸੰਭਾਲ ਕਰਦਾ ਹੈ ਪਰ ਫਿਰ ਵੀ ਇਸ ਦੇ ਯੋਗ ਪ੍ਰਬੰਧ ਦੀ ਲੋੜ ਮਹਿਸੂਸ ਹੁੰਦੀ ਹੈ। 1947 ਤੋਂ ਬਾਅਦ ਇਹ ਅਸਥਾਨ ਸਿੱਖ ਸੰਗਤ ਦੇ ਪ੍ਰਬੰਧ ਅਧੀਨ ਆਇਆ ਤਾਂ ਇੱਥੇ ਕਾਫ਼ੀ ਵਿਕਾਸ ਹੋਇਆ। ਗੁਰਦੁਆਰਾ ਸਾਹਿਬ ਨੂੰ ਖੁੱਲ੍ਹਾ ਕਰਨ ਅਤੇ ਇਸ ਦੇ ਪ੍ਰਬੰਧ ਨੂੰ ਨਿਯਮਿਤ ਕਰਨ ਵਿਚ ਸਥਾਨਿਕ ਸੰਗਤ ਅਤੇ 21 ਮੈਂਬਰੀ ਕਮੇਟੀ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਮੌਜੂਦਾ ਸਮੇਂ ਵਿਚ ਸ. ਕਰਨ ਸਿੰਘ ਸਭਰਵਾਲ ਇਸ ਨਗਰ ਦੇ ਗੁਰਧਾਮਾਂ ਦੀ ਸੇਵਾ-ਸੰਭਾਲ ਕਰ ਰਹੇ ਹਨ। ਪਹਿਲਾਂ ਇਹਨਾਂ ਦੇ ਪਿਤਾ ਸ. ਜਸਬੀਰ ਸਿੰਘ ਸਭਰਵਾਲ ਅਤੇ ਦਾਦਾ ਸ. ਅਜੀਤ ਸਿੰਘ ਸਭਰਵਾਲ ਇਹ ਸੇਵਾ ਕਰਦੇ ਰਹੇ ਹਨ।

---

1. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 314.
2. ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ,* ਪੰਨਾ 110; ਇਸੇ ਸਾਲ ਹੀ ਇੱਥੇ ਗੁਰਧਾਮਾਂ ਦੇ ਦਰਸ਼ਨ ਕਰਾਉਣ ਵਾਲੀ ਵਿਸ਼ੇਸ਼ ਯਾਤਰੂ ਟ੍ਰੇਨ ਪੁੱਜੀ ਸੀ ਜਿਸ ਦੇ ਮੁਸਾਫ਼ਰ ਦੱਸਦੇ ਹਨ ਕਿ ਬੜੀ ਸੰਗਤ ਅਤੇ ਗੁਰੂ ਕੇ ਬਾਗ ਦਾ ਪ੍ਰਬੰਧ ਹਛਾ ਸੀ, ਏਥੇ ਬਾਬਾ ਕਰਤਾਰ ਸਿੰਘ ਜੀ ਬੇਦੀ ਸ਼ਹਿਰ ਦੇ ਸਿੰਘਾਂ ਸਮੇਤ ਯਾਤਰੂਆਂ ਨੂੰ ਵਿਦਾ ਕਰਨ ਲਈ ਸਟੇਸ਼ਨ 'ਤੇ ਆਏ। ਹਜ਼ੂਰੀ ਸਪੈਸ਼ਲ ਟ੍ਰੇਨ, *ਖ਼ਾਲਸਾ ਸਮਾਚਾਰ,* 10.4.1930, ਪੰਨਾ 3.

ਗੁਰਦੁਆਰਾ ਸਾਹਿਬ ਦੀ ਲਗ-ਪਗ 6 ਕਨਾਲ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਟਾਫ ਸਮੇਤ ਸੰਗਤ ਲਈ 20 ਕਮਰੇ ਰਿਹਾਇਸ਼ ਆਦਿ ਬਣੇ ਹੋਏ ਹਨ। ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 8 ਹੱਥ-ਲਿਖਤ ਸਰੂਪ, 17 ਹੁਕਮਨਾਮੇ (ਬਹੁਤਿਆਂ ਦੀਆਂ ਫੋਟੋ ਕਾਪੀਆਂ ਹਨ), ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੋੜੇ, ਗੁਰੂ ਤੇਗ ਬਹਾਦਰ ਜੀ ਦਾ ਚੋਲਾ, ਇਕ ਪੁਰਾਤਨ ਖੂਹ ਅਤੇ ਕੁੱਝ ਪੁਰਾਤਨ ਸ਼ਸਤਰ ਹਾਲੇ ਮੌਜੂਦ ਹਨ ਜਿਨ੍ਹਾਂ ਦੇ ਸੰਗਤ ਨੂੰ ਦਰਸ਼ਨ ਕਰਵਾਏ ਜਾਂਦੇ ਹਨ।

2. **ਗੁਰਦੁਆਰਾ ਗੁਰੂ ਨਾਨਕ ਦੇਵ ਜੀ, ਗੁਰੂ ਬਾਗ਼ :** *ਗੁਰਦੁਆਰਾ ਨੀਚੀ ਬਾਗ਼* ਤੋਂ ਇਹ ਅਸਥਾਨ ਲਗ-ਪਗ 2 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਬਾਗ਼ ਗੁਰੂ ਨਾਨਕ ਦੇਵ ਜੀ ਦੇ ਇਸ ਅਸਥਾਨ 'ਤੇ ਆਗਮਨ ਦੀ ਯਾਦ ਦਿਵਾਉਂਦਾ ਹੈ। ਇਸ ਗੁਰਧਾਮ ਦੀ ਡਿਉੜ੍ਹੀ 'ਤੇ ਦੋ ਤਰੀਕਾਂ ਲਿਖੀਆਂ ਹੋਈਆਂ ਹਨ ਇਕ ਸੰਮਤ 1884 (ਸੰਨ 1827) ਅਤੇ ਦੂਜੀ ਸੰਮਤ 2017 (ਸੰਨ 1960) ਹੈ। ਇੰਞ ਜਾਪਦਾ ਹੈ ਕਿ ਇਸ ਅਸਥਾਨ ਦੀ ਸਭ ਤੋਂ ਪਹਿਲਾਂ ਸੇਵਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸੰਨ 1827 ਵਿਚ ਹੋਈ ਅਤੇ 1947 ਦੀ ਭਾਰਤ-ਪਾਕਿ ਵੰਡ ਉਪਰੰਤ 1960 ਵਿਚ ਇਸ ਗੁਰਧਾਮ ਦਾ ਪ੍ਰਬੰਧ ਉਦਾਸੀ ਮਹੰਤਾਂ ਤੋਂ ਸਥਾਨਿਕ ਸੰਗਤ ਕੋਲ ਆਇਆ। ਪਾਰਕਿੰਗ ਅਤੇ ਰਿਹਾਇਸ਼ ਦਾ ਸੁਚਾਰੂ ਪ੍ਰਬੰਧ ਹੋਣ ਕਰਕੇ ਵੱਡੀ ਗਿਣਤੀ ਸੰਗਤ ਇੱਥੇ ਰੋਜ਼ਾਨਾ ਰੁਕਦੀ ਹੈ ਅਤੇ ਇੱਥੋਂ ਹੀ ਹੋਰਨਾਂ ਅਸਥਾਨਾਂ ਦੇ ਦਰਸ਼ਨ ਕਰਨ ਲਈ ਜਾਂਦੀ ਹੈ। ਪੁਰਾਤਨ ਇਮਾਰਤ ਦੀ ਜਗ੍ਹਾ 1969 ਵਿਚ ਮੌਜੂਦਾ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ ਅਤੇ 1972 ਵਿਚ ਸੰਪੂਰਨ ਹੋਣ 'ਤੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਸ. ਅਜੀਤ ਸਿੰਘ ਸੱਭਰਵਾਲ 32 ਸਾਲ ਇਸ ਗੁਰਧਾਮ ਦੇ ਮੁੱਖ ਸੇਵਾਦਾਰ ਰਹੇ ਹਨ ਅਤੇ ਇਹਨਾਂ ਨੇ ਬਨਾਰਸ ਦੇ ਗੁਰਧਾਮਾਂ ਦੇ ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਵਿਸ਼ੇਸ਼ ਯਤਨ ਕੀਤੇ ਹਨ। ਇਸ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਹੋਰਨਾਂ ਕਾਰਜਾਂ ਤੋਂ ਇਲਾਵਾ ਗੁਰੂ ਨਾਨਕ ਖ਼ਾਲਸਾ ਬਾਲਿਕਾ ਇੰਟਰ ਕਾਲਜ, ਗੁਰੂ ਨਾਨਕ ਹਸਪਤਾਲ ਅਤੇ ਇਕ ਲਾਇਬ੍ਰੇਰੀ ਚਲਾਈ ਜਾ ਰਹੀ ਹੈ। 29 ਦੁਕਾਨਾਂ ਦੀ ਆਮਦਨ ਅਤੇ ਸੰਗਤ ਦੀ ਭੇਟਾ ਨਾਲ ਸਮੂਹ ਕਾਰਜ ਸੁਚਾਰੂ ਰੂਪ ਵਿਚ ਚਲਾਏ ਜਾ ਰਹੇ ਹਨ।

3. **ਗੁਰਦੁਆਰਾ ਛੋਟੀ ਸੰਗਤ, ਜਗਤ ਗੰਜ :** ਇਹ ਅਸਥਾਨ *ਗੁਰਦੁਆਰਾ ਬੜੀ ਸੰਗਤ, ਨੀਚੀ ਬਾਗ਼* ਤੋਂ ਢਾਈ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਅਸਥਾਨ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਹੈ ਅਤੇ ਇਸ ਨੂੰ ਛੋਟੀ ਸੰਗਤ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਮੌਜੂਦਾ ਸਮੇਂ ਵਿਚ ਇਸ ਅਸਥਾਨ ਦਾ ਵਿਵਾਦ ਅਦਾਲਤ ਵਿਚ ਚੱਲ ਰਿਹਾ ਹੈ। ਮਹੰਤ ਸੁਮੇਰ ਸਿੰਘ ਪਟਨਾ ਸਾਹਿਬ ਵਾਲਿਆਂ ਦਾ ਇਕ ਚੇਲਾ ਭਾਈ ਮੁਕੰਦ ਸਿੰਘ ਪੁੱਤਰ ਸ. ਬੈਜਨਾਥ ਸਿੰਘ ਇਸ ਅਸਥਾਨ 'ਤੇ ਸੇਵਾ ਕਰਦਾ ਸੀ। 30 ਅਪ੍ਰੈਲ 1929 ਨੂੰ ਉਸ ਨੇ ਇਹ ਅਸਥਾਨ ਬਨਾਰਸ ਦੀ ਗੁਰਦੁਆਰਾ ਪ੍ਰਬੰਧਕ ਨੂੰ ਸੌਂਪ ਦਿੱਤਾ ਸੀ। ਉਸ ਸਮੇਂ ਤੋਂ ਹੀ ਬਨਾਰਸ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਦੀ ਸੇਵਾ-ਸੰਭਾਲ ਕਰ ਰਹੀ ਸੀ। 2 ਬਿਸਵੇ ਜ਼ਮੀਨ 'ਤੇ ਇਹ ਗੁਰਦੁਆਰਾ ਪਲਾਟ ਨੰ. 392 'ਤੇ ਸੁਸ਼ੋਭਿਤ ਸੀ ਪਰ 31 ਅਕਤੂਬਰ 1984 ਨੂੰ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖਾਂ ਦੇ ਕਤਲੇਆਮ ਦੇ ਘਟਨਾਕ੍ਰਮ ਦਾ ਫਾਇਦਾ ਲੈਂਦੇ ਹੋਏ ਇਸ ਮੁਹੱਲੇ ਦੇ ਵਸਨੀਕ ਰਾਮ ਅਵਤਾਰ ਪਾਂਡੇ ਨੇ ਗੁਰਦੁਆਰਾ ਸਾਹਿਬ ਦੇ ਦਰਬਾਰ ਹਾਲ ਵਿਚ ਹਨੂਮਾਨ ਦੀ ਮੂਰਤੀ ਸਥਾਪਿਤ ਕਰ ਦਿੱਤੀ ਸੀ। ਇਸ ਸੰਬੰਧੀ ਅਲਾਹਾਬਾਦ ਹਾਈ ਕੋਰਟ ਨੇ 17 ਅਗਸਤ 1999 ਨੂੰ ਸਿਟੀ ਮੈਜਿਸਟਰੇਟ ਨੂੰ ਆਦੇਸ਼ ਦਿੱਤਾ ਹੈ ਕਿ ਇਸ ਅਸਥਾਨ ਸੰਬੰਧੀ ਵਿਵਾਦ ਸਾਹਮਣੇ ਆਉਣ ਤੋਂ ਦੋ ਮਹੀਨੇ ਪਹਿਲਾਂ ਦੀ ਸਥਿਤੀ ਨੂੰ ਧਿਆਨ ਵਿੱਚ ਰੱਖ ਕੇ ਦੁਬਾਰਾ ਪੜਤਾਲ ਕੀਤੀ ਜਾਵੇ। ਹਾਲੇ ਇਹ ਮਾਮਲਾ ਅਦਾਲਤ ਵਿਚ ਵਿਚਾਰ ਅਧੀਨ ਹੈ। ਬਨਾਰਸ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਅਸਥਾਨ ਦੀ ਪੁਨਰ ਸੇਵਾ-ਸੰਭਾਲ ਲਈ ਨਿਰੰਤਰ ਯਤਨ ਕਰ ਰਹੀ ਹੈ।

ਭੁਇਲੀ : ਅਹਰੌਰਾ-ਬਨਾਰਸ ਸੜਕ 'ਤੇ ਅਹਰੌਰਾ ਤੋਂ 16 ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਸਥਿਤ ਹੈ। ਅਹਰੌਰਾ ਤੋਂ 13 ਕਿਲੋਮੀਟਰ ਬਾਅਦ ਅਦਲਹਾਟ ਪਿੰਡ ਦੇ ਸ਼ਰਮਾ ਮੋੜ ਤੋਂ 3 ਕਿਲੋਮੀਟਰ ਅੰਦਰ ਵੱਲ ਮੌਜੂਦ ਇਸ ਪਿੰਡ ਵਿਖੇ *ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ* ਸਸ਼ੋਭਿਤ ਹੈ ਜਿਹੜਾ ਕਿ ਨੌਵੇਂ ਗੁਰੂ ਸਾਹਿਬ ਦੀ ਯਾਦ ਦਿਵਾਉਂਦਾ ਹੈ। ਪ੍ਰਯਾਗ, ਮਿਰਜ਼ਾਪੁਰ ਹੋ ਕੇ ਗੁਰੂ ਜੀ ਇੱਥੇ ਆਏ ਦੱਸੇ ਜਾਂਦੇ ਹਨ ਅਤੇ ਇੱਥੋਂ ਉਹ ਅੱਗੇ ਬਨਾਰਸ ਚਲੇ ਗਏ ਸਨ। ਇਕ ਪੁਰਾਤਨ ਇਮਾਰਤ ਇੱਥੇ ਪਹਿਲਾਂ ਤੋਂ ਮੌਜੂਦ ਹੈ ਜਿਸ ਦੇ ਸਾਹਮਣੇ ਸੰਨ 2000 ਵਿਚ ਨਵੀਂ ਇਮਾਰਤ ਦੀ ਉਸਾਰੀ ਕੀਤੀ ਗਈ ਹੈ। ਬਨਾਰਸ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਦੀ ਸਾਂਭ-ਸੰਭਾਲ ਕੀਤੀ ਜਾਂਦੀ ਹੈ। ਇਸ ਗੁਰਦੁਆਰਾ ਸਾਹਿਬ ਦੇ ਇਤਿਹਾਸ ਦੀ ਜਾਣਕਾਰੀ ਦੇਣ ਵਾਲਾ ਇਕ ਪੁਰਾਤਨ ਪੱਥਰ ਇੱਥੇ ਲੱਗਿਆ ਹੋਇਆ ਹੈ ਜਿਸ 'ਤੇ ਹਿੰਦੀ ਭਾਸ਼ਾ ਵਿਚ ਇਕ ਕਵਿਤਾ ਲਿਖੀ ਹੋਈ ਹੈ ਜਿਹੜੀ ਕਿ ਕੁੱਝ ਇਕ ਅੱਖਰਾਂ ਦੇ ਫਰਕ ਨਾਲ ਅਹਰੌਰਾ ਦੇ ਇੰਦਰਾਜ ਵਿਚ ਦਰਜ ਹੈ।

ਮਥੁਰਾ : ਮਥੁਰਾ ਇਕ ਪੁਰਾਤਨ ਨਗਰ ਹੈ ਜਿੱਥੇ ਹਿੰਦੂ ਧਰਮ ਦਾ ਇਕ ਪ੍ਰਸਿੱਧ ਮੰਦਰ ਸਥਿਤ ਹੈ। ਸਿੱਖ ਧਰਮ ਨਾਲ ਇਸ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੈ। ਇਹਨਾਂ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਗੋਬਿੰਦ ਸਿੰਘ ਜੀ, ਭਾਈ ਗੁਰਦਾਸ ਜੀ, ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ ਦੇ ਇਸ ਅਸਥਾਨ 'ਤੇ ਚਰਨ ਪਾਉਣ ਦੇ ਪ੍ਰਮਾਣ ਮਿਲਦੇ ਹਨ।

1. **ਗੁਰਦੁਆਰਾ ਗੁਰੂ ਤੇਗ ਬਹਾਦਰ, ਗਊ ਘਾਟ :** ਮਥੁਰਾ ਵਿਖੇ ਕੰਸ ਟਿੱਲੇ ਦੇ ਨੇੜੇ ਗਊ ਘਾਟ ਵਿਖੇ ਗੁਰੂ ਤੇਗ ਬਹਾਦਰ ਜੀ ਦਾ ਇਹ ਯਾਦਗਾਰੀ ਅਸਥਾਨ *ਗੁਰਦੁਆਰਾ ਗੁਰੂ ਨਾਨਕ ਬਗੀਚੀ* ਤੋਂ ਡੇਢ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਭਾਈ ਕਾਨ੍ਹ ਸਿੰਘ ਨਾਭਾ ਅਤੇ ਗਿਆਨੀ ਗਿਆਨ ਸਿੰਘ ਇਸ ਅਸਥਾਨ ਦਾ ਜ਼ਿਕਰ ਕਰਦੇ ਹਨ। ਗਿਆਨੀ ਗਿਆਨ ਸਿੰਘ ਦੱਸਦੇ ਹਨ, "ਕੜੇ ਮਾਣਕਪੁਰਾ[1] ਤੋਂ ਚੱਲ ਕੇ ਗੁਰੂ ਸਾਹਿਬ ਜੀ ਸਨੇ ਸਨੇ ਮਥਰਾ ਸ਼ਹਿਰ ਕੰਸ ਟਿੱਲੇ ਪਾਸ, ਜਿੱਥੇ ਹੁਣ ਗੁਰੂ ਜੀ ਦੀ ਜਗਾ ਹੈ, ਜਾ ਬਿਰਾਜੇ। ਸੰਗੀਆਂ ਦੀ ਇਛਿਆ ਅਨੁਸਾਰ ਬ੍ਰਿੰਦਾਬਣ ਗੋਕਲ ਆਦਿਕ ਕ੍ਰਿਸ਼ਨ ਲੀਲਾ ਦੇ ਸਾਰੇ ਥਾਂ ਦੇਖੇ ਦਿਖਾਏ। ਬਿਸਰਾਂਤ ਘਾਟ ਜਮਨਾ ਪਰ ਅਸ਼ਨਾਨ ਦਾਨ ਕੀਤੇ, ਤਿੰਨ ਰਾਤਾਂ ਰਹੇ।"[2] ਜਦੋਂ ਉੱਥੇ ਜਾਣ ਦਾ ਮੌਕਾ ਮਿਲਿਆ ਤਾਂ ਪਤਾ ਲੱਗਿਆ ਕਿ ਇਹ ਅਸਥਾਨ ਹਾਲੇ ਵੀ ਮੌਜੂਦ ਹੈ ਜਿਹੜਾ ਅਲੋਪ ਹੋਣ ਦੇ ਕੰਢੇ ਤੇ ਹੈ। ਜਮੁਨਾ ਨਦੀ, ਕੰਸ ਟਿੱਲੇ ਅਤੇ ਸੰਘਣੀ ਅਬਾਦੀ ਵਿਚ ਘਿਰੇ ਹੋਏ ਇਸ ਅਸਥਾਨ ਸ਼ਹਿਰ ਵਾਲੇ ਪਾਸਿਓਂ ਚਾਰ ਪਹੀਆ ਸਵਾਰੀ 'ਤੇ ਜਾਣਾ ਮੁਸ਼ਕਲ ਹੈ ਪਰ ਦੋ ਪਹੀਆ ਵਾਹਨ 'ਤੇ ਥੋੜ੍ਹੀ ਮੁਸ਼ੱਕਤ ਨਾਲ ਉੱਥੇ ਪੁੱਜਿਆ ਜਾ ਸਕਦਾ ਹੈ। ਯਮੁਨਾ ਮਿਸ਼ਨ ਪ੍ਰੋਜੈਕਟ ਅਧੀਨ ਇਸ ਇਲਾਕੇ ਦੀ ਸਾਫ਼-ਸਫ਼ਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਇਸ ਦਰਿਆ ਦੇ ਨਾਲ-ਨਾਲ ਇਕ ਸੜਕ ਬਣਾਈ ਗਈ ਹੈ ਜਿਹੜੀ ਕਿ ਇਕ ਪਾਸੇ ਦਰਿਆ ਯਮੁਨਾ ਅਤੇ ਦੂਜੇ ਪਾਸੇ ਇਸ ਗੁਰਧਾਮ ਨਾਲ ਜੋੜਦੀ ਹੈ। ਇਸ ਸੜਕ ਰਾਹੀਂ ਚਾਰ ਪਹੀਆ ਸਵਾਰੀ ਅਸਾਨੀ ਨਾਲ ਗੁਰਦੁਆਰਾ ਸਾਹਿਬ ਤੱਕ ਜਾ ਸਕਦੀ ਹੈ।

   ਅੱਸੀ ਕੁ ਸਾਲ ਦੇ ਇਕ ਬਜ਼ੁਰਗ ਪੰਡਿਤ ਛੋਟੇ ਲਾਲ ਨੇ ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇੱਥੇ ਇਕ ਉਦਾਸੀ ਸੰਤ ਰਹਿੰਦੇ ਸਨ ਜਿਹੜੇ ਨਿਰਵਿਘਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਪਾਠ ਕਰਦੇ ਸਨ। ਇਹਨਾਂ ਤੋਂ ਬਾਅਦ ਬਾਬਾ ਕਿਸ਼ਨ ਦਾਸ ਇੱਥੇ ਆ ਕੇ ਰਹਿਣ ਲੱਗੇ ਸਨ ਉਹ ਪੰਜਾਬ ਦੇ ਪੜ੍ਹੇ ਲਿਖੇ ਸੰਤ ਸਨ। ਇਹਨਾਂ ਤੋਂ ਬਾਅਦ ਹੁਣ ਇਕ ਹੋਰ ਉਦਾਸੀ ਸੰਤ ਇੱਥੇ ਸੇਵਾ-ਸੰਭਾਲ ਕਰ ਰਹੇ ਹਨ।

---

1. ਲੇਖਕ ਨੂੰ ਗਲਤੀ ਲੱਗੀ ਹੈ, ਇਹ ਪਿੰਡ ਲਖਨਊ-ਅਲਾਹਾਬਾਦ ਸੜਕ 'ਤੇ ਲਖਨਊ ਤੋਂ 134 ਕਿਲੋਮੀਟਰ ਦੀ ਦੂਰੀ 'ਤੇ ਪ੍ਰਤਾਪਗੜ੍ਹ ਜ਼ਿਲੇ ਵਿਚ ਸਥਿਤ ਹੈ।
2. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਭਾਗ ਪਹਿਲਾ, ਪੰਨਾ 694.

ਜਿਸ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ ਉੱਥੇ ਬਾਬਾ ਸ੍ਰੀ ਚੰਦ ਜੀ ਦੀ ਮੂਰਤੀ ਸਥਾਪਿਤ ਕੀਤੀ ਹੋਈ ਹੈ ਉੱਥੇ ਨਾਲ ਹੀ ਕੁੱਝ ਵੀਰਾਨ ਜਿਹੇ ਕਮਰੇ ਬਣੇ ਹੋਏ ਹਨ। ਸੰਗਤ ਨਾ ਹੋਣ ਕਾਰਨ ਇਹ ਅਸਥਾਨ ਬਹੁਤ ਹੀ ਖਸਤਾ ਹਾਲ ਵਿਚ ਹੈ। ਸ. ਸਤਨਾਮ ਸਿੰਘ ਦੇ ਪਿਤਾ ਸ. ਸੁੰਦਰ ਸਿੰਘ ਜੀ ਮਥੁਰਾ ਵਿਖੇ *ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ* ਦੀ ਕਮੇਟੀ ਦੇ ਪ੍ਰਧਾਨ ਸਨ। ਇਹ ਦੱਸਦੇ ਹਨ 1984 ਤੋਂ ਪਹਿਲਾਂ *ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ* ਦੀ ਕਮੇਟੀ ਵੱਲੋਂ *ਗੁਰਦੁਆਰਾ ਗਊ ਘਾਟ* ਵਿਖੇ ਹਰ ਬੁੱਧਵਾਰ ਨੂੰ ਸ਼ਾਮ ਵੇਲੇ 3-5 ਵਜੇ ਤੱਕ ਕੀਰਤਨ ਕੀਤਾ ਜਾਂਦਾ ਸੀ ਅਤੇ ਲੰਗਰ ਵਰਤਾਇਆ ਜਾਂਦਾ ਸੀ ਅਤੇ ਕਈ ਵਾਰੀ ਇਹ ਵੀ ਆਪਣੇ ਪਿਤਾ ਜਾ ਨਾਲ ਇਸ ਵਿਚ ਸ਼ਾਮਲ ਹੁੰਦੇ ਸਨ। ਉਦਾਸੀਆਂ ਦੁਆਰਾ ਇਸ ਅਸਥਾਨ 'ਤੇ ਲੰਗਰ ਚਲਾਉਣ ਦੀ ਪਰੰਪਰਾ ਲੰਮੇ ਸਮੇਂ ਤੋਂ ਚੱਲਦੀ ਆ ਰਹੀ ਹੈ ਜਿਸ ਦਾ ਹਵਾਲਾ ਸਮਕਾਲੀ ਅਖ਼ਬਾਰਾਂ ਦੀਆਂ ਖਬਰਾਂ ਤੋਂ ਵੀ ਮਿਲਦਾ ਹੈ।[1]

ਮੌਜੂਦਾ ਸਮੇਂ ਵਿਚ ਮਹੰਤ ਘਨਸ਼ਿਆਮ ਦਾਸ ਉਦਾਸੀ ਪਿਛਲੇ 15 ਸਾਲ ਤੋਂ ਇੱਥੇ ਸੇਵਾ ਨਿਭਾ ਰਹੇ ਹਨ। ਮੱਧ ਪ੍ਰਦੇਸ਼ ਦੇ ਭਿੰਡ ਜ਼ਿਲੇ ਨਾਲ ਸੰਬੰਧਿਤ ਦੱਸਦੇ ਹਨ ਅਤੇ ਗੁਰੂ-ਘਰ ਦੀ ਮਰਯਾਦਾ ਅਤੇ ਪਰੰਪਰਾ ਤੋਂ ਬਹੁਤ ਜਾਣੂ ਨਹੀਂ। ਇਸ ਅਸਥਾਨ 'ਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਹੁੰਦਾ ਅਤੇ ਆਲੇ-ਦੁਆਲੇ ਮੂਰਤੀਆਂ ਪਈਆਂ ਹੋਈਆਂ ਹਨ। ਲਗ-ਪਗ 700 ਗਜ਼ ਜ਼ਮੀਨ 'ਤੇ ਉਦਾਸੀ ਡੇਰਾ ਅਤੇ ਮਹੰਤ ਜੀ ਦੀ ਰਿਹਾਇਸ਼ ਹੈ।

2. **ਗੁਰਦੁਆਰਾ ਗੁਰੂ ਤੇਗ ਬਹਾਦਰ :** ਇਹ ਗੁਰਧਾਮ ਮਥੁਰਾ ਰੇਲਵੇ ਸਟੇਸ਼ਨ ਤੋਂ ਲਗ-ਪਗ 2 ਕਿਲੋਮੀਟਰ ਦੀ ਦੂਰੀ 'ਤੇ ਹੋਲੀ ਗੇਟ ਵਾਲੀ ਸੜਕ 'ਤੇ ਸਥਿਤ ਹੈ। ਹੋਲੀ ਗੇਟ ਤੋਂ ਲੈ ਕੇ ਇਸ ਗੁਰਦੁਆਰਾ ਸਾਹਿਬ ਤੱਕ ਬਣੀ ਹੋਈ ਸੜਕ ਨੂੰ ਗੁਰੂ ਤੇਗ ਬਹਾਦਰ ਸਾਹਿਬ ਮਾਰਗ ਵੀ ਕਿਹਾ ਜਾਂਦਾ ਹੈ। ਇਸ ਗੁਰਦੁਆਰਾ ਸਾਹਿਬ ਤੋਂ ਲਗ-ਪਗ 2 ਕਿਲੋਮੀਟਰ ਦੀ ਦੂਰੀ 'ਤੇ ਹੋਲੀ ਗੇਟ ਦੇ ਨੇੜੇ ਹੀ ਜਮੁਨਾ ਦੇ ਕੰਢੇ *ਗੁਰਦੁਆਰਾ ਗੁਰੂ ਨਾਨਕ ਬਗੀਚੀ* ਸਥਿਤ ਹੈ। ਇੱਥੋਂ ਵ੍ਰਿੰਦਾਵਨ ਤੱਕ ਜਾਣ ਲਈ ਆਮ ਸਾਧਨ ਮਿਲਦੇ ਹਨ ਅਤੇ ਸੰਗਤ ਇੱਥੋਂ 9 ਕਿਲੋਮੀਟਰ ਦੀ ਦੂਰੀ 'ਤੇ ਵ੍ਰਿੰਦਾਵਨ ਵਿਖੇ ਸਥਿਤ *ਗੁਰਦੁਆਰਾ ਗੁਰੂ ਨਾਨਕ ਟਿੱਲਾ* ਦੇ ਦਰਸ਼ਨ ਕਰਨ ਲਈ ਜਾਂਦੀ ਹੈ। ਇੱਥੋਂ ਦੀ ਸਥਾਨਿਕ ਪਰੰਪਰਾ ਦੱਸਦੀ ਹੈ ਕਿ ਇਹ ਅਸਥਾਨ ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਭਾਈ ਗੁਰਦਾਸ ਜੀ ਵੀ ਇਸ ਅਸਥਾਨ 'ਤੇ ਆਏ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਵੀ ਦਿੱਲੀ ਨਿਵਾਸ ਸਮੇਂ ਇਸ ਅਸਥਾਨ 'ਤੇ ਆਉਂਦੇ ਰਹੇ ਹਨ।

ਸਿੰਘ ਸਭਾ ਦਾ ਇਸ ਇਲਾਕੇ ਵਿਚ ਕਾਫੀ ਪ੍ਰਭਾਵ ਸੀ ਜਿਸ ਕਰ ਕੇ ਇਸ ਸੰਸਥਾ ਦਾ ਨਾਂ ਵੀ ਇਸ ਗੁਰਧਾਮ ਨਾਲ ਜੋੜਿਆ ਜਾਂਦਾ ਹੈ। ਮੌਜੂਦਾ ਸਮੇਂ ਵਿਚ ਇਸ ਗੁਰਧਾਮ ਨੂੰ *ਗੁਰਦੁਆਰਾ ਗੁਰੂ ਤੇਗ ਬਹਾਦਰ ਸ੍ਰੀ ਗੁਰੂ ਸਿੰਘ ਸਭਾ* ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਗੁਰੂ ਸਾਹਿਬਾਨ ਦੀ ਯਾਦ ਵਿਚ ਇੱਥੇ ਸੁਸ਼ੋਭਿਤ ਗੁਰਧਾਮ ਦੀ ਕਈ ਵਾਰੀ ਪੁਨਰ-ਉਸਾਰੀ ਹੋਈ ਹੈ। ਸਭ ਤੋਂ ਪੁਰਾਣਾ ਪੱਥਰ ਅਗਸਤ 1915 ਦਾ ਹੈ ਜਿਸ 'ਤੇ ਐਬਟਾਬਾਦ ਦੀ ਸੰਗਤ ਵੱਲੋਂ ਸੇਵਾ ਕਰਾਉਣ ਦਾ ਜ਼ਿਕਰ ਮਿਲਦਾ ਹੈ। 22 ਮਈ 1946 ਦਾ ਪੱਥਰ ਦੱਸਦਾ ਹੈ ਕਿ ਦਰਬਾਰ ਹਾਲ ਦੀ ਉਸਾਰੀ ਲਈ ਝਾਂਸੀ ਵਾਲੇ ਸ. ਪ੍ਰੀਤਮ ਸਿੰਘ ਕਲਸੀ ਕੋਲੋਂ ਨੀਂਹ-ਪੱਥਰ ਰਖਵਾਇਆ ਗਿਆ ਸੀ। ਇਸ ਤੋਂ ਇਲਾਵਾ 1948, 1950, 1951, 1952 ਆਦਿ ਸਾਲਾਂ ਵਿਚ ਇੱਥੇ ਸੇਵਾ ਕਰਾਉਣ ਵਾਲਿਆਂ ਦੇ ਪੱਥਰ ਲੱਗੇ ਹੋਏ ਹਨ।

1. ਇਕ ਸਾਹਿਬ ਮਥਰਾ ਤੋਂ ਖਬਰ ਦੇਂਦੇ ਹਨ ਕਿ ਬਾਵਾ ਬ੍ਰਹਮ ਦਾਸ ਜੀ ਉਦਾਸੀ ਸੰਤ ਮਹਾਤਮਾ ਮਥਰਾ ਵਿਚ ਗਊਘਾਟ ਪਰ ਅਕਾਸ ਬ੍ਰਿਤੀ ਨਾਲ ਬ੍ਰਾਜਮਾਨ ਹਨ। ਇਸ ਮਹਾਤਮਾ ਨੇ ਤਿੰਨ ਚਾਰ ਜੋੜ ਮੇਲ ਵੱਡੇ ਉਤਸਾਹ ਨਾਲ ਕੀਤੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਸਵਾਰੇ ਸਮੇਤ ਸਾਰੇ ਸ਼ਹਿਰ ਵਿਚ ਨਗਰ ਕੀਰਤਨ ਕੀਤਾ। *ਖ਼ਾਲਸਾ ਅਖ਼ਬਾਰ*, 11.4.1902, ਪੰਨਾ 9.

ਦੱਸਿਆ ਜਾਂਦਾ ਹੈ ਕਿ ਸਿੰਘ ਸਭਾ ਨੇ ਇਕ ਉਦਾਸੀ ਸਾਧੂ ਤੋਂ ਗੁਰੂ ਤੇਗ ਬਹਾਦਰ ਜੀ ਦਾ ਇਹ ਯਾਦਗਾਰੀ ਅਸਥਾਨ ਪ੍ਰਾਪਤ ਕਰ ਕੇ 1946 ਵਿਚ ਇੱਥੇ ਇਕ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਸੀ। ਸਿੰਘ ਸਭਾ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਸੀ। ਸ. ਸੁੰਦਰ ਸਿੰਘ 1950 ਤੋਂ 1970 ਤੱਕ ਇਸ ਕਮੇਟੀ ਦੇ ਪ੍ਰਧਾਨ-ਸਕੱਤਰ ਰਹੇ। 1984 ਤੋਂ ਬਾਅਦ ਸਾਰੇ ਹਾਲਾਤ ਬਦਲ ਗਏ ਜਦੋਂ ਨਵੰਬਰ ਦੇ ਪਹਿਲੇ ਹਫ਼ਤੇ ਸਿੱਖ ਕਤਲੇਆਮ ਦੌਰਾਨ ਇਸ ਗੁਰਧਾਮ ਨੂੰ ਅੱਗ ਲਗਾ ਦਿੱਤੀ ਗਈ। ਆਗਰਾ ਦੇ ਸੰਤ ਬਾਬਾ ਸਾਧੂ ਸਿੰਘ ਮੋਨੀ ਜੀ ਨੇ ਇਸ ਗੁਰਧਾਮ ਦੀ ਮੁਰੰਮਤ ਕਰਵਾ ਕੇ ਇਸ ਨੂੰ ਦੁਬਾਰਾ ਖੋਲ੍ਹਿਆ ਸੀ। ਸਰਦਾਰ ਬੁੱਧ ਸਿੰਘ ਇੱਥੇ ਸੇਵਾ ਕਰਦੇ ਸਨ ਅਤੇ 1984 ਦੇ ਘਟਨਾਕ੍ਰਮ ਦੌਰਾਨ ਇਹਨਾਂ ਨੂੰ ਇਸ ਗੁਰਧਾਮ ਵਿਖੇ ਸ਼ਹੀਦ ਕਰ ਦਿੱਤਾ ਗਿਆ ਸੀ, ਇਸ ਗੁਰਧਾਮ ਦੀ ਮੁਰੰਮਤ ਲਈ ਇਹਨਾਂ ਦੀ ਪਤਨੀ ਸ੍ਰੀਮਤੀ ਜਸਵੰਤ ਕੌਰ ਨੇ ਵੀ ਮਾਇਕ ਸਹਾਇਤਾ ਪ੍ਰਦਾਨ ਕੀਤੀ ਸੀ। 1989 ਵਿਚ ਇਸ ਗੁਰਧਾਮ ਦੀ ਮੁਰੰਮਤ ਕਰਵਾ ਕੇ ਇਹ ਸਥਾਨਿਕ ਸੰਗਤ ਨੂੰ ਸੌਂਪ ਦਿੱਤਾ ਗਿਆ ਸੀ।

ਇਸ ਗੁਰਧਾਮ ਦਾ ਪ੍ਰਬੰਧ ਇਕ ਸਥਾਨਿਕ ਕਮੇਟੀ ਕੋਲ ਹੈ ਅਤੇ ਮੌਜੂਦਾ ਸਮੇਂ ਵਿਚ ਸ੍ਰੀ ਮਲਿਕ ਅਰੋੜਾ 1984 ਤੋਂ ਇਸ ਦੇ ਪ੍ਰਧਾਨ ਹਨ। ਪਹਿਲਾਂ 1972-73 ਤੋਂ ਇਹਨਾਂ ਦੇ ਪਿਤਾ ਸ੍ਰੀ ਗਿਆਨ ਚੰਦ ਅਰੋੜਾ ਇਸ ਗੁਰਧਾਮ ਦਾ ਪ੍ਰਬੰਧ ਕਰਦੇ ਰਹੇ। ਗੁਰਦੁਆਰਾ ਸਾਹਿਬ ਦੀਆਂ 10 ਦੁਕਾਨਾਂ ਹਨ ਅਤੇ ਯੂ.ਪੀ. ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ ਇਕ ਪ੍ਰਾਇਮਰੀ ਸਕੂਲ ਇੱਥੇ ਚਲਾਇਆ ਜਾ ਰਿਹਾ ਹੈ। ਇਕ ਪੁਰਾਤਨ ਖੂਹ ਵੀ ਇੱਥੇ ਮੌਜੂਦ ਹੈ।

ਮਿਰਜ਼ਾਪੁਰ : ਉੱਤਰ ਪ੍ਰਦੇਸ਼ ਦਾ ਇਹ ਨਗਰ ਜ਼ਿਲੇ ਦਾ ਦਰਜਾ ਰੱਖਦਾ ਹੈ। *ਗੁਰਦੁਆਰਾ ਪੱਕੀ ਸੰਗਤ, ਅਲਾਹਾਬਾਦ* ਤੋਂ ਨੈਨੀ ਰਾਹੀਂ ਇਹ ਅਸਥਾਨ 96 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ ਗੁਰਧਾਮ ਸਸ਼ੋਭਿਤ ਹਨ।

1. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ :** ਮਿਰਜ਼ਾਪੁਰ ਵਿਖੇ ਗੰਗਾ ਨਦੀ ਦੇ ਕੰਢੇ ਇਹ ਅਸਥਾਨ ਨਰਾਇਣ ਘਾਟ, ਤ੍ਰਿਮੁਹਾਨੀ ਵਿਖੇ ਸਥਿਤ ਹੈ। ਇਸ ਨੂੰ ਸ੍ਰੀ ਨਿਰਮਲ ਸੰਗਤ ਵੀ ਕਿਹਾ ਜਾਂਦਾ ਹੈ। ਇਹ ਅਸਥਾਨ ਨਿਰਮਲ ਸੰਪ੍ਰਦਾਇ ਦੇ ਪ੍ਰਬੰਧ ਅਧੀਨ ਹੈ। ਇਸ ਅਸਥਾਨ ਦੇ ਸੇਵਾਦਾਰਾਂ ਦੀ ਲੜੀ ਬਾਬਾ ਰਣ ਸਿੰਘ ਤੋਂ ਦੇਖਣ ਨੂੰ ਮਿਲਦੀ ਹੈ। 1903 ਵਿਚ 135 ਸਾਲ ਦੀ ਉਮਰ ਵਿਚ ਇਹ ਅਕਾਲ ਚਲਾਣਾ ਕੀਤੇ ਸਨ ਅਤੇ 90 ਸਾਲ ਇਹਨਾਂ ਨੇ ਇਸ ਅਸਥਾਨ ਦੀ ਸੇਵਾ ਕੀਤੀ ਸੀ। ਇਹਨਾਂ ਤੋਂ ਬਾਅਦ ਮਹੰਤ ਸਤਿਨਾਮ ਸਿੰਘ ਜੀ (1903-1950), ਮਹੰਤ ਸਾਧੂ ਸਿੰਘ ਜੀ (1950-1952), ਬਾਬਾ ਨਰਾਇਣ ਸਿੰਘ ਜੀ (1952-1960), ਮਹੰਤ ਹਕੀਕਤ ਸਿੰਘ ਜੀ ਅਰਵਿੰਦ (1960-1962) ਅਤੇ ਮਹੰਤ ਕਰਮ ਸਿੰਘ ਜੀ 'ਕਰਮਵੀਰ' (1962-1984)। 31 ਅਕਤੂਬਰ 1984 ਨੂੰ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹੋਏ ਸਿੱਖ ਕਤਲੇਆਮ ਦੌਰਾਨ ਮਹੰਤ ਕਰਮ ਸਿੰਘ ਜੀ ਅਲਾਹਾਬਾਦ ਦੇ ਨਿਰਮਲ ਪੰਚਾਇਤੀ ਅਖਾੜੇ ਦੀ ਪਵਿੱਤਰਤਾ ਕਾਇਮ ਕਰਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ ਸਨ। ਇਹਨਾਂ ਤੋਂ ਬਾਅਦ 6.1.1985 ਤੋਂ ਇਹਨਾਂ ਦੇ ਸ਼ਿਸ਼ ਮਹੰਤ ਸ਼ਯਾਮ ਸੁੰਦਰ ਸਿੰਘ ਸ਼ਾਸਤਰੀ ਜੀ ਇਸ ਅਸਥਾਨ ਦੀ ਸੇਵਾ-ਸੰਭਾਲ ਕਰ ਰਹੇ ਹਨ।

ਮਹੰਤ ਸ਼ਯਾਮ ਸੁੰਦਰ ਸਿੰਘ ਸ਼ਾਸਤਰੀ ਜੀ ਦੱਸਦੇ ਹਨ ਕਿ ਇੱਥੇ ਦਰਬਾਰ ਸਾਹਿਬ ਵਾਲੇ ਅਸਥਾਨ 'ਤੇ ਤ੍ਰਿਵੇਣੀ ਰੁੱਖ ਮੌਜੂਦ ਸਨ ਅਤੇ ਇਹਨਾਂ ਦੇ ਹੇਠਾਂ ਗੁਰੂ ਤੇਗ ਬਹਾਦਰ ਜੀ ਨੇ ਡੇਰਾ ਕੀਤਾ ਸੀ। ਗੁਰੂ ਜੀ ਦੇ ਇਸ ਅਸਥਾਨ ਤੋਂ ਚਲੇ ਜਾਣ ਉਪਰੰਤ ਸਥਾਨਿਕ ਸੰਗਤ ਇਸ ਅਸਥਾਨ 'ਤੇ ਇਕੱਤਰ ਹੁੰਦੀ ਸੀ। ਲੰਮਾ ਸਮਾਂ ਇਸੇ ਤਰ੍ਹਾਂ ਚੱਲਦਾ ਰਿਹਾ ਫਿਰ ਬਨਾਰਸ ਤੋਂ ਬਾਬਾ ਰਣ ਸਿੰਘ ਜੀ ਨੇ ਆ ਕੇ ਇਸ ਅਸਥਾਨ ਦੀ ਸੇਵਾ-ਸੰਭਾਲ ਅਰੰਭ ਕੀਤੀ। ਉਹਨਾਂ ਨੇ ਗੁਰੂ ਜੀ ਯਾਦ ਵਿਚ ਇਕ ਥੜ੍ਹਾ ਬਣਵਾਇਆ ਅਤੇ ਉਸ 'ਤੇ ਗੁਰੂ ਜੀ ਦੀ ਯਾਦ ਵਿਚ ਚਰਨ ਪਾਦੁਕਾ ਬਣਵਾ ਕੇ ਰੱਖ ਦਿੱਤੀਆਂ। ਇਹਨਾਂ ਨੇ ਹੀ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ

ਦਾ ਉਤਾਰਾ ਕਰਵਾਇਆ ਅਤੇ ਉਸ ਦਾ ਇਸ ਅਸਥਾਨ 'ਤੇ ਪ੍ਰਕਾਸ਼ ਕੀਤਾ। ਲਗ-ਪਗ 100 ਸਾਲ ਤੱਕ ਉਸੇ ਬੀੜ ਦਾ ਇੱਥੇ ਪ੍ਰਕਾਸ਼ ਹੁੰਦਾ ਰਿਹਾ। ਇਹ ਬੀੜ ਹਾਲੇ ਵੀ ਇਸ ਅਸਥਾਨ 'ਤੇ ਸੰਭਾਲ ਕੇ ਰੱਖੀ ਹੋਈ ਹੈ। ਬਾਬਾ ਸਤਿਨਾਮ ਸਿੰਘ ਜੀ ਨੇ ਇਸ ਅਸਥਾਨ 'ਤੇ ਮੌਜੂਦਾ ਇਮਾਰਤ ਦੀ ਉਸਾਰੀ ਕਰਵਾਈ ਸੀ। ਇਹ ਵੈਦ ਸਨ ਅਤੇ ਰਾਜ ਮਿਸਤਰੀ ਦਾ ਕੰਮ ਵੀ ਜਾਣਦੇ ਸਨ। ਇਹਨਾਂ ਨੇ ਆਪ ਹੀ ਸੰਗਤ ਦੇ ਸਹਿਯੋਗ ਨਾਲ ਇਹ ਇਮਾਰਤ ਤਿਆਰ ਕਰਵਾਈ ਸੀ। ਦਰਬਾਰ ਹਾਲ ਵਿਚ ਪ੍ਰਕਾਸ਼ ਅਸਥਾਨ 'ਤੇ ਸੰਗਮਰਮਰ ਦਾ ਫਰਸ਼ ਲੱਗਿਆ ਹੋਇਆ ਹੈ ਜਿਸ 'ਤੇ ਸੰਮਤ 1992 (ਸੰਨ 1935) ਉਕਰਿਆ ਹੋਇਆ ਹੈ।

ਮਹੰਤ ਕਰਮ ਸਿੰਘ ਜੀ 'ਕਰਮਵੀਰ' ਨੇ ਇਸ ਗੁਰਧਾਮ ਦੀ ਦਿੱਖ ਨੂੰ ਸੁੰਦਰ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਸਨ। ਇਸ ਅਸਥਾਨ ਦੇ ਆਲੇ-ਦੁਆਲੇ ਦੇ ਘਰ ਖਰੀਦ ਕੇ ਇਸ ਦਾ ਕੰਪਲੈਕਸ ਖੁੱਲ੍ਹਾ ਕੀਤਾ ਗਿਆ। ਖਰੀਦੀ ਗਈ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ। ਗੁਰੂ ਸਾਹਿਬਾਨ ਦੁਆਰਾ ਭੇਜੇ ਗਏ ਹੁਕਮਨਾਮੇ ਅਤੇ ਹੋਰ ਪੋਥੀਆਂ ਵੀ ਇਸ ਅਸਥਾਨ 'ਤੇ ਮੌਜੂਦ ਸਨ ਪਰ 1984 ਦੇ ਘਟਨਾਕ੍ਰਮ ਦੌਰਾਨ ਇੱਥੇ ਬਹੁਤ ਹੁਲੜਬਾਜ਼ੀ ਹੋਈ। ਲਗ-ਪਗ 15 ਦਿਨ ਇਹ ਗੁਰਧਾਮ ਬੰਦ ਰਿਹਾ ਪਰ ਤਰਨਤਾਰਨ ਦੇ ਢੋਟੀਆਂ ਪਿੰਡ ਤੋਂ ਸ. ਰਣਜੀਤ ਸਿੰਘ ਗਿੱਲ ਦੇ ਯਤਨਾਂ ਸਦਕਾ ਇਹ ਗੁਰਧਾਮ ਫਿਰ ਸਿੱਖਾਂ ਦੇ ਹੱਥ ਆਇਆ ਅਤੇ ਹੌਲੀ-ਹੌਲੀ ਇੱਥੇ ਪੁਰਾਤਨ ਮਰਯਾਦਾ ਕਾਇਮ ਹੋ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੁਰਾਤਨ ਸਰੂਪ ਸ਼ਰਾਰਤੀ ਚੁੱਕ ਕੇ ਲੈ ਗਏ ਸਨ ਜਿਹੜਾ ਕਿ ਪੰਜ ਸਾਲ ਬਾਅਦ ਦੁਬਾਰਾ ਮਿਲ ਗਿਆ ਪਰ ਗੁਰੂ ਸਾਹਿਬਾਨ ਵੱਲੋਂ ਇੱਥੋਂ ਦੀ ਸੰਗਤ ਦੇ ਨਾਂ ਭੇਜੇ ਹੁਕਮਨਾਮੇ ਅਤੇ ਹੋਰ ਪੋਥੀਆਂ ਪ੍ਰਾਪਤ ਨਹੀਂ ਹੋ ਸਕੀਆਂ।

ਲਗ-ਪਗ 700 ਗਜ਼ ਜਗ੍ਹਾ 'ਤੇ ਗੁਰਦੁਆਰਾ ਸਾਹਿਬ ਦਾ ਦਰਬਾਰ ਹਾਲ, ਮਹੰਤ ਜੀ ਦੀ ਰਿਹਾਇਸ਼ ਅਤੇ ਰਸੋਈ ਬਣੀ ਹੋਈ ਹੈ। ਇਸ ਦੇ ਸਾਹਮਣੇ ਹੀ ਮਹੰਤ ਜੀ ਨੇ 350 ਗਜ਼ ਜ਼ਮੀਨ ਹੋਰ ਖਰੀਦੀ ਹੈ ਤਾਂ ਕਿ ਲੰਗਰ ਹਾਲ ਅਤੇ ਕੁੱਝ ਰਿਹਾਇਸ਼ੀ ਕਮਰੇ ਤਿਆਰ ਕੀਤੇ ਜਾ ਸਕਣ। ਇਹ ਗੁਰਦੁਆਰਾ ਸਾਹਿਬ ਮਿਰਜ਼ਾਪੁਰ ਦੀਆਂ ਤੰਗ ਗਲੀਆਂ ਵਿਚ ਹੈ, ਚਾਰ ਪਹੀਆ ਸਵਾਰੀ ਬਾਹਰਲੀ ਸੜਕ 'ਤੇ ਬਜ਼ਾਰ ਤੱਕ ਹੀ ਜਾ ਸਕਦੀ ਹੈ।

ਮਿਰਜ਼ਾਪੁਰ ਵਿਖੇ ਇਸ ਗੁਰਧਾਮ ਤੋਂ ਲਗ-ਪਗ 4 ਕਿਲੋਮੀਟਰ ਦੀ ਦੂਰੀ 'ਤੇ ਲੰਕਾ ਪਹਾੜੀ 'ਤੇ ਵਾਹਗੁਰੂ ਕੁਟੀਆ ਹੈ ਜਿਸ ਨੂੰ ਗੁਰੂ ਨਾਨਕ ਦੇਵ ਜੀ ਅਤੇ ਬਾਬਾ ਸ੍ਰੀ ਚੰਦ ਜੀ ਦੀ ਚਰਨ ਛੋਹ ਪ੍ਰਾਪਤ ਦੱਸਿਆ ਜਾਂਦਾ ਹੈ। ਇੱਥੇ ਇਕ ਪੁਰਾਤਨ ਕੁਟੀਆ ਦੇ ਟੀਨ ਦੇ ਗਲ ਰਹੇ ਸ਼ੈਡਾਂ 'ਤੇ ੧Å siqgur pRswd %I vwhgu} ਲਿਖਿਆ ਹੋਇਆ ਹੈ। ਇਸ ਦੇ ਨੇੜੇ ਹੀ ਇਕ ਪੁਰਾਤਨ ਖੂਹ ਹੈ ਜਿਸ 'ਤੇ ਸੰਮਤ 1639 (ਸੰਨ 1582) ਉਕਰਿਆ ਹੋਇਆ ਹੈ।

2. **ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਨੌਵੀਂ ਪਾਤਸ਼ਾਹੀ, ਛੋਟਾ ਮਿਰਜ਼ਾਪੁਰ :** ਇਸ ਅਸਥਾਨ ਨੂੰ ਮਿਰਜ਼ਾਪੁਰ ਖੁਰਦ ਵੀ ਕਹਿੰਦੇ ਹਨ। ਇਹ ਅਸਥਾਨ ਬਨਾਰਸ ਤੋਂ 15 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਅਹਰੌਰਾ ਤੋਂ ਬਨਾਰਸ ਵਾਪਸ ਆਉਂਦੇ ਹੋਏ ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਆਏ ਸਨ। ਗੁਰੂ ਜੀ ਨੇ ਇੱਥੇ ਇਕ ਬਾਗ਼ ਵਿਚ ਡੇਰਾ ਕੀਤਾ ਸੀ ਜਿੱਥੇ ਹੁਣ ਬਚਿਆ ਹੋਇਆ ਪੁਰਾਤਨ ਕਮਰਾ ਖੰਡਰ ਦਾ ਰੂਪ ਧਾਰਨ ਕਰ ਗਿਆ ਹੈ। ਜਦੋਂ ਗੁਰੂ ਜੀ ਇੱਥੇ ਪੁੱਜੇ ਤਾਂ ਇਕ ਸਥਾਨਿਕ ਹਲਵਾਈ ਨੇ ਗੁਰੂ ਜੀ ਦੀ ਸੇਵਾ ਕੀਤੀ ਸੀ। ਇਹ ਪਰਿਵਾਰ ਹਾਲੇ ਵੀ ਇੱਥੇ ਹੀ ਰਹਿੰਦਾ ਹੈ ਅਤੇ ਇਸ ਪਰਿਵਾਰ ਦੇ ਮੌਜੂਦਾ ਉੱਤਰਧਿਕਾਰੀ ਸ੍ਰੀ ਛੇਦੀ ਸਾਵ ਵੀ ਇਹੀ ਕੰਮ ਕਰਦੇ ਹਨ ਅਤੇ ਇਸ ਪਰਿਵਾਰ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਪੁਰਾਤਨ ਹੱਥ-ਲਿਖਤ ਸਰੂਪ ਹੈ ਜਿਹੜਾ ਕਿ ਘਰ ਦੀ ਪਹਿਲੀ ਮੰਜ਼ਲ 'ਤੇ ਇਕ ਵੱਖਰੇ ਕਮਰੇ ਵਿਚ ਸੰਭਾਲ ਕੇ ਰੱਖਿਆ ਹੋਇਆ ਹੈ। 977 ਪਤਰਿਆਂ ਵਾਲੇ ਇਸ ਸਰੂਪ 'ਤੇ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ 'ਤੇ ਸਵਾਰ ਅਤੇ ਸੱਜੇ ਹੱਥ ਵਿਚ ਬਾਜ਼ ਵਾਲਾ ਇਕ ਪੁਰਾਤਨ ਚਿੱਤਰ ਲੱਗਿਆ ਹੋਇਆ ਹੈ। ਇਹਨਾਂ ਦੇ ਘਰ ਤੋਂ ਕੁੱਝ

ਦੂਰੀ 'ਤੇ ਹੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇਕ ਗੁਰਧਾਮ ਸੁਸ਼ੋਭਿਤ ਹੈ ਜਿਹੜਾ ਕਿ ਸਰਦਾਰ ਮੂਸਾ ਸਿੰਘ ਨੇ ਬਣਵਾਇਆ ਸੀ। ਇਹ ਇਕੱਲਾ ਸਿੱਖ ਪਰਿਵਾਰ ਇੱਥੇ ਸੇਵਾ ਕਰਦਾ ਸੀ। 1984 ਤੋਂ ਇਹ ਗੁਰਧਾਮ ਬੰਦ ਹੋ ਗਿਆ ਸੀ ਜਿਹੜਾ ਕਿ 1988 ਵਿਚ ਦੁਬਾਰਾ ਖੋਲ੍ਹਿਆ ਗਿਆ। ਇੱਥੇ ਸੇਵਾ ਨਿਭਾ ਰਹੇ ਭਾਈ ਅਨੂਪ ਸਿੰਘ ਨੇ ਦੱਸਿਆ ਕਿ ਇਕ ਅਲਮਾਰੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਰੱਖਿਆ ਹੋਇਆ ਸੀ ਅਤੇ ਇਹਨਾਂ ਦੇ ਪਿਤਾ ਸ. ਇੰਦਰ ਸਿੰਘ ਨੇ ਇਸ ਗੁਰਧਾਮ ਦੀ ਨਵ-ਉਸਾਰੀ ਕਰਵਾ ਕੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਸੀ ਅਤੇ ਉਸ ਸਮੇਂ ਤੋਂ ਇਹ ਪਰੰਪਰਾ ਨਿਰੰਤਰ ਚੱਲਦੀ ਆ ਰਹੀ ਹੈ। ਜੁਲਾਈ 2009 ਵਿਚ ਸ. ਇੰਦਰ ਸਿੰਘ ਦੇ ਅਕਾਲ ਚਲਾਣੇ ਉਪਰੰਤ ਇਸ ਦਾ ਪੁੱਤਰ ਭਾਈ ਅਨੂਪ ਸਿੰਘ ਇਸ ਅਸਥਾਨ ਦੀ ਸੇਵਾ-ਸੰਭਾਲ ਕਰ ਰਿਹਾ ਹੈ। ਮੌਜੂਦਾ ਸਮੇਂ ਵਿਚ ਇਹੀ ਇਕ ਪਰਿਵਾਰ ਇੱਥੇ ਨਿਵਾਸ ਕਰ ਰਿਹਾ ਹੈ। ਸੰਗਤ ਨਾ ਹੋਣ ਕਰਕੇ ਆਮਦਨ ਦਾ ਕੋਈ ਸਰੋਤ ਨਹੀਂ ਹੈ, ਕਦੇ ਕਦਾਈਂ ਕੋਈ ਦਰਸ਼ਨ ਕਰਨ ਲਈ ਆ ਜਾਂਦਾ ਹੈ। ਘਰ ਦਾ ਖਰਚ ਚਲਾਉਣ ਲਈ ਸ. ਅਨੂਪ ਸਿੰਘ ਬਾਹਰ ਕੰਮ ਕਰਦੇ ਹਨ ਅਤੇ ਸਵੇਰੇ ਸ਼ਾਮ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰਦੇ ਹਨ। ਇਹ ਗੁਰਧਾਮ ਬਨਾਰਸ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

ਲਖਨਊ : ਉੱਤਰ ਪ੍ਰਦੇਸ਼ ਦੇ ਇਸ ਪ੍ਰਸਿੱਧ ਨਗਰ ਨੂੰ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਹੈ। ਪਟਨਾ ਤੋਂ ਪੰਜਾਬ ਆਉਂਦੇ ਹੋਏ ਗੁਰੂ ਜੀ ਨੇ ਇੱਥੇ ਨਿਵਾਸ ਕੀਤਾ ਸੀ ਅਤੇ ਇਹਨਾਂ ਦੀ ਯਾਦ ਵਿਚ ਇੱਥੋਂ ਦੇ ਯਹੀਆ (ਅਹੀਆ) ਗੰਜ ਮੁਹੱਲੇ ਵਿਚ *ਗੁਰਦੁਆਰਾ ਗੁਰੂ ਤੇਗ ਬਹਾਦਰ ਜੀ* ਸੁਸ਼ੋਭਿਤ ਹੈ। ਗੁਰੂ ਤੇਗ ਬਹਾਦਰ ਜੀ ਤੋਂ ਬਾਅਦ ਇਹਨਾਂ ਦਾ ਸੁਪੁੱਤਰ ਬਾਲ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ ਜੀ), ਮਾਤਾ ਗੁਜਰੀ ਜੀ, ਮਾਤਾ ਨਾਨਕੀ ਜੀ ਆਦਿ ਵੀ ਇਸ ਅਸਥਾਨ 'ਤੇ ਆਏ ਸਨ। ਗੁਰੂ ਤੇਗ ਬਹਾਦਰ ਜੀ ਦੇ ਇਸ ਅਸਥਾਨ 'ਤੇ ਆਗਮਨ ਸਮੇਂ ਇੱਥੇ ਸਿੱਖ ਸੰਗਤ ਕਾਇਮ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਿੱਖਾਂ ਦਾ ਜ਼ਿਕਰ ਕਰਦੇ ਹੋਏ ਭਾਈ ਗੁਰਦਾਸ ਜੀ ਦੱਸਦੇ ਹਨ ਕਿ ਚਉਝੜ ਜਾਤੀ ਦਾ ਭਾਈ ਚੂਹੜ ਲਖਨਊ ਦਾ ਪ੍ਰਮੁੱਖ ਸਿੱਖ ਸੀ ਜਿਹੜਾ ਕਿ ਹਰ ਵੇਲੇ ਪਰਮਾਤਮਾ ਦਾ ਸਿਮਰਨ ਕਰਦਾ ਰਹਿੰਦਾ ਸੀ – ਚੂਹੜ ਚਉਝੜੁ ਲਖਣਉ ਗੁਰਮੁਖਿ ਅਨਦਿਨੁ ਨਾਮ ਵਖਾਣੀ। (ਵਾਰ 11.31)। ਇਕ ਵਾਰੀ ਇਹ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਕਰਨ ਲਈ ਅੰਮ੍ਰਿਤਸਰ ਆਇਆ ਤਾਂ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਸਿੱਖੀ ਦਾ ਮੂਲ ਕੀ ਹੈ? ਗੁਰੂ ਜੀ ਨੇ ਬਚਨ ਕੀਤਾ ਕਿ ਨਿਮਰਤਾ ਸਿੱਖੀ ਦਾ ਮੂਲ ਹੈ, ਮਨੁੱਖਤਾ ਦੀ ਸੇਵਾ ਇਸ ਦੀਆਂ ਸ਼ਾਖਾਵਾਂ ਹਨ ਅਤੇ ਸ਼ਬਦ ਦੀ ਸੋਝੀ ਪ੍ਰਾਪਤ ਕਰਕੇ ਜਿਸ ਨੇ ਜਗਤ ਨੂੰ ਝੂਠ (ਨਾਸ਼ਮਾਨ) ਅਤੇ ਪਰਮਾਤਮਾ ਨੂੰ ਸਤਿ ਜਾਣ ਲਿਆ ਹੈ, ਉਹ ਗੁਰਸਿੱਖ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਖਨਊ ਦੀ ਸੰਗਤ ਦੇ ਨਾਂ ਲਿਖੇ ਤਿੰਨ ਹੁਕਨਾਮਿਆਂ (42, 54, 56) ਵਿਚ ਭਾਈ ਸੰਗਤੀਆ ਬਾਲਾ ਅਤੇ ਭਾਈ ਮਿਹਰ ਚੰਦ ਦਾ ਜ਼ਿਕਰ ਆਉਂਦਾ ਹੈ।

ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਆਏ ਤਾਂ ਭਾਈ ਚੂਹੜ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। 15000 ਸੁਕੇਅਰ ਫੁੱਟ ਜ਼ਮੀਨ 'ਤੇ ਵਿਚ ਸੁਸ਼ੋਭਿਤ ਇਸ ਗੁਰਧਾਮ ਦੀ ਜ਼ਮੀਨੀ ਮੰਜ਼ਲ 'ਤੇ ਦਰਬਾਰ ਹਾਲ ਅਤੇ ਨਾਲ ਹੀ ਲੰਗਰ ਹਾਲ ਬਣਿਆ ਹੋਇਆ ਹੈ, ਪਹਿਲੀ ਮੰਜ਼ਲ 'ਤੇ ਰਿਹਾਇਸ਼ੀ ਕਮਰੇ ਹਨ। 19 ਮੈਂਬਰੀ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ, ਡਾ. ਗੁਰਮੀਤ ਸਿੰਘ ਇਸ ਦੇ ਪ੍ਰਧਾਨ ਹਨ। 2011 ਵਿਚ ਸੁੰਦਰੀਕਰਨ ਕਰਕੇ ਇਸ ਗੁਰਧਾਮ ਨੂੰ ਨਵੀਂ ਦਿੱਖ ਪ੍ਰਦਾਨ ਕੀਤੀ ਗਈ ਸੀ। ਗੁਰਦੁਆਰਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਖਨਊ ਦੀ ਸੰਗਤ ਦੇ ਨਾਂ ਲਿਖੇ ਦੋ ਹੁਕਮਨਾਮੇ (42, 56) ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਪੁਰਾਤਨ ਹੱਥ-ਲਿਖਤ ਬੀੜ (691 ਪੱਤਰੇ) ਸੰਭਾਲ ਕੇ ਰੱਖੀ ਹੋਈ ਹੈ।



ਗੁਰਦੁਆਰਾ ਗੁਰੂ ਤੇਗ ਬਹਾਦਰ ਜੀ, ਮਥੁਰਾ




ਗੁਰਦੁਆਰਾ ਮਾਈਥਾਨ, ਆਗਰਾ




ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਗੁਰੂ ਕਾ ਤਾਲ, ਆਗਰਾ



ਗੁਰਦੁਆਰਾ ਪੱਕੀ ਸੰਗਤ, ਅਲਾਹਾਬਾਦ (ਪ੍ਰਯਾਗਰਾਜ)



ਗੁਰਦੁਆਰਾ ਗੁਰੂ ਤੇਗ ਬਹਾਦਰ ਜੀ, ਮਿਰਜ਼ਾਪੁਰ



ਗੁਰਦੁਆਰਾ ਪੱਕੀ ਸੰਗਤ, ਨੀਚੀ ਬਾਗ਼, ਬਨਾਰਸ



ਗੁਰਦੁਆਰਾ ਤਪ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਜੀ, ਜੌਨਪੁਰ



ਗੁਰੂ ਤੇਗ ਬਹਾਦਰ ਜੀ ਸੰਬੰਧੀ ਪੁਰਾਤਨ ਖੂਹ ਅਤੇ ਨਿਸ਼ਾਨ, ਜੌਨਪੁਰ



ਤਪ ਅਸਥਾਨ ਗੁਰੂ ਤੇਗ ਬਹਾਦਰ ਜੀ, ਨਿਜ਼ਾਮਾਬਾਦ



ਗੁਰਦੁਆਰਾ ਤਪ ਅਸਥਾਨ ਗੁਰੂ ਤੇਗ ਬਹਾਦਰ ਜੀ, ਅਯੁੱਧਿਆ



ਗੁਰਦੁਆਰਾ ਅਹਿਯਾਗੰਜ, ਲਖਨਊ

(ਬਿਹਾਰ)

ਸਾਸਾਰਾਮ : ਬਿਹਾਰ ਵਿਚ ਇਹ ਪਹਿਲਾ ਸਥਾਨ ਹੈ ਜਿੱਥੇ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਸਥਾਨ ਮੌਜੂਦ ਹਨ। ਬਨਾਰਸ ਤੋਂ ਪੂਰਬ ਦੀ ਪ੍ਰਚਾਰ-ਯਾਤਰਾ 'ਤੇ ਜਾਂਦੇ ਹੋਏ ਗੁਰੂ ਜੀ ਇਸ ਨਗਰ ਵਿਖੇ ਆਏ ਸਨ। ਇਸ ਨਗਰ ਵਿਖੇ ਗੁਰੂ ਜੀ ਨਾਲ ਸੰਬੰਧਿਤ ਤਿੰਨ ਗੁਰਧਾਮ ਸਸ਼ੋਭਿਤ ਹਨ।

1. **ਗੁਰਦੁਆਰਾ ਚਾਚਾ ਫੱਗੂ ਮੱਲ ਜੀ :** ਸਾਸਾਰਾਮ ਵਿਚ ਮੌਜੂਦ ਇਹ ਗੁਰਧਾਮ ਚਾਚਾ ਫੱਗੂ ਮੱਲ ਦੀ ਗੁਰੂ ਤੇਗ ਬਹਾਦਰ ਜੀ ਪ੍ਰਤੀ ਸ਼ਰਧਾ ਦਾ ਪ੍ਰਤੀਕ ਹੈ। ਇਸ ਦੇ ਬਜ਼ੁਰਗਾਂ ਨੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਿੱਖੀ ਧਾਰਨ ਕੀਤੀ ਸੀ ਅਤੇ ਗੁਰੂ ਜੀ ਦੀ ਪ੍ਰਚਾਰ-ਯਾਤਰਾ ਸਮੇਂ ਇਹ ਇੱਥੋਂ ਦਾ ਮਸੰਦ ਸੀ। ਜਦੋਂ ਗੁਰੂ ਤੇਗ ਬਹਾਦਰ ਜੀ ਪੂਰਬ ਦੀ ਯਾਤਰਾ 'ਤੇ ਗਏ ਤਾਂ ਇਹ ਬਹੁਤ ਬਿਰਧ ਹੋ ਚੁੱਕਾ ਸੀ ਪਰ ਇਸ ਦੇ ਮਨ ਵਿਚ ਗੁਰੂ ਜੀ ਦੇ ਦਰਸ਼ਨਾਂ ਦੀ ਤੀਬਰ ਤਾਂਘ ਸੀ। ਗੁਰੂ ਜੀ ਨੇ ਇਸ ਦੀ ਇੱਛਾ ਪੂਰੀ ਕੀਤੀ। ਬਨਾਰਸ ਤੋਂ ਚੱਲ ਕੇ ਗੁਰੂ ਜੀ ਨੇ ਇਸ ਦੇ ਘਰ ਚਰਨ ਪਾਏ ਸਨ। ਇੱਥੇ ਹੀ ਇਲਾਕੇ ਦੀ ਸੰਗਤ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਈ ਸੀ। ਇੱਥੇ ਇਕ ਸਿਲ ਮੌਜੂਦ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਇਸ 'ਤੇ ਬੈਠ ਕੇ ਇਸ਼ਨਾਨ ਕੀਤਾ ਸੀ। ਚਾਚਾ ਫੱਗੂ ਮੱਲ ਦਾ ਇਕ ਸਿਮਰਨਾ, ਇਕ ਛੋਟਾ ਯਾਦਗਾਰੀ ਦਰਵਾਜ਼ਾ (45"×35") ਅਤੇ ਖੜਾਵਾਂ ਇਸ ਗੁਰਦੁਆਰਾ ਸਾਹਿਬ ਦੀ ਵਿਰਾਸਤ ਦਾ ਅੰਗ ਹਨ। ਇਸ ਤੋਂ ਇਲਾਵਾ ਇਕ ਇਤਿਹਾਸਕ ਬੇਰੀ ਅਤੇ ਕੁੱਝ ਪੁਰਾਤਨ ਸ਼ਸਤਰ ਵੀ ਇੱਥੇ ਮੌਜੂਦ ਹਨ। ਬੇਰੀ ਬਾਰੇ ਦੱਸਿਆ ਜਾਂਦਾ ਹੈ ਕਿ ਗੁਰੂ ਜੀ ਨੇ ਆਪਣੇ ਹੱਥਾਂ ਨਾਲ ਇਹ ਬੇਰੀ ਲਗਾਈ ਸੀ ਜਿਹੜੀ ਕਿ ਮੌਜੂਦਾ ਸਮੇਂ ਵਿਚ ਵਿਸ਼ਾਲ ਰੂਪ ਧਾਰਨ ਗਈ ਹੈ, ਸੰਗਤ ਇਸ ਦੇ ਬੇਰ ਪ੍ਰਸਾਦਿ ਦੇ ਰੂਪ ਵਿਚ ਗ੍ਰਹਿਣ ਕਰਦੀ ਹੈ।
2. **ਗੁਰਦੁਆਰਾ ਟਕਸਾਲ ਸੰਘਤ :** ਸਾਸਾਰਾਮ ਵਿਖੇ ਮੌਜੂਦ ਇਹ ਅਸਥਾਨ *ਗੁਰਦੁਆਰਾ ਚਾਚਾ ਫੱਗੂ ਮੱਲ ਜੀ* ਦੇ ਗੁਰਦੁਆਰੇ ਦੇ ਨੇੜੇ ਹੀ ਸਥਿਤ ਹੈ। ਸਥਾਨਿਕ ਰਵਾਇਤ ਇਸ ਅਸਥਾਨ 'ਤੇ ਗੁਰੂ ਜੀ ਦਾ ਘੋੜਾ ਰੁਕਣ ਅਤੇ ਗੁਰੂ ਜੀ ਦੀ ਚਰਨ ਛੋਹ ਪ੍ਰਾਪਤ ਹੋਣ ਦਾ ਜ਼ਿਕਰ ਕਰਦੀ ਹੈ। ਇਹ ਅਸਥਾਨ ਮਾਈ ਜੀਯੋ ਜੀ ਦਾ ਖੇਤ ਸੀ ਜਿਹੜਾ ਕਿ ਗੁਰੂ ਜੀ ਦੀ ਯਾਦਗਾਰ ਵਜੋਂ ਮੌਜੂਦ ਹੈ। ਗੁਰਦੁਆਰਾ ਸਾਹਿਬ ਵਿਖੇ ਮਾਤਾ ਜੀ ਦੀ ਤਸਵੀਰ ਦੇ ਹੇਠਾਂ ਲਿਖਿਆ ਹੋਇਆ ਹੈ, "ਸਵਰਗੀ ਜੀਯੋ ਮਾਤਾ ਜੀ ਜਿਨਹੋਂ ਨੇ ਅਪਨੀ ਭੂਮੀ ਸ੍ਰੀ ਗੁਰੂ ਤੇਗ ਬਹਾਦੁਰ ਜੀ ਕੇ ਸੁਭਾਗਮਨ ਕੀ ਖ਼ੁਸ਼ੀ ਮੇਂ ਸਰੀ *ਗੁਰਦੁਆਰਾ ਟਕਸਾਲ ਸੰਘਤ* ਕੇ ਨਿਰਮਾਣ ਹੇਤੂ ਦਾਨ ਦਿਯਾ, ਸੰਮਤ 1723 ਵਿਕਰਮੀ।" 2016 ਵਿਚ ਕਾਰ ਸੇਵਾ ਰਾਹੀਂ ਇੱਥੇ ਗੁਰਧਾਮ ਦੀ ਨਵੀਂ ਇਮਾਰਤ ਦੀ ਉਸਾਰੀ ਕੀਤੀ ਗਈ ਹੈ।
3. **ਗੁਰਦੁਆਰਾ ਗੁਰੂ ਕਾ ਬਾਗ :** ਇਹ ਅਸਥਾਨ ਵੀ ਸਾਸਾਰਾਮ ਵਿਖੇ ਸਥਿਤ ਹੈ। ਇਹ ਅਸਥਾਨ *ਗੁਰਦੁਆਰਾ ਚਾਚਾ ਫੱਗੂ ਮੱਲ* ਤੋਂ ਲਗ-ਪਗ ਦੋ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਜਦੋਂ ਗੁਰੂ ਤੇਗ ਬਹਾਦਰ ਜੀ ਇਸ ਨਗਰ ਵਿਖੇ ਆਏ ਸਨ ਤਾਂ ਉਹਨਾਂ ਨੇ ਇਸ ਅਸਥਾਨ 'ਤੇ ਆਪਣਾ ਘੋੜਾ ਬੰਨਿਆ ਸੀ। ਮੌਜੂਦਾ ਸਮੇਂ ਵਿਚ ਵੀ ਸੰਗਤ ਦੀ ਇਸ ਅਸਥਾਨ 'ਤੇ ਬਹੁਤ ਮਾਨਤਾ ਹੈ ਅਤੇ ਜਦੋਂ ਕਿਸੇ ਦੀ ਕੋਈ ਇੱਛਾ ਪੂਰੀ ਹੁੰਦੀ ਹੈ ਤਾਂ ਉਹ ਇੱਥੇ ਘੋੜਾ ਚੜ੍ਹਾ ਜਾਂਦੇ ਹਨ। ਉਦਾਸੀ ਮਹੰਤਾਂ ਇਸ ਦਾ ਪ੍ਰਬੰਧ ਕਰਦੇ ਹਨ।

ਗਯਾ : ਫਲਗੂ ਨਦੀ ਦੇ ਕੰਢੇ 'ਤੇ ਸਥਿਤ ਇਹ ਹਿੰਦੂ ਧਰਮ ਦਾ ਪ੍ਰਸਿੱਧ ਤੀਰਥ ਅਸਥਾਨ ਹੈ, ਪਿਤਰਾਂ ਦੇ ਪਿੰਡ ਭਰਾਉਣ ਲਈ ਲੋਕ ਇੱਥੇ ਆਉਂਦੇ ਹਨ। ਇਹ ਨਗਰ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਚਰਨ

ਪ੍ਰਾਪਤ ਹੈ। ਜਦੋਂ ਗੁਰੂ ਤੇਗ ਬਹਾਦਰ ਜੀ ਇਸ ਨਗਰ ਵਿਖੇ ਆਏ ਤਾਂ ਪੰਡਿਤਾਂ ਨੇ ਉਹਨਾਂ ਨੂੰ ਵੀ ਪਿਤਰ ਕਿਰਿਆ ਕਰਨ ਲਈ ਕਿਹਾ ਸੀ। ਗੁਰੂ ਜੀ ਨੇ ਇੱਥੇ ਬਾਣੀ ਪੜ੍ਹਨ-ਸੁਣਨ ਦਾ ਮਹਾਤਮ ਸਮਝਾਉਂਦੇ ਹੋਏ ਕਿਹਾ ਕਿ ਗੁਰਬਾਣੀ ਨਾਲ ਜੁੜਿਆਂ ਕਿਸੇ ਵੀ ਕਰਮਕਾਂਡ ਦੀ ਲੋੜ ਨਹੀਂ ਰਹਿੰਦੀ। ਇਸ ਅਸਥਾਨ ਦੀ ਸਾਂਭ-ਸੰਭਾਲ ਦੀ ਲੋੜ ਹੈ।

ਪਟਨਾ ਸਾਹਿਬ : ਇਹ ਨਗਰ ਪੂਰਬ ਵਿਚ ਸਿੱਖੀ ਦਾ ਪ੍ਰਮੁੱਖ ਪ੍ਰਚਾਰ-ਕੇਂਦਰ ਹੈ। ਸਿੱਖ ਧਰਮ ਦਾ ਇਕ ਤਖ਼ਤ ਸਾਹਿਬ ਇਸ ਨਗਰ ਵਿਖੇ ਹੋਣ ਕਰਕੇ ਇਸ ਦਾ ਮਹੱਤਵ ਹੋਰ ਵਧੇਰੇ ਵੱਧ ਜਾਂਦਾ ਹੈ। ਇਸ ਨਗਰ ਵਿਖੇ ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਮੌਜੂਦ ਹਨ।

1. **ਗੁਰਦੁਆਰਾ ਗਾਇ ਘਾਟ ਬੜੀ ਸੰਗਤ :** ਗੁਰੂ ਤੇਗ ਬਹਾਦਰ ਜੀ ਗਯਾ ਤੋਂ ਪਟਨਾ ਸਾਹਿਬ ਗਏ ਤਾਂ ਇਸ ਅਸਥਾਨ 'ਤੇ ਸਭ ਤੋਂ ਪਹਿਲਾਂ ਨਿਵਾਸ ਕੀਤਾ ਸੀ। ਇਹਨਾਂ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਇਸ ਅਸਥਾਨ 'ਤੇ ਆਏ ਸਨ। *ਗੁਰਦੁਆਰਾ ਗਾਇ ਘਾਟ ਬੜੀ ਸੰਗਤ* ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਇੱਥੇ ਮੌਜੂਦ ਇਕ ਛੋਟੀ ਬਾਰੀ, ਇਕ ਰੁੱਖ, ਲੱਕੜੀ ਦੇ ਦੋ ਥੰਮ, ਇਕ ਪੁਰਾਤਨ ਚੱਕੀ ਆਦਿ ਨਿਸ਼ਾਨੀਆਂ ਗੁਰੂ ਜੀ ਦੀ ਯਾਦ ਦਿਵਾਉਂਦੀਆਂ ਹਨ। ਸਾਲਿਸ ਰਾਇ ਜੌਹਰੀ ਦੇ ਅਸਥਾਨ 'ਤੇ ਮੌਜੂਦ ਮਸੰਦ ਗੁਰੂ ਜੀ ਨੂੰ ਬੇਨਤੀ ਕਰ ਕੇ ਆਪਣੇ ਘਰ ਲੈ ਗਿਆ ਸੀ।
2. **ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ :** ਇਹ ਅਸਥਾਨ ਗੁਰਦੁਆਰਾ ਗਾਇ ਘਾਟ ਤੋਂ ਲਗ-ਪਗ ਸਾਢੇ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। *ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ* ਵਜੋਂ ਪ੍ਰਸਿੱਧ ਇਸ ਅਸਥਾਨ ਨੂੰ ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਸਾਲਿਸ ਰਾਇ ਜੌਹਰੀ ਨੇ ਗੁਰੂ ਜੀ ਦਾ ਸਿੱਖ ਹੋ ਕੇ ਆਪਣੇ ਘਰ ਨੂੰ ਹੀ ਧਰਮਸਾਲ ਬਣਾ ਲਿਆ ਸੀ ਜਿਹੜੀ ਕਿ ਤਖ਼ਤ ਸਾਹਿਬ ਦੇ ਰੂਪ ਵਿਚ ਸਿੱਖਾਂ ਦੇ ਇਕ ਕੇਂਦਰੀ ਪ੍ਰਚਾਰਕ ਅਸਥਾਨ ਵਜੋਂ ਸਾਹਮਣੇ ਆਈ। ਇਸ ਅਸਥਾਨ ਨੂੰ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ ਹੈ। ਇਸ ਅਸਥਾਨ 'ਤੇ ਆਪਣਾ ਪਰਿਵਾਰ ਛੱਡ ਕੇ ਗੁਰੂ ਜੀ ਅਸਾਮ ਦੀ ਯਾਤਰਾ 'ਤੇ ਚਲੇ ਗਏ ਸਨ।
3. **ਗੁਰਦੁਆਰਾ ਗੁਰੂ ਕਾ ਬਾਗ਼ :** ਇਹ ਗੁਰਦੁਆਰਾ ਗੁਰੂ ਤੇਗ ਬਹਾਦਰ ਜੀ ਅਤੇ ਬਾਲ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਜੀ ਦੇ ਮਿਲਾਪ ਦੀ ਯਾਦ ਦਿਵਾਉਂਦਾ ਹੈ। ਕਿਹਾ ਜਾਂਦਾ ਹੈ ਕਿ ਪਟਨੇ ਦੇ ਰਹੀਮ ਬਖ਼ਸ਼ ਅਤੇ ਕਰੀਮ ਬਖ਼ਸ਼ ਦਾ ਇਹ ਬਾਗ਼ ਸੀ। ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ "ਇਹ ਪਟਨੇ ਦੀ ਕਬਰਿਸਤਾਨ ਪਾਸ ਕਾਜੀਆਂ ਦਾ ਬਾਗ਼ ਸੀ, ਜਦ ਗੁਰੂ ਤੇਗ ਬਹਾਦਰ ਸਾਹਿਬ ਪਟਨੇ ਆਏ ਤਾਂ ਕਾਜੀ ਨੇ ਇਹ ਭੇਟ ਕੀਤਾ।"[1] ਬੰਗਾਲ ਅਤੇ ਅਸਾਮ ਦੀ ਪ੍ਰਚਾਰ-ਯਾਤਰਾ ਉਪਰੰਤ ਲਗ-ਪਗ ਚਾਰ ਸਾਲ ਬਾਅਦ ਜਦੋਂ ਗੁਰੂ ਤੇਗ ਬਹਾਦਰ ਜੀ ਵਾਪਸ ਪਟਨਾ ਪਹੁੰਚੇ ਸਨ ਤਾਂ ਉਹਨਾਂ ਨੇ ਇਸ ਬਾਗ਼ ਵਿਖੇ ਡੇਰਾ ਲਾਇਆ ਸੀ। ਇਹ ਬਾਗ਼ ਸੁੱਕਿਆ ਹੋਇਆ ਸੀ ਪਰ ਗੁਰੂ ਜੀ ਦੇ ਨਿਵਾਸ ਕਰਨ ਉਪਰੰਤ ਇਹ ਹਰਾ-ਭਰਾ ਹੋ ਗਿਆ ਸੀ। ਇੱਥੇ ਹੀ ਪਟਨਾ ਸਾਹਿਬ ਦੀ ਸੰਗਤ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਣ ਲੱਗੀ ਸੀ ਅਤੇ ਸਭ ਤੋਂ ਪਹਿਲਾਂ ਗੁਰੂ ਜੀ ਦੀ ਮਾਤਾ ਨਾਨਕੀ, ਮਹਿਲ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਇਸ ਬਾਗ਼ ਵਿਖੇ ਪੁੱਜੇ ਸਨ। ਇੱਥੇ ਹੀ ਗੁਰੂ ਜੀ ਆਪਣੇ ਸਾਹਿਬਜ਼ਾਦੇ (ਗੁਰੂ) ਗੋਬਿੰਦ (ਸਿੰਘ) ਜੀ ਨੂੰ ਪਹਿਲੀ ਵਾਰੀ ਮਿਲੇ ਸਨ। ਗੁਰੂ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਗੁਰੂ ਕਾ ਬਾਗ਼* ਸੁਸ਼ੋਭਿਤ ਹੈ।

ਬਾੜ੍ਹ (ਬਢ-ਗਾਂਵ) : ਪਟਨਾ ਸਾਹਿਬ ਤੋਂ ਲਗ-ਪਗ 70 ਕਿਲੋਮੀਟਰ ਦੀ ਦੂਰੀ 'ਤੇ ਗੰਗਾ ਨਦੀ ਦੇ ਕੰਢੇ ਸਥਿਤ ਇਹ ਨਗਰ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਕਿਹਾ ਜਾਂਦਾ ਹੈ ਕਿ ਪੂਰਬ ਦੀ ਯਾਤਰਾ ਦੌਰਾਨ ਗੁਰੂ

1. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 550.

ਜੀ ਨੇ ਇਸ ਨਗਰ ਵਿਖੇ ਜਿਸ ਅਸਥਾਨ 'ਤੇ ਨਿਵਾਸ ਕੀਤਾ ਸੀ ਉੱਥੇ ਇਕ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਗਈ ਸੀ। 1934 ਦੇ ਭੁਚਾਲ ਦੌਰਾਨ ਇਹ ਗੁਰਧਾਮ ਗਿਰ ਗਿਆ ਸੀ ਅਤੇ ਇਸ ਦੀ ਪੁਨਰ-ਉਸਾਰੀ ਨਹੀਂ ਹੋ ਸਕੀ। ਮੌਜੂਦਾ ਸਮੇਂ ਵਿਚ ਇਸ ਨਗਰ ਵਿਖੇ ਪ੍ਰਸਿੱਧ ਵੈਸ਼ਣੋਧਾਮ ਅਤੇ ਜੈਨ ਮੰਦਿਰ ਦੇ ਨੇੜੇ ਜਿਹੜਾ ਗੁਰਧਾਮ ਸਥਿਤ ਹੈ ਉਸ ਦੀ ਉਸਾਰੀ ਬਿਹਾਰੀ ਸਿੱਖਾਂ ਦੁਆਰਾ ਕਰਵਾਈ ਸੀ। *ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ* ਦੀ ਪ੍ਰਬੰਧਕ ਕਮੇਟੀ ਵੱਲੋਂ ਇਸ ਗੁਰਧਾਮ ਦੀ ਸੇਵਾ-ਸੰਭਾਲ ਕੀਤੀ ਜਾਂਦੀ ਹੈ।

ਮੁੰਗੇਰ : ਪਟਨਾ ਸਾਹਿਬ ਤੋਂ ਬਾਦ ਹੁੰਦੇ ਹੋਏ ਗੁਰੂ ਤੇਗ ਬਹਾਦਰ ਜੀ ਮੁੰਗੇਰ ਪੁੱਜੇ ਸਨ। ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਪੱਕੀ ਸੰਗਤ* ਮੌਜੂਦ ਹੈ। ਇਸ ਅਸਥਾਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਇਕ ਪੱਥਰ 'ਤੇ ਲਿਖਿਆ ਹੋਇਆ ਹੈ ਕਿ '1934 ਵਿਚ ਇਸ ਗੁਰਦੁਆਰਾ ਸਾਹਿਬ ਨੂੰ ਨੁਕਸਾਨ ਪੁੱਜਾ ਸੀ ਅਤੇ 1935 ਵਿਚ ਮਹੰਤ ਬਾਬਾ ਰਾਮਦਾਸ ਜੀ ਉਦਾਸੀਨ ਸੰਤ ਨੇ ਇਸ ਦੀ ਪੁਨਰ-ਉਸਾਰੀ ਕਰਵਾਈ ਸੀ'। ਇਸ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋ ਪੁਰਾਤਨ ਹੱਥ-ਲਿਖਤ ਸਰੂਪ ਵੀ ਇੱਥੇ ਮੌਜੂਦ ਹਨ ਜਿਹੜੇ ਕਿ ਬਹੁਤ ਹੀ ਬਿਰਧ ਹੋ ਚੁੱਕੇ ਹਨ। ਸਿੱਖ ਵੱਸੋਂ ਨਾ-ਮਾਤਰ ਹੈ ਅਤੇ ਗੁਰਧਾਮ ਦਾ ਪ੍ਰਬੰਧ ਮਹੰਤ ਕੋਲ ਹੈ। ਗੁਰਦੁਆਰੇ ਦੀ ਸਾਂਭ-ਸੰਭਾਲ ਨੂੰ ਲੈ ਕੇ ਸਥਾਨਿਕ ਸਿੱਖਾਂ ਦਾ ਮਹੰਤ ਨਾਲ ਕੇਸ ਚੱਲ ਰਿਹਾ ਹੈ ਅਤੇ ਦੱਸਿਆ ਜਾਂਦਾ ਹੈ ਕਿ ਅਦਾਲਤ ਨੇ ਇਸ ਅਸਥਾਨ ਦਾ ਫ਼ੈਸਲਾ ਸਥਾਨਿਕ ਸਿੱਖਾਂ ਦੇ ਹੱਕ ਵਿਚ ਕਰ ਦਿੱਤਾ ਹੈ।

ਭਾਗਲਪੁਰ : ਮੁੰਗੇਰ ਤੋਂ ਗੁਰੂ ਤੇਗ ਬਹਾਦਰ ਜੀ ਦੇ ਭਾਗਲਪੁਰ ਜਾਣ ਦਾ ਜ਼ਿਕਰ ਮਿਲਦਾ ਹੈ। ਇੱਥੇ ਗੰਗਾ ਨਦੀ ਦੇ ਬੂੜ੍ਹਾਨਾਥ ਘਾਟ ਦੇ ਸੱਜੇ ਕਿਨਾਰੇ 'ਤੇ ਗੁਰੂ ਜੀ ਦੀ ਯਾਦ ਵਿਚ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਬੜੀ ਸੰਗਤ* ਸਸ਼ੋਭਿਤ ਹੈ। ਭਾਈ ਧੰਨਾ ਸਿੰਘ ਚਹਿਲ ਪਟਿਆਲਵੀ ਨੇ 18 ਮਾਰਚ 1931 ਨੂੰ ਇਸ ਗੁਰਦੁਆਰੇ ਦੇ ਦਰਸ਼ਨ ਕੀਤੇ ਸਨ। ਇਸ ਗੁਰਧਾਮ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੇ ਹੋਏ ਉਹ ਦੱਸਦੇ ਹਨ, "ਸ਼ੈਹਰ ਭਾਗਲਪੁਰ ਦੇ ਗੁਰਦੁਆਰੇ ਨੂੰ ਜਿਸ ਦਾ ਨਾਮ ਕਿ ਗੁਰੂ ਕੀ ਵਡੀ ਸੰਗਤ ਹੈ। ਇਸ ਨੂੰ ਇਕ ਸਾਲਮ ਪਿੰਡ ਸੀ ਜਿਸ ਦਾ ਨਾਮ ਗੁਸਾਈ ਗਾਉਂ ਹੈ, ਜੋ ਕਿ ਦਰਿਆ ਗੰਗਾ ਦੇ ਪਾਰ ਹੈ ਤੇ ਜ਼ਿਲਾ ਭਾਗਲਪੁਰ ਵਿਖੇ ਹੀ ਹੈ। ਇਸ ਗਾਉਂ ਦੀ ਜ਼ਮੀਨ 1484 ਬਿੱਘੇ ਹੈ। ਜਿਸ ਸਖ਼ਸ਼ ਨੇ ਗੁਰੂ ਦਾ ਪਿੰਡ ਲਿਆ ਹੈ, ਉਸ ਕਾ ਨਾਮ ਏਹ ਹੈ - ਰਾਮ ਗੁਲਾਮ ਛਾਉ ਤੇ ਰੈਹਨੇ ਵਾਲਾ ਪਰਵਤਾ ਕਸਬੇ ਦਾ ਹੈ। ਸੁਨਿਆ ਗਿਆ ਹੈ ਕਿ ਜਗੀਰਦਾਰ ਬਹੁਤ ਹੈ ਤੇ ਜ਼ਿਲਾ ਭਾਗਲਪੁਰ ਦੇ ਰੈਹਨੇ ਵਾਲਾ ਹੈ। ਗੁਰਦੁਆਰਾ ਭੀ ਮਹੰਤ ਜੀ ਲਲਾਮ (ਨਿਲਾਮ) ਕਰਨੇ ਲਗੇ ਸਨ। ਪਰ ਪੰਡਿਤ (ਕਿਦਾਰ ਨਾਥ ਝਾ) ਨੇ ਝਗੜ ਕੇ ਰਖ ਲਿਆ। ਪੰਡਿਤ ਨੇ ਗੁਰੂ ਦੀ ਜਗ੍ਹਾ ਸਮਝ ਕੇ ਆਪਨੇ ਆਰਾਮ ਵਾਸਤੇ ਉਦਾਸੀ ਸਾਧ ਨਾਲ ਝਗੜ ਕੇ ਗੁਰਦੁਆਰਾ ਰਖ ਲਿਆ ਕਿਉਂਕਿ ਏਹ ਪੰਡਿਤ ਜੀ ਮੈਜਿਸਟਰੇਟ ਸਾਹਿਬ ਦੇ ਪਾਸ ਐਹਲਮਦ ਹੈ ਤਾਂ ਕਰ ਕੇ ਗੁਰਦੁਆਰੇ ਦਾ ਮੁਕੱਦਮਾ ਜਿੱਤ ਗਿਆ ਹੈ। ਨਹੀਂ ਤੋ ਲਲਾਮ ਹੋ ਚੁੱਕਾ ਸੀ।"[1] ਮੌਜੂਦਾ ਸਮੇਂ ਵਿਚ ਸਿੰਧੀ, ਸਹਿਜਧਾਰੀ ਅਤੇ ਕੁੱਝ ਗੁਰਸਿੱਖ ਪਰਿਵਾਰ ਮਿਲ ਕੇ ਇਸ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰਦੇ ਹਨ।

ਗੁਰਦੁਆਰਾ ਬੜੀ ਸੰਗਤ ਤੋਂ ਲਗ-ਪਗ ਅੱਧਾ ਕਿਲੋਮੀਟਰ ਦੀ ਦੂਰੀ 'ਤੇ ਗਲੀ ਮਥੁਰਾ ਨਾਥ, ਮੁਹੱਲਾ ਬੂੜ੍ਹਾਨਾਥ ਘਾਟ ਵਿਖੇ *ਗੁਰਦੁਆਰਾ ਛੋਟੀ ਸੰਗਤ* ਸਥਿਤ ਹੈ। ਇਸ ਦਾ ਪ੍ਰਬੰਧ ਮਹੰਤਾਂ ਦੇ ਅਧੀਨ ਹੈ। ਇਹ ਮਹੰਤ ਗ੍ਰਿਹਸਤੀ ਜੀਵਨ ਬਸਰ ਕਰਦਾ ਹੈ ਅਤੇ ਆਪਣੇ ਪੂਰਵਜਾਂ ਦੇ ਸਮੇਂ ਤੋਂ ਇਹ ਪਰਿਵਾਰ ਇਸ ਅਸਥਾਨ ਦੀ ਸੇਵਾ-ਸੰਭਾਲ ਕਰ ਰਿਹਾ ਹੈ। ਇਸ ਗੁਰਧਾਮ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੱਥ-ਲਿਖਤ ਬੀੜ ਮੌਜੂਦ ਹੈ ਜਿਸ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦਾ ਜੋਤੀ-ਜੋਤਿ ਪੁਰਬ ਮਨਾਇਆ ਜਾਂਦਾ ਹੈ, ਇਸ ਦਿਨ ਲੰਗਰ ਕੀਤਾ ਜਾਂਦਾ ਹੈ।

1. ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ*, ਸੰਪਾ. ਚੇਤਨ ਸਿੰਘ, ਪੰਨਾ 133.

ਲੱਛਮੀਪੁਰ : ਕਟਿਹਾਰ ਜ਼ਿਲੇ ਵਿਚ ਇਹ ਨਗਰ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਪੂਰਬ ਦੀ ਯਾਤਰਾ ਦੌਰਾਨ ਗੁਰੂ ਜੀ ਇਸ ਨਗਰ ਵਿਖੇ ਆਏ ਸਨ ਅਤੇ ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ* ਸਸ਼ੋਭਿਤ ਹੈ। ਇਸ ਗੁਰਦੁਆਰਾ ਸਾਹਿਬ ਤੋਂ ਲਗ-ਪਗ 2 ਕਿਲੋਮੀਟਰ ਦੀ ਦੂਰੀ 'ਤੇ ਅੰਮ੍ਰਿਤਸਰ-ਕਟਿਹਾਰ ਰੇਲਵੇ ਲਾਈਨ 'ਤੇ ਕਾੜ੍ਹਾਗੋਲਾ ਰੇਲਵੇ ਸਟੇਸ਼ਨ ਸਥਿਤ ਹੈ। ਪੰਜਾਬ ਤੋਂ ਜਾਣ ਵਾਲੇ ਯਾਤਰੂ ਇਸੇ ਰੇਲਵੇ ਸਟੇਸ਼ਨ 'ਤੇ ਹੀ ਉਤਰ ਕੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਲਈ ਜਾਂਦੇ ਹਨ।

ਲੱਛਮੀਪੁਰ ਵਿਖੇ ਵੱਡੀ ਗਿਣਤੀ ਸਿੱਖ ਸੰਗਤ ਕਾਇਮ ਹੋਣ ਕਰਕੇ ਇਸ ਨੂੰ ਸਰਦਾਰ ਨਗਰ ਵੀ ਕਿਹਾ ਜਾਂਦਾ ਹੈ। ਕੰਤ ਨਗਰ ਇਕ ਪੁਰਾਤਨ ਨਗਰ ਹੈ ਜਿਹੜਾ ਕਿ ਗੰਗਾ ਵਿਚ ਵਿਲੀਨ ਹੋ ਗਿਆ ਸੀ। ਇੱਥੇ ਵੱਸਦੀ ਸਿੱਖ ਸੰਗਤ ਨੇ ਉੱਥੋਂ ਮਿੱਟੀ ਲਿਆ ਕੇ ਲੱਛਮੀਪੁਰ ਨਗਰ ਵਸਾਇਆ ਸੀ। *ਗੁਰਦੁਆਰਾ ਲੱਛਮੀਪੁਰ* ਵਿਖੇ ਸਿੱਖ ਵਿਰਾਸਤ ਦੀ ਯਾਦ ਦਿਵਾਉਂਦੀਆਂ ਇਹ ਨਿਸ਼ਾਨੀਆਂ ਮੌਜੂਦ ਹਨ - ਗੁਰੂ ਗੋਬਿੰਦ ਸਿੰਘ ਜੀ ਦਆਰਾ ਲਿਖਿਆ ਮਿਤੀ-ਰਹਿਤ ਹੁਕਮਨਾਮਾ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ ਜਾਰੀ ਕੀਤਾ ਗਿਆ ਹੁਕਮਨਾਮਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੈਮੀਨੇਸ਼ਨ ਕਰਵਾਈ 248 ਪੱਤਰਿਆਂ ਵਾਲੀ ਹੱਥ-ਲਿਖਤ ਬੀੜ, ਪੁਰਾਤਨ ਸ਼ਸਤਰ (ਦੋ ਖੰਡੇ ਅਤੇ ਪੰਜ ਛੋਟੀਆਂ ਕ੍ਰਿਪਾਨਾਂ, ਅੰਮ੍ਰਿਤ ਛਕਾਉਣ ਵਾਲ ਖੰਡਾ, ਸਲੋਤਰ - ਲੱਕੜ ਦਾ ਮੋਟਾ ਡੰਡਾ, ਪੁਰਾਤਨ ਸ੍ਰੀ ਸਾਹਿਬ, ਤਿੰਨ ਕਟਾਰਾਂ, ਤਿੰਨ ਚੱਕਰ ਆਦਿ) ਅਤੇ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਸਾਹਿਬ ਵੱਲੋਂ ਲਿਖੀ ਇਕ ਪ੍ਰੇਰਨਾਮਈ ਚਿੱਠੀ। ਸਰਾਂ ਅਤੇ ਲੰਗਰ ਤੋਂ ਇਲਾਵਾ ਬੱਚਿਆਂ ਨੂੰ ਗੁਰਮੁਖੀ, ਕੀਰਤਨ ਅਤੇ ਹੋਰ ਧਾਰਮਿਕ ਵਿੱਦਿਆ ਪ੍ਰਦਾਨ ਕੀਤੀ ਜਾਂਦੀ ਹੈ।

(ਪੱਛਮੀ ਬੰਗਾਲ)

ਭਾਰਤ ਦੇ ਪੂਰਬ ਵਿਚ ਸਥਿਤ ਇਸ ਰਾਜ ਵਿਖੇ ਗੁਰੂ ਤੇਗ ਬਹਾਦਰ ਜੀ ਦੇ ਕਈ ਅਸਥਾਨਾਂ 'ਤੇ ਜਾਣ ਦਾ ਜ਼ਿਕਰ ਮਿਲਦਾ ਹੈ ਪਰ ਬਹੁਤੇ ਨਗਰਾਂ ਵਿਚ ਗੁਰਧਾਮ ਮੌਜੂਦ ਨਹੀਂ ਹਨ ਜਿਵੇਂ ਸਾਹਿਬ ਗੰਜ, ਮਖਸੂਦਾਬਾਦ (ਮੁਰਸ਼ਦਾਬਾਦ), ਰਾਜ ਮਹਿਲ, ਰੰਗਪੁਰ ਆਦਿ ਨਗਰਾਂ ਦਾ ਜ਼ਿਕਰ ਤਾਂ ਮਿਲਦਾ ਹੈ ਪਰ ਉੱਥੇ ਗੁਰਧਾਮ ਮੌਜੂਦ ਨਹੀਂ ਹਨ। ਜਿਵੇਂ ਮਖਸੂਦਾਬਾਦ ਵਿਖੇ ਗੁਰਦੁਆਰੇ ਦਾ ਜ਼ਿਕਰ ਕਰਦੇ ਹੋਏ ਇਸ ਨਗਰ ਬਾਰੇ ਜਾਣਕਾਰੀ ਦਿੰਦੇ ਹੋਏ ਪੰਡਿਤ ਤਾਰਾ ਸਿੰਘ ਨਰੋਤਮ ਦੱਸਦੇ ਹਨ, "ਯੇਹ ਬੰਗਾਲੇ ਮੇਂ ਮਖਸੂਦਾਬਾਦ ਨਾਮ ਸੇ ਪ੍ਰਸਿੱਧ ਸ਼ਹਿਰ ਹੈ। ਮੁਰਸ਼ਦਾਬਾਦ ਭੀ ਇਸੀ ਮਖਸੂਦਾਬਾਦ ਕਾ ਨਾਮ ਹੈ। ਇਸ ਸ਼ਹਿਰ ਮੇਂ ਰੇਸ਼ਮੀ ਕੱਪੜਾ ਬਹੁਤ ਅੱਛਾ ਬਣਤਾ ਹੈ।"[1] ਇਸੇ ਤਰ੍ਹਾਂ ਰਾਜ ਮਹਿਲ ਵਿਖੇ ਗੁਰੂ ਜੀ ਦੇ ਨਿਵਾਸ ਦਾ ਵਰਨਨ ਕਰਦੇ ਹੋਏ ਭਾਈ ਸੰਤੋਖ ਸਿੰਘ ਦੱਸਦੇ ਹਨ:

ਰਾਜ ਮਹਿਲ ਪੁਨ ਪਹੁੰਚੇ ਜਾਇ।
ਗਨ ਉਮਰਾਵ ਸੰਗ ਹਰਖਾਇ।
ਕੇਤਿਕ ਚਢੇ ਮਤੰਗਨਿ ਆਵਤਿ।
ਕੋ ਸਿਵਕਾ ਪਰ ਥਿਰ ਸੁਖ ਪਾਵਤਿ॥[2]

ਮਾਲਦਾ : ਬਿਹਾਰ ਦੇ ਕਾੜ੍ਹਾਗੋਲਾ ਤੋਂ ਕਲਕੱਤਾ ਜਾਂਦੇ ਹੋਏ ਕਾੜ੍ਹਾਗੋਲਾ ਤੋਂ ਲਗ-ਪਗ 125 ਕਿਲੋਮੀਟਰ ਦੀ ਦੂਰੀ 'ਤੇ ਇਹ ਨਗਰ ਸਥਿਤ ਹੈ। ਇਸ ਨਗਰ ਵਿਖੇ ਗੁਰੂ ਤੇਗ ਬਹਾਦਰ ਜੀ ਦੇ ਆਗਮਨ ਦਾ ਜ਼ਿਕਰ ਕਰਦੇ ਹੋਏ ਭਾਈ ਸੰਤੋਖ ਸਿੰਘ ਦੱਸਦੇ ਹਨ :

---

1. ਪੰਡਿਤ ਤਾਰਾ ਸਿੰਘ ਨਰੋਤਮ, *ਗੁਰ ਤੀਰਥ ਸੰਗ੍ਰਹਿ,* ਪੰਨਾ 120.
2. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 12, ਅੰਸੂ 4.11

ਢਿਗ ਸਤਿਗੁਰ ਨਹਿੰ ਦਰਸੇਂ ਜਾਇ। ਬਿਨਾ ਭਾਗ ਤੇ ਕੋ ਕਿਮ ਪਾਇ।
ਚਲਿ ਕ੍ਰਿਪਾਲ ਜਬਿ ਆਗੇ ਗਏ। ਨਗਰ ਮਾਲਦਹ ਪ੍ਰਾਪਤਿ ਭਏ॥[1]

ਪੰਡਿਤ ਤਾਰਾ ਸਿੰਘ ਨਰੋਤਮ ਇਸ ਨਗਰ ਵਿਖੇ ਗੁਰਧਾਮ ਹੋਣ ਦੀ ਪੁਸ਼ਟੀ ਕਰਦੇ ਹੋਏ ਕਹਿੰਦੇ ਹਨ, "ਯੇਹ ਸ਼ਹਿਰ ਗੰਗਾ ਪਾਰ ਬੰਗਾਲੇ ਦੇਸ ਮੇਂ ਹੈ। ਇਸ ਮਾਲਦਾ ਸ਼ਹਿਰ ਕੇ ਮਾਲਦੇਵ ਅੰਬ ਸਭ ਦੇਸੋਂ ਮੇਂ ਪ੍ਰਸਿੱਧ ਹੈਂ। ਇਸ ਕੇ ਆਗੇ ਢਾਕੇ ਸੇ ਉਰੇ ਰੰਗ ਪੁਰ ਮੇਂ ਭੀ ਗੁਰਦੁਆਰਾ ਸੁਣਾ ਹੈ।"[2] ਮੇਜਰ ਗੁਰਮੁਖ ਸਿੰਘ ਦੱਸਦੇ ਹਨ ਕਿ ਪੁਰਾਣੇ ਮਾਲਦਾ ਨਗਰ ਵਿਚ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ *ਗੁਰਦੁਆਰਾ ਨੀਮਾ ਸਰਾਇ ਸ੍ਰੀ ਗੁਰੂ ਤੇਗ ਬਹਾਦਰ* ਮੌਜੂਦ ਸੀ। ਨਦੀ ਪਾਰ ਨਵਾਂ ਮਾਲਦਾ ਨਗਰ ਵੱਸ ਜਾਣ ਨਾਲ ਪੁਰਾਤਨ ਨਗਰ ਦੀ ਰੌਣਕ ਜਾਂਦੀ ਰਹੀ ਅਤੇ ਆਮ ਲੋਕ ਇੱਥੋਂ ਉੱਠ ਕੇ ਨਵੇਂ ਨਗਰ ਵਿਚ ਵੱਸ ਗਏ। ਸਾਂਭ-ਸੰਭਾਲ ਨਾ ਹੋਣ ਕਰਕੇ ਇਹ ਗੁਰਦੁਆਰਾ ਵੀਰਾਨ ਹੋ ਗਿਆ। 1960 ਵਿਚ ਸੜਕ ਬਣਾਉਣ ਵਾਲੇ ਇਕ ਠੇਕੇਦਾਰ ਨੇ ਇਸ ਗੁਰਧਾਮ ਦੀ ਦੁਬਾਰਾ ਸਾਰ ਲਈ ਅਤੇ ਇਸ ਦੇ ਦੁਆਲੇ ਕੰਧ ਦੀ ਉਸਾਰੀ ਕਰ ਦਿੱਤੀ। ਇਸ ਤੋਂ ਬਾਅਦ ਨਵੇਂ ਮਾਲਦਾ ਨਗਰ ਵਿਖੇ *ਗੁਰਦੁਆਰਾ ਸਿੰਘ ਸਭਾ* ਦੀ ਉਸਾਰੀ ਕਰਨ ਵਾਲੇ ਗੁਰਸਿੱਖਾਂ ਨੇ ਪੁਰਾਤਨ ਗੁਰਧਾਮ ਦੀ ਵੀ ਸੇਵਾ ਕਰਵਾ ਦਿੱਤੀ। ਇਸ ਦਾ ਨਾਂ *ਸ੍ਰੀ ਪ੍ਰਯਾਗ ਸਾਹਿਬ* ਰੱਖਿਆ ਗਿਆ।[3]

ਕਲਕੱਤਾ : ਭਾਰਤ ਦੇ ਉੱਤਰ-ਪੂਰਬ ਵਿਚ ਸਥਿਤ ਇਹ ਨਗਰ ਇਕ ਪ੍ਰਮੁੱਖ ਵਪਾਰਕ ਕੇਂਦਰ ਹੈ। ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਨੂੰ ਕਾਲੇ ਪਾਣੀ ਦੀ ਸਜ਼ਾ ਹੋ ਜਾਂਦੀ ਤਾਂ ਇਸੇ ਨਗਰ ਵਿਚੋਂ ਸਮੁੰਦਰੀ ਜਹਾਜ਼ ਰਾਹੀਂ ਕੈਦੀਆਂ ਨੂੰ ਅੰਡੇਮਾਨ ਪਹੁੰਚਾਇਆ ਜਾਂਦਾ ਸੀ। ਇਸੇ ਨਗਰ ਵਿਖੇ ਹੀ ਕਾਮਾਗਾਟਾਮਾਰੂ ਜਹਾਜ਼ ਦੇ ਸ਼ਹੀਦਾਂ ਦੀ ਯਾਦਗਾਰ ਮੌਜੂਦ ਹੈ। ਇਸ ਨਗਰ ਨੂੰ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਹੈ ਜਿਨ੍ਹਾਂ ਦੀ ਯਾਦ ਵਿਚ ਇੱਥੇ ਮਹਾਤਮਾ ਗਾਂਧੀ ਰੋਡ 'ਤੇ ਬੜਾ ਬਜ਼ਾਰ ਵਿਖੇ *ਗੁਰਦੁਆਰਾ ਬੜਾ ਸਿੱਖ ਸੰਗਤ* ਮੌਜੂਦ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ 1510 ਵਿਚ ਗੁਰੂ ਨਾਨਕ ਦੇਵ ਜੀ ਇਸ ਅਸਥਾਨ 'ਤੇ ਆਏ ਸਨ। ਇਹਨਾਂ ਤੋਂ ਬਾਅਦ ਅਸਾਮ ਦੀ ਯਾਤਰਾ ਤੋਂ ਵਾਪਸ ਆਉਂਦੇ ਹੋਏ ਗੁਰੂ ਤੇਗ ਬਹਾਦਰ ਜੀ ਨੇ ਇਸ ਅਸਥਾਨ 'ਤੇ ਚਰਨ ਪਾਏ ਸਨ। ਮੌਜੂਦਾ ਸਮੇਂ ਵਿਚ ਇਹ ਗੁਰਧਾਮ ਸੱਤ ਮੰਜ਼ਲਾਂ ਇਮਾਰਤ ਵਿਚ ਸਥਿਤ ਹੈ। ਲੰਗਰ, ਰਿਹਾਇਸ਼ ਦਾ ਪ੍ਰਬੰਧ ਹੈ ਅਤੇ ਇਸ ਦੀ ਸੇਵਾ-ਸੰਭਾਲ ਸਥਾਨਿਕ ਕਮੇਟੀ ਵੱਲੋਂ ਕੀਤੀ ਜਾ ਰਹੀ ਹੈ।

(ਅਸਾਮ)

ਭਾਰਤ ਦੇ ਪੂਰਬ ਵਿਚ ਸਥਿਤ ਅਸਾਮ ਪ੍ਰਦੇਸ਼ ਵਿਖੇ *ਗੁਰਦੁਆਰਾ ਧੂਬੜੀ ਸਾਹਿਬ* ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਵਜੋਂ ਪ੍ਰਸਿੱਧ ਇਸ ਗੁਰਧਾਮ ਦੇ ਕੰਪਲੈਕਸ ਵਿਖੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ *ਗੁਰਦੁਆਰਾ ਦਮਦਮਾ ਸਾਹਿਬ* ਵੀ ਸੁਸ਼ੋਭਿਤ ਹੈ। ਜੈਪੁਰ ਰਿਆਸਤ ਦੇ ਰਾਜਾ ਰਾਮ ਸਿੰਘ ਨੂੰ ਬਾਦਸ਼ਾਹ ਔਰੰਗਜ਼ੇਬ ਵੱਲੋਂ ਅਸਾਮ ਦੀ ਮੁਹਿੰਮ 'ਤੇ ਭੇਜਿਆ ਗਿਆ ਸੀ। ਇਹ ਅਜਿਹਾ ਇਲਾਕਾ ਸੀ ਜਿੱਥੇ ਜਾਦੂਗਰਾਂ ਦਾ ਵੱਡੇ ਪੱਧਰ 'ਤੇ ਪ੍ਰਭਾਵ ਮੰਨਿਆ ਜਾਂਦਾ ਸੀ। ਆਮ ਲੋਕਾਂ ਦੀ ਆਪਣੇ ਰਾਜੇ ਪ੍ਰਤੀ ਪੂਰਨ ਤੌਰ 'ਤੇ ਨਿਸ਼ਠਾ ਕਾਇਮ ਸੀ ਜਿਸ ਕਰਕੇ ਇਸ ਇਲਾਕੇ ਨੂੰ ਜਿੱਤਣਾ ਮੁਸ਼ਕਲ ਸੀ।

---

1. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 12, ਅੰਸੂ 4.16
2. ਪੰਡਿਤ ਤਾਰਾ ਸਿੰਘ ਨਰੋਤਮ, *ਗੁਰ ਤੀਰਥ ਸੰਗ੍ਰਹਿ,* ਪੰਨਾ 120.
3. Gurmukh Singh, *Historical Sikh Shrines,* p. 336.

ਔਰੰਗਜ਼ੇਬ ਦਾ ਬੰਗਾਲ 'ਤੇ ਰਾਜ ਕਾਇਮ ਸੀ। ਬਾਦਸ਼ਾਹ ਬੰਗਾਲ ਤੋਂ ਅੱਗੇ ਅਸਾਮ ਦੇ ਰਾਜੇ ਦੀ ਈਨ ਮੰਨਵਾ ਕੇ ਇਕ ਪਾਸੇ ਚੀਨ ਆਦਿ ਦੇਸ਼ਾਂ ਨਾਲ ਵਪਾਰ ਦਾ ਰਸਤਾ ਖੋਲ੍ਹਣਾ ਚਾਹੁੰਦਾ ਸੀ ਅਤੇ ਦੂਜੇ ਪਾਸੇ ਅਸਾਮ ਵਿਚ ਮੌਜੂਦ ਬੇਸ਼ਕੀਮਤੀ ਵਸਤਾਂ 'ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਇਹਨਾਂ ਵਸਤਾਂ ਵਿਚੋਂ ਹਾਥੀ ਸਭ ਤੋਂ ਵਧੇਰੇ ਖਿੱਚ ਦਾ ਕੇਂਦਰ ਸਨ ਜਿਹੜੇ ਲੜਾਈ ਲਈ ਵੀ ਵਰਤੇ ਜਾਂਦੇ ਸਨ ਅਤੇ ਇਹਨਾਂ ਦੇ ਦੰਦ ਸ਼ਾਹੀ ਦਰਬਾਰ ਦੀ ਸ਼ਾਨ ਵਿਚ ਵਾਧਾ ਕਰਦੇ ਸਨ। ਅਨੇਕਾਂ ਯਤਨਾਂ ਦੇ ਬਾਵਜੂਦ ਵੀ ਬਾਦਸ਼ਾਹ ਦੁਆਰਾ ਭੇਜੇ ਗਏ ਜਰਨੈਲਾਂ ਨੂੰ ਬਹੁਤੀ ਸਫਲਤਾ ਪ੍ਰਾਪਤ ਨਹੀਂ ਹੋ ਸਕੀ ਸੀ। ਬੰਗਾਲ ਦਾ ਨਵਾਬ ਮੀਰ ਜੁਮਲਾ 1662 ਦੇ ਅਖ਼ੀਰ ਵਿਚ ਅਸਾਮ ਵਿਖੇ ਸਫਲਤਾ ਪ੍ਰਾਪਤ ਕਰਨ ਵਿਚ ਸਫਲ ਹੋ ਗਿਆ ਸੀ। ਐਸ. ਕੇ ਭੂਯਨ ਦੱਸਦਾ ਹੈ ਕਿ ਜਨਵਰੀ 1663 ਵਿਚ ਮੁਗ਼ਲ ਜਰਨੈਲ ਮੀਰ ਜੁਮਲਾ ਅਹੋਮ ਸ਼ਾਸਕ ਜੈਧਵਜ ਸਿੰਘ ਨੂੰ ਦਬਾਉਣ ਵਿਚ ਪੂਰੀ ਤਰ੍ਹਾਂ ਨਾਲ ਕਾਮਯਾਬ ਹੋ ਗਿਆ ਸੀ ਜਿਸ ਦੇ ਸਿੱਟੇ ਵਜੋਂ ਅਹੋਮ ਸ਼ਾਸਕ ਨੂੰ ਉਸ ਨਾਲ ਸੰਧੀ ਕਰਨ ਲਈ ਮਜਬੂਰ ਹੋਣਾ ਪਿਆ ਸੀ। ਇਸ ਸੰਧੀ ਦੇ ਸਿੱਟੇ ਵਜੋਂ ਗੁਹਾਟੀ ਅਤੇ ਕਮਾਰੂਪ ਅਹੋਮ ਰਾਜੇ ਦੇ ਹੱਥੋਂ ਚਲਾ ਗਿਆ ਸੀ, ਯੁੱਧ ਦੇ ਮੁਆਵਜ਼ੇ ਵਜੋਂ ਭਾਰੀ ਨਕਦੀ ਅਤੇ ਹਾਥੀ ਦਿੱਤੇ ਗਏ ਸਨ ਅਤੇ ਉਸਨੇ ਆਪਣੀ ਇਕਲੌਤੀ ਰਾਜਕੁਮਾਰੀ ਰਮਣੀ ਗਭਰੂ ਨੂੰ ਮੀਰ ਜੁਮਲਾ ਦੇ ਹਵਾਲੇ ਕਰ ਦਿੱਤਾ ਸੀ। ਦੂਜੇ ਪਾਸੇ ਇਸ ਪ੍ਰਾਪਤੀ ਲਈ ਮੀਰ ਜੁਮਲਾ ਨੂੰ ਮੁਗ਼ਲ ਦਰਬਾਰ ਵੱਲੋਂ ਭਾਰੀ ਪ੍ਰਸੰਸਾ ਪ੍ਰਾਪਤ ਹੋਈ ਸੀ।[1]

ਮੁਗ਼ਲ ਦਰਬਾਰ ਨੇ ਅਹੋਮ ਦੇ ਰਾਜੇ ਜੈਧਵਜ ਸਿੰਘ ਨੂੰ ਆਪਣੇ ਅਧੀਨ ਕਰਕੇ ਸ਼ਾਹੀ ਦਰਬਾਰ ਦੀ ਖ਼ੁਸ਼ੀ ਪ੍ਰਾਪਤ ਕਰ ਲਈ ਸੀ ਜਿਹੜੀ ਕਿ ਬਹੁਤਾ ਸਮਾਂ ਕਾਇਮ ਨਾ ਰਹਿ ਸਕੀ। ਸੰਧੀ ਵਾਲੇ ਸਾਲ, 1663, ਵਿਚ ਹੀ ਰਾਜਾ ਜੈਧਵਜ ਸਿੰਘ ਅਤੇ ਮੀਰ ਜੁਮਲਾ ਦਾ ਦੇਹਾਂਤ ਹੋ ਗਿਆ ਸੀ। ਜੈਧਵਜ ਸਿੰਘ ਦੀ ਥਾਂ ਚਕ੍ਰਧਵਜ ਸਿੰਘ ਅਸਾਮ ਦਾ ਰਾਜਾ ਬਣਿਆ ਅਤੇ ਮੀਰ ਜੁਮਲਾ ਤੋਂ ਬਾਅਦ ਸ਼ਾਇਸਤਾ ਖ਼ਾਨ ਬੰਗਾਲ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ। ਰਾਜਾ ਚਕ੍ਰਧਵਜ ਸਿੰਘ ਨੇ ਮੁਗ਼ਲ ਦਰਬਾਰ ਦੀ ਅਧੀਨਗੀ ਪ੍ਰਵਾਨ ਕਰਨ ਨਾਲੋਂ ਮੌਤ ਨੂੰ ਪਹਿਲ ਦੇਣ ਦਾ ਐਲਾਨ ਕਰ ਦਿੱਤਾ। ਮੁਗ਼ਲ ਹਮਲਾਵਰਾਂ ਦਾ ਮੁਕਾਬਲਾ ਕਰਨ ਲਈ ਇਸਨੇ ਆਪਣੇ ਕਿਲ੍ਹੇ ਅਤੇ ਫ਼ੌਜਾਂ ਨੂੰ ਮਜ਼ਬੂਤ ਕਰਨ ਦਾ ਕਾਰਜ ਅਰੰਭ ਕਰਨ ਦੇ ਨਾਲ-ਨਾਲ ਲਚਿਤ ਬੁਰਫਕਨ ਅਧੀਨ ਸਮੁੰਦਰੀ ਫ਼ੌਜ ਦਾ ਗਠਨ ਕੀਤਾ। ਪਿਛੋਕੜ ਵਿਚ ਮੁਗ਼ਲਾਂ ਨੇ ਇਹਨਾਂ ਦੇ ਜਿਹੜੇ ਇਲਾਕੇ ਜਿੱਤੇ ਸਨ ਉਹਨਾਂ 'ਤੇ ਦੁਬਾਰਾ ਕਬਜ਼ਾ ਕਰ ਲਿਆ ਗਿਆ। ਨਵੰਬਰ 1667 ਵਿਚ ਅਹੋਮ ਦੇ ਰਾਜਾ ਚਕ੍ਰਧਵਜ ਸਿੰਘ ਨੇ ਗੁਹਾਟੀ 'ਤੇ ਦੁਬਾਰਾ ਕਬਜ਼ਾ ਕਰਕੇ ਆਪਣੇ ਰਾਜ ਦੀਆਂ ਹੱਦਾਂ ਵਧਾ ਲਈਆਂ ਤਾਂ ਇਸ ਦੀ ਗੂੰਜ ਦਿੱਲੀ ਵਿਖੇ ਬਾਦਸ਼ਾਹ ਔਰੰਗਜ਼ੇਬ ਦੇ ਦਰਬਾਰ ਵਿਚ ਪਈ। ਬਾਦਸ਼ਾਹ ਨੇ ਅਸਾਮ ਵਿਚ ਮੁਗ਼ਲ ਦਰਬਾਰ ਦੀ ਸਰਦਾਰੀ ਕਾਇਮ ਕਰਨ ਲਈ ਯਤਨ ਅਰੰਭ ਕਰ ਦਿੱਤੇ ਅਤੇ ਇਕ ਵਿਸ਼ੇਸ਼ ਮੁਹਿੰਮ ਦਿੱਲੀ ਤੋਂ ਅਸਾਮ ਵੱਲ ਭੇਜੀ ਗਈ ਜਿਸ ਦੀ ਅਗਵਾਈ ਜੈਪੁਰ ਦੇ ਰਾਜਾ ਰਾਮ ਸਿੰਘ ਨੂੰ ਸੌਂਪੀ ਗਈ ਸੀ।

ਦਸੰਬਰ 1667 ਵਿਚ ਬਾਦਸ਼ਾਹ ਔਰੰਗਜ਼ੇਬ ਨੇ ਇਸ ਕਾਰਜ ਲਈ ਰਾਜਾ ਰਾਮ ਸਿੰਘ ਨੂੰ ਚੁਣਿਆ। ਇਸੇ ਸਾਲ ਹੀ ਇਸਨੂੰ ਆਪਣੇ ਪਿਤਾ ਰਾਜਾ ਜੈ ਸਿੰਘ ਦੇ ਦੇਹਾਂਤ ਉਪਰੰਤ 'ਕੁੰਵਰ' ਤੋਂ 'ਰਾਜੇ' ਦੀ ਉਪਾਧੀ ਹਾਸਲ ਹੋਈ ਸੀ। ਅਸਾਮ ਦੀ ਮੁਹਿੰਮ 'ਤੇ ਜਾਣ ਦੀ ਵੱਡੀ ਚਿੰਤਾ ਇਹ ਸੀ ਕਿ ਉੱਥੋਂ ਦੇ ਜਾਦੂਗਰ ਕਿਸੇ ਵੀ ਮੁਹਿੰਮ ਨੂੰ ਅਸਫਲ ਬਣਾ ਦਿੰਦੇ ਸਨ ਅਤੇ ਆਪਣੀਆਂ ਸ਼ਕਤੀਆਂ ਨਾਲ ਹਮਲਾਵਰ ਨੂੰ ਨੁਕਸਾਨ ਪਹੁੰਚਾ ਦਿੰਦੇ ਸਨ। ਰਾਜਾ ਰਾਮ ਸਿੰਘ ਦੀ ਇਸੇ ਚਿੰਤਾ ਨੂੰ ਦੂਰ ਕਰਦੇ ਹੋਏ ਇਸਦੀ ਮਾਤਾ ਨੇ ਇਸਨੂੰ ਗੁਰੂ ਤੇਗ ਬਹਾਦਰ ਜੀ ਨੂੰ ਨਾਲ ਲੈ ਕੇ ਜਾਣ ਦਾ ਸੁਝਾਅ ਦਿੱਤਾ ਸੀ। ਢਾਕਾ ਵਿਖੇ ਇਸਨੇ ਗੁਰੂ ਜੀ ਦੇ ਦਰਸ਼ਨ ਕੀਤੇ ਸਨ ਅਤੇ ਉਹਨਾਂ ਨੂੰ ਅਸਾਮ ਦੀ ਮੁਹਿੰਮ 'ਤੇ ਨਾਲ ਚੱਲਣ

1. *Padshah Buranji,* translated by S.K. Bhuyan under the title, *Annals of the Delhi Badshahate,* p. 25.

ਦੀ ਬੇਨਤੀ ਕੀਤੀ ਸੀ। 1668 ਦੇ ਅਖ਼ੀਰ ਵਿਚ ਢਾਕਾ ਤੋਂ ਚੱਲ ਕੇ 1669 ਵਿਚ ਅਸਾਮ ਦੇ ਰੰਗਾਮਾਟੀ ਵਿਖੇ ਪਹੁੰਚਣ ਸਮੇਂ ਗੁਰੂ ਜੀ ਰਾਜਾ ਰਾਮ ਸਿੰਘ ਦੇ ਨਾਲ ਸਨ।

ਰਾਜਾ ਰਾਮ ਸਿੰਘ ਦੀ ਫ਼ੌਜ ਨੇ ਬ੍ਰਹਮਪੁੱਤਰ ਨਦੀ ਦੇ ਸੁੱਕੇ ਤਲ 'ਤੇ ਆਪਣੀ ਛਾਉਣੀ ਬਣਾ ਲਈ ਸੀ। ਮੈਕਾਲਿਫ਼ ਦੱਸਦਾ ਹੈ ਕਿ ਗੁਰੂ ਜੀ ਨੇ ਕਿਸੇ ਵੱਡੀ ਆਫ਼ਤ ਦੇ ਆਉਣ ਦੀ ਅੰਦੇਸ਼ੇ ਦੇ ਮੱਦੇਨਜ਼ਰ ਰਾਜੇ ਨੂੰ ਕਿਹਾ ਕਿ ਉਹ ਆਪਣੀ ਛਾਉਣੀ ਕਿਸੇ ਉੱਚੇ ਸਥਾਨ 'ਤੇ ਲੈ ਜਾਵੇ। ਰਾਜਾ ਰਾਮ ਸਿੰਘ ਦੀ ਫ਼ੌਜ ਵਿਚ ਗੁਰੂ ਸਾਹਿਬ ਦੇ ਸ਼ਰਧਾਲੂਆਂ ਨੇ ਉਹਨਾਂ ਦੇ ਬਚਨ ਦੀ ਪਾਲਣਾ ਕੀਤੀ ਪਰ ਬਹੁਤ ਸਾਰੇ ਮੁਸਲਮਾਨ ਫ਼ੌਜੀਆਂ ਨੇ ਗੁਰੂ ਜੀ ਦੇ ਅੰਦੇਸ਼ੇ 'ਤੇ ਕੋਈ ਵਿਸ਼ਵਾਸ ਨਾ ਕੀਤਾ। ਕੁੱਝ ਦਿਨਾਂ ਬਾਅਦ ਰਾਜਾ ਚਕ੍ਰਧਵਜ ਦੁਆਰਾ ਤਿਆਰ ਕੀਤੀ ਸਮੁੰਦਰੀ ਫ਼ੌਜ ਨੇ ਬ੍ਰਹਮਪੁੱਤਰ ਨਦੀ ਵਿਚੋਂ ਨਿਕਲਣ ਵਾਲੀ ਸਹਾਇਕ ਨਦੀ 'ਤੇ ਬੰਨ੍ਹ ਮਾਰ ਕੇ ਇਸ ਦਾ ਪਾਣੀ ਬ੍ਰਹਮਪੁੱਤਰ ਵੱਲ ਮੋੜ ਦਿੱਤਾ। ਜ਼ਿਆਦਾ ਪਾਣੀ ਆਉਣ ਨਾਲ ਰਾਜਾ ਰਾਮ ਸਿੰਘ ਦੀ ਫ਼ੌਜ ਦਾ ਭਾਰੀ ਨੁਕਸਾਨ ਹੋਇਆ।[1]

ਇੱਥੋਂ ਕੁੱਝ ਕਿਲੋਮੀਟਰ ਦੀ ਦੂਰੀ 'ਤੇ ਗੁਰੂ ਨਾਨਕ ਦੇਵ ਜੀ ਦਾ ਚਰਨ ਛੋਹ ਪ੍ਰਾਪਤ ਅਸਥਾਨ ਸੀ ਜਿੱਥੇ ਗੁਰੂ ਤੇਗ ਬਹਾਦਰ ਜੀ ਨੇ ਨਿਵਾਸ ਕੀਤਾ ਸੀ। ਉਸ ਸਮੇਂ ਇਸ ਇਲਾਕੇ ਦੀ ਪ੍ਰਸਿੱਧ ਜਾਦੂਗਰਨੀ ਨੇਤਈ (ਨੇਤਾ) ਧੋਬਣ ਸੀ ਜਿਸ ਕੋਲ ਲੋਕ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਾਉਣ ਲਈ ਆਉਂਦੇ ਸਨ। ਮੌਜੂਦਾ ਸਮੇਂ ਵਿਚ ਵੀ ਬ੍ਰਹਮਪੁੱਤਰ ਨਦੀ ਦੇ ਕੰਢੇ ਨੇਤਈ ਧੋਬਣ ਅਤੇ ਇਕ ਸਤੀ ਬੇਹੁਲਾ ਦਾ ਬੁੱਤ ਲੱਗਾ ਹੋਇਆ ਹੈ ਜਿਸ ਵਿਚ ਦਰਸਾਇਆ ਗਿਆ ਹੈ ਕਿ ਬੇਹੁਲਾ ਨਾਂ ਦੀ ਇਸਤਰੀ ਆਪਣੇ ਮਰ ਚੁੱਕੇ ਪਤੀ ਲਖਿੰਦਰ ਨੂੰ ਨੇਤਈ ਧੋਬਣ ਕੋਲੋਂ ਦੁਬਾਰਾ ਜਿਉਂਦਾ ਕਰਵਾਉਣ ਲਈ ਲੈ ਕੇ ਆਈ ਸੀ।

ਇਸ ਇਲਾਕੇ ਦੀ ਇਸ ਪ੍ਰਸਿੱਧ ਜਾਦੂਗਰਨੀ ਨੇ ਆਪਣੇ ਦੇਸ਼ ਕਾਮਰੂਪ ਦੇ ਰਾਜਾ ਚਕ੍ਰਧਵਜ ਸਿੰਘ ਪ੍ਰਤੀ ਨਿਸ਼ਠਾ ਪ੍ਰਗਟ ਕਰਦੇ ਹੋਏ ਮੁਗ਼ਲ ਬਾਦਸ਼ਾਹ ਵੱਲੋਂ ਭੇਜੀ ਗਈ ਫ਼ੌਜ ਦੇ ਜਰਨੈਲ ਰਾਜਾ ਰਾਮ ਸਿੰਘ ਨਾਲ ਆਏ ਗੁਰੂ ਤੇਗ ਬਹਾਦਰ ਜੀ 'ਤੇ ਹਮਲਾ ਕਰ ਦਿੱਤਾ ਸੀ। ਇਸ ਦੁਆਰਾ ਹਮਲੇ ਵਿਚ ਵਰਤਿਆ ਗਿਆ ਇਕ ਪਿੱਪਲ ਦਾ ਰੁੱਖ ਅਤੇ ਇਕ ਵੱਡਾ ਪੱਥਰ ਹਾਲੇ ਵੀ ਇੱਥੇ ਮੌਜੂਦ ਹੈ। ਪੱਥਰ ਗੁਰੂ ਜੀ ਤੋਂ ਕੁੱਝ ਦੂਰੀ 'ਤੇ ਡਿੱਗਿਆ ਸੀ ਅਤੇ ਇਸ ਦਾ ਵੱਡਾ ਹਿੱਸਾ ਧਰਤੀ ਦੇ ਵਿਚ ਧੱਸਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਅੰਗਰੇਜ਼ਾਂ ਨੇ ਸੜਕ ਬਣਾਉਣ ਲਈ ਇਸਨੂੰ ਹਟਾਉਣ ਦਾ ਯਤਨ ਕੀਤਾ ਸੀ ਪਰ ਸਫ਼ਲਤਾ ਨਹੀਂ ਮਿਲੀ। ਗੁਰਦੁਆਰਾ ਸਾਹਿਬ ਤੋਂ ਬਾਹਰਵਾਰ ਸੜਕ ਰਾਹੀਂ ਬ੍ਰਹਮਪੁੱਤਰ ਨਦੀ ਦੇ ਕੰਢੇ ਇਸ ਪੱਥਰ ਦੇ ਦਰਸ਼ਨ ਕਰਨ ਲਈ ਸੰਗਤ ਜਾਂਦੀ ਹੈ।

ਪਿੱਪਲ ਦਾ ਰੁੱਖ *ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ* ਦੇ ਦਰਬਾਰ ਹਾਲ ਅਤੇ *ਗੁਰਦੁਆਰਾ ਦਮਦਮਾ ਸਾਹਿਬ* ਦੇ ਵਿਚਕਾਰ ਧਰਤੀ ਤੋਂ ਲਗ-ਪਗ 25-30 ਫੁੱਟ ਉੱਚਾ ਹੈ। ਕਿਹਾ ਜਾਂਦਾ ਹੈ ਕਿ ਨੇਤਈ ਧੋਬਣ ਨੇ ਜਦੋਂ ਇਹ ਰੁੱਖ ਗੁਰੂ ਜੀ 'ਤੇ ਸੁੱਟਿਆ ਸੀ ਤਾਂ ਇਹ ਧਰਤੀ ਤੋਂ ਕੁੱਝ ਉੱਚਾ ਹੀ ਰਹਿ ਗਿਆ ਸੀ। ਗੁਰੂ ਤੇਗ ਬਹਾਦਰ ਜੀ ਨੇ ਜਦੋਂ ਰਾਜਾ ਰਾਮ ਸਿੰਘ ਅਤੇ ਅਸਾਮ ਦੇ ਰਾਜੇ ਵਿਚਕਾਰ ਸੁਲਾਹ ਕਰਵਾ ਕੇ ਇਲਾਕੇ ਵਿਚ ਸ਼ਾਂਤੀ ਸਥਾਪਿਤ ਕੀਤੀ ਤਾਂ ਉਹਨਾਂ ਦੇ ਆਦੇਸ਼ 'ਤੇ ਰਾਜਾ ਰਾਮ ਸਿੰਘ ਦੀ ਫ਼ੌਜ ਦੇ ਸਿਪਾਹੀਆਂ ਨੇ ਪੰਜ-ਪੰਜ ਮਿੱਟੀ ਦੀਆਂ ਢਾਲਾਂ ਇਸ ਅਸਥਾਨ 'ਤੇ ਪਾਈਆਂ ਸਨ। ਇਸ ਤਰ੍ਹਾਂ ਨਾਲ ਆਰਜ਼ੀ ਤੌਰ 'ਤੇ ਉਸਾਰੀ ਗਈ ਇਹ ਪਹਾੜੀ ਸ਼ਾਂਤੀ ਦਾ ਪ੍ਰਤੀਕ ਮੰਨੀ ਜਾਂਦੀ ਹੈ। ਇਸਦੀ ਉਸਾਰੀ ਨਾਲ ਪਿੱਪਲ ਦੇ ਰੁੱਖ ਦੀਆਂ ਜੜ੍ਹਾਂ ਮਿੱਟੀ ਵਿਚ ਆਉਣ ਦੇ ਨਾਲ-ਨਾਲ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਦੀ ਸ਼ੋਭਾ ਕਾਇਮ ਹੋ ਗਈ ਸੀ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਅੰਗਰੇਜ਼ ਅਫ਼ਸਰ ਬੀ.ਸੀ. ਐਲਨ ਲਿਖਦਾ ਹੈ:

1. Max Arthur Macauliffe, *The Sikh Relgion: Its Gurus, Sacred Writings and Authors,* vol. iv, p. 354.

The hillock at Dhubri is said to have been artificially constructed in 1665 A. D., by he Mughal army, under the orders of Guru Tez (Teg) Bahadur, the famous Sikh.[1]

ਗੁਰੂ ਤੇਗ ਬਹਾਦਰ ਜੀ ਨੂੰ ਡਰਾਉਣ ਜਾਂ ਨੁਕਸਾਨ ਪਹੁੰਚਾਉਣ ਦੇ ਜਦੋਂ ਸਾਰੇ ਹੀਲੇ ਫੇਲ ਹੋ ਗਏ ਤਾਂ ਨੇਤਈ ਧੋਬਣ ਨੇ ਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਆਪਣੇ ਕੀਤੇ ਦੀ ਮਾਫ਼ੀ ਮੰਗੀ। ਗੁਰੂ ਜੀ ਨੇ ਉਸਨੂੰ ਮਾਫ਼ ਕਰਦੇ ਹੋਏ ਬਚਨ ਕੀਤਾ ਕਿ ਉਹ ਆਪਣੀਆਂ ਸ਼ਕਤੀਆਂ ਨੂੰ ਪਰਉਪਕਾਰ ਦੇ ਕਾਰਜਾਂ ਹਿਤ ਵਰਤੇ। ਇਸ ਧੋਬਣ ਤੋਂ ਇਸ ਨਗਰ ਦਾ ਨਾਂ ਧੁਬੜੀ ਪ੍ਰਸਿੱਧ ਹੈ।

ਇਸ ਅਸਥਾਨ 'ਤੇ ਵਿਭਿੰਨ ਸੇਵਾਦਾਰ ਕਾਰਜਸ਼ੀਲ ਰਹੇ ਹਨ। ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ 1772 ਬਿ: (1715 ਈ.) ਵਿਚ ਇਹ ਗੁਰਦੁਆਰਾ ਸਯਾਮ ਸਿੰਘ ਪੰਜਾਬੀ ਸਿੱਖ ਨੇ ਪ੍ਰਗਟ ਕੀਤਾ ਸੀ।[2] ਇਸ ਗੁਰਦੁਆਰੇ ਦੇ ਪੁਰਾਤਨ ਹਾਲਾਤ ਬਹੁਤੇ ਪ੍ਰਗਟ ਨਹੀਂ ਹੋ ਸਕੇ ਪਰ ਅਖ਼ਬਾਰਾਂ ਅਤੇ ਹੋਰਨਾਂ ਦਸਤਾਵੇਜ਼ਾਂ ਦੀਆਂ ਸੂਚਨਾਵਾਂ ਤੋਂ ਪਤਾ ਲੱਗਦਾ ਹੈ ਕਿ 1897 ਵਿਚ ਇੱਥੇ ਭੁਚਾਲ ਆਇਆ[3] ਤਾਂ ਇਸਦੀ ਪੁਨਰ-ਉਸਾਰੀ ਕਰਨ ਲਈ ਬਹੁਤ ਯਤਨ ਕਰਨੇ ਪਏ ਸਨ। ਇਸ ਦਾ ਵੱਡਾ ਕਾਰਨ ਇਹ ਸੀ ਕਿ ਇੱਥੇ ਕੋਈ ਸਿੱਖ ਅਬਾਦੀ ਨਹੀਂ ਸੀ ਅਤੇ ਮਾਇਆ ਦਾ ਪ੍ਰਬੰਧ ਨਾ ਹੋਣ ਕਰਕੇ ਇਸਦੀ ਸੇਵਾ-ਸੰਭਾਲ ਵਿਚ ਭਾਰੀ ਮੁਸ਼ਕਲ ਆਉਂਦੀ ਸੀ।

ਉਨ੍ਹੀਵੀਂ ਸਦੀ ਦੇ ਅਖ਼ੀਰ ਅਤੇ ਵੀਹਵੀਂ ਸਦੀ ਦੇ ਅਰੰਭ ਵਿਚ ਇੱਥੇ ਭਾਈ ਰਾਮ ਸਿੰਘ ਪੁਜਾਰੀ ਦੀ ਸੇਵਾ ਕਰਦੇ ਸਨ ਉਹਨਾਂ ਨੇ ਇਸ ਅਸਥਾਨ ਦੀ ਸੇਵਾ ਸੰਭਾਲ ਲਈ ਸਮੁੱਚੇ ਸਿੱਖ ਜਗਤ ਨੂੰ ਅਪੀਲ ਕਰਦੇ ਹੋਏ ਕਿਹਾ ਗਿਆ:

ਇਸ ਦੇਸ ਮੇਂ ਕੋਈ ਸਿਖੀ ਸੇਵਕੀ ਨਹੀਂ ਗੈਰ ਕੌਮ ਕੇ ਬੀਚ ਗੁਰਦੁਆਰਾ ਹੈ ਔਰ ਗੈਰ ਕੌਮ ਗੁਰਦੁਆਰੇ ਕੀ ਸੇਵਾ ਟਹਿਲ ਕੋਈ ਨਹੀਂ ਕਰਦਾ ਅਰ ਗੁਰਦੁਆਰੇ ਕਾ ਮੰਦਰ ਭੂਕੰਮ ਸੇ ਗਿਰ ਗਿਆ ਹੈ। ਗਿਰ ਗਏ ਕੋ 5, 6 ਬਰਸ ਹੋਏ ਹੈ ਬਹੁਤ ਜਤਨ ਕੀਯਾ ਹੈ ਪਰ ਕੋਈ 4, 5 ਬਰਸ ਪੇਸ਼ ਨਹੀਂ ਗਈ ਅਬੀ ਸੰਮਤ 1958 (1901 ਈ.) ਮੇਂ ਏਕ ਛੋਟਾ ਸਾ ਮੰਦਰ ਤਿਯਾਰੀ ਕੀਯਾ ਹੈ ਔਰ ਬਰਾਂਡਾ ਬਾਕੀ ਹੈ। ਚਾਰ ਚੁਫੇਰੇ ਔਰ ਜਿਤਨੀ ਹਮਾਰੇ ਮੇਂ ਤਫੀਕ ਥਾ ਹਮਨੇ ਬੜੇ ਜੋਰ ਲਗਾ ਕੇ ਇਹ ਕੀਆ ਹੈ... ਇਸ ਗੁਰਦੁਆਰੇ ਕੋ ਕੋਈ ਜਗੀਰ ਭਾਟੀ ਨਹੀਂ ਆਏ ਗਏ ਸਾਧੂ ਸਿੰਘ ਬਿਹੰਗਮ ਕਾ ਟਹਿਲਾ ਭੀ ਕਰਨੇ ਕੋ ਬੜੀ ਮੁਸ਼ਕਲ ਮੇਂ ਪੜ ਜਾਈਦਾ ਹੈ। ਇਸਤੇ ਆਪ ਕ੍ਰਿਪਾ ਕਰਕੇ ਜੈਸੇ ਹੋਏ ਤੈਸੇ ਟਹਿਲਾ ਕਰਵਾਉਣਾ ਉਚਿਤ ਹੈ।[4]

ਉਨ੍ਹੀਵੀਂ-ਵੀਹਵੀਂ ਸਦੀ ਦੌਰਾਨ ਭਾਈ ਜੈ ਸਿੰਘ ਇਸ ਗੁਰਦੁਆਰਾ ਸਾਹਿਬ ਦੇ ਮਹੰਤ ਅਤੇ ਗ੍ਰੰਥੀ ਸਿੰਘ ਵਜੋਂ ਸੇਵਾ ਕਰਦਾ ਰਿਹਾ ਹੈ। ਇਹਨਾਂ ਨੂੰ ਗੁਰਦੁਆਰਾ ਦੀ ਸੇਵਾ-ਸੰਭਾਲ ਵਿਚ ਜਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਉਹ ਇਹਨਾਂ ਦੇ ਇਕ ਬਿਆਨ ਤੋਂ ਸਪਸ਼ਟ ਹੋ ਜਾਂਦੀਆਂ ਹਨ:

ਇੱਥੇ ਜਦ ਕਦੀ ਖ਼ਾਲਸੇ ਦਾ ਜੋੜ ਮੇਲ ਹੋ ਕੇ ਸ਼ਬਦ ਕੀਰਤਨ ਹੋਣ ਲਗਦਾ ਹੈ ਤਾਂ ਸਾਹਬ ਲੋਕ ਬੰਗਲਿਆਂ ਵਿਚ ਰਹਿਣ ਵਾਲੇ ਅਵਾਜਾਰ ਹੋ ਕੇ ਬੰਦ ਕਰ ਦੇਂਦੇ ਹਨ। ਇਹ ਗਲ ਬੜੀ ਅਯੋਗ ਹੈ, ਗ੍ਰੰਥੀ ਇਨ੍ਹਾਂ ਲੋਕਾਂ ਨਾਲ ਝਗੜ ਨਹੀਂ ਸਕਦਾ ਤਾਂ ਤੇ ਕਿਸੇ ਖ਼ਾਲਸਾ ਦੀਵਾਨ ਯਾ ਜਥੇ ਨੂੰ ਇਸ ਬਾਤ ਦਾ ਨੋਟਸ ਲੈ ਕੇ ਇੰਤਜਾਮ ਕਰਨਾ ਚਾਹੀਦਾ ਹੈ।[5]

1. B.C. Allen, *Assam District Gazetteers,* Vol. III, Goalpara, p. 30.
2. ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਪੰਨੇ 123.
3. B.C. Allen, *Assam District Gazetteers,* Vol. III, Goalpara, p. 30.
4. *ਖ਼ਾਲਸਾ ਸਮਾਚਾਰ,* 2 ਅਪ੍ਰੈਲ 1902, ਪੰਨਾ 7.
5. *ਉਹੀ,* 17 ਸਤੰਬਰ 1902, ਪੰਨਾ 9.

ਗੁਰਦੁਆਰਾ ਸਾਹਿਬ ਦੀ ਜ਼ਮੀਨ ਸੰਬੰਧੀ ਦੱਸਿਆ ਜਾਂਦਾ ਹੈ ਕਿ ਇਹ ਮੁਗ਼ਲ ਬਾਦਸ਼ਾਹ ਵੱਲੋਂ ਪ੍ਰਦਾਨ ਕੀਤੀ ਗਈ ਸੀ ਅਤੇ ਇਸ ਦਾ ਲਿਖਤੀ ਪਟਾ ਭਾਈ ਜੈ ਸਿੰਘ ਮਹੰਤ ਕੋਲ ਮੌਜੂਦ ਸੀ। ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਪੁਨਰ-ਉਸਾਰੀ ਲਈ ਮਾਇਆ ਇਕੱਤਰ ਕਰਨ ਲਈ ਇਹ ਅੰਮ੍ਰਿਤਸਰ ਆਏ ਸਨ ਅਤੇ ਇਸ ਨਗਰ ਦੇ ਆਸ-ਪਾਸ ਹੀ ਅਕਾਲ ਚਲਾਣਾ ਕਰ ਗਏ ਸਨ। ਇਹਨਾਂ ਕੋਲ ਮੁਗ਼ਲ ਬਾਦਸ਼ਾਹ ਦੁਆਰਾ ਦਿੱਤਾ ਹੋਇਆ ਫ਼ਰਮਾਨ ਮੌਜੂਦ ਸੀ ਪਰ ਉਹ ਦੁਬਾਰਾ ਪ੍ਰਾਪਤ ਨਹੀਂ ਹੋ ਸਕਿਆ। ਇਸ ਫ਼ਰਮਾਨ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਕਾਮਰੂਪ ਦੇ ਡਿਪਟੀ ਕਮਿਸ਼ਨਰ ਨੇ ਮੈਕਾਲਿਫ਼ ਸਾਹਿਬ ਨੂੰ ਇਕ ਚਿੱਠੀ ਲਿਖੀ ਸੀ। ਸਿੱਖ ਸੰਗਤ ਤੋਂ ਇਸ ਬਾਦਸ਼ਾਹੀ ਫ਼ਰਮਾਨ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਮੈਕਾਲਿਫ਼ ਸਾਹਿਬ ਨੇ ਇਸਦੀ ਇਕ ਕਾਪੀ ਖ਼ਾਲਸਾ ਸਮਾਚਾਰ ਨੂੰ ਭੇਜੀ ਜਿਹੜੀ ਕਿ ਪੰਜਾਬੀ ਵਿਚ ਅਨੁਵਾਦ ਕਰਕੇ ਪ੍ਰਕਾਸ਼ਿਤ ਕੀਤੀ ਗਈ:

ਭਾਈ ਜੈ ਸਿੰਘ ਜੀ ਮਹੰਤ ਧੂਬੜੀ ਗੁਰਦੁਆਰਾ ਅਸਾਮ ਦੇ ਪਾਸ ਇਕ ਮੁਗ਼ਲ ਬਾਦਸ਼ਾਹ ਦਾ ਦਿੱਤਾ ਫ਼ਰਮਾਨ ਸੀ ਜਿਸ ਵਿਚ ਉਹ ਜ਼ਮੀਨ ਪ੍ਰਦਾਨ ਕੀਤੀ ਗਈ ਸੀ ਜਿਸ ਪਰ ਗੁਰਦੁਆਰਾ ਹੈ। ਪਰੰਤੂ ਜਦ ਭਾਈ ਜੈ ਸਿੰਘ ਜੀ ਮੰਦਰ ਨੂੰ ਦੋਬਾਰਾ ਉਸਾਰਨ ਦੇ ਵਾਸਤੇ ਚੰਦਾ ਇਕਤ੍ਰ ਕਰਨ ਲਈ ਅੰਮ੍ਰਿਤਸਰ ਨੂੰ ਗਏ ਫ਼ਰਮਾਨ ਬੀ ਸਾਥ ਹੀ ਲੈਂਦੇ ਗਏ ਥੋੜਾ ਚਿਰ ਹੋਇਆ ਕਿ ਭਾਈ ਜੈ ਸਿੰਘ ਜੀ ਅੰਮ੍ਰਿਤਸਰ ਦੇ ਆਸ ਪਾਸ ਗੁਰ ਪੁਰ ਚਲਾਣਾ ਕਰ ਗਏ ਅਰ ਫ਼ਰਮਾਨ ਗੁੰਮ ਹੋ ਗਿਆ। ਆਪ ਕ੍ਰਿਪਾ ਪੂਰਬਕ ਮਹੰਤ ਹਰਿਮੰਦਰ ਤੋਂ ਇਹ ਦਰਿਆਫਤ ਕਰੋਂ ਕਿ ਉਨ੍ਹਾਂ ਨੂੰ ਭਾਈ ਜੈ ਸਿੰਘ ਅਰ ਫ਼ਰਮਾਨ ਦੀ ਬਾਬਤ ਕੁਛ ਮਾਲੂਮ ਹੈ ਯਾ ਨਹੀਂ ਕਿਉਂਕਿ ਫ਼ਰਮਾਨ ਧੂਬੜੀ ਦੇ ਸਿੱਖਾਂ ਵਾਸਤੇ ਸਨਦ ਹੈ।"[1]

ਇਸ ਚਿੱਠੀ ਦੇ ਪ੍ਰਕਾਸ਼ਿਤ ਹੋਣ ਤੋਂ ਬਾਅਦ ਵੀ ਇਸ ਫ਼ਰਮਾਨ ਸੰਬੰਧੀ ਕੋਈ ਜਾਣਕਾਰੀ ਪ੍ਰਾਪਤ ਨਾ ਹੋ ਸਕੀ ਅਤੇ ਇਹ ਮਹੱਤਵਪੂਰਨ ਦਸਤਾਵੇਜ਼ ਸਦਾ ਲਈ ਅਲੋਪ ਹੋ ਗਿਆ।

ਜੈ ਸਿੰਘ ਮਹੰਤ ਤੋਂ ਬਾਅਦ ਇਸ ਅਸਥਾਨ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਭਾਈ ਬਚਿੱਤਰ ਸਿੰਘ ਕੋਲ ਆਈ। ਪੰਜਾਬ ਤੋਂ ਇਹ ਇਸ ਅਸਥਾਨ 'ਤੇ ਆਏ ਸਨ ਅਤੇ ਬਹੁਤ ਜਦੋ-ਜਹਿਦ ਉਪਰੰਤ ਇਹਨਾਂ ਨੇ ਇਸ ਅਸਥਾਨ ਦੀ ਸ਼ੋਭਾ ਬਹਾਲ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਸੀ। 1920 ਵਿਚ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਇਹਨਾਂ ਨੇ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੇਣ ਦਾ ਫ਼ੈਸਲਾ ਕਰ ਲਿਆ ਸੀ ਜਿਸ ਕਰਕੇ ਇਸ ਗੁਰਦੁਆਰਾ ਸਾਹਿਬ ਨੂੰ ਪੰਜਾਬ ਦੀਆਂ ਕੁੱਝ ਰਿਆਸਤਾਂ ਵੱਲੋਂ ਜਿਹੜੀ ਥੋੜ੍ਹੀ ਬਹੁਤ ਸਹਾਇਤਾ ਮਿਲਦੀ ਸੀ, ਉਹ ਬੰਦ ਹੋ ਗਈ ਸੀ।[2] ਗੁਰਦੁਆਰਾ ਐਕਟ ਬਣਨ ਕਰਕੇ ਇਸ ਦਾ ਘੇਰਾ ਸੀਮਿਤ ਹੋ ਗਿਆ ਅਤੇ ਸ਼੍ਰੋਮਣੀ ਕਮੇਟੀ ਇਸ ਦਾ ਪ੍ਰਬੰਧ ਕਰਨ ਤੋਂ ਅਸਮਰੱਥ ਹੋ ਗਈ ਜਿਸ ਕਰਕੇ ਇਸਦੀ ਹਾਲਤ ਦਿਨੋ-ਦਿਨ ਨਿਘਾਰ ਵੱਲ ਜਾਂਦੀ ਰਹੀ।

ਭਾਈ ਬਚਿੱਤਰ ਸਿੰਘ ਕਿਸੇ ਵੀ ਹਾਲਤ ਵਿਚ ਇਸ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰਨ ਲਈ ਯਤਨਸ਼ੀਲ ਸਨ ਪਰ ਮਾਇਕ ਔਕੜਾਂ ਨੇ ਇਹਨਾਂ ਦੀ ਕੋਈ ਪੇਸ਼ ਨਾ ਜਾਣ ਦਿੱਤੀ। ਗੁਰੂ ਸਾਹਿਬ ਦੀ ਕਿਰਪਾ ਹੋਈ ਅਤੇ 1930 ਦੇ ਦੌਰਾਨ ਇਹਨਾਂ ਦੀ ਇਕ ਲੱਖ ਦੀ ਲਾਟਰੀ ਨਿਕਲ ਆਈ ਜਿਸ ਕਰਕੇ ਇਹ ਫਿਰ ਇਸ ਅਸਥਾਨ ਦੀ ਸੇਵਾ-ਸੰਭਾਲ ਲਈ ਯਤਨਸ਼ੀਲ ਹੋ ਗਏ ਸਨ। 9 ਮਾਰਚ 1931 ਨੂੰ ਭਾਈ ਧੰਨਾ ਸਿੰਘ ਇਸ ਅਸਥਾਨ 'ਤੇ ਆਏ ਤਾਂ ਉਸ ਸਮੇਂ ਭਾਈ ਬਚਿੱਤਰ ਸਿੰਘ ਗੁਰਦੁਆਰਾ ਸਾਹਿਬ ਦੇ ਮਹੰਤ ਅਤੇ ਗ੍ਰੰਥੀ ਸਿੰਘ ਵਜੋਂ ਸੇਵਾ ਨਿਭਾਅ ਰਹੇ ਸਨ। ਇਸ ਗੁਰਧਾਮ ਦੇ ਹਾਲਾਤ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਦੇ ਹਨ:

1. *ਖ਼ਾਲਸਾ ਸਮਾਚਾਰ,* 18 ਫਰਵਰੀ 1903, ਪੰਨਾ 1.

2. *ਰਾਮਗੜ੍ਹੀਆ ਗਜ਼ਟ,* 17 ਦਸੰਬਰ 1931, ਪੰਨਾ 7.

ਭੁਚਾਲਾਂ ਕਾਰਨ ਸ਼ਹਿਰ ਵਿਚ ਕੋਈ ਸਿੰਘ ਨਹੀਂ ਹੈ, ਸਿਵਾਏ ਭਾਈ ਬਚਿੱਤਰ ਸਿੰਘ ਦੇ। ਗੁਰਦੁਆਰੇ ਨੂੰ ਕੋਈ ਕਮਾਈ ਨਹੀਂ ਹੈ। ਏਹ ਸੇਵਾਦਾਰ ਮੰਗ-ਮੰਗ ਕੇ ਗੁਜ਼ਾਰਾ ਕਰਦਾ ਹੈ। ਜਦ ਬਹੁਤ ਤੰਗ ਹੋ ਗਿਆ ਖਰਚੇ ਕਨੀ ਤੋਂ ਤੇ ਗੁਰਦੁਆਰਾ ਢਹਿ ਚੁੱਕਾ ਤਾਂ ਮੇਰੇ ਸੱਚੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਲਾਟਰੀ ਵਿਚੋਂ ਸ਼ੈਹਰ ਅਗਰਤਲਾ ਸਟੇਟ ਵਿਚੋਂ (ਇਕ ਲੱਖ) ਰੁਪਏ ਦਿਵਾਇਆ ਜੋ ਕਿ ਭਾਈ ਬਚਿੱਤਰ ਸਿੰਘ ਜੀ ਅਬ ਫੇਰ ਨਵਾਂ ਗੁਰਦੁਆਰਾ ਪਾਇਆ ਹੈ।[1]

ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦੀ ਉਸਾਰੀ ਲਈ ਭਾਈ ਬਚਿੱਤਰ ਸਿੰਘ ਨੇ ਹੁਸ਼ਿਆਰਪੁਰ ਤੋਂ ਰਾਮਗੜ੍ਹੀਆ ਪਰਿਵਾਰ ਨਾਲ ਸੰਬੰਧਿਤ ਸ. ਰਾਮ ਸਿੰਘ ਮਿਸਤਰੀ ਨੂੰ ਬੁਲਾਇਆ ਅਤੇ 75 ਰੁਪਏ ਮਹੀਨਾ ਦੇਣਾ ਕੀਤਾ। ਇਹ ਕੇਵਲ ਮਿਸਤਰੀ ਹੀ ਨਹੀਂ ਸਨ ਬਲਕਿ ਉਸਾਰੀ ਕੀਤੀ ਜਾਣ ਵਾਲੀ ਇਮਾਰਤ ਦਾ ਡਿਜ਼ਾਇਨ ਵੀ ਆਪ ਹੀ ਤਿਆਰ ਕਰ ਲੈਂਦੇ ਸਨ। ਇਹਨਾਂ ਨੇ ਗੁਰਦੁਆਰਾ ਸਾਹਿਬ ਦਾ ਡਿਜ਼ਾਇਨ ਤਿਆਰ ਕਰਕੇ ਗੁਰਦੁਆਰਾ ਸਾਹਿਬ ਦੀ ਉਸਾਰੀ ਦਾ ਕਾਰਜ ਅਰੰਭ ਕਰ ਦਿੱਤਾ।[2]

ਮੌਜੂਦਾ ਸਮੇਂ ਵਿਚ ਸਿੱਖ ਪ੍ਰਤੀਨਿਧੀ ਬੋਰਡ ਈਸਟਰਨ ਜੋਨ ਇਸ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰਦਾ ਹੈ। ਇਸ ਜੋਨ ਵਿਚ ਅਸਾਮ, ਸਿੱਕਮ, ਤ੍ਰਿਪੁਰਾ, ਮੇਘਾਲਿਆ, ਨਾਗਾਲੈਂਡ, ਮਨੀਪੁਰ, ਅਰੁਣਾਚਲ ਪ੍ਰਦੇਸ਼ ਅਤੇ ਮਿਜ਼ੋਰਮ ਰਾਜਾਂ ਦੇ ਸਿੱਖ ਸ਼ਾਮਲ ਹਨ। ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਪ੍ਰਮੁੱਖਤਾ ਨਾਲ ਮਨਾਇਆ ਜਾਂਦਾ ਹੈ ਜਿਸ ਵਿਚ ਭਾਰਤ ਦੇ ਵਿਭਿੰਨ ਭਾਗਾਂ ਤੋਂ ਸਿੱਖ ਸ਼ਾਮਲ ਹੁੰਦੇ ਹਨ। ਭਾਵੇਂ ਕਿ ਧੁਬੜੀ ਵਿਖੇ ਕੇਵਲ ਦੋ ਸਿੱਖ ਪਰਿਵਾਰ ਹੀ ਨਿਵਾਸ ਕਰਦੇ ਹਨ ਅਤੇ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਲਈ ਕੁੱਝ ਮੁਲਾਜ਼ਮ ਨਿਯੁਕਤ ਕੀਤੇ ਗਏ ਹਨ ਪਰ ਸਲਾਨਾ ਸ਼ਹੀਦੀ ਗੁਰਪੁਰਬ ਮੌਕੇ ਸੰਗਤ ਵਿਚ ਸ਼ਾਮਲ ਹੋਣ ਵਾਲੇ ਸਿੱਖ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਸਹਿਤ ਸੇਵਾ ਕਰਦੇ ਹਨ। ਵਿੰਭਨ ਰਾਜਾਂ ਦੀਆਂ ਨੌਜਵਾਨ ਸਿੱਖ ਸਭਾਵਾਂ ਨੂੰ ਜਿਹੜਾ-ਜਿਹੜਾ ਕਾਰਜ ਸੌਂਪਿਆ ਜਾਂਦਾ ਹੈ, ਉਹ ਪੂਰਨ ਉਤਸ਼ਾਹ ਨਾਲ ਕਰਦੇ ਹਨ। ਇਸੇ ਤਰ੍ਹਾਂ ਬੀਬੀਆਂ ਅਤੇ ਹੋਰਨਾਂ ਸੰਸਥਾਵਾਂ ਦੇ ਮੈਂਬਰ ਇਸ ਅਸਥਾਨ 'ਤੇ ਆ ਕੇ ਸੇਵਾ ਕਰਨ ਵਿਚ ਮਾਣ ਮਹਿਸੂਸ ਕਰਦੇ ਹਨ।

---

1. ਧੰਨਾ ਸਿੰਘ ਪਟਿਆਲਵੀ, *ਗੁਰ ਤੀਰਥ ਸਾਇਕਲ ਯਾਤਰਾ*, ਸੰਪਾ. ਚੇਤਨ ਸਿੰਘ, ਪੰਨਾ 130.
2. *ਰਾਮਗੜ੍ਹੀਆ ਗਜ਼ਟ*, 17 ਦਸੰਬਰ 1931, ਪੰਨਾ 7.

(ਬੰਗਲਾਦੇਸ਼)

ਬੰਗਲਾਦੇਸ਼ ਭਾਰਤ ਦੇ ਪੂਰਬ ਵਿਚ ਇਕ ਸੁਤੰਤਰ ਦੇਸ਼ ਹੈ। 1947 ਤੋਂ ਪਹਿਲਾਂ ਇਹ ਇਲਾਕਾ ਭਾਰਤ ਦਾ ਅੰਗ ਸੀ ਪਰ ਦੇਸ਼-ਵੰਡ ਉਪਰੰਤ ਇਹ ਪਾਕਿਸਤਾਨ ਵਿਚ ਚਲਾ ਗਿਆ ਸੀ ਅਤੇ ਇਸ ਨੂੰ ਪੂਰਬੀ ਪਾਕਿਸਤਾਨ ਵਜੋਂ ਜਾਣਿਆ ਜਾਂਦਾ ਸੀ। ਦੇਸ਼-ਵੰਡ ਤੋਂ ਪਹਿਲਾਂ ਉੱਥੇ ਸਿੱਖ ਵੱਡੀ ਗਿਣਤੀ ਵਿਚ ਮੌਜੂਦ ਸਨ ਜਿਨ੍ਹਾਂ ਦਾ ਅਰੰਭ ਗੁਰੂ ਸਾਹਿਬਾਨ ਦੇ ਸਮੇਂ ਤੋਂ ਦੇਖਿਆ ਜਾ ਸਕਦਾ ਹੈ। ਮੌਜੂਦਾ ਬੰਗਲਾਦੇਸ਼ ਦੇ ਵਿਭਿੰਨ ਇਲਾਕਿਆਂ ਵਿਚ ਜਿਹੜੀ ਸਿੱਖ ਸੰਗਤ ਗੁਰੂ ਸਾਹਿਬਾਨ ਦੇ ਸਮੇਂ ਮੌਜੂਦ ਸੀ ਉਹਨਾਂ ਦੇ ਹਵਾਲੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਵਿਚੋਂ ਪ੍ਰਾਪਤ ਹੁੰਦੇ ਹਨ। ਇਹਨਾਂ ਹੁਕਮਨਾਮਿਆਂ ਵਿਚ ਬੰਗਲਾਦੇਸ਼ ਦੇ ਸਿਲਹਟ, ਸੌਨਦੀਪ, ਚਿਟਾਗਾਂਗ, ਢਾਕਾ ਆਦਿ ਨਗਰਾਂ ਵਿਖੇ ਵੱਸਦੇ ਮੁੱਖੀ ਸਿੱਖਾਂ ਦੇ ਦਰਸ਼ਨ ਹੁੰਦੇ ਹਨ ਜਿਵੇਂ ਅਨੂਪ ਰਾਇ, ਸੇਵਕ ਦਾਸ, ਸੁਖਦੇਵ, ਹਰਦਿਆਲ, ਹੁਲਾਸ ਚੰਦ, ਕਾਸੀ ਰਾਮ, ਗੁਰਬਖ਼ਸ਼, ਗੁਲਾਲ ਚੰਦ, ਗਿਰਧਰ ਲਾਲ, ਜੀਵਨ ਮਲ, ਤੁਲਾ ਰਾਮ, ਦਾਨੀ ਰਾਇ, ਦਿਆਲ ਦਾਸ, ਦੱਖਣੀ ਰਾਇ, ਧਰਮ ਚੰਦ, ਪਾਤੀ ਰਾਮ, ਪ੍ਰੀਤਮ ਦਾਸ, ਬਖ਼ਸ਼ੀਸ਼ ਚੰਦ, ਬਾਬੂ ਰਾਇ, ਬਿਹਾਰੀ ਲਾਲ, ਬਿੰਦਰਾਬਨ, ਬੁਲਾਕੀ ਦਾਸ, ਮਹੇਸ਼ ਦਾਸ, ਮਿਹਰਚੰਦ, ਲਾਲ ਚੰਦ, ਲਾਲਮਨ ਆਦਿ। ਗੁਰੂ ਸਾਹਿਬ ਇਹਨਾਂ ਨੂੰ ਸ਼ਸਤਰ, ਕਾਰ ਭੇਟ, ਕੱਪੜਾ, ਜੰਗੀ ਹਾਥੀ, ਢਾਲ, ਤੇਗੇ, ਰੁਪਏ ਆਦਿ ਗੁਰੂ-ਘਰ ਭੇਟ ਕਰਨ ਦਾ ਆਦੇਸ਼ ਦਿੰਦੇ ਸਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਲਗ-ਪਗ 15 ਸਾਲ ਬਾਅਦ ਲਿਖੇ ਗਏ ਇਹ ਹੁਕਮਨਾਮੇ ਨੌਵੇਂ ਗੁਰੂ ਸਾਹਿਬ ਦੁਆਰਾ ਪੂਰਬ ਵਿਚ ਕੀਤੇ ਗਏ ਧਰਮ-ਪ੍ਰਚਾਰ ਦਾ ਵਿਖਿਆਨ ਕਰਦੇ ਹਨ।

ਪਾਕਿਸਤਾਨ ਅਧੀਨ ਇਸ ਦੇਸ਼ ਦੇ ਆਮ ਲੋਕਾਂ 'ਤੇ ਜਬਰ ਅਤੇ ਜ਼ੁਲਮ ਹੋਣ ਲੱਗਿਆ ਅਤੇ ਤੁਅੱਸਬੀ ਨੀਤੀ ਤਹਿਤ ਗ਼ੈਰ-ਮੁਸਲਿਮ ਧਾਰਮਿਕ ਅਸਥਾਨਾਂ ਦਾ ਭਾਰੀ ਨੁਕਸਾਨ ਹੋਇਆ। 1947 ਵਿਚ ਜਦੋਂ ਸਿੱਖ ਪਾਕਿਸਤਾਨ ਛੱਡ ਕੇ ਭਾਰਤ ਵਿਚ ਆਏ ਤਾਂ ਉੱਥੇ ਮੌਜੂਦ ਗੁਰਧਾਮਾਂ 'ਤੇ ਕਬਜ਼ੇ ਹੋਣ ਲੱਗ ਪਏ ਸਨ। ਦਸੰਬਰ 1971 ਵਿਚ ਪੂਰਬੀ ਪਾਕਿਸਤਾਨ ਪੱਛਮੀ ਪਾਕਿਸਤਾਨ ਤੋਂ ਵੱਖ ਹੋ ਕੇ ਬੰਗਲਾਦੇਸ਼ ਦੇ ਰੂਪ ਵਿਚ ਸਾਹਮਣੇ ਆਇਆ। ਬੰਗਲਾਦੇਸ਼ ਦੀ ਅਜ਼ਾਦੀ ਲਈ ਗਈਆਂ ਭਾਰਤੀ ਫ਼ੌਜਾਂ ਵਿਚੋਂ ਵਧੇਰੇ ਸਿੱਖ ਸਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਉੱਥੋਂ ਦੇ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਕਰਨੀ ਅਰੰਭ ਕੀਤੀ ਸੀ।

ਜਨਵਰੀ 1972 ਵਿਚ ਢਾਕਾ ਦੇ *ਗੁਰਦੁਆਰਾ ਨਾਨਕਸ਼ਾਹੀ ਰਮਨਾ* ਵਿਖੇ ਨਵੇਂ ਬਣੇ ਬੰਗਲਾਦੇਸ਼ ਦੇ ਕਾਰਜਕਾਰੀ ਰਾਸ਼ਟਰਪਤੀ ਸੱਯਦ ਨਜ਼ਰੁਲ ਇਸਲਾਮ ਨੇ ਪਹਿਲਾ ਭਾਸ਼ਣ ਦਿੱਤਾ ਜਿਸ ਵਿਚ ਉਹਨਾਂ ਵੱਲੋਂ ਸਮੂਹ ਧਰਮਾਂ ਦੇ ਲੋਕਾਂ ਦੀ ਧਾਰਮਿਕ ਅਜ਼ਾਦੀ ਦਾ ਐਲਾਨ ਕਰ ਦਿੱਤਾ ਗਿਆ ਸੀ। ਜਦੋਂ ਗੁਰਧਾਮਾਂ ਦੀ ਸਾਂਭ-ਸੰਭਾਲ ਦਾ ਰਾਹ ਖੁੱਲ੍ਹਿਆ ਤਾਂ ਕੈਪਟਨ ਭਾਗ ਸਿੰਘ, ਜੋਗਿੰਦਰ ਸਿੰਘ ਜੋਗੀ ਆਦਿ ਉਤਸ਼ਾਹੀ ਸਿੱਖਾਂ ਨੇ ਬੰਗਲਾਦੇਸ਼ ਨੂੰ ਅਜ਼ਾਦ ਕਰਾਉਣ ਵਾਲੇ ਜਨਰਲ ਜਗਜੀਤ ਸਿੰਘ ਅਰੋੜਾ ਨਾਲ ਮੁਲਾਕਾਤ ਕਰ ਕੇ ਗੁਰਧਾਮਾਂ ਦੀ ਸਾਂਭ-ਸੰਭਾਲ ਦਾ ਕਾਰਜ ਅਰੰਭ ਕਰ ਦਿੱਤਾ ਸੀ। ਇਹਨਾਂ ਨੇ ਉੱਥੇ ਮੌਜੂਦ ਕੁੱਝ ਗੁਰਧਾਮਾਂ ਦੀ ਸੇਵਾ-ਸੰਭਾਲ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਸੀ ਜਿਸ ਦੇ ਸਦਕਾ ਮੌਜੂਦਾ ਸਮੇਂ ਪੰਜ ਗੁਰਧਾਮ ਸੁਰੱਖਿਅਤ ਹਨ - *ਗੁਰਦੁਆਰਾ ਨਾਨਕਸ਼ਾਹੀ ਰਮਨਾ, ਢਾਕਾ; ਗੁਰਦੁਆਰਾ ਸੰਗਤ ਟੋਲਾ, ਢਾਕਾ; ਗੁਰਦੁਆਰਾ ਸਿੱਖ ਟੈਂਪਲ ਅਸਟੇਟ, ਚਿਟਾਗਾਂਗ; ਗੁਰਦੁਆਰਾ ਪੰਜਾਬੀ ਲੇਨ, ਪਹਾੜਤਲੀ, ਚਿਟਾਗਾਂਗ* ਅਤੇ *ਗੁਰਦੁਆਰਾ ਸਾਹਿਬ ਗੁਰੂ ਨਾਨਕ ਟੈਂਪਲ, ਮੈਮਨਸਿੰਘ।* ਬੰਗਲਾਦੇਸ਼ ਦੇ

ਗੁਰਧਾਮਾਂ ਦੀ ਯਾਤਰਾ ਨੂੰ ਜਾਣ ਵਾਲੀ ਸੰਗਤ ਨੂੰ ਇਹਨਾਂ ਦੇ ਦਰਸ਼ਨ-ਦੀਦਾਰੇ ਕਰਵਾਏ ਜਾਂਦੇ ਹਨ। ਬੰਗਲਾਦੇਸ਼ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਕੇਵਲ *ਗੁਰਦੁਆਰਾ ਸੰਗਤ ਟੋਲਾ* ਹੀ ਮੌਜੂਦ ਹੈ।


ਗੁਰਦੁਆਰਾ ਸੰਗਤ ਟੋਲਾ, ਢਾਕਾ : ਇਹ ਗੁਰਦੁਆਰਾ ਢਾਕਾ ਦੇ ਬੰਗਲਾ ਬਜ਼ਾਰ ਵਿਖੇ ਸਥਿਤ ਹੈ। ਇਹ ਭਾਈ ਬੁਲਾਕੀ ਦਾਸ ਦਾ ਘਰ ਸੀ ਜਿੱਥੇ ਗੁਰੂ ਤੇਗ ਬਹਾਦਰ ਜੀ ਨੇ ਲੰਮਾ ਸਮਾਂ ਨਿਵਾਸ ਕੀਤਾ ਸੀ। ਭਾਈ ਬੁਲਾਕੀ ਦਾਸ ਅਤੇ ਭਾਈ ਨੱਥਾ ਇਸ ਇਲਾਕੇ ਵਿਚ ਗੁਰੂ-ਘਰ ਦੇ ਪ੍ਰਚਾਰਕ ਸਨ ਅਤੇ ਇਹਨਾਂ ਦੇ ਯਤਨਾਂ ਸਦਕਾ ਬਹੁਤ ਸਾਰੇ ਲੋਕ ਸਿੱਖੀ ਵੱਲ ਪ੍ਰੇਰਿਤ ਹੋਏ ਸਨ। ਇਸ ਨਗਰ ਦੇ ਆਸ-ਪਾਸ ਦੇ ਇਲਾਕਿਆਂ ਵਿਚ ਵੱਸਦੀ ਸੰਗਤ ਨੂੰ ਜਦੋਂ ਗੁਰੂ ਜੀ ਦੇ ਇਸ ਨਗਰ ਵਿਖੇ ਆਉਣ ਬਾਰੇ ਜਾਣਕਾਰੀ ਪ੍ਰਾਪਤ ਹੋਈ ਤਾਂ ਵੱਡੀ ਗਿਣਤੀ ਵਿਚ ਸਿੱਖ ਸੰਗਤ ਇਹਨਾਂ ਦੇ ਦਰਸ਼ਨ ਕਰਨ ਲਈ ਆਉਣ ਲੱਗ ਪਈ ਸੀ। ਸੰਗਤ ਦੇ ਮਨ ਵਿਚ ਪੈਦਾ ਹੋਈ ਪ੍ਰੇਮ-ਭਾਵਨਾ ਨੂੰ ਦੇਖਦੇ ਹੋਏ ਗੁਰੂ ਜੀ ਨੇ ਇਸ ਨਗਰ ਨੂੰ 'ਸਿੱਖੀ ਦਾ ਕੋਠਾ' ਹੋਣ ਦਾ ਬਚਨ ਕੀਤਾ ਸੀ:

ਗੁਰ ਸਿਖਨ ਭਜਨ ਕੀਆ ਗੁਰ ਆਗੇ।
ਬਿਗਸੈ ਦਿਆਲ ਕਿਰਪਾ ਰਸ ਪਾਗੈ।
ਬਰਬਚਨ ਮੁਖਾਰਬਿੰਦ ਸੋਂ ਭਾਖਾ।
ਮਮ ਸਿਖੀ ਕਾ ਕੋਠਾ ਢਾਕਾ।[1]

ਭਾਈ ਬੁਲਾਕੀ ਦਾਸ ਦੀ ਬਿਰਧ ਮਾਤਾ ਨੇ ਹੱਥੀਂ ਸੂਤ ਕੱਤ ਕੇ ਤਿਆਰ ਕੀਤੀ ਇਕ ਕੀਮਤੀ ਪੁਸ਼ਾਕ ਗੁਰੂ ਜੀ ਨੂੰ ਭੇਟ ਕੀਤੀ ਸੀ। ਮਾਤਾ ਜੀ ਦੁਆਰਾ ਗੁਰੂ ਜੀ ਦੀ ਇਕ ਤਸਵੀਰ ਵੀ ਤਿਆਰ ਕਰਵਾਈ ਦੱਸੀ ਜਾਂਦੀ ਹੈ।[2]

---

1. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਭਾਗ ਦੂਜਾ, ਖੰਡ-2, ਸਾਖੀਆਂ ਪਾਤਸ਼ਾਹੀ ਨੌਵੀਂ, ਸਾਖੀ 15, ਪੰਨਾ 689.
2. **ਬਡਾ ਲਿਖਾਰੀ ਲਿਆਈ ਮਾਈ।**
   ਸਤਗੁਰ ਹਜੂਰ ਤਸਬੀਰ ਲਿਖਾਈ।
   ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਭਾਗ ਦੂਜਾ, ਖੰਡ-2, ਸਾਖੀਆਂ ਪਾਤਸ਼ਾਹੀ ਨੌਵੀਂ, ਸਾਖੀ 15, ਪੰਨਾ 691.



ਗੁਰਦੁਆਰਾ ਚਾਚਾ ਫੱਗੂ ਮੱਲ, ਸਾਸਾਰਾਮ



ਪੁਰਾਤਨ ਡਿਉੜ੍ਹੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ



ਗੁਰਦੁਆਰਾ ਪੱਕੀ ਸੰਗਤ, ਮੁੰਗੇਰ




ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ, ਬੜੀ ਸੰਗਤ, ਭਾਗਲਪੁਰ



ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ, ਲੱਛਮੀਪੁਰ



ਗੁਰਦੁਆਰਾ ਨੀਮਾ ਸਰਾਇ ਸ੍ਰੀ ਗੁਰੂ ਤੇਗ ਬਹਾਦਰ ਜੀ, ਮਾਲਦਾ



ਗੁਰਦੁਆਰਾ ਬੜਾ ਸਿੱਖ ਸੰਗਤ, ਕਲਕੱਤਾ



ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ, ਧੁਬੜੀ



ਗੁਰਦੁਆਰਾ ਸੰਗਤ ਟੋਲਾ, ਢਾਕਾ

(ਦਿੱਲੀ ਤੋਂ ਅਨੰਦਪੁਰ ਸਾਹਿਬ)

ਦਿੱਲੀ ਭਾਰਤ ਦੀ ਰਾਜਧਾਨੀ ਹੈ, ਬਾਦਸ਼ਾਹ ਸ਼ਾਹਜਹਾਨ ਦੇ ਸਮੇਂ ਤੋਂ ਇਸ ਨੂੰ ਸ਼ਾਹਜ਼ਹਾਨਾਬਾਦ ਵੀ ਕਿਹਾ ਜਾਂਦਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਇਸ ਨਗਰ ਦਾ ਸੰਬੰਧ ਸਿੱਖ ਧਰਮ ਨਾਲ ਜੁੜਦਾ ਹੈ। ਸੋਲ੍ਹਵੀਂ ਸਦੀ ਦੇ ਅਰੰਭ ਵਿਚ ਪੂਰਬ ਦੀ ਉਦਾਸੀ ਸਮੇਂ ਗੁਰੂ ਜੀ ਇਸ ਨਗਰ ਵਿਖੇ ਪੁੱਜੇ ਸਨ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਹਰਿਕ੍ਰਿਸ਼ਨ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਇੱਥੇ ਮੌਜੂਦ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸਾਹਿਬ ਕੌਰ ਜੀ ਅਤੇ ਮਾਤਾ ਸੁੰਦਰੀ ਜੀ ਵੀ ਲੰਮਾ ਸਮਾਂ ਇਸ ਨਗਰ ਵਿਖੇ ਨਿਵਾਸ ਕਰਦੇ ਰਹੇ ਹਨ। ਇਹਨਾਂ ਦੀ ਯਾਦ ਵਿਚ ਵੀ ਇੱਥੇ ਗੁਰਧਾਮ ਸਥਿਤ ਹਨ। ਉੱਘੇ ਸਿੱਖ ਜਰਨੈਲ ਬਾਬਾ ਬਘੇਲ ਸਿੰਘ ਨੇ ਸੰਬੰਧਿਤ ਅਸਥਾਨਾਂ 'ਤੇ ਗੁਰਧਾਮਾਂ ਦੀ ਉਸਾਰੀ ਕਰਵਾ ਕੇ ਇਹਨਾਂ ਨੂੰ ਪੂਰਨ ਤੌਰ 'ਤੇ ਸੁਰੱਖਿਅਤ ਕਰ ਲਿਆ ਸੀ। ਮੌਜੂਦਾ ਸਮੇਂ ਵਿਚ ਇਸ ਨਗਰ ਵਿਖੇ ਇਹ ਇਤਿਹਾਸਿਕ ਗੁਰਧਾਮ ਸਥਿਤ ਹਨ- *ਗੁਰਦੁਆਰਾ ਨਾਨਕ ਪਿਆਓ, ਗੁਰਦੁਆਰਾ ਮਜਨੂੰ ਦਾ ਟਿੱਲਾ, ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਰਕਾਬ ਗੰਜ ਸਾਹਿਬ, ਗੁਰਦੁਆਰਾ ਬੰਗਲਾ ਸਾਹਿਬ, ਗੁਰਦੁਆਰਾ ਬਾਲਾ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਮੋਤੀ ਬਾਗ਼, ਗੁਰਦੁਆਰਾ ਮਾਤਾ ਸੁੰਦਰੀ, ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ।* ਇਹਨਾਂ ਗੁਰਧਾਮਾਂ ਦਾ ਪ੍ਰਬੰਧ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।[1] ਇੱਥੇ ਦਿੱਲੀ ਵਿਖੇ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਗੁਰਧਾਮਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

1. **ਗੁਰਦੁਆਰਾ ਸੀਸ ਗੰਜ ਸਾਹਿਬ :** ਪੁਰਾਣੀ ਦਿੱਲੀ ਰੇਲਵੇ ਸਟੇਸ਼ਨ ਤੋਂ ਇਹ ਗੁਰਧਾਮ ਲਗ-ਪਗ ਦੋ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਲਾਲ ਕਿਲ੍ਹੇ ਤੋਂ ਇਸ ਦੀ ਦੂਰੀ ਲਗ-ਪਗ ਡੇਢ ਕਿਲੋਮੀਟਰ ਹੈ। 11 ਨਵੰਬਰ 1675 ਨੂੰ ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਅਤੇ ਇਹਨਾਂ ਦੇ ਨਾਲ ਤਿੰਨ ਮੁਖੀ ਸਿੱਖਾਂ – ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ – ਨੂੰ ਸ਼ਹੀਦ ਕੀਤਾ ਗਿਆ ਸੀ। 1783 ਵਿਚ ਇਸ ਅਸਥਾਨ ਦੀ ਕਾਰ-ਸੇਵਾ ਬਾਬਾ ਬਘੇਲ ਸਿੰਘ ਜੀ ਨੇ ਕਰਵਾਈ ਸੀ। ਇਸ ਇਲਾਕੇ ਵਿਚ ਪਾਣੀ ਦੀ ਮਸ਼ਕ ਭਰਨ ਵਾਲੀ ਨੇ ਬਾਬਾ ਜੀ ਨੂੰ ਇਸ ਜਗ੍ਹਾ ਦੀ ਨਿਸ਼ਾਨਦੇਹੀ ਦਿੱਤੀ ਸੀ:

---

1. ਦਿੱਲੀ ਦੇ ਗੁਰਧਾਮਾਂ ਦੀ ਸਾਂਭ-ਸੰਭਾਲ ਲਈ ਦਸੰਬਰ 1971 ਵਿਚ ਐਕਟ ਪਾਸ ਕੀਤਾ ਗਿਆ ਸੀ ਅਤੇ 30 ਮਾਰਚ 1975 ਨੂੰ ਪਹਿਲੀ ਵਾਰੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਚੋਣ ਹੋਈ ਸੀ। ਇਸ ਤੋਂ ਪਹਿਲਾਂ ਦਿੱਲੀ ਦੇ ਗੁਰਧਾਮਾਂ ਦਾ ਪ੍ਰਬੰਧ ਮਹੰਤਾਂ ਕੋਲ ਸੀ। 1922 ਦੀ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਇਹਨਾਂ ਗੁਰਧਾਮਾਂ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆ ਗਈ ਸੀ। 19 ਮਾਰਚ 1923 ਨੂੰ ਸ਼੍ਰੋਮਣੀ ਕਮੇਟੀ ਨੇ ਦਿੱਲੀ ਦੇ ਗੁਰਧਾਮਾਂ ਦੀ ਸਾਂਭ-ਸੰਭਾਲ ਲਈ ਇਕ ਕਮੇਟੀ ਨਾਮਜ਼ਦ ਕੀਤੀ ਜਿਸ ਨੇ ਤਿੰਨ ਸਾਲ ਕਾਰਜ ਕੀਤਾ। 1926 ਵਿਚ 11 ਮੈਂਬਰੀ ਕਮੇਟੀ ਬਣੀ ਜਿਸ ਤੋਂ ਬਾਅਦ ਦਿੱਲੀ ਦੇ ਸਿੱਖਾਂ ਵੱਲੋਂ ਇਹ ਮੰਗ ਉੱਠਣ ਲੱਗੀ ਕਿ ਦਿੱਲੀ ਦੇ ਗੁਰਧਾਮਾਂ ਦਾ ਪ੍ਰਬੰਧ ਦਿੱਲੀ ਦੇ ਸਿੱਖਾਂ ਕੋਲ ਹੋਣਾ ਚਾਹੀਦਾ ਹੈ। ਅਕਾਲੀਆਂ ਦੇ ਧੜੇ ਬਣਨ ਲੱਗੇ ਅਤੇ ਦਿੱਲੀ ਦੇ ਗੁਰਧਾਮਾਂ 'ਤੇ ਕਬਜ਼ੇ ਨੂੰ ਲੈ ਕੇ ਵਿਵਾਦ ਦਿਨੋ-ਦਿਨ ਵੱਧਦਾ ਗਿਆ। 1971 ਵਿਚ ਦਿੱਲੀ ਸਿੱਖ ਗੁਰਦੁਆਰਾ ਐਕਟ ਦੇ ਹੋਂਦ ਵਿਚ ਆਉਣ ਤੋਂ ਬਾਅਦ ਹੀ ਇਹ ਵਿਵਾਦ ਰੁਕਿਆ। ਹੁਣ ਚਾਰ ਸਾਲ ਬਾਅਦ 46 ਸੀਟਾਂ ਲਈ ਚੋਣਾਂ ਹੁੰਦੀਆਂ ਹਨ।

ਤੌ ਇਕ ਉਹਾਂ ਥੀ ਮਾਸ਼ਕਨ ਪੁਰਾਨੀ, ਸੋ ਸਿੰਘ ਜੀ ਸੱਦ ਪੁਛੀ ਸਿਆਨੀ।
ਉਨੇ ਕਹੀ ਹਮ ਪਤਾ ਬਤਾਈਂ, ਹਿੰਦੂ ਪੀਰ ਈਹਾਂ ਚੌਂਕੀ ਡਸਾਈ।[1]

ਚਾਂਦਨੀ ਚੌਕ ਵਿਖੇ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਅਸਥਾਨ ਦੀ ਨਿਸ਼ਾਨਦੇਹੀ ਸੰਬੰਧੀ ਜਾਣਕਾਰੀ ਦਿੰਦੇ ਹੋਏ ਗਿਆਨੀ ਗਿਆਨ ਸਿੰਘ ਦੱਸਦਾ ਹੈ ਕਿ ਇਕ ਬੁੱਢੀ ਤੀਵੀਂ, ਜੋ ਮਾਸ਼ਕੀ ਦੀ ਤੀਵੀਂ ਸੀ, ਨੇ ਦੱਸਿਆ ਕਿ ਬੋਹੜ ਦੇ ਦਰਖ਼ਤ ਦੇ ਪਾਸ ਜਿੱਥੇ ਮਸਜਦ ਬਣੀ ਹੋਈ ਹੈ, ਓਥੇ ਇਹ ਘਟਨਾ ਬੀਤੀ ਸੀ। ਮੇਰਾ ਖਾਵੰਦ ਓਸ ਵੇਲੇ ਮਸ਼ਕ ਲੈ ਕੇ ਪਾਸ ਖਲੋਤਾ ਹੋਇਆ ਸੀ। ਸਰਦਾਰ ਬਘੇਲ ਸਿੰਘ ਨੇ ਓਸ ਥਾਂ 'ਤੇ ਇਕ ਨਿੱਕਾ ਜਿਹਾ ਥੜ੍ਹਾ ਬਨਵਾ ਦਿੱਤਾ।[2] ਸਿੱਖ ਸਰਦਾਰਾਂ ਦਾ ਵਧੇਰੇ ਝੁਕਾਅ ਪੰਜਾਬ ਵੱਲ ਸੀ ਜਿਸ ਕਰਕੇ ਬਾਬਾ ਬਘੇਲ ਸਿੰਘ ਤੋਂ ਬਾਅਦ ਇਸ ਅਸਥਾਨ 'ਤੇ ਮੁਸਲਮਾਨਾਂ ਨੇ ਕਬਜ਼ੇ ਕਰ ਕੇ ਇੱਥੇ ਮਸੀਤ ਦੀ ਉਸਾਰੀ ਕਰਵਾ ਦਿੱਤੀ ਸੀ। ਇਸ ਅਸਥਾਨ ਨਾਲ ਸਿੱਖਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਸਨ ਅਤੇ ਉਹ ਇੱਥੇ ਗੁਰਦੁਆਰਾ ਸਾਹਿਬ ਦੀ ਉਸਾਰੀ ਲਈ ਯਤਨਸ਼ੀਲ ਸਨ। ਜੀਂਦ ਦੇ ਰਾਜੇ ਸਰੂਪ ਸਿੰਘ ਨੇ ਇਸ ਅਸਥਾਨ ਦੀ ਪੁਨਰ-ਉਸਾਰੀ ਕਰਵਾਉਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ।

ਰਾਜਾ ਸਰੂਪ ਸਿੰਘ ਜੀਂਦ ਰਿਆਸਤ ਦੇ ਰਾਜੇ ਸਨ ਅਤੇ ਇਹਨਾਂ ਨੇ 1857 ਦੇ ਗ਼ਦਰ ਸਮੇਂ ਅੰਗਰੇਜ਼ ਸਰਕਾਰ ਦੀ ਸਹਾਇਤਾ ਕੀਤੀ ਸੀ। ਇਸ ਸਹਾਇਤਾ ਬਦਲੇ ਅੰਗਰੇਜ਼ਾਂ ਨੇ ਇਹਨਾਂ ਨੂੰ ਇਨਾਮ ਦੇਣਾ ਚਾਹਿਆ ਤਾਂ ਇਹਨਾਂ ਨੇ ਕਿਹਾ, 'ਮੈਨੂੰ ਗੁਰਦੁਆਰੇ ਦੀ ਜਗ੍ਹਾ ਤੋਂ ਬਿਨਾਂ ਹੋਰ ਕੁਝ ਨਹੀਂ ਚਾਹੀਦਾ'। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਇਹ ਨਿਸ਼ਾਨੀ ਢਾਹ ਕੇ ਮੁਸਲਮਾਨਾਂ ਨੇ ਮਸੀਤ ਬਣਾ ਲਈ ਸੀ। ਰਾਜਾ ਸਰੂਪ ਸਿੰਘ ਨੇ ਇਹ ਜਗ੍ਹਾ ਵਾਪਸ ਲੈ ਕੇ ਇੱਥੇ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਵਾ ਦਿੱਤੀ ਸੀ ਪਰ ਚਾਰ-ਪੰਜ ਸਾਲ ਬਾਅਦ ਮੁਸਲਮਾਨਾਂ ਨੇ ਅੰਗਰੇਜ਼ ਸਰਕਾਰ ਕੋਲ ਮਸੀਤ ਦਾ ਦਾਵਾ ਕਰ ਦਿੱਤਾ ਅਤੇ ਫ਼ੈਸਲਾ ਮੁਸਲਮਾਨਾਂ ਦੇ ਹੱਕ ਵਿਚ ਹੋਇਆ। ਉਹਨਾਂ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਢਾਹ ਕੇ ਫਿਰ ਮਸੀਤ ਬਣਾ ਲਈ। ਇਸ ਸਮੇਂ ਤੱਕ ਜੀਂਦ ਦਾ ਰਾਜਾ ਸਰੂਪ ਸਿੰਘ ਅਕਾਲ ਚਲਾਣਾ ਕਰ ਗਿਆ ਸੀ ਅਤੇ ਇਸ ਦੀ ਰਾਜਗੱਦੀ 'ਤੇ ਇਸ ਦਾ ਪੁੱਤਰ ਰਘੁਬੀਰ ਸਿੰਘ ਰਾਜਾ ਬਣਿਆ। ਇਸ ਦੇ ਮਨ ਵਿਚ ਵੀ ਸਿੱਖੀ ਦਾ ਬਹੁਤ ਦਰਦ ਸੀ ਅਤੇ ਇਸ ਨੇ *ਗੁਰਦੁਆਰਾ ਸੀਸ ਗੰਜ ਸਾਹਿਬ* ਵਾਲੀ ਜਗ੍ਹਾ ਵਾਪਸ ਲੈਣ ਦਾ ਪ੍ਰਣ ਕਰਦੇ ਹੋਏ ਕਿਹਾ, 'ਗੁਰਦੁਆਰਾ ਸੀਸ ਗੰਜ ਕਾਇਮ ਰਹੇਗਾ'। ਇਸ ਨੇ ਲੰਡਨ ਵਿਖੇ ਪ੍ਰੀਵੀ ਕੌਂਸਲ ਕੋਲ *ਗੁਰਦੁਆਰਾ ਸੀਸ ਗੰਜ ਸਾਹਿਬ* ਦਾ ਮਸਲਾ ਉਠਾਇਆ। ਅਖ਼ੀਰ ਇਹ ਫ਼ੈਸਲਾ ਹੋਇਆ ਕਿ ਗ਼ਦਰ ਵੇਲੇ ਕੀਤੇ ਗਏ ਫ਼ੈਸਲੇ ਬਦਲੇ ਨਹੀਂ ਜਾਣਗੇ। ਮਸੀਤ ਵਾਲੀ ਜਗ੍ਹਾ ਨੂੰ ਰਾਜਾ ਰਘੁਬੀਰ ਸਿੰਘ ਨੇ ਫਿਰ ਵਾਪਸ ਲੈ ਲਿਆ ਅਤੇ ਇੱਥੇ ਇਕ ਸੁੰਦਰ ਗੁਰਧਾਮ ਦੀ ਉਸਾਰੀ ਕਰਵਾਈ। ਇਸ ਦਾ ਪ੍ਰਬੰਧ ਸੁਚਾਰੂ ਰੂਪ ਵਿਚ ਚਲਾਉਣ ਲਈ ਰਾਜਾ ਰਘੁਬੀਰ ਸਿੰਘ ਨੇ ਇਕ ਪਿੰਡ ਦੀ ਜਗੀਰ ਵੀ ਇਸ ਦੇ ਨਾਂ ਲਵਾ ਦਿੱਤੀ ਸੀ।[3] ਜੀਂਦ ਰਿਆਸਤ ਵੱਲੋਂ ਇਸ ਗੁਰਧਾਮ ਦੀ ਸੇਵਾ-ਸੰਭਾਲ ਦਾ ਵਰਨਨ ਕਰਦੇ ਹੋਏ *ਖ਼ਾਲਸਾ ਅਖ਼ਬਾਰ* ਵਿਚ ਦੱਸਿਆ ਗਿਆ ਹੈ:

ਦਿਲੀ ਦੇ ਸਾਰੇ ਗੁਰਦੁਆਰਿਆਂ ਦੀ ਸੇਵਾ ਜਿਤਨੀ ਹੋਈ ਹੈ ਸੋ ਰਿਯਾਸਤ ਜੀਂਦ ਦੇ ਪੁਰਸ਼ਾਰਥ ਨਾਲ ਹੀ ਹੋਈ ਹੈ। ਸ੍ਰੀ ਯੁਤ ਰਾਜਾ ਸਰੂਪ ਸਿੰਘ ਸਾਹਿਬ ਜੀ ਅਤੇ ਸ੍ਰੀ ਮਾਨਯਵਰ ਸ੍ਰੀ ਮਹਾਰਾਜਾ ਰਘੁਬੀਰ ਸਿੰਘ ਸਾਹਿਬ ਸਵਰਗਬਾਸੀਆਂ ਨੇ ਕੁੱਲ ਪੰਜਾਬ ਦੇ ਗੁਰਦੁਆਰਿਆਂ ਦਾ ਟਹਿਲਾ ਵਡੀ ਉਦਾਰਤਾ ਦੇ ਨਾਲ ਕੀਤਾ

1. ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਪੰਨਾ 557.
2. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ,* ਭਾਗ ਦੂਜਾ, ਪੰਨਾ 258.
3. *ਅਸਲੀ ਕੌਮੀ ਦਰਦ,* 6 ਮਈ 1929, ਪੰਨੇ 1-2, 15.

ਹੈ ਜਿਨ੍ਹਾਂ ਵਿਚੋਂ ਦਿਲੀ ਦੇ ਸਾਰੇ ਗੁਰਦੁਆਰਿਆਂ ਦੀ ਸੇਵਾ ਸਭ ਪੰਥ ਪਰ ਪ੍ਰਗਟ ਹੈ। ਦਿਲੀ ਦੇ ਗੁਰਦੁਆਰੇ ਦੇ ਨਾਲ ਸ੍ਰੀ ਮਹਾਰਾਜਾ ਸਾਹਿਬ ਬਹਾਦਰ ਵਾਲੀਏ ਜੀਂਦ ਨੇ ਇਕ ਗਿਰਾਉਂ ਜਿਸ ਦਾ ਨਾਮ ਰਸੀਣਾ ਸੀ, ਲਗਾ ਦਿਤਾ ਸੀ ਜਿਸ ਦੀ ਆਮਦਨੀ ਗੁਰਦੁਆਰੇ ਦੇ ਨਾਲ ਅਜ ਤੱਕ ਮੌਜੂਦ ਹੈ।[1]

1920 ਵਿਚ ਗੁਰਦੁਆਰਾ ਸੁਧਾਰ ਲਹਿਰ ਚੱਲੀ ਤਾਂ ਗੁਰਧਾਮਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਆਉਣ ਲੱਗਿਆ। ਪਹਿਲਾਂ ਇਸ ਗੁਰਧਾਮ ਦਾ ਪ੍ਰਬੰਧ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਂਦਾ ਸੀ ਅਤੇ ਫਿਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆ ਗਿਆ ਸੀ। 1922 ਵਿਚ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਦੇ ਹੋਏ ਮਹੰਤ ਹਰੀ ਸਿੰਘ ਨੇ ਕਿਹਾ:

ਮੈਂ ਅਜ ਕਲ *ਗੁਰਦੁਆਰਾ ਸੀਸ ਗੰਜ ਸਾਹਿਬ, ਦਿੱਲੀ* ਦੀ ਸੇਵਾ ਕਰ ਰਿਹਾ ਹਾਂ। ਮੈਂ ਇਸ ਬਿਨੈ-ਪੱਤਰ ਦੁਆਰਾ ਇਸ ਦਾ ਸਾਰਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਪੁਰਦ ਕਰਦਾ ਹਾਂ। ਇਸ ਵਕਤ ਤਕ ਜੋ ਸਭ ਤਰ੍ਹਾਂ ਦੀ ਜਾਇਦਾਦ ਗੈਰ-ਮਨਕੂਲਾ ਗੁਰਦੁਆਰੇ ਦੇ ਸੰਬੰਧ ਵਿਚ ਹੈ, ਮੈਂ ਉਸ ਦੀ ਫਹਿਰਿਸ਼ਤ ਆਪ ਦੀ ਸੇਵਾ ਵਿਚ ਭੇਜਦਾ ਹਾਂ। ਇਹ ਸਾਰੀ ਜਾਇਦਾਦ ਨਿਰੋਲ਼ ਗੁਰਦੁਆਰੇ ਦੀ ਮਲਕੀਅਤ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਸ ਤਰ੍ਹਾਂ ਮੁਨਾਸਬ ਸਮਝੇ ਇਸ ਦਾ ਇੰਤਜ਼ਾਮ ਕਰੇ। ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਨੂੰ ਭੀ ਕੋਈ ਇਸ ਗੁਰਦੁਆਰੇ ਦੀ ਸੇਵਾ ਕਰਨ ਦਾ ਮਾਨ ਬਖ਼ਸ਼ੇ ਤਾ ਮੈਂ ਆਪਣੇ ਧੰਨਭਾਗ ਸਮਝਾਂਗਾ। ਜੋ ਨਿਯਮ ਜਾਂ ਸ਼ਰਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਕੱਰਰ ਕਰੇਗੀ, ਮੈਂ ਉਹਨਾਂ ਦਾ ਪਾਬੰਦ ਹੋਵਾਂਗਾ।[2]

1930 ਵਿਚ ਰਾਜਾ ਰਘੁਬੀਰ ਸਿੰਘ ਜੀ ਦੇ ਸਮੇਂ ਉਸਾਰੀ ਗਈ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਢਾਹ ਕੇ ਇਸ ਦੀ ਜਗ੍ਹਾ ਇਕ ਨਵੀਂ ਇਮਾਰਤ ਦੀ ਉਸਾਰੀ ਕੀਤੀ ਗਈ। ਇਸ ਇਮਾਰਤ ਦੀ ਤਿਆਰੀ ਕਰਦੇ ਸਮੇਂ ਪਿੱਪਲ ਦਾ ਉਹ ਰੁੱਖ ਵੀ ਵੱਢ ਦਿੱਤਾ ਗਿਆ ਜਿਸ ਦੇ ਹੇਠਾਂ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਸੀ।[3] ਇਸੇ ਸਾਲ ਹੀ 6 ਮਈ ਨੂੰ ਪੁਲਿਸ ਨੇ ਗੁਰਦੁਆਰਾ ਸਾਹਿਬ 'ਤੇ ਗੋਲੀ ਚਲਾਈ ਜਿਸ ਦੀ ਚੁਫੇਰਿਉਂ ਨਿੰਦਾ ਹੋਈ। ਭਾਵੇਂ ਕਿ ਸਰਕਾਰ ਇਸ ਮਾਮਲੇ ਵਿਚ ਸਿੱਖਾਂ ਨੂੰ ਦੋਸ਼ੀ ਠਹਿਰਾਉਂਦੀ ਰਹੀ ਪਰ ਕਾਮਯਾਬ ਨਾ ਹੋ ਸਕੀ। ਸਰਕਾਰ ਮੁਅਵਜ਼ਾ ਦੇ ਕੇ ਮਾਮਲਾ ਨਿਬੇੜਨਾ ਚਾਹੁੰਦੀ ਸੀ ਪਰ ਸਿੱਖ ਸ਼ਾਂਤ ਨਾ ਹੋਏ ਅਤੇ ਇਸ ਸੰਬੰਧੀ ਧਾਰਮਿਕ ਦੀਵਾਨਾਂ ਦਾ ਸਿਲਸਿਲਾ ਅਰੰਭ ਹੋ ਗਿਆ। ਇਸ ਘਟਨਾ ਸੰਬੰਧੀ ਇਕ ਧਰਮ ਨਿਰਪੱਖ ਕਮੇਟੀ ਗਠਿਤ ਕੀਤੀ ਗਈ ਜਿਸ ਵਿਚ ਪੰਜਾਬ ਇੰਡੀਅਨ ਕ੍ਰਿਸਚੀਅਨ ਕਾਨਫਰੰਸ ਦੇ ਮੁਖੀ ਰਲਿਆ ਰਾਮ, ਪ੍ਰਧਾਨ ਅਤੇ ਸਰਦਾਰ ਗੁਲਾਬ ਸਿੰਘ, ਰੁਚੀ ਰਾਮ ਸਾਹਨੀ, ਸਰਦਾਰ ਬੂਟਾ ਸਿੰਘ ਮੈਂਬਰ ਸਨ। ਸਰਕਾਰੀ ਅਤੇ ਗੈਰ-ਸਰਕਾਰੀ ਲੋਕਾਂ ਤੋਂ ਜਾਣਕਾਰੀ ਪ੍ਰਾਪਤ ਕਰਕੇ ਇਹਨਾਂ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ ਪੁਲਿਸ ਨੇ ਸੀਨਾ ਜੋਰੀ ਤੋਂ ਕੰਮ ਲੈਂਦੇ ਹੋਏ ਬੇਗੁਨਾਹਾਂ 'ਤੇ ਬੇਤਹਾਸ਼ਾ ਗੋਲੀ ਚਲਾ ਕੇ ਆਪਣੇ ਪਸ਼ੂਪੁਣੇ ਦਾ ਸਬੂਤ ਦਿੱਤਾ ਹੈ।[4] ਇਸ ਘਟਨਾ ਨੇ ਸਮੂਹ ਧਰਮ ਦੇ ਲੋਕਾਂ ਨੂੰ ਅੰਗਰੇਜ਼ ਸਰਕਾਰ ਵਿਰੁੱਧ ਇਕ ਪਲੇਟਫਾਰਮ 'ਤੇ ਲਿਆਉਣ ਦਾ ਕੰਮ ਕੀਤਾ ਸੀ।

1947 ਦੀ ਭਾਰਤ-ਪਾਕਿ ਵੰਡ ਉਪਰੰਤ ਇਸ ਗੁਰਦੁਆਰਾ ਸਾਹਿਬ ਦਾ ਵਿਸਤਾਰ 1968 ਵਿਚ ਹੋਇਆ ਜਦੋਂ ਗੁਰਦੁਆਰਾ ਸਾਹਿਬ ਅਤੇ ਮੁਸਲਮਾਨਾਂ ਦੀ ਸੁਨਹਿਰੀ ਮਸਜਿਦ ਦੇ ਵਿਚਕਾਰ ਸਥਿਤ ਕੋਤਵਾਲੀ ਦੀ ਦੋ ਤਿਹਾਈ ਜਗ੍ਹਾ ਗੁਰਦੁਆਰਾ ਸਾਹਿਬ ਨੂੰ ਸੌਂਪ ਦਿੱਤੀ ਗਈ। ਕੋਤਵਾਲੀ ਦੀ ਪੂਰੀ ਜਗ੍ਹਾ ਨਾ ਮਿਲਣ ਕਰਕੇ ਸਿੱਖਾਂ ਦੀ

---

1. *ਖਾਲਸਾ ਅਖ਼ਬਾਰ,* 19 ਮਈ 1888, ਪੰਨਾ 8.
2. ਰਵੇਲ ਸਿੰਘ ਐਡਵੋਕੇਟ, ਦਿੱਲੀ ਗੁਰਦੁਆਰਾ ਕਮੇਟੀ ਦਾ ਇਤਿਹਾਸ, *ਅਜੀਤ,* 31.03.1984.
3. ਮਹਿੰਦਰ ਸਿੰਘ, ਸੀਸ ਗੰਜ ਤੇ ਰਕਾਬ ਗੰਜ, *ਸਚਿੱਤਰ ਕੌਮੀ ਏਕਤਾ,* ਦਸੰਬਰ 1975, ਪੰਨੇ 29-30.
4. *ਗੁਰਦੁਆਰਾ ਗਜ਼ਟ,* ਮਈ 1934, ਪੰਨੇ 1-4.

ਸੰਤੁਸ਼ਟੀ ਨਾ ਹੋਈ ਅਤੇ ਬਚਿਆ ਹਿੱਸਾ ਲੈਣ ਵਾਸਤੇ ਸਿੱਖ ਨਿਰੰਤਰ ਯਤਨਸ਼ੀਲ ਰਹੇ। ਇਸ ਦਿਸ਼ਾ ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤੇ ਗਏ ਸੰਘਰਸ਼ ਅੱਗੇ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਨੂੰ ਝੁਕਣ ਲਈ ਮਜਬੂਰ ਹੋਣਾ ਪਿਆ। 1983 ਵਿਚ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਮੌਕੇ ਇਕ ਭਰੇ ਦੀਵਾਨ ਵਿਚ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਸ੍ਰੀ ਜਗਮੋਹਨ ਨੇ ਕੋਤਵਾਲੀ ਦੀਆਂ ਚਾਬੀਆਂ ਤੇ ਅਲਾਟਮੈਂਟ ਪੱਤਰ ਕੇਂਦਰੀ ਮੰਤਰੀ ਸ. ਬੂਟਾ ਸਿੰਘ ਨੂੰ ਸੌਂਪ ਦਿੱਤੇ ਸਨ ਅਤੇ ਉਹਨਾਂ ਇਹ ਚਾਬੀਆਂ ਤੇ ਅਲਾਟਮੈਂਟ ਪੱਤਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਬੰਸ ਸਿੰਘ ਮਨਚੰਦਾ ਦੇ ਸਪੁਰਦ ਕਰ ਦਿੱਤੇ ਸਨ।[1] ਕੋਤਵਾਲੀ ਵਾਲੇ ਇਸ ਅਸਥਾਨ 'ਤੇ ਗੁਰੂ ਕਾ ਲੰਗਰ ਦੀ ਵਿਸ਼ਾਲ ਇਮਾਰਤ ਉਸਾਰੀ ਗਈ ਹੈ ਜਿੱਥੇ ਹਜ਼ਾਰਾਂ ਸੰਗਤਾਂ ਰੋਜਾਨਾਂ ਲੰਗਰ ਛਕਦੀਆਂ ਹਨ।

ਦਰਬਾਰ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਦੇ ਹੇਠਾਂ ਉਹ ਅਸਥਾਨ ਸੰਭਾਲ ਕੇ ਰੱਖਿਆ ਹੋਇਆ ਹੈ ਜਿੱਥੇ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਸਮੂਹ ਸੰਗਤਾਂ ਪੂਰਨ ਸ਼ਰਧਾ, ਸਤਿਕਾਰ ਅਤੇ ਸਮਰਪਣ ਤਹਿਤ ਇਸ ਅਸਥਾਨ 'ਤੇ ਮੱਥਾ ਟੇਕਦੀਆਂ ਹਨ। ਦਰਬਾਰ ਹਾਲ ਦੇ ਬਾਹਰਲੇ ਪਾਸੇ ਜੋੜਾ-ਘਰ ਦੇ ਨਾਲ ਉਹ ਖੂਹ ਵੀ ਸੰਭਾਲ ਕੇ ਰੱਖਿਆ ਹੋਇਆ ਹੈ ਜਿਸ ਦੇ ਪਾਣੀ ਨਾਲ ਸ਼ਹਾਦਤ ਤੋਂ ਪਹਿਲਾਂ ਗੁਰੂ ਜੀ ਨੇ ਇਸ਼ਨਾਨ ਕੀਤਾ ਸੀ। *ਗੁਰਦੁਆਰਾ ਸੀਸ ਗੰਜ ਸਾਹਿਬ* ਦੇ ਸਾਹਮਣੇ ਹੀ ਚਾਂਦਨੀ ਚੌਕ ਵਿਖੇ ਜਿਸ ਅਸਥਾਨ 'ਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਸ਼ਹੀਦ ਕੀਤਾ ਗਿਆ ਸੀ ਉੱਥੇ ਚੌਂਕ ਵਿਚ ਇਹਨਾਂ ਦੀ ਯਾਦਗਾਰ ਬਣੀ ਹੋਈ ਹੈ। ਇਸ ਚੌਕ ਦੇ ਨਾਲ ਹੀ ਭਾਈ ਮਤੀ ਦਾਸ ਅਜਾਇਬ-ਘਰ ਬਣਾਇਆ ਗਿਆ ਹੈ। *ਗੁਰਦੁਆਰਾ ਸੀਸ ਗੰਜ ਸਾਹਿਬ* ਵਿਖੇ ਦਰਸ਼ਨ ਕਰਨ ਲਈ ਆਉਣ ਵਾਲੇ ਸ਼ਰਧਾਲੂਆਂ ਲਈ ਨਿਵਾਸ ਅਤੇ ਪਾਰਕਿੰਗ ਦੀ ਸਹੂਲਤ ਮੌਜੂਦ ਹੈ ਅਤੇ ਸਿੱਖ ਇਤਿਹਾਸ ਨੂੰ ਪੜ੍ਹਨ ਦੀ ਰੁਚੀ ਰੱਖਣ ਵਾਲਿਆਂ ਲਈ ਵਾਜਿਬ ਕੀਮਤ 'ਤੇ ਕਿਤਾਬਾਂ ਮੁਹੱਈਆ ਕਰਵਾਉਣ ਲਈ ਪ੍ਰਬੰਧ ਕੀਤਾ ਗਿਆ ਹੈ। ਮੌਜੂਦਾ ਸਮੇਂ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਗੁਰਧਾਮ ਦਾ ਪ੍ਰਬੰਧ ਕੀਤਾ ਜਾਂਦਾ ਹੈ।

2. **ਗੁਰਦੁਆਰਾ ਰਕਾਬ ਗੰਜ ਸਾਹਿਬ :** ਭਾਰਤ ਦੀ ਪਾਰਲੀਮੈਂਟ ਦੇ ਸਾਹਮਣੇ ਇਹ ਗੁਰਧਾਮ ਸਥਿਤ ਹੈ। 1675 ਵਿਚ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕਰ ਦਿੱਤਾ ਤਾਂ ਭਾਈ ਜੈਤਾ ਆਪਣੇ ਸਾਥੀਆਂ ਸਮੇਤ ਗੁਰੂ ਜੀ ਦਾ ਸੀਸ ਲੈ ਕੇ ਅਨੰਦਪੁਰ ਵੱਲ ਚਲਾ ਗਿਆ ਸੀ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਆਪਣੇ ਪੁੱਤਰ ਭਾਈ ਨਗਾਹੀਆ ਦੀ ਸਹਾਇਤਾ ਨਾਲ ਗੁਰੂ ਜੀ ਦਾ ਧੜ ਲੈ ਕੇ ਆਪਣੇ ਘਰ ਪਿੰਡ ਰਾਇਸੀਨਾ ਵਿਖੇ ਆ ਗਏ ਸਨ। ਘਰ ਵਿਖੇ ਹੀ ਇਹਨਾਂ ਨੇ ਗੁਰੂ ਜੀ ਦਾ ਅੰਤਿਮ ਸਸਕਾਰ ਕਰ ਦਿੱਤਾ ਸੀ। ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦਗਾਰ ਸਭ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬਣਾਈ ਸੀ ਜਿਸ ਦਾ ਵਰਨਨ ਕਰਦੇ ਹੋਏ ਭਾਈ ਸੰਤੋਖ ਸਿੰਘ ਦੱਸਦੇ ਹਨ:

> **ਸੁਨਿ ਕੈ ਸਿੱਖ ਗਏ ਤਬਿ ਸਯਾਨੇ। ਜਹਿਂ ਸਸਕਾਰੇ ਜੋ ਤਹਿਂ ਜਾਨੇ।**
> **ਨਿਰਨੈ ਕਰਯੋ ਲਿਯੋ ਥਲ ਸੋਊ। ਬਨਵਾਯਹੁ ਮੰਦਿਰ ਸਭਿ ਕੋਊ॥**[2]

1. ਐਡੀਟੋਰੀਅਲ ਨੋਟ, *ਅਜੀਤ,* 16.06.1983.
2. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਐਨ 1.33; ਭਾਈ ਗੁਲਾਬ ਸਿੰਘ ਵਾਲੀ ਗੁਰ-ਪ੍ਰਣਾਲੀ ਵਿਚ ਦੱਸਿਆ ਗਿਆ ਹੈ - ਤਾਂ ਦਿਲਵਾਲੀ ਸਿੱਖਾਂ ਔ ਨਿਗਾਹੀ ਹੂੰ ਲਬਾਣੇ ਗੁਰਸਿੱਖ ਪੁਰ ਵਾ ਕੇ ਡੇਢ ਕੋਸ ਧਾਯੋ ਹੈ॥ ਡੇਢ ਕੋਸ ਦੱਖਣ ਕੀ ਓਰ ਹੂੰ 'ਰਕਾਬਗੰਜ' ਨਾਮ ਉਸ ਠੌਰ ਬਿਖੈ ਸੰਸਕਾਰ ਕੀਓ ਹੈ। ਗੁਰੂ ਠੌਰ ਕਰ ਸੋ ਪ੍ਰਸਿੱਧ ਹੈ 'ਰਕਾਬਗੰਜ' ਭਾਣਾ ਵਰਤਾਯ ਔਰ ਗੁਰਾਂ ਜਬ ਦੀਓ ਹੈ। *ਇਤਿਹਾਸਕ ਪੱਤ੍ਰ,* ਵੈਸਾਖ, ਜੇਠ, ਹਾੜ, 1950, ਪੰਨਾ 37.

1783 ਵਿਚ ਬਾਬਾ ਬਘੇਲ ਸਿੰਘ ਨੇ ਗੁਰੂ ਜੀ ਦੀ ਯਾਦ ਵਿਚ *ਗੁਰਦੁਆਰਾ ਰਕਾਬ ਗੰਜ ਸਾਹਿਬ* ਦੀ ਉਸਾਰੀ ਕਰਵਾਈ। ਬਾਬਾ ਜੀ ਨੂੰ ਇਸ ਅਸਥਾਨ ਦੀ ਨਿਸ਼ਾਨਦੇਹੀ ਲੱਖੀ ਸ਼ਾਹ ਵਣਜਾਰਾ ਦੇ ਪਰਿਵਾਰ ਨੇ ਦਿੱਤੀ ਸੀ ਜਿਸ ਦੀ ਜਾਣਕਾਰੀ ਦਿੰਦੇ ਹੋਏ ਗਿਆਨੀ ਗਿਆਨ ਸਿੰਘ ਦੱਸਦਾ ਹੈ:

ਫਿਰ ਤੁਰਕੋਂ ਨੇ ਤਹਾਂ ਮਸੀਤ। ਰਚ ਰਾਖੀ ਥੀ ਠਟ ਬਦਨੀਤਿ।
ਲੱਖੀ ਕੀ ਸੰਤਤਿ ਨੇ ਪਤਾ। ਦੀਨੋ ਸਿੰਘਨ ਕਰ ਗੁਰੁਮਤਾ।[1]

ਜਦੋਂ ਬਾਬਾ ਬਘੇਲ ਸਿੰਘ ਜੀ ਇਸ ਅਸਥਾਨ 'ਤੇ ਗਏ ਤਾਂ ਇੱਥੇ ਮਸਜਿਦ ਬਣੀ ਹੋਈ ਸੀ। ਬਾਬਾ ਜੀ ਨੇ ਇੱਥੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਨਵੇਂ ਗੁਰਧਾਮ ਦੀ ਉਸਾਰੀ ਦਾ ਫ਼ੈਸਲਾ ਕੀਤਾ ਤਾਂ ਸਥਾਨਿਕ ਮੁਸਲਮਾਨਾਂ ਨੇ ਬਾਦਸ਼ਾਹ ਕੋਲ ਇਸ ਦੀ ਸ਼ਿਕਾਇਤ ਕੀਤੀ:

ਸੁਨ ਤੁਰਕਨ ਤਹਿਂ ਅਗ ਲਗੀ ਗਿਰਨ ਮਸੀਤਨ ਨਾਇ।
ਗੇਰ ਮਸੀਤੈਂ ਕਿਮ ਜੀਏਂ ਜਹਿਂ ਬੈਸ ਨਿਮਾਜ਼ ਪੜ੍ਹਾਇ॥[2]

ਬਾਦਸ਼ਾਹ ਨੇ ਸ਼ਿਕਾਇਤ ਕਰਨ ਗਏ ਮੁਸਲਮਾਨਾਂ ਨੂੰ ਕਿਹਾ ਕਿ ਸਿੱਖ ਸਰਦਾਰਾਂ ਨਾਲ ਇਹੀ ਸਮਝੌਤਾ ਹੋਇਆ ਹੈ ਕਿ ਉਹ ਦਿੱਲੀ ਵਿਖੇ ਆਪਣੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਧਾਮਾਂ ਦੀ ਸੇਵਾ ਕਰ ਲੈਣ। ਇਸ ਸਮੇਂ ਉਹਨਾਂ ਨੂੰ ਰੋਕਣਾ ਸੰਭਵ ਨਹੀਂ ਕਿਉਂਕਿ ਇਸ ਨਾਲ ਇਕ ਤਾਂ ਬਚਨ ਤੋਂ ਝੂਠੇ ਪੈ ਜਾਵਾਂਗੇ ਅਤੇ ਨਾਲ ਹੀ ਸਿੱਖ ਸਾਨੂੰ ਵੀ ਗੱਦੀ ਤੋਂ ਲਾਂਭੇ ਕਰ ਦੇਣਗੇ:

ਜੌ ਹਮ ਲਿਖਤ ਚਹੈਂ ਅਬ ਮੋੜੀ, ਬਘੇਲ ਸਿੰਘ ਸੋਂ ਹੋ ਜਾਇ ਤੋੜ ਵਿਛੋੜੀ।
ਡੇਰਾ ਪਾਉਗੁ ਚਕ ਹਮ ਦੇਸ਼ ਮਾਂਹਿ, ਹਮ ਕੌਲ ਕਸਮ ਤੇ ਝੂਠੇ ਪਾਂਹਿ।[3]

ਸਮੇਂ ਦੀ ਹਕੂਮਤ ਬਾਬਾ ਬਘੇਲ ਸਿੰਘ ਨਾਲ ਹੋਏ ਇਕਰਾਰ ਤੋਂ ਪਿੱਛੇ ਨਹੀਂ ਹਟਣਾ ਚਾਹੁੰਦੀ ਸੀ ਕਿਉਂਕਿ ਇਸ ਨਾਲ ਦਿੱਲੀ ਦੇ ਤਖ਼ਤ ਦੀ ਸਰਦਾਰੀ ਜਾਣ ਦਾ ਖ਼ਤਰਾ ਸੀ। ਬਾਬਾ ਜੀ ਨੇ ਇਸ ਅਸਥਾਨ 'ਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾ ਕੇ ਨਿਸ਼ਾਨ ਸਾਹਿਬ ਝੁਲਾ ਦਿੱਤਾ ਸੀ। 1913 ਵਿਚ ਵਾਇਸਰਾਇ ਦੀ ਕੋਠੀ ਲਈ ਸੜਕ ਸਿੱਧੀ ਕਰਨ ਲਈ ਇਸ ਗੁਰਦੁਆਰਾ ਸਾਹਿਬ ਦੀ ਕੰਧ ਢਾਹ ਦਿੱਤੀ ਗਈ ਸੀ ਜਿਸ ਦਾ ਸਿੱਖਾਂ ਵੱਲੋਂ ਭਾਰੀ ਵਿਰੋਧ ਹੋਇਆ। ਸਮੁੱਚੇ ਹਾਲਾਤ ਸੰਬੰਧੀ ਜਾਣਕਾਰੀ ਲੈਣ ਲਈ ਸਮੂਹ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਦਿੱਲੀ ਜਾਂਦੇ ਰਹੇ। ਵਿਅਕਤੀਗਤ ਤੌਰ 'ਤੇ ਵੀ ਇਸ ਗੁਰਦੁਆਰਾ ਸਾਹਿਬ ਸੰਬੰਧੀ ਜਾਣਕਾਰੀ ਲੈਣ ਲਈ ਸਿੱਖ ਦਿੱਲੀ ਜਾਣ ਲੱਗੇ। ਗੁਰਦੁਆਰਾ ਸਾਹਿਬ ਦੇ ਹਾਲਾਤ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਸ. ਹਰਚੰਦ ਸਿੰਘ ਰਈਸ ਲਾਇਲਪੁਰੀ 27 ਜਨਵਰੀ 1914 ਨੂੰ ਦਿੱਲੀ ਗਏ ਅਤੇ ਇਹਨਾਂ ਨੇ *ਗੁਰਦੁਆਰਾ ਸੀਸ ਗੰਜ ਸਾਹਿਬ* ਅਤੇ *ਗੁਰਦੁਆਰਾ ਰਕਾਬ ਗੰਜ ਸਾਹਿਬ* ਦੇ ਹਾਲਾਤ ਬਾਰੇ ਜੋ ਜਾਣਕਾਰੀ ਪ੍ਰਾਪਤ ਕੀਤੀ ਉਹ ਪ੍ਰਕਾਸ਼ਿਤ ਰੂਪ ਵਿਚ ਵੀ ਸਾਹਮਣੇ ਆਈ। *ਗੁਰਦੁਆਰਾ ਰਕਾਬ ਗੰਜ ਸਾਹਿਬ* ਦੀ ਕੰਧ ਸੰਬੰਧੀ ਜਾਣਕਾਰੀ ਦਿੰਦੇ ਹੋਏ ਇਹ ਲਿਖਦੇ ਹਨ, "ਗਰਬੀ ਹਿੱਸਾ ਗੁਰਦੁਆਰਾ ਕੀ ਦੋਨੋਂ ਫਸੀਲੋਂ ਕੋ ਗਿਰਾ ਕਰ ਏਕ ਨਲਕਾ ਪਾਨੀ ਔਰ ਸੜਕ ਪੁਖਤਾ ਗੁਜ਼ਰਨੇ ਕੀ ਤਜਵੀਜ ਹੈ। ਬਲਕਿ ਏਕ ਫਸੀਲ ਕੋ ਮਜ਼ਦੂਰੋਂ ਨੇ ਗਿਰਾਨਾ ਭੀ ਸ਼ੁਰੂ ਕਰ ਦੀਆ ਥਾ। ਚੁਨਾਂਚਿ ਗੈਂਤੀਓਂ ਕੇ ਨਿਸ਼ਾਨ ਇਸ ਵਕਤ ਫਸੀਲ ਕੇ ਬੈਰੂਨੀ ਹਿੱਸੇ ਪਰ ਮੌਜੂਦ ਹੈ। ਇਸ ਮੌਕਾ ਪਰ ਨਾਬਾਲਗ ਗਰੰਥੀ ਕੀ ਵਾਲਿਦਾਹ ਕੀ ਫਰਿਆਦ ਔਰ

1. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 1135.
2. ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਸੰਪਾ. ਜੀਤ ਸਿੰਘ ਸੀਤਲ, ਪੰਨਾ 556.
3. *ਉਹੀ.*

ਆਹ ਵ ਜ਼ਾਰੀ ਕਰਨੇ ਪਰ ਫਸੀਲ ਕਾ ਗਿਰਾਨਾ ਫਿਲਹਾਲ ਰੋਕਾ ਗਿਆ ਹੈ। ਲੇਕਿਨ ਸੜਕ ਔਰ ਨਲਕਾ ਕੇ ਨਿਸ਼ਾਨ ਫਸੀਲ ਕੇ ਬਾਹਰ ਜ਼ਮੀਨ ਪਰ ਮੌਜੂਦ ਹੈਂ ਔਰ ਫਸੀਲ ਕੇ ਕਰੀਬ ਬਾਹਰ ਕੀ ਤਰਫ ਆਹਿਨੀ ਨਲਕੇ ਭੀ ਰਖੇ ਹੁਏ ਹੈਂ।[1] ਉਸ ਸਮੇਂ ਦੇ ਹਾਲਾਤ ਦੀ ਇਕ ਰਿਪੋਰਟ ਦੀ ਪੁਨਰ-ਉਸਾਰੀ ਲਈ ਸਿੱਖਾਂ ਨੇ ਸ. ਸਰਦੂਲ ਸਿੰਘ ਕਵੀਸ਼ਰ ਦੀ ਅਗਵਾਈ ਵਿਚ ਇਕ ਸ਼ਹੀਦੀ ਜਥਾ ਤਿਆਰ ਕੀਤਾ ਸੀ ਜਿਸ ਵਿਚ 100 ਅਜਿਹੇ ਸਿੱਖਾਂ ਦੀ ਮੰਗ ਕੀਤੀ ਗਈ ਜਿਹੜੇ ਕੰਧ ਦੀ ਉਸਾਰੀ ਲਈ ਆਪਣਾ ਸਿਰ ਦੇਣ ਲਈ ਤਿਆਰ ਹੋਣ। 700 ਤੋਂ ਵਧੇਰੇ ਸਿੱਖਾਂ ਨੇ ਇਸ ਕਾਰਜ ਲਈ ਆਪਣਾ ਸਿਰ ਦੇਣ ਦੀ ਪੇਸ਼ਕਸ਼ ਕੀਤੀ ਅਤੇ ਦਿੱਲੀ ਜਾਣ ਵਾਲੇ ਜਥੇ ਵਿਚ ਆਪਣਾ ਨਾਂ ਲਿਖਵਾਇਆ। ਲੋੜ ਤੋਂ ਵਧੇਰੇ ਨਾਂ ਆ ਜਾਣ ਕਾਰਨ ਹੋਰਨਾਂ ਸਿੱਖਾਂ ਨੂੰ ਰੋਕਣ ਲਈ ਇਕ ਇਸ਼ਤਿਹਾਰ ਦਿੱਤਾ ਗਿਆ, "ਅਜੇ ਤੱਕ ਹਰ ਰੋਜ 'ਸ਼ਹੀਦੀ ਦਲ' ਵਿਚ ਨਾਮ ਆ ਰਹੇ ਹਨ। ਸਾਰੇ ਤਕਰੀਬਨ ਸਤ ਅਠ ਸੌ ਬਣ ਗਏ ਹਨ। ਇਸ ਲਈ ਹੁਣ ਅਖਬਾਰ ਵਿਚ ਛਾਪਣੇ ਬੰਦ ਕਰ ਦਿੱਤੇ ਹਨ। ਵਿਚਾਰ ਕੀਤੀ ਗਈ ਕਿ ਦੋ ਸੱਜਣ ਛੇਤੀ ਦਿੱਲੀ ਭੇਜੇ ਜਾਣ ਜੋ ਸਭ ਹਾਲ ਪੂਰਾ ਪਤਾ ਕਰ ਕੇ ਸਿੱਖ ਲੀਗ ਦੇ ਸਮਾਗਮ ਵੇਲੇ 'ਸ਼ਹੀਦੀ ਦਲ' ਵਿਚ ਪੇਸ਼ ਕਰਨ। ਇਸ ਲਈ ਜ਼ਰੂਰੀ ਬੇਨਤੀ ਹੈ ਕਿ 19, 20 ਅਤੇ 21 ਅਕਤੂਬਰ ਨੂੰ ਜਿਨ੍ਹਾਂ ਸਜਨਾਂ ਨੇ 'ਸ਼ਹੀਦੀ ਦਲ' ਵਿਚ ਨਾਮ ਲਿਖਵਾਏ ਹਨ, ਜ਼ਰੂਰ ਦਰਸ਼ਨ ਦੇਣ ਤਾਂ ਜੋ ਢੱਠੀ ਹੋਈ ਕੰਧ ਚਾੜਨ ਲਈ ਛੇਕੜਲਾ ਫੈਸਲਾ ਕੀਤਾ ਜਾਵੇ"[2] ਇਸ 'ਸ਼ਹੀਦੀ ਦਲ' ਦੇ ਦਿੱਲੀ ਜਾਣ ਤੋਂ ਪਹਿਲਾਂ ਹੀ ਇਸ ਗੁਰਧਾਮ ਦੀ ਕੰਧ ਦੁਬਾਰਾ ਉਸਾਰ ਦਿੱਤੀ ਗਈ ਸੀ।

1922 ਵਿਚ ਮਹੰਤ ਗੁਰਬਖ਼ਸ਼ ਸਿੰਘ ਕੋਲੋਂ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਆਇਆ ਅਤੇ ਮੌਜੂਦਾ ਸਮੇਂ ਵਿਚ ਇਸ ਦਾ ਪ੍ਰਬੰਧ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾ ਰਿਹਾ ਹੈ। ਇੱਥੇ ਹੀ ਕਮੇਟੀ ਦਾ ਮੁੱਖ ਦਫ਼ਤਰ ਅਤੇ ਨਵੰਬਰ 1984 ਦੇ ਸ਼ਹੀਦ ਸਿੱਖਾਂ ਦੀ ਯਾਦਗਾਰ ਬਣੀ ਹੋਈ ਹੈ। ਦਿੱਲੀ ਦੀ ਸਿੱਖ ਸੰਗਤ ਵੱਲੋਂ ਖ਼ੁਸ਼ੀ-ਗਮੀ ਦੇ ਸਮਾਗਮ ਇਸੇ ਗੁਰਧਾਮ ਵਿਖੇ ਬਣੇ ਹੋਏ ਵਿਭਿੰਨ ਹਾਲਾਂ ਵਿਚ ਕੀਤੇ ਜਾਂਦੇ ਹਨ।

ਸੋਨੀਪਤ : ਹਰਿਆਣਾ ਦੇ ਸੋਨੀਪਤ ਜ਼ਿਲੇ ਵਿਚ ਇਹ ਪਿੰਡ ਮੁਰਥਲ ਤੋਂ 13 ਕਿਲੋਮੀਟਰ ਦੀ ਦੂਰੀ 'ਤੇ ਦਿੱਲੀ ਦੇ ਨੇੜੇ ਸਥਿਤ ਹੈ। ਨੈਸ਼ਨਲ ਹਾਈਵੇ 'ਤੇ ਹਰਿਆਣਾ ਸਰਕਾਰ ਦੇ ਪੁਰਾਤਤਵ ਅਤੇ ਮਿਊਜ਼ੀਅਮ ਵਿਭਾਗ ਵੱਲੋਂ ਗੁਰੂ ਤੇਗ ਬਹਾਦਰ ਜੀ ਅਤੇ ਭਾਈ ਕੁਸ਼ਾਲ ਚੌਧਰੀ ਦੀ ਇਕ ਸਾਂਝੀ ਯਾਦਗਾਰ ਸਥਾਪਿਤ ਕੀਤੀ ਗਈ ਹੈ। ਅਸਲ ਪਿੰਡ ਯਾਦਗਾਰੀ ਅਸਥਾਨ ਦੇ ਸਾਹਮਣੇ ਮੁੱਖ ਸੜਕ ਤੋਂ ਇਕ ਕਿਲੋਮੀਟਰ ਅੰਦਰ ਵੱਲ ਹੈ ਜਿਸ ਦਾ ਨਾਂ ਬੜ੍ਹ ਖ਼ਾਲਸਾ ਹੈ। ਇਸ ਪਿੰਡ ਦਾ ਪੁਰਾਤਨ ਨਾਂ ਕੁਸ਼ਾਲ ਗੜ੍ਹੀ ਸੀ ਅਤੇ ਇੱਥੇ ਭਾਈ ਕੁਸ਼ਾਲ ਆਪਣੇ ਪਰਿਵਾਰ ਸਮੇਤ ਰਹਿੰਦਾ ਸੀ। 11 ਨਵੰਬਰ 1675 ਦੀ ਰਾਤ ਨੂੰ ਜਦੋਂ ਭਾਈ ਜੈਤਾ ਚਾਂਦਨੀ ਚੌਂਕ ਤੋਂ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਵੱਲ ਨੂੰ ਆਇਆ ਤਾਂ ਇਸ ਗੜ੍ਹੀ ਵਿਚ ਰੁਕਿਆ ਦੱਸਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਭਾਈ ਜੈਤਾ ਜੀ ਦੀ ਸਹਾਇਤਾ ਕਰਨ ਬਦਲੇ ਭਾਈ ਕੁਸ਼ਾਲ ਨੂੰ ਸਿਰ ਦੇਣਾ ਪਿਆ ਸੀ। ਡਾ. ਫੌਜਾ ਸਿੰਘ ਅਤੇ ਮੇਜਰ ਗੁਰਮੁਖ ਸਿੰਘ ਆਦਿ ਵਿਦਵਾਨਾਂ ਨੇ 1976 ਅਤੇ 1995 ਵਿਚ ਗੁਰੂ ਤੇਗ ਬਹਾਦਰ ਜੀ ਦੇ ਚਰਨ ਛੋਹ ਅਸਥਾਨਾਂ ਸੰਬੰਧੀ ਬਹੁਤ ਹੀ ਖੋਜ-ਭਰਪੂਰ ਕਾਰਜ ਕੀਤੇ ਹਨ ਪਰ ਇਹਨਾਂ ਨੇ ਇਸ ਅਸਥਾਨ ਸੰਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ ਅਤੇ ਨਾ ਹੀ ਇਸ ਤੋਂ ਪਹਿਲਾਂ ਦੇ ਸਰੋਤਾਂ ਵਿਚ ਕੁਸ਼ਾਲ ਚੌਧਰੀ ਦੇ ਭਾਈ ਜੈਤਾ ਦੀ ਸਹਾਇਤਾ ਕਰਨ ਬਦਲੇ ਸਿਰ ਦੇਣ ਦਾ ਕੋਈ ਜ਼ਿਕਰ ਆਉਂਦਾ ਹੈ।

---

1. ਹਰਚੰਦ ਸਿੰਘ ਰਈਸ ਲਾਇਲਪੁਰੀ, ਗੁਰਦੁਆਰਾ ਰਕਾਬ ਗੰਜ ਦੇਹਲੀ ਕੇ ਚਸ਼ਮਦੀਦ ਹਾਲਾਤ (1914), *The Panjab Past and Present,* ed. by Ganda Singh, April 1975, p. 211.
2. *ਅਕਾਲੀ,* ਲਾਹੌਰ, 4 ਅਕਤੂਬਰ 1920.

ਸਥਾਨਿਕ ਪਰੰਪਰਾ ਦੇ ਆਧਾਰ 'ਤੇ ਹਰਿਆਣਾ ਸਰਕਾਰ ਨੇ ਇਹ ਯਾਦਗਾਰ ਸਥਾਪਿਤ ਕੀਤੀ ਹੈ। ਮਿਊਜ਼ਿਅਮ ਦੇ ਨਾਲ ਹੀ ਗੁਰਦੁਆਰਾ ਸਾਹਿਬ ਸਸ਼ੋਭਿਤ ਹੈ ਜਿਸ ਦੀ ਸਾਂਭ-ਸੰਭਾਲ ਲਈ 11 ਮੈਂਬਰੀ ਕਮੇਟੀ ਬਣੀ ਹੋਈ ਹੈ, ਸੋਨੀਪਤ ਦੇ ਸ. ਭਗਵੰਤ ਸਿੰਘ ਜੱਬਲ ਇਸ ਦੇ ਪ੍ਰਧਾਨ ਹਨ। ਸੋਨੀਪਤ ਦਾ ਡਿਪਟੀ ਕਮਿਸ਼ਨਰ ਇਸ ਕਮੇਟੀ ਦਾ ਚੇਅਰਮੈਨ ਹੈ।

ਤਰਾਵੜੀ : ਹਰਿਆਣਾ ਦਾ ਇਹ ਨਗਰ ਕਰਨਾਲ ਤੋਂ ਅੰਬਾਲਾ ਵਾਲੀ ਸੜਕ 'ਤੇ ਕਰਨਾਲ ਤੋਂ ਲਗ-ਪਗ 15 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇੱਥੇ ਇਕ ਕਿਲ੍ਹੇ ਦੇ ਬਾਹਰ ਜੌਹੜ (ਟੋਭੇ) 'ਤੇ ਧੋਬੀ ਫ਼ੌਜਾਂ ਦੇ ਕੱਪੜੇ ਧੋਇਆ ਕਰਦੇ ਸਨ ਜਿਨ੍ਹਾਂ ਵਿਚ ਭਾਈ ਦੇਵਾ ਰਾਮ ਵੀ ਸ਼ਾਮਲ ਸੀ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਇਹ ਗੁਰੂ-ਘਰ ਦਾ ਸ਼ਰਧਾਲੂ ਸੀ ਅਤੇ ਇਸ ਨੂੰ ਗੁਰੂ ਜੀ ਦੇ ਦਿੱਲੀ ਵੱਲ ਜਾਣ ਦੀ ਜਾਣਕਾਰੀ ਸੀ। ਭਾਈ ਜੈਤਾ ਗੁਰੂ ਜੀ ਦਾ ਸੀਸ ਲੈ ਕੇ ਇੱਥੇ ਪੁੱਜਾ ਤਾਂ ਇਸ ਦੀ ਕਿਲ੍ਹੇ ਦੇ ਬਾਹਰ ਕੱਪੜੇ ਧੋ ਰਹੇ ਭਾਈ ਦੇਵਾ ਰਾਮ ਨਾਲ ਮੁਲਾਕਾਤ ਹੋਈ। ਗੁਰੂ ਜੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਇਹ ਬਿਹਬਲ ਸੀ ਅਤੇ ਜਦੋਂ ਇਸ ਨੂੰ ਭਾਈ ਜੈਤੇ ਤੋਂ ਸਾਰੀ ਘਟਨਾ ਦਾ ਪਤਾ ਲੱਗਿਆ ਤਾਂ ਇਹ ਭਾਈ ਸਾਹਿਬ ਨੂੰ ਆਪਣੇ ਘਰ ਲੈ ਗਿਆ। ਸਾਰੀ ਰਾਤ ਗੁਰੂ ਜੀ ਦੇ ਸੀਸ ਦੀ ਰਖਵਾਲੀ ਅਤੇ ਸੇਵਾ ਵਿਚ ਰਹਿ ਕੇ ਇਸ ਨੇ ਭਾਈ ਜੈਤਾ ਜੀ ਨੂੰ ਆਰਾਮ ਦਿਵਾਇਆ। ਅਗਲੇ ਦਿਨ ਸਵੇਰੇ ਭਾਈ ਜੈਤਾ ਗੁਰੂ ਜੀ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਵੱਲ ਚੱਲ ਪਿਆ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸੀਸ ਗੰਜ ਸਾਹਿਬ ਪਾਤਸ਼ਾਹੀ ਨੌਂਵੀਂ* ਮੌਜੂਦ ਹੈ ਜਿਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਕੀਤਾ ਜਾ ਰਿਹਾ ਹੈ। ਸੌਂਕੜਾ ਪਿੰਡ ਦੇ ਸ. ਪ੍ਰਤਾਪ ਸਿੰਘ ਸਥਾਨਿਕ ਕਮੇਟੀ ਦੇ ਪ੍ਰਧਾਨ ਹਨ। ਇਹਨਾਂ ਦੱਸਿਆ ਕਿ ਇਹਨਾਂ ਤੋਂ ਪਹਿਲਾਂ ਸ੍ਰੀ ਮਾਤੂ ਰਾਮ, ਲਾਲਾ ਦਇਆ ਰਾਮ, ਸ. ਲੱਖਾ ਸਿੰਘ, ਸ. ਬਲਵੰਤ ਸਿੰਘ, ਸ. ਸੰਪੂਰਨ ਸਿੰਘ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਰਹੇ ਹਨ। ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਅਤੇ ਪੰਚਮੀ ਇੱਥੇ ਮਨਾਈ ਜਾਂਦੀ ਹੈ ਅਤੇ ਬਸੰਤ ਪੰਚਮੀ ਨੂੰ ਵਿਸ਼ੇਸ਼ ਜੋੜ ਮੇਲਾ ਹੁੰਦਾ ਹੈ।

ਸੰਗਤ ਲਈ ਸੁਵਿਧਾ ਪ੍ਰਦਾਨ ਕਰਨ ਲਈ ਇਸ ਅਸਥਾਨ ਦੇ ਪੁਰਾਤਨ ਮੰਜੀ ਸਾਹਿਬ ਦੀ ਇਮਾਰਤ ਦੀ ਨਵ-ਉਸਾਰੀ ਕੀਤੀ ਗਈ ਹੈ। 2007 ਵਿਚ ਨਵੇਂ ਗੁਰਧਾਮ ਦੀ ਉਸਾਰੀ ਦੇ ਨਾਲ-ਨਾਲ ਹਰੀਜਨ ਭਾਈਚਾਰੇ ਦੇ ਲਗ-ਪਗ 20 ਘਰ ਖਰੀਦ ਕੇ ਇਸ ਦਾ ਆਲਾ-ਦੁਆਲਾ ਵੀ ਖੁੱਲ੍ਹਾ ਕਰ ਦਿੱਤਾ ਗਿਆ ਹੈ। ਪੁਰਾਤਨ ਭੌਰਾ ਸਾਹਿਬ ਅਤੇ ਥੜ੍ਹਾ ਸਾਹਿਬ ਵੀ ਨਵੇਂ ਰੂਪ ਵਿਚ ਮੌਜੂਦ ਹਨ। ਲਗ-ਪਗ 5 ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦੀਵਾਨ ਹਾਲ, ਲਾਇਬਰੇਰੀ, ਡਿਸਪੈਂਸਰੀ, ਸਰੋਵਰ, 15 ਰਿਹਾਇਸ਼ੀ ਕਮਰੇ, 10 ਸਟਾਫ਼ ਕਵਾਟਰ ਆਦਿ ਬਣੇ ਹੋਏ ਹਨ। 12 ਏਕੜ ਵਾਹੀ ਯੋਗ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ ਜਿਸ 'ਤੇ ਖੇਤੀ ਕੀਤੀ ਜਾਂਦੀ ਹੈ।

ਅੰਬਾਲਾ : ਹਰਿਆਣੇ ਦਾ ਇਹ ਪ੍ਰਮੁੱਖ ਨਗਰ ਰੇਲਵੇ ਦਾ ਇਕ ਵੱਡਾ ਜੰਕਸ਼ਨ ਹੈ ਜਿੱਥੋਂ ਦਿੱਲੀ, ਪੰਜਾਬ, ਉੱਤਰਾਖੰਡ, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਆਦਿ ਰਾਜਾਂ ਲਈ ਰੇਲ ਗੱਡੀਆਂ ਹੋ ਕੇ ਗੁਜ਼ਰਦੀਆਂ ਹਨ। 14ਵੀਂ ਸਦੀ ਵਿਚ ਇਸ ਨਗਰ ਦਾ ਮੁੱਢ ਬੱਝਿਆ ਸੀ। ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿਕ੍ਰਿਸ਼ਨ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਗੁਰਧਾਮ ਇਸ ਨਗਰ ਦੀ ਸਿੱਖ ਇਤਿਹਾਸ ਨਾਲ ਸਾਂਝ ਅਤੇ ਮਹੱਤਵ ਦਾ ਪ੍ਰਗਟਾਵਾ ਕਰਦੇ ਹਨ। 1710 ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਨੂੰ ਸਿੱਖ ਰਾਜ ਵਿਚ ਸ਼ਾਮਲ ਕੀਤਾ ਸੀ ਅਤੇ 1765 ਵਿਚ ਪੰਜਾਬ 'ਤੇ ਕਬਜ਼ਾ ਹੋ ਜਾਣ ਉਪਰੰਤ ਇਹ ਨਗਰ ਫਿਰ ਸਿੱਖ ਸਰਦਾਰਾਂ ਅਧੀਨ ਆ ਗਿਆ ਸੀ। ਇਹ ਨਗਰ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਵੀ ਰਿਹਾ ਪਰ 1809 ਦੀ ਸੰਧੀ ਉਪਰੰਤ ਇਹ ਅੰਗਰੇਜ਼ ਸਰਕਾਰ ਦੀ ਸਰਪ੍ਰਸਤੀ ਅਧੀਨ ਚਲਾ ਗਿਆ। ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਦੋ ਗੁਰਧਾਮ ਇਸ ਨਗਰ ਵਿਖੇ ਮੌਜੂਦ ਹਨ।

1. **ਗੁਰਦੁਆਰਾ ਸਤਿਸੰਗਤ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ :** ਅੰਬਾਲਾ ਸ਼ਹਿਰ ਦੇ ਪੁਰਾਣੇ ਸਿਵਲ ਹਸਪਤਾਲ ਨੇੜੇ ਕੁਮ੍ਹਾਰਾਂ (ਘੁਮਿਆਰਾਂ) ਦੇ ਮੁਹੱਲੇ ਵਿਖੇ ਇਹ ਗੁਰਧਾਮ ਸਥਿਤ ਹੈ। 1675 ਵਿਚ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ ਤਾਂ ਉਹਨਾਂ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਵੱਲ ਆਉਂਦੇ ਹੋਏ ਭਾਈ ਜੈਤਾ ਟਾਂਗਰੀ ਨਦੀ ਪਾਰ ਕਰਕੇ ਕੁੱਝ ਸਮੇਂ ਲਈ ਇਸ ਅਸਥਾਨ 'ਤੇ ਰੁਕੇ ਸਨ। ਇਹਨਾਂ ਤੋਂ ਬਾਅਦ ਕੁਰਕਸ਼ੇਤਰ ਜਾਂਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਇਸ ਅਸਥਾਨ 'ਤੇ ਆਏ ਸਨ। ਇਹਨਾਂ ਦੀ ਯਾਦ ਵਿਚ ਇੱਥੇ *ਗੁਰਦੁਆਰਾ ਸਤਿਸੰਗਤ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ* ਸੁਸ਼ੋਭਿਤ ਹੈ। ਲਗ-ਪਗ 12 ਸਾਲ ਪਹਿਲਾਂ ਇਸ ਗੁਰਧਾਮ ਦੀ ਮੌਜੂਦਾ ਇਮਾਰਤ ਦੀ ਕਾਰ ਸੇਵਾ ਬਾਬਾ ਜਗਤਾਰ ਸਿੰਘ ਜੀ ਅਤੇ ਬਾਬਾ ਗੁਰਮੀਤ ਸਿੰਘ ਜੀ ਤਰਨਤਾਰਨ ਵਾਲਿਆਂ ਵੱਲੋਂ ਕਰਵਾਈ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 1925 ਦੇ ਗੁਰਦੁਆਰਾ ਐਕਟ ਦੀ ਧਾਰਾ 85 ਅਧੀਨ ਇਸ ਗੁਰਧਾਮ ਦਾ ਪ੍ਰਬੰਧ *ਗੁਰਦੁਆਰਾ ਮੰਜੀ ਸਾਹਿਬ, ਅੰਬਾਲਾ* ਰਾਹੀਂ ਕਰਦੀ ਹੈ, ਇੱਥੋਂ ਇਹ ਗੁਰਧਾਮ 2 ਕਿਲੋਮੀਟਰ ਦੂਰ ਹੈ।

2. **ਗੁਰਦੁਆਰਾ ਸੀਸ ਗੰਜ ਸਾਹਿਬ ਪਾਤਸ਼ਾਹੀ ਨੌਵੀਂ :** ਅੰਬਾਲਾ ਸ਼ਹਿਰ ਦੀ ਸਬਜ਼ੀ ਮੰਡੀ ਦੇ ਸਾਹਮਣੇ ਹਜ਼ਰਤ ਸਾਈਂ ਤਵੱਕਲ ਸ਼ਾਹ ਦੀ ਦਰਗਾਹ ਦੇ ਨੇੜੇ ਮੁਹੱਲਾ ਕੈਂਥ ਮਾਜਰੀ ਵਿਖੇ ਸਥਿਤ ਹੈ। ਭਾਈ ਜੈਤਾ ਜੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਘੁਮਿਆਰਾਂ ਦੇ ਮੁਹੱਲੇ ਪੁੱਜੇ ਤਾਂ ਇੱਥੇ ਉਸ ਨੇ ਇਕ ਮਹਿਰ ਧੁਮੀਏ ਤੋਂ ਕਿਸੇ ਸਿੱਖ ਦਾ ਘਰ ਪੁੱਛਿਆ ਸੀ ਜਿਸ ਨੇ ਇਸ ਅਸਥਾਨ 'ਤੇ ਕੁਝ ਹਿੰਦੂਆਂ ਦੇ ਘਰ ਦੱਸੇ ਸਨ। ਇੱਥੇ ਭਾਈ ਰਾਮ ਦੇਵ ਦੇ ਘਰ ਭਾਈ ਜੈਤਾ ਜੀ ਨੇ ਰਾਤ ਗੁਜ਼ਾਰੀ ਸੀ। ਇਸ ਅਸਥਾਨ 'ਤੇ ਹੁਣ *ਗੁਰਦੁਆਰਾ ਸੀਸ ਗੰਜ ਸਾਹਿਬ ਪਾਤਸ਼ਾਹੀ ਨੌਵੀਂ* ਮੌਜੂਦ ਹੈ। ਇਸ ਗੁਰਧਾਮ ਦੇ ਪ੍ਰਗਟ ਹੋਣ ਦੀ ਜਾਣਕਾਰੀ ਦਿੰਦੇ ਹੋਏ ਭਾਈ ਪ੍ਰਦੁਮਨ ਸਿੰਘ ਬੱਦੋਂ ਦੱਸਦੇ ਹਨ ਕਿ ਇਹ ਗੁਰਦੁਆਰਾ ਸੰਮਤ 1970 (ਸੰਨ 1913) ਵਿਚ ਆਬਾਦ ਹੋਇਆ। ਇਸ ਸਮੇਂ ਮੁਸਲਮਾਨਾਂ ਨੇ ਬਹੁਤ ਵਿਰੋਧਤਾ ਕੀਤੀ, ਅਦਾਲਤ ਵਿਚ ਮੁਕੱਦਮਾ ਚੱਲਦਾ ਰਿਹਾ, ਸਰਦਾਰ ਝੰਡਾ ਸਿੰਘ ਵਕੀਲ ਨੇ ਬਹੁਤ ਸਹਾਇਤਾ ਕੀਤੀ, ਅਖੀਰ ਜਿੱਤ ਖ਼ਾਲਸੇ ਦੀ ਹੋਈ।[1]

   ਮੌਜੂਦਾ ਸਮੇਂ ਵਿਚ ਜ਼ਮੀਨੀ ਮੰਜ਼ਲ 'ਤੇ ਉਹ ਅਸਥਾਨ ਸੁਰੱਖਿਅਤ ਰੱਖਿਆ ਗਿਆ ਹੈ ਜਿੱਥੇ ਭਾਈ ਜੈਤਾ ਜੀ ਨੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਟਿਕਾਇਆ ਸੀ। ਇਸ ਦੇ ਆਸ-ਪਾਸ ਪਾਰਕਿੰਗ ਲਈ ਜਗ੍ਹਾ ਰੱਖੀ ਹੋਈ ਹੈ ਅਤੇ ਪਹਿਲੀ ਮੰਜ਼ਲ 'ਤੇ ਦਰਬਾਰ ਹਾਲ ਬਣਿਆ ਹੋਇਆ ਹੈ। ਇਸ ਗੁਰਧਾਮ ਦੀ ਮੌਜੂਦਾ ਇਮਾਰਤ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸੰਸਥਾ ਦੇ ਬਾਬਾ ਜਗੀਰ ਸਿੰਘ ਨੇ ਤਿਆਰ ਕਰਵਾਈ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 1925 ਦੇ ਗੁਰਦੁਆਰਾ ਐਕਟ ਦੀ ਧਾਰਾ 85 ਅਧੀਨ ਇਸ ਗੁਰਧਾਮ ਦਾ ਪ੍ਰਬੰਧ *ਗੁਰਦੁਆਰਾ ਮੰਜੀ ਸਾਹਿਬ, ਅੰਬਾਲਾ* ਰਾਹੀਂ ਕਰਦੀ ਹੈ, ਇੱਥੋਂ ਇਹ ਗੁਰਧਾਮ 500 ਮੀਟਰ ਦੂਰ ਹੈ।

ਨਾਭਾ ਸਾਹਿਬ : ਪਟਿਆਲਾ-ਚੰਡੀਗੜ੍ਹ ਸੜਕ 'ਤੇ ਜ਼ੀਰਕਪੁਰ ਨਗਰ ਵਿਖੇ ਇਹ ਅਸਥਾਨ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਸਤਾਰ੍ਹਵੀਂ ਸਦੀ ਵਿਚ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਇਹ ਬੇਅਬਾਦ ਅਸਥਾਨ ਸੀ ਪਰ ਹੁਣ ਇਹ ਨਗਰ ਪੰਜਾਬ ਦੇ ਮੋਹਾਲੀ ਜ਼ਿਲੇ ਵਿਚ ਭਾਰੀ ਰੌਣਕ ਵਾਲਾ ਅਸਥਾਨ ਹੈ ਜਿੱਥੋਂ ਚੰਡੀਗੜ੍ਹ, ਦਿੱਲੀ, ਪਟਿਆਲਾ ਆਦਿ ਹਰ ਇਕ ਨਗਰ ਨੂੰ ਜਾਣ ਲਈ ਆਵਾਜਾਈ ਦੇ ਅਸਥਾਨ ਮੌਜੂਦ ਹਨ। ਚੰਡੀਗੜ੍ਹ ਏਅਰਪੋਰਟ ਦੇ ਨੇੜੇ ਹੋਣ ਕਰਕੇ ਇਸ ਦਾ ਵਪਾਰਕ, ਰਿਹਾਇਸ਼ੀ ਅਤੇ ਆਰਥਿਕ ਮਹੱਤਵ ਵੀ ਵੱਧ ਗਿਆ ਹੈ। ਪੀਰ ਦਰਗਾਹੀ ਸ਼ਾਹ ਇੱਥੇ ਇਕ ਕੁਟੀਆ ਵਿਚ ਨਿਵਾਸ ਕਰਦਾ ਸੀ ਜਿਹੜਾ ਕਿ ਗੁਰੂ ਜੀ ਦਾ ਪ੍ਰਸ਼ੰਸਕ ਸੀ। ਜਦੋਂ ਭਾਈ ਜੈਤਾ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਦਿੱਲੀ ਤੋਂ ਅਨੰਦਪੁਰ ਸਾਹਿਬ ਜਾ ਰਹੇ ਸਨ ਤਾਂ ਇਸ ਕੁਟੀਆ ਵਿਚ ਉਹਨਾਂ ਨੇ ਇਕ

1. ਪ੍ਰਦੁਮਨ ਸਿੰਘ ਬੱਦੋਂ, *ਗੁਰਧਾਮ ਦੀਦਾਰ,* ਪੰਨਾ 18.

ਰਾਤ ਲਈ ਨਿਵਾਸ ਕੀਤਾ ਸੀ। ਅਗਲੇ ਦਿਨ ਭਾਈ ਜੈਤਾ ਇੱਥੋਂ ਜਾਣ ਲੱਗਿਆ ਤਾਂ ਪੀਰ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ। ਲਗ-ਪਗ 13 ਸਾਲ ਬਾਅਦ ਪਾਉਂਟਾ ਸਾਹਿਬ ਤੋਂ ਰਾਣੀ ਰਾਇਪੁਰ, ਮਾਣਕ ਟਾਬਰਾ, ਨਾਢਾ ਸਾਹਿਬ ਹੁੰਦੇ ਹੋਏ ਗੁਰੂ ਜੀ ਨੇ ਇੱਥੇ ਪਹੁੰਚ ਕੇ ਇਸ ਦੀ ਇੱਛਾ ਪੂਰੀ ਕੀਤੀ ਸੀ। ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ ਇਕ ਗੁਰਧਾਮ ਦੀ ਉਸਾਰੀ ਕਰਵਾਈ ਸੀ ਜਿਸ ਨੂੰ *ਗੁਰਦੁਆਰਾ ਸ੍ਰੀ ਨਾਭਾ ਸਾਹਿਬ ਪਾ. ਨੌਵੀਂ ਅਤੇ ਦਸਵੀਂ* ਕਿਹਾ ਜਾਂਦਾ ਹੈ। ਜਿਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਰੱਖਿਆ ਗਿਆ ਸੀ, ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ ਅਤੇ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਹੀ ਪੀਰ ਦਰਗਾਹੀ ਸ਼ਾਹ ਦੀ ਕੁਟੀਆ ਇਕ ਸੁੰਦਰ ਇਮਾਰਤ ਵਿਚ ਤਬਦੀਲ ਕਰ ਦਿੱਤੀ ਗਈ ਹੈ ਜਿਸ ਦੀ ਸਾਂਭ-ਸੰਭਾਲ ਤਾਜ ਮੁਹੰਮਦ ਗੋਲਡੀ ਅਤੇ ਇਸ ਦੇ ਪਰਿਵਾਰ ਵੱਲੋਂ ਕੀਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਵਿਸ਼ਾਲ ਰੂਪ ਧਾਰਨ ਕਰ ਗਈ ਹੈ ਜਿੱਥੇ ਸੰਗਤ ਦੀ ਰਿਹਾਇਸ਼ ਲਈ ਕਮਰੇ ਅਤੇ ਚੌਵੀ ਘੰਟੇ ਲੰਗਰ ਦਾ ਪ੍ਰਬੰਧ ਹੈ। ਇਸੇ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਲਗ-ਪਗ 6 ਏਕੜ ਜ਼ਮੀਨ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਸਮੇਸ਼ ਖ਼ਾਲਸਾ ਕਾਲਜ ਚਲਾਇਆ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ 87 ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਕੀਰਤਪੁਰ ਸਾਹਿਬ : ਅਨੰਦਪੁਰ ਸਾਹਿਬ ਤੋਂ ਰੋਪੜ ਵਾਲੀ ਸੜਕ 'ਤੇ ਅਨੰਦਪੁਰ ਸਾਹਿਬ ਤੋਂ ਲਗ-ਪਗ 14 ਕਿਲੋਮੀਟਰ ਦੀ ਦੂਰੀ 'ਤੇ ਇਹ ਨਗਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵਸਾਇਆ ਸੀ। ਗੁਰੂ ਨਾਨਕ ਦੇਵ ਜੀ ਤੋਂ ਇਸ ਅਸਥਾਨ ਦਾ ਸੰਬੰਧ ਸਿੱਖ ਧਰਮ ਨਾਲ ਜੁੜਦਾ ਹੈ। ਇਹਨਾਂ ਤੋਂ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਹਰਿਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ, ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਗੁਰਦਿੱਤਾ ਜੀ ਦੀ ਚਰਨ-ਛੋਹ ਇਸ ਨਗਰ ਨੂੰ ਪ੍ਰਾਪਤ ਹੋਈ। ਗੁਰੂ ਸਾਹਿਬਾਨ ਦੇ ਪਰਿਵਾਰਾਂ ਨੇ ਲੰਮਾ ਸਮਾਂ ਇਸ ਨਗਰ ਵਿਖੇ ਨਿਵਾਸ ਕੀਤਾ। ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਭਾਈ ਜੈਤਾ ਦਿੱਲੀ ਤੋਂ ਕੀਰਤਪੁਰ ਸਾਹਿਬ ਪੁੱਜਾ ਤਾਂ ਇੱਥੇ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਿਤਾ-ਗੁਰੂ ਜੀ ਦਾ ਸੀਸ ਲੈਣ ਲਈ ਪਹੁੰਚੇ ਸਨ। ਇੱਥੋਂ ਬਿਬਾਨ 'ਤੇ ਰੱਖ ਕੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਅਨੰਦਪੁਰ ਸਾਹਿਬ ਵਿਖੇ ਲਿਜਾਇਆ ਗਿਆ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ *ਗੁਰਦੁਆਰਾ ਬਿਬਾਨਗੜ੍ਹ ਸਾਹਿਬ* ਸਥਿਤ ਹੈ। ਵੀਹਵੀਂ ਸਦੀ ਦੇ ਅਰੰਭ ਵਿਚ ਮਾਤਾ ਪ੍ਰਤਾਪ ਕੌਰ ਨੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਤਿਆਰ ਕਰਵਾਈ ਸੀ ਅਤੇ ਆਪਣੇ ਸਮੁੱਚੇ ਜੀਵਨ ਦੌਰਾਨ ਰੋਜ਼ਾਨਾ ਕੜਾਹ ਪ੍ਰਸ਼ਾਦ ਵੀ ਚੜ੍ਹਾਉਂਦੀ ਰਹੀ।[1]

ਮੌਜੂਦਾ ਇਮਾਰਤ ਬਾਬਾ ਸੇਵਾ ਸਿੰਘ ਬਾਬਾ ਲਾਭ ਸਿੰਘ ਜੀ ਨੇ ਲਗ-ਪਗ 40 ਸਾਲ ਪਹਿਲਾਂ ਤਿਆਰ ਕਰਵਾਈ ਸੀ। ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਇੱਥੇ ਮਨਾਇਆ ਜਾਂਦਾ ਹੈ ਅਤੇ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

ਅਨੰਦਪੁਰ ਸਾਹਿਬ : ਗੁਰੂ ਤੇਗ਼ ਬਹਾਦਰ ਜੀ ਇਸ ਅਸਥਾਨ ਤੋਂ ਦਿੱਲੀ ਵਿਖੇ ਗਏ ਸਨ ਜਿੱਥੇ ਉਹਨਾਂ ਨੂੰ ਤਿੰਨ ਸਿੱਖਾਂ - ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ - ਸਮੇਤ ਸ਼ਹੀਦ ਕਰ ਦਿੱਤਾ ਗਿਆ ਸੀ। ਗੁਰੂ ਜੀ ਦਾ ਸੀਸ ਲੈ ਕੇ ਭਾਈ ਜੈਤਾ ਦਿੱਲੀ ਤੋਂ ਕੀਰਤਪੁਰ ਸਾਹਿਬ ਵਿਖੇ ਪੁੱਜਾ ਸੀ ਜਿਸ ਨੂੰ ਉਹਨਾਂ ਦੇ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਨੇ 'ਰੰਘਰੇਟਾ ਗੁਰੂ ਕਾ ਬੇਟਾ' ਕਹਿ ਕੇ ਨਿਵਾਜਿਆ ਸੀ। ਗੁਰੂ ਗੋਬਿੰਦ ਸਿੰਘ ਜੀ ਅਤੇ ਸਿੱਖ ਸੰਗਤ ਪੂਰਨ ਸ਼ਰਧਾ ਸਤਿਕਾਰ ਸਹਿਤ ਗੁਰੂ ਤੇਗ ਬਹਾਦਰ ਜੀ ਦਾ ਪਵਿੱਤਰ ਸੀਸ ਬਿਬਾਨ ਵਿਚ ਰੱਖ ਕੇ

1. ਪ੍ਰਦੁਮਨ ਸਿੰਘ ਬੱਦੋਂ, *ਗੁਰਧਾਮ ਦੀਦਾਰ,* ਪੰਨਾ 84.

ਕੀਰਤਪੁਰ ਤੋਂ ਅਨੰਦਪੁਰ ਸਾਹਿਬ ਵਿਖੇ ਲੈ ਆਈ ਸੀ। ਇਸ ਨਗਰ ਵਿਖੇ ਜਿਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਦੇ ਪਵਿੱਤਰ ਸੀਸ ਦਾ ਸਸਕਾਰ ਕੀਤਾ ਗਿਆ ਉੱਥੇ *ਗੁਰਦੁਆਰਾ ਸੀਸ ਗੰਜ ਸਾਹਿਬ* ਸੁਸ਼ੋਭਿਤ ਹੈ। ਕਵੀ ਸੰਤ ਰੇਣ ਪ੍ਰੇਮ ਸਿੰਘ ਦੱਸਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ-ਗੁਰੂ ਤੇਗ ਬਹਾਦਰ ਜੀ ਦੇ ਸੀਸ ਦੀਆਂ ਅਸਤੀਆਂ ਇਕ ਗਾਗਰ ਵਿਚ ਪਾ ਕੇ ਇਸੇ ਅਸਥਾਨ 'ਤੇ ਹੀ ਦਬਾ ਦਿੱਤੀਆਂ ਸਨ:

ਜਹਾਂ ਸੀਸ ਕੋ ਕੀਨਸ ਦਾਹਾ॥ ਜਲ ਦੂਧ ਡਾਰ ਸੀਤ ਕਰਵਾਹਾ॥
ਇਕ ਗਾਗਰ ਤਾਂਬਰ ਮੰਗਵਾਇ॥ ਦੀਨ ਪੁਸ਼ਪ ਸਭ ਤਿਹ ਮਹਿੰ ਪਾਇ॥
ਸਵਾ ਗਾਜ ਧਰਤੀ ਪੁਟਵਾਈ॥ ਪੂਰ ਦੀਨ ਤਾ ਮਹਿ ਤਿਹ ਥਾਈ॥[1]

ਇਸ ਅਸਥਾਨ 'ਤੇ 'ਸੀਸ ਗੰਜ' ਸਾਹਿਬ ਦੀ ਉਸਾਰੀ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਗੁਰਧਾਮ ਪ੍ਰਗਟ ਕੀਤਾ ਸੀ ਜਿਸ ਦਾ ਵਰਨਨ ਕਰਦੇ ਹੋਏ ਭਾਈ ਗੁਲਾਬ ਸਿੰਘ ਦੱਸਦੇ ਹਨ:

ਸੀਸ ਗੰਜ ਸੰਗਯਾ ਹੇਤੁ ਏਹੁ:
ਜੋ ਗੁਰਾਂ ਕਾ ਸੀਸ ਉਸ ਥਾਂਇ ਲਾਗਯੋ ਯਾਂ ਤੇ ਨਾਮ ਐਸੋ ਗਾਯੋ ਹੈ।
ਇਸ ਕਰ ਨਹੀਂ:
ਉਹਾਂ ਰਹਾ ਸੀਸ ਕਿੰਤੂ ਸੀਸ ਸ੍ਰੀ ਅਨੰਦਪਰੇ ਪਾਤਿਸਾਹੀ ਪਾਸ ਆਯੋ ਹੈ।
ਪਾਤਿਸਾਹੀ ਦਸਮੀ ਨੈ ਸੀਸ ਸੰਸਕਾਰ ਕਰਿ ਗੁਰ ਠੌਰ 'ਸੀਸ ਗੰਜ' ਕਰਿ ਬਨਵਾਯੋ ਹੈ।[2]

ਕਵੀ ਸੰਤ ਰੇਣ ਪ੍ਰੇਮ ਸਿੰਘ ਦੱਸਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸਸਕਾਰ ਕੀਤਾ ਸੀ, ਉਸ ਥਾਂ 'ਤੇ ਗੁਰਧਾਮ ਦੀ ਉਸਾਰੀ ਕਰਵਾ ਕੇ ਨਾਮ 'ਸੀਸ ਗੰਜ' ਰੱਖਿਆ:

ਜਹਾਂ ਸੀਸ ਸਤਿਗੁਰ ਸਸਕਾਰਾ॥ ਦਿਹੁਰਾ ਮੰਦਰ ਭਯੋ ਤਿਆਰਾ॥
ਥਿਤ ਭੇ ਅਰਦਾਸਾ ਕਰਵਾਇ॥ ਸ੍ਰੀ ਮੁਖ ਤੇ ਸੁਭ ਨਾਮ ਧਰਾਇ॥
ਸੀਸ ਗੰਜ ਇਹੁ ਭਾ ਗੁਰਦਵਾਰਾ॥ ਜੋ ਆਵਹਿ ਨਿਸਚੈ ਇਤ ਧਾਰਾ॥
ਸਤਿਗੁਰ ਤਿਹ ਇਛ ਪੂਰ ਕਰਾਇ॥ ਅਸ ਬਰ ਦੇ ਪ੍ਰਸਾਦ ਬਰਤਾਇ॥[3]

ਅਨੰਦਪੁਰ ਸਾਹਿਬ ਛੱਡਣ ਤੋਂ ਪਹਿਲਾਂ ਭਾਈ ਗੁਰਬਖ਼ਸ਼ ਦਾਸ ਉਦਾਸੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਅਸਥਾਨ ਦੀ ਸੇਵਾ-ਸੰਭਾਲ ਸੌਂਪ ਦਿੱਤੀ ਸੀ। ਉਪਰੰਤ, ਗੁਲਾਬ ਰਾਇ ਇਸ ਅਸਥਾਨ ਦੀ ਸੇਵਾ-ਸੰਭਾਲ ਕਰਨ ਲੱਗਿਆ ਸੀ। ਇਹ ਗੁਰੂ ਹਰਿਗੋਬਿੰਦ ਸਾਹਿਬ ਦੇ ਸਪੁੱਤਰ ਬਾਬਾ ਸੂਰਜ ਮੱਲ ਦਾ ਪੋਤਰਾ ਸੀ। 1705 ਵਿਚ ਅਨੰਦਪੁਰ ਸਾਹਿਬ ਦੇ ਘੇਰੇ ਸਮੇਂ ਬਾਬਾ ਦੀਪ ਚੰਦ ਦਾ ਇਹ ਪੁੱਤਰ ਆਪਣੇ ਭਰਾ ਸ਼ਯਾਮ ਸਿੰਘ ਨਾਲ ਨਾਹਨ ਰਿਆਸਤ ਵਿਖੇ ਜਾ ਵੱਸਿਆ ਸੀ। ਨਾਹਨ ਦਾ ਰਾਜਾ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸੀ ਅਤੇ ਇਸੇ ਦੀ ਰਿਆਸਤ ਵਿਚ ਗੁਰੂ ਸਾਹਿਬ ਨੇ ਪਾਉਂਟਾ ਨਗਰ ਦੀ ਨੀਂਹ ਰੱਖੀ ਸੀ ਜਿਹੜਾ ਕਿ ਮੌਜੂਦਾ ਸਮੇਂ ਵਿਚ ਪਾਉਂਟਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਗੁਰੂ ਜੀ ਨੇ ਗੁਲਾਬ ਰਾਇ ਅਤੇ ਸ਼ਯਾਮ ਸਿੰਘ ਲਈ ਇਸ ਦੇ ਨਾਂ ਇਕ ਹੁਕਮਨਾਮਾ ਭੇਜਿਆ ਸੀ ਜਿਸ ਦਾ ਪਾਲਣ ਕਰਦੇ ਹੋਏ ਇਸ ਨੇ ਉਹਨਾਂ ਨੂੰ ਆਪਣੀ ਰਿਆਸਤ ਵਿਚ ਵੱਸ ਜਾਣ ਦੀ ਇਜਾਜ਼ਤ ਹੀ

1. ਸੰਤ ਰੇਣ ਪ੍ਰੇਮ ਸਿੰਘ, *ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ,* ਭਾਗ ਤੀਜਾ, ਪੰਨਾ 1471.
2. *ਇਤਿਹਾਸਕ ਪੱਤ੍ਰ,* ਵੈਸਾਖ, ਜੇਠ, ਹਾੜ, 1950, ਪੰਨਾ 37.
3. ਸੰਤ ਰੇਣ ਪ੍ਰੇਮ ਸਿੰਘ, *ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ,* ਭਾਗ ਤੀਜਾ, ਪੰਨਾ 1474.

ਨਹੀਂ ਦਿੱਤੀ ਬਲਕਿ ਇਕ ਪਿੰਡ ਦੀ ਜਗੀਰ ਵੀ ਇਹਨਾਂ ਦੇ ਨਾਂ ਲਵਾ ਦਿੱਤੀ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਜਦੋਂ ਸਰਕਾਰ ਦਾ ਧਿਆਨ ਸਿੱਖਾਂ ਵੱਲੋਂ ਹਟਿਆ ਤਾਂ ਗੁਲਾਬ ਰਾਇ ਵਾਪਸ ਅਨੰਦਪੁਰ ਸਾਹਿਬ ਵਿਖੇ ਆ ਵੱਸਿਆ ਸੀ। ਇੱਥੇ ਵਾਪਸ ਆ ਕੇ ਇਸ ਨੇ ਬਿਲਾਸਪੁਰ ਦੇ ਰਾਜੇ ਨੂੰ 60 ਹਜ਼ਾਰ ਰੁਪਏ[1] ਦੇ ਕੇ ਉਸ ਤੋਂ ਅਨੰਦਪੁਰ ਸਾਹਿਬ ਨਗਰ ਦੀ ਮਲਕੀਅਤ ਲੈ ਲਈ ਸੀ। ਇੱਥੇ ਨਿਵਾਸ ਦੌਰਾਨ ਇਸ ਦਾ ਭਾਈ ਗੁਰਬਖ਼ਸ਼ ਦਾਸ ਉਦਾਸੀ ਨਾਲ ਵਿਰੋਧ ਪੈਦਾ ਹੋ ਗਿਆ। ਭਾਈ ਸੰਤੋਖ ਸਿੰਘ ਇਸ ਵਿਰੋਧ ਦਾ ਕਾਰਨ ਦੱਸਦੇ ਹਨ ਕਿ ਸੰਗਤ ਦੀਵਾਲੀ ਅਤੇ ਵੈਸਾਖ਼ੀ ਮੌਕੇ ਅਨੰਦਪੁਰ ਸਾਹਿਬ ਵਿਖੇ ਆਉਣ ਲੱਗੀ ਸੀ ਅਤੇ ਗੁਲਾਬ ਰਾਇ ਗੁਰੂ ਗੋਬਿੰਦ ਸਿੰਘ ਜੀ ਦੀ ਦੇ ਸਥਾਨ 'ਤੇ ਕਲਗੀ ਸਜਾ ਕੇ ਬੈਠਣ ਲੱਗ ਪਿਆ ਸੀ ਜਿਸ ਦਾ ਭਾਈ ਸਾਹਿਬ ਨੇ ਵਿਰੋਧ ਕੀਤਾ ਸੀ। ਭਾਈ ਸਾਹਿਬ ਨੇ ਕਿਹਾ ਕਿ ਗੁਰੂ-ਅੰਸ ਹੋਣ ਕਰਕੇ ਤੁਸੀਂ ਸਤਿਕਾਰਯੋਗ ਹੋ ਪਰ ਪੂਜਣਯੋਗ ਨਹੀਂ, ਪੂਜਾ-ਭੇਟਾ ਲੈ ਲਵੋ ਪਰ ਗੁਰ-ਅਸਥਾਨ ਦੀ ਬੇਅਦਬੀ ਨਾ ਕਰੋ। ਗੁਲਾਬ ਰਾਇ ਨੂੰ ਇਸ ਗੱਲ 'ਤੇ ਕ੍ਰੋਧ ਆ ਗਿਆ ਅਤੇ ਉਸ ਨੇ ਭਾਈ ਗੁਰਬਖ਼ਸ਼ ਉਦਾਸੀ ਨੂੰ ਜ਼ਲੀਲ ਕਰਕੇ ਉੱਥੋਂ ਕੱਢ ਦਿੱਤਾ ਸੀ। ਗੁਲਾਬ ਰਾਇ ਦੇ ਚਾਰ ਪੁੱਤਰ ਸਨ ਜਿਹੜੇ ਕਿ ਉਸ ਦੇ ਸਮੇਂ ਵਿਚ ਹੀ ਅਕਾਲ ਚਲਾਣਾ ਕਰ ਗਏ ਸਨ। ਗੁਲਾਬ ਰਾਇ ਤੋਂ ਪਿੱਛੋਂ ਇਸ ਦੇ ਭਰਾ ਸ਼ਯਾਮ ਸਿੰਘ ਦੀ ਅੰਸ ਇਸ ਨਗਰ ਵਿਖੇ ਵੱਸਦੀ ਰਹੀ ਅਤੇ ਗੁਰ-ਅਸਥਾਨਾਂ ਦੀ ਸੇਵਾ ਸੰਭਾਲ ਕਰਦੀ ਰਹੀ। 1923 ਵਿਚ ਇੱਥੋਂ ਦੇ ਗੁਰਧਾਮਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆ ਗਿਆ ਸੀ ਜਿਹੜਾ ਕਿ ਇਹਨਾਂ ਨੇ ਆਪ ਇਸ ਦੇ ਸਪੁਰਦ ਕਰ ਦਿੱਤਾ ਸੀ। ਇਸ ਸੰਬੰਧੀ ਇਕ ਟੈਲੀਗ੍ਰਾਮ ਤੋਂ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ ਜਿਸ ਵਿਚ ਇਹ ਸ਼ਬਦ ਲਿਖੇ ਹੋਏ ਸਨ:

> Anandpur and Kiratpur Gurdwaras Under Panthic Control: Says a S.G.P.C. Communique - A telegram has today been received in the office of Sharomani Gurdwara Parbandhak Committe from Anandpur Sahib to the effect that Tika Ram Narain Singh and Sodhi Moti Singh have handed over all personal claims about the Gurdwaras there, and the registered Management Committee formed for the shrines of Anandpur and Kiratpur since 1913 has also retired, yielding place to Sharomani Gurdwara Parbandhak Committee.[2]

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੇਂ *ਗੁਰਦੁਆਰਾ ਸੀਸ ਗੰਜ ਸਾਹਿਬ* ਦੀ ਕਾਰ-ਸੇਵਾ ਹੋਈ ਸੀ। ਕਿਹਾ ਜਾਂਦਾ ਹੈ ਕਿ ਇਸ ਦੀ ਪਰਿਕਰਮਾ ਵਿਚ ਗੁਲਾਬ ਰਾਇ ਅਤੇ ਉਸ ਦੇ ਪੁੱਤਰਾਂ ਦੀਆਂ ਸਮਾਧੀਆਂ ਮੌਜੂਦ ਸਨ ਜਿਹੜੀਆਂ ਕਿ ਢਾਹ ਕੇ ਇਸ ਅਸਥਾਨ ਨੂੰ ਖੁੱਲ੍ਹਾ ਕਰ ਦਿੱਤਾ ਗਿਆ। ਇਸ ਅਸਥਾਨ 'ਤੇ ਉਹ ਥੜ੍ਹਾ ਸਾਹਿਬ ਮੌਜੂਦ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ-ਗੁਰੂ ਜੀ ਦਾ ਅੰਤਿਮ ਸਸਕਾਰ ਕੀਤਾ ਸੀ। ਇੱਥੇ ਮੰਜੀ ਸਾਹਿਬ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਸ ਪੁਰਾਤਨ ਅਸਥਾਨ ਦੀ ਸੰਭਾਲ ਅਤੇ ਸੰਗਤ ਦੇ ਬੈਠਣ ਲਈ ਇਸ ਦੇ ਚਾਰ-ਚੁਫ਼ੇਰੇ ਇਕ ਵਰਾਂਡਾ ਬਣਾਇਆ ਗਿਆ ਜਿਸ ਦਾ ਇਕੋ ਦਰਵਾਜ਼ਾ ਰੱਖਿਆ ਗਿਆ ਸੀ। ਇਸ ਅਸਥਾਨ ਦੀ ਕਾਰ ਸੇਵਾ ਦੌਰਾਨ ਸੇਵਾ ਕਰਨ ਵਾਲੇ ਮਿਸਤਰੀ ਸ. ਚੰਨਣ ਸਿੰਘ ਦੀ ਉਮਰ 85 ਸਾਲ ਹੈ। ਇਹਨਾਂ ਦੱਸਿਆ ਕਿ 1950 ਤੱਕ ਇਸ ਅਸਥਾਨ 'ਤੇ ਇਕੋ ਦਰਵਾਜ਼ਾ ਸੀ, ਬਾਕੀ ਦਰਵਾਜ਼ੇ ਕੱਢਣ ਦੀ ਸੇਵਾ


---

1. ਸਾਠ ਹਜ਼ਾਰ ਦਰਬ ਨ੍ਰਿਪ ਲੀਨਿ। ਸਾਠ ਘੁਮਾਉਂ ਧਰਾ ਤਿਹ ਦੀਨ॥ ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਅੰਸੂ 35, ਐਨ 2.10
2. *The Khalsa Advocate,* 16 March 1923, p. 3.

ਇਹਨਾਂ ਨੇ ਨਿਭਾਈ। ਧਨ ਦੀ ਥੁੜ੍ਹ ਆ ਜਾਣ ਕਰਕੇ ਸੱਜੇ ਹੱਥ ਵਾਲੀ ਅੰਦਰਲੀ ਦੀਵਾਰ ਦੇ ਬਾਹਰਲੇ 'ਤੇ ਕੋਈ ਮੀਨਾਕਾਰੀ ਵੀ ਨਹੀਂ ਕੀਤੀ ਜਾ ਸਕੀ। ਬਾਬਾ ਸੇਵਾ ਸਿੰਘ ਬਾਬਾ ਲਾਭ ਸਿੰਘ ਕਾਰ ਸੇਵਾ ਵਾਲਿਆਂ ਦੇ ਯਤਨਾਂ ਸਦਕਾ ਸੰਗਤ ਦੇ ਬੈਠਣ ਲਈ ਇਸ ਦੇ ਚਾਰ-ਚੁਫ਼ੇਰੇ ਇਕ ਹੋਰ ਵਰਾਂਡਾ ਬਣਾਇਆ ਗਿਆ ਤਾਂ ਸੰਗਮਰਮਰ ਦੇ ਥਮਲੇ ਘੱਟ ਗਏ, ਸੀਮਿੰਟ ਨਾਲ ਹੀ ਇਹ ਥਮਲੇ ਤਿਆਰ ਕੀਤੇ ਗਏ। ਸੰਗਮਰਮਰ ਵਰਗੇ ਸੀਮਿੰਟ ਦੇ ਥਮਲੇ ਤਿਆਰ ਕਰਨੇ ਮਿਸਤਰੀਆਂ ਦੀ ਕਾਰਗਿਰੀ ਦਾ ਨਮੂਨਾ ਹੈ। ਪਹਿਲਾਂ ਚਿਪਸ ਦੇ ਫ਼ਰਸ਼ ਪਾਏ ਗਏ ਸਨ ਜਿਨ੍ਹਾਂ 'ਤੇ 1984 ਵਿਚ ਸੰਗਮਰਮਰ ਲਗਾ ਦਿੱਤਾ ਗਿਆ ਸੀ। ਇਸ ਅਸਥਾਨ ਪ੍ਰਤੀ ਆਮ ਲੋਕਾਂ ਦੇ ਮਨ ਵਿਚ ਸ਼ਰਧਾ, ਸਤਿਕਾਰ ਅਤੇ ਭੈਅ ਇਸ ਗੱਲ ਤੋਂ ਦੇਖਣ ਨੂੰ ਮਿਲਦਾ ਹੈ ਕਿ ਜਦੋਂ ਤੱਕ *ਗੁਰਦੁਆਰਾ ਸੀਸ ਗੰਜ ਸਾਹਿਬ* ਦਾ ਗੁੰਬਦ ਸੰਪੂਰਨ ਨਹੀਂ ਹੋਇਆ ਕਿਸੇ ਨੇ ਚੁਬਾਰਾ ਨਹੀਂ ਬਣਾਇਆ। ਜਿਨ੍ਹਾਂ ਵਿਅਕਤੀਆਂ ਨੇ ਚੁਬਾਰੇ ਬਣਾਉਣ ਦਾ ਯਤਨ ਕੀਤਾ ਉਹਨਾਂ ਵਿਚੋਂ ਇਕ ਨੇ ਸੋਨੇ ਦਾ ਗੁੰਬਦ ਅਤੇ ਇਕ ਨੇ ਚਾਂਦੀ ਦਾ ਗੁੰਬਦ ਬਣਾ ਕੇ ਪਹਿਲਾਂ ਗੁਰੂ ਸਾਹਿਬ ਨੂੰ ਭੇਟ ਕੀਤਾ ਫਿਰ ਆਪਣੇ ਚੁਬਾਰੇ ਬਣਾਏ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਇਸ ਗੁਰਦੁਆਰਾ ਸਾਹਿਬ ਦੇ ਸਾਹਮਣੇ ਹੀ *ਗੁਰਦੁਆਰਾ ਅਕਾਲ ਬੁੰਗਾ ਸਾਹਿਬ* ਬਣਿਆ ਹੋਇਆ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੇ ਸੀਸ ਦੇ ਸਸਕਾਰ ਉਪਰੰਤ ਇਕੱਤਰ ਹੋਈਆਂ ਸੰਗਤਾਂ ਨੂੰ ਪਰਮਾਤਮਾ ਦਾ ਭਾਣਾ ਮੰਨਣ ਅਤੇ ਜਬਰ ਵਿਰੁੱਧ ਸੰਘਰਸ਼ ਲਈ ਤਿਆਰ ਹੋਣ ਦਾ ਉਪਦੇਸ਼ ਦਿੱਤਾ ਸੀ। ਇਸ ਗੁਰਦੁਆਰਾ ਸਾਹਿਬ ਦੇ ਬਾਹਰਲੇ ਪਾਸੇ ਹੇਠਾਂ ਲਿਖੀ ਹੋਈ ਇਬਾਰਤ ਤੋਂ ਇਸ ਕੰਪਲੈਕਸ ਵਿਚ ਹੋਈਆਂ ਉਸਾਰੀਆਂ ਦੀ ਜਾਣਕਾਰੀ ਮਿਲਦੀ ਹੈ - ੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ ਪਾਤਿਸਾਹੀ ਦਸ 10 ਏ ਤਖਤ ਅਕਾਲ ਬੁੰਗੈ ਜੀ ਦੀ ਮੰਜੀ ਪਥਰ ਸੁਪੈਦ ਦੀ ਟੈਹਲ ਕਰਾਈ ਸ੍ਰੀ ਬਾਬਾ ਅਟਲ ਸਾਹਿਬ ਜੀ ਦੇਉ ਖਜਾਨੇਉ ਸ੍ਰਬਤ ਪੁਜਾਰੀਆਂ ਸਿੰਘਾਂ ਅਤੇ ਸ੍ਰਦਾਰ ਮਾਨ ਸਿੰਘ ਸ੍ਰਬਰਾ ਸਾਬ ਦਰੋਗਾ ਈਸ੍ਰ ਸਿੰਘ ਜੀ ਨੇ ਸੰਮਤ 1946 (ਸੰਨ 1889) ਹਾੜਿ 13.

ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਲਗ-ਪਗ 100 ਮੀਟਰ ਦੀ ਦੂਰੀ 'ਤੇ ਸੀਸ ਗੰਜ ਮੁਹੱਲੇ ਵਿਚ ਇਕ ਡਿਉੜ੍ਹੀ ਬਣੀ ਹੋਈ ਹੈ ਜਿਸ ਰਾਹੀਂ ਗੁਰੂ ਤੇਗ ਬਹਾਦਰ ਜੀ ਦਾ ਸੀਸ ਕੀਰਤਪੁਰ ਸਾਹਿਬ ਤੋਂ ਇੱਥੇ ਲਿਆਂਦਾ ਗਿਆ ਸੀ। ਖੁਰਦੀ ਜਾ ਰਹੀ ਇਸ ਪੁਰਾਤਨ ਡਿਉੜ੍ਹੀ ਨੂੰ ਨਵਿਆਉਣ ਦੇ ਕਾਰਜ ਵਿਚ ਸ. ਚੰਨਣ ਸਿੰਘ ਮਿਸਤਰੀ ਨੇ ਵੀ ਯੋਗਦਾਨ ਪਾਇਆ ਸੀ। ਇਹਨਾਂ ਨੇ ਦੱਸਿਆ ਕਿ ਡਿਉੜ੍ਹੀ ਦੇ ਸੁੰਦਰੀਕਰਨ ਦਾ ਕਾਰਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1987 ਵਿਚ ਕਰਵਾਇਆ ਸੀ।



ਗੁਰਦੁਆਰਾ ਥੜ੍ਹਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ




ਗੁਰਦੁਆਰਾ ਦਮਦਮਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ




ਗੁਰਦੁਆਰਾ ਸੀਸਗੰਜ ਸਾਹਿਬ ਦਾ ਬਾਹਰੀ ਦ੍ਰਿਸ਼, ਦਿੱਲੀ



ਗੁਰਦੁਆਰਾ ਸੀਸਗੰਜ ਸਾਹਿਬ ਦਾ ਅੰਦਰੂਨੀ ਦ੍ਰਿਸ਼



ਗੁਰਦੁਆਰਾ ਰਕਾਬਗੰਜ ਸਾਹਿਬ, ਦਿੱਲੀ



ਗੁਰੂ ਤੇਗ ਬਹਾਦਰ ਜੀ ਅਤੇ ਭਾਈ ਕੁਸ਼ਾਲ ਦੀ ਯਾਦ ਵਿਚ ਸਸ਼ੋਭਿਤ ਅਜਾਇਬ-ਘਰ, ਸੋਨੀਪਤ



ਗੁਰਦੁਆਰਾ ਸੀਸਗੰਜ ਸਾਹਿਬ ਪਾਤਸ਼ਾਹੀ ਨੌਵੀਂ, ਤਰਾਵੜੀ



ਗੁਰਦੁਆਰਾ ਸੀਸਗੰਜ ਸਾਹਿਬ ਜੀ, ਅੰਬਾਲਾ




ਗੁਰਦੁਆਰਾ ਸ੍ਰੀ ਨਾਭਾ ਸਾਹਿਬ ਪਾਤਸ਼ਾਹੀ ਨੌਵੀਂ ਤੇ ਦਸਵੀਂ, ਜ਼ੀਰਕਪੁਰ



ਗੁਰਦੁਆਰਾ ਬਿਬਾਨਗੜ੍ਹ ਸਾਹਿਬ ਜੀ, ਕੀਰਤਪੁਰ ਸਾਹਿਬ



ਗੁਰਦੁਆਰਾ ਸੀਸਗੰਜ ਸਾਹਿਬ, ਸ੍ਰੀ ਆਨੰਦਪੁਰ ਸਾਹਿਬ



ਗੁਰਦੁਆਰਾ ਅਕਾਲ ਬੁੰਗਾ ਸਾਹਿਬ, ਸ੍ਰੀ ਆਨੰਦਪੁਰ ਸਾਹਿਬ

ਪੁਸਤਕ-ਸੂਚੀ

ਮੂਲ ਸਰੋਤ

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਚਾਰ ਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਵਾਰਾਂ ਭਾਈ ਗੁਰਦਾਸ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਪੰਜਾਬੀ

ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਭਾਗ ਦੂਜਾ, ਖੰਡ-2, ਭਾਸ਼ਾ ਵਿਭਾਗ ਪੰਜਾਬ, ਪਟਿਆਲਾ 2003.

ਸੁਖਦਿਆਲ ਸਿੰਘ, *ਗੁਰੂ ਤੇਗ ਬਹਾਦਰ ਮਾਰਗ - ਪੰਜਾਬ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਸੁਮੇਰ ਸਿੰਘ, ਬਾਬਾ, *ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼,* ਸੰਪਾਦਕ ਅੱਛਰ ਸਿੰਘ ਕਾਹਲੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਸੁਮੇਰ ਸਿੰਘ, *ਪਾਤਕ ਪਤਨ ਪੰਚਾਸਿਕਾ,* ਹੱਥ ਲਿਖਤ।

ਸੁੱਖਾ ਸਿੰਘ, *ਗੁਰਬਿਲਾਸ ਪਾਤਿਸਾਹੀ 10,* ਸੰਪਾਦਕ ਗੁਰਸ਼ਰਨ ਕੌਰ ਜੱਗੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989.

ਸੇਵਾ ਸਿੰਘ, ਕਵੀ, *ਸ਼ਹੀਦ ਬਿਲਾਸ ਭਾਈ ਮਨੀ ਸਿੰਘ,* ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 2007.

ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ,* ਸੰਪਾਦਕ ਗੰਡਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.

ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1927-35.

ਸ੍ਰਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਸੰਪਾਦਕ ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1999.

ਸ਼ਮਸ਼ੇਰ ਸਿੰਘ ਅਸ਼ੋਕ, *ਗੁਰੂ ਦਰਬਾਰ ਲਖਨੌਰ ਸਾਹਿਬ,* ਗੁਰਦੁਆਰਾ ਸ੍ਰੀ ਲਖਨੌਰ ਸਾਹਿਬ, ਅੰਬਾਲਾ, 2015.

ਸ਼ਮਸ਼ੇਰ ਸਿੰਘ ਅਸ਼ੋਕ, *ਮਜ਼ਬੀ ਸਿੱਖਾਂ ਦਾ ਇਤਿਹਾਸ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2001.

ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1999.

ਕਾਨ੍ਹ ਸਿੰਘ ਨਾਭਾ, *ਗੁਰੂ ਮਹਿਮਾ ਰਤਨਾਵਲੀ,* ਸੰਪਾਦਕ ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1984.

ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ 10,* ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਸੰਪਾਦਕ ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997.

ਗਿਆਨ ਸਿੰਘ, ਗਿਆਨੀ, *ਗੁਰਧਾਮ ਸੰਗ੍ਰਹਿ,* ਕੇਂਦਰੀ ਸਿੰਘ ਸਭਾ ਅਕੈਡਮੀ, ਚੰਡੀਗੜ੍ਹ, 1997.

ਗਿਆਨ ਸਿੰਘ, ਗਿਆਨੀ, *ਤਵਾਰੀਖ਼ ਗੁਰੂ ਖ਼ਾਲਸਾ,* ਭਾਗ ਪਹਿਲਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011.

ਗਿਆਨ ਸਿੰਘ, ਗਿਆਨੀ, *ਪੰਥ ਪ੍ਰਕਾਸ਼,* ਭਾਗ ਪਹਿਲਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1987.

ਗੁਰਚਰਨ ਸਿੰਘ ਸਹਸਰਾ, *ਇਤਿਹਾਸ ਗੁਰੂ ਕਾ ਬਾਗ,* ਗੁਰਚਰਨ ਸਿੰਘ ਪ੍ਰਧਾਨ ਲੋਕਲ ਕਮੇਟੀ, ਅਜਨਾਲਾ, 1972.

ਗੰਡਾ ਸਿੰਘ (ਸੰਪਾ.), *ਭਾਈ ਨੰਦ ਲਾਲ ਗ੍ਰੰਥਾਵਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਗੰਡਾ ਸਿੰਘ (ਸੰਪਾ.), *ਹੁਕਮਨਾਮੇ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਠਾਕਰ ਸਿੰਘ, ਗਿਆਨੀ, *ਸ੍ਰੀ ਗੁਰਦੁਆਰੇ ਦਰਸ਼ਨ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2005.

ਤਰਲੋਚਨ ਸਿੰਘ ਬੇਦੀ (ਸੰਪਾ.), *ਸਿੱਖਾਂ ਦੀ ਭਗਤਮਾਲਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਤਾਰਨ ਸਿੰਘ (ਸੰਪਾ.), *ਗੁਰੂ ਤੇਗ਼ ਬਹਾਦਰ: ਜੀਵਨ, ਸੰਦੇਸ਼ ਤੇ ਸ਼ਹਾਦਤ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976.

ਤਾਰਾ ਸਿੰਘ ਨਰੋਤਮ, *ਸ੍ਰੀ ਗੁਰੂ ਤੀਰਥ ਸੰਗ੍ਰਹਿ,* ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, 1975.

ਤੋਲਾ ਸਿੰਘ ਭੱਲਾ, *ਗੁਰ-ਰਤਨਾਵਲੀ,* ਸੰਪਾਦਕ ਡਾ. ਮਨਵਿੰਦਰ ਸਿੰਘ, ਪ੍ਰਕਾਸ਼ਕ: ਸੰਪਾਦਕ ਖੁਦ, 1995

ਧੰਨਾ ਸਿੰਘ ਚਹਿਲ ਪਟਿਆਲਵੀ, ਭਾਈ, *ਗੁਰ ਤੀਰਥ ਸਾਈਕਲ ਯਾਤਰਾ,* ਸੰਪਾਦਕ ਚੇਤਨ ਸਿੰਘ, ਯੂਰਪੀਅਨ ਪੰਜਾਬੀ ਸੱਥ, ਯੂ.ਕੇ., 2016.

ਧਨੀ ਰਾਮ ਚਾਤ੍ਰਿਕ, *ਸਿੱਖ ਗੁਰੂਆਂ ਦੇ ਪ੍ਰਸੰਗ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਪਿਆਰ ਸਿੰਘ, *ਸ੍ਰੀ ਗੁਰੂ ਤੇਗ਼ ਬਹਾਦਰ ਫ਼ਾਰਸੀ ਸਰੋਤ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1976.

ਪਿਆਰਾ ਸਿੰਘ ਪਦਮ, *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ,* ਕਲਮ ਮੰਦਿਰ, ਲੋਇਰ ਮਾਲ, ਪਟਿਆਲਾ, 1976.

ਪ੍ਰਦੁਮਨ ਸਿੰਘ ਬੱਦੋਂ, *ਗੁਰਧਾਮ ਦੀਦਾਰ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2005.

ਫੌਜਾ ਸਿੰਘ, *ਗੁਰੂ ਤੇਗ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976.

ਫੌਜਾ ਸਿੰਘ ਅਤੇ ਤਾਰਨ ਸਿੰਘ, *ਸ੍ਰੀ ਗੁਰੂ ਤੇਗ਼ ਬਹਾਦਰ: ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

ਭਗਤ ਸਿੰਘ, *ਗੁਰਬਿਲਾਸ ਪਾਤਸ਼ਾਹੀ 6ਵੀਂ,* ਸੰਪਾਦਕ ਗੁਰਮੁਖ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਮਾਲਵਾ ਦੇਸ ਰਟਨ ਦੀ ਸਾਖੀ ਪੋਥੀ, ਸੰਪਾਦਕ ਭਾਈ ਵੀਰ ਸਿੰਘ, ਖ਼ਾਲਸਾ ਸਮਾਚਾਰ, 1950.

ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1959.

ਰਣਧੀਰ ਸਿੰਘ, *ਰੰਗਲੇ ਸੱਜਣ*, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2001.

ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼*, ਸੰਪਾਦਕ ਡਾ. ਜੀਤ ਸਿੰਘ ਸੀਤਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1994.

ਰਾਵਲ ਸਿੰਘ ਕੇਸਰੀ, *ਕਾਨਪੁਰ ਤੇ ਲਖਨਊ ਦੇ ਪ੍ਰਸਿਧ ਸਿੱਖਾਂ ਦੀ ਜਾਣ-ਪਛਾਣ*, ਕੇਸਰੀ ਪ੍ਰੈਸ, ਫੂਲਬਾਗ਼, ਕਾਨਪੁਰ, ਅਪ੍ਰੈਲ 1951.

ਵਿਸਾਖਾ ਸਿੰਘ, *ਮਾਲਵਾ ਇਤਿਹਾਸ*, ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ, ਫੀਰੋਜ਼ਪੁਰ, 1954.

ਵੀਰ ਸਿੰਘ ਬੱਲ, *ਗੁਰਕੀਰਤ ਪ੍ਰਕਾਸ਼*, ਸੰਪਾਦਕ ਡਾ. ਗੁਰਬਚਨ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

English

B.C. Allen, *Assam District Gazetteers,* Vol. III, Goalpara, City Press Calcutta, 1903.

B.R. Sharma, ed., *Punjab District Gazetteers, Rupnagar,* Revenue Department Punjab, Chandigarh, 1987.

Daljit Singh, Raja Sir, *Guru Tegh Bahadur,* Northern India Printing & Publishing, Lahore, n.d.

Fauja Singh and G.S. Talib, *Guru Tegh Bahadur: Martyr and Teacher,* Punjabi University, Patiala, 1996.

Gulzari Lal Nanda, *Guru Tegh Bahadur: Saint and Saviour,* Manav Dharam Mission, New Delhi, 1975.

Gurbachan Singh, *Around Gurdwara Sri Dukh Niwaran Sahib Patiala,* Shiromani Gurdwara Parbandhak Committe, Amritsar, n.d.

Gurbachan Singh Talib, *Guru Tegh Bahadur: Background and the Supreme Sacrifice,* Patiala: Punjabi University, 1976.

Gurmukh Singh, *Historical Sikh Shrines,* Singh Brothers, Amritsar, 2005.

Gyani Brahma Singh, *Guru Tegh Bahadur: The Prophet,* Author, Hyderabad, 1979.

H.R. Nevill, *Allahabad: A Gazetteer, District Gazetteers of the United Provinces of Agra and Oudh,* United Provinces, Allahabad, 1911.

Harbans Singh, *Guru Tegh Bahadar,* Patiala: Vision and Venture, 1998.

Harbans Singh, ed.-in-chief, *The Encyclopaedia of Sikhism,* 4 vols, Punjabi University, Patiala, 1992-1998.

Lepel H. Griffin, *The Rajas of the Punjab,* Trubner & Co, London, 1873.

Max Arthur Macauliffe, *The Sikh Religion,* 6 vols, Low Price Publications, Delhi, 1996.

Punjab States Gazetteers, Phulkian States, vol. xvii-A, Punjab Government Press, Lahore, 1909.

S.K. Bhuyan, *Studies in the History of Assam,* Bani Mandir, Gawahati, 2009.

Saqi Must'ad Khan, *Maasir-I-Alamgiri,* Translated by Sir Jadunath Sarkar, The Asiatic Society, Kolkata, 2008.

Syad Muhammad Latif, *History of the Panjab,* The Calcutta Central Press Company, Limited, Calcutta, 1891.

Trilochan Singh, *Guru Tegh Bahadur: Prophet and Martyr,* Gurdwara Parbandhak Committee, Delhi, 1967.

ਰਸਾਲੇ

ਇਤਿਹਾਸਕ ਪੱਤ੍ਰ, ਵੈਸਾਖ, ਜੇਠ, ਹਾੜ, 1950.

ਸਚਿੱਤਰ ਕੌਮੀ ਏਕਤਾ, ਨਵੀਂ ਦਿੱਲੀ, ਦਸੰਬਰ 1975.

ਗੁਰਦੁਆਰਾ ਗਜ਼ਟ, ਅੰਮ੍ਰਿਤਸਰ, ਸਤੰਬਰ 1932, ਨਵੰਬਰ 1933, ਮਈ 1934, ਮਾਰਚ 1956, ਅਕਤੂਬਰ 1975.

ਪਟਯਾਲਾ ਗਜ਼ਟ, ਅਪ੍ਰੈਲ 1911.

The Panjab Past and Present, Punjabi University, Patiala, April 1975, October 1984.

ਅਖ਼ਬਾਰਾਂ

ਅਸਲੀ ਕੌਮੀ ਦਰਦ, ਅੰਮ੍ਰਿਤਸਰ, 6.5.1929.

ਅਕਾਲੀ, ਲਾਹੌਰ, 4.10.1920.

ਅਜੀਤ, ਜਲੰਧਰ, 16.6.1983; 31.3.1984; 15.4.1986; 2.12.1986; 11.8.1989.

ਖ਼ਾਲਸਾ ਅਖ਼ਬਾਰ, ਲਾਹੌਰ, 19.5.1888, 9.6.1888, 11.4.1902.

ਖ਼ਾਲਸਾ ਐਡਵੋਕੇਟ, ਅੰਮ੍ਰਿਤਸਰ, 7.6.1971.

ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 2.4.1902, 18.6.1902, 17.9.1902, 18.2.1903, 10.4.1930.

ਪੰਚ, ਲਾਹੌਰ, 12.5.1920.

ਪੰਥ ਸੇਵਕ, ਲਾਹੌਰ, 21.5.1919.

ਰਾਮਗੜ੍ਹੀਆ ਗਜ਼ਟ, ਸ਼ਿਮਲਾ, 17.12.1931.

The Khalsa Advocate, 16 March 1923.

॥ਕਬਿਤ॥ ॥ਰਹੇਤੇਨਜਗਮੇ

ਪਰਮੇਕੋਕਰਮਨੈਕਕਹੇਤੇਨਕੋਊਬੇ
ਦਕੈਨਕਾਕੋਕੀਨੇਹੈਾਸਹੇਤੇਨਕੋਊ
ਤੇਓਂਗੀਬ੍ਰਤਾਦਿਕਸ੍ਰਨਕੋਣਹੇਤੇਨਕੋ
ਊਮੁਕ੍ਤਪਦਜੇਪ੍ਰਬੀਨੇਤ੍ਰੈਸੁਮੇਰੇਸਹਰਿ
ਕੌਦਹੇਤੇਨਪਾਪਕਾਕੋਬਿਪ੍ਰਨਕੋਚਹ
ਤੈਨਦਾਨਕੋਊਦੀਨੇਹੈਾਕੋਊਨਊਮਹਿ
ਤੈਸੁਣੈਬੇਗਰਿਨਾਮੇਜੈਪੈਗੁਰੂਤੇਗਬੀ।
ਰਅਵਤਾਰਨਾਹਿਣੀਨੇਹੈ।੧॥੨੯॥

ਬਾਬਾ ਸੁਮੇਰ ਸਿੰਘ, ਪਟਨਾ ਸਾਹਿਬ